# ਬੇਚੈਨ ਥੇਮਜ਼

ਮਹਿੰਦਰਪਾਲ ਸਿੰਘ ਧਾਲੀਵਾਲ

ਲੇਖਕ ਦੀ ਸਾਹਿਤਕ ਸਾਂਝ

ਮਿੱਟੀ ਦਾ ਮੋਹ (ਨਾਵਲ) 2005

ਨਥਾਵੇਂ ( ਨਾਵਲ) 2007

ਘਰ ਵਾਪਿਸੀ (ਕਹਾਣੀ ਸੰਗ੍ਰਹਿ) 2009

ਚਿਹਰੇ (ਨਾਵਲ) 2009

ਮੰਜ਼ਿਲ ਹੋਰ ਪਰ੍ਹੇ (ਨਾਵਲ) 2011

ਰੁੱਤਾਂ ਲਹੂ ਲੁਹਾਣ (ਨਾਵਲ)2013

ਪਿਉਂਦ ਤੋਂ ਪਹਿਲਾਂ (ਨਾਵਲ) 2015

ਨਕਸਲਬਾੜੀ ਤੇ ਪੰਜਾਬੀ ਨਾਵਲ-ਸਹਿ ਸੰਪਾਦਕ 2016

ਨਹੀਂ ਸੁੱਕਣੇ ਕਦੇ ਦਰਿਆ (ਨਾਵਲ) 2018

ਅੰਕਲ ਟੌਮ ਦੀ ਝੌਂਪੜੀ (ਅਨੁਵਾਦ) 2019

ਸਾਡੀ ਪੀੜ੍ਹੀ ਨੇ ਜਾਣੇ-ਅਣਜਾਣੇ ਧਰਤੀ ਦੇ ਸਵੱਛ ਤੇ ਪਵਿੱਤਰ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਵਿਚ ਵੱਡਾ ਹਿੱਸਾ ਪਾਇਆ ਹੈ। ਭਾਂਵੇਂ ਇਸ ਦੀ ਵੱਡੀ ਜ਼ਿੰਮੇਵਾਰੀ ਵੱਡੀਆਂ ਕੰਪਨੀਆਂ ਅਤੇ ਸਰਕਾਰਾਂ ਸਿਰ ਪੈਂਦੀ ਹੈ ਜਿਹਨਾਂ ਨੇ ਪੈਸਾ ਕਮਾਉਣ ਲਈ ਜੰਗਲ-ਬੇਲਿਆਂ ਤੇ ਪਹਾੜਾਂ ਦੀ ਬੇਰਹਿਮੀ ਨਾਲ ਬਲੀ ਦਿੱਤੀ। ਮੈਂ ਆਪਣੀ ਪੀੜ੍ਹੀ ਵੱਲੋਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਇਸ ਅਪਰਾਧ ਦੀ ਮੁਆਫ਼ੀ ਚਾਹੁੰਦਾ ਹਾਂ।

ਜਿਲੀਅਨ ਦੇ ਘਰ ਪਹੁੰਚਣ ਤੱਕ ਚੰਗਾ ਡੂੰਘਾ ਹਨ੍ਹੇਰਾ ਹੋ ਗਿਆ ਸੀ। ਸ਼ਾਂਤ ਵਹਿੰਦੇ ਥੇਮਜ਼ ਦਰਿਆ ਦਾ ਪੁਲ ਕਰਦਿਆਂ ਉਸ ਨੂੰ ਵੀ ਸ਼ਾਂਤੀ ਦਾ ਅਹਿਸਾਸ ਹੋਇਆ ਸੀ। ਪਰ ਘਰ ਦੇ ਅੰਦਰ ਵੜਦਿਆਂ ਹੀ ਉਸ ਨੇ ਆਪਣੇ ਅਪਾਹਜ ਪਤੀ, ਸੈਮ ਦੇ ਖੰਘਣ ਦੀ ਆਵਾਜ਼ ਸੁਣੀ ਤਾਂ ਉਹ ਉਸ ਦੇ ਬੈਡ ਕੋਲ ਚਲੀ ਗਈ ਅਤੇ ਉਸ ਨੇ ਸੈਮ ਦੇ ਮੱਥੇ ਨੂੰ ਚੁੰਮਿਆ। ਉਹ ਕੁਝ ਦੇਰ ਉਸ ਦੇ ਵਾਲਾਂ ਵਿਚ ਉਂਗਲਾਂ ਫੇਰਦੀ ਰਹੀ। "ਖਾਣਾ ਖਾ ਲਿਆ ਸੀ ਜੋਜ਼ਿਫ।" ਉਹ ਗੈਸ ਲੈਂਪ ਦੇ ਚਾਨਣ ਵਿਚ ਜੋਜ਼ਿਫ ਦੀਆਂ ਅੱਖਾਂ ਵਿਚ ਨੀਂਦ ਵੇਖ ਰਹੀ ਸੀ। ਦਿਲੋਂ ਉਹ ਉਸ ਦੀ ਧੰਨਵਾਦੀ ਸੀ। ਜੋਜ਼ਿਫ ਦੋ ਕੁ ਗਲੀਆਂ ਛੱਡ ਕੇ ਉਹਨਾਂ ਦੇ ਘਰ ਦੇ ਨੇੜੇ ਹੀ ਰਹਿੰਦਾ ਸੀ। ਵਾਹ ਲਗਦੀ ਤਾਂ ਜਿਲੀਅਨ ਕਿਧਰੇ ਜਾਣ ਦਾ ਪ੍ਰੋਗਰਾਮ ਘੱਟ ਹੀ ਬਣਾਉਂਦੀ। ਜਦ ਕਦੇ ਵੀ ਲੋੜ ਪੈਂਦੀ ਤਾਂ ਜੋਜ਼ਿਫ ਤੇ ਉਸ ਦੀ ਪਤਨੀ ਪੈਟ ਖੁਸ਼ੀ-ਖੁਸ਼ੀ ਸੈਮ ਕੋਲ ਰਹਿ ਪੈਂਦੇ।

"ਹਾਂ ਜੀ ਮੈਡਮ ਖਾਣਾ ਇਹਨਾਂ ਨੇ ਖਾ ਲਿਆ ਸੀ। ਤੁਹਾਡਾ ਖਾਣਾ ਬਣਿਆ ਪਿਆ। ਪੈਟ ਬਣਾ ਕੇ ਰੱਖ ਗਈ ਸੀ।"

"ਬਹੁਤ ਮਿਹਰਬਾਨੀ ਜੋਜ਼ਿਫ। ਤੂੰ ਹੁਣ ਭਾਂਵੇ ਚਲਾ ਜਾਹ, ਰਾਤ ਕਾਫੀ ਹੋ ਗਈ ਐ।"

ਜੋਜ਼ਿਫ ਦੀ ਮਦਦ ਨਾਲ ਉਸ ਨੇ ਸੈਮ ਨੂੰ ਕੁਰਸੀ ਵਿਚੋਂ ਚੁੱਕ ਕੇ ਬਿਸਤਰ ਵਿਚ ਪਾ ਦਿੱਤਾ ਅਤੇ ਜੋਜ਼ਿਫ ਚਲਾ ਗਿਆ ਤਾਂ ਜਿਲੀਅਨ ਨੇ ਦਰਵਾਜ਼ਾ ਬੰਦ ਕਰ ਲਿਆ।

ਖਾਣਾ ਖਾਣ ਦਾ ਉਸ ਦਾ ਮਨ ਨਹੀਂ ਸੀ। ਉਹ ਸੈਮ ਦੇ ਬੈਡ 'ਤੇ ਚਲੀ ਗਈ ਅਤੇ ਬਹੁਤ ਧਿਆਨ ਨਾਲ ਉਸ ਦੇ ਨਾਲ ਪੈ ਗਈ। ਮਿੰਟ ਕੁ ਉਹ ਸੈਮ ਦੇ ਚਿਹਰੇ ਨੂੰ ਨਿਹਾਰਦੀ ਰਹੀ ਅਤੇ ਅਚਾਨਕ ਉਸ ਨੇ ਸੈਮ ਦੇ ਬੁੱਲ੍ਹਾਂ ਨੂੰ ਚੁੰਮ ਲਿਆ।

"ਜਿਲੀਅਨ ਤੂੰ ਠੀਕ ਐਂ?" ਸੈਮ ਦੇ ਬੋਲ ਭਾਰੇ ਸਨ।

"ਠੀਕ ਈ ਆਂ। ਇਕ ਦਿਨ ਵਿਚ ਹੀ ਸਭ ਕੁਝ ਬਦਲ ਗਿਆ। ਐਲਨ ਬਿਨਾਂ ਤਾਂ ਘਰ ਜਿਵੇਂ ਖਾਣ ਨੂੰ ਆਉਂਦਾ।" ਜਿਲੀਅਨ ਦੀ ਆਵਾਜ਼ ਵਿਚ ਕੰਬਣੀ ਸੀ। ਸੈਮ ਨੇ ਉਸ ਦੀਆਂ ਗੱਲ੍ਹਾਂ ਨੂੰ ਸਹਿਲਾਇਆ। ਕੁਝ ਚਿਰ ਲਈ ਚੁੱਪ ਪੱਸਰ ਗਈ।

ਐਲਨ ਨੂੰ ਸਿਆਸਤ ਦਾ ਬਹੁਤ ਸ਼ੌਕ ਸੀ। ਉਹ ਸੈਮ ਨਾਲ ਸਿਆਸਤ ਬਾਰੇ ਲੰਬੀਆਂ ਬਹਿਸਾਂ ਕਰਦਾ। ਡਿਗਰੀ ਲੈਣ ਤੋਂ ਬਾਅਦ ਉਸ ਦਾ ਇੰਡੀਆ ਜਾਣ ਦਾ ਮਨ ਬਣ ਗਿਆ। ਉਹ ਜਾਣਦਾ ਸੀ ਜਿਲੀਅਨ ਨੇ ਉਸ ਨੂੰ ਸੌਖਿਆਂ ਇਜਾਜ਼ਤ ਨਹੀਂ ਦੇਣੀ। ਜਦ ਵੀ ਉਹ ਇੰਡੀਆ ਜਾਣ ਬਾਰੇ ਗੱਲ ਕਰਦਾ ਤਾਂ ਜਿਲੀਅਨ ਗੱਲ ਬਦਲ ਲੈਂਦੀ। ਕਦੀ ਕਦੀ ਤਾਂ ਉਸ ਨੂੰ ਘੂਰ ਵੀ ਦਿੰਦੀ। ਜਿਲੀਅਨ ਨੂੰ ਲਗਦਾ ਐਨੀ ਦੂਰ ਜਾ ਕੇ ਐਲਨ ਪਤਾ ਨਹੀ ਕਦੀ ਮੁੜੇ ਜਾਂ ਨਾ।

ਸੈਮ ਨੇ ਹੀ ਜਿਲੀਅਨ ਨੂੰ ਠੰਢਿਆਂ ਕੀਤਾ ਤੇ ਸਮਝਾਇਆ ਵੀ। ਇਕ ਦਿਨ ਉਹ ਦੋਵੇਂ ਹੀ ਗਰਮੀਆਂ ਦੀ ਧੁੱਪ ਦਾ ਅਨੰਦ ਲੈ ਰਹੇ ਸਨ। ਇਕ ਪੰਛੀ ਫੁਰਰ ਕਰਕੇ ਉੱਡ ਗਿਆ। ਸੈਮ ਆਪਣੀ ਅਰਾਮ ਕੁਰਸੀ ਵਿਚ ਬੈਠਾ ਉਸ ਪੰਛੀ ਨੂੰ ਵੇਖ ਰਿਹਾ ਸੀ।

"ਜਿਲੀਅਨ ਔਹ ਪੰਛੀ ਉਡਦਾ ਵੇਖਿਆ ਨਾ। ਬੱਚੇ ਜਦੋਂ ਮਾਂ ਬਾਪ ਦੇ ਬਰਾਬਰ ਹੋ ਜਾਣ ਤਾਂ ਉਹਨਾਂ ਨੂੰ ਵੀ ਆਲ੍ਹਣੇ ਵਿਚ ਬੰਦ ਕਰਕੇ ਨਹੀਂ ਰੱਖਣਾ ਚਾਹੀਦਾ। ਰੋਟੀ ਕਮਾਉਣ ਲਈ ਜਾਂ ਕੁਝ ਬਣਨ ਲਈ ਉਹਨਾਂ ਨੂੰ ਉਸ ਪੰਛੀ ਵਾਂਗ ਉਡਣਾ ਹੀ ਪੈਂਦਾ। ਜੇ ਤੂੰ ਚਾਹੁਣੀ ਐਂ ਐਲਨ ਜ਼ਿੰਦਗੀ ਵਿਚ ਸਫ਼ਲ ਹੋਵੇ ਤੇ ਸਾਨੂੰ ਉਸ 'ਤੇ ਮਾਣ ਹੋਵੇ ਤਾਂ ਪੰਛੀਆਂ ਵਾਂਗ ਹੀ ਉਸ ਨੂੰ ਮਨ-ਮਰਜ਼ੀ ਦੀ ਉਡਾਣ ਭਰਨ ਦੇਹ। ਰੋਕ ਨਾ।"

ਜਿਲੀਅਨ, ਸੈਮ ਵੱਲ ਵੇਖਦੀ ਰਹੀ। ਸਦਾ ਵਾਂਗ ਸੈਮ ਦੀ ਦਲੀਲ ਨੂੰ ਕਾਟ ਕਰਨਾ ਉਸ ਲਈ ਮੁਸ਼ਕਲ ਸੀ। ਗੱਲ ਸੈਮ ਦੀ ਠੀਕ ਲਗਦੀ ਸੀ। ਮਾਂ ਦਾ ਦਿਲ ਕੁਝ ਹੋਰ ਕਹਿੰਦਾ ਸੀ। ਕਈ ਦਿਨ ਉਹ ਆਪਣੇ ਮਨ ਨਾਲ ਲੜਦੀ-ਘੁਲਦੀ ਰਹੀ ਤੇ ਹੌਲੀ ਹੌਲੀ ਆਪਣੇ ਆਪ ਨੂੰ ਤਿਆਰ ਕਰਦੀ ਰਹੀ। ਐਲਨ ਨਾਲ ਉਸ ਦੀ ਬਹਿਸ ਘਟ ਗਈ। ਉਸ ਨੇ ਕਦੀ ਐਲਨ ਨੂੰ ਨਾ ਤਾਂ ਇੰਡੀਆ ਜਾਣ ਤੋਂ ਹੀ ਵਰਜਿਆ ਤੇ ਨਾ ਹੀ ਉਸ ਨੂੰ ਇੰਡੀਆ

ਜਾਣ ਦੀ ਇਜਾਜ਼ਤ ਦਿੱਤੀ। ਅਖ਼ੀਰ ਇਕ ਦਿਨ ਉਹ ਵੀ ਆ ਗਿਆ ਜਦ ਇੰਡੀਆ ਜਾਣ ਲਈ ਐਲਨ ਨੂੰ ਨੌਕਰੀ ਵੀ ਮਿਲ ਗਈ। ਹੁਣ ਉਸ ਨੇ ਅਗਲੇ ਦਿਨ ਡੋਵਰ ਤੋਂ ਸਮੁੰਦਰੀ ਜਹਾਜ਼ ਵਿਚ ਜਾਣਾ ਸੀ। ਸੈਮ ਦੀ ਸ਼ਰਾਬ ਤਾਂ ਦੇਰ ਤੋਂ ਹੀ ਬੰਦ ਸੀ। ਡਾਕਟਰ ਨੇ ਮਨਾਹੀ ਕੀਤੀ ਹੋਈ ਸੀ। ਐਲਨ ਨੇ ਸੈਮ ਦੀ ਪਸੰਦੀਦਾ ਵਾਈਨ ਦਾ ਛੋਟਾ ਗਲਾਸ ਉਸ ਨੂੰ ਲਿਆ ਫੜਾਇਆ। ਕੋਈ ਹੋਰ ਸਮਾਂ ਹੁੰਦਾ ਤਾਂ ਜਿਲੀਅਨ ਨੇ ਅਜਿਹਾ ਨਹੀਂ ਸੀ ਹੋਣ ਦੇਣਾ। ਉਸ ਸ਼ਾਮ ਉਹ ਚੁੱਪ ਰਹੀ।

ਰਾਤ ਦੇਰ ਤੱਕ ਉਹ ਪੀਂਦੇ ਰਹੇ। ਸੈਮ ਨੇ ਤਾਂ ਉਸ ਇਕ ਗਲਾਸ ਨੂੰ ਹੀ ਮਾਣਿਆ। ਐਲਨ ਪੀਂਦਾ ਰਿਹਾ ਅਤੇ ਜਿਲੀਅਨ ਵੀ ਸਾਥ ਦਿੰਦੀ ਰਹੀ। ਜਿਲੀਅਨ ਐਲਨ ਨੂੰ ਸਮੇਂ ਸਿਰ ਸੌਣ ਲਈ ਕਹਿੰਦੀ ਰਹੀ ਪਰ ਐਲਨ ਸੈਮ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਚਾਹੁੰਦਾ ਸੀ। ਉਸ ਨੂੰ ਅਹਿਸਾਸ ਸੀ, ਸ਼ਾਇਦ ਇਹ ਉਸ ਦੀ ਸੈਮ ਨਾਲ ਆਖ਼ਰੀ ਮਿਲਣੀ ਹੀ ਹੋਵੇ!

ਅੱਧੀ ਰਾਤ ਬਾਅਦ ਜਿਲੀਅਨ ਨੇ ਉਸ ਨੂੰ ਮੱਲੋ-ਮੱਲੀ ਸੌਣ ਲਈ ਮਜ਼ਬੂਰ ਕਰ ਦਿੱਤਾ। ਤਿੰਨ ਕੁ ਘੰਟੇ ਸੌਂ ਕੇ ਉਹ ਸਫ਼ਰ ਲਈ ਤਿਆਰ ਹੋ ਗਏ। ਜਿਲੀਅਨ ਉਸ ਨੂੰ ਛੱਡਣ ਲਈ ਨਾਲ ਗਈ ਸੀ। ਰਸਤੇ ਵਿਚ ਐਲਨ ਬਹੁਤ ਉਦਾਸ ਸੀ। ਜਿਲੀਅਨ ਜਾਣਦੀ ਸੀ ਐਲਨ ਲਈ ਵੀ ਵਿਛੜਣਾ ਬਹੁਤ ਔਖਾ ਸੀ। ਜਿਲੀਅਨ ਨੂੰ ਯਾਦ ਆਇਆ ਬਹੁਤ ਦੇਰ ਪਹਿਲਾਂ ਮਾਰਕ ਤੋਂ ਵਿਛੜਨ ਵੇਲੇ ਵੀ ਅਜਿਹਾ ਹੀ ਹੋਇਆ ਸੀ।

ਮਾਰਕ ਨਾਲ ਐਨੇ ਸਾਲਾਂ ਬਾਅਦ ਮਿਲਣ ਦੀ ਉਸ ਨੂੰ ਕੋਈ ਉਮੀਦ ਨਹੀਂ ਸੀ। ਨਾ ਹੀ ਮਾਰਕ ਉਸ ਵੇਲੇ ਉਸ ਦੇ ਖਿਆਲਾਂ ਵਿਚ ਸੀ। ਉਸ ਵੇਲੇ ਤਾਂ ਐਲਨ ਦਾ ਵਿਛੜਣਾ ਉਸ ਨੂੰ ਉਦਾਸੀ ਦੀ ਦੁਨੀਆਂ ਵਿਚ ਲਈ ਬੈਠਾ ਸੀ। ਇਸ ਦੇ ਨਾਲ ਹੀ ਐਲਨ ਨੂੰ ਉਹ ਉਸ ਦੇ ਪਿਉ ਬਾਰੇ ਕੁਝ ਦੱਸੇ ਜਾਂ ਨਾ, ਇਹ ਖਿਆਲ ਵੀ ਘੇਰੀ ਬੈਠੇ ਸਨ। ਐਨ ਉਸ ਵੇਲੇ ਹੀ ਪਤਾ ਨਹੀਂ ਕਿਧਰੋਂ ਮਾਰਕ ਆ ਧਮਕਿਆ। ਉਸ ਦੇ ਪੁੱਤਰ ਨੇ ਵੀ ਇੰਡੀਆ ਜਾਣਾ ਸੀ, ਜਿਲੀਅਨ ਦੇ ਮਨ ਨੂੰ ਮਾੜਾ ਜਿਹਾ ਧਰਵਾਸ ਵੀ ਹੋਇਆ। ਜਦ ਐਲਨ ਕੌਫੀ ਲੈਣ ਗਿਆ ਸੀ ਤਾਂ ਐਲਨ ਬਾਰੇ ਉਸ ਨੇ ਮਾਰਕ ਨੂੰ ਸੰਖੇਪ ਵਿਚ ਦੱਸ ਦਿੱਤਾ ਸੀ ਕਿ ਐਲਨ ਉਸ ਦਾ ਬੇਟਾ ਸੀ ਪਰ ਐਲਨ ਨੂੰ ਪਤਾ ਨਹੀਂ ਸੀ।

"ਜਿਲੀਅਨ--!"

ਮਾਰਕ ਹੈਰਾਨੀ ਨਾਲ ਅੱਖਾਂ ਝਮਕਣ ਲੱਗਾ। ਉਸ ਦੇ 'ਜਿਲੀਅਨ' ਕਹਿੰਦਿਆਂ ਹੱਥ ਇੰਜ ਖੁੱਲ੍ਹ ਗਏ ਜਿਵੇਂ ਉਹ ਜਿਲੀਅਨ ਤੋਂ ਆਪਣੇ ਬੇਟੇ ਦੀ ਭੀਖ ਮੰਗ ਰਿਹਾ ਹੋਵੇ। ਹੈਰਾਨੀ ਅਤੇ ਖੁਸ਼ੀ ਦੇ ਮਿਲੇ-ਜੁਲੇ ਭਾਵ ਨਾਲ ਮਾਰਕ ਦਾ ਚਿਹਰਾ ਭਖਣ ਲੱਗਾ ਸੀ। ਉਹ ਗੁਆਚੇ ਜਿਹੇ ਇਕ ਦੂਜੇ ਵੱਲ ਵੇਖਦੇ ਰਹੇ। ਐਲਨ ਕੌਫੀ ਲੈ ਕੇ ਆ ਗਿਆ ਤਾਂ ਹੋਰ ਕੁਝ ਵੀ ਉਹ ਕਹਿ ਨਹੀਂ ਸੀ ਸਕੀ। ਹੁਣ ਉਹ ਸੋਚ ਰਹੀ ਸੀ ਸ਼ਾਇਦ ਇਹ ਚੰਗਾ ਹੀ ਹੋਇਆ।

ਜਦ ਜਹਾਜ਼ ਡੂੰਘੇ ਪਾਣੀਆਂ ਵੱਲ ਜਾ ਰਿਹਾ ਸੀ ਤਾਂ ਉਹ ਅੱਖਾਂ ਭਰੀ ਜਹਾਜ਼ ਨੂੰ ਵੇਖਦੀ ਰਹੀ। ਜਦੋਂ ਤੱਕ ਜਹਾਜ਼ ਉਸ ਨੂੰ ਦਿਸਦਾ ਰਿਹਾ ਉਹ ਵੇਖਦੀ ਰਹੀ। ਮਾਰਕ ਵੀ ਉਸ ਦੇ ਨੇੜੇ ਹੀ ਖੜ੍ਹਾ ਸੀ। ਜਦ ਜਹਾਜ਼ ਝੌਲਾ ਜਿਹਾ ਦਿਸਣ ਲੱਗਾ ਤਾਂ ਮਾਰਕ ਨੇ ਉਸ ਦੇ ਮੋਢੇ ਨੂੰ ਟੁੰਬਿਆ।

"ਮੈਂ ਐਲਨ ਬਾਰੇ ਦੇਰ ਤੋਂ ਤੈਨੂੰ ਦੱਸਣਾ ਚਾਹੁੰਦੀ ਸੀ ਪਰ—।" ਜਿਲੀਅਨ ਦੇ ਬੋਲਾਂ ਵਿਚ ਪਛਤਾਵਾ ਸੀ।

"ਜਿਲੀਅਨ ਕੁਝ ਗੱਲਾਂ ਬੋਲ ਕੇ ਦੱਸਣ ਨਾਲੋਂ ਲਿਖ ਕੇ ਦੱਸਣੀਆਂ ਸੌਖੀਆਂ ਹੁੰਦੀਆਂ ਤੇ ਕੁਝ ਬਾਰੇ ਬੋਲਣ ਨਾਲੋਂ ਚੁੱਪ ਰਹਿਣਾ ਕਿਤੇ ਚੰਗਾ ਹੁੰਦਾ।" ਮਾਰਕ ਨੇ ਨਰਮੀ ਨਾਲ ਕਹਿੰਦਿਆਂ ਇਕ ਵਾਰ ਫਿਰ ਜਹਾਜ਼ ਵੱਲ ਮੁੜ ਕੇ ਵੇਖਿਆ।

"ਐਲਨ ਨੂੰ ਸੈਮ ਬਹੁਤ ਪਿਆਰ ਕਰਦਾ ਤੇ ਐਲਨ ਵੀ ਉਸ ਦਾ ਬਹੁਤ ਪਿਆਰ-ਸਤਿਕਾਰ ਕਰਦਾ।"

"ਜਿਲੀਅਨ ਆ ਕੁਝ ਖਾ ਲਈਏ ਅਤੇ ਬੱਚਿਆਂ ਦੀ ਸਫ਼ਲਤਾ ਦੇ ਨਾਂ 'ਤੇ ਵਾਈਨ ਦਾ ਗਲਾਸ ਉੱਚਾ ਕਰਈਏ।" ਮਾਰਕ ਦੇ ਮਨ ਵਿਚ ਬਹੁਤ ਸਾਰੇ ਸਵਾਲ ਸਨ ਜਿਹਨਾਂ ਨੂੰ ਉਹ ਇਸ ਸਮੇਂ ਜਿਲੀਅਨ ਤੋਂ ਪੁੱਛ ਨਹੀਂ ਸਕਦਾ ਸੀ।

ਜਿਲੀਅਨ ਜਹਾਜ਼ ਵੱਲ ਮੁੜ-ਮੁੜ ਕੇ ਵੇਖਦੀ ਮਾਰਕ ਨਾਲ ਹੋ ਤੁਰੀ ਸੀ। ਮਾਰਕ ਉਸ ਨੂੰ ਰੈਸਟੋਰੈਂਟ ਵਿਚ ਲੈ ਗਿਆ ਅਤੇ ਵਾਈਨ ਦਾ ਆਰਡਰ ਕਰ ਦਿੱਤਾ। ਖਾਣਾ ਖਾਂਦਿਆਂ ਮਾਰਕ ਨੇ ਜਿਲੀਅਨ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਤੋਂ ਲੈ ਕੇ ਆਪਣੀ ਆਰਥਿਕ ਉਨਤੀ ਤੱਕ ਦੀ ਕਹਾਣੀ ਸੁਣਾਈ। ਉਹ ਸੁਣਦੀ ਰਹੀ ਤੇ ਸੈਮ ਬਾਰੇ ਸੋਚਦੀ ਰਹੀ। ਮਾਰਕ ਨੇ ਉਸ ਨੂੰ ਆਪਣੀ ਪਤਨੀ ਦੀ ਮੌਤ ਬਾਰੇ ਵੀ ਦੱਸਿਆ।

"ਮੈਨੂੰ ਤੇਰੀ ਪਤਨੀ ਦੀ ਮੌਤ ਦਾ ਬਹੁਤ ਅਫ਼ਸੋਸ ਐ। ਜ਼ਿੰਦਗੀ ਦੇ ਇਸ ਪੜਾਅ 'ਤੇ ਤੈਨੂੰ ਉਸ ਦੀ ਬਹੁਤ ਲੋੜ ਸੀ।"

"ਜੋ ਰੱਬ ਨੂੰ ਮਨਜ਼ੂਰ। ਕੁਝ ਗੱਲਾਂ 'ਤੇ ਸਾਡਾ ਕੋਈ ਜ਼ੋਰ ਨਹੀਂ ਚਲਦਾ।" ਮਾਰਕ ਨੇ ਆਪਣੇ ਦੁੱਖ ਨੂੰ ਛੋਟਾ ਦਿਖਾਉਣ ਦਾ ਯਤਨ ਕੀਤਾ।

ਖਾਣਾ ਖਾ ਕੇ ਉਸ ਨੇ ਜਾਣ ਦੀ ਕਾਹਲ ਕੀਤੀ। "ਮਾਰਕ, ਸੈਮ ਘਰੇ ਆ ਤੇ ਮੈਨੂੰ ਉਹਦਾ ਫਿਕਰ ਐ। ਜਦ ਤੱਕ ਮੈਂ ਘਰ ਨੀ ਜਾਂਦੀ ਉਸ ਨੇ ਸੌਣਾ ਨਹੀਂ। ਸੋ ਮੈਂ ਇਜ਼ਾਜ਼ਤ ਚਾਹਾਂਗੀ।"

"ਜਿਲੀਅਨ ਕਿਰਪਾ ਕਰਕੇ ਮੈਨੂੰ ਆਪਣਾ ਐਡਰੈਸ ਦੇ ਦੇਵੇਂ ਤਾਂ---।" ਮਾਰਕ ਦੀਆਂ ਬੇਨਤੀ ਕਰਦੀਆਂ ਅੱਖਾਂ ਵੱਲ ਉਸ ਨੇ ਵੇਖਿਆ। ਉਸ ਨੂੰ ਫੈਸਲਾ ਕਰਨਾ ਔਖਾ ਹੋ ਗਿਆ ਸੀ।

"ਮਾਰਕ ਐਡਰੈਸ ਦਾ ਫਾਇਦਾ ਕੀ? ਜ਼ਿੰਦਗੀ ਵਿਚ ਐਵੇਂ ਦੇ ਤੂਫਾਨ ਖੜ੍ਹੇ ਕਰਨ ਨਾਲੋਂ ਸ਼ਾਂਤੀ ਨਾਲ ਹੀ ਗੁਜ਼ਰਨ ਦੇਈਏ ਤਾਂ ਚੰਗਾ ਐ।" ਕਹਿ ਕੇ ਉਹ ਆਪਣੀ ਬੱਘੀ ਵੱਲ ਚੱਲ ਪਈ। ਮਾਰਕ ਉਸ ਨੂੰ ਜਾਂਦੀ ਨੂੰ ਵੇਖਦਾ ਰਿਹਾ। ਜਦ ਉਹ ਬੱਘੀ ਵਿਚ ਬੈਠ ਗਈ ਤੇ ਬੱਘੀ ਚੱਲ ਪਈ ਤਾਂ ਮਾਰਕ ਹੌਕਾ ਭਰ ਕੇ ਰਸੈਟੋਰੈਂਟ ਦੇ ਅੰਦਰ ਚਲਾ ਗਿਆ।

ਸੈਮ ਦੇ ਮੋਢੇ 'ਤੇ ਸਿਰ ਟਿਕਾਈ ਉਹ ਦਿਨ ਭਰ ਵਿਚ ਵਾਪਰੀਆਂ ਘਟਨਾਵਾਂ ਬਾਰੇ ਸੋਚ ਰਹੀ ਸੀ। ਕੋਈ ਸਮਾਂ ਸੀ ਜਦ ਉਹ ਰਹਿ ਸੈਮ ਨਾਲ ਰਹੀ ਸੀ ਤੇ ਪਿਆਰ ਮਾਰਕ ਨੂੰ ਕਰਦੀ ਸੀ। ਕਦੀ ਕਦੀ ਤਾਂ ਸੈਮ ਉਸ ਨੂੰ ਓਪਰਾ ਮਰਦ ਹੀ ਲਗਦਾ। ਪਰ ਸੈਮ ਦੇ ਬੇ-ਗਰਜ਼ ਪਿਆਰ ਅਤੇ ਮਿਲਾਪੜੇ ਸੁਭਾਅ ਨੇ ਉਸ ਨੂੰ ਜਿੱਤ ਲਿਆ ਸੀ। ਐਲਨ ਪ੍ਰਤੀ ਸੈਮ ਦਾ ਆਪਣੇ ਅਸਲੀ ਬੇਟੇ ਵਰਗਾ ਵਰਤਾਅ ਉਸ ਨੂੰ ਹੋਰ ਵੀ ਪ੍ਰਭਾਵਤ ਕਰਦਾ। ਪਤਾ ਨਹੀਂ ਕਦੋਂ ਅਤੇ ਕਿਵੇਂ ਸੈਮ ਨੇ ਉਸ ਦੇ ਦਿਲ ਵਿਚ ਥਾਂ ਬਣਾ ਲਈ। ਉਹ ਮਾਰਕ ਨੂੰ ਭੁੱਲੀ ਨਹੀਂ ਸੀ। ਹੁਣ ਮਾਰਕ ਦੀ ਯਾਦ ਉਸ ਨੂੰ ਤੰਗ ਨਹੀਂ ਸੀ ਕਰਦੀ। ਸੈਮ ਨੇ ਕਦੀ ਉਸ ਤੋਂ ਉਸ ਦੇ ਭੂਤ ਬਾਰੇ ਕੋਈ ਸਵਾਲ ਨਹੀਂ ਸੀ ਪੁੱਛਿਆ। ਨਾ ਹੀ ਉਸ ਨੇ ਐਲਨ ਦੇ ਬਾਪ ਬਾਰੇ ਕੁਝ ਪੁੱਛਿਆ ਸੀ। ਐਲਨ ਨੂੰ ਉਹ ਸ਼ਾਇਦ ਬਰਾਊਨ ਖਾਨਦਾਨ ਦਾ ਖ਼ੂਨ ਸਮਝਦਾ ਹੋਵੇ! ਮਾਰਕ ਬਾਰੇ ਤਾਂ ਸੈਮ ਨੂੰ ਕੁਝ ਪਤਾ ਹੀ ਨਹੀਂ ਸੀ। ਅੱਜ ਉਹ ਸੋਚ ਰਹੀ ਸੀ ਸੈਮ ਨੂੰ ਧੋਖਾ ਦੇਣਾ ਸਹੀ ਨਹੀਂ ਸੀ। ਉਸ ਨੂੰ ਮਾਰਕ ਬਾਰੇ ਸਭ ਕੁਝ ਦੱਸ ਦੇਣਾ ਚਾਹੀਦਾ ਸੀ। ਫਿਰ ਉਸ ਦੇ ਮਨ ਵਿਚ ਸੈਮ ਦੀ ਬਿਮਾਰੀ ਦਾ ਖਿਆਲ ਆਇਆ। ਅਜਿਹੀ ਹਾਲਤ ਵਿਚ ਉਸ ਨੂੰ ਅਜਿਹਾ ਕੁਝ ਦੱਸਣਾ ਠੀਕ ਸੀ ਜਾਂ ਨਹੀਂ! ਉਸ ਨੂੰ ਕੁਝ ਪਤਾ ਨਹੀਂ ਸੀ ਲੱਗ ਰਿਹਾ। ਅਖ਼ੀਰ ਉਸ ਨੇ ਆਪਣੀ ਇਕੋ ਇਕ ਪੁਰਾਣੀ ਸਹੇਲੀ ਨੂੰ ਅਗਲੇ ਦਿਨ ਚਿੱਠੀ ਭੇਜ ਕੇ ਸੱਦਣ ਦਾ ਮਨ ਬਣਾਇਆ।

ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ। ਉਸ ਦਾ ਦਿਨ ਬਹੁਤ ਲੰਬਾ ਹੋ ਗਿਆ ਸੀ ਅਤੇ ਉਹ ਬੁਰੀ ਤਰਾਂ ਥੱਕੀ ਹੋਈ ਸੀ। ਸੈਮ ਦੇ ਨਾਲ ਪਈ ਉਹ ਸੌਂ ਗਈ। ਸੈਮ ਨੇ ਵੀ ਉਸ ਨੂੰ ਜਗਾਉਣ ਦਾ ਯਤਨ ਨਾ ਕੀਤਾ। ਰਾਤ ਦੇ ਕਿਸੇ ਵੇਲੇ ਉਸ ਨੂੰ ਸੈਮ ਦੇ ਬੈਡ 'ਤੇ ਸੁੱਤੇ ਹੋਣ ਦਾ ਅਹਿਸਾਸ ਹੋਇਆ। ਉਹ ਤ੍ਰਭਕ ਕੇ ਉੱਠੀ।

"ਸੈਮ ਮੈਨੂੰ ਜਗਾਇਆ ਕਿਉਂ ਨੀ? ਤੈਨੂੰ ਅਰਾਮ ਨਾਲ ਸੌਣ ਦੀ ਲੋੜ ਐ।" ਆਪਣੇ ਆਪ ਨੂੰ ਗੁਨਾਹਗਾਰ ਸਮਝਦਿਆਂ ਉਹ ਆਪਣੇ ਕਮਰੇ ਵੱਲ ਚਲੀ ਗਈ।

"ਮੈਨੂੰ ਤੇਰੇ ਨਾਲ ਬਹੁਤ ਵਧੀਆ ਨੀਂਦ ਆਈ। ਐਵੇਂ ਨਾ ਫਿਕਰ ਕਰ।" ਸੈਮ ਸੱਚਮੁੱਚ ਜਿਲੀਅਨ ਨਾਲ ਸੌਣ ਨੂੰ ਤਰਸਦਾ ਰਹਿੰਦਾ ਸੀ। ਭਾਂਵੇਂ ਇਹ ਸੌਣ ਸਰੀਰਾਂ ਦਾ ਸਪਰਸ਼ ਮਾਤਰ ਹੀ ਹੋ ਸਕਦਾ ਸੀ।

ਸਵੇਰੇ ਘੰਟੀ ਖੜਕੀ। ਜਿਲੀਅਨ ਨੇ ਬੂਹਾ ਖੋਲ੍ਹਿਆ। ਜੋਜ਼ਿਫ ਸੀ।

"ਮੈਡਮ ਮੈਂ ਪੁੱਛਣ ਆਇਆ ਸੀ ਅੱਜ ਕੀ ਕੰਮ ਕਰਨਾ ਐ?"

"ਪਹਿਲਾਂ ਚਾਹ ਪੀ ਲੈ ਫਿਰ ਕੰਮ ਬਾਰੇ ਸੋਚਦੇ ਆਂ।"

ਸੈਮ ਨੂੰ ਚਾਹ ਦਾ ਬਹੁਤ ਸ਼ੌਕ ਸੀ। ਜਦ ਉਹ ਤੰਦਰੁਸਤ ਸੀ ਤਾਂ ਹਫ਼ਤੇ ਵਿਚ ਦੋ ਚਾਰ ਵਾਰ ਉਹ ਟੀ ਹਾਊਸ ਜ਼ਰੂਰ ਜਾਂਦਾ। ਹੁਣ ਉਹ ਜਾ ਨਹੀਂ ਸੀ ਸਕਦਾ ਤੇ ਜਿਲੀਅਨ ਉਸ ਨੂੰ ਘਰੇ ਹੀ ਚਾਹ ਬਣਾ ਕੇ ਪਿਲਾ ਦਿੰਦੀ। ਇਸ ਕਰਕੇ ਉਸ ਨੂੰ ਵੀ ਚਾਹ ਦੀ ਆਦਤ ਹੋ ਗਈ ਸੀ।

ਕੁਝ ਦੇਰ ਬਾਅਦ ਉਹ ਸਮੈਂਥਾ ਨੂੰ ਚਿੱਠੀ ਲਿਖ ਰਹੀ ਸੀ ਅਤੇ ਉਸ ਨੂੰ ਜ਼ਰੂਰੀ ਮਿਲਣ ਦੀ ਤਾਕੀਦ ਕਰ ਰਹੀ ਸੀ। ਇਹ ਚਿੱਠੀ ਉਸ ਨੇ ਜੋਜ਼ਿਫ ਕੋਲ ਭੇਜ ਦਿੱਤੀ।

## 2

ਅਗਲੇ ਦਿਨ ਦੁਪਿਹਰ ਵੇਲੇ ਨੂੰ ਸਮੈਂਥਾ ਪਹੁੰਚ ਗਈ। ਸਮੈਂਥਾ ਦੇ ਪੰਜ ਬੱਚੇ ਸਨ ਅਤੇ ਸਾਰੇ ਹੀ ਚੰਗੇ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਸਨ। ਆਰਥਿਕ ਪੱਖੋਂ ਸਮੈਂਥਾ ਹੁਣ ਖੁਸ਼ਹਾਲ ਸੀ। ਪੰਜ ਬੱਚਿਆਂ ਦੀ ਮਾਂ ਸਮੈਂਥਾ ਦੇ ਚਿਹਰੇ 'ਤੇ ਥਕੇਵੇਂ ਜਾਂ ਅੱਧਖੜ ਉਮਰ ਦੇ ਕੋਈ ਨਿਸ਼ਾਨ ਨਜ਼ਰ ਨਹੀਂ ਸਨ ਆਉਂਦੇ। ਉਸ ਦਾ ਚਿਹਰਾ ਸਦਾ ਵਾਂਗ ਚਮਕਦਾ ਅਤੇ ਤਾਜ਼ਾ ਸੀ। ਸਮੈਂਥਾ ਜ਼ਿੰਦਗੀ ਵਿਚ ਬਹੁਤ ਰੁਝੇਵਿਆਂ ਵਾਲੀ ਔਰਤ ਸੀ। ਉਹ ਧਨ-ਨਿਵੇਸ਼ ਲਈ ਸਕੀਮਾਂ ਬਣਾਉਂਦੀ ਅਤੇ ਡੇਨੀਅਲ ਉਹਨਾਂ ਨੂੰ ਅੰਜ਼ਾਮ ਦਿੰਦਾ। ਵੱਡਾ ਬੇਟਾ ਸਾਈਮਨ ਵੀ ਪੜ੍ਹਾਈ ਖਤਮ ਕਰਕੇ ਕੁਝ ਮਹੀਨਿਆਂ ਤੱਕ ਉਹਨਾਂ ਨਾਲ ਕੰਮ ਵਿਚ ਸ਼ਾਮਲ ਹੋ ਰਿਹਾ ਸੀ। ਸਮੈਂਥਾ ਅਤੇ ਡੇਨੀਅਲ, ਸਾਈਮਨ ਲਈ ਪਹਿਲਾਂ ਹੀ ਸਕੀਮਾਂ ਬਣਾਈ ਬੈਠੇ ਸਨ। ਸਭ ਕੁਝ ਦੇ ਬਾਵਜੂਦ ਜਿਲੀਅਨ ਦਾ ਸੁਨੇਹਾ ਉਹ ਟਾਲ ਨਹੀਂ ਸੀ ਸਕਦੀ ਅਤੇ ਸੌ ਕੰਮ ਛੱਡ ਕੇ ਵੀ ਉਸ ਦੇ ਬੁਲਾਵੇ 'ਤੇ ਆ ਸਕਦੀ ਸੀ। ਸੈਮ ਉਸ ਵੇਲੇ ਪੇਪਰ ਪੜ੍ਹ ਰਿਹਾ ਸੀ। ਸਮੈਂਥਾ ਕਦ ਆਈ ਉਸ ਨੂੰ ਕੋਈ ਖਿਆਲ ਨਹੀਂ ਸੀ।

"ਹੈਲੋ ਸੈਮ, ਕੀ ਹਾਲ ਐ?"

ਸਮੈਂਥਾ ਨੇ ਸੈਮ ਦੇ ਬੈਡ ਨੇੜੇ ਪਏ ਸਟੂਲ ਨੂੰ ਖਿੱਚਿਆ ਅਤੇ ਬੈਠ ਗਈ। ਸੈਮ ਨੇ ਪੇਪਰ ਪਾਸੇ ਰੱਖ ਦਿੱਤਾ ਅਤੇ ਮੁਸਕਰਾ ਕੇ ਉਸ ਵੱਲ ਵੇਖਦਿਆਂ 'ਜੀ ਆਇਆਂ' ਕਿਹਾ। ਸਮੈਂਥਾ ਨੇ ਡੂੰਘੀ ਨਜ਼ਰ ਨਾਲ ਸੈਮ ਦੇ ਚਿਹਰੇ ਵੱਲ ਵੇਖਿਆ। ਸੈਮ ਦਾ ਚਿਹਰਾ ਉਸ ਨੂੰ ਪਹਿਲਾਂ ਨਾਲੋਂ ਪੀਲਾ ਜਿਹਾ ਲੱਗਾ। ਹੋਰ ਧਿਆਨ ਨਾਲ ਵੇਖਦਿਆਂ ਉਸ ਨੇ ਮਹਿਸੂਸ ਕੀਤਾ ਸੈਮ ਦਾ ਭਾਰ ਵੀ ਪਹਿਲਾਂ ਨਾਲੋਂ ਘਟ ਗਿਆ ਲਗਦਾ ਸੀ।

"ਸਮੈਂਥਾ, ਜੀ ਆਇਆਂ ਨੂੰ। ਬੱਚਿਆਂ ਦਾ ਕੀ ਹਾਲ ਐ ਤੇ ਡੈਨੀਅਲ ਕਿਵੇਂ ਐ? ਉਸ ਨੂੰ ਵੇਖਿਆਂ ਵੀ ਮੁੱਦਤ ਹੋ ਗਈ ਐ।"

ਸੈਮ ਨੇ ਕਈ ਸਵਾਲ ਇਕੱਠੇ ਹੀ ਕਰ ਦਿੱਤੇ। ਸੈਮ ਨੇ ਬੈਡ ਵਿਚ ਹਿੱਲਣ ਦੀ ਅਸਫ਼ਲ ਕੋਸ਼ਿਸ਼ ਕੀਤੀ। ਸਮੈਂਥਾ ਵੇਖ ਕੇ ਉਦਾਸ ਹੋ ਗਈ। ਸੈਮ ਦੀ ਕੀਤੀ ਮਦਦ ਅਜੇ ਵੀ ਉਸ ਨੂੰ ਯਾਦ ਸੀ। ਸੈਮ ਤੇ ਜਿਲੀਅਨ ਵਰਗੇ ਦੋਸਤ ਮਿਲਣੇ ਆਸਾਨ ਨਹੀਂ ਸਨ। ਸੈਮ ਦੀ ਅਪਾਹਜ ਹਾਲਤ ਵੇਖ ਕੇ ਇਕ ਵਾਰ ਫਿਰ ਉਸ ਨੂੰ ਤਰਸ ਆਇਆ।

"ਸਾਰੇ ਠੀਕ ਐ। ਮੈਂ ਡੈਨੀਅਲ ਨੂੰ ਕਿਸੇ ਦਿਨ ਆਉਣ ਲਈ ਕਹੂੰ। ਅੱਜ ਉਹ ਆ ਨਹੀਂ ਸੀ ਸਕਦਾ। ਜਿਲੀਅਨ ਕਿਥੇ ਐ' ਕਿਚਨ ਵਿਚ?"

ਸਮੈਂਥਾ ਆਪਣੀ ਉਦਾਸੀ ਨੂੰ ਲੁਕਾਉਣਾ ਚਾਹੁੰਦੀ ਸੀ। ਸੈਮ ਕੋਲ ਬੈਠਿਆਂ ਸ਼ਾਇਦ ਉਸ ਦੀਆਂ ਅੱਖਾਂ ਹੀ ਨਮ ਹੋ ਜਾਂਦੀਆਂ। ਉਹ ਬਿਨਾਂ ਕੋਈ ਜਵਾਬ ਉਡੀਕੇ ਕਿਚਨ ਵਿਚ ਚਲੀ ਗਈ। ਜਿਲੀਅਨ ਨੂੰ ਉਹ ਜੱਫ਼ੀ ਪਾ ਕੇ ਮਿਲੀ।

"ਕੌਫ਼ੀ ਪੀਵੇਂਗੀ?" ਜਿਲੀਅਨ ਨੇ ਪਰਿਵਾਰ ਦਾ ਹਾਲ-ਚਾਲ ਪੁੱਛਣ ਬਾਅਦ ਸਮੈਂਥਾ ਦੀ ਲੋੜ ਪੁੱਛੀ।

"ਮੈਨੂੰ ਭੁੱਖ ਲੱਗੀ ਐ। ਕੌਫੀ ਦੀ ਲੋੜ ਨਹੀਂ। ਆ ਟੇਬਲ ਲਗਾਈਏ।"

ਉਹਨਾਂ ਦੋਵਾਂ ਨੇ ਖਾਣਾ ਟੇਬਲ 'ਤੇ ਲਗਾ ਦਿੱਤਾ। ਜੋਜ਼ਿਫ ਦੀ ਮਦਦ ਨਾਲ ਸੈਮ ਨੂੰ ਜਿਲੀਅਨ ਨੇ ਉਸ ਨੂੰ ਖਾਣੇ ਲਈ ਬਣੀ ਖਾਸ ਕੁਰਸੀ ਵਿਚ ਬੈਠਾ ਦਿੱਤਾ। ਉਹ ਤਿੰਨੇ ਖਾਣੇ ਲਈ ਬੈਠ ਗਏ।

"ਸੈਮ ਤੁਸੀਂ ਪੇਪਰ ਵਿਚ ਬਹੁਤ ਖੁੱਭੇ ਹੋਏ ਸੀ। ਕੀ ਪੜ੍ਹ ਰਹੇ ਸੀ?" ਸਮੈਂਥਾ ਨੇ ਗੱਲ ਬਾਤ ਤੋਰੀ।

"ਇਹਨਾਂ ਦਿਨਾਂ ਵਿਚ ਮੇਰੀ ਦੋਂਹ ਗੱਲਾਂ ਵਿਚ ਦਿਲਚਸਪੀ ਐ। ਇਕ ਤਾਂ ਜੋ ਚੋਣ ਕਾਨੂੰਨ ਵਿਚ ਤਬਦੀਲੀ ਹੋਈ ਐ ਤੇ ਦੂਜੀ 'ਸਵਿੰਗ ਰਾਇਟਸ' ਬਾਰੇ। ਪੇਪਰ ਵਿਚ ਸਵਿੰਗ ਰਾਇਟਸ ਦੇ ਕਾਰਨਾਂ ਬਾਰੇ ਬਹੁਤ ਸੁਹਣਾ ਆਰਟੀਕਲ ਸੀ। ਮੈਂ ਉਹੀ ਪੜ੍ਹ ਰਿਹਾ ਸੀ।"

"ਮੈਂ ਪਹਿਲਾਂ ਵੀ ਸੁਣਿਆ ਸੀ ਪਰ ਇਹ ਸਵਿੰਗ ਰਾਇਟਸ ਹੈ ਕੀ?" ਸਮੈਂਥਾ ਦੇ ਨਾਲ ਹੀ ਜਿਲੀਅਨ ਵੀ ਗੱਲ-ਬਾਤ ਵਿਚ ਦਿਲਚਸਪੀ ਲੈਣ ਲੱਗੀ।

"ਜ਼ਿੰਮੀਦਾਰ ਖੇਤੀ ਦੇ ਕੰਮ ਲਈ ਮਸ਼ੀਨਾਂ ਦੀ ਵਰਤੋਂ ਕਰਨ ਲੱਗੇ ਐ। ਖੇਤੀ ਮਜ਼ਦੂਰ ਵਿਹਲੇ ਹੋ ਗਏ। ਮਸ਼ੀਨਾਂ ਨਾਲ ਕੰਮ ਜਲਦੀ ਨਿਬੜਦਾ ਤੇ ਸਸਤਾ ਵੀ ਪੈਂਦਾ। ਮਜ਼ਦੂਰਾਂ ਨੂੰ ਜ਼ਿੰਮੀਦਾਰ ਮਰਜ਼ੀ ਦੀ ਮਜ਼ਦੂਰੀ ਦੇਣ ਲੱਗੇ ਤਾਂ ਬੇਰੁਜ਼ਗਾਰ ਕੀ ਕਰਦੇ! ਉਹਨਾਂ ਨੇ ਹੜਤਾਲਾਂ ਕਰ ਦਿੱਤੀਆਂ। ਜਿਥੇ ਠੀਕ ਲਗਿਆ ਮਸ਼ੀਨਾਂ ਨੂੰ ਵੀ ਨੁਕਸਾਨ ਪਹੁੰਚਾਉਣ ਲੱਗੇ। ਮੂਵਮੈਂਟ ਸ਼ੁਰੂ ਤਾਂ ਗਰੇਵਜੈਂਡ ਦੇ ਇਲਾਕੇ ਚੋਂ ਹੀ ਹੋਈ ਸੀ ਹੌਲੀ ਹੌਲੀ ਇਸ ਦਾ ਘੇਰਾ ਬਹੁਤ ਵਧ ਗਿਆ ਸੀ।" ਸੈਮ ਨੇ ਸੰਖੇਪ ਵਿਚ ਗੱਲ ਕੀਤੀ।

"ਕੁਝ ਦੇਰ ਬਾਅਦ ਸਮੱਸਿਆ ਖ਼ਤਮ ਤਾਂ ਨਾ ਹੋਈ ਪਰ ਦਬ ਜ਼ਰੂਰ ਗਈ।"

"ਪਰ ਇਹਨਾਂ ਨੂੰ 'ਸਵਿੰਗ ਰਾਇਟਸ' ਕਿਉਂ ਕਹਿੰਦੇ ਐ?" ਜਿਲੀਅਨ ਨੇ ਸਵਾਲ ਕੀਤਾ।

"ਦਿਲਚਸਪ ਗੱਲ ਐ, ਕਿਸਾਨ ਮਜ਼ਦੂਰਾਂ ਨੇ ਇਕ ਕਾਲਪਨਿਕ ਮਜ਼ਦੂਰ ਨੇਤਾ 'ਕੈਪਟਨ ਸਵਿੰਗ' ਪੈਦਾ ਕਰ ਲਿਆ ਸੀ। ਉਸ ਦੇ ਨਾਂ 'ਤੇ ਹੀ ਉਹਨਾਂ ਨੇ ਮੂਵਮੈਂਟ ਚਲਾਈ। ਲੋਕਾਂ ਨੇ 'ਸਵਿੰਗ ਰਾਇਟਸ' ਦਾ ਨਾਂ ਦੇ ਦਿੱਤਾ।"

"ਮਜ਼ਦੂਰਾਂ ਨੂੰ ਕੋਈ ਫ਼ਾਇਦਾ ਵੀ ਹੋਇਆ?" ਜਿਲੀਅਨ ਕਾਫੀ ਦਿਲਚਸਪੀ ਲੈ ਰਹੀ ਸੀ।

"ਮਸ਼ੀਨਾਂ ਦੀ ਵਰਤੋਂ ਤਾਂ ਦਿਨੋ ਦਿਨ ਵਧਣੀ ਈ ਆ। ਮਜ਼ਦੂਰ ਸ਼ਹਿਰਾਂ ਨੂੰ ਜਾਣ ਲੱਗੇ। ਸ਼ਹਿਰਾਂ ਵਿਚ ਨਵੀਆਂ ਨਵੀਆਂ ਫੈਕਟਰੀਆਂ ਲਗਦੀਆਂ। ਵੈਸੇ ਪੇਂਡੂ ਮਜ਼ਦੂਰ ਲਈ ਪਿੰਡ ਛੱਡ ਕੇ ਸ਼ਹਿਰ ਜਾਣਾ ਬਹੁਤ ਔਖਾ ਐ।"

ਸੈਮ ਕਾਫੀ ਦੇਰ ਤੱਕ ਗੱਲਾਂ ਕਰਦਾ ਰਿਹਾ। ਜਿਲੀਅਨ ਚਾਹ ਬਣਾਉਣ ਲੱਗੀ। ਸੈਮ ਨੇ ਚਾਹ ਪੀ ਕੇ ਆਰਾਮ ਕਰਨ ਦੀ ਇੱਛਾ ਪ੍ਰਗਟ ਕੀਤੀ। ਦੋਵੇਂ ਸਹੇਲੀਆਂ ਲਾਊਂਜ ਵਿਚ ਜਾ ਬੈਠੀਆਂ।

"ਜਿਲੀਅਨ ਸੈਮ ਦੀ ਸਿਹਤ ਕਿਵੇਂ ਐ? ਮੈਨੂੰ ਉਹ ਪਹਿਲਾਂ ਨਾਲੋਂ ਕਮਜ਼ੋਰ ਲਗਿਆ!" ਸਮੈਂਥਾ ਨੇ ਬੈਠਦਿਆਂ ਹੀ ਧੀਮੀ ਆਵਾਜ਼ ਵਿਚ ਸਵਾਲ ਕੀਤਾ।

"ਡਾਕਟਰ ਤਾਂ ਨਿਯਮਤ ਰੂਪ ਵਿਚ ਚੈਕ ਕਰਨ ਆਉਂਦਾ। ਉਸ ਨੇ ਕਦੇ ਵੀ ਕੋਈ ਖ਼ਤਰੇ ਬਾਰੇ ਮੈਨੂੰ ਆਗਾਹ ਨੀ ਕੀਤਾ।" ਜਿਲੀਅਨ ਦੇ ਮੂੰਹ 'ਤੇ ਫਿਕਰਾਂ ਦਾ ਪ੍ਰਛਾਵਾਂ ਸੀ।

"ਤੂੰ ਕੋਲ ਨੀ ਹੁੰਦੀ ਜਦ ਡਾਕਟਰ ਚੈਕ ਕਰਦਾ?"

"ਨਹੀਂ ਸੈਮ ਅਜਿਹਾ ਨੀ ਚਾਹੁੰਦਾ। ਮੈਨੂੰ ਵੀ ਲਗਦਾ ਉਹਨੂੰ ਹੱਕ ਐ ਜੇ ਚਾਹੁੰਦਾ ਤਾਂ ਇਕੱਲਾ ਚੈਕ ਅੱਪ ਕਰਾਵੇ। ਮੇਰੀ ਜ਼ਿੰਦਗੀ ਵਿਚ ਉਸ ਨੇ ਕਦੇ ਦਖ਼ਲ ਨੀ ਦਿੱਤਾ। ਮੈਨੂੰ ਵੀ ਨਹੀਂ ਦੇਣਾ ਚਾਹੀਦਾ।"

ਜਿਲੀਅਨ ਨੇ ਕਹਿ ਤਾਂ ਦਿੱਤਾ ਪਰ ਉਹ ਸੋਚਣ ਲੱਗੀ। ਸੈਮ ਦੀ ਜ਼ਿੰਦਗੀ ਵਿਚ ਉਸ ਨੂੰ ਦਖਲ ਨਹੀਂ ਦੇਣਾ ਚਾਹੀਦਾ ਤੇ ਉਸ ਦੀ ਸਿਹਤ ਦੇ ਮਾਮਲੇ ਵਿਚ ਕੁਤਾਹੀ ਵੀ ਨੀ ਕਰਨੀ ਚਾਹੀਦੀ।

"ਹਾਂ ਦੱਸ ਤੂੰ ਮੈਨੂੰ ਕਾਹਦੇ ਲਈ ਸੱਦਿਆ?" ਸਮੈਂਥਾ ਦੇ ਮਨ ਵਿਚ ਸੈਮ ਲਈ ਸਵਾਲ ਹੋਰ ਵੀ ਸਨ। ਕੁਝ ਸੋਚ ਕੇ ਉਹ ਚੁੱਪ ਕਰ ਗਈ।

ਜਿਲੀਅਨ ਨੇ ਸੈਮ ਦੇ ਕਮਰੇ ਵੱਲ ਵੇਖਿਆ। ਉਸ ਨੇ ਨੀਝ ਨਾਲ ਸਮੈਂਥਾ ਵੱਲ ਵੇਖਿਆ। ਇਕ ਲੰਬਾ ਸਾਹ ਲਿਆ। ਆਪਣਾ ਸਾਰਾ ਹੌਸਲਾ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ। ਉਹ ਸਮੈਂਥਾ ਤੋਂ ਡਰਦੀ ਨਹੀਂ ਸੀ। ਸਮੈਂਥਾ ਤਾਂ ਉਸ ਦੀ ਬਹੁਤ ਪੁਰਾਣੀ ਅਤੇ ਸ਼ਾਨਦਾਰ ਸਹੇਲੀ ਸੀ। ਅਸਲ ਵਿਚ ਮਾਰਕ ਬਹੁਤ ਦੇਰ ਤੋਂ ਭੁਲਿਆ ਵਿਸਰਿਆ ਨਾਂ ਸੀ ਜਿਸ ਨੂੰ ਹੁਣ ਜਿਲੀਅਨ ਵੀ ਲੈਣ ਤੋਂ ਡਰਦੀ ਸੀ।

"ਡੋਵਰ ਮੈਨੂੰ ਅਚਾਨਕ ਮਾਰਕ ਮਿਲਿਆ ਸੀ। ਉਸ ਦਾ ਬੇਟਾ ਵੀ ਇੰਡੀਆ ਜਾ ਰਿਹਾ ਸੀ। ਮੈਂ ਉਸ ਨੂੰ ਐਲਨ ਦਾ ਪਿਤਾ ਹੋਣ ਬਾਰੇ ਵੀ ਦੱਸ ਦਿੱਤਾ ਸੀ।"

"ਇਹ ਤੂੰ ਕਿਉਂ ਕੀਤਾ ਜਿਲੀਅਨ? ਤੂੰ ਇਸ ਵਿਚੋਂ ਕੀ ਖੱਟਣਾ ਚਾਹੁੰਦੀ ਸੀ? ਮੱਲੋ-ਮੱਲੀ ਆਵਦੇ ਲਈ ਕੰਡੇ ਬੀਜਣ ਦਾ ਕੀ ਲਾਭ?" ਸਮੈਂਥਾ ਦੇ ਚਿਹਰੇ 'ਤੇ ਬੇਬਸੀ ਅਤੇ ਨਰਾਜ਼ਗੀ ਦੇ ਭਾਵ ਸਨ।

ਜਿਲੀਅਨ ਨੂੰ ਸਾਰੀ ਦੀ ਸਾਰੀ ਕਹਾਣੀ ਬਿਆਨ ਕਰਨੀ ਪਈ। ਐਲਨ ਤੋਂ ਸੱਚ ਲੁਕਾਉਣ ਦਾ ਝੋਰਾ ਅਤੇ ਸੈਮ ਨੂੰ ਧੋਖੇ ਵਿਚ ਰੱਖਣ ਦਾ ਗੁਨਾਹ। ਜੇ ਐਲਨ ਨੂੰ ਕਿਧਰੋਂ ਹੋਰ ਪਤਾ ਲੱਗ ਜਾਵੇ ਤਾਂ ਐਲਨ ਦਾ ਉਸ ਨਾਲ ਵਤੀਰਾ। ਸ਼ਾਇਦ ਐਲਨ ਮਾਂ ਨੂੰ ਹੀ ਧੋਖੇਬਾਜ਼ ਸਮਝਣ ਲੱਗੇ। ਜਿਲੀਅਨ ਦੇ ਮਨ ਵਿਚ ਜੋ ਵੀ ਸੀ ਉਸ ਨੇ ਸਮੈਂਥਾ ਅੱਗੇ ਉਲੱਦ ਦਿੱਤਾ। ਇਕ ਵਾਰ ਉਸ ਦਾ ਮਨ ਹਲਕਾ ਹੋ ਗਿਆ।

ਸਮੈਂਥਾ ਬਿਲਕੁਲ ਵੱਖਰੀ ਤਰਾਂ ਸੋਚ ਰਹੀ ਸੀ। ਉਸ ਦੇ ਖਿਆਲ ਅਨੁਸਾਰ ਮਾਰਕ ਜਿਲੀਅਨ ਦਾ ਬੀਤਿਆ ਵਕਤ ਸੀ ਜਿਸ ਦੀ ਹੁਣ ਉਸ ਦੀ ਜ਼ਿੰਦਗੀ ਵਿਚ ਕੋਈ ਥਾਂ ਨਹੀਂ ਸੀ। ਸਮੈਂਥਾ ਨੇ ਸੈਮ ਦੀ ਮੌਤ ਤੋਂ ਬਾਅਦ ਇਕੱਲੀ-ਇਕਲਾਪੀ ਜਿਲੀਅਨ ਬਾਰੇ ਸੋਚਿਆ। ਉਸ ਨੂੰ ਕੰਬਣੀ ਜਿਹੀ ਮਹਿਸੂਸ ਹੋਈ। ਜਿਲੀਅਨ ਨੇ ਮਾਰਕ ਨੂੰ ਸੱਚ ਦੱਸ ਕੇ ਇਕ ਵਾਰ ਜਿਵੇਂ ਫਿਰ ਉਸ ਨੂੰ ਆਪਣੀ ਜ਼ਿੰਦਗੀ ਵਿਚ ਆਉਣ ਦਾ ਸੱਦਾ ਦੇ ਦਿੱਤਾ ਹੋਵੇ। ਜੋ ਹੋ ਗਿਆ ਸੀ ਉਸ ਬਾਰੇ ਕੁਝ ਵੀ ਨਹੀਂ ਸੀ ਕੀਤਾ ਜਾ ਸਕਦਾ।

"ਜਿਲੀਅਨ ਜ਼ਿੰਦਗੀ ਸੁੱਧੇ ਸੱਚ ਨਾਲ ਨਹੀਂ ਚਲਦੀ। ਸੁੱਧਾ ਸੋਨਾ ਵੀ ਨਰਮ ਹੁੰਦਾ। ਉਸ ਨੂੰ ਖੋਟ ਪਾ ਕੇ ਹੀ ਸਖ਼ਤ ਕੀਤਾ ਜਾਂਦੈ। ਮੇਰੇ ਖਿਆਲ ਵਿਚ ਤੈਨੂੰ ਮੂੰਹ ਖੋਲ੍ਹਣ ਤੋਂ ਪਹਿਲਾਂ ਕਈ ਵਾਰ ਸੋਚਣਾ ਚਾਹੀਦਾ।" ਸਮੈਂਥਾ ਨੇ ਆਪਣਾ ਹੱਥ ਜਿਲੀਅਨ ਦੇ ਹੱਥਾਂ 'ਤੇ ਰੱਖ ਕੇ ਉਸ ਨੂੰ ਹੌਸਲਾ ਦੇਣ ਦਾ ਯਤਨ ਕੀਤਾ।

ਸੈਮ ਨੇ ਜਿਲੀਅਨ ਨੂੰ ਆਵਾਜ਼ ਮਾਰੀ ਤੇ ਜਿਲੀਅਨ ਮਾਰਕ ਤੋਂ ਵਿਛੜਣ ਬਾਰੇ ਸੋਚਦੀ ਉੱਠ ਕੇ ਉਸ ਦੇ ਕਮਰੇ ਵੱਲ ਚਲੀ ਗਈ।

## 3

ਜਿਲੀਅਨ ਲੰਬੇ ਕਦਮ ਭਰਦੀ ਆਪਣੀ ਬੱਘੀ ਵੱਲ ਚਲੀ ਗਈ ਸੀ। ਡਰਾਇਵਰ ਨੇ ਉਸ ਦੇ ਬੱਘੀ ਵਿਚ ਬੈਠਣ ਲਈ ਪਾਇਦਾਨ ਖੋਲ੍ਹ ਦਿੱਤਾ। ਜਿਲੀਅਨ ਪੂਰੇ ਸਵੈ-ਵਿਸ਼ਵਾਸ਼ ਅਤੇ ਸ਼ਾਨ ਨਾਲ ਬੱਘੀ ਵਿਚ ਬੈਠ ਗਈ। ਮਾਰਕ ਗੁਆਚਿਆ ਜਿਹਾ ਥਾਂ ਦੀ ਥਾਂ ਰੁੱਖ ਵਾਂਗ ਖੜ੍ਹਾ ਰਿਹਾ। ਬੱਘੀ ਚਲੀ ਗਈ। ਮਾਰਕ ਜਾਂਦੀ ਬੱਘੀ ਨੂੰ ਉਦੋਂ ਤੱਕ ਵੇਖਦਾ ਰਿਹਾ ਜਦ ਤਕ ਬੱਘੀ ਦਿਸਦੀ ਰਹੀ। ਮਾਰਕ ਨੇ ਡੂੰਘਾ ਸਾਹ ਲੈ ਕੇ ਆਸੇ ਪਾਸੇ ਵੇਖਿਆ। ਉਸ ਨੇ ਰਾਤ ਡੋਵਰ ਵਿਚ ਹੀ ਰਹਿਣਾ ਸੀ। ਹੁਣ ਉਸ ਦਾ ਦਿਲ ਕਰਦਾ ਸੀ ਉਹ ਜਿਲੀਅਨ ਦੇ ਪਿੱਛੇ ਹੀ ਦੌੜ ਜਾਵੇ। ਉਸ ਨੇ ਡਰਾਇਵਰ ਨੂੰ ਡੋਵਰ ਰਾਤ ਰਹਿਣ ਬਾਰੇ ਪਹਿਲਾਂ ਹੀ ਦੱਸ ਦਿੱਤਾ ਸੀ। ਡਰਾਇਵਰ ਨੇ ਘੋੜੇ ਹੋਟਲ ਦੇ ਤਬੇਲੇ ਵਿਚ ਬੰਨ੍ਹ ਦਿੱਤੇ ਸਨ। ਸ਼ਾਇਦ ਉਹ ਉਸ ਵੇਲੇ ਬੈਠਾ ਬੀਅਰ ਪੀ ਰਿਹਾ ਹੋਵੇਗਾ, ਮਾਰਕ ਨੇ ਸੋਚਿਆ। ਉਹ ਹੋਟਲ ਦੀ ਬਾਰ ਵਿਚ ਚਲਾ ਗਿਆ। ਬੀਅਰ ਦਾ ਗਲਾਸ ਲੈ ਕੇ ਉਹ ਦਿਨ ਦਾ ਨਿੱਘ ਮਾਣਨ ਲਈ ਧੁੱਪ ਵਿਚ ਆ ਬੈਠਾ। ਉਸ ਦੇ ਮਨ ਵਿਚ ਜ਼ਿੰਦਗੀ ਦੀਆਂ ਕੌੜੀਆਂ-ਫਿੱਕੀਆ ਯਾਦਾਂ ਦਾ ਝੁਰਮਟ ਬੱਝਣ ਲੱਗਾ। ਉਹਨਾਂ ਵਿਚ ਕੁਝ ਮਿੱਠੀਆਂ ਯਾਦਾਂ ਵੀ ਆ ਰਲੀਆਂ। ਬੀਅਰ ਦੀਆਂ ਘੁੱਟਾਂ ਨੇ ਜ਼ਿੰਦਗੀ ਦੀਆਂ ਯਾਦਾਂ ਨੂੰ ਹੋਰ ਵੀ ਨਿਖਾਰ ਕੇ ਸਾਹਮਣੇ ਲੈ ਆਂਦਾ। ਗਰਮੀ ਨਾਲ ਬੀਅਰ ਗਰਮ ਹੋਣ ਲੱਗੀ ਸੀ। ਮਾਰਕ ਵਕਤ ਗੁਜ਼ਾਰਨ ਲਈ ਕੁਝ ਹੋਰ ਕਰਨ ਬਾਰੇ ਸੋਚ ਰਿਹਾ ਸੀ।

ਡੋਵਰ ਦੀਆਂ ਸੜਕਾਂ 'ਤੇ ਘੁੰਮਦੇ ਮਾਰਕ ਨੂੰ ਕੁਝ ਖਾਸ ਦਿਲਚਸਪ ਜਾਂ ਖਿੱਚ ਪਾਊ ਨਾ ਦਿਸਿਆ। ਉਹ ਕਿਲੇ ਵੱਲ ਨੂੰ ਚਲਾ ਗਿਆ। ਕਿਲੇ ਵਿਚ ਉਸ ਨੇ ਵੱਧ ਤੋਂ ਵੱਧ ਸਮਾਂ ਗੁਜ਼ਾਰਿਆ। ਭਾਂਵੇਂ ਉਸ ਨੂੰ ਕਿਲੇ ਦੀ ਬਣਤਰ, ਸ਼ਿਲਪਕਾਰੀ ਬਹੁਤ ਪਸੰਦ ਆਈ ਅਤੇ ਕਿਲਾ ਬਣਾਉਣ ਲਈ ਸੋਚਣ ਵਾਲੇ ਲਈ ਵੀ ਉਸ ਦੇ ਮਨ ਵਿਚ ਸਤਿਕਾਰ ਪੈਦਾ ਹੋਇਆ, ਅਸਲ ਵਿਚ ਉਹ ਸਮਾਂ ਪਾਸ ਕਰਨਾ ਚਾਹੁੰਦਾ ਸੀ। ਦਿਨ ਢਲਣ ਨਾਲ ਉਹ ਇਕ ਵਾਰ ਫਿਰ ਬਾਜ਼ਾਰ ਵਾਲੇ ਪਾਸੇ ਆ ਗਿਆ। ਇਕ ਪੱਬ ਵਿਚ ਚਲਾ ਗਿਆ ਜੋ ਧੂੰਏਂ 'ਤੇ ਸਿੱਲ ਦੀ ਹਵ੍ਹਾੜ ਨਾਲ ਭਰਿਆ ਪਿਆ ਸੀ। ਪੱਬ ਵਿਚ ਜਾਣ ਦੀ ਥਾਂ ਉਹ ਦਰਵਾਜ਼ੇ ਵਿਚੋਂ ਹੀ ਵਾਪਿਸ ਜਾਣ ਲੱਗਾ ਸੀ ਕਿ ਪਹਿਲੀ ਮੰਜ਼ਿਲ 'ਤੇ ਵੀ ਕੁਝ ਰੌਲਾ-ਰੱਪਾ ਸੁਣਾਈ ਦਿੱਤਾ। ਸ਼ਾਇਦ ਉੱਪਰ ਕੋਈ ਚੰਗੀ ਥਾਂ ਹੋਵੇ, ਸੋਚਦਿਆਂ ਉਹ ਪੌੜੀਆਂ ਚੜ੍ਹ ਗਿਆ। ਕੁਝ ਕੁੜੀਆਂ ਸ਼ਰਾਬ ਵਰਤਾਅ ਰਹੀਆਂ ਸਨ। ਇਕ ਕੁੜੀ ਉਸ ਨੂੰ ਇਕ ਆਲਸੀ ਜਿਹੇ ਚਾਨਣ ਵਾਲੇ ਕਮਰੇ ਵਿਚ ਲੈ ਗਈ। ਮਾਰਕ ਦਾ ਸਾਹ ਘੁਟਣ ਲੱਗਾ। ਉਹ ਖਹਿੜਾ ਛੁਡਾ ਕੇ ਪੌੜੀਆਂ ਉਤਰ ਆਇਆ ਤੇ ਆਪਣੇ ਰਹਾਇਸ਼ੀ ਹੋਟਲ ਵੱਲ ਨੂੰ ਤੁਰ ਪਿਆ।

ਆਪਣੇ ਕਮਰੇ ਵਿਚ ਜਾ ਕੇ ਉਹ ਥੋੜਾ ਚਿਰ ਆਰਾਮ ਨਾਲ ਲੇਟਿਆ ਰਿਹਾ। ਕੁਝ ਦੇਰ ਬਾਅਦ ਉਹ ਬਾਰ ਵਿਚ ਚਲਾ ਗਿਆ ਜਿਥੇ ਇਕ ਆਦਮੀ ਸਨੂਕਰ ਖੇਡ ਰਿਹਾ ਸੀ। ਉਸ ਨੇ ਆਪਣੀ ਜਾਣ-ਪਛਾਣ ਕਰਾਉਂਦਿਆਂ ਸਨੂਕਰ ਦੀ ਗੇਮ ਖੇਡਣ ਦੀ ਪੇਸ਼ਕਸ਼ ਕੀਤੀ ।

"ਮੈਂ ਕੈਪਟਨ ਵਿਲਸਨ—ਟੈਰੀ ਵਿਲਸਨ ਤੇ ਹੁਣ ਸੇਵਾ-ਮੁੱਕਤ ਹਾਂ। ਬਹੁਤ ਸਮਾਂ ਇੰਡੀਆ ਵਿਚ ਨੌਕਰੀ ਕੀਤੀ ਤੇ ਅਫ਼ਰੀਕਾ ਵਿਚ ਵੀ। ਮਿਸਟਰ ਪਿੰਨ ਤੁਹਾਨੂੰ ਮਿਲ ਕੇ ਖੁਸ਼ੀ ਹੋਈ। ਕੈਪਟਨ ਆਪਣੀ ਜਾਣ-ਪਛਾਣ ਕਰਵਾ ਰਿਹਾ ਸੀ ਤੇ ਮਾਰਕ ਸਨੂਕਰ ਦੀ ਗੇਂਦ 'ਤੇ ਨਿਸ਼ਾਨਾ ਲਾਉਣ ਲਈ ਇਕਾਗਰ ਹੋਣ ਦਾ ਯਤਨ ਕਰ ਰਿਹਾ ਸੀ। ਕੈਪਟਨ ਉਸ ਤੋਂ ਕਿਤੇ ਵਧੀਆ ਖਿਲਾੜੀ ਸੀ। ਮਾਰਕ ਤਿੰਨ ਦੀਆਂ ਤਿੰਨ ਗੇਮਾਂ ਹੀ ਹਾਰ ਗਿਆ ਸੀ। ਮਾਰਕ ਨੂੰ ਖੁਸ਼ੀ ਸੀ ਉਸ ਨੂੰ ਸ਼ਾਮ ਬਤੀਤ ਕਰਨ ਲਈ ਸਾਥ ਮਿਲ ਗਿਆ ਸੀ। ਗੇਮ ਲਗਾਉਂਦਿਆਂ ਮਾਰਕ ਨੇ ਆਪਣੇ ਬੇਟੇ ਦੇ ਇੰਡੀਆ ਜਾਣ ਬਾਰੇ ਗੱਲ ਕੀਤੀ। ਕੈਪਟਨ ਹੈਰਾਨੀ ਨਾਲ ਮਾਰਕ ਵੱਲ ਵੇਖਦਾ ਹੀ ਰਹਿ ਗਿਆ।

"ਬਿਜਨਸ ਟਰਿਪ 'ਤੇ ਗਿਆ ਐ!"

"ਨਹੀਂ ਅਸਲ ਵਿਚ ਉਹ ਗੌਰਮਿੰਟ ਪੋਸਟ 'ਤੇ ਗਿਆ।" ਮਾਰਕ ਨੇ ਨਿਸ਼ਾਨਾ ਸੇਧ ਕੇ ਸ਼ਾਟ ਲਗਾਇਆ ਤੇ ਦੋ ਗੇਂਦਾਂ ਨੂੰ ਚਿੱਤ ਕਰ ਦਿੱਤਾ।

"ਤੁਸੀਂ ਤਾਂ ਹੰਢੇ ਵਰਤੇ ਬਿਜਨਸ ਮੈਨ ਓ ਤੇ ਤੁਹਾਡੇ ਮੁੰਡੇ ਨੂੰ ਵੀ ਤੁਹਾਡੀ ਲਾਈਨ ਹੀ ਅਪਣਾਉਣੀ ਚਾਹੀਦੀ ਸੀ।" ਕੈਪਟਨ ਆਪਣੀ ਜ਼ਿੰਦਗੀ ਦੇ ਤਲਖ ਤਜ਼ਰਬੇ ਬਾਰੇ ਸੋਚ ਰਿਹਾ ਸੀ।

"ਇਹ ਤਾਂ ਆਪਣੀ ਆਪਣੀ ਦਿਲਚਸਪੀ ਦੀ ਗੱਲ ਐ।" ਮਾਰਕ ਗੱਲਬਾਤ ਬਦਲਣੀ ਚਾਹੁੰਦਾ ਸੀ। ਅਚਾਨਕ ਉਸ ਨੇ ਕੈਪਟਨ ਦੇ ਬੁੱਲ੍ਹਾਂ 'ਤੇ ਭਰਵੀਂ ਮੁਸਕਾਨ ਵੇਖੀ। ਉਸ ਨੂੰ ਕਾਰਨ ਸਮਝ ਨਾ ਆਇਆ। ਅਗਲੇ ਹੀ ਪਲ ਮਨਮੋਹਕ ਖੁਸ਼ਬੂ ਨੇ ਉਸ ਦੀਆਂ ਨਾਸਾਂ ਨੂੰ ਆ ਚੁੰਮਿਆ ਤੇ ਕਿਸੇ ਦੀ ਪੁਸ਼ਾਕ ਦੀ ਸਰਸਰਾਹਟ ਉਸ ਦੇ ਕੰਨੀ ਪਈ। ਮਾਰਕ ਨੇ ਸਿਰ ਘੁਮਾ ਕੇ ਪਿੱਛੇ ਵੇਖਿਆ। ਇਕ ਬਹੁਤ ਹੀ ਖੂਬਸੂਰਤ ਔਰਤ ਉਹਨਾਂ ਵੱਲ ਆ ਰਹੀ ਸੀ।

"ਆਉ ਡਾਰਲਿੰਗ ਆਉ। ਇਹਨਾਂ ਨੂੰ ਮਿਲੋ ਮੇਰੇ ਦੋਸਤ ਮਾਰਕ ਪਿੰਨ ਤੇ ਇਹ ਮੇਰੀ ਪਤਨੀ ਜੈਨੀ ਵਿਲਸਨ।" ਕੈਪਟਨ ਨੇ ਜੈਨੀ ਨੂੰ ਚੁੰਮਣ ਦੇ ਕੇ ਜਾਣ ਪਛਾਣ ਕਰਵਾਈ। ਉਹ ਤਿੰਨੋ ਇਕ ਟੇਬਲ 'ਤੇ ਹੀ ਬੈਠ ਗਏ ਅਤੇ ਕੈਪਟਨ ਨੇ ਵਾਈਨ ਦਾ ਆਰਡਰ ਕਰ ਦਿੱਤਾ। ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਜੈਨੀ ਬਹੁਤ ਹੀ ਸੁੰਦਰ ਅਤੇ ਦਿਲਕਸ਼ ਔਰਤ ਸੀ। ਉਸ ਦੀ ਬੋਲ-ਚਾਲ, ਉੱਠਣ-ਬੈਠਣ ਹਰ ਗੱਲ ਵਿਚ ਕੁਦਰਤੀ ਨਾਜ਼ੁਕਤਾ ਸੀ। ਮਾਰਕ ਉਸ ਨੂੰ ਜਿਲੀਅਨ ਨਾਲ ਨਾਪ-ਤੋਲ ਰਿਹਾ ਸੀ। ਕੋਈ ਗੱਲ ਉਸ ਦੀ ਜਿਲੀਅਨ ਨਾਲ ਮਿਲਦੀ-ਜੁਲਦੀ ਵੀ ਲਗਦੀ ਸੀ ਜਾਂ ਸ਼ਾਇਦ ਮਾਰਕ ਦੇ ਦਿਲ ਦਾ ਵਹਿਮ ਹੋਵੇ। ਜਿਲੀਅਨ ਨੇ ਉਸ ਨੂੰ ਵੱਡਾ ਝਟਕਾ ਦਿੱਤਾ ਸੀ ਜਿਸ ਲਈ ਮਾਰਕ ਤਿਆਰ ਨਹੀਂ ਸੀ। ਉਹ ਜੈਨੀ ਵਰਗੀ ਦਿਲਚਸਪ ਕੰਪਨੀ ਨਾਲ ਸ਼ਾਮ ਬਿਤਾ ਕੇ ਆਪਣੇ ਮਨ ਨੂੰ ਹਲਕਾ ਕਰਨ ਬਾਰੇ ਸੋਚ ਰਿਹਾ ਸੀ।

"ਕੈਪਟਨ ਮੈਨੂੰ ਬਹੁਤ ਖੁਸ਼ੀ ਹੋਵੇਗੀ ਜੇ ਤੁਸੀਂ ਅੱਜ ਸ਼ਾਮ ਦੇ ਖਾਣੇ ਦੀ ਦਾਅਵਤ ਕਬੂਲ ਕਰੋ।" ਮਾਰਕ ਨੇ ਅੱਖ ਦੇ ਕੋਇ ਵਿਚੋਂ ਦੀ ਜੈਨੀ ਵੱਲ ਵੇਖਿਆ।

"ਤੁਹਾਡੀ ਬਹੁਤ ਮਿਹਰਬਾਨੀ ਮਿਸਟਰ ਪਿੰਨ। ਸਾਨੂੰ ਵੀ ਖਾਣੇ ਦੀ ਸਾਂਝ ਪਾ ਕੇ ਖੁਸ਼ੀ ਹੋਵੇਗੀ।" ਕੈਪਟਨ ਦੀ ਥਾਂ ਜੈਨੀ ਨੇ ਉੱਤਰ ਦਿੱਤਾ।

"ਤੁਹਾਡੀ ਬਹੁਤ ਮਿਹਰਬਾਨੀ। ਇਕੱਲਿਆਂ ਖਾਣਾ ਖਾਣ ਦਾ ਵੀ ਕੋਈ ਸੁਆਦ ਨਹੀਂ ਹੁੰਦਾ। ਜਦੋਂ ਤੁਸੀਂ ਚਾਹੋ ਆਪਾਂ ਰੈਸਟੋਰੈਂਟ ਵਿਚ ਚਲੇ ਚੱਲਾਂਗੇ।" ਮਾਰਕ ਦੇ ਅੰਦਰ ਜਿਵੇਂ ਮੋਮਬੱਤੀਆਂ ਜਗ ਪਈਆਂ ਹੋਣ।

ਕੈਪਟਨ ਨੇ ਜਲਦੀ ਜਲਦੀ ਦੋ ਕੁ ਗਲਾਸ ਵਾਈਨ ਦੇ ਪੀ ਲਏ। ਹੁਣ ਉਸ ਦੀਆਂ ਗੱਲਾਂ ਵਿਚ ਪਹਿਲਾਂ ਵਾਲੀ ਰਵਾਨਗੀ ਨਹੀਂ ਸੀ ਤੇ ਉਸ ਦੀ ਗੱਲ-ਬਾਤ ਉੱਚੀ ਆਵਾਜ਼ ਵਿਚ ਹੋਣ ਲੱਗੀ ਸੀ। ਜੈਨੀ ਨੇ ਉਸ ਦੀ ਹਾਲਤ ਭਾਂਪ ਲਈ ਸੀ।

"ਡਾਰਲਿੰਗ ਥੋੜਾ ਆਰਾਮ ਨਾਲ--।" ਜੈਨੀ ਨੇ ਸਖ਼ਤ ਅੱਖਾਂ ਨਾਲ ਉਸ ਵੱਲ ਵੇਖਿਆ ਪਰ ਉਸ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ।

"ਮੇਰਾ ਖਿਆਲ ਆਪਾਂ ਖਾਣਾ ਖਾਣ ਲਈ ਰਸੈਟੋਰੈਂਟ ਵਿਚ ਚੱਲੀਏ।" ਜੈਨੀ ਨੇ ਮਾਰਕ ਵੱਲ ਵੇਖਿਆ।

"ਜਦੋਂ ਤੁਸੀਂ ਚਾਹੋ--। ਪਰ ਆਪਾਂ ਨੂੰ ਕੋਈ ਕਾਹਲੀ ਨਹੀਂ। ਕੈਪਟਨ ਨੂੰ ਅਨੰਦ ਲੈਣ ਦਿਉ।" ਮਾਰਕ ਨੂੰ ਕੋਈ ਕਾਹਲ ਨਹੀਂ ਸੀ। ਉਹ ਕੈਪਟਨ ਵੱਲ ਵੇਖ ਰਿਹਾ ਸੀ।

''ਮਾਰਕ ਮੈਂ ਸਾਰੀ ਉਮਰ ਆਰਮੀ ਵਿਚ ਕੰਮ ਕੀਤਾ ਐ। ਦੋਸਤਾਂ ਮਿੱਤਰਾਂ ਤੋਂ ਦੂਰ। ਪਤਨੀ ਤੋਂ ਦੂਰ ਪਰਿਵਾਰ ਤੇ ਰਿਸ਼ਤੇਦਾਰਾਂ ਤੋਂ ਦੂਰ। ਕਦੇ ਦੁਸ਼ਮਨ ਨਾਲ ਲੜਦੇ ਹੋਏ ਤੇ ਕਦੇ ਲੜਨ ਦੀ ਤਿਆਰੀ ਕਰਦੇ ਹੋਏ। ਸਦਾ ਮਿਲਟਰੀ ਦੇ ਲੋਕਾਂ/ਅਫਸਰਾਂ ਵਿਚ ਘਿਰੇ ਹੋਏ। ਇੰਡੀਆ ਤੇ ਅਫ਼ਰੀਕਾ ਵਰਗੇ ਗੰਦੇ ਤੇ ਭੁੱਖੇ ਨੰਗੇ ਦੇਸ਼ ਵਿਚ ਵੀ ਜੇ ਕੋਈ ਖੁਸ਼ੀ ਦੀ ਚਿਣਗ ਮਿਲਦੀ ਸੀ ਤਾਂ ਸ਼ਾਮ ਨੂੰ ਡਰਿੰਕ ਪੀਣ ਵਿਚ ਹੀ। ਹੁਣ ਇਹ ਆਦਤ ਛੱਡਣੀ ਬਹੁਤ ਔਖੀ ਐ।'' ਕੈਪਟਨ ਨੇ ਸਿਰ ਮਾਰਿਆ ਤੇ ਬਾਕੀ ਦਾ ਗਲਾਸ ਖਾਲੀ ਕਰ ਦਿੱਤਾ।

''ਮੁਆਫ਼ ਕਰੀ ਡਾਰਲਿੰਗ।'' ਕੈਪਟਨ ਨੇ ਮੁੱਛਾਂ ਸਾਫ਼ ਕਰਦਿਆਂ ਜੈਨੀ ਨੂੰ ਠੰਡਾ ਕਰਨ ਦੀ ਕੋਸ਼ਿਸ਼ ਕੀਤੀ।

''ਤੈਨੂੰ ਬਲੱਡ ਪਰੈਸ਼ਰ ਐ ਤੇ ਸ਼ੱਕਰ ਰੋਗ ਵੀ। ਮੈਨੂੰ ਤੇਰੀ ਸਿਹਤ ਦਾ ਫ਼ਿਕਰ ਐ--।'' ਜੈਨੀ ਨੇ ਆਪਣੇ ਆਪ ਨੂੰ ਸਹੀ ਦਰਸਾਉਣ ਦੀ ਕੋਸ਼ਿਸ਼ ਕੀਤੀ।

''ਮੇਰਾ ਖਿਆਲ ਐ ਤੁਸੀਂ ਛੁੱਟੀਆਂ ਕੱਟਣ ਆਏ ਐਂ। ਤੁਹਾਨੂੰ ਫ਼ਿਕਰ ਨੀ ਕਰਨਾ ਚਾਹੀਦਾ। ਅਜਿਹੇ ਮਾਮਲਿਆਂ ਬਾਰੇ ਕੱਲ੍ਹ ਸੋਚਿਆ ਜਾ ਸਕਦਾ।'' ਮਾਰਕ ਉਹਨਾਂ ਦੀ ਪਰਿਵਾਰਕ ਸਮੱਸਿਆ ਵਿਚ ਦਖ਼ਲ ਨਹੀਂ ਸੀ ਦੇਣਾ ਚਾਹੁੰਦਾ।

ਕੁਝ ਦੇਰ ਗੱਲਾਂ ਬਾਤਾਂ ਕਰਨ ਬਾਅਦ ਮਾਰਕ ਨੇ ਜੈਨੀ ਦੀ ਰਾਇ ਨਾਲ ਭੋਜਨ ਆਰਡਰ ਕਰ ਦਿੱਤਾ ਅਤੇ ਨਾਲ ਹੀ ਖਾਣੇ ਦੇ ਨਾਲ ਵਾਈਨ ਦਾ ਇਕ ਇਕ ਹੋਰ ਗਲਾਸ ਮੰਗਵਾ ਲਿਆ। ਖਾਣ ਪੀਣ ਕਰਦਿਆਂ ਉਹ ਗੱਲਾਂ ਵੀ ਕਰਦੇ ਰਹੇ। ਮਾਰਕ ਨੇ ਉਹਨਾਂ ਨੂੰ ਖਾਣੇ ਨਾਲ ਹੀ ਲੰਡਨ ਆਉਣ ਦੀ ਦਾਅਵਤ ਵੀ ਪਰੋਸ ਦਿੱਤੀ।

''ਇਕ ਗੱਲ ਹੋਰ ਮੈਡਮ ਜਦ ਆਉ ਤਾਂ ਮੇਰੇ ਕੋਲ ਰਹਿਣਾ। ਵੈਸੇ ਮਿਡਲੈਂਡ ਤੋਂ ਲੰਡਨ ਆਉਣਾ ਸੌਖਾ ਵੀ ਨਹੀਂ।''

''ਬਹੁਤ ਮਿਹਰਬਾਨੀ ਮਿਸਟਰ ਪਿੰਨ। ਮੈਨੂੰ ਸੇਂਟ ਪਾਲ ਕੈਥੀਡਰਲ ਵੇਖਣ ਦੀ ਬਹੁਤ ਚਾਹ ਐ। ਵੈਸੇ ਤਾਂ ਹੋਰ ਵੀ ਬਹੁਤ ਕੁਝ ਆ ਵੇਖਣ ਵਾਲਾ।'' ਜੈਨੀ ਦੀ ਆਵਾਜ਼ ਹੋਰ ਵੀ ਨਰਮ ਤੇ ਨਿੱਘੀ ਹੋ ਗਈ ਸੀ।

''ਮਾਰਕ ਹੁਣ ਤਾਂ ਬਰਮਿੰਘਮ ਤੋਂ ਲੰਡਨ ਨੂੰ ਟਰੇਨ ਸਰਵਿਸ ਸ਼ੁਰੂ ਹੋ ਗਈ ਐ। ਕੋਈ ਸਮੱਸਿਆ ਨੀ ਹੋਣ ਲੱਗੀ।'' ਕੈਪਟਨ ਨੇ ਆਪਣੇ ਵੱਲੋਂ ਨਵੀਂ ਜਾਣਕਾਰੀ ਦਿੱਤੀ।

''ਟਰੇਨ ਸਰਵਿਸ ਚੱਲਣ ਨਾਲ ਸਾਡੇ ਬਿਜਨਸ ਨੂੰ ਬਹੁਤ ਫ਼ਾਇਦਾ ਹੋਵੇਗਾ। ਅਸੀਂ ਤਾਂ ਬਹੁਤ ਬੇਸਬਰੀ ਨਾਲ ਉਡੀਕ ਕਰ ਰਹੇ ਸੀ।'' ਮਾਰਕ ਦੀਆਂ ਅੱਖਾ ਅੱਗੇ ਬਹੁਤ ਸਾਰੀਆਂ ਸਕੀਮਾਂ ਘੁੰਮਣ ਲੱਗੀਆਂ।

ਉਹ ਖਾਣਾ ਖਾ ਚੁੱਕੇ ਤਾਂ ਮਾਰਕ ਨੇ ਬਹਿਰੇ ਨੂੰ ਬੁਲਾਇਆ।

''ਇਹ ਸਾਰਾ ਬਿੱਲ ਮੇਰੇ ਖਾਤੇ ਵਿਚ ਲਿਖ ਦੇਣਾ ਤੇ ਸਵੇਰੇ ਸਾਢੇ ਛੇ ਵਜੇ ਮੈਨੂੰ ਜਗਾ ਦੇਣਾ। ਮੈਂ ਸਮੇਂ ਸਿਰ ਨਿਕਲਣਾ ਚਾਹੁੰਨਾ।'' ਕਹਿੰਦਿਆਂ ਉਹ ਟੇਬਲ ਛੱਡ ਕੇ ਕਮਰਿਆਂ ਵੱਲ ਨੂੰ ਚੱਲ ਪਏ।

''ਮਾਰਕ ਇਕ ਮੇਰੀ ਵੀ ਬੇਨਤੀ ਐ। ਮੇਰੇ ਕੋਲ ਬਹੁਤ ਚੰਗੀ ਜਿੰਨ ਪਈ ਐ। ਇਕ ਇਕ ਡਰਿੰਕ ਆਪਾਂ ਜ਼ਰੂਰ ਸਾਂਝੀ ਕਰਨੀ ਐ।''

ਮਾਰਕ ਨੇ ਜੈਨੀ ਵੱਲ ਵੇਖਿਆ ਤੇ ਜੈਨੀ ਨੇ ਆਪਣੇ ਪਤੀ ਵੱਲ। ਉਸ ਦੇ ਪੈਰ ਲੜਖੜਾ ਰਹੇ ਸਨ। ਮਾਰਕ ਕੈਪਟਨ ਨੂੰ ਨਾਂਹ ਨਹੀਂ ਕਰਨਾ ਚਾਹੁੰਦਾ ਸੀ। ਦੂਸਰਾ ਜੈਨੀ ਹੁਣ ਉਸ ਨੂੰ ਹੋਰ ਵੀ ਹੁਸੀਨ ਦਿਸ ਰਹੀ ਸੀ। ਉਹਦਾ ਮਨ ਜੈਨੀ ਨਾਲ ਕੁਝ ਹੋਰ ਸਮਾਂ ਬਿਤਾਉਣ ਲਈ ਬੇਕਾਬੂ ਹੋ ਰਿਹਾ ਸੀ। ਜਿਵੇਂ ਕਿਵੇਂ ਉਹ ਕੈਪਟਨ ਦੇ ਕਮਰੇ ਵਿਚ ਪਹੁੰਚ ਗਏ। ਕੈਪਟਨ ਨੇ ਸ਼ਰਾਬ ਦੀ ਬੋਤਲ ਕੱਢੀ ਅਤੇ ਤਿੰਨ ਗਲਾਸਾਂ ਵਿਚ ਪੈਗ ਪਾ ਦਿੱਤੇ।

ਜੈਨੀ ਸ਼ਰਾਬ ਦੀ ਸ਼ੁਕੀਨ ਨਹੀਂ ਸੀ। ਉਹ ਬਸ ਕੰਪਨੀ ਕਰ ਰਹੀ ਸੀ। ਮਾਰਕ ਚੁਸਕੀਆਂ ਲੈ ਕੇ ਸ਼ਰਾਬ ਨਾਲ ਜੈਨੀ ਦੇ ਰੂਪ ਨੂੰ ਵੀ ਮਾਣ ਰਿਹਾ ਸੀ। ਕੈਪਟਨ ਨੇ ਗਲਾਸ ਚੁੱਕ ਕੇ ਇਕ ਵੱਡੀ ਘੁੱਟ ਭਰੀ ਤੇ ਫਿਰ ਬਾਕੀ ਦੀ ਸ਼ਰਾਬ ਇਕ ਵਾਰ ਹੀ ਪੀ ਗਿਆ। ਮਾਰਕ ਅਤੇ ਜੈਨੀ ਦੀਆਂ ਅੱਖਾਂ ਮਿਲੀਆਂ। ਉਹਨਾਂ ਨੇ ਕੋਈ ਗੁੱਝੇ ਸੁਨੇਹੇ ਸਾਂਝੇ ਕਰ ਲਏ। ਕੁਝ ਮਿੰਟਾਂ ਵਿਚ ਹੀ ਕੈਪਟਨ ਦੇ ਘੁਰਾੜੇ ਚੱਲਣ ਲੱਗੇ।

ਮਾਰਕ ਦੇ ਸਰੀਰ ਵਿਚ ਖ਼ੂਨ ਦਾ ਵਹਾਅ ਜਿਵੇਂ ਤੇਜ਼ ਹੋ ਗਿਆ ਹੋਵੇ। ਉਸ ਦਾ ਮੂੰਹ ਤਪਣ ਲੱਗਾ। ਉਸ ਦੇ ਮਨ ਵਿਚ ਜੈਨੀ ਨੂੰ ਚੁੰਮਣ ਦੀ ਤੀਬਰ ਇੱਛਾ ਪੈਦਾ ਹੋਈ। ਉਹ ਜੈਨੀ ਦੇ ਗਰਮ ਅਤੇ ਖੁਸ਼ਬੂਦਾਰ ਬਦਨ ਦਾ ਨਿੱਘ ਮਾਣਨ ਲਈ ਉੱਤਸੁਕ ਸੀ। ਸਮਾਜਿਕ ਅਤੇ ਨੈਤਿਕ ਅਸੂਲਾਂ ਦੇ ਬੰਧੇਜ ਨੂੰ ਤੋੜਨਾ ਉਸ ਨੂੰ ਔਖਾ ਵੀ ਲਗ ਰਿਹਾ ਸੀ। ਇਕ ਅੰਦਰੂਨੀ ਲੜਾਈ ਵਿਚ ਉਲਝਿਆ ਮਾਰਕ ਇਕ ਕਦਮ ਜੈਨੀ ਵੱਲ ਨੂੰ ਵਧਿਆ। ਉਸ ਦੇ ਹੱਥ ਵਿਚ ਗਲਾਸ ਕੰਬ ਗਿਆ। ਉਸ ਨੇ ਜੈਨੀ ਵੱਲ ਕਾਮੁਕ ਨਜ਼ਰਾਂ ਨਾਲ ਵੇਖਿਆ। ਜੈਨੀ ਦਾ ਮੂੰਹ ਉਸ ਨੂੰ

ਪਹਿਲਾਂ ਨਾਲੋਂ ਵੀ ਚਮਕਦਾ ਅਤੇ ਭਾਫਾਂ ਛਡਦਾ ਮਹਿਸੂਸ ਹੋਇਆ। ਮਾਰਕ ਨੇ ਸ਼ਰਾਬ ਦਾ ਪੈਗ ਇਕੋ ਸਾਹ ਖਤਮ ਕਰ ਦਿੱਤਾ।
''ਜੈਨੀ ਜੇ ਤੁਸੀਂ ਬੁਰਾ ਨਾ ਮਨਾਉ ਤਾਂ ਮੇਰੇ ਕਮਰੇ ਵਿਚ ਆ ਜਾਉ। ਆਪਾਂ ਇਕ ਡਰਿੰਕ ਹੋਰ ਸਾਂਝੀ ਕਰ ਲਵਾਂਗੇ!'' ਮਾਰਕ ਦਾ ਦਿਲ ਧੜਕਿਆ।

ਜੈਨੀ ਨੇ ਘੁਰਾੜੇ ਮਾਰਦੇ ਕੈਪਟਨ ਵੱਲ ਵੇਖਿਆ। ਬਣਦੇ-ਤਣਦੇ ਮਾਰਕ ਦੇ ਸਿਹਤਮੰਦ ਸਰੀਰ ਨੂੰ ਉਸ ਨੇ ਪਹਿਲਾਂ ਵੀ ਨਿਹਾਰਿਆ ਸੀ। ਉਹ ਉੱਠੀ ਅਤੇ ਮਾਰਕ ਦੇ ਖਾਲੀ ਗਲਾਸ ਵਿਚ ਸ਼ਰਾਬ ਪਾ ਕੇ ਗਲਾਸ ਉਸ ਨੂੰ ਫੜਾ ਦਿੱਤਾ। ਗਲਾਸ ਫੜਾਉਂਦਿਆਂ ਉਹਦੀਆਂ ਨਰਮ ਉਂਗਲਾਂ ਨੇ ਮਾਰਕ ਦੀਆਂ ਉਂਗਲਾਂ ਨੂੰ ਛੋਹ ਲਿਆ। ਦੋਵਾਂ ਦੇ ਸਰੀਰ ਵਿਚ ਚੰਗਿਆੜੀਆਂ ਮੱਚਣ ਲਗੀਆਂ। ਜੈਨੀ ਨੇ ਮੇਜ਼ ਤੋਂ ਚਾਬੀਆਂ ਚੁੱਕੀਆਂ ਅਤੇ ਦਰਵਾਜ਼ੇ ਕੋਲ ਜਾ ਖੜ੍ਹੀ ਹੋਈ। ਮਾਰਕ ਗਲਾਸ ਲੈ ਕੇ ਉਸ ਦੇ ਪਿੱਛੇ ਬਾਹਰ ਨਿਕਲ ਗਿਆ। ਉਹ ਮਾਰਕ ਦੇ ਕਮਰੇ ਵਿਚ ਚਲੇ ਗਏ। ਮਾਰਕ ਨੇ ਉਸ ਦਾ ਧੰਨਵਾਦ ਕਰਦਿਆਂ ਆਪਣਾ ਗਲਾਸ ਉੱਚਾ ਕੀਤਾ। ਜੈਨੀ ਦਾ ਸਾਰਾ ਸਰੀਰ ਮੁਸਕਾਉਣ ਲੱਗਾ।
''ਤੇਰੀ ਮਿਹਬਾਨੀ ਜੈਨੀ।''

ਮਾਰਕ ਜੈਨੀ ਦੇ ਨੇੜੇ ਆਇਆ। ਜੈਨੀ ਨੇ ਉਸ ਨੂੰ ਸੁਨੇਹਾ ਦਿੰਦੀਆਂ ਨਜ਼ਰਾਂ ਨਾਲ ਵੇਖਿਆ। ਦੋਵਾਂ ਦੇ ਗਲਾਸ ਮੇਜ਼ 'ਤੇ ਚਲੇ ਗਏ। ਦੋ ਘੰਟੇ ਉਹਨਾਂ ਦੇ ਹਾਵ-ਭਾਵ ਟਕਰਾਉਂਦੇ ਰਹੇ। ਕਮਰੇ ਦੀਆਂ ਕੰਧਾਂ, ਫਰਨੀਚਰ, ਮੋਮਬੱਤੀ ਦੀ ਟਿਮਟਮਾਉਂਦੀ ਲਾਟ ਉਹਨਾ ਦੀ ਇਕਮਿਕਤਾ ਦੀਆਂ ਗਵਾਹ ਬਣ ਗਈਆਂ। ਦੋ ਕੁ ਘੰਟੇ ਬਾਅਦ ਜੈਨੀ ਆਪਣੇ ਕਮਰੇ ਵਿਚ ਆ ਗਈ। ਕੈਪਟਨ ਅਜੇ ਵੀ ਘੁਰਾੜੇ ਮਾਰ ਰਿਹਾ ਸੀ। ਵਰ੍ਹਿਆਂ ਬਾਅਦ ਜੈਨੀ ਘੋੜੇ ਵੇਚ ਕੇ ਸੁੱਤੀ।

ਸਵੇਰੇ ਉਹਨਾਂ ਨੇ ਇਕੱਠਿਆਂ ਨਾਸ਼ਤਾ ਕੀਤਾ। ਮਾਰਕ ਨੇ ਵੇਖਿਆ ਜੈਨੀ ਦੀਆਂ ਅੱਖਾਂ ਵਿਚ ਖੁਸ਼ੀ ਦੇ ਡੋਰੇ ਪੀਂਘ ਪਾਈ ਬੈਠੇ ਸਨ। ਉਸ ਨੇ ਉਹਨਾਂ ਨੂੰ ਆਪਣੇ ਨਾਲ ਹੀ ਲੰਡਨ ਆਉਣ ਲਈ ਕਿਹਾ ਤਾਂ ਜੈਨੀ ਇਕਦਮ ਤਿਆਰ ਹੋ ਗਈ। ਕੈਪਟਨ ਨੂੰ ਮਾਰਕ ਦਾ ਸਾਥ ਚੰਗਾ ਲਗਦਾ ਸੀ। ਮਾਰਕ ਦੇ ਹੁੰਦਿਆਂ ਜੈਨੀ ਵੀ ਕੋਈ ਖਾਸ ਟੋਕ-ਟਕਾਈ ਨਹੀਂ ਸੀ ਕਰਦੀ। ਕੈਪਟਨ ਵੀ ਖੁਸ਼ੀ ਨਾਲ ਤਿਆਰ ਹੋ ਗਿਆ।

ਕੁਝ ਦੇਰ ਬਾਅਦ ਉਹ ਬੱਘੀ ਵਿਚ ਬੈਠੇ ਲੰਡਨ ਨੂੰ ਜਾ ਰਹੇ ਸਨ। ਕੈਪਟਨ ਨੂੰ ਲੰਡਨ ਵੇਖਣ ਦਾ ਚਾਅ ਸੀ। ਮਾਰਕ, ਕੈਪਟਨ ਤੋਂ ਅੱਖਾਂ ਚੁਰਾ ਰਿਹਾ ਸੀ। ਉਸ ਨੂੰ ਕੈਪਟਨ ਦੀ ਪਿੱਠ ਵਿਚ ਛੁਰਾ ਮਾਰਨ ਵਾਲੀ ਗੱਲ ਹੋ ਗਈ ਲਗਦੀ ਸੀ ਅਤੇ ਮਾਰਕ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਸੀ। ਜੈਨੀ ਚਹਿਕ ਰਹੀ ਸੀ। ਪਹਿਲੀ ਮਿਲਣੀ ਵਾਲੀਆਂ ਹੱਦਾਂ-ਸੀਮਾਵਾਂ ਅਤੇ ਸ਼ਰਮ-ਹਯਾ ਤੋਂ ਜੈਨੀ ਮੁੱਕਤ ਹੋ ਚੁੱਕੀ ਸੀ। ਕੈਪਟਨ ਲੰਡਨ ਵਿਚ ਮਾਰਕ ਦੇ ਸਾਥ ਕਾਰਨ ਵੀ ਖੁਸ਼ ਸੀ। ਉਹਨਾਂ ਵਿਚਕਾਰ ਖੁਸ਼ੀ ਅਤੇ ਦੋਸਤਾਨਾ ਮਹੌਲ ਸੀ। ਬੱਘੀ ਦੀ ਰਫ਼ਤਾਰ ਵੱਲ ਉਹਨਾਂ ਦਾ ਕੋਈ ਧਿਆਨ ਨਹੀਂ ਸੀ। ਉਹ ਹਸਦੇ, ਗੱਲਾਂ-ਬਾਤਾਂ ਕਰਦੇ ਲੰਚ ਲੈਣ ਲਈ ਇਕ ਰੈਸਟੋਰੈਂਟ ਵਿਚ ਰੁਕੇ। ਬੀਅਰ ਦੇ ਗਲਾਸ ਨਾਲ ਖਾਣਾ ਖਾ ਕੇ ਉਹ ਮੁੜ ਆਪਣੇ ਰਾਹ ਪੈ ਗਏ।

ਘਰ ਪਹੁੰਚਦਿਆਂ ਨੂੰ ਸ਼ਾਮ ਹੋ ਗਈ ਸੀ। ਮਾਰਕ ਦਾ ਲੰਬਾ ਚੌੜਾ ਘਰ ਵੇਖ ਕੇ ਕੈਪਟਨ ਦੀਆਂ ਅੱਖਾਂ ਚੌੜੀਆਂ ਹੋ ਗਈਆਂ ਸਨ। ਰਾਹ ਵਿਚ ਜੈਨੀ ਨੇ ਮਾਰਕ ਦੀ ਜ਼ਿੰਦਗੀ ਬਾਰੇ ਲੋੜੀਂਦੀ ਜਾਣਕਾਰੀ ਲੈ ਲਈ ਸੀ। ਉਸ ਦਾ ਘਰ ਅੱਜ ਕੱਲ੍ਹ ਖਾਲੀ ਹੀ ਸੀ। ਮਾਰਕ ਬਹੁਤਾ ਸਮਾਂ ਘਰ ਵਿਚ ਇਕੱਲਾ ਹੀ ਹੁੰਦਾ ਜਾਂ ਕੁਝ ਨੌਕਰ। ਜੈਨੀ ਨੂੰ ਅਜਿਹਾ ਮਹੌਲ ਹੋਰ ਵੀ ਚੰਗਾ ਲਗਣਾ ਸੀ। ਕੈਪਟਨ ਨੂੰ ਮਾਰਕ ਦਾ ਘਰ ਵੇਖ ਕੇ ਏਨੇ ਵੱਡੇ ਘਰ ਵਿਚ ਰਹਿਣ ਦਾ ਮਾਣ ਮਹਿਸੂਸ ਹੋਣ ਲੱਗਾ। ਮਾਰਕ ਪ੍ਰਤੀ ਉਸ ਦਾ ਵਰਤਾਅ ਪਹਿਲਾਂ ਨਾਲੋਂ ਵੀ ਸਤਿਕਾਰ ਭਰਿਆ ਹੋ ਗਿਆ ਸੀ। ਮਾਰਕ ਨੇ ਉਹਨਾਂ ਨੂੰ ਗੈਸਟ ਰੂਮ ਵਿਖਾਇਆ।

ਇਹ ਇਕ ਵੱਡਾ ਕਮਰਾ ਸੀ। ਕਮਰੇ ਨੂੰ ਦੋ ਭਾਗਾਂ ਵਿਚ ਵੰਡ ਕੇ ਦਰਵਾਜ਼ਾ ਲਗਾਇਆ ਹੋਇਆ ਸੀ। ਇਕ ਪਲੰਘ ਪਹਿਲੇ ਹਿੱਸੇ ਵਿਚ ਸੀ ਅਤੇ ਦੂਜਾ ਦੂਸਰੇ ਹਿੱਸੇ ਵਿਚ। ਜੈਨੀ ਨੇ ਨਿਰਖ ਨਾਲ ਕਮਰੇ ਨੂੰ ਵੇਖਿਆ ਅਤੇ ਆਪਣਾ ਸਮਾਨ ਪਹਿਲੇ ਹਿੱਸੇ ਵਿਚ ਟਿਕਾਉਣ ਲੱਗੀ। ਕੈਪਟਨ ਦੂਸਰੇ ਹਿੱਸੇ ਵਿਚ ਚਲਾ ਗਿਆ। ਇਕ ਕਮਰਾ ਛੱਡ ਕੇ ਮਾਰਕ ਦਾ ਕਮਰਾ ਸੀ। ਮਾਰਕ ਨੇ ਉਹਨਾਂ ਤੋਂ ਕਿਸੇ ਚੀਜ਼ ਦੀ ਲੋੜ ਬਾਰੇ ਪੁੱਛਿਆ। ਜੈਨੀ ਨੇ ਹੱਸਦੀਆਂ ਅੱਖਾਂ ਨਾਲ ਉਸ ਦਾ ਧੰਨਵਾਦ ਕੀਤਾ ਤੇ ਕੈਪਟਨ ਨੇ ਵਾਰ ਵਾਰ ਉਸ ਨੂੰ ਅਜਿਹੇ ਚੰਗੇ ਕਮਰੇ ਲਈ ਧੰਨਵਾਦ ਕੀਤਾ। ਮਾਰਕ ਅਤੇ ਨੌਕਰ ਬਾਹਰ ਆ ਗਏ ਅਤੇ ਮਾਰਕ ਆਪਣੇ ਕਮਰੇ ਵਿਚ ਚਲਾ ਗਿਆ। ਜੈਨੀ ਦੇ ਸੁਪਨਿਆਂ ਵਿਚ ਕਈ ਉਡਾਰੀਆਂ ਸਨ।

ਕੁਝ ਦੇਰ ਆਰਾਮ ਕਰਨ ਬਾਅਦ ਜੈਨੀ ਤੇ ਕੈਪਟਨ ਹਰੇ-ਭਰੇ ਬਗੀਚੇ ਵਿਚ ਆ ਗਏ। ਉਹ ਪੂਰੇ ਖਿੜੇ ਗੁਲਾਬ ਨੂੰ ਵੇਖ ਕੇ ਖੁਸ਼ ਹੋ ਰਹੇ ਸਨ। ਜੈਨੀ ਆਪਣੇ ਪਤੀ ਨਾਲ ਖੁਸ਼ ਹੋਣ ਦੀ ਕੋਸ਼ਿਸ਼ ਕਰਦਿਆ ਗੱਲਾਂ ਕਰ ਰਹੀ ਸੀ। ਬੀਅਰ ਦਾ ਸਮਾਂ ਸੀ ਤੇ ਨੌਕਰ ਨੇ ਬਿਨਾਂ ਪੁੱਛੇ ਹੀ ਬੀਅਰ ਦਾ ਗਲਾਸ ਕੈਪਟਨ ਅੱਗੇ ਲਿਆ ਰੱਖਿਆ ਸੀ।

"ਮੈਡਮ ਤੁਸੀਂ ਵਾਈਨ ਪਸੰਦ ਕਰੋਗੇ ਜਾਂ --।" ਨੌਕਰ ਝੁਕਿਆ ਖੜ੍ਹਾ ਸੀ।

"ਚਾਹ ਦਾ ਕੱਪ -।" ਜੈਨੀ ਨੇ ਛੋਟਾ ਜਿਹਾ ਹੁਕਮ ਦਿੱਤਾ।

ਨੌਕਰ ਚਾਹ ਦੇ ਗਿਆ ਅਤੇ ਉਹ ਦੋਵੇਂ ਠੰਡੇ ਅਤੇ ਗਰਮ ਤਰਲ ਦੀਆਂ ਚੁਸਕੀਆਂ ਲੈਣ ਲੱਗੇ। ਜੈਨੀ ਦਾ ਮਨ ਵਾਰ ਵਾਰ ਨੌਕਰ ਨੂੰ ਮਾਰਕ ਬਾਰੇ ਪੁੱਛਣ ਨੂੰ ਕਰਦਾ ਸੀ। ਕੁਝ ਦੇਰ ਉਹ ਬਗੀਚੇ ਅਤੇ ਫੁੱਲਾਂ ਦੀਆਂ ਗੱਲਾਂ ਕਰਦੇ ਰਹੇ। ਉਹਨਾਂ ਨੂੰ ਸਰਾਹੁੰਦੇ ਰਹੇ। ਫੁੱਲਾਂ ਨਾਲ ਹੀ ਜੈਨੀ ਜਿਵੇਂ ਮਨੋ-ਮਨ ਆਪਣੇ ਆਪ ਦਾ ਮੁਕਾਬਲਾ ਕਰ ਰਹੀ ਹੋਵੇ। ਅਚਾਨਕ ਉਸ ਨੂੰ ਮਹਿਸੂਸ ਹੋਇਆ ਜਿਵੇਂ ਕਿਸੇ ਦੇ ਪੈਰਾਂ ਦੀ ਚਾਪ ਉਸ ਦੇ ਪਿੱਛੇ ਆ ਕੇ ਰੁਕ ਗਈ ਹੋਵੇ। ਉਸ ਨੇ ਸਿਰ ਘੁਮਾ ਕੇ ਵੇਖਿਆ। ਪਿੱਛੇ ਮਾਰਕ ਖੜ੍ਹਾ ਸੀ। ਮਾਰਕ ਸਾਹਮਣੀ ਕੁਰਸੀ 'ਤੇ ਬੈਠ ਗਿਆ। ਨੌਕਰ ਨੇ ਵਾਈਨ ਲਿਆ ਕੇ ਟੇਬਲ 'ਤੇ ਰੱਖ ਦਿੱਤੀ। ਸ਼ਾਮ ਦਾ ਜਸ਼ਨ ਸ਼ੁਰੂ ਹੋ ਚੁੱਕਾ ਸੀ। ਖਾਣਾ ਖਾਂਦਿਆਂ ਉਹਨਾਂ ਨੂੰ ਕੁਝ ਦੇਰ ਹੋ ਗਈ ਸੀ। ਕੈਪਟਨ ਆਪਣੀ ਆਦਤ ਅਨੁਸਾਰ ਥੋੜੀ ਜ਼ਿਆਦਾ ਪੀ ਕੇ ਆਪਣੇ ਕਮਰੇ ਵਿਚ ਚਲਾ ਗਿਆ। ਮਾਰਕ ਅਤੇ ਜੈਨੀ ਵੱਖੋ ਵੱਖਰੇ ਵਿਸ਼ਿਆਂ 'ਤੇ ਗੱਲਾਂ ਕਰਦੇ ਰਹੇ। ਉਹਨਾਂ ਦੀਆਂ ਗੱਲਾਂ ਮੁੱਕਣ ਵਿਚ ਹੀ ਨਹੀਂ ਆ ਰਹੀਆਂ ਸਨ। ਮਾਰਕ ਨੇ ਸੌਣ ਦੀ ਸਲਾਹ ਦਿੱਤੀ। ਮਾਰਕ ਆਪਣੇ ਕਮਰੇ ਵਿਚ ਚਲਾ ਗਿਆ। ਕੁਝ ਦੇਰ ਬਾਅਦ ਮਾਰਕ ਦੇ ਕਮਰੇ ਦੇ ਦਰਵਾਜ਼ੇ ਦਾ ਹੈਂਡਲ ਘੁੰਮਿਆ। ਜੈਨੀ ਆ ਕੇ ਮਾਰਕ ਦੇ ਬਿਸਤਰ ਵਿਚ ਵੜ ਗਈ। ਕੁਝ ਦੇਰ ਬਾਅਦ ਉਹ ਆਪਣੇ ਕਮਰੇ ਵਿਚ ਚਲੀ ਗਈ। ਅਗਲੀਆਂ ਤਿੰਨ ਰਾਤਾਂ ਇਹੋ ਹੀ ਵਾਪਰਦਾ ਰਿਹਾ।

ਚੌਥੀ ਰਾਤ ਨੂੰ ਜੈਨੀ ਮਾਰਕ ਦੇ ਕਮਰੇ ਵਿਚੋਂ ਖੁਸ਼ ਅਤੇ ਸੰਤੁਸ਼ਟ ਆਈ ਤਾਂ 'ਕੈਂਡਲ ਟੇਬਲ' ਕੋਲ ਕੈਪਟਨ ਖੜ੍ਹਾ ਸੀ। ਉਸ ਨੇ ਸਖ਼ਤ ਨਜ਼ਰਾਂ ਨਾਲ ਜੈਨੀ ਵੱਲ ਵੇਖਿਆ। ਜੈਨੀ ਦਾ ਦਿਲ ਕਿਸੇ ਬੋਟ ਵਾਂਗ ਧੜਕਿਆ। ਕੈਪਟਨ ਤੋਂ ਉਸ ਨੂੰ ਪਹਿਲੀ ਵਾਰ ਡਰ ਲੱਗਾ। ਮੋਮਬੱਤੀ ਦੀ ਲਾਟ ਖਿੜਕੀ ਵਿਚੋਂ ਆ ਰਹੀ ਹਲਕੀ ਹਵਾ ਨਾਲ ਲੜਖੜਾ ਰਹੀ ਸੀ। ਉੱਚੀ ਨੀਵੀਂ ਹੁੰਦੀ ਲਾਟ ਜੈਨੀ ਨੂੰ ਆਪਣੇ ਡਰ ਨਾਲ ਧੜਕਦੇ ਦਿਲ ਵਰਗੀ ਲੱਗੀ। ਉਸ ਨੂੰ ਮਾਰਕ ਦਾ ਸੁਹਣਾ ਚਿਹਰਾ ਆਪਣੇ ਮਨ ਦੀਆਂ ਅੱਖਾਂ ਵਿਚ ਦਿਸਿਆ। ਮਾਰਕ ਦੇ ਗਰਮ ਸਰੀਰ ਦਾ ਨਿੱਘ ਵੀ ਮਹਿਸੂਸ ਹੋਇਆ। ਕੈਪਟਨ ਉਸ ਨੂੰ ਹਰਾ ਸਕਦਾ ਸੀ ਪਰ ਜੈਨੀ ਹਾਰਨਾ ਨਹੀਂ ਚਾਹੁੰਦੀ ਸੀ। ਜੈਨੀ ਨੇ ਮੋਮਬੱਤੀ ਵੱਲ ਵੇਖਿਆ। ਜੇ ਉਹ ਖਿੜਕੀ ਬੰਦ ਕਰ ਦੇਵੇ ਤਾਂ ਮੋਮਬੱਤੀ ਦੀ ਲਾਟ ਇਕ ਸਾਰ ਹੋ ਸਕਦੀ ਸੀ। ਇਸੇ ਵਿਚਾਰ ਨੇ ਜੈਨੀ ਨੂੰ ਹੌਸਲਾ ਦਿੱਤਾ। ਉਸ ਨੂੰ ਕੈਪਟਨ ਦੀ ਕਮਜ਼ੋਰੀ ਦਾ ਪਤਾ ਸੀ ਤੇ ਉਹ ਉਸ ਕਮਜ਼ੋਰੀ ਨੂੰ ਆਪਣੀ ਜਿੱਤ ਲਈ ਵਰਤ ਸਕਦੀ ਸੀ। ਉਹ ਕੈਪਟਨ ਵੱਲ ਪੂਰੇ ਸਵੈ-ਵਿਸ਼ਵਾਸ਼ ਨਾਲ ਵਧੀ।

"ਡਾਰਲਿੰਗ ਤੁਹਾਨੂੰ ਸੌਣਾ ਚਾਹੀਦਾ। ਇਹ ਸਮਾਂ ਤੇਰੇ ਤੇ ਮੇਰੇ ਲਈ ਆਰਾਮ ਕਰਨ ਦਾ ਐ। ਸ਼ੁਭ-ਰਾਤ।" ਜੈਨੀ ਨੇ ਕੈਪਟਨ ਦੀਆਂ ਅੱਖਾਂ ਵਿਚ ਵੇਖਿਆ।

ਕੈਪਟਨ ਨੂੰ ਅਜਿਹੀ ਉਮੀਦ ਨਹੀਂ ਸੀ। ਉਹ ਸਮਝਦਾ ਸੀ ਜੈਨੀ ਕੋਈ ਬਹਾਨਾ ਬਣਾਵੇਗੀ ਜਾਂ ਹੱਥ ਜੋੜ ਕੇ ਆਪਣੀ ਗਲਤੀ ਮੰਨਦੀ ਹੋਈ ਮੁਆਫ਼ੀ ਲਈ ਗਿੜਗੜਾਵੇਗੀ। ਕੈਪਟਨ ਦੀ ਉਮੀਦ ਦੇ ਉਲਟ ਜੈਨੀ ਸਾਬਤ ਖੜੀ ਸੀ। ਕੈਪਟਨ ਨੂੰ ਸਮਝ ਨਹੀਂ ਆ ਰਹੀ ਸੀ ਉਹ ਕੀ ਕਰੇ! ਉਹ ਜਕੋ-ਤੱਕੀ ਵਿਚ ਥਾਂਏਂ ਖੜ੍ਹਾ ਰਿਹਾ। ਜੈਨੀ ਅੱਗੇ ਵਧੀ ਅਤੇ ਉਸ ਨੇ ਸਾਂਝਾ ਦਰਵਾਜ਼ਾ ਖੋਲ੍ਹਿਆ। ਹੁਕਮੀਆਂ ਲਹਿਜੇ ਵਿਚ ਜੈਨੀ ਦੀ ਆਵਾਜ਼ ਕੈਪਟਨ ਨੂੰ ਸੁਣੀ।

"ਕਿਰਪਾ ਕਰਕੇ ਕੈਪਟਨ--।" ਜੈਨੀ ਦਰਵਾਜ਼ਾ ਖੋਲ੍ਹੀ ਖੜ੍ਹੀ ਸੀ ਅਤੇ ਹੱਥ ਦੇ ਇਸ਼ਾਰੇ ਨਾਲ ਕੈਪਟਨ ਨੂੰ ਆਪਣੇ ਪਲੰਘ 'ਤੇ ਜਾਣ ਲਈ ਹੁਕਮ ਦੇ ਰਹੀ ਸੀ। ਕੈਪਟਨ ਹੁਕਮ-ਬੱਧਾ ਕਮਰੇ ਵਿਚ ਚਲਾ ਗਿਆ। ਉਸ ਨੇ ਦਰਵਾਜ਼ਾ ਬੰਦ ਹੋਣ ਦੀ ਆਵਾਜ਼ ਸੁਣੀ। ਜੈਨੀ ਨੇ ਕੁੰਡਾ ਚੜ੍ਹਾ ਦਿੱਤਾ ਤੇ ਕੈਪਟਨ ਨੂੰ ਉਹਦੀ ਆਵਾਜ਼ ਵੀ ਸੁਣਾਈ ਦਿੱਤੀ। ਕੈਪਟਨ ਬਹੁਤ ਸਾਰੀਆਂ ਲੜਾਈਆਂ ਦਾ ਚਸ਼ਮਦੀਦ ਗਵਾਹ ਉੱਚੀ-ਉੱਚੀ ਰੋਣਾ ਚਾਹੁੰਦਾ ਸੀ ਤੇ ਜੈਨੀ ਜੇਤੂ ਅੰਦਾਜ਼ ਵਿਚ ਆਰਾਮ ਨਾਲ ਬਿਸਤਰ ਵਿਚ ਚਲੀ ਗਈ।

ਅਗਲੀ ਸਵੇਰ ਜੈਨੀ ਜਾਗੀ ਤੇ ਕੁੰਡਾ ਖੋਲ੍ਹ ਕੇ ਕੈਪਟਨ ਦੇ ਬੈਡ ਨੇੜੇ ਚਲੀ ਗਈ।

''ਸ਼ੁਭ ਸਵੇਰ ਡਾਰਲਿੰਗ। ਨੀਂਦ ਚੰਗੀ ਆਈ।'' ਕੈਪਟਨ ਚੁੱਪ ਸੀ। ਉਸ ਦਾ ਸਰੀਰ ਮਿੱਟੀ ਬਣਿਆ ਪਿਆ ਸੀ। ਜੈਨੀ ਉਸ ਦੇ ਨੇੜੇ ਚਲੀ ਗਈ। ਉਸ ਦੀਆਂ ਗੱਲ੍ਹਾਂ ਨੂੰ ਪਲੋਸਿਆ ਅਤੇ ਬੋਲੀ-

''ਬਗੀਚੇ ਵਿਚ ਸੈਰ ਲਈ ਚੱਲੋਗੇ?''

''ਨਹੀਂ ਤੇਰੀ ਮਿਹਰਬਾਨੀ-।'' ਕੈਪਟਨ ਨੇ ਪਾਸਾ ਮਾਰ ਕੇ ਜੈਨੀ ਵੱਲ ਪਿੱਠ ਕਰ ਲਈ। ਜੈਨੀ ਨੂੰ ਜਿੱਤ ਦਾ ਨਸ਼ਾ ਮਹਿਸੂਸ ਹੋਇਆ। ਉਹ ਬਗੀਚੇ ਵਿਚ ਚਲੀ ਗਈ। ਮਾਰਕ ਸਿਗਾਰ ਪੀ ਰਿਹਾ ਸੀ। ਉਹ ਗਰਮਜੋਸ਼ੀ ਨਾਲ ਜੈਨੀ ਨੂੰ ਮਿਲਿਆ ਅਤੇ ਉਸ ਨੂੰ ਗੱਲ੍ਹ 'ਤੇ ਚੁੰਮਣ ਦਿੱਤਾ।

''ਕੈਪਟਨ ਅਜੇ ਵੀ ਸੌਂ ਰਿਹਾ?'' ਮਾਰਕ ਨੂੰ ਹੈਰਾਨੀ ਸੀ ਉਹ ਸਦਾ ਦੋਵੇਂ ਇਕੱਠੇ ਹੀ ਕਮਰੇ ਵਿਚੋਂ ਆਉਂਦੇ ਸਨ।

''ਸੌਂ ਨਹੀਂ ਰਿਹਾ ਪਰ ਆਪਣੇ ਬਿਸਤਰ ਵਿਚ ਲੇਟ ਰਿਹਾ।'' ਕਹਿੰਦਿਆਂ ਜੈਨੀ ਨੇ ਸਾਰੀ ਹੋਈ ਬੀਤੀ ਮਾਰਕ ਨੂੰ ਸੁਣਾ ਦਿੱਤੀ। ਮਾਰਕ ਸੁਣ ਕੇ ਹੋਰ ਵੀ ਹੈਰਾਨ ਹੋ ਗਿਆ।

''ਜੈਨੀ ਮੈਂ ਤੁਹਾਨੂੰ ਪਿਆਰ ਕਰਦਾਂ। ਕੈਪਟਨ ਮੇਰਾ ਦੋਸਤ ਐ ਤੇ ਉਸ ਦੀ ਪਤਨੀ ਨਾਲ ਇਸ਼ਕ ਕਰਨਾ ਮੈਨੂੰ ਗੁਨਾਹ ਦਾ ਅਹਿਸਾਸ ਕਰਾਉਂਦਾ ਐ।''

''ਨਹੀਂ, ਨਾ ਹੀ ਮੈਨੂੰ ਗੁਨਾਹ ਦਾ ਅਹਿਸਾਸ ਹੋਣਾ ਚਾਹੀਦਾ ਤੇ ਨਾ ਹੀ ਤੁਹਾਨੂੰ। ਗੁਨਾਹ ਦਾ ਅਹਿਸਾਸ ਕੈਪਟਨ ਨੂੰ ਹੋਣਾ ਚਾਹੀਦਾ। ਉਹ ਸਾਲਾਂ ਤੋਂ ਨਾਮਰਦ ਐ ਤੇ ਉਸ ਨੇ ਕੋਈ ਇਲਾਜ ਨਹੀਂ ਕਰਵਾਇਆ। ਮੇਰੀਆਂ ਕੋਸ਼ਿਸ਼ਾਂ ਉਸ ਦੀ ਸ਼ਰਾਬ ਵੀ ਨਹੀਂ ਛੁਡਾ ਸਕੀਆਂ। ਮੈਂ ਬੇਹੀ ਅਤੇ ਨਿਰਜਿੰਦ ਬੋਰਿੰਗ ਜ਼ਿੰਦਗੀ ਜਿਉਂਦੀ ਰਹੀ ਆਂ। ਮੈਨੂੰ ਕਿਸ ਗੁਨਾਹ ਦੀ ਸਜ਼ਾ ਮਿਲੀ! ਅਸੀਂ ਦੋਵੇਂ ਪਿਆਸੀਆਂ ਰੂਹਾਂ ਨੇ ਪਿਆਸ ਬੁਝਾਈ ਐ। ਇਸ ਵਿਚ ਕੋਈ ਗੁਨਾਹ ਨਹੀਂ ਘੱਟੋ ਘੱਟ ਮੈਨੂੰ ਗੁਨਾਹ ਨਹੀਂ ਲਗਦਾ।''

ਮਾਰਕ ਦਾ ਮਨ ਹਲਕਾ ਹੋ ਗਿਆ। ਗੁਨਾਹ ਦੇ ਭਾਰ ਤੋਂ ਮੁੱਕਤੀ ਦੇ ਨਾਲ ਨਾਲ ਉਸ ਨੂੰ ਇਨਸਾਫ ਹੋ ਜਾਣ ਦਾ ਅਹਿਸਾਸ ਵੀ ਹੋਇਆ। ਉਸ ਨੇ ਅੱਗੇ ਵਧ ਕੇ ਜੈਨੀ ਨੂੰ ਚੁੰਮ ਲਿਆ।

''ਜੈਨੀ ਮੈਂ ਤੈਨੂੰ ਪਿਆਰ ਕਰਦਾਂ।''

''ਮੈਂ ਵੀ ਤੈਨੂੰ ਪਿਆਰ ਕਰਦੀ ਆਂ।'' ਜੈਨੀ ਮਾਰਕ ਦੀਆਂ ਅੱਖਾਂ ਵਿਚਲੀ ਖੁਮਾਰੀ ਨੂੰ ਡੀਕ ਲਾ ਕੇ ਪੀ ਰਹੀ ਸੀ।

''ਮੈਂ ਕੈਪਟਨ ਨੂੰ ਮਿਲ ਕੇ ਆਉਣਾ। ਉਸ ਨਾਲ ਮੈਨੂੰ ਹਮਦਰਦੀ ਨਾਲ ਪੇਸ਼ ਆਉਣਾ ਚਾਹੀਦਾ।'' ਕਹਿੰਦਿਆਂ ਮਾਰਕ ਕੈਪਟਨ ਦੇ ਕਮਰੇ ਵੱਲ ਨੂੰ ਚਲਾ ਗਿਆ।

ਕੈਪਟਨ ਆਪਣੇ ਕਮਰੇ ਵਿਚ ਬੈਡ 'ਤੇ ਬੈਠਾ ਸੀ। ਮਾਰਕ ਦੀ 'ਹੈਲੋ' ਦਾ ਜਵਾਬ ਉਸ ਨੇ ਠੰਡਾ ਜਿਹਾ ਦਿੱਤਾ।

''ਮਾਰਕ ਮੇਰਾ ਇਕ ਦੋਸਤ ਐ ਨੀਲ ਨੋਰਮਨ। ਮੈਨੂੰ ਉਸ ਦਾ ਐਡਰੈਸ ਲਭ ਕੇ ਦਿਉ। ਮੇਰੇ ਕੋਲ ਉਸ ਦੀ ਜਿੰਨੀ ਕੁ ਜਾਣਕਾਰੀ ਐ ਉਹ ਮੈਂ ਇਸ ਕਾਗਜ਼ 'ਤੇ ਲਿਖ ਦਿੱਤੀ ਐ।'' ਕੈਪਟਨ ਨੇ ਮਾਰਕ ਨੂੰ ਪੇਪਰ ਦਿੱਤਾ।

''ਕੈਪਟਨ ਇਹ ਕੰਮ ਮੈਂ ਆਪਣੀ ਪੂਰੀ ਵਾਹ ਲਾ ਕੇ ਕਰਨ ਦਾ ਯਤਨ ਕਰਾਂਗਾ। ਆਉ ਨਾਸ਼ਤਾ ਕਰ ਲਉ।'' ਮਾਰਕ ਨੇ ਹੱਦ ਤੋਂ ਵੱਧ ਨਰਮੀ ਵਰਤੀ।

ਕੈਪਟਨ ਅਣ-ਮੰਨੇ ਮਨ ਨਾਲ ਉੱਠਿਆ। ਮਾਰਕ ਵਿਚ ਉਸ ਨੂੰ ਇਕ ਦੋਸਤ ਦੇ ਨਾਲ ਇਕ ਦੁਸ਼ਮਨ ਦਿਸ ਰਿਹਾ ਸੀ। ਇਸ ਸਮੇਂ ਉਸ ਨੂੰ ਮਾਰਕ ਵਿਚਲੇ ਦੋਸਤ ਦੀ ਲੋੜ ਸੀ। ਕੁਝ ਉਸ ਦੀ ਆਪਣੀ ਕਮਜ਼ੋਰੀ ਨੇ ਉਸ ਦੇ ਮੂੰਹ 'ਤੇ ਤਾਲਾ ਲਾਇਆ ਹੋਇਆ ਸੀ। ਫਿਰ ਵੀ ਆਪਣੀ ਔਰਤ ਦਾ ਕਿਸੇ ਹੋਰ ਮਰਦ ਨਾਲ ਰਿਸ਼ਤਾ ਕਬੂਲਣਾ ਉਸ ਨੂੰ ਔਖਾ ਲਗਦਾ ਸੀ। ਬਹੁਤਾ ਗੁੱਸਾ ਉਸ ਨੂੰ ਜੈਨੀ 'ਤੇ ਸੀ। ਮਾਰਕ ਦੇ ਘਰ ਵਿਚੋਂ ਉਹ ਜਲਦੀ ਜਾਣਾ ਚਾਹੁੰਦਾ ਸੀ। ਉਹ ਮਾਰਕ ਨਾਲ ਨਾਸ਼ਤੇ ਲਈ ਤੁਰ ਪਿਆ।

ਮਾਰਕ ਨੇ ਇਕ ਪੱਤਰ ਝਰੀਟ ਕੇ ਨੌਕਰ ਹੱਥ ਐਂਡੀ ਨੂੰ ਭੇਜ ਦਿੱਤਾ। ਐਂਡੀ ਹੀ ਅਜਿਹਾ ਬੰਦਾ ਸੀ ਜੋ ਨੀਲ ਨੂੰ ਲੱਭ ਸਕਦਾ ਸੀ। ਆਪ ਉਹ ਨਾਸ਼ਤਾ ਖਾਣ ਲੱਗੇ।

ਨਾਸ਼ਤੇ ਬਾਅਦ ਤਿਆਰ ਹੋਣ ਲਈ ਜੈਨੀ ਆਪਣੇ ਕਮਰੇ ਵਿਚ ਚਲੀ ਗਈ। ਕੈਪਟਨ ਵੀ ਉਸ ਦੇ ਪਿੱਛੇ ਹੀ ਚਲਾ ਗਿਆ।

"ਜੈਨੀ ਤੂੰ ਜੋ ਕਰ ਰਹੀਂ ਏਂ ਇਹ ਠੀਕ ਨੀ। ਮੈਂ ਤੈਨੂੰ ਅਦਾਲਤ ਵਿਚ ਖਿੱਚ ਕੇ ਬਦਨਾਮ ਕਰ ਦਿਆਂਗਾ--।" ਕੈਪਟਨ ਨੇ ਗੁੱਸੇ ਨਾਲ ਦੰਦ ਕਰੀਚੇ।

"ਮੈਂ ਕੁਝ ਵੀ ਗਲਤ ਨਹੀਂ ਕੀਤਾ। ਮੈਂ ਕਿੰਨੇ ਸਾਲਾਂ ਤੋਂ ਤੈਨੂੰ ਇਲਾਜ ਕਰਾਉਣ ਬਾਰੇ ਕਹਿ ਰਹੀ ਆਂ। ਬਿਮਾਰੀ ਲੁਕਾ ਕੇ ਤਾਂ ਬਿਮਾਰੀ ਵਧੂਗੀ। ਰਹੀ ਗੱਲ ਮੈਨੂੰ ਬਦਨਾਮ ਕਰਨ ਦੀ। ਤੂੰ ਮੈਨੂੰ ਅਦਾਲਤ ਵਿਚ ਲੈ ਕੇ ਜਾਹ ਮੈਂ ਤੇਰਾ ਸਾਰਾ ਹੀਜ਼-ਪਿਆਜ ਅਦਾਲਤ ਵਿਚ ਬਿਆਨ ਕਰੂੰ--।" ਜੈਨੀ ਸ਼ੇਰਨੀ ਬਣੀ ਖੜ੍ਹੀ ਸੀ। ਕੈਪਟਨ ਨੇ ਸਖ਼ਤ ਨਜ਼ਰਾਂ ਨਾਲ ਵੇਖਿਆ ਅਤੇ ਕਮਰੇ ਦੇ ਆਪਣੇ ਹਿੱਸੇ ਵਿਚ ਚਲਾ ਗਿਆ।

ਸ਼ਾਮ ਤੱਕ ਐਂਡੀ ਨੇ ਨੀਲ ਨੋਰਮਨ ਦਾ ਪਤਾ ਲੱਭ ਕੇ ਮਾਰਕ ਨੂੰ ਭੇਜ ਦਿੱਤਾ। ਮਾਰਕ ਨੇ ਕੈਪਟਨ ਨੂੰ ਪਤਾ ਦੇ ਦਿੱਤਾ। ਕੈਪਟਨ ਨੂੰ ਜਿਵੇਂ ਕੋਈ ਖਜ਼ਾਨਾ ਮਿਲ ਗਿਆ ਹੋਵੇ।

ਅਗਲੀ ਸਵੇਰ ਸਵੱਖਤੇ ਹੀ ਕੈਪਟਨ ਮਾਰਕ ਦੀ ਬੱਘੀ ਅਤੇ ਡਰਾਇਵਰ ਲੈ ਕੇ 'ਹੈਮਰਸਮਿਥ' ਪਿੰਡ ਨੀਲ ਨੂੰ ਮਿਲਣ ਚਲਾ ਗਿਆ। ਉਸ ਨੇ ਬੱਘੀ ਬਾਹਰੋਂ ਹੀ ਵਾਪਿਸ ਭੇਜ ਦਿੱਤੀ। ਮਾਰਕ ਨੂੰ ਹੈਰਾਨੀ ਹੋਈ ਤੇ ਜੈਨੀ ਨੂੰ ਫ਼ਿਕਰ। ਉਸ ਨੂੰ ਪਤਾ ਨਹੀਂ ਸੀ ਕੈਪਟਨ ਕੀ ਗੋਂਦਾਂ ਗੁੰਦ ਰਿਹਾ ਸੀ? ਸ਼ਾਮ ਡੂੰਘੀ ਹੋ ਗਈ ਸੀ। ਕੈਪਟਨ ਦਾ ਅਜੇ ਕੋਈ ਪਤਾ ਨਹੀਂ ਸੀ। ਦਿਨ ਵੇਲੇ ਮਾਰਕ ਨਾਲ ਜੈਨੀ ਨੇ ਲੰਡਨ ਘੁੰਮਿਆ ਤੇ ਬਹੁਤ ਵਧੀਆ ਰੈਸਟੋਰੈਂਟ ਵਿਚ ਲੰਚ ਵੀ ਕੀਤਾ। ਮਾਰਕ ਨਾਲ ਘੁੰਮਦਿਆਂ ਜੈਨੀ ਆਪਣੇ ਆਪ ਨੂੰ ਮਾਣ-ਮੱਤੀ ਸਮਝ ਰਹੀ ਸੀ। ਹੁਣ ਤਾਂ ਮਾਰਕ ਦੇ ਨੌਕਰ ਵੀ ਜੈਨੀ ਦਾ ਖਾਸ ਖਿਆਲ ਰਖਦੇ ਸਨ। ਕੈਪਟਨ ਦੇ ਨਾ ਆਉਣ ਨਾਲ ਜੈਨੀ ਨੂੰ ਹੋਰ ਵੀ ਫ਼ਿਕਰ ਹੋ ਰਿਹਾ ਸੀ। ਉਹ ਕੈਪਟਨ ਨੂੰ ਪਿਆਰ ਵੀ ਕਰਦੀ ਸੀ। ਪਰ ਸਰੀਰ ਦੀ ਭੁੱਖ ਜਰਨਾ ਵੀ ਉਸ ਦੇ ਵੱਸ ਦਾ ਰੋਗ ਨਹੀਂ ਸੀ। ਮਾਰਕ ਅਤੇ ਜੈਨੀ ਕੈਪਟਨ ਨੂੰ ਦੇਰ ਤੱਕ ਉਡੀਕਦੇ ਰਹੇ ਤੇ ਫਿਰ ਸੌਂ ਗਏ। ਉਸ ਸ਼ਾਮ ਜੈਨੀ ਮਾਰਕ ਦੇ ਕਮਰੇ ਵਿਚ ਨਹੀਂ ਗਈ ਸੀ।

ਸਵੇਰ ਹੋਣ ਵਿਚ ਬਹੁਤੀ ਦੇਰ ਨਹੀਂ ਸੀ ਜਦ ਮਾਰਕ ਦੇ ਊਂਘਦੇ ਦਰਬਾਨ ਨੂੰ ਪੁਲੀਸ ਨੇ ਆ ਜਗਾਇਆ। ਪੁਲੀਸ ਨੂੰ ਵੇਖ ਕੇ ਦਰਬਾਨ ਘਬਰਾ ਗਿਆ। ਉਸ ਨੂੰ ਬੱਤੀ ਦੇ ਨਿੰਮੇ ਚਾਨਣ ਵਿਚ ਕੈਪਟਨ ਦਾ ਭੁਲੇਖਾ ਪਿਆ। ਧਿਆਨ ਨਾਲ ਦਰਬਾਨ ਨੇ ਵੇਖਿਆ ਤਾਂ ਕੈਪਟਨ ਦੇ ਸਿਰ ਦੇ ਵਾਲ ਖਿਲਰੇ ਹੋਏ ਸਨ। ਉਹ ਸਰਦੀ ਨਾਲ ਠੁਰ-ਠੁਰ ਕਰ ਰਿਹਾ ਸੀ। ਕਮੀਜ਼ ਉਸ ਦੀ ਗੰਦੀ ਹੋਈ ਹੋਈ ਸੀ। ਦਰਬਾਨ ਨੂੰ ਕੁਲ ਮਿਲਾ ਕੇ ਕੈਪਟਨ ਦਾ ਹੁਲੀਆ ਕਿਸੇ ਪਾਗਲ ਵਰਗਾ ਲੱਗਾ।

"ਇਸ ਆਦਮੀ ਨੂੰ ਪਛਾਣਦਾ ਐਂ--।" ਪੁਲੀਸ ਵਾਲੇ ਨੇ ਦਰਬਾਨ ਨੂੰ ਪੁੱਛਿਆ।

"ਜੀ ਸਰ। ਇਹ ਮੇਰੇ ਮਾਲਕ ਦੇ ਮਹਿਮਾਨ ਐ--।"

ਦਰਬਾਨ ਦੀ ਸਮਝ ਵਿਚ ਅਜੇ ਵੀ ਕੁਝ ਨਹੀਂ ਸੀ ਆਇਆ। ਸਿਪਾਹੀ ਨੇ ਕੈਪਟਨ ਲਈ ਦਰਵਾਜ਼ਾ ਖੋਲ੍ਹਣ ਦਾ ਇਸ਼ਾਰਾ ਕੀਤਾ ਅਤੇ ਉਹ ਆਪਣੀ ਬੱਘੀ ਵਿਚ ਬੈਠ ਕੇ ਚਲਾ ਗਿਆ।

ਕੈਪਟਨ ਦੀ ਹਾਲਤ ਵੇਖ ਕੇ ਜੈਨੀ ਦੀ ਚੀਕ ਨਿਕਲ ਗਈ। ਮਾਰਕ ਭੱਜ ਕੇ ਆਪਣੇ ਕਮਰੇ ਵਿਚੋਂ ਆਇਆ ਤੇ ਕੈਪਟਨ ਨੂੰ ਵੇਖ ਕੇ ਉਹ ਵੀ ਬੌਂਦਲ ਜਿਹਾ ਗਿਆ। ਕੈਪਟਨ ਬਿਨਾਂ ਇਕ ਵੀ ਸ਼ਬਦ ਕਹੇ ਆਪਣੇ ਬਿਸਤਰੇ ਵਿਚ ਜਾ ਕੇ ਪੈ ਗਿਆ।

ਦੁਪਹਿਰ ਤੱਕ ਕੈਪਟਨ ਦੀ ਹਾਲਤ ਠੀਕ ਸੀ। ਉਹ ਤਿਅਰ ਹੋ ਕੇ ਜੈਨੀ ਦੀ ਉਡੀਕ ਕਰਨ ਲੱਗਾ। ਤਿਆਰ ਹੁੰਦੀ ਜੈਨੀ ਉਸ ਵੱਲ ਕੁਨੱਖੀਏਂ ਵੇਖ ਰਹੀ ਸੀ। ਉਹ ਉਸ ਨਾਲ ਹੋਈ ਬੀਤੀ ਵੀ ਸੁਣਨੀ ਚਾਹੁੰਦੀ ਸੀ ਤੇ ਨੀਲ ਬਾਰੇ ਵੀ ਜਾਣਨਾ ਚਾਹੁੰਦੀ ਸੀ।

"ਕੀ ਗੱਲ ਹੋਈ ਕਿਸੇ ਨਾਲ ਲੜਾਈ ਝਗੜਾ ਹੋਇਆ ਸੀ?" ਜੈਨੀ ਸੰਜਮ ਨਾਲ ਗੱਲ ਕਰ ਰਹੀ ਸੀ। ਬਦਲੇ ਹਾਲਾਤ ਤੇ ਰਿਸ਼ਤੇ ਨੇ ਉਸ ਨੂੰ ਬੇਬਾਕੀ ਨਾਲ ਗੱਲ ਕਰਨ ਜੋਗੀ ਨਹੀਂ ਸੀ ਛੱਡਿਆ।

"ਲੜਾਈ ਨਹੀ ਮੈਨੂੰ ਕੁਝ ਛੋਕਰਿਆਂ ਨੇ ਲੁੱਟ ਲਿਆ। ਮੈਂ ਨੀਲ ਦੇ ਘਰੋਂ ਨਿਕਲ ਕੇ ਕੋਈ ਬੱਘੀ ਕਿਰਾਏ 'ਤੇ ਲੈਣ ਲਈ ਪੱਬ ਕੋਲ ਆਇਆ। ਕੋਈ ਬੱਘੀ ਹੈ ਨਹੀਂ ਸੀ। ਮੈਂ ਪੱਬ ਵਿਚ ਚਲਾ ਗਿਆ। ਇਕ ਵਾਈਨ ਦਾ ਗਲਾਸ ਪੀਤਾ ਤੇ ਬਾਹਰ ਆ ਗਿਆ। ਬੱਘੀ ਦੀ ਉਡੀਕ ਵਿਚ ਖੜ੍ਹਾ ਸੀ ਤਾਂ ਕੁਝ ਮੁੰਡੇ ਆਏ ਤੇ ਮੈਨੂੰ ਘਸੁੰਨ ਮਾਰ ਕੇ ਸੁੱਟ ਲਿਆ। ਮੇਰੇ ਸਾਰੇ ਪੈਸੇ ਕੱਢ ਕੇ ਲੈ ਗਏ। ਮੈਂ ਪੁਲੀਸ ਸਟੇਸ਼ਨ ਚਲਾ ਗਿਆ। ਉਹਨਾਂ ਨੇ ਰਪਟ ਲਿਖ ਲਈ ਤੇ ਮੈਨੂੰ ਐਥੇ ਛੱਡ ਗਏ।"

"ਕਿਹੋ ਜਿਹਾ ਜ਼ਮਾਨਾ ਆ ਗਿਆ। ਦਿਨ ਦਿਹਾੜੇ ਲੁੱਟਾਂ ਹੋਣ ਲੱਗੀਆਂ। ਪਹਿਲਾਂ ਅਜਿਹੀਆਂ ਗੱਲਾਂ ਕਦੇ ਨੀ ਸੁਣੀਆਂ ਸੀ।" ਜੈਨੀ ਸੱਚੀਂ ਡਰ ਗਈ ਸੀ।

"ਇਹ ਨੀਲ ਕੌਣ ਐ?"
"ਮੇਰੇ ਨਾਲ ਹੀ ਨੌਕਰੀ ਕਰਦਾ ਸੀ। ਸੋਲਵੀਂ ਸਦੀ ਵਿਚ ਲੂਈਜ਼ ਚੌਥੇ ਨੇ ਫਰਾਂਸ ਵਿਚ ਪਰੋਟੈਸਟੈਂਟਾਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਤਾਂ ਉਹ ਭੱਜ ਕੇ ਇੰਗਲੈਂਡ ਆ ਗਏ। ਇਹਦੇ ਵੱਡ-ਵਡੇਰੇ ਵੀ ਫਰਾਂਸ ਤੋਂ ਆਏ ਸਨ। ਹੁਣ ਇਹਦੇ ਭਰਾ ਦਾ ਕਾਫੀ ਵੱਡਾ ਕੰਮ ਐ। ਨੀਲ ਵੀ ਉਹਦੀ ਮਦਦ ਨਾਲ ਬਿਜਨਸ ਕਰਨ ਲੱਗਿਆ।"
ਜੈਨੀ ਨੂੰ ਫਰਾਂਸ ਤੋਂ ਆਏ ਲੋਕਾਂ ਬਾਰੇ ਕੁਝ ਖ਼ਬਰ ਨਹੀਂ ਸੀ। ਉਸ ਨੂੰ ਤਸੱਲੀ ਹੋਈ ਨੀਲ ਬਿਜਨਸ ਕਰਦਾ ਸੀ। ਬਿਜਨਸਮੈਨ ਲੜਾਈ ਝਗੜੇ 'ਤੇ ਖੂਨ-ਖਰਾਬੇ ਤੋਂ ਦੂਰ ਹੀ ਰਹਿੰਦਾ ਹੈ। ਪਿਛਲੀਆਂ ਦੋਂਹ ਰਾਤਾਂ ਤੋਂ ਵਾਰ ਵਾਰ ਉਸ ਦੇ ਮਨ ਵਿਚ ਡਰ ਪੈਦਾ ਹੋਇਆ ਸੀ ਕਿਤੇ ਕੈਪਟਨ ਕਿਸੇ ਕੋਲੋਂ ਉਸ ਦਾ ਜਾਨੀ ਨੁਕਸਾਨ ਨਾ ਕਰਾ ਦੇਵੇ! ਹੁਣ ਉਸ ਨੂੰ ਸੁੱਖ ਦਾ ਸਾਹ ਆਇਆ ਸੀ।
"ਚੱਲੀਏ--!" ਜੈਨੀ ਤਿਆਰ ਖੜ੍ਹੀ ਸੀ।
"ਆਪਾਂ ਕੱਲ੍ਹ ਨੂੰ ਵਾਪਿਸ ਚੱਲੀਏ। ਮੇਰਾ ਦਿਲ ਕਾਹਲਾ ਪੈਂਦਾ ਐ।" ਕੈਪਟਨ ਦਾ ਹੱਥ ਆਪ ਮੁਹਾਰੇ ਖਾਲੀ ਜੇਬ ਨੂੰ ਚਲਾ ਗਿਆ।
"ਠੀਕ ਐ। ਮਾਰਕ ਤੋਂ ਵੀ ਛੁੱਟੀ ਲੈਣੀ ਪੈਣੀ ਐ।" ਜੈਨੀ ਨੂੰ ਪਤਾ ਸੀ ਇਕ-ਅੱਧ ਦਿਨ ਵਿਚ ਉਹਨਾਂ ਨੇ ਜਾਣਾ ਹੀ ਸੀ। ਬਹੁਤੇ ਦਿਨ ਮਾਰਕ ਦੇ ਘਰ ਉਹ ਟਿਕ ਵੀ ਨਹੀਂ ਸਨ ਸਕਦੇ।
ਅਗਲੇ ਦਿਨ ਮਾਰਕ ਨੇ ਉਹਨਾਂ ਨੂੰ ਘਰੋਂ ਹੀ ਵਿਦਾ ਕਰ ਦਿੱਤਾ। ਜੈਨੀ ਸਾਰਾ ਰਾਹ ਚੁੱਪ ਚੁੱਪ ਰਹੀ। ਗੱਡੀ ਤੋਂ ਕਿਤੇ ਵੱਧ ਉਸ ਦੇ ਖਿਆਲਾਂ ਦੀ ਰਫ਼ਤਾਰ ਤੇਜ਼ ਸੀ।
ਮਾਰਕ ਐਂਡੀ ਨੂੰ ਮਿਲਣ ਬਾਰੇ ਸੋਚ ਰਿਹਾ ਸੀ।

## 4

ਕੁਝ ਦਿਨਾਂ ਬਾਅਦ ਐਂਡੀ ਤੇ ਜੋਰਡਨ ਮਾਰਕ ਦੇ ਘਰ ਖਾਣੇ ਲਈ ਆਏ। ਐਂਡੀ ਬਹੁਤਾ ਖੁਸ਼ ਨਹੀਂ ਸੀ। ਪਹਿਲਾਂ ਸੂਜ਼ਨ ਵੀ ਕਦੀ ਕਦੀ ਆ ਜਾਂਦੀ ਪਰ ਮਾਰਕ ਦੀ ਪਤਨੀ ਦੀ ਮੌਤ ਤੋਂ ਬਾਅਦ ਉਹ ਘੱਟ ਹੀ ਆਈ ਸੀ। ਹੁਣ ਵੀ ਉਹ ਤਿੰਨੋ ਹੀ ਬੈਠੇ ਸਨ।
ਐਂਡੀ ਦੀ ਉਲਾਦ ਉਸ ਦੀਆਂ ਉਮੀਦਾਂ 'ਤੇ ਖਰੀ ਨਹੀਂ ਸੀ ਉੱਤਰੀ। ਵੱਡਾ ਮੁੰਡਾ ਰੌਬੀ ਕਿਸੇ ਦਫ਼ਤਰ ਵਿਚ ਕਲਰਕੀ ਦੀ ਨੌਕਰੀ ਕਰਦਾ ਸੀ। ਕਦੀ ਕਦੀ ਘਰ ਆਉਂਦਾ ਤਾਂ ਐਂਡੀ ਉਸ ਨੂੰ ਬਥੇਰਾ ਸਮਝਾਉਂਦਾ ਕਿ ਕੋਈ ਚੱਜ ਦਾ ਕੰਮ ਕਰੇ। ਉਹ ਮਾਰਕ ਦੇ ਬੱਚਿਆਂ ਦੀ ਉਦਾਹਰਣ ਦਿੰਦਾ। ਮੁੰਡਾ ਚੁੱਪ ਕਰਕੇ ਬਾਹਰ ਨਿਕਲ ਜਾਂਦਾ। ਉਸ ਤੋਂ ਛੋਟੇ ਸੈਮੂਅਲ ਨੂੰ ਗਾਉਣ ਦਾ ਸ਼ੌਕ ਸੀ। ਉਹ ਆਪਣੇ ਕਿਸੇ ਮਿੱਤਰ ਨਾਲ ਕਦੀ ਕਿਸੇ ਪੱਬ ਕਲੱਬ ਵਿਚ ਗਾਉਣ ਦਾ ਝੱਸ ਪੂਰਾ ਕਰਦਾ। ਉਹ ਘਰੋਂ ਬਾਹਰ ਆਪਣੇ ਮਿੱਤਰ ਨਾਲ ਹੀ ਰਹਿੰਦਾ। ਉਸ ਦੇ ਮਿੱਤਰ ਨੂੰ ਐਂਡੀ ਕਈ ਵਾਰ ਮਿਲਿਆ ਸੀ। ਐਂਡੀ ਦਾ ਹਰ ਵਾਰ ਵਿਸ਼ਵਾਸ਼ ਪੱਕਾ ਹੋਈ ਜਾਂਦਾ ਕਿ ਸੈਮੂਅਲ ਮੁੰਡਾ ਘੱਟ ਤੇ ਕੁੜੀ ਵੱਧ ਸੀ। ਉਸ ਦਾ ਮਿੱਤਰ ਐਂਡੀ ਨੂੰ ਬਿਲਕੁਲ ਪਸੰਦ ਨਹੀਂ ਸੀ। ਐਂਡੀ ਦੀ ਕੁੜੀ ਲੂਸੀ ਨੇ ਪੜ੍ਹਾਈ ਛੱਡ ਕੇ ਵਿਆਹ ਕਰ ਲਿਆ ਸੀ। ਉਹ ਵੀ ਇਕ ਆਮ ਜਿਹੇ ਮੁੰਡੇ ਨਾਲ ਜਿਸ ਦੀ ਆਮਦਨ ਐਂਡੀ ਦੀ ਪੈਨਸ਼ਨ ਤੋਂ ਵੀ ਅੱਧੀ ਸੀ।
ਐਂਡੀ ਸੈਮੂਅਲ ਨੂੰ ਕਿਸੇ ਤਰ੍ਹਾਂ ਬਦਲਣਾ ਚਾਹੁੰਦਾ ਸੀ। ਉਸ ਨੇ ਬਹੁਤ ਸੋਚਿਆ ਕੋਈ ਰਾਹ ਉਸ ਨੂੰ ਨਜ਼ਰ ਨਾ ਆਇਆ। ਸੂਜਨ ਸਦਾ ਉਸ ਨੂੰ ਜ਼ਿੰਮੇਵਾਰ ਠਹਰਾਉਂਦੀ। ਉਹ ਸੋਚਦੀ ਐਂਡੀ ਨੇ ਬੱਚਿਆਂ ਵੱਲ ਬਿਲਕੁਲ ਧਿਆਨ ਨਹੀਂ ਸੀ ਦਿੱਤਾ। ਸਾਲ ਦੋ ਸਾਲ ਤਾਂ ਲਗਾਤਾਰ ਉਹ ਘਰੋਂ ਬਾਹਰ ਰਹਿੰਦਾ ਸੀ। ਉਸ ਨੇ ਆਪਣੇ ਬਾਰੇ ਹੀ ਸੋਚਿਆ ਸੀ। ਨਾ ਤਾਂ ਬੱਚੇ ਉਸ ਦੇ ਖਿਆਲ ਵਿਚ ਸਨ ਅਤੇ ਨਾ ਸੂਜ਼ਨ। ਅੱਜ ਉਸ ਦੇ ਮਨ ਵਿਚ ਮਾਰਕ ਨਾਲ ਗੱਲ ਕਰਨ ਦਾ ਖਿਆਲ ਆਇਆ।
"ਮਾਰਕ ਕਿਸੇ ਤਰ੍ਹਾਂ ਸੈਮੂਅਲ ਨੂੰ ਸਿੱਧੇ ਰਾਹ 'ਤੇ ਲਿਆਉਣ ਦਾ ਯਤਨ ਕਰੀਏ।" ਜੋਰਡਨ ਅਜੇ ਆਇਆ ਨਹੀਂ ਸੀ। ਮਾਰਕ ਨਾਲ ਐਂਡੀ ਨੂੰ ਗੱਲ ਕਰਨ ਦਾ ਮੌਕਾ ਵਧੀਆ ਲੱਗਾ।
"ਸਰ, ਸੈਮੂਅਲ ਵਿਚ ਖਰਾਬੀ ਕੀ ਐ?" ਮਾਰਕ ਅਜੇ ਵੀ ਉਸ ਨੂੰ 'ਸਰ' ਕਹਿ ਕੇ ਹੀ ਸੰਬੋਧਨ ਕਰਦਾ ਸੀ।
"ਖਰਾਬੀ---।" ਐਂਡੀ ਨੂੰ ਪਲ ਭਰ ਕੁਝ ਨਾ ਸੁਝਿਆ ਤੇ ਕੁਝ ਹਿਚਕਾਹਟ ਵੀ ਹੋਈ।
"ਖਰਾਬੀ! ਕਦੇ ਮਾੜਾ ਮੋਟਾ ਗਾਉਣ ਪਾਣੀ ਕਰਨ ਨਾਲ ਜ਼ਿੰਦਗੀ ਬਣਦੀ ਐ ਭਲਾ--!"

ਮਾਰਕ ਕੁਝ ਦੇਰ ਸੋਚਦਾ ਰਿਹਾ। ਉਸ ਨੂੰ ਐਂਡੀ ਦੀ ਗੱਲ ਵੀ ਠੀਕ ਲੱਗੀ। ਦੂਜੇ ਪਾਸੇ ਜੇ ਮੁੰਡੇ ਦੀ ਦਿਲਚਸਪੀ ਗਾਉਣ ਵਿਚ ਹੀ ਹੋਵੇ ਤਾਂ ਕੋਈ ਕੀ ਕਰ ਸਕਦਾ ਸੀ। ਮਾਰਕ ਦਿਲੋਂ ਐਂਡੀ ਦੀ ਮਦਦ ਕਰਨਾ ਚਾਹੁੰਦਾ ਸੀ।

"ਤੁਸੀਂ ਸੈਮੂਅਲ ਜੋ ਕਰਦਾ ਉਸ ਨੂੰ ਰੋਕੋ ਨਾ। ਸਗੋਂ ਉਸ ਨੂੰ ਸਮਝਾਉ ਉਹ ਇਸ ਕੰਮ ਨੂੰ ਹੀ ਵਪਾਰ ਬਣਾ ਲਵੇ।"

"ਵਪਾਰ ਕਿਵੇਂ?" ਐਂਡੀ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ।

"ਉਹ ਸੰਗੀਤ ਦੇ ਸਾਜ ਦੀ ਦੁਕਾਨ ਖੋਲ੍ਹ ਸਕਦਾ। ਜਾਂ ਉਹ ਹੋਰ ਮੰਡਲੀ ਬਣਾ ਕੇ ਉਹਨਾਂ ਨੂੰ ਪ੍ਰੋਗਰਾਮਾਂ 'ਤੇ ਭੇਜ ਸਕਦਾ--। ਮੈਨੂੰ ਇਸ ਪਾਸੇ ਬਹੁਤੀ ਵਾਕਫੀ ਨਹੀਂ। ਮੈਨੂੰ ਯਕੀਨ ਐ ਉਹ ਖੁਦ ਹੀ ਕੋਈ ਨਾ ਕੋਈ ਰਾਹ ਚੁਣ ਸਕੇਗਾ।"

ਜੋਰਡਨ ਆਉਂਦਾ ਦਿਸਿਆ ਤਾਂ ਗੱਲ-ਬਾਤ ਬੰਦ ਹੋ ਗਈ। ਜੋਰਡਨ ਨੂੰ ਸਾਹ ਸਲਾਮ ਕਰਕੇ ਵਾਈਨ ਦਾ ਦੌਰ ਸ਼ੁਰੂ ਹੋ ਗਿਆ। ਬਿਜਨਸਮੈਨਾਂ ਦੀਆਂ ਗੱਲਾਂ ਬਿਜਨਸ ਬਾਰੇ ਹੀ ਹੁੰਦੀਆਂ ਹਨ।

"ਮਾਰਕ ਅਗਲੇ ਦਿਨਾਂ ਵਿਚ ਕੀ ਪ੍ਰੋਗਰਾਮ ਐ?" ਐਂਡੀ ਮਾਰਕ ਨਾਲ ਵਿਸਥਾਰ ਵਿਚ ਗੱਲ ਕਰਨੀ ਚਾਹੁੰਦਾ ਸੀ।

"ਮੈਨੂੰ ਮਾਨਚੈਸਟਰ ਜਾਣਾ ਪੈਣਾ ਐ। ਉਥੇ ਫੈਕਟਰੀ ਵਿਚ ਹੜਤਾਲ ਹੋ ਗਈ ਐ।"

"ਹੜਤਾਲ ਕਿਸ ਕਾਰਨ? ਫੈਕਟਰੀ ਬੰਦ ਹੋਣ ਨਾਲ ਤਾਂ ਨੁਕਸਾਨ ਹੀ ਬਹੁਤ ਹੁੰਦਾ ਹੋਵੇਗਾ।" ਐਂਡੀ ਨੇ ਫਿਕਰਮੰਦੀ ਨਾਲ ਪੁੱਛਿਆ।

"ਸਰ ਸੱਚੀ ਗੱਲ ਤਾਂ ਇਹ ਐ ਸੌ ਵਿਚੋਂ ਨੱਬੇ ਹੜਤਾਲਾਂ ਤਾਂ ਕਾਰਖਾਨੇਦਾਰ ਆਪ ਕਰਵਾਉਂਦਾ।" ਸੁਣ ਕੇ ਐਂਡੀ ਦੀ ਫਿਕਰਮੰਦੀ ਹੈਰਾਨੀ ਵਿਚ ਬਦਲ ਗਈ।

"ਕੋਈ ਸਮਾਂ ਸੀ ਬਹੁਤੇ ਜੁਲਾਹੇ ਪਿੰਡਾਂ ਵਿਚ ਰਹਿੰਦੇ ਤੇ ਕੱਪੜਾ ਬੁਣਦੇ ਸਨ। ਉਨ ਤੋਂ ਧਾਗਾ ਵੀ ਹੱਥੀਂ ਬਣਦਾ ਸੀ। ਧਾਗਾ ਬਹੁਤਾ ਬਣਦਾ ਹੀ ਨਹੀਂ ਸੀ। ਜਿੰਨਾ ਕੱਪੜਾ ਬਣ ਜਾਂਦਾ ਉਸ ਤੋਂ ਵੱਧ ਦੀ ਮੰਗ ਹੁੰਦੀ। ਜੁਲਾਹੇ ਵਿਹਲੇ ਰਹਿੰਦੇ ਤੇ ਕੁਝ ਜ਼ਮੀਨ ਲੈ ਕੇ ਉਸ 'ਤੇ ਖੇਤੀ ਕਰਦੇ। ਫਿਰ ਕਿਸੇ ਨੇ ਧਾਗਾ ਬਣਾਉਣ ਵਾਲੀ ਮਸ਼ੀਨ ਤਿਆਰ ਕਰ ਦਿੱਤੀ। ਧਾਗਾ ਬਹੁਤ ਬਣਨ ਲੱਗਾ। ਜੁਲਾਹਿਆਂ ਕੋਲੋਂ ਕੰਮ ਮੁਕਦਾ ਹੀ ਨਹੀਂ ਸੀ। ਜਮੀਨਾਂ 'ਤੇ ਹੋਰ ਲੋਕ ਖੇਤੀ ਕਰਨ ਲੱਗੇ। ਹੁਣ ਜੁਲਾਹਿਆਂ ਦਾ ਕੰਮ ਵੀ ਮਸ਼ੀਨਾਂ ਕਰਦੀਆਂ। ਧਾਗਾ ਵੀ ਮਿੱਲ ਵਿਚ ਹੀ ਬਣਦਾ। ਜਦੋਂ ਥੋੜਾ ਮੰਦਾ ਆ ਜਾਵੇ ਤਾਂ ਉਤਪਾਦਨ ਤਾਂ ਘਟਦਾ ਨਹੀਂ। ਵਾਧੂ ਮਾਲ ਪਿਆ ਹੋਵੇ ਤਾਂ ਕੀਮਤ ਘਟਦੀ ਐ। ਮਜ਼ਦੂਰਾਂ ਨੂੰ ਛੁੱਟੀ ਕਰੋ ਤਾਂ ਉਹ ਤਨਖਾਹ ਮੰਗਦੇ ਐ। ਕੋਈ ਬਹਾਨਾ ਬਣਾ ਕੇ ਹੜਤਾਲ ਕਰਾ ਦਿਉ। ਜਦੋਂ ਮਾਲ ਦੀ ਮੰਗ ਵਧ ਜਾਵੇ ਤਾਂ ਮਜ਼ਦੂਰਾਂ ਨਾਲ ਸਮਝੌਤਾ ਕਰ ਲਵੋ। ਅਸੀਂ ਵੀ ਇਹੋ ਕੀਤਾ ਤੇ ਹੁਣ ਸਮਝੌਤੇ ਦਾ ਸਮਾਂ ਆ ਗਿਆ।" ਐਂਡੀ ਦੇ ਨਾਲ ਜੋਰਡਨ ਵੀ ਹੈਰਾਨ ਹੋਣੋ ਨਾ ਰਹਿ ਸਕਿਆ।

"ਚਾਰਲਜ਼ ਡਿਕਨਜ਼ ਦੇ ਲੇਖ ਅਖਬਾਰਾਂ ਵਿਚ ਛਪਦੇ ਐ। ਉਹ ਬਾਲ ਮਜ਼ਦੂਰੀ ਅਤੇ ਮਜ਼ਦੂਰਾਂ ਦੇ ਕੰਮ ਹਾਲਾਤ ਚੰਗੇ ਕਰਨ ਬਾਰੇ ਲਿਖਦਾ ਰਹਿੰਦਾ। ਵੈਸੇ ਉਹ ਮੇਰਾ ਪਸੰਦੀਦਾ ਨਾਵਲਕਾਰ ਐ।" ਜੋਰਡਨ ਨੇ ਤਾਜ਼ਾ ਹੀ ਡਿਕਨਜ਼ ਦਾ ਲੇਖ ਪੜ੍ਹਿਆ ਸੀ।

"ਚੋਣ ਸੁਧਾਰਾਂ ਨਾਲ ਕੁਝ ਨਾ ਕੁਝ ਤਾਂ ਫਰਕ ਪੈਣਾ ਈ ਹੋਇਆ। ਸਰਕਾਰ ਨੂੰ ਲੋਕਾਂ ਦੀਆਂ ਮੰਗਾਂ ਵੱਲ ਧਿਆਨ ਤਾਂ ਦੇਣਾ ਹੀ ਪੈਂਦਾ। ਪਰ ਜੇ ਬੱਚੇ ਕੰਮ ਨਾ ਕਰਨ ਤਾਂ ਕੀ ਕਰਨ? ਕੁਝ ਲੋਕਾਂ ਦੇ ਘਰ ਤਾਂ ਬੱਚਿਆਂ ਦੀ ਮਿਹਨਤ ਮਜ਼ਦੂਰੀ ਨਾਲ ਚਲਦੇ ਐ।" ਮਾਰਕ ਨੇ ਸਰਕਾਰੀ ਤੇ ਸਰਮਾਏਦਾਰੀ ਪੈਂਤੜੇ ਬਾਰੇ ਦੱਸਿਆ।

"ਇਲੈਕਟੋਰਲ ਰੀਫੋਰਮਜ਼ ਵਾਲੀ ਤਾਂ ਗੱਲ ਚੰਗੀ ਹੋਈ। ਮਾਨਚੈਸਟਰ ਤੇ ਲਿਵਰਪੂਲ ਵਿਚੋਂ ਕੋਈ ਐਮ ਪੀ ਹੀ ਨਹੀਂ ਸੀ। ਇਕ ਹਲਕੇ ਵਿਚ ਸੱਤ ਵੋਟਾਂ ਸਨ ਤੇ ਦੋ ਐਮ ਪੀ। ਹੁਣ ਕੁਝ ਹੋਰ ਲੋਕਾਂ ਨੂੰ ਵੋਟ ਦਾ ਅਧਿਕਾਰ ਦੇਣ ਨਾਲ ਸ਼ਾਇਦ ਚੋਣ ਪ੍ਰਣਾਲੀ ਸਹੀ ਹੋ ਜਾਵੇ।"

"ਕੁਝ ਲੋਕ ਅਜੇ ਵੀ ਖੁਸ਼ ਨਹੀਂ। ਪਹਿਲਾਂ ਥੋੜੇ ਜਿਹੇ ਜ਼ਮੀਨ ਜਾਇਦਾਦ ਅਤੇ ਟੈਕਸ ਦੇਣ ਵਾਲੇ ਬੰਦੇ ਹੀ ਵੋਟ ਦੇ ਸਕਦੇ ਸਨ। ਹੁਣ ਸਰਕਾਰ ਨੇ ਉਹ ਸ਼ਰਤਾਂ ਨਰਮ ਕਰ ਦਿੱਤੀਆਂ ਤੇ ਜਿਹੜਾਂ ਬੰਦਾ ਵੀ ਡੇਢ ਸੌ ਪਾਊਂਡ ਸਾਲ ਦਾ ਕਮਾਉਂਦਾ ਵੋਟ ਦੇ ਸਕਦਾ। ਕੁਝ ਲੋਕ ਰੌਲਾ ਪਾਉਂਦੇ ਐ ਅਖੇ ਸਭ ਨੂੰ ਵੋਟ ਦਾ ਅਧਿਕਾਰ ਚਾਹੀਦਾ। ਭਲਾ ਅਣਪੜ੍ਹ ਮਜ਼ਦੂਰਾਂ ਨੂੰ ਕੀ ਪਤਾ ਵੋਟ ਕੀ ਹੁੰਦੀ ਐ?"

ਮਾਰਕ ਦੀ ਗੱਲ ਨੂੰ ਐਂਡੀ ਨੇ ਧਿਆਨ ਨਾਲ ਸੁਣਿਆ। ਐਂਡੀ ਨੂੰ ਆਪਣੇ ਬੇਟੇ ਰਸਲ ਦੀਆਂ ਗੱਲਾਂ ਯਾਦ ਆਈਆਂ ਜਿਹੜੀਆਂ ਉਹ ਆਪਣੇ ਕਿਸੇ ਮਿੱਤਰ ਨਾਲ ਘਰੇ ਬੈਠਾ ਕਰ ਰਿਹਾ ਸੀ। ਉਸ ਨੂੰ ਪਤਾ ਨਹੀਂ ਸੀ ਐਂਡੀ ਨਾਲ ਦੇ ਕਮਰੇ ਵਿਚ ਉਹਨਾਂ ਦੀਆਂ ਗੱਲਾਂ ਵੱਲ ਧਿਆਨ ਦੇ ਰਿਹਾ ਸੀ। ਉਹ ਵੀ ਸਾਰੇ ਲੋਕਾਂ ਨੂੰ ਵੋਟ ਦੇ ਅਧਿਕਾਰ ਵਾਲੀ ਗੱਲ ਕਰ ਰਿਹਾ ਸੀ। ਐਂਡੀ ਨੂੰ ਰਸਲ ਬਾਰੇ ਵੀ ਫਿਕਰ ਹੋਣ ਲੱਗਾ। ਉਸ ਨੂੰ ਯੂਰਪ ਵਿਚ ਬਦਲ ਰਹੇ ਹਾਲਾਤਾਂ ਦਾ ਖਿਆਲ ਆਇਆ।

ਖਾਣਾ ਖਾਣ ਬਾਅਦ ਮਾਰਕ ਨੇ ਉਹਨਾਂ ਨੂੰ ਵਿਦਾ ਕੀਤਾ ਅਤੇ ਆਪ ਮਾਨਚੈਸਟਰ ਨੂੰ ਜਾਂਦਿਆਂ ਇਕ ਦੋ ਰਾਤਾਂ ਜੈਨੀ ਕੋਲ ਰਹਿਣ ਬਾਰੇ ਸੋਚਣ ਲੱਗਾ। ਜੈਨੀ ਦੇ ਨਾਲ ਹੀ ਉਸ ਦੇ ਮਨ ਵਿਚ ਜਿਲੀਅਨ ਦਾ ਖਿਆਲ ਆ ਗਿਆ।

## 5

ਜਿਲੀਅਨ ਆਪਣੇ ਹੱਥ ਵਿਚ ਐਲਨ ਦੀ ਫੋਟੋ ਲਈ ਬੈਠੀ ਸੀ। ਉਹ ਵਾਰ ਵਾਰ ਐਲਨ ਨੂੰ ਵੇਖਦੀ। ਪਹਿਲਾਂ ਉਸ ਨੇ ਕਦੀ ਨਾ ਤਾਂ ਫੋਟੋ ਵੇਖੀ ਸੀ ਤੇ ਨਾ ਹੀ ਕਦੇ ਇਸ ਬਾਰੇ ਸੁਣਿਆ ਸੀ। ਐਲਨ ਨੇ ਚਿੱਠੀ ਵਿਚ ਫੋਟੋ ਵੀ ਭੇਜੀ ਸੀ ਤੇ ਇਸ ਨਵੀਂ ਤਕਨੀਕ ਬਾਰੇ ਕੁਝ ਲਿਖਿਆ ਵੀ ਸੀ। ਜਿਲੀਅਨ ਖੁਸ਼ ਸੀ। ਉਹ ਸਦਾ ਹੀ ਐਲਨ ਦੀ ਤਸਵੀਰ ਵੇਖ ਸਕਦੀ ਸੀ। ਐਲਨ ਉਸ ਨੂੰ ਪਹਿਲਾਂ ਨਾਲੋਂ ਕੁਝ ਸਿਹਤਮੰਦ ਲੱਗਾ ਜਾਂ ਸ਼ਾਇਦ ਇਹ ਉਸ ਦਾ ਵਹਿਮ ਸੀ। ਸੈਮ ਦੀ ਸਿਹਤ ਪਹਿਲਾਂ ਨਾਲੋਂ ਕਾਫੀ ਮਾੜੀ ਹੋ ਗਈ ਸੀ। ਉਸ ਨੇ ਐਲਨ ਨੂੰ ਕੁਝ ਵੀ ਨਾ ਲਿਖਣਾ ਹੀ ਠੀਕ ਸਮਝਿਆ। ਐਲਨ ਐਨੀ ਦੂਰ ਬੈਠਾ ਕੋਈ ਮਦਦ ਤਾਂ ਕਰ ਨਹੀਂ ਸੀ ਸਕਦਾ। ਐਵੇਂ ਵਾਧੂ ਫਿਕਰ ਹੀ ਕਰਨਾ ਸੀ। ਐਲਨ ਸੈਮ ਨੂੰ ਵੱਖਰੀ ਚਿੱਠੀ ਲਿਖਦਾ। ਸੈਮ ਨੂੰ ਇੰਡੀਆਂ ਦੇ ਸਬੰਧ ਵਿਚ ਜਾਣਨ ਦੀ ਇੱਛਾ ਹੁੰਦੀ ਤੇ ਐਲਨ ਉਸ ਦੀ ਇਹ ਇੱਛਾ ਪੂਰੀ ਕਰਦਾ।

ਇਹਨਾਂ ਦਿਨਾ ਵਿਚ ਡੈਨੀਅਲ ਅਤੇ ਸਮੈਂਥਾ ਸੈਮ ਨੂੰ ਮਿਲਣ ਕਈ ਵਾਰ ਆਏ ਸਨ ਤੇ ਉਸ ਦਿਨ ਫਿਰ ਆ ਰਹੇ ਸਨ। ਉਹਨਾਂ ਦੇ ਮਨਾਂ ਵਿਚ ਸੈਮ ਦੇ ਜਲਦੀ ਹੀ ਤੁਰ ਜਾਣ ਦਾ ਡਰ ਸੀ। ਉਹ ਸੈਮ ਨੂੰ ਵੱਧ ਤੋਂ ਵੱਧ ਮਿਲਣ ਦੀ ਕੋਸ਼ਿਸ਼ ਕਰਦੇ ਜਿਸ ਨੇ ਉਹਨਾਂ ਲਈ ਐਨਾ ਕੁਝ ਕੀਤਾ ਸੀ। ਇਕ ਕਾਰਣ ਇਹ ਵੀ ਸੀ ਹੁਣ ਉਹਨਾਂ ਦੇ ਬੱਚੇ ਜਵਾਨੀ ਦੀਆਂ ਬਰੂਹਾਂ 'ਤੇ ਖੜ੍ਹੇ ਸਨ। ਉਹਨਾਂ ਦੇ ਮਨਾਂ ਵਿਚ ਕਈ ਕਿਸਮ ਦੇ ਡਰ ਅਤੇ ਵਹਿਮ ਪੈਦਾ ਹੁੰਦੇ ਰਹਿੰਦੇ। ਸੈਮ ਨਾਲ ਗੱਲ ਕਰਦੇ ਤਾਂ ਉਹ ਉਹਨਾਂ ਨੂੰ ਸਦਾ ਹੀ ਬੇਫਿਕਰ ਕਰ ਦਿੰਦਾ। ਸੈਮ ਨਾਲ ਗੱਲਾਂ ਕਰਕੇ ਪਲ ਦੀ ਪਲ ਉਹ ਆਪਣੇ ਡਰ-ਡੁੱਕਰਾਂ ਤੋਂ ਛੁਟਕਾਰਾ ਪਾ ਲੈਂਦੇ।

ਉਸ ਦਿਨ ਵੀ ਸੈਮ ਸਦਾ ਵਾਂਗ ਚੜ੍ਹਦੀ ਕਲਾ ਵਿਚ ਸੀ। ਡੈਨੀਅਲ ਤੇ ਸਮੈਂਥਾ ਦੋਵੇਂ ਹੀ ਆਏ ਸਨ। ਜਿਲੀਅਨ ਨੇ ਉਹਨਾਂ ਦੀ ਪਸੰਦ ਦਾ ਖਾਣਾ ਤਿਆਰ ਕੀਤਾ ਸੀ। ਡੈਨੀਅਲ ਜਦ ਆਉਂਦਾ ਤਾਂ ਉਸ ਨੂੰ ਵਖਤ ਪੈ ਜਾਂਦਾ। ਡੈਨੀਅਲ ਮੀਟ ਤਾਂ ਖਾਂਦਾ ਸੀ ਪਰ ਕੋਸ਼ਰ (ਯਹੂਦੀ ਕੋਸ਼ਰ ਮੀਟ ਖਾਂਦੇ ਹਨ)। ਜਿਲੀਅਨ ਅਤੇ ਸੈਮ ਨੇ ਕਦੇ ਕੋਸ਼ਰ ਮੀਟ ਖਾਧਾ ਹੀ ਨਹੀਂ ਸੀ। ਜਿਲੀਅਨ ਡੈਨੀਅਲ ਦੇ ਆਉਣ ਵੇਲੇ ਸ਼ਾਕਾਹਾਰੀ ਭੋਜਨ ਹੀ ਤਿਆਰ ਕਰਦੀ।

ਖਾਣਾ ਖਾਣ ਬੈਠਿਆਂ ਪਹਿਲਾਂ ਐਲਨ ਦੀਆਂ ਗੱਲਾਂ ਹੁੰਦੀਆਂ ਰਹੀਆਂ। ਸਮੈਂਥਾ ਧਿਆਨ ਨਾਲ ਜਿਲੀਅਨ ਦਾ ਚਿਹਰਾ ਵੀ ਵੇਖ ਰਹੀ ਸੀ। ਉਸ ਨੂੰ ਅਚਾਨਕ ਮਹਿਸੂਸ ਹੋਇਆ ਜਿਵੇਂ ਜਿਲੀਅਨ ਦੀ ਢਲਦੀ ਜਵਾਨੀ ਕੁਝ ਦਿਨਾਂ ਵਿਚ ਹੀ ਕਾਫੀ ਢਲ ਗਈ ਹੋਵੇ। ਉਹਦਾ ਦਿਲ ਕੀਤਾ ਉਹ ਵੀ ਆਪਣਾ ਮੂੰਹ ਸ਼ੀਸ਼ੇ ਵਿਚ ਵੇਖੇ।

"ਸੈਮ ਬੱਚਿਆਂ ਦਾ ਫਿਕਰ ਵੱਢ ਵੱਢ ਖਾਂਦਾ ਰਹਿੰਦਾ। ਪਤਾ ਨੀ ਉਹਨਾਂ ਦਾ ਕੀ ਬਣੂੰਗਾ?" ਅਚਾਨਕ ਡੈਨੀਅਲ ਦੀ ਗੱਲ ਨਾਲ ਸਾਰਿਆਂ ਦਾ ਧਿਆਨ ਖਿੱਚਿਆ ਗਿਆ।

"ਕਿਉਂ ਕੀ ਗੱਲ? ਸਾਰੇ ਚੰਗੀ ਪੜ੍ਹਾਈ ਕਰੀ ਜਾਂਦੇ ਐ। ਪੜ੍ਹ ਲਿਖ ਕੇ ਨੌਕਰੀਆਂ ਕਰਨਗੇ ਜਾਂ ਤੁਹਾਡੇ ਨਾਲ ਬਿਜਨਸ ਵਿਚ ਸ਼ਾਮਲ ਹੋ ਜਾਣਗੇ। ਐਵੇਂ ਫਿਕਰਾਂ ਦੀ ਗੰਢ ਸਿਰਾਂ 'ਤੇ ਚੁੱਕੀ ਫਿਰਦੇ ਐਂ।" ਸੈਮ ਨੇ ਮੁਸਕਰਾਉਂਦਿਆਂ ਉਹਨਾਂ ਵੱਲ ਵੇਖਿਆ।

"ਤੁਸੀਂ ਗੱਲ ਸਮਝਣ ਦੀ ਕੋਸ਼ਿਸ਼ ਕਰੋ। ਸਮੈਂਥਾ ਕ੍ਰਿਸਚੀਅਨ ਐ ਤੇ ਮੈਂ ਯਹੂਦੀ। ਬੱਚਿਆਂ ਦਾ ਭਲਾ ਕਿਹੜਾ ਧਰਮ ਹੋਊ! ਉਹਨਾਂ ਨੂੰ ਸਾਥੀ ਮਿਲਣਾ ਈ ਤਕਰੀਬਨ ਅਸੰਭਵ ਲਗਦਾ।"

"ਵੈਸੇ ਤਾਂ ਜਿਵੇਂ ਤੂੰ ਤੇ ਸਮੈਂਥਾ ਇਕ ਦੂਜੇ ਨੂੰ ਮਿਲਗੇ ਉਵੇਂ ਉਹਨਾਂ ਨੂੰ ਵੀ ਕੋਈ ਜ਼ਰੂਰ ਮਿਲ ਜਾਊ। ਲੋਕ ਅਜਿਹੇ ਵੀ ਹੈਗੇ ਜਿਹੜੇ ਧਰਮਾਂ ਅਤੇ ਰੰਗਾਂ ਦੀਆਂ ਉੱਚੀਆਂ ਵਲਗਣਾ ਦੀਆਂ ਕੰਧਾਂ ਦੇ ਉਤੋਂ ਦੀ ਬਾਹਰ ਵੇਖਦੇ ਐ। ਜਿਹੜੇ ਇਕੋ ਇਕ ਉੱਚੇ ਸੁੱਚੇ ਧਰਮ ਨੂੰ ਮੰਨਦੇ ਐ- ਮਨੁੱਖਤਾ ਦੇ ਧਰਮ ਨੂੰ।-- ਤੇ ਯਕੀਨ ਕਰ ਇਹੋ

ਜਿਹੇ ਬਹੁਤ ਲੋਕ ਨੇ ਜਿਹਨਾਂ ਨੂੰ ਅਸੀਂ ਵੇਖਿਆ ਫਰੋਲਿਆ ਨੀ ਹੁੰਦਾ---।'' ਸੈਮ ਦੀਆਂ ਗੱਲਾਂ ਦੀ ਰਵਾਨਗੀ ਉਹਨਾਂ ਦੀ ਰੂਹ ਨੂੰ ਸ਼ਾਂਤ ਕਰਦੀ ਗਈ। ਉਹ ਖਾਣਾ, ਖਾਣਾ ਭੁੱਲ ਕੇ ਸੈਮ ਦੀਆਂ ਗੱਲਾਂ ਸੁਣਨ ਲੱਗੇ।

''ਮੈਂ ਬਹੁਤਾ ਧਾਰਮਿਕ ਬੰਦਾ ਨੀ। ਮੈਨੂੰ ਲਗਦਾ ਮੇਰੀ ਜ਼ਿੰਦਗੀ ਧਾਰਮਿਕ ਬੰਦਿਆਂ ਤੋਂ ਕੁਝ ਸੌਖੀ ਹੀ ਗੁਜ਼ਰੀ ਐ। ਜਿਲੀਅਨ ਨਾਲ ਵਿਆਹ ਵੇਲੇ ਮੇਰੇ ਅੰਕਲ ਨੇ ਧਰਮ ਨੂੰ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਤੇ ਮੈਨੂੰ ਡਰਾਇਆ ਧਮਕਾਇਆ ਵੀ। ਪਰ ਮੈਂ ਆਪਣੀ ਦਲੀਲ 'ਤੇ ਅੜਿਆ ਰਿਹਾ। ਅਖ਼ੀਰ ਉਹ ਮੰਨ ਗਿਆ। ਸਾਡੀ ਜ਼ਿੰਦਗੀ ਵਧੀਆ ਈ ਰਹੀ ਐ ਤੁਹਾਡੇ ਵਾਂਗ। ਬੱਚਿਆਂ ਦੇ ਮਨਾਂ ਵਿਚ ਤੁਸੀਂ ਬਹੁਤਾ ਧਰਮ ਦਾ ਡਰ ਨਾ ਈ ਪਾਉ ਤਾਂ ਚੰਗਾ ਐ। ਜ਼ਿਆਦਾ ਧਾਰਮਿਕ ਬੰਦੇ ਜਨੂੰਨੀ ਹੁੰਦੇ ਐ----।'' ਸੈਮ ਨੇ ਕਾਫੀ ਦੇਰ ਧਰਮ 'ਤੇ ਗੱਲਾਂ ਕੀਤੀਆਂ। ਖਾਣਾ ਖਾ ਕੇ ਸਮੈਂਥਾ ਅਤੇ ਡੈਨੀਅਲ ਚਲੇ ਗਏ। ਸੈਮ ਐਲਨ ਦੀ ਚਿੱਠੀ ਪੜ੍ਹਨ ਲੱਗਾ।

''----ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਣ ਨਾਲ ਸਾਡੀਆਂ ਜ਼ਿੰਮੇਵਾਰੀਆਂ ਹੋਰ ਵਧ ਗਈਆਂ ਨੇ। ਸਰਕਾਰ ਪੰਜਾਬ ਵਿਚ ਸ਼ਾਂਤੀ ਰਖਣੀ ਚਾਹੁੰਦੀ ਐ ਜਿਸ ਦੀ ਉਮੀਦ ਬਹੁਤ ਘੱਟ ਹੈ। ਗੱਦੀ ਲਈ ਅੰਦਰੂਨੀ ਜੰਗ ਚੱਲ ਰਹੀ ਐ। ਵੈਸੇ ਅਜਿਹੀ ਹਾਲਤ ਭਾਰਤ ਸਰਕਾਰ ਨੂੰ ਫਿੱਟ ਬੈਠਦੀ ਐ। ਮੇਰੇ ਖਿਆਲ ਵਿਚ ਆਉਣ ਵਾਲੇ ਸਮੇਂ ਵਿਚ ਘਟਨਾਵਾਂ ਦੀ ਗਤੀ ਬਹੁਤ ਤੇਜ਼ ਹੋਵੇਗੀ--।'' ਸੈਮ ਚਿੱਠੀ ਪੜ੍ਹਦਾ ਗਿਆ ਤੇ ਉਸ ਦੇ ਮਨ ਵਿਚ ਬਹੁਤ ਕੁਝ ਸਾਫ਼ ਹੁੰਦਾ ਗਿਆ।

ਪੰਜਾਬ ਦੀ ਹਾਲਤ ਬਾਰੇ ਉਸ ਨੂੰ ਖ਼ਬਰ ਸੀ। ਉਸ ਦਾ ਸਿਆਸੀ ਨਜ਼ਰੀਆ ਕਹਿ ਰਿਹਾ ਸੀ ਭਾਰਤ ਸਰਕਾਰ ਪੰਜਾਬ ਨੂੰ ਜਲਦੀ ਹੀ ਭਾਰਤ ਦਾ ਹਿੱਸਾ ਬਣਾ ਲਵੇਗੀ। ਇਸ ਲਈ ਸ਼ਾਇਦ ਭਾਰਤ ਸਰਕਾਰ ਨੂੰ ਵੱਡੀ ਕੀਮਤ ਵੀ ਚੁਕਾਉਣੀ ਪਵੇ। ਸੈਮ ਨੂੰ ਪਤਾ ਸੀ ਦਿੱਲੀ ਅਤੇ ਲਹੌਰ ਦੇ ਰਾਹ ਵਿਚ ਪੈਂਦੀਆਂ ਪਟਿਆਲਾ, ਨਾਭਾ, ਕਪੂਰਥਲਾ ਤੇ ਫਰੀਦਕੋਟ ਵਰਗੀਆਂ ਰਿਆਸਤਾਂ ਦੇ ਰਾਜੇ ਭਾਰਤ ਸਰਕਾਰ ਨਾਲ ਘਿਉ ਖਿਚੜੀ ਸਨ। ਭਾਰਤ ਸਰਕਾਰ ਤੋਂ ਇਨਾਮ ਅਤੇ ਖਿਤਾਬ ਲੈਣ ਲਈ ਇਹ ਕੁਝ ਵੀ ਕਰ ਸਕਦੇ ਸਨ। ਇਹਨਾਂ ਨੂੰ ਆਪਣੇ ਧਰਮ ਤੇ ਲੋਕਾਂ ਨਾਲੋਂ ਆਪਣੇ ਖਿਤਾਬ ਤੇ ਰਾਜ ਪਿਆਰੇ ਸਨ। ਦਿੱਲੀ ਸਰਕਾਰ ਨੂੰ ਇਹਨਾਂ ਤੋਂ ਬਹੁਤ ਉਮੀਦਾਂ ਸਨ। ਭਾਰਤ ਸਰਕਾਰ ਜੇ ਭਾਰਤ ਵਿਚ ਆਪਣੇ ਰਾਜ ਨੂੰ ਫੈਲਾਉਣ ਦੀ ਉਮੀਦ ਰਖਦੀ ਸੀ ਤਾਂ ਇਹ ਕੰਮ ਈਸਟ ਇੰਡੀਆ ਕੰਪਨੀ ਕਰ ਰਹੀ ਸੀ। ਜੋ ਸਿੱਧੇ ਤੌਰ 'ਤੇ ਨਾ ਸਹੀ ਅਸਿੱਧੇ ਤੌਰ 'ਤੇ ਸਰਕਾਰ ਦੇ ਅਧੀਨ ਸੀ। ਦੋਵਾਂ ਦਾ ਇਕੋ ਨਿਸ਼ਾਨਾ ਸੀ ਕਿਵੇਂ ਭਾਰਤ ਦੇ ਪੈਦਾਵਾਰੀ ਸੋਮਿਆਂ ਅਤੇ ਸਸਤੀ ਮਜ਼ਦੂਰੀ ਦੀ ਲੁੱਟ ਕੀਤੀ ਜਾਵੇ? ਪੰਜਾਬ ਅਮੀਰ ਰਾਜ ਸੀ। ਭਾਰਤ ਸਰਕਾਰ ਕਿਵੇਂ ਵੀ ਇਸ ਰਾਜ ਨੂੰ ਆਜ਼ਾਦ ਨਹੀਂ ਛੱਡ ਸਕਦੀ ਸੀ।

ਸੈਮ ਚਿੱਠੀ ਬਾਰੇ ਸੋਚ ਰਿਹਾ ਸੀ ਤੇ ਜਿਲੀਅਨ ਨੇ ਚਾਹ ਦਾ ਕੱਪ ਸੈਮ ਦੇ ਮੇਜ਼ 'ਤੇ ਲਿਆ ਰੱਖਿਆ। ਉਹ ਸੈਮ ਦੇ ਕੋਲ ਹੀ ਬੈਠ ਗਈ। ਐਲਨ ਦੀ ਫੋਟੋ ਦਿਖਾਉਂਦਿਆਂ ਉਹ ਮਾਣ ਮਹਿਸੂਸ ਕਰ ਰਹੀ ਸੀ।

''ਐਲਨ ਥੋੜਾ ਮੋਟਾ ਨੀ ਹੋ ਗਿਆ ਸੈਮ---!''

ਸੈਮ ਨੇ ਫੋਟੋ ਆਪਣੇ ਹੱਥਾਂ ਵਿਚ ਫੜ ਲਈ। ਉਸ ਨੂੰ ਐਲਨ 'ਤੇ ਮਾਣ ਮਹਿਸੂਸ ਹੋਇਆ।

''ਹਾਂ ਐਲਨ ਦੀ ਪਰਸਨੈਲਟੀ ਨਿੱਖਰ ਰਹੀ ਐ। ਮੇਰੇ ਖਿਆਲ ਵਿਚ ਜ਼ਿੰਮੇਵਾਰੀਆਂ ਮਨੁੱਖ ਦੇ ਨਕਸ਼ਾਂ ਨੂੰ ਤਰਾਸ਼ ਕੇ ਤਿਖੇਰਾ ਕਰ ਦਿੰਦੀਆਂ--।''

ਸੈਮ ਨੂੰ ਐਲਨ ਮੋਟਾ ਤਾਂ ਨਹੀਂ ਸੀ ਲੱਗਿਆ ਸਗੋਂ ਉਸ ਦਾ ਚਿਹਰਾ 'ਸਿਆਣਾ' ਲੱਗ ਰਿਹਾ ਸੀ। ਉਹ ਦੋਵੇਂ ਆਪੋ ਆਪਣੀਆਂ ਦਲੀਲਾਂ ਦਿੰਦੇ ਰਹੇ। ਐਲਨ ਦੀ ਫੋਟੋ ਵੇਖਦਿਆਂ ਪਤਾ ਨਹੀਂ ਕਿਵੇਂ ਜਿਲੀਅਨ ਦੇ ਮਨ ਵਿਚ ਮਾਰਕ ਦਾ ਖਿਆਲ ਆ ਗਿਆ ਸੀ। ਉਹ ਹੌਕਾ ਜਿਹਾ ਲੈ ਕੇ ਉੱਠ ਕੇ ਆਪਣੇ ਕੰਮ ਲੱਗ ਗਈ।

## 6

ਮਾਰਕ ਬੱਘੀ ਵਿਚ ਬੈਠਾ ਜੈਨੀ ਬਾਰੇ ਸੋਚ ਰਿਹਾ ਸੀ। ਉਹ ਲੰਡਨ ਦੇ 'ਯੂਸਟਨ' ਸਟੇਸ਼ਨ ਤੋਂ ਰੇਲ ਗੱਡੀ ਰਾਹੀਂ ਬਰਮਿੰਘਮ ਦੇ ਚਾਂਸਲਰੀ ਲੇਨ ਸਟੇਸ਼ਨ ਤੱਕ ਜਾ ਰਿਹਾ ਸੀ। ਚਾਂਸਲਰੀ ਲੇਨ ਦੇ ਸਟੇਸ਼ਨ 'ਤੇ ਜੈਨੀ ਨੇ ਉਸ ਨੂੰ ਮਿਲਣਾ ਸੀ। ਦੋ ਦਿਨ ਬਰਮਿੰਘਮ ਰਹਿ ਕੇ ਉਸ ਨੇ ਮਾਨਚੈਸਟਰ ਚਲੇ ਜਾਣਾ ਸੀ। ਵਾਪਿਸੀ 'ਤੇ ਬਰਮਿੰਘਮ ਦਾ ਪ੍ਰੋਗਰਾਮ ਉਸ ਨੇ ਜੈਨੀ ਨਾਲ ਮਿਲ ਕੇ ਬਣਾਉਣਾ ਸੀ। ਮਾਰਕ ਕਦੇ ਕਦੇ ਆਪਣੇ ਆਪ 'ਤੇ ਮਾਣ ਮਹਿਸੂਸ ਕਰਦਾ। ਢਲਦੀ ਉਮਰ ਵਿਚ ਵੀ ਉਹ ਜ਼ਿੰਦਗੀ ਨੂੰ ਮਾਣ ਰਿਹਾ ਸੀ। ਫਿਰ ਉਹ ਜੈਨੀ ਬਾਰੇ ਸੋਚਦਾ 'ਤੇ ਉਸ ਦੇ ਹੌਂਸਲੇ ਬਾਰੇ ਵੀ। ਮਾਰਕ ਦੇ ਮਨ ਵਿਚ ਜੈਨੀ ਦੀ ਇੱਜ਼ਤ ਹੋਰ ਵੀ ਵਧ ਗਈ ਸੀ। ਆਮ ਔਰਤ ਤੋਂ ਅਜਿਹੀ ਉਮੀਦ ਸੁਪਨੇ ਵਿਚ ਵੀ ਨਹੀਂ ਕੀਤੀ ਜਾ ਸਕਦੀ ਸੀ।

ਘੋੜਿਆਂ ਦੇ ਪੌੜਾਂ ਦੀ ਠੱਪ ਠੱਪ ਦੀ ਆਵਾਜ਼ ਨਾਲ ਹੀ ਉਸ ਦੀਆਂ ਸੋਚਾਂ ਦੌੜ ਰਹੀਆਂ ਸਨ। ਲੋਕ ਸੜਕ ਦੇ ਦੋਵੀਂ ਪਾਸੀਂ ਕੰਮਾਂ 'ਤੇ ਪਹੁੰਚਣ ਲਈ ਦੌੜ-ਭੱਜ ਰਹੇ ਸਨ। ਦੋਹ ਪਹੀਆਂ ਵਾਲੀਆਂ, ਚਾਰ ਪਹੀਆਂ ਵਾਲੀਆਂ, ਇਕ ਘੋੜੇ ਵਾਲੀਆਂ ਤੇ ਬਹੁ ਘੋੜਿਆਂ ਵਾਲੀਆਂ ਬੱਘੀਆਂ ਦੇ ਘੜਮੱਸ ਨਾਲ ਸੜਕਾਂ ਭਰੀਆਂ ਪਈਆਂ ਸਨ। ਕਈ ਥਾਂਈਂ ਲੋਕ ਸੜਕ ਕਰਾਸ ਕਰਨ ਲਈ ਉਤਾਵਲੇ ਹੋਏ ਖੜ੍ਹੇ ਸਨ। ਗੱਡੀਆਂ ਵਿਚੋਂ ਦੀ ਲੰਘਣ ਲਈ ਉਹਨਾਂ ਨੂੰ ਮੌਕਾ ਹੀ ਨਹੀਂ ਮਿਲ ਰਿਹਾ ਸੀ। ਕਈ ਭੱਜ ਕੇ ਟੇਢੇ ਵਿੰਗੇ ਹੁੰਦੇ ਆਪਣੀ ਜਾਨ 'ਤੇ ਖੇਲ੍ਹ ਕੇ ਲੰਘ ਜਾਂਦੇ। ਮਾਰਕ ਨੂੰ ਯਾਦ ਆਇਆ ਕੁਝ ਮਹੀਨੇ ਪਹਿਲਾਂ ਉਸ ਨੇ ਇਕ ਬੱਘੀ ਹੇਠ ਇਕ ਨੌਜਵਾਨ ਆਉਂਦਾ ਵੇਖਿਆ ਸੀ। ਸੜਕ ਲਹੂ ਲੁਹਾਣ ਹੋ ਗਈ ਤੇ ਨੌਜਵਾਨ ਬੇਹੋਸ਼ ਹੋ ਗਿਆ ਸੀ। ਕਾਫੀ ਦੇਰ ਰੌਲਾ ਪੈਂਦਾ ਰਿਹਾ ਤੇ ਐਨੇ ਚਿਰ ਵਿਚ ਨੌਜਵਾਨ ਆਖ਼ਰੀ ਸਾਹ ਲੈ ਕੇ ਦੁਨੀਆਂ ਨੂੰ ਅਲਵਿਦਾ ਕਰ ਚੁਕਿਆ ਸੀ। ਪੁਲੀਸ ਨੇ ਆ ਕੇ ਲੋਕਾਂ ਤੋਂ ਬਿਆਨ ਲਏ ਸਨ। ਸੋਚਦਾ ਮਾਰਕ ਚੁਸਤ ਜਿਹਾ ਹੋ ਕੇ ਬੈਠ ਗਿਆ।

"ਸਰ ਕਿੰਨੇ ਸਮੇਂ ਵਿਚ ਰੇਲ ਬਰਮਿੰਘਮ ਪਹੁੰਚੂ--?"

ਡਰਾਇਵਰ ਕਦੇ ਰੇਲ ਵਿਚ ਬੈਠਾ ਹੀ ਨਹੀਂ ਸੀ। ਉਹ ਆਪਣੇ ਖਿਆਲਾਂ ਵਿਚ ਹੀ ਰੇਲ ਦੇ ਸਫ਼ਰ ਬਾਰੇ ਸੋਚ ਰਿਹਾ ਸੀ। ਉਸ ਨੇ ਤਾਂ ਰੇਲ ਦੇ ਅੰਦਰ ਡੱਬੇ ਵਿਚ ਵੀ ਕਦੀ ਝਾਤ ਨਹੀਂ ਮਾਰੀ ਸੀ। ਰੇਲ ਵਿਚ ਸਫ਼ਰ ਕਰਨ ਦਾ ਚਾਅ ਉਸ ਨੂੰ ਕਦੀ ਪੂਰਾ ਹੋਣ ਦੀ ਉਮੀਦ ਵੀ ਨਹੀਂ ਸੀ।

"ਪੰਜ ਸਾਢੇ ਪੰਜ ਘੰਟੇ ਲੱਗ ਜਾਣਗੇ-----।"

ਮਾਰਕ ਨੇ ਦੂਰ ਤੱਕ ਨਜ਼ਰ ਮਾਰੀ। ਉਸ ਨੂੰ ਕੁਝ ਦੂਰ ਲੋਕਾਂ ਦਾ ਹਜੂਮ ਨਜ਼ਰ ਆਇਆ। ਗੱਡੀ ਦੀ ਚਾਲ ਟਰੈਫਿਕ ਕਾਰਨ ਧੀਮੀ ਹੋ ਗਈ ਸੀ। ਮਾਰਕ ਨੂੰ ਰੇਲ ਦਾ ਫ਼ਿਕਰ ਹੋਣ ਲੱਗਾ। ਕਿਤੇ ਉਸ ਨੂੰ ਦੇਰੀ ਹੀ ਨਾ ਹੋ ਜਾਵੇ। ਕੁਝ ਦੂਰ ਅੱਗੇ ਜਾ ਕੇ ਉਸ ਨੂੰ ਇਕੱਠ ਸਾਫ਼ ਦਿਸਣ ਲੱਗਾ।

ਪਾਰਲੀਮੈਂਟ ਸਕੁਐਰ ਵਿਚ ਲੋਕ ਇਕੱਠੇ ਹੋ ਰਹੇ ਸਨ। ਇਕ ਗੱਡੀ ਦੇ ਘੋੜੇ ਤਾਂ ਜੁਪੇ ਹੋਏ ਨਹੀਂ ਸਨ। ਉਸ ਗੱਡੀ ਦੇ ਪਿਛਲੇ ਪਾਸੇ ਇਕ ਬੰਦਾ ਪਾਰਲੀਮੈਂਟ ਦੀ ਬਿਲਡਿੰਗ ਵੱਲ ਮੂੰਹ ਕਰੀ ਖੜ੍ਹਾ ਸੀ। ਉਸ ਦੇ ਨਾਲ ਹੀ ਗੱਡੀ ਨੂੰ ਢੋਅ ਲਾਈ ਐਂਡੀ ਦਾ ਵੱਡਾ ਮੁੰਡਾ ਰਸਲ ਖੜ੍ਹਾ ਸੀ। ਬਾਕੀ ਦੇ ਲੋਕ ਹੱਥਾਂ ਵਿਚ ਬੈਨਰ ਲਈ ਉਸ ਬੰਦੇ ਨੂੰ ਸੁਣ ਰਹੇ ਸਨ। ਮਾਰਕ ਨੇ ਬੈਨਰ ਪੜ੍ਹਨ ਦਾ ਯਤਨ ਕੀਤਾ।

'ਚਾਰਟਿਸਟ ਮੂਵਮੈਂਟ—ਜ਼ਿੰਦਾਬਾਦ---।'

'ਹਰ ਪੁਰਸ਼ ਨੂੰ ਵੋਟ ਦਾ ਹੱਕ ਦਿਉ।'

'ਪਾਰਲੀਮੈਂਟ ਮੈਂਬਰ ਬਣਨ ਲਈ ਜਾਇਦਾਦ ਮਾਲਕੀ ਦੀ ਸ਼ਰਤ ਖਤਮ ਕਰੋ-।'

ਮਾਰਕ ਨੇ ਕੁਝ ਬੈਨਰ ਪੜ੍ਹੇ ਕੁਝ ਉਸ ਨੇ ਵਿਚੇ ਛੱਡ ਦਿੱਤੇ। ਉਸ ਦਾ ਧਿਆਨ ਰਸਲ ਐਡਵਿਨ ਵੱਲ ਗਿਆ। ਉਹ ਭਲਾ ਇਹਨਾਂ ਮਜ਼ਦੂਰਾਂ ਵਿਚ ਕੀ ਕਰ ਰਿਹਾ ਸੀ! ਉਸ ਨੇ ਕਾਹਲੀ ਨਾਲ ਇਕ ਵਾਰ ਫਿਰ ਨੀਝ ਲਾ ਕੇ ਮੁੰਡੇ ਵੱਲ ਵੇਖਿਆ। ਉਸ ਨੂੰ ਕੋਈ ਭੁਲੇਖਾ ਨਾ ਰਿਹਾ।

ਚਾਰਟਿਸਟ ਮੂਵਮੈਂਟ ਬਾਰੇ ਤਾਂ ਮਾਰਕ ਨੂੰ ਪਤਾ ਹੀ ਸੀ। ਮਾਰਕ ਕੀ ਸਭ ਨੂੰ ਹੀ ਪਤਾ ਸੀ। 1838 ਤੋਂ ਇਹ ਮੂਵਮੈਂਟ ਚੱਲੀ ਆ ਰਹੀ ਸੀ। ਉਹਨਾਂ ਦੀਆਂ ਛੇ ਮੰਗਾਂ ਸਨ। ਵੋਟ ਹਲਕੇ ਇਕੋ ਜਿਹੇ ਸਾਈਜ਼ ਦੇ ਹੋਣ, ਹਰੇਕ ਸਾਲ ਪਾਰਲੀਮੈਂਟ ਦੀਆਂ ਵੋਟਾਂ ਪੈਣ, ਵੋਟਾਂ ਵੀ ਲੁਕਵੇਂ ਢੰਗ ਨਾਲ ਪੈਣ ਆਦਿ। ਸਰਕਾਰ ਨੇ ਇਹਨਾਂ ਮੰਗਾਂ ਵੱਲ ਕੰਨ ਨਹੀਂ ਸੀ ਧਰਿਆ। ਜੂਨ 1839 ਦੇ ਨਿੱਘੇ ਦਿਨ ਸਾਢੇ ਬਾਰਾਂ ਲੱਖ ਲੋਕਾਂ ਦੇ ਦਸਤਖਤ ਕਰਵਾ ਕੇ ਲੀਡਰ ਚਾਰਟਿਸਟ ਪਟੀਸ਼ਨ ਪਾਰਲੀਮੈਂਟ ਵਿਚ ਪੇਸ਼ ਕਰਨ ਆਏ ਸਨ। ਸਰਕਾਰ ਨੇ ਚਾਰਟਿਸਟ ਪਟੀਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਤਾਂ ਲੋਕਾਂ ਵਿਚ ਭੜਕਾਹਟ ਪੈਦਾ ਹੋ ਗਈ ਸੀ। ਸਰਕਾਰ ਨੇ ਸਖ਼ਤੀ ਨਾਲ ਸਭ ਕੁਝ ਦਬਾ ਦਿੱਤਾ। ਮਾਰਕ ਨੇ ਅਜਿਹਾ ਕੁਝ ਅਖ਼ਬਾਰਾਂ ਵਿਚ ਪੜ੍ਹਿਆ ਤਾਂ ਜ਼ਰੂਰ ਸੀ। ਉਸ ਨੂੰ ਉਮੀਦ ਨਹੀਂ ਸੀ ਲੋਕ ਅਜਿਹਾ ਕਰ ਸਕਣਗੇ। ਅੱਜ ਉਹ ਅੱਖੀਂ ਵੇਖ ਰਿਹਾ ਸੀ। ਲੋਕਾਂ ਦਾ ਹਜੂਮ ਇਹੋ ਕੁਝ ਕਰ ਰਿਹਾ ਸੀ। ਇੰਗਲੈਂਡ ਭਰ ਵਿਚ ਲੋਕਾਂ ਦੀ ਇਹ ਪਹਿਲੀ ਜਥੇਬੰਦਕ ਕੋਸ਼ਿਸ਼ ਸੀ।

ਮਾਰਕ ਆਪਣੇ ਬਾਰੇ ਸੋਚਣ ਲੱਗਾ। ਜੇ ਮਾਨਚੈਸਟਰ ਵਿਚ ਵੀ ਅਜਿਹਾ ਹੀ ਹਾਲ ਹੋਇਆ ਤਾਂ ਮਜ਼ਦੂਰਾਂ ਨੂੰ ਸ਼ਾਂਤ ਕਰਨਾ ਉਸ ਲਈ ਔਖਾ ਹੋਣਾ ਸੀ। ਮਜ਼ਦੂਰ ਵੱਧ ਤਨਖਾਹਾਂ ਵੀ ਮੰਗ ਸਕਦੇ ਸਨ, ਕੰਮ ਹਾਲਤਾਂ ਨੂੰ ਚੰਗਾ ਬਣਾਉਣ ਦੀ ਮੰਗ ਰੱਖ ਸਕਦੇ ਸਨ, ਪਤਾ ਨਹੀਂ ਹੋਰ ਕੀ ਕੀ ਕਹਿ ਦੇਣ। ਮਾਰਕ ਦੇ ਮਨ ਵਿਚੋਂ ਜੈਨੀ ਦਾ ਖਿਆਲ ਨਿਕਲ ਗਿਆ ਸੀ। ਹੁਣ ਉਸ ਨੂੰ ਮਜ਼ਦੂਰਾਂ ਤੋਂ ਡਰ ਲੱਗਣ ਲੱਗਾ। ਉਸ ਦੇ ਮਨ ਵਿਚ ਆਇਆ ਉਹ

ਬਰਮਿੰਘਮ ਠਹਿਰਣ ਦੀ ਥਾਂ ਮਾਨਚੈਸਟਰ ਚਲਾ ਜਾਵੇ। ਉਸ ਨੇ ਡਰਾਇਵਰ ਨੂੰ ਜਲਦੀ ਚੱਲਣ ਦਾ ਇਸ਼ਾਰਾ ਕੀਤਾ।

ਮਾਰਕ ਨੇ ਕੁਝ ਸ਼ਬਦ ਐਂਡੀ ਨੂੰ ਲਿਖੇ। ਉਸ ਨੇ ਸਾਰਾ ਹਾਲ ਬਿਆਨ ਕੀਤਾ ਅਤੇ ਰਸਲ ਬਾਰੇ ਆਪਣਾ ਫਿਕਰ ਵੀ ਜ਼ਾਹਰ ਕੀਤਾ। ਪੁਲੀਸ ਜਾਂ ਫੌਜ ਨਾਲ ਲੋਕਾਂ ਦਾ ਟਕਰਾਅ ਹੋ ਸਕਦਾ ਸੀ। ਅਜਿਹੇ ਟਕਰਾਅ ਹੋਣ ਦੀ ਸੂਰਤ ਵਿਚ ਕੁਝ ਜਾਨਾਂ ਜਾ ਸਕਦੀਆਂ ਸਨ। ਰਸਲ ਨੂੰ ਰੋਕਣਾ ਬਹੁਤ ਜ਼ਰੂਰੀ ਸੀ। ਮਾਰਕ ਨੇ ਆਪਣਾ ਮਾਨਚੈਸਟਰ ਜਾਣਾ ਜ਼ਰੂਰੀ ਹੋਣ ਕਰਕੇ ਐਂਡੀ ਦੀ ਇਸ ਸਮੇਂ ਮਦਦ ਨਾ ਕਰ ਸਕਣ ਲਈ ਅਫ਼ਸੋਸ ਪ੍ਰਗਟ ਕੀਤਾ।

ਚਿੱਠੀ ਲਫਾਫੇ ਵਿਚ ਪਾ ਕੇ ਉਸ ਨੇ ਡਰਾਇਵਰ ਨੂੰ ਫੜਾ ਦਿੱਤੀ। ਉਸ ਨੇ ਚਿੱਠੀ ਐਂਡੀ ਤੱਕ ਸਟੇਸ਼ਨ ਤੋਂ ਮੁੜਦਿਆਂ ਪਹੁੰਚਾਉਣ ਦੀ ਤਾਕੀਦ ਕੀਤੀ। ਸਟੇਸ਼ਨ ਦੇ ਪਾਰਕ ਵਿਚ ਪਹੁੰਚ ਕੇ ਡਰਾਇਵਰ ਨੇ ਗੱਡੀ ਨੂੰ ਬਾਕੀ ਗੱਡੀਆਂ ਨਾਲ ਹੀ ਖੜ੍ਹਾ ਕੀਤਾ। ਕੁਝ ਡਰਾਇਵਰ ਗੱਡੀਆਂ ਵਿਚ ਬੈਠੇ ਸਵਾਰੀਆਂ ਦੀ ਉਡੀਕ ਕਰ ਰਹੇ ਸਨ। ਕੋਈ ਘੋੜਿਆਂ ਨੂੰ ਚਾਰਾ ਖਿਲਾ ਰਿਹਾ ਸੀ। ਕੁਝ ਤਿੰਨ-ਤਿੰਨ, ਚਾਰ-ਚਾਰ ਦੇ ਗਰੁੱਪ ਬਣਾਈ ਸਿਗਰਟਾਂ ਪੀਂਦੇ ਗੱਲਾਂ ਮਾਰ ਰਹੇ ਸਨ। ਉਹਨਾਂ ਦੀਆਂ ਗੱਲਾਂ ਮਾਰਦਿਆਂ ਦੀਆਂ ਨਿਗਾਹਾਂ ਵੀ ਸਵਾਰੀਆਂ ਦੀ ਭਾਲ ਕਰ ਰਹੀਆਂ ਸਨ। ਘੋੜਿਆਂ ਦੇ ਹਿਣਕਣ ਤੋਂ ਇੰਝ ਲਗਦਾ ਸੀ ਜਿਵੇਂ ਉਹ ਵੀ ਸਵਾਰੀਆਂ ਨੂੰ ਹਾਕਾਂ ਮਾਰ ਰਹੇ ਹੋਣ।

ਮਾਰਕ ਗੱਡੀ ਵਿਚੋਂ ਛਾਲ ਮਾਰ ਕੇ ਉੱਤਰ ਗਿਆ। ਡਰਾਇਵਰ ਨੇ ਘੋੜਿਆਂ ਦੀਆਂ ਵਾਗਾਂ ਨੂੰ ਅਜੇ ਵੀ ਹਲਕਾ ਜਿਹਾ ਖਿੱਚਿਆ ਹੋਇਆ ਸੀ। ਪਿਛਲੀ ਸੀਟ ਤੋਂ ਨੌਕਰ ਫੁਰਤੀ ਨਾਲ ਹੇਠਾਂ ਉੱਤਰਿਆ ਤੇ ਮਾਰਕ ਦਾ ਸਮਾਨ ਚੁੱਕ ਕੇ ਉਸ ਦੇ ਪਿੱਛੇ ਪਿੱਛੇ ਸਟੇਸ਼ਨ ਵੱਲ ਚਲਾ ਗਿਆ। ਡਰਾਇਵਰ ਨੇ ਘੋੜਿਆਂ ਦੀਆਂ ਧੌਣਾਂ ਨੂੰ ਖੁਰਕਿਆ। ਉਹਨਾਂ ਦੇ ਮੱਥਿਆਂ ਨੂੰ ਪਲੋਸਦਿਆਂ ਸ਼ਾਬਾਸ਼ ਦਿੱਤੀ। ਘੋੜਿਆਂ ਨੇ ਕੰਨ ਹਿਲਾ ਕੇ ਜਿਵੇਂ ਉਸ ਦੀ ਸ਼ਾਬਾਸ਼ ਲਈ ਧੰਨਵਾਦ ਕੀਤਾ ਹੋਵੇ। ਡਰਾਇਵਰ ਨੇ ਬਾਕੀ ਘੋੜਿਆਂ ਵੱਲ ਵੇਖਿਆ। ਕਈ ਸਾਰੇ ਸੁਸਤਾ ਰਹੇ ਸਨ। ਕੁਝ ਘੋੜੇ ਦੋਂਹ ਲੱਤਾਂ 'ਤੇ ਭਾਰ ਪਾਈ ਸਿਰ ਸੁੱਟੀ ਅੱਖਾਂ ਬੰਦ ਕਰੀ ਸੌਂ ਰਹੇ ਸਨ। ਉਹਨਾਂ ਦੇ ਇਕ ਅਗਲੇ ਤੇ ਇਕ ਪਿਛਲੇ ਖੁਰ ਦਾ ਅਗਲਾ ਹਿੱਸਾ ਮਾੜਾ ਜਿਹਾ ਧਰਤੀ ਨੂੰ ਛੋਹ ਰਿਹਾ ਸੀ। ਡਰਾਇਵਰ ਇਹ ਸਭ ਵੇਖ ਰਿਹਾ ਸੀ। ਐਨੇ ਨੂੰ ਨੌਕਰ ਆ ਗਿਆ ਤੇ ਡਰਾਇਵਰ ਨੇ ਗੱਡੀ ਤੋਰ ਲਈ।

--------------------

ਰੇਲ ਗੱਡੀ ਸਟੇਸ਼ਨ ਤੋਂ ਬਾਹਰ ਨਿਕਲ ਕੇ ਬਰਮਿੰਘਮ ਨੂੰ ਰਵਾਨਾ ਹੋ ਗਈ। ਖਿੜਕੀ ਵਿਚੋਂ ਦੀ ਮਾਰਕ ਦੂਰ ਤੱਕ ਫੈਲੇ ਖੇਤ ਅਤੇ ਉੱਚੀਆਂ ਨੀਵੀਆਂ ਪਹਾੜੀਆਂ 'ਤੇ ਹਰਿਆਵਲ ਦੇ ਮਨਮੋਹਨੇ ਦ੍ਰਿਸ਼ ਨੂੰ ਵੇਖ ਰਿਹਾ ਸੀ। ਕਿਸੇ ਖੇਤ ਵਿਚ ਗਾਊਆਂ ਚਰ ਰਹੀਆਂ ਸਨ। ਕਿਸੇ ਖੇਤ ਵਿਚ ਖੱਚਰ/ਘੋੜੇ ਹਿਣਕ ਰਹੇ ਸਨ। ਭੇਡਾਂ ਦੇ ਇੱਜੜ ਵੀ ਚਰਾਂਦਾਂ ਵਿਚ ਮਿਆਂ-ਮਿਆਂ ਕਰ ਰਹੇ ਸਨ ਭਾਂਵੇਂ ਰੇਲ ਦੇ ਖੜਾਕ ਵਿਚ ਮਾਰਕ ਨੂੰ ਸੁਣ ਨਹੀਂ ਰਹੇ ਸਨ। ਖੇਤਾਂ ਦਾ ਨਜ਼ਾਰਾ ਉਸ ਨੂੰ ਬਹੁਤ ਲੰਬੇ ਸਮੇਂ ਬਾਅਦ ਨਸੀਬ ਹੋਇਆ ਸੀ। ਇਕ ਪਤਲੀ ਜਿਹੀ ਔਰਤ ਲੇਲੇ ਨੂੰ ਗੋਦ ਵਿਚ ਚੁੱਕੀ ਰੇਲ ਨੂੰ ਹੈਰਾਨੀ ਨਾਲ ਵੇਖ ਰਹੀ ਸੀ। ਪਤਾ ਨਹੀਂ ਕਿਉਂ ਉਹ ਔਰਤ ਮਾਰਕ ਨੂੰ ਜੈਨੀ ਵਰਗੀ ਲੱਗੀ। ਉਸ ਦਾ ਮਨ ਇਕ ਵਾਰ ਫਿਰ ਜੈਨੀ ਦਾ ਖਿਆਲ ਆ ਜਾਣ ਨਾਲ ਅਨੰਦਿਤ ਹੋ ਗਿਆ।

ਘਰੋਂ ਚੱਲਣ ਵੇਲੇ ਤਾਂ ਉਸ ਦੇ ਮਨ ਵਿਚ ਸਿਰਫ ਜੈਨੀ ਹੀ ਸੀ। ਪਤਨੀ ਦੀ ਮੌਤ ਤੋਂ ਕਾਫੀ ਦੇਰ ਬਾਅਦ ਮਿਲੇ ਜੈਨੀ ਦੇ ਸਾਥ ਨੇ ਉਸ ਵਿਚ ਕੁਝ ਨਵਾਂ ਹੀ ਉੱਤਸ਼ਾਹ ਪੈਦਾ ਕਰ ਦਿੱਤਾ ਸੀ। ਚਾਰਟਿਸਟ ਮੂਵਮੈਂਟ ਦੇ ਦ੍ਰਿਸ਼ ਨੇ ਜੈਨੀ ਵਾਲੇ ਅਨੰਦਮਈ ਵਿਚਾਰਾਂ ਨੂੰ ਗ੍ਰਹਿਣ ਲਗਾ ਦਿੱਤਾ ਸੀ। ਹੁਣ ਜੈਨੀ ਨਾਲੋਂ ਵੱਧ ਰਸਲ ਉਸ ਦੇ ਮਨ ਵਿਚ ਘਰ ਕਰੀ ਬੈਠਾ ਸੀ। ਉਸ ਤੋਂ ਵੀ ਵੱਧ ਮਾਨਚੈਸਟਰ ਵਿਚ ਮਜ਼ਦੂਰਾਂ ਬਾਰੇ ਉਸ ਨੂੰ ਫਿਕਰ ਹੋ ਰਹੀ ਸੀ। ਜੇ ਉਥੇ ਵੀ ਮਜ਼ਦੂਰਾਂ ਵਿਚ ਅਜਿਹਾ ਹੀ ਉੱਤਸ਼ਾਹ ਹੋਇਆ ਤਾਂ ਹੜਤਾਲ ਨੂੰ ਤੋੜਨ ਲਈ ਕੁਝ ਨਾ ਕੁਝ ਮਜ਼ਦੂਰਾਂ ਨੂੰ ਦੇਣਾ ਹੀ ਪੈਣਾ ਸੀ। ਪਹਿਲੀਆਂ ਹੜਤਾਲਾਂ ਸਮੇਂ ਤਾਂ ਮਾਰਕ ਕੋਲ ਵਧੀਆ ਹਥਿਆਰ ਸਨ ਅਤੇ ਉਹਨਾਂ ਦਾ ਵਾਰ ਕਦੀ ਖਾਲੀ ਵੀ ਨਹੀਂ ਗਿਆ ਸੀ। ਉਹ ਪਹਿਲੀ ਮੀਟਿੰਗ ਵਿਚ ਹੀ ਮਜ਼ਦੂਰਾਂ ਦੇ ਲੀਡਰਾਂ ਨੂੰ ਦਫ਼ਤਰ ਵਿਚ ਗੱਲਬਾਤ ਲਈ ਸੱਦ ਲੈਂਦਾ। ਉਹਨਾਂ ਦੇ ਆਉਣ ਨਾਲ ਹੀ ਸਾਦਾ ਜਿਹਾ ਨਾਸ਼ਤਾ ਜਿਸ ਵਿਚ ਅੰਡਾ ਅਤੇ ਟੋਸਟ ਹੁੰਦਾ, ਆਰਡਰ ਕਰ ਦਿੰਦਾ। ਨਾਲ ਹੀ ਜੂਸ ਦਾ ਗਲਾਸ ਆ ਜਾਂਦਾ। ਮਜ਼ਦੂਰਾਂ ਨਾਲ ਬੈਠ ਕੇ ਹੀ ਆਪ ਵੀ ਉਹੀ ਨਾਸ਼ਤਾ ਕਰਦਾ। ਇੰਝ ਮਜ਼ਦੂਰਾਂ 'ਤੇ ਅਚੇਤ ਹੀ ਉਸ ਦੀ ਸਾਦਗੀ ਦਾ ਪ੍ਰਭਾਵ ਪੈ ਜਾਂਦਾ।

''ਦੋਸਤੋ ਭੁੱਖੇ ਢਿੱਡ ਗੱਲ ਕਰਨੀ ਮੁਸ਼ਕਲ ਹੁੰਦੀ ਐ। ਆਉ ਪਹਿਲਾਂ ਨਾਸ਼ਤਾ ਕਰ ਲਈਏ---।''

ਨਾਸ਼ਤਾ ਖਤਮ ਹੁੰਦਾ ਤਾਂ ਮਾਰਕ ਸਾਰਿਆਂ ਵੱਲ ਵੇਖਦਾ ਅਤੇ ਆਪਣੇ ਪਰਿਵਾਰਕ ਪਿਛੋਕੜ ਨੂੰ ਲੈ ਬਹਿੰਦਾ।

'ਮੇਰੇ ਮਾਂ ਬਾਪ ਮਜ਼ਦੂਰੀ ਕਰਦੇ ਕੋਇਲੇ ਦੀ ਖਾਨ ਵਿਚ ਇਕ ਹਾਦਸੇ ਦਾ ਸ਼ਿਕਾਰ ਹੋ ਗਏ ਸਨ। ਮੈਨੂੰ ਮਜ਼ਦੂਰਾਂ ਦੇ ਦੁੱਖਾਂ ਦਾ ਪਤਾ ਐ। ਮੈਂ ਆਪਣੇ ਪਿੰਡੇ 'ਤੇ ਸਾਰਾ ਕੁਝ ਹੰਢਾਇਆ ਐ---।'

ਮਾਰਕ ਉਹਨਾਂ ਨੂੰ ਗੱਲਾਂ-ਬਾਤਾਂ ਨਾਲ ਪ੍ਰਭਾਵਤ ਕਰਨ ਦਾ ਯਤਨ ਕਰਦਾ। ਸਾਦਾ ਦਿਲ ਮਜ਼ਦੂਰ ਉਸ ਨੂੰ ਆਪਣੇ ਵਿਚੋਂ ਹੀ ਇਕ 'ਕਿਸਮਤ ਦਾ ਧਨੀ' ਮਜ਼ਦੂਰ ਸਮਝਦੇ। ਬਹੁਤੀ ਵਾਰ ਉਹ ਉਹਨਾਂ ਨੂੰ ਪ੍ਰਭਾਵਤ ਕਰਨ ਵਿਚ ਸਫ਼ਲ ਹੋ ਜਾਂਦਾ। ਬਿਨਾਂ ਬਹੁਤੀ ਕੀਮਤ ਚੁਕਾਉਣ ਦੇ ਮਜ਼ਦੂਰਾਂ ਨਾਲ ਸਮਝੌਤਾ ਹੋ ਜਾਂਦਾ। ਪਰ ਇਸ ਵਾਰ ਹਾਲਾਤ ਵੱਖਰੇ ਵੀ ਹੋ ਸਕਦੇ ਸਨ। ਵੈਸੇ ਤਾਂ ਸਾਰੇ ਯੂਰਪ ਵਿਚ ਹੀ ਮਜ਼ਦੂਰ ਆਪਣੇ ਹੱਕਾਂ ਲਈ ਆਵਾਜ਼ ਉੱਚੀ ਕਰ ਰਹੇ ਸਨ। ਮਾਰਕ ਵਰਗੇ ਸਰਮਾਏਦਾਰ ਜਿਥੇ ਆਪ ਇਸ ਆਵਾਜ਼ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਹੱਥ ਕੰਡੇ ਵਰਤ ਰਹੇ ਸਨ, ਉੱਥੇ ਸਰਕਾਰਾਂ ਨੂੰ ਸਖ਼ਤੀ ਕਰਨ ਲਈ ਜ਼ੋਰ ਪਾ ਰਹੇ ਸਨ।

ਪੰਜ ਕੁ ਘੰਟੇ ਦਾ ਸਫ਼ਰ ਆਪਣੇ ਮਨ ਵਿਚ ਕਈ ਕਿਸਮ ਦੀਆਂ ਭੰਨ-ਤੋੜਾਂ ਕਰਦਿਆਂ ਬੀਤਿਆ। ਬਰਮਿੰਘਮ ਨੇੜੇ ਆਇਆ ਤਾਂ ਮਾਰਕ ਨੇ ਸਾਰੀਆਂ ਸੋਚਾਂ ਨੂੰ ਬਾਹਰ ਵਗਾਹ ਮਾਰਨ ਦਾ ਯਤਨ ਕੀਤਾ। ਉਹ ਜੈਨੀ ਨੂੰ ਚਾਂਸਲਰੀ ਲੇਨ ਦੇ ਸਟੇਸ਼ਨ 'ਤੇ ਆਪਣੀ ਉਡੀਕ ਵਿਚ ਖੜ੍ਹਿਆਂ ਚਿਤਰਣ ਲੱਗਾ। ਜੈਨੀ ਦੇ ਦੱਸੇ ਪਤੇ 'ਤੇ ਤਾਰ ਦੇ ਕੇ ਉਸ ਨੇ ਆਪਣੇ ਆਉਣ ਦਾ ਸਾਰਾ ਪ੍ਰੋਗਰਾਮ ਦੱਸ ਦਿੱਤਾ ਸੀ। ਕਿਸੇ ਚੰਗੇ ਜਿਹੇ ਹੋਟਲ ਵਿਚ ਕਮਰਾ ਬੁੱਕ ਕਰਨ ਦੀ ਵੀ ਜੈਨੀ ਨੂੰ ਬੇਨਤੀ ਕਰ ਦਿੱਤੀ ਸੀ। ਛੱਕ-ਛੱਕ ਕਰਦੀ ਗੱਡੀ ਚਾਂਸਲਰੀ ਲੇਨ ਦੇ ਸਟੇਸ਼ਨ 'ਤੇ ਜਾ ਪਹੁੰਚੀ। ਜੈਨੀ ਨੂੰ ਉਸ ਦੀਆਂ ਨਜ਼ਰਾਂ ਲੱਭਣ ਲੱਗੀਆਂ। ਕੁਝ ਦੇਰ ਸਟੇਸ਼ਨ 'ਤੇ ਖੜ੍ਹ ਕੇ ਉਸ ਨੇ ਧਿਆਨ ਨਾਲ ਹਰ ਪਾਸੇ ਨਜ਼ਰਾਂ ਘੁਮਾਈਆਂ, ਜੈਨੀ ਉਸ ਨੂੰ ਕਿਧਰੇ ਨਾ ਦਿੱਸੀ। ਉਸ ਦਾ ਚਾਅ ਬਰਫ਼ ਵਾਂਗ ਠੰਢਾ ਹੋ ਗਿਆ। ਨਿਰ-ਉੱਤਸ਼ਾਹਤ ਮਾਰਕ ਹੌਲੀ ਹੌਲੀ ਸਟੇਸ਼ਨ ਵਿਚੋਂ ਬਾਹਰ ਨਿਕਲਿਆ। ਉਹ ਅਗਲੇ ਕਦਮ ਬਾਰੇ ਸੋਚ ਰਿਹਾ ਸੀ।

ਸਟੇਸ਼ਨ ਦੇ ਬਾਹਰ ਉਸ ਨੇ ਸੱਜੇ-ਖੱਬੇ ਵੇਖਿਆ। ਹਰ ਪਾਸੇ ਘੋੜਾ ਗੱਡੀਆਂ ਆ ਜਾ ਰਹੀਆਂ ਸਨ। ਭਾਵੇਂ ਲੰਡਨ ਵਾਂਗ ਭੀੜ ਨਹੀਂ ਸੀ। ਅਸਮਾਨ ਵਿਚ ਫੈਕਟਰੀਆਂ ਦੇ ਧੂੰਏਂ ਦਾ ਗੁਬਾਰ ਸੀ। ਮਾਰਕ ਨੇ ਮਹਿਸੂਸ ਕੀਤਾ ਜਿਵੇਂ ਕਾਲਖ ਜ਼ਿੰਦਗੀ ਦਾ ਅਟੁੱਟ ਅੰਗ ਬਣ ਗਈ ਹੋਵੇ। ਉਸ ਨੇ ਮਾਨਚੈਸਟਰ ਦੀ ਟਰੇਨ ਦੇ ਸਮੇਂ ਦਾ ਪਤਾ ਕਰਕੇ ਮਾਨਚੈਸਟਰ ਜਾਣ ਬਾਰੇ ਸੋਚਿਆ। ਉਸ ਨੂੰ ਇਹ ਵਿਚਾਰ ਠੀਕ ਲੱਗਾ ਅਤੇ ਉਹ ਸਟੇਸ਼ਨ ਦੇ ਅੰਦਰ ਚਲਾ ਗਿਆ। ਟਿਕਟ ਖਿੜਕੀ ਅੱਗੇ ਜਾ ਕੇ ਉਸ ਨੇ ਮਾਨਚੈਸਟਰ ਵਾਲੀ ਰੇਲ ਦਾ ਪਤਾ ਕੀਤਾ। ਰੇਲ ਅਗਲੇ ਦਿਨ ਸਵੇਰੇ ਜਾਣੀ ਸੀ। ਉਹ ਨਿਮੋਝੂਣਾ ਜਿਹਾ ਫਿਰ ਬਾਹਰ ਆ ਗਿਆ ਅਤੇ ਟੈਕਸੀ ਲਈ ਪਾਰਕ ਵੱਲ ਨੂੰ ਜਾਣ ਲੱਗਾ। ਕਿਸੇ ਨੇ ਉਸ ਨੂੰ ਪਿੱਛੋਂ ਆ ਕੇ ਜੱਫੀ ਪਾ ਲਈ। ਜੈਨੀ ਬਿਨਾਂ ਹੋਰ ਕੌਣ ਹੋ ਸਕਦਾ ਸੀ!

ਛਿਪਦਾ ਸੂਰਜ ਇਕ ਵਾਰ ਫਿਰ ਤੋਂ ਚੜ੍ਹਨ ਲੱਗਾ। ਸਾਰੇ ਬਰਮਿੰਘਮ ਵਿਚੋਂ ਕਾਲਖ ਛਟ ਗਈ। ਧੂੰਆਂ ਪਤਾ ਨਹੀਂ ਕਿੱਧਰ ਅਲੋਪ ਹੋ ਗਿਆ। ਜੇ ਕੁਝ ਬਾਕੀ ਸੀ ਤਾਂ ਸਿਰਫ ਜੈਨੀ ਦੀ ਮੁਸਕਰਾਹਟ ਜੋ ਚੰਦ ਦੀ ਚਿੱਟੀ ਚਾਨਣੀ ਵਾਂਗ ਚਮਕ ਰਹੀ ਸੀ।

''ਸੌਰੀ ਕੁਝ ਲੇਟ ਹੋ ਗਈ, ਡਾਰਲਿੰਗ।'' ਜੈਨੀ ਨਿੱਘੇ ਚੁੰਮਣ ਨਾਲ ਮਾਰਕ ਨਾਲ ਲਿਪਟ ਗਈ। ਮਾਰਕ ਦੀ ਮੁਸਕਰਾਹਟ ਕੰਨਾ ਤੱਕ ਫੈਲ ਗਈ।

ਟੈਕਸੀ ਲੈ ਕੇ ਉਹ 'ਨੈਸ਼ਨਲ ਪਰਾਈਡ' ਹੋਟਲ ਵਿਚ ਆ ਗਏ। ਸਮਾਨ ਬਹਿਰੇ ਨੇ ਉਹਨਾਂ ਦੇ ਕਮਰੇ ਵਿਚ ਪਹੁੰਚਾ ਦਿੱਤਾ। ਦੋ ਤਿੰਨ ਘੰਟੇ ਮਾਰਕ ਨਾਲ ਬਿਤਾ ਕੇ ਜੈਨੀ ਘਰ ਆ ਗਈ। ਉਸ ਵੇਲੇ ਤੱਕ ਕੈਪਟਨ ਆਪਣੀ ਸ਼ਾਮ ਦੀ ਰੰਗਤ ਵਿਚ ਰੰਗਣਾ ਸ਼ੁਰੂ ਹੋ ਗਿਆ ਸੀ। ਜੈਨੀ ਨੇ ਬਿਨਾਂ ਕੁਝ ਕਹੇ ਆਪਣਾ ਕਰੋਸ਼ੀਏ ਦਾ ਫੈਸ਼ਨੇਬਲ ਸ਼ਾਲ ਲਾਹ ਕੇ ਧਿਆਨ ਨਾਲ ਟੰਗ ਦਿੱਤਾ। ਉਸ ਦੇ ਸਿਰ ਦੇ ਵਾਲ ਵਿਚਾਲਿਉਂ ਚੀਰ ਕੱਢ ਕੇ ਚੰਗੀ ਤਰ੍ਹਾਂ ਸੰਵਾਰੇ ਹੋਏ ਸਨ। ਕੰਨਾਂ 'ਤੇ ਵਾਲਾਂ ਦੇ ਗੋਲ ਛੱਲੇ ਬਣਾਏ ਹੋਏ ਸਨ। ਢਲਵੇਂ ਮੋਢਿਆਂ ਵਾਲਾ ਬਲਾਊਜ ਅਤੇ ਗੋਲ ਘੇਰੇਦਾਰ ਸਕਰਟ ਵਿਚ ਉਹਦੀ ਸੁੰਦਰਤਾ ਡੁੱਲ੍ਹ-ਡੁੱਲ੍ਹ ਪੈਂਦੀ ਸੀ। ਕੱਪੜੇ ਬਦਲ ਕੇ ਉਹ ਕਿਚਨ ਵਿਚ ਚਲੀ ਗਈ। ਕੈਪਟਨ ਨੇ ਉਸ ਵੱਲ ਕੁਨੱਖੀਏਂ ਵੇਖਿਆ ਅਤੇ ਗਲਾਸ ਚੁੱਕ ਲਿਆ।

ਕੈਪਟਨ ਹੁਣ ਬਹੁਤਾ ਚੁੱਪ-ਚਾਪ ਰਹਿੰਦਾ। ਕੁਝ ਦੇਰ ਪਹਿਲਾਂ ਜੈਨੀ ਨੇ ਅਜਿਹੀ ਹਰਕਤ ਕੀਤੀ ਹੁੰਦੀ ਤਾਂ ਉਹ ਉਸ ਨੂੰ ਮਜ਼ਾ ਚਖਾ ਦਿੰਦਾ। ਹੁਣ ਤਾਂ ਸਾਰੇ ਦੇਸ਼ ਵਿਚ ਹੀ ਮਜ਼ਦੂਰਾਂ ਦੇ ਹਾਲਾਤ ਬਦਲ ਗਏ ਸਨ। ਪਿਛਲੇ ਸਾਲਾਂ ਵਿਚ ਜਨਾਨੀਆਂ ਨੇ ਕਈ ਸਾਰੀਆਂ ਜਥੇਬੰਦੀਆਂ ਬਣਾਈਆਂ ਸਨ। ਜਿਹਨਾਂ ਵਿਚ ਐਂਟੀ ਸਲੇਵਰੀ

ਸੁਸਾਇਟੀ, ਨੈਸ਼ਨਲ ਸੁਸਾਇਟੀ ਵਰਗੀਆਂ ਜਥੇਬੰਦੀਆਂ ਬਣਾਉਣ ਵਿਚ ਸੋਫੀ ਸਟਰੂਜ, ਅੰਨਾ ਰਿਚਰਡਸਨ ਅਤੇ ਅਲਿਜਾਬੈਥ ਪੀਜ਼ ਨਿਕੋਲ ਵਰਗੀਆਂ ਔਰਤਾਂ ਨੂੰ ਸਭ ਜਾਣਦੇ ਸਨ। ਇਹਨਾਂ ਸੁਸਾਇਟੀਆਂ ਨਾਲ ਔਰਤਾਂ ਦੇ ਹੌਂਸਲੇ ਬੁਲੰਦ ਹੋ ਗਏ ਸਨ। ਸਮਾਜ ਵਿਚ ਔਰਤਾਂ ਆਪਣੇ ਆਪ ਨੂੰ ਇਕ ਤਕੜੀ ਸ਼ਕਤੀ ਸਮਝਣ ਲੱਗੀਆਂ ਸਨ। ਔਰਤਾਂ ਭਾਵੇਂ ਆਜ਼ਾਦ ਨਹੀਂ ਸਨ ਹੋਈਆਂ ਪਰ ਸੋਚ ਦੀ ਤਬਦੀਲੀ ਨੇ ਹੀ ਉਹਨਾਂ ਵਿਚ ਫਰਕ ਪਾ ਦਿੱਤਾ ਸੀ। ਕੈਪਟਨ ਵਰਗੇ ਬੰਦੇ ਕੋਈ ਪੰਗਾ ਲੈਣ ਤੋਂ ਜਰਕਣ ਲੱਗੇ ਸਨ।

ਸ਼ਾਮ ਨੂੰ ਖਾਣਾ ਤਿਆਰ ਕਰਕੇ ਉਸ ਨੇ ਕੈਪਟਨ ਨੂੰ ਦਿੱਤਾ। ਕੈਪਟਨ ਖਾਣਾ ਰਾਤ ਨੂੰ ਘੱਟ ਹੀ ਖਾਂਦਾ ਸੀ। ਪੀਣਾ ਹੀ ਉਸ ਦਾ ਖਾਣਾ ਸੀ। ਕੈਪਟਨ ਆਪਣੇ ਕਮਰੇ ਵਿਚ ਸੌਂ ਗਿਆ ਸੀ। ਜੈਨੀ ਮਲਕੜੇ ਮਾਰਕ ਨੂੰ ਮਿਲਣ ਚਲੀ ਗਈ। ਮਾਰਕ ਦਾ ਹੋਟਲ ਉਸ ਨੇ ਘਰ ਦੇ ਨੇੜੇ ਹੀ ਬੁੱਕ ਕਰਾਇਆ ਸੀ। ਰਾਤ ਨੂੰ ਪਿਆਰ ਮਿਲਣੀ ਦਾ ਸੁਆਦ ਵੱਖਰਾ ਹੀ ਸੀ। ਤਿੰਨ ਚਾਰ ਵਜੇ ਤੱਕ ਤਾਂ ਕੈਪਟਨ ਦੀ ਅੱਖ ਨਹੀਂ ਖੁੱਲ੍ਹਣੀ ਸੀ ਤੇ ਉਦੋਂ ਤੱਕ ਉਸ ਨੇ ਮਾਰਕ ਨੂੰ ਸੌਣ ਨਹੀਂ ਸੀ ਦੇਣਾ। ਸਮੇਂ ਸਿਰ ਉਹ ਘਰ ਆ ਕੇ ਸੌਂ ਗਈ।

ਅਗਲੇ ਦਿਨ ਲੰਚ ਉਸ ਨੇ ਮਾਰਕ ਨਾਲ ਕੀਤਾ। ਮਾਰਕ ਦੇ ਤੰਗ ਪਤਲੂਨ ,ਵੇਸਟ ਕੋਟ ਅਤੇ ਖੜ੍ਹਵੇਂ ਕਾਲਰਾਂ ਵਾਲੀ ਸ਼ਰਟ ਪਾਈ ਹੋਈ ਸੀ। ਲੰਬੇ ਵਾਲਾਂ ਨੂੰ ਉਸ ਨੇ ਵਿਚਾਲਉਂ ਚੀਰ ਕੱਢ ਕੇ ਪਿੱਛੇ ਬੰਨ੍ਹਿਆ ਹੋਇਆ ਸੀ। ਦਾੜ੍ਹੀ ਸਫਾ ਚੱਟ ਪਰ ਸਾਈਡਾਂ 'ਤੇ ਲੰਬੀਆਂ ਕਲਮਾਂ ਰੱਖੀਆਂ ਹੋਈਆਂ ਸਨ। ਨਕਟਾਈ ਬੰਨ੍ਹੀ ਉਹ ਜੈਨੀ ਦੀ ਧੁਰ ਆਤਮਾ ਵਿਚ ਵਾਸ ਕਰ ਗਿਆ ।

''ਕੈਪਟਨ ਦਾ ਕੀ ਹਾਲ ਐ ਜੈਨੀ? ਮੈਨੂੰ ਉਸ 'ਤੇ ਤਰਸ ਆਉਂਦਾ--।''

ਜੈਨੀ ਨੇ ਡਰੈਸ ਵਿਚੋਂ ਦਿਸਦੇ ਨੰਗੇ ਮੋਢਿਆਂ ਨੂੰ ਛੰਡਿਆ।

''ਸਾਡੇ ਵਿਚਲਾ ਰਿਸ਼ਤਾ ਬਹੁਤ ਬਦਲ ਗਿਆ ਐ। ਹੁਣ ਮੈਂ ਨਾ ਤਾਂ ਉਸ ਨੂੰ ਕੁਝ ਕਹਿ ਸਕਦੀ ਆਂ ਤੇ ਨਾ ਹੀ ਉਹ ਕੁਝ ਸੁਣਦਾ। ਇਕ ਅੱਧ ਵਾਰ ਮੈਂ ਘੱਟ ਸ਼ਰਾਬ ਪੀਣ ਨੂੰ ਕਿਹਾ ਤਾਂ ਉਹ ਕਹਿੰਦਾ ਚੰਗਾ ਤੈਨੂੰ ਤੇਰੇ ਯਾਰ ਨਾਲ ਮਿਲਣ ਦੀ ਖੁੱਲ੍ਹ ਹੋ ਜੂ। ਮੈਂ ਹੁਣ ਕਦੀ ਕੁਝ ਨਹੀਂ ਕਿਹਾ। ਮੈਨੂੰ ਉਸ ਦਾ ਫਿਕਰ ਵੀ ਹੁੰਦਾ ਪਰ---। ਵੈਸੇ ਉਸ ਨਾਲ ਰਹਿਣਾ ਬਹੁਤ ਔਖਾ ਐ---।''

ਜੈਨੀ ਨੇ ਅੱਖਾਂ ਭਰ ਲਈਆਂ। ਮਾਰਕ ਗੰਭੀਰ ਹੋ ਗਿਆ। ਉਸ ਦਾ ਦਿਲ ਕਰਦਾ ਸੀ ਜੈਨੀ ਨੂੰ ਆਪਣੇ ਨਾਲ ਆਉਣ ਲਈ ਕਹੇ ਪਰ ਉਸ ਨੂੰ ਹੌਂਸਲਾ ਨਾ ਪਿਆ। ਦੋ ਦਿਨਾਂ ਬਾਅਦ ਮਾਰਕ ਵਾਪਿਸੀ 'ਤੇ ਜੈਨੀ ਨੂੰ ਮਿਲਣ ਦਾ ਵਾਇਦਾ ਕਰਕੇ ਮਾਨਚੈਸਟਰ ਚਲਾ ਗਿਆ।

ਮਾਨਚੈਸਟਰ ਪਹੁੰਚ ਕੇ ਪਹਿਲਾਂ ਉਸ ਨੇ ਲਿੰਨ ਨਾਲ ਗੱਲਬਾਤ ਕੀਤੀ। ਸਾਰੇ ਹਾਲਾਤ ਦੀ ਮੋਟੀ ਜਾਣਕਾਰੀ ਲੈਣ ਬਾਅਦ ਉਸ ਦਾ ਫਿਕਰ ਵਧ ਗਿਆ। ਸਰਕਾਰ ਨੇ ਚਾਰਟਿਸਟ ਮੂਵਮੈਂਟ ਨੂੰ ਖੋਰਾ ਲਗਾਉਣ ਲਈ ਜਿਥੇ ਸਖ਼ਤੀ ਕੀਤੀ ਉਥੇ ਸਿਆਸੀ ਦਾਅ ਪੇਚ ਵੀ ਖੇਡੇ। ਸਰਕਾਰ ਨੇ ਮਜ਼ਦੂਰ ਯੂਨੀਅਨਾਂ ਨੂੰ ਇਕ ਦੂਜੀ ਯੂਨੀਅਨ ਨਾਲ ਸਹਿਯੋਗ ਦੀ ਇਜਾਜ਼ਤ ਦੇ ਦਿੱਤੀ। ਦੂਜੇ ਸ਼ਬਦਾਂ ਵਿਚ ਯੂਨੀਅਨਾਂ ਸੰਘੀ ਢਾਂਚਾ ਬਣਾ ਸਕਦੀਆਂ ਸਨ। ਸਰਕਾਰ ਨੂੰ ਉਮੀਦ ਸੀ ਅਜਿਹਾ ਕਰਕੇ ਮਜ਼ਦੂਰਾਂ ਨੂੰ ਉਹ ਅਸਲੀ ਮੰਗਾਂ ਤੋਂ ਦੂਰ ਲਿਜਾਣ ਵਿਚ ਸਫ਼ਲ ਹੋ ਜਾਣਗੇ। ਵੈਸੇ ਵੀ ਮਜ਼ਦੂਰ ਇਕ ਦੂਸਰੀ ਯੂਨੀਅਨ ਨਾਲ ਮੇਲ ਮਿਲਾਪ ਤਾਂ ਰਖਦੇ ਹੀ ਸਨ। ਚਾਰਟਿਸਟ ਮੂਵਮੈਂਟ ਵਿਚ ਬਹੁਤ ਸਾਰੀਆਂ ਯੂਨੀਅਨਾਂ ਇਕੱਠੀਆਂ ਲੜਾਈ ਲੜ ਰਹੀਆਂ ਸਨ। ਸੋ ਸਰਕਾਰ ਨੇ ਇਸ ਦੀ ਇਜ਼ਾਜ਼ਤ ਦੇ ਕੇ ਅਹਿਸਾਨ ਕਰਨ ਦਾ ਯਤਨ ਹੀ ਕੀਤਾ ਸੀ। ਮਾਰਕ ਲਈ ਸਥਿਤੀ ਔਖੀ ਬਣ ਗਈ ਸੀ।

ਮਾਨਚੈਸਟਰ ਵਿਚ ਵੀ ਹਾਲਾਤ ਲੰਡਨ ਵਰਗੇ ਹੀ ਸਨ। ਮਜ਼ਦੂਰਾਂ ਦੇ ਹੌਂਸਲੇ ਸਿਖਰਾਂ ਨੂੰ ਛੂਹ ਰਹੇ ਸਨ। ਬਾਕੀ ਦੇ ਯੂਰਪ ਦੀਆਂ ਖ਼ਬਰਾਂ ਵੀ ਉਹਨਾਂ ਦੇ ਕੰਨੀ ਪੈ ਜਾਂਦੀਆਂ ਤੇ ਉਹਨਾਂ ਨੂੰ ਲਗਦਾ ਜਿੱਤ ਦਾ ਝੰਡਾ ਝਲਾਉਣ ਵਿਚ ਦੇਰ ਨਹੀਂ ਸੀ। ਮਾਰਕ ਸਾਰੀ ਰਾਤ ਸੌਂ ਨਾ ਸਕਿਆ। ਸਾਰੀ ਰਾਤ ਦੀ ਸੋਚ ਵਿਚਾਰ ਬਾਅਦ ਉਸ ਨੇ ਆਪਣੇ ਪੁਰਾਣੇ ਹੱਥ ਕੰਡੇ ਹੀ ਵਰਤਣ ਦਾ ਮਨ ਬਣਾ ਲਿਆ।

ਮਜ਼ਦੂਰਾਂ ਦੇ ਲੀਡਰਾਂ ਨੂੰ ਉਸ ਨੇ ਆਪਣੇ ਦਫ਼ਤਰ ਵਿਚ ਸੱਦ ਲਿਆ। ਜਦ ਉਹ ਅੰਦਰ ਆਏ ਤਾਂ ਉੱਠ ਕੇ ਸਾਰਿਆਂ ਨਾਲ ਹੱਥ ਮਿਲਾਇਆ ਜਿਵੇਂ ਉਹ ਉਸ ਦੇ ਨਿੱਜੀ ਦੋਸਤ ਹੋਣ। ਕੁਰਸੀਆਂ 'ਤੇ ਬੈਠਾਦਿਆਂ ਉਸ ਨੇ ਗੱਲ ਜ਼ਾਰੀ ਰੱਖੀ।

''ਅਫ਼ਸੋਸ ਮੈਂ ਜਲਦੀ ਨਹੀਂ ਆ ਸਕਿਆ। ਕਈ ਦਿਨ ਮੈਂ ਬਿਮਾਰ ਰਿਹਾ। ਅਜੇ ਵੀ ਡਾਕਟਰ ਮੈਨੂੰ ਆਰਾਮ ਕਰਨ ਲਈ ਕਹਿ ਰਿਹਾ ਸੀ। ਖੈਰ ਹੜਤਾਲ ਐਨਾ ਸਮਾਂ ਚੱਲਣੀ ਨਹੀਂ ਸੀ ਚਾਹੀਦੀ। ਹੜਤਾਲ ਦੇ ਦਿਨਾਂ ਵਿਚ ਮਜ਼ਦੂਰਾਂ ਦੇ ਪਰਿਵਾਰਾਂ ਦਾ ਜੋ ਹਾਲ ਹੁੰਦਾ ਮੈਨੂੰ ਪਤਾ ਐ। ਆਪਾਂ ਦੋਸਤਾਨਾ ਮਹੌਲ ਵਿਚ ਮਾਮਲਾ ਨਜਿੱਠ ਲੈਣਾ

ਸੀ। ਲਉ ਪਹਿਲਾਂ ਨਾਸ਼ਤਾ ਕਰ ਲਈਏ ਫਿਰ ਗੱਲ ਕਰਦੇ ਆਂ---।" ਨਾਸ਼ਤਾ ਆ ਗਿਆ। ਮਜ਼ਦੂਰ ਲੀਡਰ ਇਕ ਦੂਜੇ ਵੱਲ ਵੇਖਣ ਲੱਗੇ।

"ਭਾਈ ਨਾਸ਼ਤਾ ਕਰ ਲਵੋ। ਮੈਂ ਧਾਰਮਿਕ ਬਿਰਤੀ ਵਾਲਾ ਬੰਦਾ ਆਂ ਤੇ ਧਰਮ, ਮੋਹ-ਪਿਆਰ ਅਤੇ ਸਹਿਚਾਰ ਦੀ ਸਿੱਖਿਆ ਦਿੰਦਾ---।"

ਮਜ਼ਦੂਰਾਂ ਨੇ ਨਾਸ਼ਤਾ ਖਾਣਾ ਸ਼ੁਰੂ ਕਰ ਦਿੱਤਾ। ਨਾਸ਼ਤਾ ਖਤਮ ਕਰਕੇ ਜੂਸ ਪੀ ਕੇ ਉਹ ਸ਼ਾਂਤ-ਚਿੱਤ ਉਹਨਾਂ ਵੱਲ ਵੇਖਣ ਲੱਗਾ। ਗੱਲੀਂ-ਬਾਤੀਂ ਉਹ ਉਹਨਾਂ ਵਿਚੋਂ ਸਭ ਤੋਂ ਨਰਮ ਤਬੀਅਤ ਦੇ ਬੰਦੇ ਦੀ ਚੋਣ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

"ਹਾਂ ਬਈ ਦੱਸੋ ਕੀ ਮੰਗਾਂ ਐ-----?" ਮਾਰਕ ਦਾ ਸਵੈ-ਵਿਸ਼ਵਾਸ਼ ਮਜ਼ਦੂਰਾਂ ਦੇ ਵਿਸ਼ਵਾਸ਼ 'ਤੇ ਭਾਰੂ ਹੋ ਰਿਹਾ ਸੀ।

"ਜੀ ਮੰਗਾਂ---ਮੰਗਾਂ ਤਾਂ ਥੋਨੂੰ ਪਤਾ ਈ ਐ! ---ਮਹੀਨੇ ਭਰ ਤੋਂ ਸਾਡੇ ਬੱਚੇ ਭੁੱਖੇ ਐ। ਅਸੀਂ ਸਿਰਫ਼ ਬਰੈਡ 'ਤੇ ਗੁਜ਼ਾਰਾ ਕਰ ਰਹੇ ਆਂ ਤੇ ਥੋਨੂੰ ਅਜੇ ਮੰਗਾਂ ਦਾ ਵੀ ਪਤਾ ਨਹੀਂ---!" ਕਰੜ-ਬਰੜੀ ਦਾਹੜੀ ਵਾਲੇ ਮਜ਼ਦੂਰ ਦੀਆਂ ਅੱਖਾਂ ਵਿਚ ਮਾਰਕ ਨੇ ਗੁੱਸਾ ਵੇਖਿਆ।

"ਮੰਗਾਂ ਦਾ ਮੈਨੂੰ ਪਤਾ ਐ। ਆਪਾਂ ਗੱਲ ਕਰਨ ਬੈਠੇ ਆਂ ਤਾਂ ਚੰਗਾ ਐ ਤੁਸੀਂ ਮੰਗਾਂ ਬਿਆਨ ਕਰੋ ਤੇ ਮੈਂ ਮੰਨਣ ਯੋਗ ਮੰਗਾਂ ਮੰਨ ਲਵਾਂ ਤੇ ਜਿਹੜੀਆਂ ਨਹੀਂ ਮੰਨੀਆਂ ਜਾ ਸਕਦੀਆਂ ਉਹਨਾਂ ਨੂੰ ਨਾ-ਮੰਨਣ ਦੇ ਕਾਰਨ ਮੈਂ ਦੱਸਾਂ-----।"

ਮਾਰਕ ਨੇ ਗੱਲ ਦਾ ਸਿਰਾ ਫਿਰ ਤੋਂ ਆਪਣੇ ਹੱਥ ਲੈ ਲਿਆ। ਇਸ ਵੇਲੇ ਤੱਕ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਫੈਸਲਾ ਇਕ ਮੀਟਿੰਗ ਵਿਚ ਨਹੀਂ ਹੋ ਸਕਣਾ।

"ਪਿਛਲੇ ਸਾਲਾਂ ਵਿਚ ਮਜ਼ਦੂਰਾਂ ਦੀ ਤਨਖਾਹ ਨਾ-ਬਰਾਬਰ ਈ ਵਧੀ ਐ ਤੇ ਬਾਕੀ ਚੀਜ਼ਾਂ ਦੀਆਂ ਕੀਮਤਾਂ ਅਸਮਾਨੀ ਜਾ ਲੱਗੀਆਂ---।" ਕਹਿ ਕੇ ਕਰੜ-ਬਰੜੀ ਦਾਹੜੀ ਵਾਲੇ ਨੇ ਜੇਬ ਵਿਚੋਂ ਕੁਝ ਕਾਗਜ਼ ਕੱਢੇ ਤੇ ਮੇਜ਼ 'ਤੇ ਵਿਛਾ ਦਿੱਤੇ।

"1750 ਤੋਂ 1830 ਤੱਕ ਮਜ਼ਦੂਰਾਂ ਦੀਆਂ ਤਨਖਾਹਾਂ ਅਸਲ ਵਿਚ ਘਟੀਆਂ—ਆਹ ਵੇਖੋ---।"

ਉਸ ਨੇ ਮਾਰਕ ਅੱਗੇ ਵਿਸਥਾਰ ਨਾਲ ਸਬੂਤ ਰੱਖ ਦਿੱਤੇ। ਮਾਰਕ ਨੂੰ ਵੀ ਪਤਾ ਸੀ ਜਿਵੇਂ ਕਾਰਖਾਨੇ ਲਗਦੇ ਗਏ ਤਿਵੇਂ ਮਜ਼ਦੂਰ ਖੇਤੀ ਦੀ ਥਾਂ ਕਾਰਖਾਨਿਆਂ ਵਿਚ ਆਉਣ ਲੱਗੇ। ਖੇਤੀ ਵਿਚ ਨਵੀਆਂ ਮਸ਼ੀਨਾਂ ਕਾਰਣ ਮਜ਼ਦੂਰਾਂ ਦੀ ਮੰਗ ਘਟ ਗਈ ਸੀ। ਸ਼ਹਿਰਾਂ ਵਿਚ ਮਜ਼ਦੂਰਾਂ ਦੀ ਗਿਣਤੀ ਵਧ ਗਈ। ਕਾਰਖਾਨੇਦਾਰਾਂ ਨੂੰ ਮਜ਼ਦੂਰ ਆਮ ਮਿਲਦੇ ਸਨ। ਉਹਨਾਂ ਨੂੰ ਤਨਖਾਹਾਂ ਵਧਾਉਣ ਦੀ ਕੀ ਲੋੜ ਸੀ!

"ਆਹ ਤਾਂ ਬਈ ਮੇਰੇ ਲਈ ਨਵੀਂ ਜਾਣਕਾਰੀ ਐ। ਪਰ ਆਪਾਂ ਤਾਂ ਆਪਣੀ ਫੈਕਟਰੀ ਦੀ ਗੱਲ ਕਰਦੇ ਆਂ। ਪਿਛਲੇ ਸਾਲਾਂ ਵਿਚ ਕੰਪਨੀ ਨੇ ਮਸ਼ੀਨਾਂ 'ਤੇ ਬਹੁਤ ਪੈਸਾ ਖਰਚਿਆ। ਬੈਂਕ ਦੀਆਂ ਕਿਸ਼ਤਾਂ ਬਹੁਤ ਭਾਰੀ ਐ। ਸਾਰੇ ਖਰਚੇ ਮੈਂ ਕਾਰਖਾਨੇ ਦੀ ਆਮਦਨ ਵਿਚੋਂ ਹੀ ਪੂਰੇ ਕਰਨੇ ਐ---।"

ਗੱਲ ਕਰਦਿਆਂ ਮਾਰਕ ਨੇ ਆਪਣਾ ਹੱਥ ਮੈਨੇਜਰ ਵੱਲ ਵਧਾਇਆ। ਉਸ ਨੇ ਬੈਂਕ ਦਾ ਕਾਗਜ਼ ਪੱਤਰ ਉਸ ਅੱਗੇ ਕਰ ਦਿੱਤਾ ਜਿਸ ਵਿਚ ਪਿਛਲੇ ਦੋਂਹ ਸਾਲਾਂ ਦੇ ਅਕਾਊਂਟ ਵੀ ਸਨ ਜਿਹਨਾਂ ਵਿਚ ਬੈਂਕ ਦਾ ਕਰਜ਼ਾ ਖੜ੍ਹਾ ਸੀ। ਮਾਰਕ ਨੂੰ ਯਕੀਨ ਸੀ ਮਜ਼ਦੂਰਾਂ ਵਿਚੋਂ ਕੋਈ ਅਕਾਂਊਂਟੈਂਟ ਨਹੀਂ ਸੀ ਜਿਹੜਾ ਅਸਲ ਵਿਚ ਅਕਾਂਊਂਟ ਨੂੰ ਸਮਝ ਸਕਦਾ। ਮਾਰਕ ਨੇ ਸਾਰੇ ਕਾਗਜ਼ ਕਰੜ-ਬਰੜੀ ਦਾਹੜੀ ਵਾਲੇ ਅੱਗੇ ਕਰ ਦਿੱਤੇ।

"ਲਉ ਤੁਸੀਂ ਵੇਖ ਲਉ। ਇੰਡੀਆ ਦੀ ਮੰਡੀ ਵਿਚ ਵੀ ਮੰਗ ਘਟ ਗਈ ਐ। ਫੈਕਟਰੀਆਂ ਬਹੁਤ ਲੱਗ ਗਈਆਂ। ਕੱਪੜੇ ਦੀ ਕੀਮਤ ਘੱਟ ਗਈ ਐ। ਇਸ ਨਾਲ ਹੋਰ ਵੀ ਔਖ ਹੋ ਗਈ ਐ। ਫਿਰ ਵੀ ਮੈਂ ਚਾਹੁੰਨਾ ਜੋ ਵੀ ਤੁਹਾਡੇ ਲਈ ਹੋ ਸਕਦਾ ਐ ਜ਼ਰੂਰ ਕੀਤਾ ਜਾਵੇ---।" ਮਾਰਕ ਨੇ ਅਗਲਾ ਪੱਤਾ ਖੇਡਿਆ।

ਮਜ਼ਦੂਰਾਂ ਨੇ ਪੇਪਰਾਂ 'ਤੇ ਨਿਗਾਹ ਮਾਰੀ। ਉਹਨਾਂ ਨੂੰ ਸਮਝ ਕੁਝ ਨਾ ਆਇਆ ਭਾਵੇਂ ਉਹ ਵਿਖਾਵਾ ਕਰ ਰਹੇ ਸਨ ਜਿਵੇਂ ਕਾਫੀ ਕੁਝ ਸਮਝ ਗਏ ਹੋਣ।

"ਦੇਖੋ ਅਜੇ ਫੈਕਟਰੀ ਸਿਰ ਕਰਜ਼ਾ ਹੋਣ ਕਰਕੇ ਤੇ ਕੁਝ ਹੋਰ ਕਾਰਨਾਂ ਕਰਕੇ ਆਰਥਿਕ ਹਾਲਤ ਚੰਗੀ ਨਹੀਂ ਐ। ਮੇਰੇ ਖਿਆਲ ਵਿਚ ਫੈਕਟਰੀ ਦਾ ਭਵਿੱਖ ਜਰੂਰ ਚੰਗਾ ਐ। ਉਮੀਦ ਐ ਦੋਂਹ ਕੁ ਸਾਲਾਂ ਵਿਚ ਹਾਲਤ ਕਾਫੀ ਚੰਗੇ ਹੋ ਜਾਣਗੇ---।"

ਮਜ਼ਦੂਰ ਲੀਡਰਾਂ ਦਾ ਧਿਆਨ ਮਾਰਕ ਨੇ ਆਪਣੇ ਵੱਲ ਖਿੱਚਿਆ। ਉਹ ਵਰਤਮਾਨ ਦੀਆਂ ਤਕਲੀਫਾਂ ਦੀ ਆੜ ਵਿਚ ਭਵਿੱਖ ਦੇ ਸੁਪਨੇ ਵੇਚਣ ਦੀ ਚਲਾਕੀ ਦਾ ਮਾਹਰ ਸੀ। ਤਿੰਨ ਮੀਟਿੰਗਾਂ ਬਾਅਦ ਸਮਝੌਤਾ ਕਰਕੇ ਉਹ ਵਾਪਿਸ ਬਰਮਿੰਘਮ ਨੂੰ ਚੱਲ ਪਿਆ ਜਿਥੇ ਉਸ ਨੇ ਪਹਿਲਾਂ ਬਣੇ ਪ੍ਰੋਗਰਾਮ ਅਨੁਸਾਰ ਉਸੇ ਹੋਟਲ ਵਿਚ ਠਹਿਰਣਾ ਸੀ। ਸਫ਼ਰ ਕਰਦਿਆਂ ਉਸ ਦੇ ਮਨ ਵਿਚ ਰਸਲ ਦਾ ਫਿਕਰ ਉੱਸਲਵੱਟੇ ਲੈਣ ਲੱਗਾ।

7

ਰਸਲ ਪੜ੍ਹਾਈ ਵਿਚ ਕੋਈ ਬਹੁਤਾ ਚੰਗਾ ਨਹੀਂ ਸੀ। ਸਕੂਲ ਦੀ ਸਿੱਖਿਆ ਖ਼ਤਮ ਕਰਕੇ ਉਸ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ, ਕੀ ਕਰੇ? ਸਾਲ ਕੁ ਉਸ ਨੇ ਕਾਲਜ ਦੀ ਪੜ੍ਹਾਈ ਵਿਚ ਖ਼ਰਾਬ ਕਰ ਲਿਆ। ਪੜ੍ਹਾਈ ਵਿਚ ਧਿਆਨ ਨਾ ਹੋਣ ਕਰਕੇ ਉਸ ਦੇ ਗਰੇਡ ਬਹੁਤ ਘੱਟ ਆਏ। ਉਸ ਨੂੰ ਸ਼ਰਮ ਮਹਿਸੂਸ ਹੋਈ ਅਤੇ ਪੜ੍ਹਾਈ ਨਾਲੋਂ ਨਾਤਾ ਤੋੜ ਕੇ ਉਹ ਘਰ ਬੈਠ ਗਿਆ। ਮਾਂ ਪਿਉ ਉਸ ਨੂੰ ਹਰ ਰੋਜ਼ ਟੋਕ-ਟਕਾਈ ਕਰਦੇ ਰਹਿੰਦੇ। ਅੱਕ ਕੇ ਉਸ ਨੇ ਕੋਈ ਵੀ ਨਿੱਕਾ ਮੋਟਾ ਕੰਮ ਕਰਨ ਦਾ ਮਨ ਬਣਾ ਲਿਆ। ਕੁਝ ਕੋਸ਼ਿਸ਼ ਬਾਅਦ ਉਸ ਨੂੰ ਘਰ ਦੀ ਸਜਾਵਟ ਦਾ ਸਮਾਨ ਵੇਚਣ ਵਾਲੀ ਕੰਪਨੀ ਵਿਚ ਸੇਲਜ਼ ਮੈਨ ਦੀ ਨੌਕਰੀ ਮਿਲ ਗਈ। ਇਸੇ ਨੌਕਰੀ ਦੌਰਾਨ ਉਸ ਦੀ ਮੁਲਾਕਾਤ 'ਚਾਰਟਿਸਟ ਮੂਵਮੈਂਟ' ਦੇ ਲੀਡਰ ਫਰਗਸ ਓ ਕੌਨਰ ਨਾਲ ਹੋ ਗਈ। ਚਾਰਟਰ ਲਿਖਣ ਵਾਲਾ ਤਾਂ ਭਾਂਵੇਂ ਵਿਲੀਅਮ ਲੋਵੈਟ ਸੀ ਪਰ ਲੀਡਰ ਵਜੋਂ ਫਰਗਸ ਉਭਰ ਕੇ ਅੱਗੇ ਆਇਆ।

ਰਸਲ ਦਾ ਪਿਛੋਕੜ ਅਮੀਰਾਂ ਵਾਲਾ ਸੀ ਅਤੇ ਉਸ ਨੂੰ ਮਜ਼ਦੂਰਾਂ ਦੀ ਜ਼ਿੰਦਗੀ ਬਾਰੇ ਕੁਝ ਪਤਾ ਨਹੀਂ ਸੀ। ਮਜ਼ਦੂਰਾਂ ਦੇ ਬੱਚਿਆਂ ਨਾਲ ਵੀ ਉਹਦਾ ਵਾਹ ਨਹੀਂ ਸੀ ਪਿਆ। ਰਸਲ ਨਾਲ ਕੰਮ ਕਰਦਾ ਮੁੰਡਾ ਟੋਨੀ ਉਸ ਦਾ ਮਿੱਤਰ ਬਣ ਗਿਆ। ਟੋਨੀ ਫਰਗਸ ਦਾ ਅਤੇ ਖਾਸ ਕਰਕੇ ਚਾਰਟਰ ਦਾ ਉਪਾਸ਼ਕ ਸੀ ਅਤੇ ਤਨੋਂ-ਮਨੋਂ ਸਮਰਥਕ ਸੀ। ਚਾਰਟਰ ਦੇ ਸਬੰਧ ਵਿਚ ਰਸਲ ਤੇ ਟੋਨੀ ਦੀ ਬਹਿਸ ਹੁੰਦੀ ਰਹਿੰਦੀ। ਰਸਲ ਨੇ ਘਰ ਵਿਚ ਮਾਰਕ ਅਤੇ ਐਂਡੀ ਦੀਆਂ ਗੱਲਾਂ-ਬਾਤਾਂ ਸੁਣੀਆਂ ਸਨ। ਰਸਲ ਉਹਨਾਂ ਦੇ ਵਿਚਾਰ ਹੀ ਟੋਨੀ ਅੱਗੇ ਰਖਦਾ ਅਤੇ ਟੋਨੀ ਆਪਣੀਆਂ ਦਲੀਲਾਂ ਨਾਲ ਰਸਲ ਦੀਆਂ ਦਲੀਲਾਂ ਨੂੰ ਕੱਟ ਦਿੰਦਾ। ਇਕ ਦਿਨ ਟੋਨੀ ਰਸਲ ਨੂੰ ਫਰਗਸ ਕੋਲ ਲੈ ਗਿਆ। ਫਰਗਸ ਦੇ ਗਿਆਨ ਅੱਗੇ ਰਸਲ ਦੀਆਂ ਦਲੀਲਾਂ ਹਾਰ ਗਈਆਂ।

''ਰਸਲ ਅਸੀਂ ਮਜ਼ਦੂਰਾਂ ਲਈ ਵੋਟ ਦਾ ਹੱਕ ਮੰਗਦੇ ਹਾਂ ਤਾਂ ਜੋ ਮਜ਼ਦੂਰਾਂ ਦੀਆਂ ਲੋੜਾਂ ਅਤੇ ਮੰਗਾਂ ਨੂੰ ਪਾਰਲੀਮੈਂਟ ਵਿਚ ਪੇਸ਼ ਕੀਤਾ ਜਾ ਸਕੇ ਅਤੇ ਲੋੜ ਅਨੁਸਾਰ ਕਾਨੂੰਨ ਵਿਚ ਤਬਦੀਲੀ ਹੋ ਸਕੇ। ਕਾਰਖਾਨੇਦਾਰ ਅਤੇ ਅਮੀਰ ਲੋਕ ਆਪਣੇ ਲਈ ਵੋਟ ਦਾ ਹੱਕ ਮੰਗਦੇ ਐ ਤਾਂ ਜੋ ਉਹ ਪਾਰਲੀਮੈਂਟ ਵਿਚ ਆਪਣੇ ਫ਼ਾਇਦੇ ਲਈ ਕਾਨੂੰਨ ਬਣਵਾ ਸਕਣ। ਅਸੀਂ ਭੁੱਖ ਨੰਗ ਨਾਲ ਲੜਦੇ ਘੁਲਦੇ ਮਜ਼ਦੂਰਾਂ ਲਈ ਆਵਾਜ਼ ਉਠਾਉਣਾ ਚਾਹੁੰਦੇ ਆਂ--।''

''ਮੈਂ ਤਾਂ ਕੋਈ ਮਜ਼ਦੂਰ ਭੁੱਖਾ ਨੰਗਾ ਨੀ ਵੇਖਿਆ--।''

ਰਸਲ ਨੇ ਫਰਗਸ ਦੀ ਗੱਲ ਕੱਟਦਿਆਂ ਜਵਾਬ ਦੇ ਕੇ ਉਸ ਨੂੰ ਨਿਰ-ਉੱਤਰ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੇ ਖਿਆਲ ਵਿਚ ਐਂਡੀ ਅਤੇ ਮਾਰਕ ਦੇ ਘਰ ਵਿਚ ਕੰਮ ਕਰਦੇ ਮਜ਼ਦੂਰਾਂ ਦੇ ਰਹਿਣ-ਸਹਿਣ ਦੀ ਤਸਵੀਰ ਆਈ। ਉਹਨਾਂ ਦੇ ਤੇੜ ਮਾਲਕਾਂ ਦੇ ਪੁਰਾਣੇ ਕੱਪੜੇ ਸਨ। ਉਹ ਨੰਗੇ ਨਹੀਂ ਸਨ। ਖਾਣ ਵੱਲੋਂ ਵੀ ਉਹ ਪੇਟ ਭਰ ਕੇ ਸੌਂਦੇ ਸਨ।

''ਰਸਲ ਆ ਮੇਰੇ ਨਾਲ ਤੈਨੂੰ ਕੁਝ ਸਚਾਈ ਨਾਲ ਸਾਹਮਣਾ ਕਰਵਾਉਣ ਦੀ ਲੋੜ ਐ।'' ਫਰਗਸ ਦੇ ਪਿੱਛੇ ਹੀ ਟੋਨੀ ਅਤੇ ਰਸਲ ਵੀ ਤੁਰ ਪਏ।

ਫਰਗਸ ਨੇ ਇਕ ਦੁਕਾਨ ਤੋਂ ਕੁਝ ਅੰਡੇ ਅਤੇ ਬਰੈਡ ਲਈ ਅਤੇ ਉਹਨਾਂ ਦੇ ਅੱਗੇ ਚੱਲ ਪਿਆ। ਟੋਨੀ ਅਤੇ ਰਸਲ ਚੁੱਪ ਚਾਪ ਉਸ ਦੇ ਪਿੱਛੇ ਚੱਲ ਰਹੇ ਸਨ। ਰਸਲ ਇਹਨਾਂ ਗੰਦੀਆਂ ਅਤੇ ਤੰਗ ਗਲੀਆਂ ਵਿਚੋਂ ਪਹਿਲਾਂ ਕਦੀ ਗੁਜ਼ਰਿਆ ਹੀ ਨਹੀਂ ਸੀ। ਇਕ ਦਿਨ ਪਹਿਲਾਂ ਜ਼ੋਰ ਦਾ ਮੀਂਹ ਪੈ ਕੇ ਹਟਿਆ ਸੀ। ਗਲੀਆਂ ਚਿੱਕੜ ਨਾਲ ਭਰੀਆਂ ਹੋਈਆਂ ਹੋਣ ਕਰਕੇ ਉਹਨਾਂ ਦੇ ਬੂਟ ਲਿਬੜ ਗਏ। ਅਜੀਬ ਸੜਿਹਾਂਦ ਉਸ ਦੇ ਸਿਰ ਨੂੰ ਚੜ੍ਹ ਰਹੀ ਸੀ। ਰਸਲ ਨੂੰ ਆਪਣੇ ਆਪ 'ਤੇ ਅਫ਼ਸੋਸ ਹੋਣ ਲੱਗਾ। ਕਾਹਦੇ ਵਾਸਤੇ ਭਲਾ ਪੰਗਾ ਲੈਣਾ ਸੀ! ਰਸਲ ਮਨ ਹੀ ਮਨ ਸੋਚਦਾ ਰਿਹਾ ਸੀ। ਦੂਜੇ ਪਾਸੇ ਉਹਦੇ ਮਨ ਵਿਚ ਸਚਾਈ ਵੇਖਣ ਦੀ ਉੱਤਸੁਕਤਾ ਵੀ ਸੀ।

ਜਿੰਨੇ ਕੁ ਚਿਹਰੇ ਉਸ ਨੂੰ ਦਿਸੇ ਉਹ ਸਾਰੇ ਹੀ ਉਦਾਸੇ ਅਤੇ ਨਿਰਜੀਵ ਜਿਹੇ ਲੱਗੇ। ਕੁਝ ਮੋੜ ਘੋੜ ਲੰਘ ਕੇ ਉਹ ਇਕ ਨਿੱਕੇ ਜਿਹੇ ਘਰ ਅੱਗੇ ਜਾ ਖੜ੍ਹੇ ਹੋਏ। ਇਹ ਸਾਰੇ ਘਰ ਹੀ ਬੈਕ ਟੂ ਬੈਕ ਘਰ ਸਨ। ਇਹਨਾਂ ਦੀਆਂ ਪਿਛਲੀਆਂ ਅਤੇ ਸਾਈਡ ਵਾਲੀਆਂ ਕੰਧਾਂ ਸਾਂਝੀਆਂ ਸਨ। ਫਰਗਸ ਨੇ ਮਾੜਾ ਜਿਹਾ ਧੱਕਾ ਮਾਰਿਆ ਤਾਂ

ਬੂਹਾ ਖੁੱਲ੍ਹ ਗਿਆ। ਪੈਂਤੀ ਕੁ ਸਾਲ ਦੀ ਔਰਤ ਅਤੇ ਤੇਰਾਂ ਚੌਦਾਂ ਸਾਲਾਂ ਦਾ ਮੁੰਡਾ ਇਕ ਖੂੰਜੇ ਵਿਚ ਚੀਥੜੇ ਬਣਿਆ ਇਕ ਕੰਬਲ ਲਪੇਟੀ ਬੈਠੇ ਸਨ। ਉਹਨਾਂ ਦੀਆਂ ਅੱਖਾਂ ਵਿਚੋਂ ਜ਼ਿੰਦਗੀ ਜਿਵੇਂ ਉਡਾਰੀ ਮਾਰ ਗਈ ਹੋਵੇ। ਕਮਰੇ ਵਿਚ ਇਕ ਟੁੱਟੇ ਜਿਹੇ ਸਟੂਲ ਬਿਨਾਂ ਹੋਰ ਕੋਈ ਫਰਨੀਚਰ ਨਹੀਂ ਸੀ। ਘਰ ਵਿਚ ਖਾਣ ਪੀਣ ਲਈ ਵੀ ਕੋਈ ਵਸਤ ਨਜ਼ਰ ਨਹੀਂ ਆ ਰਹੀ ਸੀ। ਪਾਣੀ ਦਾ ਇਕ ਚਿੱਬੜ ਜਿਹਾ ਜੱਗ ਉਹਨਾਂ ਦੇ ਅੱਗੇ ਪਿਆ ਸੀ। ਵੇਖ ਕੇ ਰਸਲ ਨੂੰ ਆਪਣੀਆਂ ਅੱਖਾਂ ’ਤੇ ਯਕੀਨ ਨਾ ਆਇਆ। ਉਸ ਦਾ ਦਿਲ ਉਥੋਂ ਭੱਜਣ ਨੂੰ ਕਰਦਾ ਸੀ। ਉਸ ਦੀਆਂ ਅੱਖਾਂ ਅੱਗੇ ਗਰੀਬੀ ਜ਼ਿੰਦਗੀ ਨੂੰ ਆਪਣੇ ਜਬਾੜਿਆਂ ਵਿਚ ਦਬਾਈ ਬੈਠੀ ਸੀ। ਰਸਲ ਲਈ ਤੁਰਨਾ ਵੀ ਮੁਹਾਲ ਹੋ ਗਿਆ।

ਫਰਗਸ ਨੇ ਉਹਨਾਂ ਅੱਗੇ ਬਰੈਡ ਅਤੇ ਅੰਡੇ ਰੱਖੇ ਅਤੇ ਮੁੰਡੇ ਦੇ ਸਿਰ ’ਤੇ ਹੱਥ ਫੇਰਿਆ। ਮੁੰਡੇ ਨੇ ਪਹਿਲਾਂ ਬਰੈਡ ਦਾ ਇਕ ਟੁਕੜਾ ਨਿਗਲਿਆ ਅਤੇ ਮਾਂ ਵੱਲ ਵੇਖਿਆ। ਮਾਂ ਵਿਚ ਉੱਠਣ ਦੀ ਸੱਤਿਆ ਨਹੀਂ ਸੀ। ਮੁੰਡੇ ਨੇ ਹੈਰਾਨੀ ਨਾਲ ਵੇਖਦਿਆਂ ਫਰਗਸ ਅਤੇ ਦੂਸਰਿਆਂ ਦਾ ਧੰਨਵਾਦ ਕੀਤਾ। ਔਰਤ ਦੀਆਂ ਜ਼ਿੰਦਗੀ ਦੀ ਰੌਸ਼ਨੀ ਰਹਿਤ ਅੱਖਾਂ ਵਿਚ ਵੀ ਇਕ ਵਾਰ ਉਮੀਦ ਦੀ ਝਲਕ ਆ ਗਈ ਸੀ। ਕੁਝ ਮਿੰਟਾਂ ਬਾਅਦ ਹੀ ਉਹ ਘਰ ਵਿਚੋਂ ਬਾਹਰ ਆ ਗਏ ਸਨ। ਰਸਲ ਦਾ ਦਿਲ ਕੱਚਾ ਕੱਚਾ ਹੋ ਰਿਹਾ ਸੀ। ਉਸ ਨੂੰ ਲਗਦਾ ਸੀ ਜਿਵੇਂ ਉਹਨੂੰ ਉਲਟੀ ਆ ਰਹੀ ਹੋਵੇ। ਕੁਝ ਲੰਬੇ ਸਾਹ ਲੈ ਕੇ ਉਸ ਨੇ ਆਪਣੇ ਆਪ ਨੂੰ ਸਾਂਵਾਂ ਕਰਨ ਦੀ ਕੋਸ਼ਿਸ਼ ਕੀਤੀ।

ਟੋਨੀ ਉਹਨਾਂ ਨੂੰ ਆਪਣੇ ਘਰ ਲੈ ਗਿਆ। ਰਸਲ ਨੂੰ ਸੁੱਖ ਦਾ ਸਾਹ ਵੀ ਆਇਆ ਅਤੇ ਉਸ ਦੇ ਮਨ ਵਿਚ ਕਈ ਸਾਰੇ ਸਵਾਲ ਵੀ ਖੜ੍ਹੇ ਹੋਏ।

“ਇਹ ਲੋਕ ਕੰਮ ਕਰਕੇ ਆਪਣੇ ਲਈ ਖਾਣ-ਪੀਣ ਦਾ ਬੰਦੋਬਸਤ ਕਿਉਂ ਨੀ ਕਰਦੇ?” ਬਿਨਾਂ ਬਹੁਤਾ ਸੋਚਿਆਂ ਉਸ ਨੇ ਫਰਗਸ ਨੂੰ ਸਵਾਲ ਕੀਤਾ।

“ਰਸਲ ਚਾਂਦੀ ਦਾ ਚਮਚਾ ਹੱਥ ਵਿਚ ਫੜ ਕੇ ਜੰਮਣ ਵਾਲੇ ਲੋਕਾਂ ਨੂੰ ਅਸਲ ਲੋਕਾਂ ਦੀ ਜ਼ਿੰਦਗੀ ਬਾਰੇ ਬਹੁਤਾ ਚਾਨਣ ਨਹੀਂ ਹੁੰਦਾ। ਉਹਨਾਂ ਦਾ ਵੀ ਕਸੂਰ ਨਹੀਂ। ਇਸ ਔਰਤ ਦਾ ਪਤੀ ਕਿਸੇ ਫੈਕਟਰੀ ਵਿਚ ਕੰਮ ਕਰਦਾ ਸੀ। ਉਸ ਨੂੰ ਬੁਖ਼ਾਰ ਹੋਣ ਲੱਗਾ ਉਹ ਫਿਰ ਵੀ ਮਜ਼ਬੂਰਨ ਕੰਮ ਕਰਦਾ ਰਿਹਾ। ਅਖ਼ੀਰ ਇਕ ਦਿਨ ਬੇਬੱਸ ਉਹ ਡਿੱਗ ਪਿਆ। ਇਸ ਔਰਤ ਨੂੰ ਕੰਮ ਤੋਂ ਜੋ ਤਨਖਾਹ ਮਿਲਦੀ ਉਸ ਨਾਲ ਬੰਦੇ ਦਾ ਇਲਾਜ ਕਰਵਾਉਣ ਦੀ ਕੋਸ਼ਿਸ਼ ਕਰਦੀ ਰਹੀ। ਨਾ ਤਾਂ ਉਸ ਦਾ ਇਲਾਜ ਹੀ ਹੋ ਸਕਿਆ ਸਗੋਂ ਆਪ ਵੀ ਬਿਮਾਰ ਹੋ ਗਈ। ਕੁਝ ਦੇਰ ਬਾਅਦ ਉਸ ਦਾ ਪਤੀ ਮਰ ਗਿਆ। ਰਹਿੰਦੀ-ਖੂੰਹਦੀ ਆਸ ਨਾਲ ਉਹ ਵੀ ਕੰਮ ਕਰਦੀ ਰਹੀ। ਮੁੰਡਾ ਵੀ ਕੰਮ ਕਰਦਾ ਸੀ। ਮੁੰਡੇ ਦੀ ਤਨਖਾਹ ਤਾਂ ਨਾ ਬਰਾਬਰ ਸੀ। ਦੋਵਾਂ ਦੀ ਤਨਖਾਹ ਨਾਲ ਰੋਟੀ ਚਲਦੀ ਤਾਂ ਕਿਰਾਇਆ ਸਿਰ ਚੜ੍ਹ ਜਾਂਦਾ। ਕਿਰਾਇਆ ਦਿੱਤਾ ਜਾਂਦਾ ਤਾਂ ਢਿੱਡ ਦੀ ਅੱਗ ਨਾ ਬੁਝਦੀ। ਘਰ ਦਾ ਸਮਾਨ ਇਸੇ ਤਰ੍ਹਾਂ ਵਿਕ ਗਿਆ। ਪਹਿਲਾਂ ਮਾਂ ਦੀ ਸਿਹਤ ਡਿੱਗ ਪਈ ਤੇ ਕੰਮ ਤੋਂ ਜਵਾਬ ਮਿਲ ਗਿਆ। ਫਿਰ ਮੁੰਡੇ ਨਾਲ ਵੀ ਉਹੋ ਹੋਈ-----।” ਫਰਗਸ ਨੇ ਹਉਕਾ ਜਿਹਾ ਲਿਆ।

“ਰਸਲ ਇਹੋ ਜਿਹੇ ਸੈਂਕੜੇ ਕੇਸ ਲੰਡਨ, ਬਰਮਿੰਘਮ, ਮਾਨਚੈਸਟਰ, ਲਿਵਰਪੂਲ ਗੱਲ ਕੀ ਸਾਰੇ ਇੰਡਸਟਰੀਅਲ ਸ਼ਹਿਰਾਂ ਵਿਚ ਮੌਜੂਦ ਐ। ਜਦ ਤੱਕ ਮਜ਼ਦੂਰ ਦਾ ਮਸ਼ੀਨ ਵਾਂਗ ਸਰੀਰ ਚਲਦਾ ਉਦੋਂ ਤੱਕ ਕਾਰਖਾਨੇਦਾਰ ਉਸ ਨੂੰ ਪੈਸੇ ਦਿੰਦਾ। ਜਦ ਸਰੀਰ ਖੜ੍ਹ ਗਿਆ ਤਾਂ ਕਚਰੇ ਵਾਂਗ ਚੁੱਕ ਕੇ ਬਾਹਰ ਸੁੱਟ ਦਿੱਤਾ ਜਾਂਦਾ---। ਜਿਹੜੇ ਬੰਦੇ ਖੋਹ-ਖਿੰਝ ਕਰ ਸਕਦੇ ਆ ਜਾਂ ਚੋਰੀ-ਡਾਕੇ ਮਾਰ ਸਕਦੇ ਆ ਉਹ ਰੋਟੀ ਲਈ ਗੁਨਾਹ ਦਾ ਰਾਹ ਚੁਣ ਲੈਂਦੇ ਐ। ਜਿਹੜੇ ਵਿਚਾਰੇ ਇਮਾਨ ਅਤੇ ਸ਼ਰਾਫਤ ਦੇ ਕੱਪੜੇ ਪਾਈ ਰਖਦੇ ਐ ਉਹਨਾਂ ਦਾ ਹਾਲ ਤਾਂ ਇਹੀ ਹੁੰਦਾ---।”

“ਇਸ ਸਮੱਸਿਆ ਦਾ ਇਲਾਜ ਕੀ ਐ?” ਰਸਲ ਦੇ ਦਿਮਾਗ ਵਿਚ ਉਲਝਣਾ ਹੋਰ ਵਧ ਗਈਆਂ ਸਨ।

“ਪਾਰਲੀਮੈਂਟ ਵਿਚ ਜਾਂ ਤਾਂ ਰਜਵਾੜੇ ਨੇ ਤੇ ਜਾਂ ਫੈਕਟਰੀਆਂ ਦੇ ਮਾਲਕ ਸਰਮਾਏਦਾਰ। ਜਿਹੜਾ ਵੀ ਕਾਨੂੰਨ ਬਣਾਉਂਦੇ ਐ ਆਪਣੇ ਮੁਫਾਦ ਪਹਿਲਾਂ ਵੇਖਦੇ ਐ। ਸਾਡੀ ਮੰਗ ਐ ਮਜ਼ਦੂਰਾਂ ਨੂੰ ਵੀ ਪਾਰਲੀਮੈਂਟ ਵਿਚ ਜਾਣ ਦਾ ਹੱਕ ਦਿੱਤਾ ਜਾਵੇ ਤਾਂ ਜੋ ਉਹ ਆਪਣੇ ਵਰਗੇ ਮਜ਼ਦੂਰਾਂ ਲਈ ਹੱਕ ਲੈ ਸਕਣ---।”

ਫਰਗਸ ਨਾਲ ਲੰਬੇ ਸਮੇਂ ਤੱਕ ਗੱਲ ਹੋਈ ਤਾਂ ਰਸਲ ਦੇ ਮਨ ਵਿਚ ਮਨੁੱਖਤਾ ਲਈ ਸੱਚ ਤੇ ਇਨਸਾਫ ਨੇ ਅੰਗੜਾਈ ਲਈ। ਉਹ ਚਾਰਟਿਸਟ ਮੂਵਮੈਂਟ ਦਾ ਮੁਦਈ ਬਣ ਗਿਆ।

------

ਮਾਰਕ ਦੀ ਟਰੇਨ ਆਈ ਤਾਂ ਕੋਚਵਾਨ ਉਸ ਦੀ ਉਡੀਕ ਕਰ ਰਿਹਾ ਸੀ। ਮਾਰਕ ਦੇ ਚਿਹਰੇ ’ਤੇ ਚਿੰਤਾ ਦੇ ਨਿਸ਼ਾਨ ਕੋਚਵਾਨ ਨੇ ਮਹਿਸੂਸ ਕੀਤੇ। ਮਾਲਕ ਨੂੰ ਸਰਸਰੀ ਦੁਆ-ਸਲਾਮ ਤੋਂ ਬਿਨਾਂ ਉਸ ਨੇ ਨਾ ਤਾਂ ਕੁਝ ਪੁੱਛਿਆ ਅਤੇ ਨਾ ਹੀ ਉਸ ਦਾ ਹੱਕ ਸੀ। ਮਾਰਕ ਰਸਤੇ ਵਿਚ ਫੈਕਟਰੀ ਦੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਸੀ। ਮਜ਼ਦੂਰਾਂ ਨਾਲ ਹੋਏ ਸਮਝੌਤੇ ਨਾਲ ਵੀ ਉਹ ਖੁਸ਼ ਨਹੀਂ ਸੀ। ਉਸ ਦਾ ਬੇਟਾ ਲਿੰਨ ਖਾਸ ਪੜ੍ਹਿਆ-ਲਿਖਿਆ ਤਾਂ ਨਹੀਂ ਸੀ ਪਰ ਕੰਮ ਵਿਚ ਉਸ ਨੇ ਕਾਫੀ ਮੁਹਾਰਤ ਹਾਸਲ ਕਰ ਲਈ ਸੀ। ਪੜ੍ਹਾਈ ਲਿਖਾਈ ਦਾ ਬਹੁਤਾ ਰਿਵਾਜ ਵੀ ਨਹੀਂ ਸੀ। ਕੋਈ ਕੋਈ ਬੱਚੇ ਹੀ ਪੜ੍ਹ-ਲਿਖ ਕੇ ਕੋਈ ਡਿਗਰੀ ਹਾਸਲ ਕਰਦੇ। ਉਹ ਸਰਕਾਰੀ ਅਹੁਦਿਆਂ ’ਤੇ ਸਜ ਜਾਂਦੇ। ਲਿੰਨ ਨੂੰ ਸਰਕਾਰੀ ਅਹੁਦੇ ਦੀ ਲੋੜ ਨਹੀਂ ਸੀ। ਉਸ ਨੇ ਤਾਂ ਸ਼ੁਰੂ ਤੋਂ ਹੀ ਪਿਉ ਨੂੰ ਫੈਕਟਰੀਆਂ ਦਾ ਕੰਮ ਸੰਭਾਲਦੇ ਵੇਖਿਆ ਸੀ। ਲਿੰਨ ਵੀ ਹੰਢ ਗਿਆ ਸੀ।

ਬਹੁਤੀ ਫਿਕਰ ਉਸ ਨੂੰ ਜੈਨੀ ਦੀ ਸੀ। ਉਸ ਦਾ ਨਾ ਆਉਣਾ ਉਸ ਨੂੰ ਬੇਅਰਾਮ ਕਰ ਰਿਹਾ ਸੀ। ਕੋਈ ਕਾਰਨ ਵੀ ਸਮਝ ਨਹੀਂ ਆ ਰਿਹਾ ਸੀ। ਉਸ ਦਾ ਕੋਈ ਚਿੱਠੀ ਪੱਤਰ ਜਾਂ ਸੁਨੇਹਾ ਵੀ ਨਹੀਂ ਆਇਆ ਸੀ। ਮਾਰਕ ਆਪ ਉਸ ਦੇ ਘਰ ਜਾ ਕੇ ਪਤਾ ਕਰਨਾ ਚਾਹੁੰਦਾ ਸੀ। ਜੈਨੀ ਨੇ ਉਸ ਨੂੰ ਸਖ਼ਤ ਮਨ੍ਹਾ ਕੀਤਾ ਹੋਇਆ ਸੀ। ਜੈਨੀ ਅਨੁਸਾਰ ਮਾਰਕ ਬਾਰੇ ਗੱਲ ਕਰਨ ਨਾਲ ਕੈਪਟਨ ਭਟਕ ਪੈਂਦਾ ਸੀ। ਇਸ ਲਈ ਜੈਨੀ ਨੇ ਆਪ ਹੀ ਉਸ ਨੂੰ ਮਿਲਣ ਆਉਣਾ ਸੀ।

ਇਹ ਸਮੱਸਿਆਵਾਂ ਤਾਂ ਪਿੱਛੇ ਰਹਿ ਗਈਆਂ ਸਨ। ਭਾਵੇਂ ਇਹਨਾਂ ਦੇ ਪ੍ਰਭਾਵ ਤੋਂ ਉਹ ਮੁੱਕਤ ਨਹੀਂ ਸੀ ਹੋਇਆ। ਲੰਡਨ ਦੇ ਜਿਵੇਂ ਜਿਵੇਂ ਉਹ ਨੇੜੇ ਆਇਆ ਤਾਂ ਰਸਲ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਸਾਕਾਰ ਹੁੰਦਾ ਗਿਆ। ਚਾਰਟਿਸਟਾਂ ਦੇ ਜਲੂਸ ਵਿਚ ਰਸਲ ਵਰਗੇ ਰਈਸਜ਼ਾਦੇ ਦਾ ਹੋਣਾ ਉਸ ਲਈ ਸਿਰਦਰਦੀ ਦਾ ਕਾਰਨ ਬਣ ਗਿਆ ਸੀ। ਉਹ ਐਂਡੀ ਨੂੰ ਜਲਦੀ ਤੋਂ ਜਲਦੀ ਮਿਲਣਾ ਚਾਹੁੰਦਾ ਸੀ। ਘਰ ਜਾ ਕੇ ਉਸ ਨੇ ਸਭ ਤੋਂ ਪਹਿਲਾਂ ਰੁੱਕਾ ਲਿਖ ਕੇ ਕੋਚਵਾਨ ਨੂੰ ਫੜਾਇਆ ਅਤੇ ਜਵਾਬ ਲੈ ਕੇ ਆਉਣ ਦੀ ਨਸੀਹਤ ਵੀ ਕਰ ਦਿੱਤੀ। ਆਪ ਉਹ ਕੁਝ ਦੇਰ ਆਰਾਮ ਕਰਨ ਲਈ ਪੈ ਗਿਆ।

ਸ਼ਾਮ ਦੇ ਅੱਠ ਕੁ ਵਜੇ ਮਾਰਕ ਆਪਣੀ ਬੱਘੀ ਵਿਚ ਬੈਠਾ ਐਂਡੀ ਦੇ ਘਰ ਨੂੰ ਜਾ ਰਿਹਾ ਸੀ। ਉਹ ਮਨ ਵਿਚ ਰਸਲ ਨੂੰ ਸਮਝਾਉਣ ਲਈ ਵਿਉਂਤਬੰਦੀ ਕਰ ਰਿਹਾ ਸੀ। ਉਹ ਸਾਰੀਆਂ ਦਲੀਲਾਂ ਜਿਹੜੀਆਂ ਉਸ ਦੇ ਖਿਆਲ ਅਨੁਸਾਰ ਰਸਲ ਨੂੰ ‘ਗਲਤ’ ਪਾਸੇ ਤੋਂ ਮੋੜ ਸਕਦੀਆਂ ਸਨ, ਉਹਨਾਂ ਬਾਰੇ ਉਸ ਨੇ ਮਾਨਸਿਕ ਨੋਟ ਬਣਾ ਲਿਆ ਸੀ। ਐਂਡੀ ਉਸ ਦੀ ਉਡੀਕ ਕਰ ਰਿਹਾ ਸੀ। ਐਂਡੀ ਨੂੰ ਵੇਖ ਕੇ ਮਾਰਕ ਨੂੰ ਲੱਗਾ ਜਿਵੇਂ ਐਂਡੀ ਕੁਝ ਦਿਨਾਂ ਵਿਚ ਹੀ ਮੁਰਝਾ ਗਿਆ ਹੋਵੇ। ਐਂਡੀ ਨੇ ਇਸ਼ਾਰਾ ਕਰਕੇ ਖਾਨਸਾਮੇ ਨੂੰ ਵਾਈਨ ਲਿਆਉਣ ਲਈ ਕਿਹਾ। ਵਾਈਨ ਦੀਆਂ ਘੁੱਟਾਂ ਭਰਦਿਆਂ ਮਾਰਕ ਤੋਂ ਐਂਡੀ ਨੇ ਸਫ਼ਰ ਦੀ ਸਫ਼ਲਤਾ ਬਾਰੇ ਪੁੱਛਿਆ। ਮਾਰਕ ਨੇ ਰਲਵੇਂ-ਮਿਲਵੇਂ ਪ੍ਰਭਾਵ ਦਿੱਤੇ ਅਤੇ ਜੈਨੀ ਵਾਲਾ ਕਿੱਸਾ ਉਸ ਨੇ ਛੁਪਾ ਲਿਆ।

“ਰਸਲ ਨਾਲ ਤੁਸੀਂ ਗੱਲ ਕੀਤੀ---!” ਮਾਰਕ ਨੇ ਗੱਲ ਨੂੰ ਅਸਲ ਮੁੱਦੇ ਵੱਲ ਲਿਆਂਦਾ।

“ਮੈਂ ਕੀਤੀ ਸੀ। ਮੈਨੂੰ ਤਾਂ ਸਮਝ ਨੀ ਆਉਂਦੀ ਉਹਦਾ ਦਿਮਾਗ ਕਿਵੇਂ ਖ਼ਰਾਬ ਹੋ ਗਿਆ?” ਐਂਡੀ ਨੇ ਬੇਬਸੀ ਵਿਚ ਸਿਰ ਮਾਰਿਆ। ਨੌਕਰ ਨੂੰ ਸੱਦ ਕੇ ਉਹਨਾਂ ਨੇ ਰਸਲ ਨੂੰ ਬੁਲਾ ਲਿਆ।

ਵਾਈਨ ਦਾ ਗਲਾਸ ਰਸਲ ਨੂੰ ਪੇਸ਼ ਕਰਦਿਆਂ ਉਹਨਾਂ ਨੇ ਉਸ ਨਾਲ ਸਰਸਰੀ ਗੱਲ ਸ਼ੁਰੂ ਕੀਤੀ। ਰਸਲ ਨੇ ਵਾਈਨ ਪੀਣ ਤੋਂ ਨਾਂਹ ਕਰ ਦਿੱਤੀ। ਉਸ ਨੂੰ ਪਤਾ ਸੀ ਜਿਹੜੀ ਗੱਲ ਨੂੰ ਲੈ ਕੇ ਉਸ ਦੇ ਮਾਪੇ ਪ੍ਰੇਸ਼ਾਨ ਸਨ ਉਸ ਲਈ ਹੀ ਮਾਰਕ ਆਇਆ ਸੀ।

“ਰਸਲ ਤੇਰੇ ਸਾਹਮਣੇ ਬਹੁਤ ਚੰਗਾ ਚਮਕਦਾਰ ਭਵਿੱਖ ਐ। ਤੈਨੂੰ ਚਾਹੀਦਾ ਤੂੰ ਸਿਆਣਪ ਦੀ ਡੋਰ ਨੂੰ ਪਕੜ ਕੇ ਆਪਣੇ ਭਵਿੱਖ ਨੂੰ ਬਣਾਉਣ ਦਾ ਯਤਨ ਕਰੇਂ----।”

ਮਾਰਕ ਨੇ ਗੱਲ ਛੇੜ ਕੇ ਵਾਈਨ ਦੀ ਘੁੱਟ ਭਰੀ। ਉਹ ਰਸਲ ਦੀ ਨੁਕਤਾਚੀਨੀ ਕਰਨ ਜਾਂ ਉਸ ਨੂੰ ਗਲਤ ਕਹਿਣ ਤੋਂ ਜਾਣ ਬੁੱਝ ਕੇ ਪਾਸਾ ਵੱਟ ਗਿਆ ਸੀ। ਉਸ ਦੀ ਨੁੱਕਤਾਚੀਨੀ ਜਾਂ ਗਲਤ ਕਹਿ ਕੇ ਉਹ ਉਸ ਨੂੰ ਆਪਣੇ ਵਿਰੋਧ ਵਿਚ ਖੜ੍ਹਾ ਕਰਨ ਦੀ ਥਾਂ ਭਵਿੱਖ ਦਾ ਰਾਹ ਵਿਖਾ ਕੇ ਆਪਣੇ ਹੱਕ ਵਿਚ ਭੁਗਤਾਉਣ ਦਾ ਯਤਨ ਕਰ ਰਿਹਾ ਸੀ।

“ਅੰਕਲ ਮਾਰਕ, ਆਪਣੇ ਭਵਿੱਖ ਦਾ ਫਿਕਰ ਕਰਨਾ ਹਰ ਸਰਮਾਏਦਾਰ ਦਾ ਖੁਦਗਰਜ਼ ਖਾਸਾ ਐ। ਦੁਨੀਆਂ ਵਿਚ ਰਹਿੰਦੇ ਗਰੀਬ ਅਤੇ ਬੇਬੱਸ ਲੋਕਾਂ ਬਾਰੇ ਸੋਚਣ ਦੀ ਉਹ ਕਦੀ ਤਕਲੀਫ਼ ਹੀ ਨੀ ਕਰਦੇ-।” ਰਸਲ ਮੁਸਕਰਾਇਆ।

ਐਂਡੀ ਅਤੇ ਮਾਰਕ ਦੇ ਚਿਹਰਿਆਂ ਤੋਂ ਮੁਸਕਰਾਹਟ ਦਾ ਮਖੌਟਾ ਰਸਲ ਦੇ ਕੁਝ ਸ਼ਬਦਾਂ ਨਾਲ ਹੀ ਪਾਟ ਗਿਆ ਸੀ। ਉਹਨਾਂ ਦੇ ਮੱਥੇ 'ਤੇ ਤਿਉੜੀਆਂ ਅਤੇ ਬੁੱਲ੍ਹ ਸਕੋੜੇ ਗਏ ਸਨ। ਮਾਰਕ ਨੂੰ ਪਤਾ ਨਹੀਂ ਸੀ ਲੱਗ ਰਿਹਾ ਉਹ ਗੱਲ ਦਾ ਸਿਰਾ ਕਿਥੋਂ ਫੜੇ! ਉਹ ਐਂਡੀ ਵੱਲ ਵੇਖਣ ਲੱਗਾ। ਐਂਡੀ ਦੇ ਚਿਹਰੇ 'ਤੇ ਗੁੱਸੇ ਦੇ ਨਿਸ਼ਾਨ ਪ੍ਰਤੱਖ ਸਨ।

"ਰਸਲ ਤੂੰ ਠੀਕ ਐਂ। ਜ਼ਿੰਦਗੀ ਦਾ ਅਸੂਲ ਇਹੋ ਐ। ਹਰ ਕਿਸੇ ਦੀ ਆਪਣੇ ਪ੍ਰਤੀ ਜ਼ਿੰਮੇਵਾਰੀ ਐ। ਮਜ਼ਦੂਰਾਂ ਦੀ ਕਿਸਮਤ ਵਿਚ ਗਰੀਬੀ ਲਿਖੀ ਐ ਤਾਂ ਕੋਈ ਕੀ ਕਰ ਸਕਦਾ ਐ! ਜਿਥੇ ਹੋ ਸਕਦਾ ਸਰਮਾਏਦਾਰ ਵੀ ਉਹਨਾਂ ਦੀ ਮਦਦ ਕਰਦੇ ਐ। ਮੈਂ ਮਾਨਚੈਸਟਰ ਵਿਚਲੀ ਫੈਕਟਰੀ ਦੇ ਮਜ਼ਦੂਰਾਂ ਨੂੰ ਵੱਧ ਤਨਖਾਹ ਦਾ ਐਲਾਨ ਕਰ ਕੇ ਆਇਐਂ--।"

"ਮੁਆਫ਼ ਕਰਨਾ, ਤੁਹਾਡੀ ਫੈਕਟਰੀ ਵਿਚ ਹੜਤਾਲ ਤਾਂ ਵਾਹਵਾ ਚਿਰ ਤੋਂ ਚੱਲ ਰਹੀ ਸੀ। ਜੇ ਤੁਹਾਨੂੰ ਮਜ਼ਦੂਰਾਂ ਦਾ ਐਨਾ ਹੀ ਫਿਕਰ ਸੀ ਇਹੋ ਐਲਾਨ ਤੁਸੀਂ ਬਹੁਤ ਪਹਿਲਾਂ ਵੀ ਕਰ ਸਕਦੇ ਸੀ। ਉਸ ਤੋਂ ਵੀ ਚੰਗਾ ਹੁੰਦਾ ਜੇ ਮਜ਼ਦੂਰਾਂ ਨੂੰ ਫੈਕਟਰੀ ਦੇ ਮੁਨਾਫੇ ਵਿਚੋਂ ਹਿੱਸਾ ਦੇਣ ਦਾ ਐਲਾਨ ਕਰ ਦਿੰਦੇ----।"

ਰਸਲ ਦੀ ਗੱਲ ਸੁਣ ਕੇ ਉਹਨਾਂ ਦੇ ਚਿਹਰੇ ਕਾਲੇ ਹੋ ਗਏ ਅਤੇ ਅੱਖਾਂ ਵਿਚ ਅੰਗਾਰ ਜਲਣ-ਬੁਝਣ ਲੱਗੇ। ਰਸਲ ਤੋਂ ਮਾਰਕ ਨੂੰ ਅਜਿਹੀ ਉਮੀਦ ਨਹੀਂ ਸੀ। ਉਸ ਨੂੰ ਲਗਦਾ ਸੀ ਰਸਲ ਮਾੜਾ ਮੋਟਾ ਕਿਸੇ ਦੇ ਕਹਿਣ 'ਤੇ ਬਹਿਕ ਗਿਆ ਹੋਵੇਗਾ ਤੇ ਉਸ ਨੂੰ ਮੁੜ ਲਾਈਨ 'ਤੇ ਲਿਆਂਦਾ ਜਾ ਸਕਦਾ ਸੀ। ਕੁਝ ਦੇਰ ਬਹਿਸ ਚਲਦੀ ਰਹੀ। ਗੱਲ ਕਿਸੇ ਸਿਰੇ ਨਾ ਲਗਦੀ ਵੇਖ ਕੇ ਮਾਰਕ ਨੇ ਜਾਣ ਦੀ ਇਜ਼ਾਜ਼ਤ ਮੰਗੀ। ਉਸ ਨੇ ਰਸਲ ਦੇ ਨਾਂ 'ਤੇ ਕਾਟਾ ਮਾਰ ਦਿੱਤਾ ਸੀ। ਫਿਰ ਵੀ ਕਈ ਰਾਤਾਂ ਰਸਲ ਦੀਆਂ ਗੱਲਾਂ ਉਸ ਨੂੰ ਬੇਚੈਨ ਕਰਦੀਆਂ ਰਹੀਆਂ।

------------

ਰਸਲ ਆਪਣੇ ਕੰਮ ਵਿਚ ਹੋਰ ਦਿਲਚਸਪੀ ਲੈਣ ਲੱਗਾ। ਐਂਡੀ ਦੇ ਘਰ ਵਿਚ ਉਸ ਦਾ ਸਾਹ ਘੁੱਟਣ ਲੱਗਾ। ਉਹ ਆਜ਼ਾਦੀ ਨਾਲ ਜਿਉਣਾ ਚਾਹੁੰਦਾ ਸੀ। 'ਆਜ਼ਾਦੀ' ਨਾਂ ਦਾ ਪੰਛੀ ਉਸ ਨੂੰ ਕਿਧਰੇ ਉੱਡਦਾ ਨਜ਼ਰ ਨਹੀਂ ਸੀ ਆਉਂਦਾ। ਮਜ਼ਦੂਰ ਮਾਲਕਾਂ ਦੇ ਗੁਲਾਮ ਸਨ। ਮਾਲਕ ਪੈਸੇ ਅਤੇ ਹੰਕਾਰ ਦੇ ਗੁਲਾਮ ਸਨ। ਪੈਸਾ ਤੇ ਹੰਕਾਰ ਲਾਲਚ ਦੀ ਕੋਠੀ ਦਾ ਕੈਦੀ ਸੀ। ਲਾਲਚ ਦੀ ਕੋਠੀ ਦੀ ਕਿਸੇ ਕੋਲ ਚਾਬੀ ਨਹੀਂ ਸੀ। ਰਸਲ ਨੂੰ ਲਗਦਾ ਸੀ ਜੇ 'ਚਾਰਟਰ' ਲਾਗੂ ਹੋ ਜਾਵੇ ਤਾਂ ਸ਼ਾਇਦ ਕੁਝ ਕੁ ਆਜ਼ਾਦੀ ਮਿਲ ਜਾਵੇ। ਉਹ ਵਿਤ ਅਨੁਸਾਰ ਲਹਿਰ ਲਈ ਕੰਮ ਕਰਦਾ।

ਇਕ ਦਿਨ ਕੰਮ 'ਤੇ ਇਕ ਬਹੁਤ ਹੀ ਸੁੰਦਰ ਕੁੜੀ ਆਈ। ਉਸ ਨੇ ਕੁਝ ਚੀਜ਼ਾਂ ਖਰੀਦਣੀਆਂ ਸਨ। ਗੱਲਾਂ ਤੋਂ ਪਤਾ ਲੱਗਾ ਉਹਨਾਂ ਦਾ ਘਰ ਬਣਾਉਣ ਅਤੇ ਸੰਵਾਰ ਕੇ ਵੇਚਣ ਦਾ ਪ੍ਰੀਵਾਰਕ ਕੰਮ ਸੀ। ਉਸ ਦਾ ਕੰਮ ਘਰਾਂ ਨੂੰ ਸਜਾਉਣ ਦਾ ਸੀ। ਉਸ ਨਾਲ ਟੋਨੀ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ ਅਤੇ ਕਾਫੀ ਸਮਾਂ ਵੀ ਬਿਤਾਇਆ। ਰਸਲ ਕੁੜੀ ਨੂੰ ਦੂਰੋਂ ਵੇਖਦਾ ਰਿਹਾ। ਕੁੜੀ ਉਸ ਨੂੰ ਬਹੁਤ ਚੰਗੀ ਲੱਗੀ ਸੀ। ਕੋਈ ਗੱਲ ਉਸ ਨੂੰ ਕੁੜੀ ਵੱਲ ਖਿੱਚਦੀ। ਅਗਲੀ ਮਿਲਣੀ ਦੀ ਉਡੀਕ ਵਿਚ ਉਹ ਕਈ ਰਾਤਾਂ ਜਾਗਦਾ ਰਿਹਾ। ਉਹਦੀ ਉਮੀਦ ਟੁੱਟਦੀ-ਟੁੱਟਦੀ ਟੁੱਟ ਗਈ। ਰਸਲ ਦੇ ਜ਼ਿਹਨ ਵਿਚੋਂ ਕੁੜੀ ਦੇ ਨਕਸ਼ ਧੁੰਧਲੇ ਪੈਣ ਲੱਗੇ।

ਸਰਦੀਆਂ ਦੀਆਂ ਹਵਾਵਾਂ ਅਤੇ ਘਨਘੋਰ ਘਟਾਵਾਂ ਦੀ ਆਵਾਜ਼ਾਈ ਸ਼ੁਰੂ ਹੋ ਚੁੱਕੀ ਸੀ। ਲੋਕਾਂ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿਕਲਣ ਲੱਗਾ ਸੀ। ਠੰਡੇ ਘਰਾਂ ਨੂੰ ਗਰਮ ਕਰਨ ਲਈ ਗਰੀਬ ਮਜ਼ਦੂਰਾਂ ਲਈ ਵਾਧੂ ਖਰਚ ਖੜ੍ਹਾ ਹੋ ਗਿਆ ਸੀ। ਬੱਚੇ ਠੁਰ-ਠੁਰ ਕਰਦੇ ਸੜਕਾਂ ਪਾਰ ਕਰਦੇ ਤੇ ਕੰਮ ਕਰਨ ਫੈਕਟਰੀਆਂ ਵਿਚ ਪਹੁੰਚਣ ਦੀ ਕਾਹਲ ਕਰਦੇ। ਫੈਕਟਰੀਆਂ ਵਿਚ ਭੱਠੀਆਂ ਦੇ ਸੇਕ ਨਾਲ ਨਿੱਘ ਮਹਿਸੂਸ ਕਰਦੇ। ਕੁਝ ਦੇਰ ਬਾਅਦ ਉਹੋ ਭੱਠੀਆਂ ਉਹਨਾਂ ਨੂੰ ਸਿਆਲ ਵਿਚ ਵੀ ਪਸੀਨੋ ਪਸੀਨਾ ਕਰ ਦਿੰਦੀਆਂ।

ਅਮੀਰ ਲੋਕ ਗਰਮ ਕੱਪੜੇ ਪਹਿਨਦੇ। ਓਵਰ ਕੋਟ ਪਾ ਕੇ ਵੱਡੇ ਟੋਪ ਸਿਰਾਂ 'ਤੇ ਲੈ ਲੈਂਦੇ। ਗੁਲੂਬੰਦ ਨਾਲ ਧੌਣ ਨਿੱਘੀ ਰਖਦੇ। ਲੰਬੇ ਨਿੱਘੇ ਬੂਟਾਂ ਵਿਚ ਗਰਮ ਜ਼ੁਰਾਬਾਂ ਪਾ ਕੇ ਸਰਦੀ ਨੂੰ ਚਿੜਾਉਣ ਦੀ ਕੋਸ਼ਿਸ਼ ਕਰਦੇ। ਘਰਾਂ ਵਿਚ ਸਾਰੇ ਕਮਰਿਆਂ ਦੀਆਂ ਚਿਮਨੀਆਂ ਵਿਚੋਂ ਧੂੰਆਂ ਨਿਕਲਦਾ। ਉਹਨਾਂ ਦੇ ਘਰ ਦਿਨ ਰਾਤ ਨਿੱਘੇ ਰਹਿੰਦੇ। ਲੋਕ ਐਵੇਂ ਤਾਂ ਨਹੀਂ ਸੀ ਕਹਿੰਦੇ—ਸਿਆਲ ਅਮੀਰਾਂ ਲਈ ਤੇ ਹਾੜ੍ਹ ਗਰੀਬਾਂ ਲਈ।

ਅਜਿਹੀ ਇਕ ਸਵੇਰ ਨੂੰ ਗਰਮ ਕੱਪੜਿਆਂ ਨਾਲ ਢਕੀ-ਢਕਾਈ ਕੁੜੀ ਰਸਲ ਦੇ ਸਾਹਮਣੇ ਖੜ੍ਹੀ ਸੀ। ਜਦ ਉਸ ਨੇ ਆਪਣਾ ਟੋਪ ਲਾਹ ਕੇ ਮਫਲਰ ਢਿੱਲਾ ਕੀਤਾ ਤਾਂ ਰਸਲ ਦੀ ਹੈਰਾਨੀ ਅਤੇ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉਸ ਦੇ ਸਾਹਮਣੇ ਉਹੀ ਕੁੜੀ ਸਾਕਾਰ ਖੜ੍ਹੀ ਸੀ। ਰਸਲ ਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਕਰੇ? ਉਹ

ਸਭ ਤੋਂ ਪਹਿਲਾਂ ਹੀ ਕੁੜੀ ਕੋਲ ਪਹੁੰਚ ਗਿਆ ਸੀ। ਉਸ ਨੇ ਕੁੜੀ ਨੂੰ ਦਫ਼ਤਰ ਵਿਚ ਬਿਠਾਇਆ ਅਤੇ ਉਸ ਦਾ ਓਵਰ ਕੋਟ ਲੈ ਕੇ ਟੰਗ ਦਿੱਤਾ। ਉਸ ਨੂੰ ਕੁਰਸੀ 'ਤੇ ਬੈਠਣ ਦੀ ਬੇਨਤੀ ਕੀਤੀ। ਕੁੜੀ ਬਹੁਤ ਸਲੀਕੇ ਨਾਲ ਬੈਠ ਗਈ। ਰਸਲ ਵੀ ਉਸ ਦੇ ਸਾਹਮਣੇ ਬੈਠ ਗਿਆ।

"ਹੈਲੋ ਮਿਸ, ਮੈਂ ਰਸਲ ਐਡਵਿਨ। ਤੁਹਾਨੂੰ ਮਿਲ ਕੇ ਬਹੁਤ ਖੁਸ਼ੀ ਹੋਈ।" ਰਸਲ ਦੇ ਚਿਹਰੇ ਦੀ ਚਮਕ ਦੁਗਣੀ ਹੋ ਗਈ ਸੀ।

"ਬਹੁਤ ਮਿਹਰਬਾਨੀ। ਮੈਂ ਅਲੀਜ਼ਾ, ਇਕ ਵਾਰ ਪਹਿਲਾਂ ਵੀ ਆਈ ਸੀ। ਉਸ ਦਿਨ ਕੁਝ ਚੀਜ਼ਾਂ ਮੈਨੂੰ ਪਸੰਦ ਆਈਆਂ ਸਨ।"

"ਜੀ ਮੈਨੂੰ ਪਤਾ ਤੁਸੀਂ ਆਏ ਸੀ। ਚਾਹ ਜਾਂ ਕੌਫੀ ਪਸੰਦ ਕਰੋਗੇ!"

"ਕੌਫੀ ਪਲੀਜ਼।" ਕਹਿ ਕੇ ਕੁੜੀ ਫਾਈਲ ਵੇਖਣ ਲੱਗੀ। ਰਸਲ ਕੌਫੀ ਲੈਣ ਚਲਾ ਗਿਆ।

ਵਾਪਿਸ ਆ ਕੇ ਉਹਨਾਂ ਕੌਫੀ ਪੀਂਦਿਆਂ ਗੱਲਾਂ ਦਾ ਸਿਲਸਿਲਾ ਛੋਹ ਲਿਆ।

"ਅਲੀਜ਼ਾ, ਬਹੁਤ ਸੁਹਣਾ ਨਾਂ ਐ। ਤੁਸੀਂ ਆਪਣਾ ਪ੍ਰੀਵਾਰਕ ਨਾਂ ਨਹੀਂ ਦੱਸਿਆ।"

"ਮੈਂ ਆਪਣਾ ਪ੍ਰੀਵਾਰਕ ਨਾਂ ਘੱਟ ਹੀ ਵਰਤਦੀ ਆਂ।" ਅਲੀਜ਼ਾ ਪਲ ਕੁ ਚੁੱਪ ਰਹੀ। ਰਸਲ ਸਵਾਲੀਆ ਨਜ਼ਰਾਂ ਨਾਲ ਅਜੇ ਵੀ ਉਸ ਵੱਲ ਵੇਖ ਰਿਹਾ ਸੀ।

"ਅਸਲ ਵਿਚ ਮੇਰਾ ਪਿਤਾ ਯਹੂਦੀ ਐ ਤੇ ਮਾਂ ਮੇਰੀ ਕ੍ਰਿਸਚੀਅਨ। ਇਸ ਕਰਕੇ ਹੀ ਸ਼ਾਇਦ ਸਾਡੇ ਘਰ ਵਿਚ ਪ੍ਰੀਵਾਰਕ ਨਾਂ ਘੱਟ ਵੱਧ ਹੀ ਵਰਤਿਆ ਜਾਂਦਾ ਐ। ਵੈਸੇ ਮੇਰਾ ਪ੍ਰੀਵਾਰਕ ਨਾਂ ਐਮਜ਼ਲ ਐ। ਅਲੀਜ਼ਾ ਐਮਜ਼ਲ।"

"ਅਲੀਜ਼ਾ ਐਮਜ਼ਲ---ਬਹੁਤ ਸੁੰਦਰ।" ਰਸਲ ਨੂੰ ਕੁੜੀ ਦੇ ਨਾਲ ਉਸ ਦਾ ਨਾਂ ਵੀ ਪਸੰਦ ਆ ਗਿਆ।

"ਅਲੀਜ਼ਾ ਤੁਸੀਂ ਕਿਥੇ ਰਹਿੰਦੇ ਓ?"

"ਬਾਰਨਿਟ--।"

"ਇਥੇ ਤੁਸੀਂ ਆਪਣੀ ਬੱਘੀ ਵਿਚ ਆਏ ਆਂ--।"

"ਨਹੀਂ ਮੈਂ ਤਾਂ 'ਸਟੀਮ ਕੋਚ' 'ਤੇ ਆਈ ਸੀ। ਸੁਣਿਆ ਸਰਕਾਰ ਨੇ ਨਵੇਂ ਕਾਨੂੰਨ ਬਣਾ ਦਿੱਤੇ ਐ ਤੇ ਸਟੀਮ ਕੋਚਾਂ ਦੀ ਸ਼ਹਿਰਾਂ ਵਿਚ ਸਪੀਡ ਘਟਾ ਦਿੱਤੀ ਐ। ਡਰਾਇਵਰ ਕਹਿ ਰਿਹਾ ਸੀ ਅਗਲੇ ਹਫ਼ਤੇ ਤੋਂ ਕੋਚਾਂ ਬੰਦ ਹੋ ਰਹੀਆਂ।"

"ਪਤਾ ਨੀ ਸਰਕਾਰ ਦਾ ਕੀ ਸਿਰ ਫਿਰਿਆ ਹੋਇਆ। ਸਟੀਮ ਕੋਚਾਂ ਘੋੜ-ਗੱਡੀਆਂ ਨਾਲੋਂ ਸਸਤੀਆਂ ਪੈਂਦੀਆਂ ਅਤੇ ਸਵਾਰੀਆਂ ਵੀ ਵੱਧ ਲੈ ਸਕਦੀਆਂ। ਸਪੀਡ ਵੀ ਤੇਜ਼ ਐ। ਸਰਕਾਰ ਕਰਨ ਵਾਲੇ ਕੰਮ ਨੀ ਕਰਦੀ। ਅਜੇ ਪੰਜ ਸੱਤ ਸਾਲਾਂ ਤੋਂ(1830) ਚੱਲੀਆਂ ਤੇ---।" ਰਸਲ ਨੇ ਅਲੀਜ਼ਾ ਵੱਲ ਵੇਖਿਆ। ਉਸ ਦੇ ਬੁੱਲ੍ਹਾਂ 'ਤੇ ਪਿਆਰੀ ਮੁਸਕਰਾਹਟ ਨੇ ਉਸ ਨੂੰ ਹੋਰ ਵੀ ਘਾਇਲ ਕਰ ਦਿੱਤਾ।

ਅਲੀਜ਼ਾ ਦਾ ਆਉਣ-ਜਾਣ ਕੰਮ ਦੇ ਸਿਲਸਿਲੇ ਵਿਚ ਵਧਦਾ ਗਿਆ। ਦੋਵਾਂ ਦਾ ਨੇੜ ਵੀ ਵਧਦਾ ਗਿਆ। ਅਲੀਜ਼ਾ ਲਈ ਤਾਂ ਜਾਤਾਂ-ਧਰਮਾਂ ਦੀਆਂ ਕੰਧਾਂ ਪਹਿਲਾਂ ਹੀ ਢਹਿ ਢੇਰੀ ਹੋ ਚੁੱਕੀਆਂ ਸਨ। ਰਸਲ ਲਈ ਵੀ ਇਹ ਕੋਈ ਵੱਡੀ ਸਮੱਸਿਆ ਵਾਲੀ ਗੱਲ ਨਹੀਂ ਸੀ। ਘਰ ਵਿਚ ਸ਼ਾਇਦ ਉਹਨਾਂ ਨੂੰ ਮਾਨਤਾ ਨਾ ਮਿਲੇ, ਰਸਲ ਦੇ ਮਨ ਵਿਚ ਸਵਾਲ ਜ਼ਰੂਰ ਉੱਠਦਾ। ਵੈਸੇ ਵੀ ਕਿਹੜਾ ਰਸਲ ਨੂੰ ਘਰ ਵਿਚ ਮਾਨਤਾ ਮਿਲੀ ਹੋਈ ਸੀ। ਉਸ ਨੇ ਇਸ ਬਾਰੇ ਬਹੁਤਾ ਸੋਚਣਾ ਹੀ ਛੱਡ ਦਿੱਤਾ। ਅਲੀਜ਼ਾ ਬਾਰੇ ਹੀ ਉਹ ਸੋਚਦਾ।

ਇਕ ਦਿਨ ਰਸਲ ਨੂੰ ਮਿਲਣ ਦਾ ਵਇਦਾ ਕਰ ਕੇ ਅਲੀਜ਼ਾ ਨਾ ਆਈ ਤੇ ਰਸਲ ਉਪਰਾਮ ਹੋ ਗਿਆ। ਅਗਲੀ ਵਾਰ ਜਦ ਮਿਲੀ ਤਾਂ ਉਸ ਨੇ ਮੁਆਫੀ ਮੰਗਦਿਆਂ ਕਾਰਨ ਵੀ ਦੱਸ ਦਿੱਤਾ।

"ਮੇਰਾ ਅੰਕਲ ਸੈਮ ਬਹੁਤ ਬਿਮਾਰ ਸੀ। ਅਸੀਂ ਉਹਨਾਂ ਦਾ ਪਤਾ ਲੈਣ ਗਏ ਸੀ।"

ਉਸ ਨੇ ਰਸਲ ਨੂੰ ਸੈਮ ਅਤੇ ਜਿਲੀਅਨ ਨਾਲ ਆਪਣੇ ਪ੍ਰੀਵਾਰ ਦੇ ਸਬੰਧਾਂ ਦੇ ਨਾਲ ਨਾਲ ਕਾਫੀ ਸਾਰੀ ਕਹਾਣੀ ਵੀ ਸੁਣਾ ਦਿੱਤੀ। ਐਂਗਲੋ ਸਿੱਖ ਲੜਾਈ ਦੇ ਬਣਦੇ ਆਸਾਰ ਕਾਰਨ ਜਿਲੀਅਨ ਦਾ ਐਲਨ ਲਈ ਫਿਕਰ ਵੀ ਕਹਾਣੀ ਦਾ ਹਿੱਸਾ ਬਣ ਗਿਆ। ਰਸਲ ਸੈਮ ਦੀ ਤਸਵੀਰ ਆਪਣੇ ਮਨ ਵਿਚ ਬਣਾਉਣ ਲੱਗਾ।

## 8

ਸੈਮ ਨੂੰ ਐਲਨ ਦੀ ਚਿੱਠੀ ਆਈ। ਉਸ ਨੇ ਹੋਰ ਗੱਲਾਂ ਬਿਨਾਂ ਉਸ ਸਮੇਂ ਦੇ ਪੰਜਾਬ ਦੇ ਹਾਲਾਤ ਬਾਰੇ ਵੀ ਲਿਖਿਆ ਸੀ।

-----ਐਂਗਲੋ ਸਿੱਖ ਲੜਾਈ ਦੀਆਂ ਅਫਵਾਹਾਂ ਆਮ ਹਨ। ਫਿਰੋਜਪੁਰ ਦੇ ਨੇੜੇ ਈਸਟ ਇੰਡੀਆ ਕੰਪਨੀ ਨੇ ਆਪਣੀਆਂ ਫੌਜਾਂ ਇਕੱਠੀਆਂ ਕਰ ਲਈਆਂ ਹਨ। ਕਹਿਣ ਅਨੁਸਾਰ ਭਾਂਵੇਂ ਇਹਨਾਂ ਫੌਜਾਂ ਦਾ ਨਿਸ਼ਾਨਾ ਸ਼ਾਹ ਸੁਜਾਦ ਨੂੰ ਸਬਕ ਸਿਖਾਉਣ ਦਾ ਹੈ। ਪਰ ਈਸਟ ਇੰਡੀਆ ਕੰਪਨੀ ਦੇ ਇਤਿਹਾਸ ਅਤੇ ਕੰਮ-ਢੰਗ ਨੂੰ ਸੋਚੀਏ ਤਾਂ ਲਗਦਾ ਅਸਲ ਵਿਚ ਇਹਨਾਂ ਫੌਜਾਂ ਦਾ ਰੁਖ ਜਲਦੀ ਹੀ ਸਿੱਖਾਂ ਵੱਲ ਹੋਣ ਵਾਲਾ ਹੈ।

ਤੁਹਾਨੂੰ ਤਾਂ ਪਤਾ  ਹੀ ਹੋਵੇਗਾ ਈਸਟ ਇੰਡੀਆ ਕੰਪਨੀ ਜਿਸ ਨੂੰ ਸ਼ੁਰੂ ਵਿਚ ਜੌਹਨ ਕੰਪਨੀ ਵੀ ਕਹਿੰਦੇ ਸਨ, ਅਸਲ ਵਿਚ ਈਸਟ ਇੰਡੀਜ਼ ਨਾਲ ਵਪਾਰ ਕਰਨ ਵਾਸਤੇ ਬਣਾਈ ਗਈ ਸੀ। ਉਹਨਾਂ ਦਿਨਾਂ ਵਿਚ ਕੰਪਨੀ ਕਪਾਹ, ਸਿਲਕ, ਚਾਹ, ਲੂਣ, ਅਫੀਮ ਅਤੇ ਲਾਜਵਰ ਵਰਗੀਆਂ ਚੀਜ਼ਾਂ ਦਾ ਵਪਾਰ ਕਰਦੀ ਸੀ। 31 ਦਸੰਬਰ 1600 ਨੂੰ ਜਿਉਂ ਹੀ ਰਾਣੀ ਅਲੈਜ਼ਬਿਥ ਵੱਲੋਂ ਕੰਪਨੀ ਨੂੰ ਰਾਇਲ ਚਾਰਟਰ ਦੀ ਮਨਜ਼ੂਰੀ ਮਿਲ ਗਈ ਤਾਂ ਕੰਪਨੀ ਦੇ ਸ਼ੇਅਰ ਵੱਡੇ ਵੱਡੇ 125 ਅਮੀਰਾਂ ਅਤੇ ਵਪਾਰੀਆਂ ਨੇ ਖਰੀਦ ਲਏ। ਈਸਟ ਇੰਡੀਜ਼ ਵਿਚ ਡੱਚ ਵਪਾਰੀਆਂ ਨਾਲ ਅੰਗਰੇਜ਼ ਵਪਾਰੀ ਮੁਕਾਬਲਾ ਨਾ ਕਰ ਸਕੇ ਤੇ ਈਸਟ ਇੰਡੀਆ ਕੰਪਨੀ ਨੇ 1608 ਵਿਚ ਭਾਰਤ ਵੱਲ ਮੂੰਹ ਕੀਤਾ। ਬਾਦਸ਼ਾਹ ਜਹਾਂਗੀਰ ਨਾਲ ਮੁਲਾਕਤ ਕਰਕੇ ਉਸ ਨੂੰ ਭਾਰਤ ਵਿਚ ਇੰਗਲੈਂਡ ਦਾ ਬਣਿਆ ਸਮਾਨ ਅਤੇ ਹੋਰ ਲਾਲਚ ਦਿੱਤੇ ਤਾਂ ਜਹਾਂਗੀਰ ਨੇ ਈਸਟ ਇੰਡੀਆ ਕੰਪਨੀ ਨੂੰ ਫੈਕਟਰੀਆਂ ਖੋਲ੍ਹਣ ਅਤੇ ਆਪਣੀ ਮਰਜ਼ੀ ਨਾਲ ਵਪਾਰ ਕਰਨ ਦੀ ਖੁੱਲ੍ਹ ਦੇ ਦਿੱਤੀ। ਪਹਿਲੀਆਂ ਫੈਕਟਰੀਆਂ 'ਬੇਅ ਆਫ ਬੰਗਾਲ' ਦੇ ਨੇੜੇ ਖੋਲ੍ਹੀਆਂ ਗਈਆਂ ਤੇ ਹੌਲੀ ਹੌਲੀ ਕੰਪਨੀ ਨੇ ਆਪਣੀ ਫੌਜ ਵੀ ਤਿਆਰ ਕਰ ਲਈ। ਫੌਜ ਨਾਲ ਕੰਪਨੀ ਨੇ ਐਸ਼-ਪ੍ਰਸਤ ਰਾਜਿਆਂ ਮਹਾਰਾਜਿਆਂ ਦੇ ਰਾਜਾਂ ਨੂੰ ਸਿੱਧੇ ਅਤੇ ਅਸਿੱਧੇ ਢੰਗ ਨਾਲ ਕਾਬੂ ਕਰ ਲਿਆ। 1857 ਦੇ ਗਦਰ ਤੱਕ ਕੰਪਨੀ ਦੀ ਆਪਣੀ ਫੌਜ ਸੀ ਅਤੇ ਬਰਤਾਨੀਆਂ ਸਰਕਾਰ ਅਸਿੱਧੇ ਤੌਰ 'ਤੇ ਹੀ ਕੰਪਨੀ ਨੂੰ ਕੰਟਰੋਲ ਕਰ ਰਹੀ ਸੀ। 1858 ਵਿਚ ਬਰਤਾਨਵੀ ਸਰਕਾਰ ਨੇ ਭਾਰਤ ਦਾ ਰਾਜ ਭਾਗ ਸਿੱਧੇ ਤੌਰ 'ਤੇ ਆਪਣੇ ਹੱਥਾਂ ਵਿਚ ਲੈ ਲਿਆ ਸੀ---।

ਇਹਨਾਂ ਦਿਨਾਂ ਵਿਚ ਜਿਲੀਅਨ ਨੂੰ ਸਿੱਖਾਂ ਨਾਲ ਹੋਣ ਵਾਲੀ ਲੜਾਈ ਦਾ ਸਭ ਤੋਂ ਵੱਧ ਫਿਕਰ ਸੀ। ਐਲਨ ਦੀ ਪੋਸਟਿੰਗ ਫਿਰੋਜ਼ਪੁਰ ਵਿਚ ਜਿਉਂ ਸੀ। ਸੈਮ ਨੇ ਉਸ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ। ਐਲਨ ਫੋਜ ਵਿਚ ਭਰਤੀ ਨਹੀਂ ਸੀ। ਉਹ ਤਾਂ ਵਾਇਸਰਾਇ ਦੇ ਦਫ਼ਤਰ ਦੇ ਹੁਕਮ ਮੰਨ ਕੇ ਫਿਰੋਜ਼ਪੁਰ ਗਿਆ ਸੀ। ਕੁਝ ਤਾਂ ਸੈਮ ਦੀ ਸਿਹਤ ਪਹਿਲਾਂ ਹੀ ਮਾੜੀ ਸੀ। ਕੁਝ ਐਲਨ ਬਾਰੇ ਸੋਚਦਿਆਂ ਅਤੇ ਫਿਕਰ ਨੂੰ ਅੰਦਰੇ-ਅੰਦਰ ਘੁੱਟਦਿਆਂ ਉਹ ਇਕ ਹਲਕੇ ਜਿਹੇ ਦਿਲ ਦੇ ਦੌਰੇ ਦਾ ਸ਼ਿਕਾਰ ਹੋ ਗਿਆ। ਇਸ ਦੌਰੇ ਨੇ ਉਸ ਨੂੰ ਮੌਤ ਦੇ ਹੋਰ ਵੀ ਨੇੜੇ ਧੱਕ ਦਿੱਤਾ। ਉਸ ਦਾ ਪਤਾ ਲੈਣ ਡੈਨੀਅਲ ਤੇ ਸਮੈਂਥਾ ਵੀ ਆਏ ਤੇ ਉਹਨਾਂ ਦੇ ਬੱਚੇ ਵੀ। ਅਲੀਜ਼ਾ ਨਾਲ ਸੈਮ ਦਾ ਕਾਫੀ ਮੋਹ ਸੀ। ਉਹ ਵੀ ਸੈਮ ਦਾ ਮਾਂ ਬਾਪ ਵਾਂਗ ਹੀ ਖਿਆਲ ਰਖਦੀ। ਕੁਝ ਦਿਨਾਂ ਦੇ ਓਹੜ-ਪੋਹੜ ਨਾਲ ਸੈਮ ਕੁਝ ਕੁ ਸੰਭਲ ਗਿਆ। ਅਲੀਜ਼ਾ ਫਿਰ ਤੋਂ ਆਪਣੇ ਕੰਮ ਵਿਚ ਧਿਆਨ ਦੇਣ ਲੱਗੀ।

ਜਿਲੀਅਨ ਨੇ ਐਲਨ ਨੂੰ ਸੈਮ ਦੀ ਸਿਹਤ ਬਾਰੇ ਕੁਝ ਕੁ ਵਧਾ ਚੜ੍ਹਾਅ ਕੇ ਲਿਖ ਦਿੱਤਾ। ਐਲਨ ਵਾਪਿਸ ਆਉਣਾ ਚਾਹੁੰਦਾ ਸੀ। ਉਸ ਸਮੇਂ ਉਸ ਦਾ ਉਥੋਂ ਨਿਕਲਣਾ ਬਹੁਤ ਔਖਾ ਸੀ। ਉਸ ਨੇ ਜਿਲੀਅਨ ਦਾ ਮਨ ਰੱਖਣ ਲਈ ਛੁੱਟੀ ਲੈਣ ਦੀ ਕੋਸ਼ਿਸ਼ ਬਾਰੇ ਲਿਖ ਦਿੱਤਾ। ਲੜਾਈ ਨੂੰ ਬਹੁਤਾ ਟਾਲਿਆ ਨਹੀਂ  ਸੀ ਜਾ ਸਕਦਾ। ਦਸੰਬਰ 1845 ਵਿਚ ਲੜਾਈ ਸ਼ੁਰੂ ਹੋਈ ਤੇ ਘਮਸਾਨ ਦਾ ਯੁੱਧ ਹੋਇਆ। ਦੋਹਾਂ ਧਿਰਾਂ ਦਾ ਬਹੁਤ ਨੁਕਸਾਨ ਹੋਇਆ। ਇਕ ਪਾਸੇ ਸਿੱਖ ਮਾਰੇ-ਕੱਟੇ ਜਾ ਰਹੇ ਸਨ। ਦੂਸਰੇ ਪਾਸੇ ਹੋਰ ਭਾਰਤੀ ਵੱਢੇ-ਟੁੱਕੇ ਜਾ ਰਹੇ ਸਨ। ਅੰਗਰੇਜ਼ ਸਿਪਾਹੀ ਜਾਂ ਅਫ਼ਸਰ ਕੁਝ ਕੁ ਹੀ ਮਾਰੇ ਗਏ ਸਨ। ਪਰ ਇਸ ਜੰਗ ਦਾ ਲਾਭ ਸਿਰਫ ਈਸਟ ਇੰਡੀਆ ਕੰਪਨੀ ਨੂੰ ਹੀ ਹੋਇਆ ਸੀ।

ਬ੍ਰਿਟੇਨ ਤੋਂ ਬਿਨਾਂ ਯੂਰਪ ਦੇ ਬਾਕੀ ਦੇਸ਼ਾਂ ਵਿਚ ਵੀ ਸਰਕਾਰਾਂ ਅਤੇ ਸਰਮਾਏਦਾਰਾਂ ਖਿਲਾਫ ਮਜ਼ਦੂਰਾਂ ਦੀਆਂ ਹੜਤਾਲਾਂ ਅਤੇ ਸੰਘਰਸ਼ ਚੱਲ ਰਹੇ ਸਨ। ਬਹੁਤੀਆਂ ਸਰਕਾਰਾਂ ਨੂੰ ਇਨਕਲਾਬ ਤੋਂ ਡਰ ਲਗਦਾ ਸੀ। ਫਰਾਂਸ ਵਿਚ ਲੋਕਾਂ ਨੇ ਪਹਿਲਾਂ 1792 ਵਿਚ ਉਥੋਂ ਦੇ ਰਾਜੇ ਨੂੰ ਗੱਦੀ ਤੋਂ ਲਾਹ ਦਿੱਤਾ ਅਤੇ ਫਰਾਂਸ ਨੂੰ ਰੀਪਬਲਿਕ ਘੋਸ਼ਤ ਕਰ ਦਿੱਤਾ। ਨਪੋਲੀਅਨ ਦੇ ਸਮੇਂ ਤੋਂ ਪਹਿਲਾਂ 1804 ਤੱਕ ਫਰਾਂਸ ਰੀਪਬਲਿਕ ਕਾਇਮ ਰਹੀ। ਇਹਨਾਂ ਸਾਲਾਂ ਵਿਚ ਇਟਲੀ, ਜਰਮਨੀ, ਆਇਰਲੈਂਡ, ਬ੍ਰਿਟੇਨ ਅਤੇ ਹੋਰ ਯੂਰਪੀ ਦੇਸ਼ਾ ਵਿਚ ਮੰਦਵਾੜਾ ਚੱਲ ਰਿਹਾ ਸੀ। ਮੰਦਵਾੜੇ ਨੇ ਮਜ਼ਦੂਰਾਂ ਨੂੰ ਬੇਰੁਜ਼ਗਾਰ ਕਰ ਦਿੱਤਾ ਅਤੇ ਮਜ਼ਦੂਰਾਂ ਵਿਚ ਬੇਚੈਨੀ ਫੈਲ ਗਈ। ਸਰਕਾਰਾਂ ਲਈ ਫਰਾਂਸ ਵਰਗੇ ਹਾਲਾਤ ਪੈਦਾ ਹੋਣ ਦਾ ਖਤਰਾ ਸਿਰ 'ਤੇ ਮੰਡਲਾ ਰਿਹਾ ਲਗਦਾ ਸੀ।

"ਸੈਮ ਏਸ ਰੌਲੇ ਰੱਪੇ ਵਿਚੋਂ ਕੀ ਰੰਗ ਉਘਰੂ---?"

ਜਿਲੀਅਨ ਅਸਲ ਵਿਚ ਐਲਨ ਬਾਰੇ ਸੋਚ ਰਹੀ ਸੀ। ਆਪਣੀ ਸੋਚ ਨੂੰ ਸੈਮ ਨਾਲ ਸਾਂਝੀ ਕਰਕੇ ਉਹ ਸੈਮ ਨੂੰ ਫਿਕਰਾਂ ਵਿਚ ਨਹੀਂ ਪਾਉਣਾ ਚਾਹੁੰਦੀ ਸੀ। ਸੈਮ ਨੇ ਨਰਮੀ ਨਾਲ ਜਿਲੀਅਨ ਦਾ ਹੱਥ ਫੜ ਲਿਆ ਅਤੇ ਪੋਲਾ-ਪੋਲਾ ਪਲੋਸਣ ਲੱਗਾ।

"ਰੌਲੇ ਰੱਪੇ ਲੋਕਾਂ ਦੀ ਅਸੰਤੁਸ਼ਟਤਾ ਦੇ ਪ੍ਰਤੀਕ ਹੁੰਦੇ ਐ। ਮਨੁੱਖੀ ਲਾਲਚ ਅਤੇ ਖੁਦਗਰਜ਼ੀ ਉਹਨਾਂ ਦੀ ਅਸੰਤੁਸ਼ਟਤਾ ਨੂੰ ਤਾਕਤ ਨਾਲ ਦਬਾਉਣ ਦਾ ਯਤਨ ਕਰਦੀ ਐ। ਇਹ ਦੋ ਤਾਕਤਾਂ ਦੀ ਲੜਾਈ ਐ ਤੇ ਜਿੱਤ ਤਾਕਤਵਰ ਦੀ ਹੀ ਹੁੰਦੀ ਐ। ਅਜੇ ਤਾਕਤ ਸਰਕਾਰ ਦੇ ਹੱਥ ਲਗਦੀ ਐ। ਮੇਰੀ ਪਿਆਰੀ ਤੂੰ ਫਿਕਰ ਨਾ ਕਰ--।" ਸੈਮ ਨੇ ਜਿਲੀਅਨ ਦਾ ਹੱਥ ਆਪਣੇ ਬੁੱਲ੍ਹਾਂ ਤੱਕ ਲਿਜਾ ਕੇ ਚੁੰਮ ਲਿਆ।

"ਐਲਨ ਦਾ ਵੀ ਕੋਈ ਚਿੱਠੀ ਪੱਤਰ ਨਹੀਂ ਆਇਆ---।" ਜਿਲੀਅਨ ਆਪਣੇ ਫਿਕਰ ਨੂੰ ਸਾਂਝਾ ਕਰੇ ਬਿਨਾਂ ਨਾ ਰਹਿ ਸਕੀ।

"ਐਲਨ ਅੱਗੇ ਦੋ ਕਰਤੱਵ ਐ। ਇਕ ਮਾਪਿਆਂ ਨੂੰ ਪਿਆਰ ਕਰਨ ਦਾ ਦੂਜਾ ਕਰੱਤਵ ਆਪਣੀ ਨੌਕਰੀ ਦੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣ ਦਾ। ਮੇਰੇ ਖਿਆਲ ਵਿਚ ਉਹ ਦੋਵਾਂ ਪ੍ਰਤੀ ਸੁਚੇਤ ਐ। ਉਹਦੀ ਮਜ਼ਬੂਰੀ ਨੂੰ ਆਪਾਂ ਜਾਣਦੇ ਨਹੀਂ ਪਰ ਆਪਾਂ ਨੂੰ ਅਹਿਸਾਸ ਹੋਣਾ ਚਾਹੀਦਾ।" ਸੈਮ ਜਿਲੀਅਨ ਨਾਲ ਆਮ ਨਾਲੋਂ ਵੱਧ ਨਰਮ ਅਤੇ ਪਿਆਰ ਨਾਲ ਪੇਸ਼ ਆ ਰਿਹਾ ਸੀ।

ਸੱਚੀਂ ਉਹਨਾਂ ਨੂੰ ਐਲਨ ਦੀ ਮਜ਼ਬੂਰੀ ਦਾ ਪਤਾ ਨਹੀਂ ਸੀ। ਐਲਨ ਨੂੰ ਪੰਜਾਬ ਵਿਚੋਂ ਖੁਫੀਆ ਜਾਣਕਾਰੀ ਲੈਣ ਦੀ ਜ਼ਿੰਮੇਵਾਰੀ ਦਿਤੀ ਗਈ ਸੀ। ਉਸ ਨੇ ਆਪਣਾ ਜਾਲ ਤਾਣੀ ਵਾਂਗ ਹੌਲੀ ਹੌਲੀ ਬੁਣ ਲਿਆ ਸੀ। ਪੰਜਾਬ ਦੇ ਸ਼ਾਸ਼ਕਾਂ ਵਿਚ ਇਕ ਦੂਜੇ ਪ੍ਰਤੀ ਬੇਵਿਸਾਹੀ ਨੇ ਉਸ ਲਈ ਇਹ ਕੰਮ ਸੌਖਾ ਕਰ ਦਿੱਤਾ। ਸ਼ੁਰੂ ਵਿਚ ਐਲਨ ਇਸ ਨੌਕਰੀ ਲਈ ਤਿਆਰ ਨਹੀਂ ਸੀ। ਕੁਝ ਲੋਕ ਵਾਪਿਸ ਇੰਗਲੈਂਡ ਮੁੜ ਗਏ ਸਨ। ਉਹਨਾਂ ਵਿਚ ਐਂਡੀ ਦਾ ਤਿਆਰ ਕੀਤਾ ਮਾਰਕ ਦਾ ਬੇਟਾ ਲਿੰਨ ਵੀ ਸੀ। ਲਿੰਨ ਅਤੇ ਐਲਨ ਦੋਵੇਂ ਇਕੱਠੇ ਜਹਾਜ਼ ਵਿਚ ਆਏ ਸਨ ਅਤੇ ਰਸਤੇ ਵਿਚ ਮਿਲਦੇ-ਗਿਲਦੇ ਰਹੇ ਸਨ। ਲਿੰਨ ਲਈ ਇਹ ਇਕ ਭਾਵੁਕ ਜਿਹਾ ਫੈਸਲਾ ਸੀ। ਕੁਝ ਹਫ਼ਤਿਆਂ ਵਿਚ ਹੀ ਲਿੰਨ ਨੇ ਅਸਤੀਫਾ ਦੇ ਕੇ ਬਿਜਨਸ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਸਾਲ ਵਿਚ ਹੀ ਉਹ ਵਾਪਿਸ ਆ ਕੇ ਫੈਕਟਰੀ ਚਲਾਉਣ ਲੱਗਾ ਸੀ। ਅਜਿਹੀ ਹਾਲਤ ਵਿਚ ਐਲਨ ਅਤੇ ਕੁਝ ਹੋਰਾਂ ਨੂੰ ਟਰੇਨਿੰਗ ਦੇ ਕੇ ਖੁਫੀਆ ਜਾਣਕਾਰੀ ਲੈਣ ਲਈ ਤਿਆਰ ਕੀਤਾ ਗਿਆ। ਐਲਨ ਲੜਾਈ ਦੇ ਸਮੇਂ ਅਸਤੀਫਾ ਦੇ ਕੇ ਨਹੀਂ ਸੀ ਆ ਸਕਦਾ।

"ਸੈਮ ਮੇਰੇ ਦਿਲ ਵਿਚ ਇਕ ਹੋਰ ਵੀ ਵਿਚਾਰ ਵਾਰ ਵਾਰ ਆਉਂਦਾ।" ਜਿਲੀਅਨ ਨੇ ਸੈਮ ਦੇ ਵਾਲਾਂ ਵਿਚ ਉਂਗਲਾਂ ਫੇਰਦਿਆਂ ਕਿਹਾ।

"ਉਹ ਕੀ?" ਸੈਮ ਨੇ ਧਿਆਨ ਨਾਲ ਜਿਲੀਅਨ ਵਲ ਵੇਖਿਆ। ਉਸ ਦੇ ਬੁੱਲ੍ਹਾਂ 'ਤੇ ਹਲਕੀ ਜਿਹੀ ਸੁਪਨਮਈ ਮੁਸਕਰਾਹਟ ਸੀ।

"ਜੇ ਐਲਨ ਤੇ ਅਲੀਜ਼ਾ ਇਕ ਦੂਜੇ ਨੂੰ ਪਸੰਦ ਕਰਦੇ ਹੋਣ ਤਾਂ ਮੈਨੂੰ ਬਹੁਤ ਖੁਸ਼ੀ ਹੋਵੇਗੀ।"

"ਹਾਂ ਐਲੀਜ਼ਾ ਬੜੀ ਚੰਗੀ ਕੁੜੀ ਐ। ਮੈਨੂੰ ਉਸ ਦਾ ਐਲਨ ਵਰਗਾ ਹੀ ਪਿਆਰ ਆਉਂਦਾ। ਪਸੰਦ ਤੇ ਪਿਆਰ ਵਿਚ ਬਹੁਤ ਫਰਕ ਹੁੰਦਾ। ਪਸੰਦ ਤਾਂ ਉਹ ਮੈਨੂੰ ਲਗਦਾ ਹੁਣ ਵੀ ਕਰਦੇ ਹੋਣਗੇ। ਪਿਆਰ ਤਾਂ ਇਕ ਦੂਜੇ ਦੀ ਰੂਹ ਵਿਚ ਗੜੁੱਚ ਹੋਣ ਵਾਲੀ ਗੱਲ ਹੁੰਦੀ ਐ।"

ਸੈਮ ਦੀ ਗੱਲ ਸਹੀ ਸੀ। ਜਿਲੀਅਨ ਨੂੰ ਇਸ ਦਾ ਤਜ਼ਰਬਾ ਹੋ ਚੁੱਕਾ ਸੀ ਤੇ ਸੈਮ ਨੂੰ ਵੀ। ਇਕ ਵਾਰ ਜਿਲੀਅਨ ਦੇ ਮਨ ਵਿਚ ਮਾਰਕ ਦਾ ਖਿਆਲ ਆਇਆ। ਇਕ ਪਲ ਵਿਚ ਹੀ ਉਸ ਨੇ ਮਾਰਕ ਦੇ ਖਿਆਲ ਨੂੰ ਮਨੋ ਵਿਸਾਰ ਦਿੱਤਾ। ਸੈਮ ਨੂੰ ਉਹ ਹੋਰ ਵੀ ਪਿਆਰ ਨਾਲ ਵੇਖਣ ਲੱਗੀ। ਉਹ ਸੈਮ ਦੇ ਹੋਰ ਨੇੜੇ ਲੱਗ ਕੇ ਪੈ ਗਈ। ਉਹ ਦੋਵੇਂ ਆਪਣੇ ਆਪਣੇ ਮਨਾਂ ਵਿਚ ਗੁਆਚੇ ਪਤਾ ਨਹੀਂ ਕਦੋਂ ਸੌਂ ਗਏ।

ਕੁਝ ਦੇਰ ਬਾਅਦ ਜਿਲੀਅਨ ਨੂੰ ਜਾਗ ਆਈ ਤਾਂ ਉੱਠ ਕੇ ਆਪਣੇ ਬੈਡ 'ਤੇ ਚਲੀ ਗਈ। ਉਹ ਸੈਮ ਨੂੰ ਆਰਾਮ ਨਾਲ ਸੁੱਤੇ ਰਹਿਣ ਲਈ ਉਸ ਨਾਲ ਹੋਰ ਪੈਣਾ ਨਹੀਂ ਸੀ ਚਾਹੁੰਦੀ। ਸੈਮ ਵੱਲ ਉਸ ਨੇ ਧਿਆਨ ਨਾਲ ਵੇਖਿਆ। ਸੈਮ ਚੈਨ ਦੀ ਨੀਂਦ ਸੁੱਤਾ ਪਿਆ ਸੀ। ਵੇਖ ਕੇ ਜਿਲੀਅਨ ਨੂੰ ਤਸੱਲੀ ਹੋਈ। ਉਸ ਨੂੰ ਕੁਝ ਦੇਰ ਬਾਅਦ ਫਿਰ ਨੀਂਦ ਆ ਗਈ।

ਪਹੁ-ਫੁਟਾਲੇ ਨਾਲ ਜਿਲੀਅਨ ਨੂੰ ਜਾਗ ਆਈ। ਬਾਹਰ ਹਲਕੀ ਬਾਰਸ਼ ਹੋ ਰਹੀ ਸੀ। ਬਾਰਸ਼ ਨੇ ਉਸ ਨੂੰ ਉਦਾਸ ਕਰ ਦਿੱਤਾ। ਵੈਸੇ ਤਾਂ ਸਰਦੀਆਂ ਦੇ ਦਿਨਾਂ ਵਿਚ ਸੂਰਜ ਦੀਆਂ ਕਿਰਨਾਂ ਦੇ ਦਰਸ਼ਨ ਕਦੀ ਕਦੀ ਹੀ ਹੁੰਦੇ। ਉਹ ਉੱਠੀ ਅਤੇ ਉਸ ਨੇ ਸੈਮ ਦੇ ਕਮਰੇ ਦੀ ਅੰਗੀਠੀ ਜਲਾ ਦਿੱਤੀ।

"ਸੈਮ ਅਜੇ ਵੀ ਜਾਗ ਨੀ ਖੁੱਲ੍ਹੀ! ਅੱਜ ਬਾਹਰ ਮੀਂਹ ਪਈ ਜਾਂਦਾ ਪਰ ਸਰਦੀ ਬਹੁਤੀ ਨੀ ਲਗਦੀ---।"

ਸੈਮ ਨੇ ਕੋਈ ਜਵਾਬ ਨਾ ਦਿੱਤਾ। ਜਿਲੀਅਨ ਨੇ ਸੈਮ ਵੱਲ ਵੇਖਿਆ। ਜਿਵੇਂ ਉਸ ਨੂੰ ਉਹ ਰਾਤ ਛੱਡ ਕੇ ਗਈ ਸੀ ਉਸੇ ਹਾਲਤ ਵਿਚ ਸੈਮ ਅਹਿਲ ਪਿਆ ਸੀ। ਜਿਲੀਅਨ ਦੇ ਮੂੰਹ ਦਾ ਰੰਗ ਪੀਲਾ ਪੈ ਗਿਆ। ਉਹ ਧਾਅ ਕੇ ਸੈਮ ਦੇ ਬੈਡ ਕੋਲ ਗਈ।

"ਸੈਮ----।" ਉਸ ਦੀ ਕੰਬਦੀ ਆਵਾਜ਼ ਦੇ ਨਾਲ ਹੀ ਕੰਬਦੇ ਹੱਥਾਂ ਨੇ ਸੈਮ ਨੂੰ ਹਿਲਾਇਆ। ਸੈਮ ਨੇ ਕੋਈ ਜਵਾਬ ਨਾ ਦਿੱਤਾ। ਉਸ ਦਾ ਸਿਰ ਇਕ ਪਾਸੇ ਨੂੰ ਢਿਲਕ ਗਿਆ। ਜਿਲੀਅਨ ਦਾ ਸਰੀਰ ਝੂਠਾ ਪੈ ਗਿਆ। ਉਸ ਦੀ "ਸੈਮਮ---" ਕਹਿੰਦਿਆਂ ਲੇਰ ਨਿਕਲ ਗਈ। ਸੈਮ ਦੀ ਜ਼ਿੰਦਗੀ ਦੀ ਡੋਰ ਜਿਲੀਅਨ ਦੇ ਹੱਥਾਂ ਵਿਚੋਂ ਤਿਲਕ ਗਈ ਸੀ।

----------

ਸੈਮ ਦੇ ਸੰਸਕਾਰ ਤੋਂ ਬਾਅਦ ਜਿਲੀਅਨ ਦੀ ਜ਼ਿੰਦਗੀ ਦਾ ਹਨ੍ਹੇਰਾ ਹੋਰ ਵੀ ਡੂੰਘਾ ਹੋ ਗਿਆ। ਉਸ ਨੂੰ ਇਕੱਲ ਤੋਂ ਡਰ ਲਗਦਾ। ਘਰ ਦੀਆਂ ਕੰਧਾਂ ਵੀ ਡਰਾਉਂਦੀਆਂ। ਉਸ ਨੂੰ ਸਮਝ ਨਾ ਆਉਂਦੀ ਬਿਮਾਰ ਅਤੇ ਕਮਜ਼ੋਰ ਸੈਮ ਵਿਚ ਅਜਿਹੀ ਕਿਹੜੀ ਸ਼ਕਤੀ ਸੀ ਜਿਸ ਦੇ ਹੁੰਦਿਆਂ ਉਸ ਨੂੰ ਘਰ ਵਿਚ ਨਾ ਕਦੇ ਇਕੱਲ ਮਹਿਸੂਸ ਹੋਈ ਸੀ ਤੇ ਨਾ ਹੀ ਡਰ ਲੱਗਿਆ ਸੀ। ਉਹ ਸੈਮ ਨੂੰ ਬੁਰੀ ਤਰ੍ਹਾਂ ਯਾਦ ਕਰਦੀ। ਯਾਦ ਬਿਨਾਂ ਹੋਰ ਉਸ ਕੋਲ ਕੁਝ ਬਾਕੀ ਰਹਿ ਵੀ ਨਹੀਂ ਗਿਆ ਸੀ। ਐਲਨ ਨੂੰ ਉਸ ਨੇ ਤਾਰ ਦਿੱਤੀ ਸੀ। ਉਹ ਜਲਦੀ ਤੋਂ ਜਲਦੀ ਵੀ ਜੇ ਆਉਂਦਾ ਤਾਂ ਵੀ ਦੋ ਕੁ ਮਹੀਨੇ ਤਾਂ ਲੱਗ ਹੀ ਜਾਣੇ ਸਨ। ਭਾਂਵੇਂ ਹੁਣ ਸਟੀਮ ਨਾਲ ਚੱਲਣ ਵਾਲੇ ਸਮੁੰਦਰੀ ਜ਼ਹਾਜ਼ ਪਹਿਲਿਆਂ ਨਾਲੋਂ ਕੁਝ ਤੇਜ਼ ਹੀ ਚਲਦੇ ਸਨ। ਜਿਲੀਅਨ ਨੂੰ ਪਤਾ ਨਹੀਂ ਲੱਗ ਰਿਹਾ ਸੀ ਉਹ ਕਰੇ ਤਾਂ ਕੀ ਕਰੇ! ਉਹ ਤਾਂ ਕਦੀ ਖਾਣਾ ਖਾਣ ਬਾਰੇ ਵੀ ਨਹੀਂ ਸੋਚਦੀ ਸੀ। ਜੋਜ਼ਿਫ ਜਾਂ ਉਸ ਦੀ ਪਤਨੀ ਕੁਝ ਬਣਾ ਦਿੰਦੇ ਤਾਂ ਉਹ ਖਾ ਲੈਂਦੀ ਨਹੀਂ ਤਾਂ ਢੇਰੀ ਢਾਹੀ ਬੈਠੀ ਰਹਿੰਦੀ।

ਇਕ ਦਿਨ ਅਚਾਨਕ ਸਮੈਂਥਾ ਆ ਗਈ। ਸਮੈਂਥਾ ਨੂੰ ਵੇਖ ਕੇ ਜਿਲੀਅਨ ਵਿਚ ਜਿਵੇਂ ਕੋਈ ਨਵੀਂ ਰੂਹ ਫੂਕੀ ਗਈ ਹੋਵੇ। ਉਸ ਨੂੰ ਖੁਸ਼ੀ ਹੋਈ। ਸਮੈਂਥਾ ਨੇ ਉਸ ਨੂੰ ਗੱਲੀਂ ਲਗਾ ਲਿਆ। ਜਿਲੀਅਨ ਨੂੰ ਪਤਾ ਵੀ ਨਾ ਲੱਗਾ ਕਦੋਂ ਉਹ ਆਪਣੇ ਦੁੱਖ ਦਰਦ ਅਤੇ ਪੀੜ ਨੂੰ ਆਪਣੇ ਅੰਦਰੋਂ ਕੱਢ ਕੇ ਸਮੈਂਥਾ ਅੱਗੇ ਡੋਲ੍ਹਣ ਲੱਗੀ। ਕੁਝ ਦੇਰ ਬਾਅਦ ਉਸ ਦਾ ਮਨ ਹਲਕਾ ਹੋ ਗਿਆ ਅਤੇ ਉਹ ਆਮ ਵਾਂਗ ਗੱਲਾਂ ਕਰਨ ਲੱਗੀ।

"ਬੱਸ ਜੇ ਐਲਨ ਆ ਜਾਵੇ ਤਾਂ ਮੈਨੂੰ ਕੁਝ ਆਸਰਾ ਮਿਲ ਜਾਵੇ--।"

"ਜ਼ਰੂਰ ਆ ਹੀ ਜਾਣਾ ਉਸ ਨੇ। ਤੈਨੂੰ ਫਿਕਰ ਨੀ ਕਰਨਾ ਚਾਹੀਦਾ।" ਸਮੈਂਥਾ ਨੇ ਉਸ ਨੂੰ ਹੌਸਲਾ ਦੇਣ ਦਾ ਯਤਨ ਕੀਤਾ।

ਗੱਲਾਂ ਚਲਦੀਆ ਅਲੀਜ਼ਾ 'ਤੇ ਆ ਗਈਆਂ। ਸਮੈਂਥਾ ਤੋਂ ਜਿਲੀਅਨ ਨੇ ਬੱਚਿਆਂ ਦਾ ਹਾਲ-ਚਾਲ ਪੁਛਿਆ ਤਾਂ ਸਮੈਂਥਾ ਨੇ ਅਲੀਜ਼ਾ ਦੀ ਪਟਾਰੀ ਖੋਲ੍ਹ ਲਈ।

"ਮੈਨੂੰ ਲਗਦਾ ਅਲੀਜਾ ਦਾ ਕਿਸੇ ਮੁੰਡੇ ਨਾਲ ਪਿਆਰ-ਵਿਆਰ ਐ। ਮੈਂ ਉਹਤੋਂ ਗੱਲੀਂ-ਬਾਤੀਂ ਪੁੱਛਿਆ ਵੀ ਐ ਪਰ ਉਹਨੇ ਕੁਝ ਸਪੱਸ਼ਟ ਨਹੀਂ ਦੱਸਿਆ।"

"ਅੱਛਾ ਮੈਨੂੰ ਤਾਂ ਅਲੀਜ਼ਾ ਅਜੇ ਵੀ ਬਾਲੜੀ ਹੀ ਲਗਦੀ ਐ--।" ਜਿਲੀਅਨ ਦੇ ਮਨ ਵਿਚ ਐਲਨ ਅਤੇ ਅਲੀਜ਼ਾ ਦਾ ਸੁਪਨਾ ਟੁੱਟ ਗਿਆ। ਉਸ ਨੇ ਸਮੈਂਥਾ ਨੂੰ ਕੁਝ ਪਤਾ ਨਾ ਲੱਗਣ ਦਿੱਤਾ।

ਸਮੈਂਥਾ ਜਿਲੀਅਨ ਕੋਲ ਦੋ ਦਿਨ ਰਹੀ। ਜਿਲੀਅਨ ਦਾ ਮਨ ਵੀ ਲੱਗਾ ਰਿਹਾ। ਸਮੈਂਥਾ ਦੇ ਵਾਪਿਸ ਜਾਣ ਨਾਲ ਉਹ ਇਕ ਵਾਰ ਫਿਰ ਤੋਂ ਉਦਾਸ ਹੋ ਗਈ। ਉਹ ਸੈਮ ਦੀਆਂ ਕਿਤਾਬਾਂ ਦੀ ਫਰੋਲਾ ਫਰਾਲੀ ਕਰਦੀ ਝਾੜ-ਪੂੰਝ ਕੇ ਕਿਤਾਬਾਂ ਨੂੰ ਫਿਰ ਤੋਂ ਸ਼ੈਲਫ 'ਤੇ ਟਿਕਾਉਣ ਲੱਗੀ। ਇਕ ਕਿਤਾਬ ਉਸ ਨੇ ਚੁੱਕੀ ਤਾਂ ਉਸ ਵਿਚੋਂ ਇਕ ਚਿੱਠੀ ਡਿੱਗੀ। ਵੇਖ ਕੇ ਉਸ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ।

9

ਜੋਰਡਨ ਦੇ ਘਰ ਅੱਗੇ ਗੱਡੀਆਂ ਖੜ੍ਹਦੀਆਂ। ਸਾਰੀਆਂ ਗੱਡੀਆਂ ਹੀ ਇਕ ਦੂਜੀ ਤੋਂ ਵੱਧ ਸ਼ਿੰਗਾਰੀਆਂ ਹੋਈਆਂ ਸਨ। ਘੋੜਿਆਂ ਦੇ ਚਮਕਦੇ ਪਿੰਡੇ ਅਤੇ ਗਠੀਲੇ ਸਰੀਰ ਵੇਖ ਕੇ ਆਦਮੀ ਦੀ ਭੁੱਖ ਲਹਿੰਦੀ। ਕੋਚਵਾਨ

ਗੱਡੀਆਂ 'ਚੋਂ ਛਾਲ ਮਾਰ ਕੇ ਉਤਰਦੇ। ਪਾਇਦਾਨ ਖੋਲ੍ਹਦੇ। ਮਾਲਕ ਉਤਰਦੇ ਤੇ ਫਿਰ ਮਾਲਕਣ ਨੂੰ ਹੱਥ ਦੇ ਕੇ ਉੱਤਰਨ ਲਈ ਮਦਦ ਕਰਦੇ। ਕੈਨਜ਼ਿੰਗਟਨ ਦੇ ਇਲਾਕੇ ਵਿਚ ਜੋਰਡਨ ਦਾ ਬਹੁਤ ਵੱਡਾ ਪਿੱਤਰੀ ਭਵਨ ਸੀ। ਮਹਿਲ-ਨੁਮਾ ਘਰ ਦੇ ਅੱਗੇ ਪਿੱਛੇ ਵੱਡੇ ਸੁੰਦਰ ਬਗੀਚੇ ਸਨ। ਫੁੱਲਾਂ ਨਾਲ ਲਹਿਲਹਾਉਂਦੇ ਅਤੇ ਸਲੀਕੇ ਨਾਲ ਕੱਟੇ ਘਾਹ ਦਾ ਲਾਅਨ ਘਰ ਦੀ ਸੁੰਦਰਤਾ ਵਿਚ ਕਈ ਗੁਣਾ ਵਾਧਾ ਕਰਦਾ। ਕੋਚਵਾਨ ਮਾਲਕਾਂ ਨੂੰ ਘਰ ਅੱਗੇ ਲਾਹ ਕੇ ਮੁੱਖ ਗੇਟ ਨੇੜੇ ਬਾਕੀ ਕੋਚਵਾਨਾਂ ਕੋਲ ਆਪਣੀ ਗੱਡੀ ਲੈ ਜਾਂਦੇ। ਘੋੜਿਆਂ ਨੂੰ ਥੋੜਾ ਹਲਕਾ ਕਰਕੇ ਕੋਚਵਾਨ ਕਿਸੇ ਨਾ ਕਿਸੇ ਗੱਡੀ ਵਿਚ ਬੈਠ ਜਾਂਦੇ ਅਤੇ ਤਾਸ਼ ਖੇਡਦੇ ਜਾਂ ਫਿਰ ਗੱਲਾਂ ਕਰਦੇ। ਜਦੋਂ ਤੱਕ ਮਾਲਕ ਬਾਹਰ ਨਾ ਨਿਕਲਦੇ ਉਹ ਆਪਣਾ ਸਮਾਂ ਬਿਤਾਉਣ ਲਈ ਕੋਈ ਨਾ ਕੋਈ ਹੀਲਾ ਕਰਦੇ ਰਹਿੰਦੇ।

ਐਂਡੀ ਦੀ ਗੱਡੀ ਆਈ ਤਾਂ ਮਾਰਕ ਵੀ ਨਾਲ ਹੀ ਸੀ। ਗੱਡੀ ਰੁਕੀ ਤਾਂ ਕੋਚਵਾਨ ਨੇ ਪਾਇਦਾਨ ਖੋਲ੍ਹਿਆ। ਮਾਰਕ ਛਾਲ ਮਾਰ ਕੇ ਬਾਹਰ ਉੱਤਰਿਆ। ਉਸ ਨੂੰ ਜੋਰਡਨ ਦੀ ਗੱਲ ਯਾਦ ਆਈ।

'ਜਦੋਂ ਦੀ ਤੈਨੂੰ ਜੈਨੀ ਮਿਲੀ ਐ ਉਦੋਂ ਦਾ ਤੂੰ ਪਹਿਲਾਂ ਨਾਲੋਂ ਜਵਾਨ ਲਗਦਾ ਐਂ।' ਸੋਚ ਕੇ ਮਾਰਕ ਦੇ ਮੂੰਹ 'ਤੇ ਹਲਕੀ ਜਿਹੀ ਮੁਸਕਰਾਹਟ ਫੈਲ ਗਈ। ਇਕ ਵਾਰ ਫਿਰ ਉਸ ਨੂੰ ਜੈਨੀ ਯਾਦ ਆਈ।

ਐਂਡੀ ਨੇ ਉੱਤਰਕੇ ਸੂਜ਼ਨ ਨੂੰ ਆਪਣਾ ਹੱਥ ਦਿੱਤਾ ਅਤੇ ਉਸ ਨੂੰ ਗੱਡੀ ਵਿਚੋਂ ਉਤਰਣ ਲਈ ਮਦਦ ਕੀਤੀ। ਬਾਹਰ ਖੜ੍ਹੀਆਂ ਗੱਡੀਆਂ ਤੋਂ ਉਹਨਾਂ ਨੂੰ ਅੰਦਾਜ਼ਾ ਹੋ ਗਿਆ ਸੀ ਬਹੁਤੇ ਲੋਕ ਪਹੁੰਚ ਚੁੱਕੇ ਸਨ। ਉਹ ਗੱਲਾਂ ਕਰਦੇ ਘਰ ਅੰਦਰ ਚਲੇ ਗਏ।

ਘਰ ਅੰਦਰ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਸੂਜ਼ਨ ਦੀ ਨਜ਼ਰ ਜੋਰਡਨ ਦੀ ਪਤਨੀ ਵਿਕਟੋਰੀਆ 'ਤੇ ਪਈ। ਸੂਜ਼ਨ ਦੀ ਉਸ ਨਾਲ ਘੱਟ ਹੀ ਬਣਦੀ ਸੀ। ਵੈਸੇ ਵਿਕਟੋਰੀਆ ਦੀ ਕਿਸੇ ਨਾਲ ਵੀ ਬਹੁਤ ਘੱਟ ਬਣਦੀ ਸੀ। ਉਸ ਦਾ ਪਿਉ ਅਮੀਰ ਆਦਮੀ ਸੀ। ਉਸ ਨੂੰ ਸਾਰੇ 'ਲਾਰਡ ਏਲਜ਼ਬਰੀ' ਵਜੋਂ ਹੀ ਜਾਣਦੇ ਸਨ। ਪਹਿਲਾਂ ਉਹ ਏਲਜ਼ਬਰੀ ਵਿਚ ਹੀ ਰਹਿੰਦੇ ਸਨ। ਜਦੋਂ ਬ੍ਰਿਟੇਨ ਦੀ ਆਰਥਿਕਤਾ ਖੇਤੀਬਾੜੀ ਅਧਾਰਤ ਸੀ ਅਤੇ ਬ੍ਰਿਟੇਨ ਦਾ ਅਨਾਜ ਬਾਹਰ ਭੇਜਿਆ ਜਾਂਦਾ, ਉਹ ਚੰਗੀ ਖੇਤੀ ਕਰਵਾਉਂਦਾ ਸੀ। ਇੰਡਸਟਰੀਅਲ ਇਨਕਲਾਬ ਨੇ ਦੇਸ਼ ਦੀ ਆਰਥਿਕਤਾ ਨੂੰ ਪੂੰਜੀਪਤੀਆਂ 'ਤੇ ਅਧਾਰਤ ਕਰ ਦਿੱਤਾ। ਰਜਵਾੜਿਆਂ ਦੀ ਪੁੱਛ-ਪ੍ਰਤੀਤ ਘਟ ਗਈ। ਸਮਾਂ ਵੇਖ ਕੇ ਲਾਰਡ ਏਲਜ਼ਬਰੀ ਨੇ ਲੰਡਨ ਵਿਚ ਕਈ ਸਾਰੀਆਂ ਪ੍ਰਾਪਰਟੀਆਂ ਖਰੀਦ ਲਈਆਂ। ਇਹਨਾਂ ਪ੍ਰਾਪਰਟੀਆਂ ਦਾ ਉਸ ਨੂੰ ਕਿਰਾਇਆ ਵੀ ਆਈ ਜਾਂਦਾ ਅਤੇ ਦਿਨੋ ਦਿਨ ਲੰਡਨ ਦੀਆਂ ਪ੍ਰਾਪਰਟੀਆਂ ਦੀ ਕੀਮਤ ਛਾਲਾਂ ਮਾਰ ਕੇ ਵਧਦੀ ਜਾਂਦੀ। ਵਿਕਟੋਰੀਆ, ਲਾਰਡ ਏਲਜ਼ਬਰੀ ਦੀ ਸਭ ਤੋਂ ਛੋਟੀ ਧੀ ਸੀ। ਮਰਨ ਤੋਂ ਪਹਿਲਾਂ ਲਾਰਡ ਏਲਜ਼ਬਰੀ ਨੇ ਕਨੂੰਨ ਅਨੁਸਾਰ ਆਪਣੀ ਜਗੀਰ ਵੱਡੇ ਮੁੰਡੇ ਨੂੰ ਦੇ ਕੇ ਬਾਕੀ ਦੀ ਜਾਇਦਾਦ ਨੂੰ ਆਪਣੇ ਬੱਚਿਆਂ ਵਿਚ ਬਰਾਬਰ ਵੰਡ ਦਿੱਤਾ ਸੀ। ਵਿਕਟੋਰੀਆ ਦੇ ਹਿੱਸੇ ਚੰਗੀ ਜਾਇਦਾਦ ਆ ਗਈ। ਜੋਰਡਨ ਨੇ ਉਸ ਨਾਲ ਵਿਆਹ ਕਰ ਲਿਆ ਤਾਂ ਉਸ ਦੀ ਜਾਇਦਾਦ ਦੀ ਦੇਖ ਭਾਲ ਵਿਚ ਜੋਰਡਨ ਮਦਦ ਕਰ ਦਿੰਦਾ। ਵਿਕਟੋਰੀਆ ਨੂੰ ਲਗਦਾ ਜਿਵੇਂ ਉਸ ਦੇ ਸਹੁਰੇ ਅਤੇ ਪੇਕਿਆਂ ਦੀ ਜਾਇਦਾਦ ਮਿਲਾ ਕੇ ਉਹ ਸਭ ਤੋਂ ਅਮੀਰ ਔਰਤ ਹੋਵੇ। ਸ਼ਾਇਦ ਇਸ ਲਈ ਹੀ ਉਹ ਨੱਕ ਚੜ੍ਹੀ ਬਣ ਗਈ ਅਤੇ ਬਹੁਤੇ ਲੋਕਾਂ ਦੇ ਮਨੋ ਵੀ ਲਹਿ ਗਈ।

ਜੋਰਡਨ ਨਾਲ ਵੀ ਉਸ ਦਾ ਰਿਸ਼ਤਾ ਬਹੁਤਾ ਖੁਸ਼ਗਵਾਰ ਨਹੀਂ ਸੀ। ਜੋਰਡਨ ਜਦ ਕਦੀ ਉਸ ਨੂੰ ਕੋਈ ਚੰਗਾ ਤੋਹਫਾ ਲਿਆ ਦਿੰਦਾ ਤਾਂ ਵਿਕਟੋਰੀਆ ਖੁਸ਼ ਹੋ ਜਾਂਦੀ। ਕੁਝ ਦਿਨਾਂ ਵਿਚ ਤੋਹਫਾ ਪੁਰਾਣਾ ਹੋ ਜਾਂਦਾ ਤਾਂ ਉਹ ਫਿਰ ਪਹਿਲਾਂ ਵਰਗੀ ਹੀ ਹੋ ਜਾਂਦੀ। ਜਿਵੇਂ ਕਿਵੇਂ ਜੋਰਡਨ ਉਸ ਨਾਲ ਦਿਨ ਕਟੀ ਕਰੀ ਜਾ ਰਿਹਾ ਸੀ। ਵਿਕਟੋਰੀਆਂ ਨੂੰ ਹੱਸਦਿਆ ਵੇਖ ਕੇ ਸੂਜ਼ਨ ਨੇ ਵੀ ਮਹੀਨ ਜਿਹੀ ਮੁਸਕਰਾਹਟ ਆਪਣੇ ਬੁੱਲ੍ਹਾਂ 'ਤੇ ਲੈ ਆਂਦੀ।

''ਲਗਦਾ ਮੇਰੀ ਭਰਜਾਈ ਨੂੰ ਜੋਰਡਨ ਨੇ ਅੱਜ ਈ ਕੋਈ ਤੋਹਫਾ ਲਿਆ ਕੇ ਦਿੱਤਾ ਐ।''

ਐਂਡੀ ਦੀ ਬਾਂਹ ਘੁੱਟਦਿਆਂ ਉਸ ਨੇ ਆਪਣੀਆਂ ਝੁਰੜੀਆਂ ਵਾਲੇ ਮੂੰਹ 'ਤੋਂ ਮੁਸਕਰਾਉਂਦਿਆਂ ਕੰਨਗੋਸ਼ਾ ਕੀਤਾ। ਐਂਡੀ ਮਾੜਾ ਜਿਹਾ ਮੁਸਕਰਾਇਆ ਪਰ ਉਸ ਨੇ ਵਿਕਟੋਰੀਆ ਵੱਲ ਨਾ ਵੇਖਿਆ। ਉਸ ਦੇ ਕੰਮ ਦੇ ਤਜ਼ਰਬੇ ਨੇ ਉਸ ਨੂੰ ਬਹੁਤ ਸਾਰੀ ਸਿਆਣਪ ਸਿਖਾ ਦਿੱਤੀ ਸੀ। ਉਹ ਲੋਕਾਂ ਨੂੰ ਮਿਲਣ ਲੱਗੇ। ਬਹੁਤਿਆਂ ਨੂੰ ਉਹ ਜਾਣਦੇ ਹੀ ਸਨ। ਸਾਰੇ ਹੀ ਵਿਤ ਸਕੱਤਰ ਜੇਮਜ਼ ਵਿਲਸਨ ਦੀ ਉਡੀਕ ਕਰ ਰਹੇ ਸਨ। ਕਈ ਉਸ ਬਾਰੇ ਗੱਲਾਂ ਵੀ ਕਰ ਰਹੇ ਸਨ। ਜੇਮਜ਼ ਵਿਲਸਨ ਨੇ 'ਇਕਾਨੋਮਿਸਟ' ਮੈਗਜ਼ੀਨ ਸ਼ੁਰੂ ਕੀਤਾ ਸੀ। ਵਿਲਸਨ ਦੀਆਂ ਗੱਲਾਂ ਹੁੰਦੀਆਂ ਤਾਂ ਲਿਬਰਲ ਪਾਰਟੀ ਜਿਸ ਦੀ ਸਰਕਾਰ ਵਿਚ ਉਹ ਮੰਤਰੀ ਸੀ, ਪਾਰਟੀ ਪਾਲਸੀ ਦੀਆਂ ਗੱਲਾਂ ਵੀ ਹੁੰਦੀਆਂ। ਕੋਈ ਅਲੋਚਨਾ ਦਾ ਲੂਣ ਛਿੜਕਦਾ ਤੇ ਕੋਈ ਪਾਰਟੀ ਪਾਲਸੀ ਨੂੰ ਲੋਕਾਂ ਅਤੇ ਦੇਸ਼ ਦੇ ਵਿਕਾਸ ਦੀ

ਦਵਾਈ ਦਸਦਾ। ਸੂਜ਼ਨ ਦਾ ਇਹਨਾਂ ਗੱਲਾਂ ਨਾਲ ਕੋਈ ਮਤਲਬ ਨਹੀਂ ਸੀ। ਉਹ ਆਪਣੇ ਪਿਉ ਦੇ ਘਰ ਵਿਚ ਅਜੇ ਵੀ ਆਪਣਾ ਹੱਕ ਜਿਤਾਉਣ ਲਈ ਸਟੱਡੀ ਵੱਲ ਨੂੰ ਚਲੀ ਗਈ।

ਲਾਇਬਰੇਰੀ ਵਿਚ ਜਾਣ ਦੀ ਥਾਂ ਉਹ ਨਰਸਰੀ ਵੱਲ ਮੁੜ ਗਈ। ਹੁਣ ਜੋਰਡਨ ਦੇ ਬੱਚੇ ਤਾਂ ਵੱਡੇ ਸਨ ਅਤੇ ਅਗਲੀ ਪੀੜ੍ਹੀ ਦੀ ਜੜ ਅਜੇ ਲੱਗੀ ਨਹੀਂ ਸੀ। ਨਰਸਰੀ ਵਿਚ ਕਿਸੇ ਬੱਚੇ ਦੀ ਆਮਦ ਉਦੋਂ ਹੀ ਹੁੰਦੀ ਜਦ ਕਦੇ ਕੋਈ ਛੋਟੇ ਬੱਚਿਆਂ ਵਾਲਾ ਮਹਿਮਾਨ ਆ ਜਾਂਦਾ। ਨਹੀਂ ਤਾਂ ਨਰਸਰੀ ਦੇ ਕਮਰੇ ਵੀ ਤੇ ਖਿਡਾਉਣੇ ਵੀ ਬੱਚਿਆਂ ਦੀ ਉਡੀਕ ਵਿਚ ਉਦਾਸੀ ਵੰਡਦੇ ਰਹਿੰਦੇ। ਸੂਜ਼ਨ ਨਰਸਰੀ ਅੰਦਰ ਚਲੀ ਗਈ। ਆਪਣੇ ਬੱਚਿਆਂ ਨਾਲ ਸਬੰਧਤ ਦਿਨਾਂ ਦੀ ਯਾਦ ਉਸ ਨੂੰ ਤਾਜ਼ਾ ਹੋ ਗਈ। ਕਮਰੇ ਵਿਚ ਚਾਨਣ ਵੇਖ ਕੇ ਉਸ ਨੇ ਕਮਰੇ ਦਾ ਬੂਹਾ ਖੋਲ੍ਹ ਲਿਆ। ਕਮਰੇ ਵਿਚ ਜੋਰਡਨ ਦਾ ਮੁੰਡਾ ਰੌਬਨ ਅਤੇ ਇਕ ਕੁੜੀ ਜੱਫੀ ਪਾਈ ਖੜ੍ਹੇ ਸਨ। ਰੌਬਨ ਨੇ 'ਹੈਲੋ ਸੂਜ਼ਨ ਅੰਟੀ' ਕਹਿ ਕੇ ਹੱਥ ਖੜ੍ਹਾ ਕੀਤਾ। ਸੂਜ਼ਨ ਨੇ ਵੀ ਜਵਾਬ ਵਿਚ ਹੈਲੋ ਕਹੀ ਅਤੇ ਉਹ ਉਹਨਾਂ ਨੂੰ ਵੇਖ ਵਾਪਿਸ ਆ ਗਈ।

ਗੈਸ ਲੈਂਪਾਂ ਨਾਲ ਚਮਚਮਾਉਂਦੇ ਘਰ ਵਿਚ ਰੌਣਕ ਵੇਖਣ ਯੋਗ ਸੀ। ਵੱਡੇ ਹਾਲ ਕਮਰੇ ਵਿਚ ਵਾਈਨ, ਸ਼ੈਮਪੇਨ ਦੇ ਗਲਾਸ ਚੁੱਕੀ ਲੋਕ ਗੱਲਾਂ ਵਿਚ ਜੁਟੇ ਹੋਏ ਸਨ। ਦੋ-ਦੋ, ਤਿੰਨ-ਤਿੰਨ ਦੀਆਂ ਟੋਲੀਆਂ ਵਿਚ ਗੱਲਾਂ ਦਾ ਸਿਲਸਿਲਾ ਚੱਲ ਰਿਹਾ ਸੀ। ਜਨਾਨੀਆਂ ਆਪਣੀਆਂ ਗੱਲਾਂ ਵਿਚ ਮਗਨ ਸਨ। ਜੋਰਡਨ ਸਾਰਿਆਂ ਨੂੰ ਮਿਲਦਾ ਸ਼ਿਸ਼ਟਾਚਾਰ ਵਜੋਂ ਹੱਸ ਵੀ ਰਿਹਾ ਸੀ। ਹਾਲ ਕਮਰੇ ਦੀ ਇਕ ਕੰਧ 'ਤੇ ਸਰ ਹੈਨਰੀ ਦਾ ਵੱਡਾ ਚਿਤਰ ਸੀ। ਮਾਰਕ ਉਸ ਚਿਤਰ ਨੂੰ ਗਹੁ ਨਾਲ ਵੇਖ ਰਿਹਾ ਸੀ। ਉਸ ਨੂੰ ਲਗਦਾ ਸੀ ਜਿਵੇਂ ਸਰ ਹੈਨਰੀ ਹੁਣੇ ਚੱਲ ਕੇ ਮਹਿਮਾਨਾਂ ਵਿਚ ਆ ਸ਼ਾਮਲ ਹੋਵੇਗਾ। ਮਾਰਕ ਨੂੰ ਐਂਡੀ ਨਾਲ ਸਰ ਹੈਨਰੀ ਦੇ ਘਰ ਆਉਣ ਦਾ ਪਹਿਲਾ ਤਜ਼ਰਬਾ ਯਾਦ ਆਇਆ।

ਸਰ ਹੈਨਰੀ ਨੇ ਸਾਰਿਆਂ ਨੂੰ ਖਾਣੇ ਦੀ ਮੇਜ਼ 'ਤੇ ਜਾਣ ਦਾ ਸੱਦਾ ਦਿੱਤਾ। ਸਰ ਹੈਨਰੀ ਦੇ ਪਿੱਛੇ ਹੀ ਐਂਡੀ, ਮਾਰਕ ਅਤੇ ਜੋਰਡਨ ਵੀ ਪਹੁੰਚ ਗਏ। ਘਰ ਦੇ ਬਾਕੀ ਮੈਂਬਰ ਵੀ ਆ ਹਾਜ਼ਰ ਹੋਏ। ਗੱਲਾਂ ਦਾ ਬਹੁਤਾ ਸਿਲਸਿਲਾ ਮਾਰਕ ਦੀ ਸਫ਼ਲਤਾ 'ਤੇ ਕੇਂਦਰਤ ਰਿਹਾ। ਖਾਣਾ ਆਇਆ ਤਾਂ ਪਹਿਲਾਂ ਸੂਪ ਹਾਜ਼ਰ ਕੀਤਾ ਗਿਆ। ਮਾਰਕ ਨੇ ਬਿਨਾਂ ਕੁਝ ਬਹੁਤਾ ਸੋਚਿਆਂ ਸੂਪ ਨੂੰ ਟੇਬਲ ਸਪੂਨ ਨਾਲ ਖਾਣਾ ਸ਼ੁਰੂ ਕਰ ਦਿੱਤਾ। ਬਾਕੀਆਂ ਨੇ ਸੂਪ ਲਈ 'ਸੂਪ ਸਪੂਨ' ਦੀ ਵਰਤੋਂ ਕੀਤੀ। ਮਾਰਕ ਨੂੰ ਅਹਿਸਾਸ ਹੋ ਗਿਆ ਪਰ ਉਸ ਨੇ ਚਮਚਾ ਬਦਲਣਾ ਠੀਕ ਨਾ ਸਮਝਿਆ। ਗੱਲਾਂ-ਬਾਤਾਂ ਵਿਚ ਸਰ ਹੈਨਰੀ ਨੇ ਅਵਾਜ਼ਾ ਕਸ ਦਿੱਤਾ।

' ਪੈਸਾ ਬਾਣਾਉਣਾ ਹੋਰ ਗੱਲ ਐ ਤੇ ਪੈਸੇ ਦੇ ਨਾਲ ਨਾਲ ਕਲਾਸ ਬਦਲਣੀ ਹੋਰ ਗੱਲ---।' ਮਾਰਕ ਨੂੰ ਹੈਨਰੀ ਦੀ ਇਸ ਗੱਲ ਦੀ ਪ੍ਰੇਸ਼ਾਨੀ ਹੋਣੀ ਸੁਭਾਵਕ ਸੀ।

ਉਹ ਘਰ ਆਇਆ ਤਾਂ ਉਸ ਨੇ ਆਪਣੀ ਪਤਨੀ ਨਾਲ ਘਟਨਾ ਸਾਂਝੀ ਕੀਤੀ। ਉਸ ਨੇ ਉੱਚੀ ਸੁਸਾਇਟੀ ਦੇ ਤੌਰ ਤਰੀਕੇ ਸਿਖਾਉਣ ਵਾਲੇ ਮਾਹਰ ਡੇਵਿਡ ਰਾਈਟ ਨੂੰ ਬੁਲਾ ਲਿਆ। ਉਹ ਲੰਚ ਤੋਂ ਕੁਝ ਦੇਰ ਪਹਿਲਾਂ ਆਇਆ। ਉਸ ਨੇ ਪਤੀ ਪਤਨੀ ਨਾਲ ਗੱਲਾਂ ਕੀਤੀਆਂ। ਇਸ ਸਮੇਂ ਹੀ ਖਾਣਾ ਤਿਆਰ ਹੋਣ ਦਾ ਸੁਨੇਹਾ ਆ ਗਿਆ। ਮਾਰਕ ਨੇ ਡੇਵਡ ਰਾਈਟ ਨੂੰ ਵੀ ਸੁਲ੍ਹਾ ਮਾਰ ਦਿੱਤੀ। ਉਹ ਵੀ ਲੰਚ ਕਰਨ ਲਈ ਨਾਲ ਹੀ ਸਜ ਗਿਆ। ਅਸਲ ਵਿਚ ਉਹ ਉਸ ਦੇ ਸਿਖਾਂਦਰੂ ਢੰਗ ਦਾ ਹੀ ਇਕ ਹਿੱਸਾ ਸੀ। ਮਾਰਕ ਨੇ ਖਾਣਾ, ਖਾਣਾ ਸ਼ੁਰੂ ਕੀਤਾ ਅਤੇ ਆਮ ਵਾਂਗ ਜਲਦੀ ਹੀ ਖਾਣ ਲੱਗਾ। ਡੇਵਿਡ ਨੇ ਉਸ ਨੂੰ ਰੋਕਿਆ-

'ਮਿਸਟਰ ਪਿੰਨ, ਮੁਆਫ ਕਰਨਾ, ਖਾਣਾ ਕਿਸੇ ਦੌੜ ਵਿਚ ਸ਼ਾਮਲ ਹੋਣ ਵਾਲੀ ਗੱਲ ਨਹੀਂ। ਖਾਣਾ ਅਨੰਦ ਲੈਣ ਦੇ ਨਾਲ ਨਾਲ ਗੱਲਾਂ ਬਾਤਾਂ ਕਰਨ ਦਾ ਇਕ ਸਾਧਨ ਵੀ ਐ।'

ਡੇਵਿਡ ਨੇ ਉਹਨਾਂ ਨੂੰ ਖਾਣਾ ਖਾਣ ਦੇ ਢੰਗ-ਤਰੀਕੇ, ਬੈਠਣ-ਉੱਠਣ, ਚਮਚੇ, ਛੁਰੀ-ਕਾਂਟੇ ਦੀ ਵਰਤੋਂ ਅਤੇ ਵਰਤਣ ਸਮੇਂ ਰੱਖਣ ਦਾ ਢੰਗ ਅਤੇ ਖਤਮ ਕਰਨ ਸਮੇਂ ਰੱਖਣ ਦਾ ਤੌਰ-ਤਰੀਕਾ ਸਿਖਾਇਆ। ਉਸ ਨੇ ਉਹਨਾਂ ਨੂੰ ਕੱਪੜੇ ਪਹਿਨਣ ਤੋਂ ਲੈ ਕੇ ਲੋਕਾਂ ਨਾਲ ਹੱਥ ਮਿਲਾਉਣ, ਉਹਨਾਂ ਨੂੰ ਜੀ ਆਇਆਂ ਕਹਿਣ ਅਤੇ ਰੁਖਸਤ ਕਰਨ ਦੇ ਢੰਗ-ਤਰੀਕੇ ਸਿਖਾਏ। ਅਗਲੀ ਵਾਰ ਜਦ ਮਾਰਕ ਸਰ ਹੈਨਰੀ ਦੇ ਘਰ ਗਿਆ ਤਾਂ ਉਹ ਬਿਲਕੁਲ ਸਰ ਹੈਨਰੀ ਵਾਂਗ ਹੀ ਵਰਤਾਅ ਕਰ ਰਿਹਾ ਸੀ। ਸਰ ਹੈਨਰੀ ਦੀ ਹੈਰਾਨੀ ਵੇਖ ਕੇ ਉਹ ਖੁਸ਼ ਹੋ ਰਿਹਾ ਸੀ।

ਮਾਰਕ ਨੇ ਦਰਬਾਨ ਨੂੰ ਦਰਵਾਜ਼ਾ ਖੋਲ੍ਹਦਿਆਂ ਵੇਖਿਆ। ਸਾਰਿਆਂ ਦੀਆਂ ਨਜ਼ਰਾਂ ਦਰਵਾਜ਼ੇ ਵੱਲ ਉੱਠੀਆਂ। ਵਿਤ ਸਕੱਤਰ ਜੇਮਜ਼ ਵਿਲਸਨ ਅੰਦਰ ਆ ਰਿਹਾ ਸੀ। ਉਸ ਨੇ ਸਾਰਿਆਂ ਨਾਲ ਹੱਥ ਮਿਲਾਇਆ। ਕੁਝ ਨਾਲ ਉਸ ਦੀ ਬਹੁਤ ਨੇੜਤਾ ਲਗਦੀ ਸੀ। ਕੁਝ ਉਸ ਨੂੰ ਪਤਾ ਸੀ ਕੰਜ਼ਰਵੇਟਿਵ ਪਾਰਟੀ ਸਪੋਰਟਰ ਸਨ। ਉਹਨਾਂ

ਨਾਲ ਵੀ ਉਸ ਦਾ ਵਿਹਾਰ ਦੋਸਤਾਨਾ ਸੀ। ਸਭ ਨੂੰ ਪਤਾ ਸੀ ਅੱਜ ਦਾ ਖਾਣਾ ਜੋਰਡਨ ਨੇ ਦੋ ਕਾਰਨਾਂ ਕਰਕੇ ਰੱਖਿਆ ਸੀ। ਇਕ ਤਾਂ ਦੇਸ਼ ਵਿਚ ਮੰਦਵਾੜਾ ਚੱਲ ਰਿਹਾ ਸੀ। ਮੰਦਵਾੜੇ ਤੋਂ ਪਹਿਲਾਂ ਬੈਂਕਾਂ ਨੇ ਕਾਰਖਾਨੇਦਾਰਾਂ ਨੂੰ ਚੋਖੀ ਰਾਸ਼ੀ ਕਰਜ਼ੇ ਵਜੋਂ ਦਿੱਤੀ ਸੀ। ਕਰਖਾਨੇਦਾਰਾਂ ਨੇ ਨਵੇਂ ਨਵੇਂ ਕਾਰਖਾਨੇ ਲਗਾ ਲਏ ਸਨ। ਜਾਂ ਨਵੀਂ ਨਵੀਂ ਆ ਰਹੀ ਮਸ਼ੀਨਰੀ ਦੀ ਵਰਤੋਂ ਨਾਲ ਫਾਇਦਾ ਲੈਣ ਲਈ ਪੈਸਾ ਨਵੀਆਂ-ਨਵੀਆਂ ਮਸ਼ੀਨਾਂ 'ਤੇ ਖਰਚ ਦਿੱਤਾ। ਕਾਰਖਾਨਿਆਂ ਦਾ ਉਤਪਾਦਨ ਬਹੁਤ ਵਧ ਗਿਆ। ਦੇਸ਼ ਦੀ ਬਹੁਤੀ ਵਸੋਂ ਗਰੀਬ ਸੀ ਜਿਸ ਲਈ ਮਸਾਂ ਹੀ ਕੁੱਲੀ, ਗੁੱਲੀ, ਜੁੱਲੀ ਜੁੜਦੀ ਸੀ। ਸੋ ਖੱਪਤ ਦੀ ਸਮੱਸਿਆ ਨੇ ਉਤਪਾਦਨ ਨੂੰ ਵੀ ਘਟਾ ਦਿੱਤਾ। ਵੈਸੇ ਵੀ ਪੂੰਜੀਵਤੀ ਸਿਸਟਮ ਵਿਚ ਉਤਰਾਅ-ਚੜ੍ਹਾਅ ਆਉਣੇ ਲਾਜ਼ਮੀ ਹਨ। ਇਹ ਸਿਸਟਮ ਦਾ ਸੁਭਾਅ ਹੈ। ਸਿੱਟੇ ਵਜੋਂ ਬੈਂਕਾਂ ਦੀਆਂ ਕਿਸ਼ਤਾਂ ਟੁੱਟਣ ਲੱਗੀਆਂ। ਜੋਰਡਨ ਵਰਗੇ ਬੈਂਕਰਾਂ ਲਈ ਸਮੱਸਿਆ ਬਣ ਗਈ। ਕਾਰਖਾਨੇਦਾਰਾਂ ਅਤੇ ਬੈਂਕਰਾਂ ਨੇ ਮਿਲ ਕੇ ਵਿਤ ਮੰਤਰੀ ਨਾਲ ਇਸ ਸਮੱਸਿਆ ਦਾ ਹੱਲ ਕੱਢਣ ਲਈ ਗੈਰ ਰਸਮੀ ਮੀਟਿੰਗ ਡਿਨਰ ਦੇ ਰੂਪ ਵਿਚ ਰੱਖੀ ਸੀ।

ਖਾਣਾ ਸ਼ੁਰੂ ਹੋਇਆ ਤਾਂ ਵੱਡੇ ਟੇਬਲ 'ਤੇ ਚਾਲੀ ਕੁ ਸਿਰ ਦਿਸ ਰਹੇ ਸਨ। ਆਮ ਗੱਲਾਂ ਤੋਂ ਸਿਆਸੀ ਗੱਲਾਂ ਚੱਲ ਪਈਆਂ ਸਨ। ਗੱਲਾਂ ਤੁਰਦੀਆਂ ਤੁਰਦੀਆਂ ਅਸਲ ਮੁੱਦੇ 'ਤੇ ਆ ਗਈਆਂ।

"ਸਰਕਾਰ ਨੇ ਸਮੱਸਿਆਵਾਂ ਨੂੰ ਸਮਝਦਿਆਂ ਕੁਝ ਕੁ ਕਦਮ ਉਠਾਉਣ ਦਾ ਫੈਸਲਾ ਕੀਤਾ ਐ। ਕੈਬਨਿਟ ਦੀ ਮੀਟਿੰਗ ਵਿਚ ਮਤਾ ਪਾਸ ਹੋ ਗਿਆ ਐ ਕਿ ਪੂਰਬੀ ਯੂਰਪ, ਅਫਰੀਕਾ ਅਤੇ ਇੰਡੀਆ ਨੂੰ ਵਫਦ ਭੇਜੇ ਜਾਣ ਜੋ 'ਮੇਡ ਇਨ ਇੰਗਲੈਂਡ' ਮਾਲ ਦੀ ਸੰਭਾਵਤ ਖੱਪਤ ਨੂੰ ਵਧਾਉਣ ਦੇ ਢੰਗ-ਤਰੀਕਿਆਂ ਬਾਰੇ ਜਾਣਨ ਦੀ ਕੋਸ਼ਿਸ਼ ਕਰਨ। ਹੁਣ ਚਾਰਟਿਸਟ ਮੂਵਮੈਂਟ ਤਕਰੀਬਨ ਖਤਮ ਹੋਣ ਵਰਗੀ ਹੀ ਹੈ, ਸਰਕਾਰ ਹੋਰਨਾਂ ਜ਼ਰੂਰੀ ਸਮੱਸਿਆਵਾਂ ਨੂੰ ਹੱਲ ਕਰਨ ਦਾ ਯਤਨ ਹੋਰ ਵੀ ਤੇਜ਼ੀ ਨਾਲ ਕਰੇਗੀ---।"

"ਸੁਣਿਆ ਸਤਾਈ ਆਦਮੀਆਂ ਨੇ ਇਕ ਇਕ ਪੌਂਡ ਦੀ ਪੂੰਜੀ ਦਾ ਹਿੱਸਾ ਪਾ ਕੇ ਇਕ ਕੋਆਪਰੇਟਿਵ ਸਟੋਰ ਖੋਲ੍ਹਿਆ ਜਿਥੇ ਮਜ਼ਦੂਰਾਂ ਨੂੰ ਸਸਤਾ ਸਮਾਨ ਮਿਲ ਸਕੇਗਾ--।" ਕਿਸੇ ਨੇ ਵਿਤ ਮੰਤਰੀ ਦਾ ਧਿਆਨ ਖਿੱਚਿਆ।

"ਕਈ ਕਿਸਮ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ। ਇਹਨਾਂ ਦਾ ਬਹੁਤਾ ਪ੍ਰਭਾਵ ਨਹੀਂ ਪੈਂਦਾ ਹੁੰਦਾ--।" ਮੰਤਰੀ ਨੇ ਸੰਖੇਪ ਜਿਹੀ ਗੱਲ ਕੀਤੀ।

ਕਾਰਖਾਨੇਦਾਰ ਅਤੇ ਬੈਂਕਰ ਸਰਕਾਰ ਤੋਂ ਕੁਝ ਟੈਕਸ ਛੋਟ ਜਾਂ ਕਿਸੇ ਕਿਸਮ ਦੀ ਵਿੱਤੀ ਸਹਾਇਤਾ ਦੀ ਉਮੀਦ ਲਗਾਈ ਬੈਠੇ ਸਨ। ਮੰਤਰੀ ਨੇ ਅਜਿਹੀ ਗੱਲ ਹੀ ਕੋਈ ਨਾ ਕੀਤੀ। ਜਲਦੀ ਨਾਲ ਖਾਣਾ ਖਾ ਕੇ ਉਸ ਨੇ ਵਾਪਿਸ ਜਾਣ ਦੀ ਮਜ਼ਬੂਰੀ ਜ਼ਾਹਰ ਕਰਦਿਆਂ ਛੁੱਟੀ ਲਈ ਅਤੇ ਆਪਣੀ ਸਰਕਾਰੀ ਚਹੁੰ ਘੋੜਿਆਂ ਵਾਲੀ ਗੱਡੀ ਵਿਚ ਜਾ ਬੈਠਾ।

ਮੰਤਰੀ ਦੇ ਚਲੇ ਜਾਣ ਬਾਅਦ ਕੰਜ਼ਰਵੇਟਿਵ ਖਿਆਲਾਂ ਦੇ ਲੋਕਾਂ ਨੇ ਲਿਬਰਲ ਸਰਕਾਰ ਦੀ ਅਲੋਚਨਾ ਸ਼ੁਰੂ ਕਰ ਦਿੱਤੀ। ਸਰਮਾਏਦਾਰ ਜਾਣਦੇ ਸਨ ਕੋਈ ਵੀ ਪਾਰਟੀ ਸਿਰਫ਼ ਲੋਕਾਂ ਦੀਆਂ ਮੈਂਬਰਸ਼ਿਪ ਫੀਸਾਂ ਨਾਲ ਨਹੀਂ ਚੱਲ ਸਕਦੀ। ਪਾਰਟੀ ਚਲਾਉਣ ਲਈ ਬਹੁਤਾ ਪੈਸਾ ਵੱਡੀਆਂ ਕੰਪਨੀਆਂ, ਅਮੀਰ ਆਦਮੀ ਜਾਂ ਅਜ਼ਾਰੇਦਾਰਾਂ ਵੱਲੋਂ ਹੀ ਮਿਲ ਸਕਦਾ ਹੋਣ ਕਰਕੇ ਉਹਨਾਂ ਦੇ ਵਿਰੁੱਧ ਕੋਈ ਵੀ ਸਰਕਾਰ ਨਹੀਂ ਜਾ ਸਕਦੀ। ਫਿਰ ਵੀ ਸਰਕਾਰ ਨੂੰ ਵੱਧ ਤੋਂ ਵੱਧ ਚੋਣ ਲਈ ਉਹ ਲੋਕ ਆਪਣੀਆਂ ਕੋਸ਼ਿਸ਼ਾਂ ਜ਼ਾਰੀ ਰਖਦੇ ਹਨ। ਵੱਡੇ ਹਾਲ ਵਿਚ ਖਾਣੇ ਤੋਂ ਬਾਅਦ ਡਰਿੰਕ ਲੈਂਦਿਆਂ ਮਹਿਮਾਨ ਨਿਵਾਜ਼ੀ ਦਾ ਸ਼ੁਕਰੀਆ ਅਦਾ ਵੀ ਹੋ ਰਿਹਾ ਸੀ। ਜੌਰਡਨ ਦਾ ਬੇਟਾ ਰੌਬਿਨ ਅਤੇ ਉਸ ਦੀ ਮਹਿਬੂਬਾ ਜੈਨੀਫਰ ਵੀ ਮਹਿਮਾਨਾਂ ਵਿਚ ਆ ਸ਼ਾਮਲ ਹੋਏ। ਜੋਰਡਨ ਦੇ ਮੂੰਹ 'ਤੇ ਕਸੈਲੇ ਦਾ ਪ੍ਰਭਾਵ ਸਭ ਨੇ ਮਹਿਸੂਸ ਕੀਤਾ। ਐਂਡੀ ਤੇ ਸੂਜ਼ਨ ਰਸਲ ਬਾਰੇ ਸੋਚਣ ਲੱਗੇ।

## 10

ਐਂਡੀ ਰਸਲ ਬਾਰੇ ਮਾਰਕ ਨਾਲ ਗੱਲ ਕਰਨੀ ਚਾਹੁੰਦਾ ਸੀ। ਪਿਛਲੇ ਦਿਨਾਂ ਤੋਂ ਉਹਨਾਂ ਦਾ ਮਨ ਰਸਲ ਕਾਰਨ ਫਿਕਰਮੰਦ ਸੀ। ਐਂਡੀ ਨੇ ਮਾਰਕ ਵੱਲ ਵੇਖਿਆ। ਮਾਰਕ ਆਪ ਕਿਸੇ ਡੂੰਘੇ ਵਿਚਾਰ ਵਿਚ ਘਿਰਿਆ ਹੋਇਆ ਸੀ। ਗੱਡੀ ਦੇ ਪਹੀਆਂ ਅਤੇ ਘੋੜੇ ਦੇ ਪੌੜਾਂ ਦੇ ਖੜਾਕ ਬਿਨਾਂ ਗੱਡੀ ਵਿਚ ਚੁੱਪ-ਚਰਾਂ ਸੀ। ਐਂਡੀ ਨੇ ਉਸ ਸਮੇਂ ਰਸਲ ਦੀ ਗੱਲ ਕਰਨੀ ਠੀਕ ਨਾ ਸਮਝੀ।

ਮਾਰਕ ਪਿਛਲੇ ਦਿਨੀ ਮਾਨਚੈਸਰ ਗਿਆ ਸੀ ਅਤੇ ਉਹ ਇਕ ਵਾਰ ਫੇਰ ਬਰਮਿੰਘਮ ਉਸੇ ਹੋਟਲ ਵਿਚ ਠਹਿਰਿਆ ਜਿਥੇ ਜੈਨੀ ਨੇ ਉਸ ਨੂੰ ਠਹਿਰਾਇਆ ਸੀ। ਮਾਰਕ ਨੇ ਬਹੁਤ ਸੋਚ ਵਿਚਾਰ ਬਾਅਦ ਜੈਨੀ ਦੇ ਘਰ

ਜਾਣ ਦਾ ਫੈਸਲਾ ਕੀਤਾ। ਉਹ ਜੈਨੀ ਤੋਂ ਉਸ ਦੀ ਬੇ-ਵਾਸਤਗੀ ਦਾ ਕਾਰਨ ਜਾਣਨਾ ਚਾਹੁੰਦਾ ਸੀ। ਉਸ ਨੂੰ ਉਮੀਦ ਸੀ ਇਕ ਵਾਰ ਜੈਨੀ ਨਾਲ ਗੱਲ ਕਰ ਲਵੇ ਤਾਂ ਜੈਨੀ ਜ਼ਰੂਰ ਉਸ ਦੇ ਫਿਰ ਤੋਂ ਨੇੜੇ ਹੋ ਜਾਵੇਗੀ। ਇਕ ਰਾਤ ਹੋਟਲ ਵਿਚ ਠਹਿਰ ਕੇ ਅਗਲੇ ਦਿਨ ਲੰਚ ਤੋਂ ਪਹਿਲਾਂ ਮਾਰਕ ਜੈਨੀ ਦੇ ਘਰ ਦਾ ਕੁੰਡਾ ਖੜਕਾ ਰਿਹਾ ਸੀ। ਦਰਵਾਜ਼ਾ ਜੈਨੀ ਨੇ ਹੀ ਖੋਲ੍ਹਿਆ ਅਤੇ ਮਾਰਕ ਨੂੰ ਵੇਖ ਕੇ ਉਸ ਦਾ ਚਿਹਰਾ ਪੀਲਾ ਪੈ ਗਿਆ।

"ਮਾਰਕ ਤੂੰ----!"

ਜੈਨੀ ਨੇ ਇਕ ਵਾਰ ਨੀਝ ਨਾਲ ਮਾਰਕ ਦੇ ਮੂੰਹ ਵੱਲ ਵੇਖਿਆ ਤੇ ਫਿਰ ਦਰਵਾਜ਼ਾ ਬੰਦ ਕਰਨ ਦਾ ਯਤਨ ਕੀਤਾ।

"ਜੈਨੀ ਕਿਰਪਾ ਕਰਕੇ ਦੋ ਮਿੰਟ ਲਈ ਮੇਰੇ ਨਾਲ ਗੱਲ ਤਾਂ ਕਰ! ਮੇਰਾ ਕਸੂਰ ਤਾਂ ਦੱਸ---!" ਮਾਰਕ ਨੇ ਬੇਨਤੀ ਭਰੇ ਲਹਿਜੇ ਵਿਚ ਕਿਹਾ।

"ਮਾਰਕ ਕੋਈ ਗੱਲ ਕਰਨ ਵਾਲੀ ਨਹੀਂ। ਨਾ ਹੀ ਮੈਂ ਤੇਰੇ 'ਤੇ ਕੋਈ ਦੋਸ਼ ਲਾਇਆ। ਬੱਸ ਜੋ ਹੋ ਗਿਆ ਸੋ ਹੋ ਗਿਆ। ਮੈਂ ਕਿਸੇ ਨਾਲ ਕੋਈ ਗੱਲ ਨਹੀਂ ਕਰਨਾ ਚਾਹੁੰਦੀ--।"

ਕਹਿੰਦਿਆਂ ਜੈਨੀ ਨੇ ਦਰਵਾਜ਼ਾ ਬੰਦ ਕਰ ਲਿਆ। ਮਾਰਕ ਕੁਝ ਪਲ ਬੰਦ ਦਰਵਾਜ਼ੇ ਨੂੰ ਘੂਰਦਾ ਰਿਹਾ ਤੇ ਵਾਪਿਸ ਹੋਟਲ ਵਿਚ ਆ ਗਿਆ। ਮਾਰਕ ਦਿਲੋਂ ਜੈਨੀ ਨੂੰ ਚਾਹੁੰਦਾ ਸੀ ਤੇ ਉਸ ਲਈ ਇਹ ਬਹੁਤ ਦੁੱਖਦਾਈ ਗੱਲ ਸੀ।

ਮਾਨਚੈਸਟਰ ਵੀ ਮਾਰਕ ਦਾ ਦਿਲ ਨਾ ਲੱਗਾ। ਫੈਕਟਰੀ ਦਾ ਕੰਮ ਤਾਂ ਹੁਣ ਲਿੰਨ ਹੀ ਵੇਖਦਾ ਸੀ। ਆਪ ਤਾਂ ਉਹ ਬੱਸ ਕਦੇ ਕਦਾਈਂ ਚੱਕਰ ਹੀ ਲਗਾਉਂਦਾ ਸੀ। ਮੁੰਡਿਆਂ ਨੇ ਬਹੁਤਾ ਕੰਮ ਸਾਂਭ ਲਿਆ ਸੀ। ਦੋ ਕੁ ਦਿਨ ਬਾਅਦ ਉਹ ਵਾਪਿਸ ਲੰਡਨ ਆ ਗਿਆ। ਉਸ ਨੇ ਜੈਨੀ ਨੂੰ ਭੁਲਾਉਣ ਦੀ ਕੋਸ਼ਿਸ਼ ਕੀਤੀ। ਉਹ ਐਂਡੀ ਕੋਲ ਸਮਾਂ ਕੱਟਣ ਲਈ ਹੀ ਆਇਆ ਸੀ। ਉਸ ਦੇ ਮੂਡ 'ਤੇ ਅਜੇ ਵੀ ਜੈਨੀ ਨਾਲ ਤੋੜ-ਵਿਛੋੜਾ ਭਾਰੂ ਸੀ। ਐਂਡੀ ਨੇ ਉਸ ਦਾ ਚਿਹਰਾ ਪੜ੍ਹ ਲਿਆ ਸੀ। ਸੋ ਉਸ ਨੇ ਵਾਈਨ ਪੇਸ਼ ਕੀਤੀ ਤੇ ਸੂਜ਼ਨ ਵੀ ਚਿੱਟੀ ਵਾਈਨ ਦਾ ਗਲਾਸ ਲੈ ਕੇ ਕੋਲ ਬੈਠ ਗਈ। ਇੱਧਰ-ਉੱਧਰ ਦੀਆਂ ਗੱਲਾਂ ਕਰਦਿਆਂ ਮਾਰਕ ਦਾ ਮੂਡ ਬਦਲਣ ਲੱਗਾ। ਚਲਦੀਆਂ ਗੱਲਾਂ ਹੌਲੀ-ਹੌਲੀ ਰਸਲ ਬਾਰੇ ਹੋਣ ਲੱਗੀਆਂ।

"ਮਾਰਕ, ਰਸਲ ਤਾਂ ਅ਼ਲੀਜ਼ਾ ਨਾਲ ਵਿਆਹ ਕਰਵਾਉਣ ਦੀ ਜ਼ਿਦ ਕਰ ਰਿਹਾ। ਮੈਨੂੰ ਪਤਾ ਨਹੀਂ ਲਗਦਾ ਕੀ ਕੀਤਾ ਜਾਵੇ--?" ਐਂਡੀ ਨੇ ਸੂਜ਼ਨ ਵੱਲ ਵੇਖਦਿਆਂ ਆਪਣੀ ਸਮੱਸਿਆ ਰੱਖੀ।

"ਤੁਸੀਂ ਨੀ ਖੁਸ਼----?" ਮਾਰਕ ਨੂੰ ਅਲੀਜ਼ਾ ਦੇ ਪਰਿਵਾਰ ਬਾਰੇ ਬਹੁਤਾ ਪਤਾ ਨਹੀਂ ਸੀ। ਜੇ ਕਦੇ ਗੱਲ ਹੋਈ ਵੀ ਹੋਵੇ ਤਾਂ ਮਾਰਕ ਨੂੰ ਖਿਆਲ ਨਹੀਂ ਸੀ।

"ਉਸ ਕੁੜੀ ਦੀ ਮਾਂ ਕਰਿਸਚੀਅਨ ਤੇ ਪਿਉ ਯਹੂਦੀ ਐ-। ਕੁੜੀ ਦਾ ਧਰਮ ਪਤਾ ਨੀ ਕਿਹੜਾ ਹੋਊ? ਲੋਕ ਤਾਂ ਪਿੱਠ ਪਿੱਛੇ ਗੱਲਾਂ ਕਰਨਗੇ---।" ਐਂਡੀ ਨੇ ਤੇਜ਼ ਆਵਾਜ਼ ਵਿਚ ਮੋਟੀ ਜਿਹੀ ਗੱਲ ਕੀਤੀ। ਸੂਜ਼ਨ ਹੱਥ ਵਿਚ ਗਲਾਸ ਫੜੀ ਚੁੱਪ ਚਾਪ ਉਹਨਾਂ ਵੱਲ ਵੇਖ ਰਹੀ ਸੀ।

ਮਾਰਕ ਸੁਣ ਕੇ ਸੋਚਣ ਲੱਗਾ। ਉਹ ਐਂਡੀ ਨੂੰ ਨਰਾਜ਼ ਵੀ ਨਹੀਂ ਸੀ ਕਰਨਾ ਚਾਹੁੰਦਾ ਤੇ ਉਸ ਨੂੰ ਕੋਈ ਜਵਾਬ ਵੀ ਦੇਣਾ ਬਣਦਾ ਸੀ।

"ਫੇਰ ਤੁਸੀਂ ਕੀ ਸੋਚਿਆ--?" ਮਾਰਕ ਨੇ ਐਂਡੀ ਨੂੰ ਹੀ ਸਵਾਲ ਕੀਤਾ।

"ਏਹੀ ਤਾਂ ਰੋਣਾ ਐ। ਛੋਟਾ ਤਾਂ ਤੈਨੂੰ ਪਤੈ ਈ ਆ। ਉਹਦੇ ਵੱਲੋਂ ਤਾਂ----।" ਐਂਡੀ ਨੇ ਇਸ ਤਰ੍ਹਾਂ ਹੱਥ ਦਾ ਇਸ਼ਾਰਾ ਕੀਤਾ ਜਿਵੇਂ ਉਸ ਨਾਲ ਸਬੰਧ ਖਤਮ ਕਰ ਦਿੱਤਾ ਹੋਵੇ।

"ਰਸਲ 'ਤੇ ਉਮੀਦਾਂ ਸੀ ਤੇ ਇਹ ਵੀ----।" ਐਂਡੀ ਦਾ ਮੂੰਹ ਗੁੱਸੇ ਨਾਲ ਤਪਣ ਲੱਗਾ।

"ਸਰ ਤੁਸੀਂ ਗੁੱਸਾ ਨਾ ਕਰਿਉ ਮੈਂ ਤੁਹਾਨੂੰ ਇਕ ਸਵਾਲ ਕਰਨਾ ਚਾਹੁੰਨਾ।"

"ਪੁੱਛੋ---।"

"ਲੋਕਾਂ ਦੀ ਗੱਲ ਨੂੰ ਭੁੱਲ ਜਾਉ। ਤੁਸੀਂ ਉਸ ਕੁੜੀ ਨੂੰ ਮਿਲੇ ਆਂ ਤੇ ਤੁਹਾਨੂੰ ਕੁੜੀ ਕਿਵੇਂ ਲਗਦੀ ਐ?"

"ਮਾਰਕ ਕੁੜੀ ਵਿਚ ਤਾ ਕੋਈ ਨੁਕਸ ਨੀ। ਬਣਦੀ-ਤਣਦੀ ਐ। ਪੜ੍ਹੀ-ਲਿਖੀ ਐ। ਗੱਲ ਤਾਂ ਪਰਿਵਾਰ ਦੀ ਐ--।"

ਐਂਡੀ ਨੇ ਕੁਝ ਕੁ ਨਰਮੀ ਨਾਲ ਕਿਹਾ। ਉਹ ਚਾਹੁੰਦਾ ਹੋਇਆ ਵੀ ਕੁੜੀ ਵਿਚ ਕੋਈ ਨੁਕਸ ਨਹੀਂ ਸੀ ਕੱਢ ਸਕਿਆ।

"ਆਪਣੇ ਕੋਲ ਦੋ ਹੀ ਰਾਹ ਐ। ਜਾਂ ਤਾਂ ਆਪਾਂ ਰਸਲ ਨੂੰ ਮਨਾ ਲਈਏ ਜਾਂ ਰਸਲ ਨਾਲ ਆਪ ਸਹਿਮਤ ਹੋ ਜਾਈਏ। ਲੋਕਾਂ ਨੇ ਤਾਂ ਕੁਝ ਨਾ ਕੁਝ ਕਹਿਣਾ ਹੀ ਹੁੰਦਾ। ਹਰ ਕਿਸੇ ਦੇ ਆਪਣੇ ਵਿਚਾਰ ਹੁੰਦੇ ਐ। ਜੇ ਮੁੰਡਾ ਖੁਸ਼ ਨਾ ਹੋਇਆ ਤਾਂ ਆਪਣੇ ਧਰਮ ਦੀ ਕੁੜੀ ਲੈ ਕੇ ਵੀ ਕੀ ਕਰੋਗੇ---?"

ਮਾਰਕ ਨੇ ਵੇਖਿਆ ਸੂਜ਼ਨ ਦੇ ਚਿਹਰੇ 'ਤੇ ਕੁਝ ਰੌਣਕ ਆ ਗਈ ਸੀ। ਐਂਡੀ ਦਾ ਬੁਝਿਆ ਚਿਹਰਾ ਉਸ ਦੀਆਂ ਝੁਰੜੀਆਂ ਨੂੰ ਹੋਰ ਵੀ ਗਹਿਰਾ ਕਰ ਰਿਹਾ ਸੀ। ਉਸ ਨੇ ਗਲਾਸ ਚੁੱਕਿਆ ਤੇ ਵੱਡੀ ਘੁੱਟ ਭਰੀ।

"ਮੈਂ ਚਾਹੁੰਦਾ ਸੀ ਤੂੰ ਰਸਲ ਨਾਲ ਗੱਲ ਕਰ ਵੇਖੇਂ ਸ਼ਾਇਦ ਉਸ ਦੇ ਦਿਮਾਗ ਵਿਚ ਕੁਝ ਵੜ ਜਾਵੇ--।" ਐਂਡੀ ਨੇ ਉਮੀਦ ਭਰੀਆਂ ਨਜ਼ਰਾਂ ਨਾਲ ਉਸ ਵੱਲ ਵੇਖਿਆ।

"ਜੇ ਤੁਸੀਂ ਕਹੋਗੇ ਤਾਂ ਗੱਲ ਵੀ ਕਰ ਲਵਾਂਗੇ। ਵੈਸੇ ਅੱਜ ਕੱਲ੍ਹ ਦੇ ਬੱਚੇ ਆਵਦੀ ਮਰਜ਼ੀ ਕਰਦੇ ਐ।" ਮਾਰਕ ਨੂੰ ਰਸਲ ਦਾ ਪਹਿਲਾਂ ਵਾਲਾ ਵਤੀਰਾ ਯਾਦ ਸੀ। ਉਹ ਉਸ ਨਾਲ ਗੱਲ ਕਰਨ ਤੋਂ ਕਤਰਾਉਂਦਾ ਸੀ।

"ਮੈਂ ਤੇ ਐਂਡੀ ਨੇ ਸਮਝਾ-ਬੁਝਾ ਕੇ ਵੇਖ ਲਿਆ। ਉਹ ਕੋਈ ਗੱਲ ਸੁਣਨ ਲਈ ਤਿਆਰ ਨੀ--।"

ਸੂਜ਼ਨ ਨੇ ਆਪਣਾ ਪਹਿਲੀ ਵਾਰ ਮੂੰਹ ਖੋਲ੍ਹਿਆ। ਮਾਰਕ ਨੂੰ ਸੂਜ਼ਨ ਦਾ ਜਵਾਨੀ ਵੇਲੇ ਦਾ ਰੰਗ ਰੂਪ ਯਾਦ ਆਇਆ। ਵੇਖਣ ਨੂੰ ਸੂਜ਼ਨ ਅਜੇ ਵੀ ਸੁਹਣੀ ਲਗਦੀ ਸੀ। ਬੱਸ ਝੁਰੜੀਆਂ ਉਸ ਦੇ ਚਿਹਰੇ ਦੀ ਸੁੰਦਰਤਾ ਨੂੰ ਕੁਝ ਕੁ ਗ੍ਰਹਿਣ ਲਗਾ ਰਹੀਆਂ ਸਨ।

ਕੁਝ ਦੇਰ ਚੁੱਪ ਛਾਈ ਰਹੀ। ਮਾਰਕ ਆਪਣੇ ਆਪ ਨੂੰ ਫਸਿਆ ਮਹਿਸੂਸ ਕਰ ਰਿਹਾ ਸੀ। ਉਹ ਆਪਣਾ ਗਮ ਤਾਂ ਭੁੱਲ ਗਿਆ ਸੀ ਪਰ ਐਂਡੀ ਦੀ ਸਮੱਸਿਆ ਨੇ ਉਸ ਨੂੰ ਹੋਰ ਵੀ ਉਲਝਾ ਦਿੱਤਾ ਸੀ। ਕੁਝ ਦੇਰ ਦੀ ਖਾਮੋਸ਼ੀ ਤੋਂ ਬਾਅਦ ਮਾਰਕ ਨੇ ਗੱਲਾਂ ਬਾਤਾਂ ਦਾ ਰੁਝਾਨ ਬਦਲਣ ਦੀ ਕੋਸ਼ਿਸ਼ ਕੀਤੀ।

"ਸਰ ਮੈਂ ਲੰਡਨ ਦੇ ਧੂੰਏਂ ਤੇ ਟ੍ਰੈਫਿਕ ਦੇ ਰੌਲੇ ਰੱਪੇ ਤੋਂ ਤੰਗ ਆ ਗਿਆਂ। ਮੈ ਰਹਿਣ ਲਈ ਲੰਡਨ ਤੋਂ ਬਾਹਰ ਕਿਸੇ ਪਿੰਡ ਵਿਚ ਘਰ ਖਰੀਦਣ ਬਾਰੇ ਸੋਚ ਰਿਹਾਂ--।"

"ਧੂੰਆਂ ਤਾਂ ਬਹੁਤ ਐ। ਪਿੰਡ ਵਿਚ ਰਹਿ ਕੇ ਕੁਝ ਕਰਨ ਲਈ ਨੀ ਹੋਣਾ। ਰੌਣਕ ਬਿਨਾਂ ਵੀ ਸਮਾਂ ਕੱਟਣਾ ਮੁਸ਼ਕਲ ਐ--।" ਐਂਡੀ ਹੈਰਾਨ ਵੀ ਸੀ।

"ਮੈਂ ਸੋਚਦਾ ਸੀ ਲੰਡਨ ਤੋਂ ਬਾਹਰ ਵਰਜੀਨੀਆ ਵਾਟਰ ਜਾਂ ਉਸ ਦੇ ਨੇੜੇ-ਤੇੜੇ ਘਰ ਵੇਖਿਆ ਜਾਵੇ। ਜਦ ਮਨ ਕਰੇ ਲੰਡਨ ਵੀ ਆਉਣਾ ਸੌਖਾ ਐ। ਕਦੀ ਤੁਹਾਡੇ ਵਰਗੇ ਦੋਸਤ ਵੀ ਆ ਜਾਇਆ ਕਰਨਗੇ। ਹੁਣ ਮੈਂ ਬਹੁਤਾ ਬਿਜਨਿਸ ਵਿਚ ਨੀ ਉਲਝਣਾ ਚਾਹੁੰਦਾ--।"

"ਵੈਸੇ ਤਾਂ ਵਧੀਆ ਵਿਚਾਰ ਐ। ਛੋਟਾ ਘਰ ਲੈ ਲਵੋ-।" ਐਂਡੀ ਨੂੰ ਵੀ ਉਸ ਦਾ ਵਿਚਾਰ ਜਚ ਗਿਆ ਸੀ।

"ਇਕ ਵਾਰ ਮੈਂ ਸਰ ਉਹ ਖਾਨ ਜ਼ਰੂਰ ਵੇਖਣੀ ਚਾਹੁੰਨਾ ਜਿਥੇ ਮੇਰੇ ਮਾਂ ਬਾਪ----।" ਮਾਰਕ ਦਾ ਮਨ ਭਰ ਆਇਆ। ਪਰ ਉਸ ਨੇ ਆਪਣੇ ਆਪ 'ਤੇ ਕਾਬੂ ਪਾ ਲਿਆ।

"--ਤੇ ਇਕ ਵਾਰ ਮੈਂ ਉਸ ਖਾਨ ਤੋਂ ਬਾਥ ਸ਼ਹਿਰ ਜਾਣਾ ਚਾਹੁੰਨਾ। ਇਹ ਮੇਰੇ ਫਾਦਰ ਦਾ ਸੁਪਨਾ ਸੀ। ਉਹ ਤਾਂ ਪੂਰਾ ਨਹੀਂ ਕਰ ਸਕੇ ਮੈਂ ਜ਼ਰੂਰ ਪੂਰਾ ਕਰਨਾ ਚਾਹੁੰਨਾ--।" ਮਾਰਕ ਨੇ ਕਰਾਸ ਦਾ ਨਿਸ਼ਾਨ ਬਣਾਇਆ।

ਅਸਲ ਵਿਚ ਮਾਰਕ ਨੇ ਵਰਜੀਨੀਆ ਵਾਟਰ ਘਰ ਵੇਖ ਲਿਆ ਸੀ। ਐਂਡੀ ਨੂੰ ਦੱਸਣ ਲਈ ਹੀ ਉਸ ਨੇ ਕਹਾਣੀ ਸ਼ੁਰੂ ਕੀਤੀ ਸੀ। ਉਹ ਪਿੰਡ ਦੇ ਲੋਕਾਂ ਵਿਚ ਬੈਠਣਾ ਚਾਹੁੰਦਾ ਸੀ। ਸ਼ਾਮ ਨੂੰ ਲੋਕਲ ਪੱਬ ਵਿਚ ਲੋਕਾਂ ਨਾਲ ਬੈਠ ਕੇ ਬੀਅਰ ਪੀਣ ਅਤੇ ਗੱਲਾਂ ਕਰਨ ਨੂੰ ਉਹਦਾ ਬਹੁਤ ਦਿਲ ਕਰਦਾ ਸੀ।

-----

ਅਲੀਜ਼ਾ ਦੀ ਮੰਗਣੀ ਦਾ ਸੁਨੇਹਾ ਸਮੈਂਥਾ ਨੇ ਜਿਲੀਅਨ ਨੂੰ ਦਿੱਤਾ ਤੇ ਉਸ ਨੂੰ ਇਕ ਦਿਨ ਪਹਿਲਾਂ ਹੀ ਆਉਣ ਲਈ ਕਿਹਾ। ਜਿਲੀਅਨ ਦਿਲੋਂ ਖੁਸ਼ ਸੀ। ਉਸ ਨੂੰ ਸਮੈਂਥਾ ਦੇ ਬੱਚੇ ਆਪਣੇ ਹੀ ਲਗਦੇ ਸਨ। ਅਲੀਜ਼ਾ ਨਾਲ ਉਸ ਨੂੰ ਖਾਸ ਨੇੜਤਾ ਸੀ ਤੇ ਉਹ ਵੀ ਜਿਲੀਅਨ ਨੂੰ ਮਾਂ ਵਾਂਗ ਹੀ ਪਿਆਰ ਕਰਦੀ। ਜਿਲੀਅਨ ਇਕ ਦਿਨ ਪਹਿਲਾਂ ਚਲੀ ਗਈ ਸੀ ਤੇ ਐਲਨ ਨੇ ਦਿਨ ਦੇ ਦਿਨ
ਪਹੁੰਚਣਾ ਸੀ।

ਅਲੀਜ਼ਾ ਨੇ ਰਸਲ ਬਾਰੇ ਕਾਫੀ ਕੁਝ ਜਿਲੀਅਨ ਨਾਲ ਸਾਂਝਾ ਕਰ ਲਿਆ ਸੀ। ਅਲੀਜ਼ਾ ਤੋਂ ਸੁਣ ਕੇ ਉਸ ਨੂੰ ਰਸਲ ਚੰਗਾ ਮੁੰਡਾ ਲੱਗਾ। ਉਹ ਰਸਲ ਨੂੰ ਮਿਲਣ ਲਈ ਉੱਤਸੁਕ ਸੀ। ਉਸ ਦੇ ਮਾਪਿਆਂ ਬਾਰੇ ਨਾ ਤਾਂ ਉਸ ਨੇ ਬਹੁਤ ਕੁਝ ਪੁੱਛਿਆ ਤੇ ਨਾ ਹੀ ਅਲੀਜ਼ਾ ਨੇ ਕੁਝ ਦੱਸਿਆ। ਬੱਸ ਐਨਾ ਕੁ ਕਿ ਉਸ ਦੇ ਮਾਂ ਪਿਉ ਇਸ

ਰਿਸ਼ਤੇ ਤੋਂ ਖੁਸ਼ ਨਹੀਂ ਸਨ ਤੇ ਇਹ ਰਸਲ ਦਾ ਫੈਸਲਾ ਸੀ। ਉਹਨਾਂ ਨੂੰ ਰਸਲ ਦੇ ਫੈਸਲੇ ਅੱਗੇ ਝੁਕਣਾ ਪਿਆ ਸੀ।

ਮਿਥੇ ਸਮੇਂ 'ਤੇ ਰਸਲ ਆਪਣੇ ਪਰਿਵਾਰ ਅਤੇ ਮਾਮੇ ਜੋਰਡਨ ਨਾਲ ਉਹਨਾਂ ਦੇ ਘਰ ਪਹੁੰਚ ਗਿਆ ਸੀ। ਉਹਨਾਂ ਨਾਲ ਮਾਰਕ ਵੀ ਸੀ। ਰਸਲ ਦੀ ਮਾਮੀ ਨੇ ਸਿਹਤ ਨਾ ਠੀਕ ਹੋਣ ਦਾ ਬਹਾਨਾ ਬਣਾ ਕੇ ਨਾ ਆ ਸਕਣ ਦੀ ਮਜ਼ਬੂਰੀ ਜ਼ਾਹਰ ਕਰ ਦਿੱਤੀ ਸੀ। ਸੂਜ਼ਨ ਨੇ ਆਪਣੇ ਭਰਾ ਨੂੰ ਸਾਫ਼ ਹੀ ਕਹਿ ਦਿੱਤਾ ਸੀ ਕਿ ਉਹ ਜਾਣ ਬੁਝ ਕੇ ਨਹੀਂ ਆਈ। ਬਹੁਤੇ ਲੋਕ ਨਹੀਂ ਸਨ। ਅਲੀਜ਼ਾ ਦਾ ਪਰਿਵਾਰ ਤੇ ਇਕ-ਅੱਧ ਹੋਰ ਪਰਿਵਾਰਕ ਦੋਸਤ। ਜਿਲੀਅਨ ਨੇ ਪਰਾਹੁਣਿਆਂ ਦੇ ਆਉਣ ਤੋਂ ਪਹਿਲਾਂ ਹੀ ਕਿਚਨ ਸਾਂਭ ਲਿਆ ਸੀ ਤੇ ਨੌਕਰਾਂ ਨੂੰ ਚਾਹ ਪਾਣੀ ਵਰਤਾਉਣ ਬਾਰੇ ਸਮਝਾ ਰਹੀ ਸੀ। ਕੁਝ ਦੇਰ ਬਾਅਦ ਸਮੈਂਥਾ ਨੇ ਉਸ ਨੂੰ ਬੁਲਾ ਲਿਆ। ਅਜੇ ਐਲਨ ਵੀ ਨਹੀਂ ਪਹੁੰਚਿਆ ਸੀ।

ਜਦ ਜਿਲੀਅਨ ਪ੍ਰਾਹੁਣਿਆਂ ਕੋਲ ਗਈ ਤਾਂ ਉਸ ਦਾ ਚਿਹਰਾ ਚਿੱਟਾ ਹੋ ਗਿਆ ਸੀ। ਸਾਹਮਣੇ ਉਸ ਨੇ ਮਾਰਕ ਨੂੰ ਬੈਠਿਆਂ ਵੇਖਿਆ ਤਾਂ ਉਸ ਨੂੰ ਜ਼ਿੰਦਗੀ ਦਾ ਸਭ ਤੋਂ ਵੱਡਾ ਧੱਕਾ ਲੱਗਾ। ਮਾਰਕ ਨਾਲ ਉਸ ਦੀਆਂ ਅੱਖਾਂ ਮਿਲੀਆਂ। ਜਿਲੀਅਨ ਨੇ ਆਪਣੇ ਆਪ ਨੂੰ ਸੰਭਾਲਣ ਦਾ ਯਤਨ ਕੀਤਾ। ਫਿਰ ਉਸ ਨੇ ਐਂਡੀ ਨੂੰ ਸਿਰ ਦੇ ਚਿੱਟੇ ਵਾਲਾਂ ਅਤੇ ਝੁਰੜੀਆਂ ਭਰੇ ਚਿਹਰੇ ਵਿਚ ਵੀ ਪਛਾਣ ਲਿਆ। ਉਸ ਨੇ ਬੜੀ ਮੁਸ਼ਕਲ ਨਾਲ ਉਹਨਾਂ ਨੂੰ ਸਾਹ ਸਲਾਮ ਕੀਤੀ। ਜਿਲੀਅਨ ਦਾ ਚਾਅ ਉਡਾਰੀ ਮਾਰ ਕੇ ਉੱਡ ਗਿਆ ਸੀ ਜੇ ਉਸ ਦੇ ਵੱਸ ਹੁੰਦਾ ਤਾਂ ਉਹ ਵੀ ਉੱਡ ਜਾਂਦੀ। ਉਹ ਸਮੈਂਥਾ ਕੋਲ ਜਿੰਨਾ ਕੁ ਲੁਕ ਕੇ ਬੈਠ ਸਕਦੀ ਸੀ ਬੈਠ ਗਈ। ਐਨ ਇਸ ਮੌਕੇ ਹੀ ਐਲਨ ਵੀ ਆ ਗਿਆ। ਉਸ ਨੇ ਸਾਰਿਆਂ ਨਾਲ ਹੱਥ ਮਿਲਾਇਆ ਤੇ ਆਪਣੀ ਜਾਣ ਪਛਾਣ ਕਰਵਾਈ।

"ਆਹ ਸਰ, ਤੁਸੀਂ ਤਾਂ ਮੈਨੂੰ ਇੰਡੀਆ ਜਾਣ ਵੇਲੇ ਮਿਲੇ ਸੀ। ਤੁਹਡਾ ਬੇਟਾ ਵੀ ਗਿਆ ਸੀ ਇੰਡੀਆ ਮੇਰੇ ਨਾਲ----।" ਐਲਨ ਮਾਰਕ ਅਤੇ ਉਸ ਦੇ ਬੇਟੇ ਦਾ ਨਾਂ ਭੁੱਲ ਗਿਆ ਸੀ।

"ਹਾਂ ਮੇਰਾ ਬੇਟਾ ਲਿੰਨ ਗਿਆ ਸੀ। ਉਹ ਜਲਦੀ ਹੀ ਵਾਪਿਸ ਆ ਗਿਆ ਸੀ---।"

ਮਾਰਕ ਦੀਆਂ ਅੱਖਾਂ ਵਿਚ ਵੱਖਰੀ ਚਮਕ ਸੀ ਜਿਸ ਨੂੰ ਹੁਣ ਸਮੈਂਥਾ ਨੇ ਮਹਿਸੂਸ ਕਰ ਲਿਆ ਸੀ। ਉਸ ਨੇ ਜਿਲੀਅਨ ਵੱਲ ਵੇਖਿਆ ਜਿਹੜੀ ਉੱਖੜੀ ਜਿਹੀ ਬੈਠੀ ਸੀ। ਸਮੈਂਥਾ ਨੇ ਸਮੇਂ ਦੀ ਨਜ਼ਾਕਤ ਨੂੰ ਸਮਝ ਲਿਆ ਸੀ। ਉਸ ਨੇ ਗੱਲਾਂ ਦਾ ਸਿਲਸਿਲਾ ਰਸਲ ਦੇ ਕੰਮ ਧੰਦੇ ਵੱਲ ਮੋੜਨ ਦਾ ਯਤਨ ਕੀਤਾ। ਵੇਲਾ ਵਿਚਾਰ ਕੇ ਜਿਲੀਅਨ ਉੱਠ ਕੇ ਕਿਚਨ ਵਿਚ ਚਲੀ ਗਈ। ਮਾਰਕ ਨੇ ਐਲਨ ਨੂੰ ਆਪਣੇ ਕੋਲ ਸੱਦ ਲਿਆ।

"ਇੰਡੀਆ ਵਾਪਿਸ ਜਾਣ ਨੂੰ ਮਨ ਨਹੀਂ ਮੰਨਿਆ?" ਮਾਰਕ ਨੇ ਪੁੱਛ-ਪੜਤਾਲ ਸ਼ੁਰੂ ਕੀਤੀ।

"ਮੇਰੇ ਪਾਪਾ ਇਸ ਦੁਨੀਆਂ ਵਿਚ ਨਹੀਂ ਰਹੇ ਤੇ ਮਾਂ ਨੂੰ ਇਕੱਲਿਆਂ ਛੱਡ ਕੇ ਮੈਂ ਜਾਣਾ ਨਹੀਂ ਚਾਹੁੰਦਾ।"

"ਮੈਨੂੰ ਤੁਹਾਡੇ ਪਾਪਾ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ। ਮੈਂ ਉਹਨਾਂ ਨੂੰ ਮਿਲਣਾ ਚਾਹੁੰਦਾ ਸੀ ਪਰ ਮਿਲ ਨਹੀ ਸਕਿਆ।"

"ਤੁਹਾਡੇ ਦਿਆਲੂ ਸ਼ਬਦਾਂ ਦਾ ਬਹੁਤ ਧੰਨਵਾਦ।" ਐਲਨ ਨੇ ਨਰਮੀ ਨਾਲ ਕਿਹਾ।

"ਹੁਣ ਫਿਰ ਕੀ ਕਰ ਰਹੇ ਆਂ?" ਮਾਰਕ ਨੇ ਐਲਨ ਬਾਰੇ ਜਾਣਨ ਦੀ ਉੱਤਸੁਕਤਾ ਸੀ।

"ਮੇਰੀ ਦਿਲਚਸਪੀ ਸਿਆਸਤ ਵਿਚ ਐ ਤੇ ਕੋਸ਼ਿਸ ਕਰ ਰਿਹਾ ਆਂ।"

"ਕਿਹੜੀ ਪਾਰਟੀ ਨਾਲ ਸਬੰਧ ਰਖਦੇ ਐਂ?" ਮਾਰਕ ਨੇ ਉੱਤਸੁਕਤਾ ਨਾਲ ਪੁੱਛਿਆ।

"ਮੈਨੂੰ ਲਿਬਰਲ ਪਾਰਟੀ ਮੇਰੇ ਵਿਚਾਰਾਂ ਦੇ ਜ਼ਿਆਦਾ ਨੇੜੇ ਲਗਦੀ ਐ ਤੇ ਮੈਂ ਉਸ ਪਾਰਟੀ ਨਾਲ ਹੀ ਸਬੰਧਤ ਹਾਂ।"

ਐਲਨ ਨੇ ਸਿਆਸਤ ਦੀਆਂ ਗੱਲਾਂ ਤੋਂ ਮੋੜਾ ਕੱਟ ਕੇ ਲਿੰਨ ਬਾਰੇ ਪੁੱਛ-ਗਿੱਛ ਕਰ ਲਈ। ਸ਼ਾਮ ਹੋਣ ਲੱਗੀ ਸੀ ਤੇ ਮਹਿਮਾਨ ਜਾਣ ਲਈ ਤਿਆਰ ਹੋ ਰਹੇ ਸਨ। ਮਾਰਕ ਨੇ ਐਲਨ ਤੋਂ ਉਸ ਦਾ ਪਤਾ ਲੈ ਲਿਆ ਸੀ ਤੇ ਕਿਸੇ ਦਿਨ ਉਸ ਨੂੰ ਮਿਲਣ ਆਉਣ ਲਈ ਵਾਇਦਾ ਵੀ ਕਰ ਲਿਆ ਸੀ।

ਘਟਨਾਵਾਂ ਭਰਿਆ ਦਿਨ ਜਿਲੀਅਨ ਲਈ ਮਸਾਂ ਹੀ ਲੰਘਿਆ। ਮਾਰਕ ਸੁਪਨਿਆਂ ਵਿਚ ਗੁਆਚਿਆ ਘਰ ਨੂੰ ਜਾ ਰਿਹਾ ਸੀ।

ਐਲਨ ਨੂੰ ਮਿਲਣਾ ਮਾਰਕ ਲਈ ਖੁਸ਼ੀ ਭਰਿਆ ਵੀ ਸੀ ਤੇ ਉੱਤਸੁਕਤਾ ਭਰਿਆ ਵੀ। ਉਸ ਨੇ ਕਦੇ ਸੋਚਿਆ ਹੀ ਨਹੀਂ ਸੀ ਜਿਲੀਅਨ ਇੰਝ ਅਚਾਨਕ ਮਿਲ ਪਵੇਗੀ। ਜਿਲੀਅਨ ਨਾਲੋ ਵੱਧ ਉਹ ਐਲਨ ਬਾਰੇ ਸੋਚ ਰਿਹਾ ਸੀ। ਜਿਲੀਅਨ ਦੀ ਬੇਰੁਖੀ ਉਸ ਨੂੰ ਅਜੇ ਭੁੱਲੀ ਨਹੀਂ ਸੀ। ਮਾਰਕ ਚਾਹੁੰਦਿਆਂ ਹੋਇਆਂ ਵੀ ਜਿਲੀਅਨ ਨੂੰ ਮਿਲਣ ਤੋਂ ਮਨੋ-ਮਨ ਕਤਰਾਉਂਦਾ ਸੀ। ਉਸ ਰਾਤ ਉਸ ਨੇ ਲੰਡਨ ਵਾਲੇ ਘਰ ਵਿਚ ਰਹਿਣਾ ਸੀ ਤੇ ਅਗਲੇ ਦਿਨ ਲੰਚ ਸਮੇਂ ਉਹ ਵਰਜੀਨੀਆ ਵਾਟਰ ਜਾਣ ਬਾਰੇ ਸੋਚ ਰਿਹਾ ਸੀ।

ਸਾਰੀ ਰਾਤ ਮਾਰਕ ਦੇ ਮਨ ਵਿਚ ਕਈ ਕਿਸਮ ਦੇ ਵਿਚਾਰ ਘੋਲ ਕਰਦੇ ਰਹੇ। ਪਹਿਲਾਂ ਮਾਰਕ ਦੇ ਮਨ ਵਿਚ ਆਇਆ ਉਹ ਸੈਮ ਦੇ ਅਫ਼ਸੋਸ ਦੇ ਬਹਾਨੇ ਕਿਸੇ ਦਿਨ ਅਚਾਨਕ ਐਲਨ ਨੂੰ ਮਿਲਣ ਚਲਾ ਜਾਵੇਗਾ। ਜੇ ਸੰਭਵ ਹੋਇਆ ਤਾਂ ਏਨੀ ਕੁ ਅਸਲੀਅਤ ਜ਼ਰੂਰ ਦੱਸ ਦੇਵੇਗਾ ਕਿ ਉਹ ਸਾਰਾ ਸੱਚ ਜਾਣਨ ਲਈ ਖੁਦ ਹੀ ਕੋਸ਼ਿਸ਼ ਕਰੇ। ਸੋਚਦਿਆਂ ਮਾਰਕ ਨੂੰ ਐਲਨ 'ਤੇ ਪਿਆਰ ਆਉਣ ਲੱਗਾ। ਉਸ ਦਾ ਬੇਟਾ ਸਿਆਸਤ ਵਿਚ ਪੈਰ ਰੱਖ ਰਿਹਾ ਸੀ। ਸੋਚਾਂ ਵਿਚ ਮਾਰਕ ਨੇ ਐਲਨ ਨੂੰ ਕਿਸੇ ਮੰਤਰੀ ਦੇ ਅਹੁਦੇ ਤੱਕ ਪਹੁੰਚਦਾ ਤਸੱਵਰ ਕੀਤਾ।

ਫਿਰ ਉਸ ਦੀ ਸੋਚ ਨੇ ਪਲਟਾ ਖਾਧਾ। ਜੇ ਐਲਨ ਸੱਚ ਜਾਣ ਜਾਂਦਾ ਹੈ ਤਾਂ ਸਾਰੀ ਦੁਨੀਆਂ ਜਾਣ ਜਾਵੇਗੀ ਕਿ ਐਲਨ ਉਸ ਦਾ ਬੇਟਾ ਹੈ। ਲੋਕ ਤਾਂ ਜੋ ਕਹਿਣਗੇ ਉਹ ਕਹਿਣਗੇ ਹੀ। ਉਸ ਨੂੰ ਆਪਣੇ ਬੱਚਿਆਂ ਦਾ ਫਿਕਰ ਹੋਇਆ। ਅੱਜ ਉਸ ਦੀ ਸਾਰੀ ਜਾਇਦਾਦ ਦੇ ਮਾਲਕ ਉਸ ਦੇ ਬੱਚੇ ਹਨ ਜਿਹਨਾਂ ਨੂੰ ਲੋਕ ਜਾਣਦੇ ਹਨ। ਕੱਲ੍ਹ ਨੂੰ ਐਲਨ ਜਾਇਦਾਦ ਵਿਚੋਂ ਵੀ ਹਿੱਸਾ ਮੰਗ ਸਕਦਾ। ਲਿੰਨ ਦੇ ਸੁਭਾਅ ਤੋਂ ਉਹ ਚੰਗੀ ਤਰ੍ਹਾਂ ਜਾਣੂੰ ਸੀ। ਉਹ ਆਪਣੀ ਮਾਂ ਵਾਂਗ ਪੈਸੇ ਦੇ ਮਾਮਲੇ ਵਿਚ ਬਹੁਤ ਲਾਲਚੀ ਸੀ। ਦੂਜਿਆਂ ਨੂੰ ਆਪਣੇ ਥੱਲੇ ਰੱਖਣ ਦਾ ਉਸ ਦਾ ਸੁਭਾਅ ਸੀ। ਐਲਨ ਅਤੇ ਲਿੰਨ ਵਿਚ ਤੂੰ-ਤੂੰ, ਮੈਂ-ਮੈਂ ਵਧ ਕੇ ਪ੍ਰੀਵਾਰਕ ਬੇਇਜ਼ਤੀ ਦਾ ਕਾਰਨ ਬਣ ਸਕਦੀ ਸੀ----। ਜਿਵੇਂ ਜਿਵੇਂ ਮਾਰਕ ਨਾਂਹ-ਪੱਖ ਨੂੰ ਸੋਚਦਾ ਗਿਆ ਹੋਰ ਦੀਆਂ ਹੋਰ ਸਮੱਸਿਆਵਾਂ ਉਸ ਨੂੰ ਦਿਸਣ ਲੱਗੀਆਂ।

ਦੇਰ ਰਾਤ ਤੱਕ ਉਹ ਬਿਸਤਰੇ ਵਿਚ ਪਾਸੇ ਮਾਰਦਾ ਰਿਹਾ। ਹੁਣ ਉਸ ਦੇ ਮਨ ਵਿਚ ਜਿਲੀਅਨ ਦੀ ਥਾਂ ਐਲਨ ਸੀ। ਸਵੇਰ ਦੇ ਤਿੰਨ ਕੁ ਵਜੇ ਤੱਕ ਉਸ ਨੇ ਸਾਰੀ ਕਹਾਣੀ ਨੂੰ ਵਾਰ-ਵਾਰ ਦੁਹਰਾ ਕੇ ਫੈਸਲਾ ਕਰ ਲਿਆ, ਉਹ ਐਲਨ ਨੂੰ ਕਦੀ ਕੁਝ ਨਹੀਂ ਕਹੇਗਾ ਤੇ ਨਾ ਹੀ ਜਿਲੀਅਨ ਨੂੰ ਕਦੀ ਮਿਲਣ ਦੀ ਕੋਸ਼ਿਸ਼ ਕਰੇਗਾ। ਜ਼ਿੰਦਗੀ ਜਿਵੇਂ ਚੱਲ ਰਹੀ ਸੀ ਉਸ ਤਰ੍ਹਾਂ ਹੀ ਚੱਲੀ ਜਾਵੇਗੀ। ਫੈਸਲਾ ਕਰ ਕੇ ਉਹ ਚੈਨ ਨਾਲ ਸੌਂ ਗਿਆ।

ਸਵੇਰੇ ਨੌਂ ਵਜੇ ਉਹ ਨਾਸ਼ਤਾ ਕਰਨ ਬੈਠਾ ਤਾਂ ਨੌਕਰ ਨੇ ਉਸ ਨੂੰ ਇਕ ਰੁੱਕਾ ਫੜਾਇਆ ਅਤੇ ਫੜਾ ਕੇ ਥਾਂਏਂ ਖੜ੍ਹਾ ਰਿਹਾ।

"ਸਰ ਜਵਾਬ ਲਈ ਕੋਚਮੈਨ ਬਾਹਰ ਖੜ੍ਹਾ ਹੈ।" ਮਾਰਕ ਨੇ ਰੁੱਕੇ ਵੱਲ ਵੇਖਿਆ ਤੇ ਉਸ ਨੂੰ ਹੈਰਾਨੀ ਹੋਈ।

ਹੈਲੋ, ਮੈਂ ਸਮੈਂਥਾ ਤੁਹਾਨੂੰ ਇਕ ਘੰਟੇ ਲਈ ਬਹੁਤ ਜ਼ਰੂਰੀ ਮਿਲਣਾ ਚਾਹੁੰਦੀ ਹਾਂ। ਕਿਰਪਾ ਕਰਕੇ ਬਾਰਾਂ ਵਜੇ 'ਟੇਸਟੀ ਬਾਈਟ' ਵਿਚ ਮਿਲਣਾ। ਮੈਂ ਤੁਹਾਡਾ ਬਹੁਤਾ ਸਮਾਂ ਨਹੀਂ ਲਵਾਂਗੀ। ਸਮੈਂਥਾ--।'

ਪੜ੍ਹ ਕੇ ਮਾਰਕ ਨੂੰ ਹੈਰਾਨੀ ਵੀ ਹੋਈ। ਉਹ ਸੋਚ ਰਿਹਾ ਸੀ ਆਖ਼ਰ ਸਮੈਂਥਾ ਕਿਸ ਕਾਰਨ ਉਸ ਨੂੰ ਮਿਲਣਾ ਚਾਹੁੰਦੀ ਸੀ? ਕਈ ਕੁਝ ਉਸ ਦੇ ਮਨ ਵਿਚ ਆਇਆ ਪਰ ਕੁਝ ਵੀ ਸਪੱਸ਼ਟ ਨਹੀਂ ਸੀ। ਉਸ ਨੇ ਨੋਟ ਲਿਖ ਕੇ ਮਿਲਣ ਦਾ ਵਾਇਦਾ ਕਰ ਲਿਆ।

ਮਾਰਕ ਬਹੁਤ ਸਲੀਕੇ ਨਾਲ ਤਿਆਰ ਹੋਇਆ। ਉਸ ਦੇ ਮਨ ਵਿਚ ਪਤਾ ਨਹੀਂ ਕਿਉਂ ਇਹ ਵਿਚਾਰ ਭਾਰੂ ਸੀ ਕਿ ਸਮੈਥਾ ਨਾਲ ਜਿਲੀਅਨ ਵੀ ਆਵੇਗੀ। ਜਿਲੀਅਨ ਨੂੰ ਮਿਲਣ ਲਈ ਉਸ ਦਾ ਮਨ ਇਕ ਵਾਰ ਫਿਰ ਲੋਟ-ਪੋਟ ਹੋਣ ਲੱਗਾ।

ਤਿਆਰ ਹੋ ਕੇ ਮਾਰਕ 'ਟੇਸਟੀ ਬਾਈਟ' ਨੂੰ ਚੱਲ ਪਿਆ। ਰਾਹ ਵਿਚ ਵੀ ਉਹ ਜਿਲੀਅਨ ਅਤੇ ਸਮੈਂਥਾ ਬਾਰੇ ਸੋਚਦਾ ਗਿਆ। ਜਿਲੀਅਨ ਦੇ ਆਉਣ ਦੀ ਹਾਲਤ ਵਿਚ ਉਹ ਕਿਵੇਂ ਮਹਿਸੂਸ ਕਰੇਗਾ ਤੇ ਜਿਲੀਅਨ ਦੇ ਮਨ ਵਿਚ ਉਸ ਲਈ ਕਿਹੋ ਜਿਹੀ ਥਾਂ ਹੋਵੇਗੀ? ਉਸ ਨੂੰ ਪਤਾ ਵੀ ਨਾ ਲੱਗਾ ਕਦੋਂ ਡਰਾਈਵਰ ਨੇ ਉਸ ਲਈ ਡੋਰ ਖੋਲ੍ਹ ਦਿਤੀ ਅਤੇ ਪਾਇਦਾਨ ਤਿਆਰ ਕਰ ਦਿੱਤਾ। ਮਾਰਕ ਨੇ ਬੱਘੀ ਵਿਚੋਂ ਉੱਤਰ ਕੇ ਆਪਣਿਆਂ ਕਪੜਿਆਂ 'ਤੇ ਹੱਥ ਮਾਰ ਕੇ ਵੱਟ ਕੱਢਣ ਦੀ ਕੋਸ਼ਿਸ਼ ਕੀਤੀ। ਪੂਰੀ ਤਸੱਲੀ ਕਰ ਕੇ ਉਹ ਹੱਥ ਵਿਚ ਖੂੰਡੀ ਘੁਮਾਉਂਦਾ ਸਵੈ-ਵਿਸ਼ਵਾਸ਼ ਨਾਲ ਰੈਸਟੋਰੈਂਟ ਵਿਚ ਚਲਾ ਗਿਆ। ਇਕੜ-ਦੁਕੜ ਹੀ ਗਾਹਕ ਮੌਜੂਦ ਸਨ। ਉਸ ਨੇ ਆਪਣੇ ਮਨਪਸੰਦ ਦਾ ਟੇਬਲ ਚੁਣ ਲਿਆ ਅਤੇ ਜੇਬ ਵਿਚੋਂ ਘੜੀ ਕੱਢ ਕੇ ਸਮਾਂ ਵੇਖਿਆ। ਬਾਰਾਂ ਵੱਜ ਗਏ ਸਨ ਪਰ ਅਜੇ ਸਮੈਂਥਾ ਆਈ ਨਹੀਂ ਸੀ। ਉਹ ਇਤਮੀਨਾਨ ਨਾਲ ਬਾਹਰ ਕਾਹਲ ਵਿਚ ਜਾਂਦੇ ਆਉਂਦੇ ਲੋਕਾਂ ਨੂੰ ਵੇਖਦਾ

ਰਿਹਾ। ਕੁਝ ਮਿੰਟਾਂ ਬਾਅਦ ਹੀ ਉਸ ਨੂੰ ਕਿਸੇ ਜਨਾਨਾ ਕੱਪੜਿਆਂ ਦੀ ਸਰਸਰਾਹਟ ਸੁਣੀ ਅਤੇ ਪਰਫਿਊਮ ਨੇ ਉਸ ਦੀਆਂ ਨਾਸਾਂ ਵਿਚ ਆ ਦਸਤਕ ਕੀਤੀ। ਉਸ ਨੇ ਸਿਰ ਘੁਮਾ ਕੇ ਵੇਖਿਆ, ਸਮੈਂਥਾ ਉਸ ਦੇ ਟੇਬਲ ਕੋਲ ਪਹੁੰਚ ਚੁੱਕੀ ਸੀ। ਉਹ ਉੱਠ ਕੇ ਖੜ੍ਹਾ ਹੋ ਗਿਆ ਤੇ ਸਮੈਂਥਾ ਦੇ ਬੈਠਣ ਲਈ ਕੁਰਸੀ ਖਿੱਚਣ ਲਈ ਅੱਗੇ ਵਧਿਆ। ਉਸ ਤੋਂ ਪਹਿਲਾਂ ਹੀ ਬਹਿਰੇ ਨੇ ਸਮੈਂਥਾ ਦੇ ਬੈਠਣ ਲਈ ਕੁਰਸੀ ਤਿਆਰ ਕਰ ਦਿੱਤੀ ਸੀ।

"ਮੁਆਫ ਕਰਨਾ ਮੈਂ ਕੁਝ ਮਿੰਟ ਲੇਟ ਹੋ ਗਈ---।" ਸਮੈਂਥਾ ਨੇ ਬੈਠਦਿਆਂ ਕਿਹਾ।

"ਕੋਈ ਫਿਕਰ ਨਾ ਕਰੋ। ਮੈਂ ਅੱਜ ਵਿਹਲਾ ਹੀ ਸੀ। ਵੈਸੇ ਵੀ ਹੁਣ ਮੇਰੇ 'ਤੇ ਕੰਮਾਂ ਦੀ ਬਹੁਤੀ ਜ਼ਿੰਮੇਵਾਰੀ ਨਹੀਂ ਐ---।" ਮਾਰਕ ਨੇ ਮੁਸਕਰਾ ਕੇ ਸਮੈਂਥਾ ਨੂੰ ਕਹਿੰਦਿਆਂ ਤਿਰਸ਼ੀ ਨਜ਼ਰ ਨਾਲ ਦਰਵਾਜ਼ੇ ਵੱਲ ਵੇਖਿਆ। ਅਜੇ ਵੀ ਉਸ ਨੂੰ ਜਿਲੀਅਨ ਦੇ ਆਉਣ ਦੀ ਉਮੀਦ ਸੀ।

"ਮਿਸਿਜ਼ ਐਜ਼ਮਿਲ ਕੀ ਖਾਣਾ ਚਾਹੋਗੇ?" ਮਾਰਕ ਨੇ ਬਹਿਰੇ ਵੱਲ ਵੇਖਦਿਆਂ ਨਿਮਰਤਾ ਨਾਲ ਪੁੱਛਿਆ।

"ਮਿਸਟਰ ਪਿੰਨ, ਮਿਹਰਬਾਨੀ। ਮੈਨੂੰ ਖਾਣਾ ਖਾਣ ਦੀ ਇੱਛਾ ਨਹੀਂ ਐ। ਕੌਫੀ ਦਾ ਕੱਪ ਲੈ ਲਵਾਂਗੀ। ਤੁਸੀਂ ਖਾਉ---।" ਮਾਰਕ ਨੇ ਵੇਖਿਆ ਸਮੈਥਾ ਕੁਝ ਕਾਹਲ ਵਿਚ ਲਗਦੀ ਸੀ। ਉਸ ਨੇ ਕੌਫੀ ਤੇ ਪੇਸਟਰੀ ਦਾ ਆਰਡਰ ਦੇ ਦਿੱਤਾ।

ਪਹਿਲੇ ਦਿਨ ਦੇ ਖਾਣੇ ਦੀ ਸਲਾਹੁਤਾ ਕਰਦਿਆਂ ਮਾਰਕ ਨੇ ਰਸਮੀ ਜਿਹਾ ਸਮੈਂਥਾ ਦਾ ਧੰਨਵਾਦ ਕੀਤਾ ਤੇ ਅਲੀਜ਼ਾ ਦੇ ਸੁਹੱਪਣ ਅਤੇ ਸੂਝ ਦੀ ਵਡਿਆਈ ਵੀ ਕੀਤੀ।

"ਮਿਹਰਬਾਨੀ ਸਰ। ਮੈਂ ਤਾਂ ਤੁਹਾਡੇ ਨਾਲ ਕੁਝ ਬਹੁਤ ਜ਼ਰੂਰੀ ਅਤੇ ਖਾਸ ਗੱਲ ਕਰਨ ਲਈ ਆਈ ਹਾਂ।" ਸਮੈਂਥਾ ਦੀਆਂ ਅੱਖਾਂ ਵਿਚ ਬੇਚੈਨੀ ਸੀ। ਮਾਰਕ ਨੇ ਉਸ ਦੇ ਬੋਲਾਂ ਵਿਚ ਅਸਹਿਜਤਾ ਮਹਿਸੂਸ ਕੀਤੀ।

"ਮਿਸਟਰ ਪਿੰਨ, ਮੈਂ ਜਿਲੀਅਨ ਨੂੰ ਐਲਨ ਦੇ ਜੰਮਣ ਤੋਂ ਪਹਿਲਾਂ ਦੀ ਜਾਣਦੀ ਹਾਂ। ਅਸੀਂ ਦੋਵੇਂ ਭੈਣਾਂ ਨਹੀਂ ਪਰ ਭੈਣਾਂ ਤੋਂ ਘੱਟ ਵੀ ਨਹੀਂ। ਜਿਲੀਅਨ ਨੇ ਐਲਨ ਨੂੰ ਜਨਮ ਦਿੱਤਾ ਤੇ ਪਾਲਿਆ ਅਸੀਂ ਦੋਵਾਂ ਨੇ ਐ। ਐਲਨ ਮੈਨੂੰ ਮੇਰੇ ਬੱਚਿਆਂ ਵਰਗਾ ਹੀ ਲਗਦਾ।" ਸਮੈਂਥਾ ਨੇ ਪਾਣੀ ਦਾ ਘੁੱਟ ਭਰਿਆ ਤੇ ਆਪਣੇ ਆਪ ਨੂੰ ਜ਼ਜ਼ਬਾਤੀ ਹੋਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਮਾਰਕ ਉਸ ਵੱਲ ਧਿਆਨ ਨਾਲ ਵੇਖ ਰਿਹਾ ਸੀ ਤੇ ਸੁਣ ਵੀ ਰਿਹਾ ਸੀ।

"ਤੁਹਾਡੇ ਤੇ ਜਿਲੀਅਨ ਬਾਰੇ ਮੈਨੂੰ ਸਭ ਕੁਝ ਪਤਾ ਹੈ। ਐਲਨ ਬਾਰੇ ਵੀ। ਜਿਲੀਅਨ ਨੇ ਮੇਰੇ ਕੋਲੋਂ ਕਦੀ ਕੁਝ ਨਹੀਂ ਲੁਕਾਇਆ। ਤੁਹਾਨੂੰ ਲਭਣ ਲਈ ਜੋ ਜੋ ਕੋਸ਼ਿਸ਼ਾਂ ਅਸੀਂ ਕੀਤੀਆਂ ਮੈਂ ਉਹਨਾਂ ਦੀ ਵੀ ਚਸ਼ਮਦੀਦ ਗਵਾਹ ਹਾਂ। ਮੈਨੂੰ ਪਤਾ ਜਦੋਂ ਐਲਨ ਇੰਡੀਆ ਜਾ ਰਿਹਾ ਸੀ ਜਿਲੀਅਨ ਤੁਹਾਨੂੰ ਅਚਾਨਕ ਮਿਲ ਗਈ ਸੀ ਤੇ ਉਸ ਨੇ ਐਲਨ ਬਾਰੇ ਸੱਚ ਤੁਹਾਨੂੰ ਬਿਆਨ ਕਰ ਦਿੱਤਾ ਸੀ---।" ਸਮੈਂਥਾ ਦੀ ਆਵਾਜ਼ ਕੰਬ ਰਹੀ ਸੀ। ਉਹ ਪਲ ਕੁ ਲਈ ਚੁੱਪ ਹੋ ਗਈ।

"ਮਿਸਿਜ਼ ਐਜ਼ਮਿਲ, ਮੈਨੂੰ ਤੁਹਾਡੀ ਐਨੀ ਨੇੜਤਾ ਦਾ ਪਤਾ ਨਹੀਂ ਸੀ। ਮੈਨੂੰ ਤਸੱਲੀ ਹੈ ਜਿਲੀਅਨ ਨੂੰ ਤੁਹਾਡੇ ਵਰਗੀ ਚੰਗੀ ਅਤੇ ਸ਼ਾਨਦਾਰ ਦੋਸਤ ਮਿਲੀ। ਮੈ ਤੁਹਾਡੀ ਹੁਣ ਕਿਵੇਂ ਮਦਦ ਕਰ ਸਕਦਾ ਹਾਂ?" ਮਾਰਕ ਨੂੰ ਕਾਹਲ ਨਹੀਂ ਸੀ ਪਰ ਉਸ ਦਾ ਮਨ ਅਸਲ ਕਾਰਨ ਜਾਣਨ ਲਈ ਉਤੇਜਤ ਸੀ।

"ਮਿਸਟਰ ਪਿੰਨ, ਮੈਂ ਸਿਰਫ ਇਹ ਚਾਹੁੰਦੀ ਹਾਂ ਕਿ ਸ਼ਾਂਤ ਵਗਦੇ ਪਾਣੀਆਂ ਵਿਚ ਤੁਸੀਂ ਪੱਥਰ ਨਾ ਸੁੱਟੋ ਤਾਂ ਸਭ ਲਈ ਹੀ ਚੰਗਾ ਹੈ। ਪੁਲਾਂ ਥੱਲਿਉਂ ਦੀ ਲੰਘਿਆ ਪਾਣੀ ਵਾਪਿਸ ਨਹੀਂ ਆਉਂਦਾ ਹੁੰਦਾ। ਜੇ ਅਜਿਹੀਆਂ ਕੋਸ਼ਿਸ਼ਾਂ ਕੀਤੀਆਂ ਵੀ ਜਾਣ ਤਾਂ ਸਿੱਟੇ ਮਾੜੇ ਹੀ ਨਿਕਲਦੇ ਹਨ।"

ਸਮੈਂਥਾ ਦੇ ਬੁੱਲ੍ਹ ਫਰਕਦੇ ਰਹੇ ਪਰ ਬੋਲ ਬੰਦ ਹੋ ਗਏ ਸਨ। ਉਸ ਦੀਆਂ ਅੱਖਾਂ ਵਿਚਲੇ ਪਾਣੀ ਨੇ ਮਾਰਕ ਨੂੰ ਵੀ ਭਾਵੁਕ ਕਰ ਦਿੱਤਾ ਸੀ। ਉਹ ਆਪਣੇ ਕੀਤੇ ਫੈਸਲੇ ਬਾਰੇ ਸੋਚ ਰਿਹਾ ਸੀ।

"ਮਿਸਿਜ਼ ਐਜਮਿਲ, ਮੇਰਾ ਸ਼ਾਂਤ ਪਾਣੀਆਂ ਵਿਚ ਪੱਥਰ ਸੁਟਣ ਦਾ ਕੋਈ ਇਰਾਦਾ ਨਹੀਂ ਕਿਉਂਕਿ ਮੈਨੂੰ ਡਰ ਐ ਕਿਤੇ ਮੱਛੀਆਂ ਜ਼ਖਮੀ ਨਾ ਹੋ ਜਾਣ।"

ਕਹਿੰਦਿਆਂ ਮਾਰਕ ਮੁਸਕਰਾਇਆ। ਉਸ ਦੀ ਮੁਸਕਰਾਹਟ ਅਤੇ ਗੱਲ ਨਾਲ ਮਹੌਲ ਹਲਕਾ ਹੋ ਗਿਆ ਸੀ। ਸਮੈਂਥਾ ਦਾ ਵੀ ਹਾਸਾ ਨਿਕਲ ਗਿਆ। ਉਸ ਦੀਆਂ ਅੱਖਾਂ ਵਿਚ ਉਮੜੇ ਹੰਝੂ ਮਲੋ-ਮੱਲੀ ਵਹਿ ਗਏ। ਉਸ ਨੇ ਰੁਮਾਲ ਨਾਲ ਅੱਖਾਂ ਸਾਫ਼ ਕੀਤੀਆਂ ਅਤੇ 'ਸੌਰੀ' ਕਹਿੰਦਿਆਂ ਕੌਫੀ ਦਾ ਕੱਪ ਚੁੱਕ ਲਿਆ।

"ਤੁਹਾਡੀ ਮਿਹਰਬਾਨੀ। ਯਕੀਨ ਕਰੋ ਜਿਲੀਅਨ ਨੇ ਕਈ ਜ਼ਿੰਦਗੀਆਂ ਦੇ ਦਰਦ ਇਸੇ ਜ਼ਿੰਦਗੀ ਵਿਚ ਹੰਢਾ ਲਏ ਐ। ਇਸ ਉਮਰ ਵਿਚ ਹੁਣ ਉਸ ਤੋਂ ਹੋਰ ਦੁੱਖ ਨਹੀਂ ਸਹਿ ਹੋਣਾ।"

ਸਮੈਂਥਾ ਇਕ ਵਾਰ ਫਿਰ ਭਾਵੁਕ ਹੋ ਗਈ। ਜਿਲੀਅਨ ਲਈ ਸਮੈਂਥਾ ਦਾ ਫਿਕਰ ਮਾਰਕ ਦੇ ਦਿਲ ਵਿਚ ਉਸ ਦੀ ਇੱਜ਼ਤ ਨੂੰ ਕਈ ਗੁਣਾ ਵਧਾ ਗਿਆ ਸੀ।

"ਮਿਸਿਜ਼ ਐਜ਼ਮਿਲ, ਮੈਂ ਸਾਰੀ ਰਾਤ ਇਸ ਮਾਮਲੇ ਸਬੰਧੀ ਸੋਚਦਾ ਰਿਹਾ ਹਾਂ। ਮੈਂ ਮੰਨਦਾ ਹਾਂ ਅਜੇ ਵੀ ਜਿਲੀਅਨ ਮੇਰੇ ਮਨ ਵਿਚ ਬਹੁਤ ਵੱਡੀ ਥਾਂ ਰਖਦੀ ਹੈ। ਅਜੋਕੇ ਹਾਲਾਤ ਵਿਚ ਮੈਂ ਕੋਈ ਅਜਿਹੀ ਗੱਲ ਨਹੀਂ ਕਰਨੀ ਚਾਹਾਂਗਾ ਜਿਸ ਨਾਲ ਜਿਲੀਅਨ ਜਾਂ ਐਲਨ ਨੂੰ ਕੋਈ ਤਕਲੀਫ਼ ਪਹੁੰਚੇ। ਜੇ ਮੈਂ ਕਦੀ ਵੀ ਉਹਨਾਂ ਲਈ ਕੁਝ ਕਰ ਸਕਦਾ ਹੋਇਆ ਤਾਂ ਜਿਲੀਅਨ ਨੇ ਤਾਂ ਕਦੀ ਮੈਨੂੰ ਕਹਿਣਾ ਨਹੀਂ। ਕਿਰਪਾ ਕਰਕੇ ਤੁਸੀਂ ਜ਼ਰੂਰ ਦੱਸ ਦੇਣਾ। ਸ਼ਾਇਦ ਅਜਿਹਾ ਕਰਨ ਨਾਲ ਮੇਰੇ ਮਨ ਨੂੰ ਕੁਝ ਧਰਵਾਸ ਮਿਲ ਜਾਵੇ।" ਹੁਣ ਭਾਵੁਕ ਹੋਣ ਦੀ ਵਾਰੀ ਮਾਰਕ ਦੀ ਸੀ।

"ਜ਼ਰੂਰ---। ਜੇ ਤੁਸੀਂ ਮੱਛੀਆਂ ਨੂੰ ਜ਼ਖ਼ਮੀ ਨਾ ਕਰੋ ਤਾਂ ਸਭ ਠੀਕ ਹੀ ਰਹੇਗਾ।" ਕਹਿੰਦਿਆਂ ਸਮੈਂਥਾ ਨੇ ਮਹੌਲ ਨੂੰ ਇਕ ਵਾਰ ਫਿਰ ਹਲਕਾ ਕਰ ਦਿੱਤਾ।

ਉਹਨਾਂ ਨੇ ਆਪਣੀ ਕੌਫੀ ਖ਼ਤਮ ਕੀਤੀ। ਉਹ ਕੁਝ ਦੇਰ ਆਮ ਜਿਹੀਆਂ ਗੱਲਾਂ ਕਰਦੇ ਰਹੇ। ਸਮੈਂਥਾ ਨੇ ਧੰਨਵਾਦ ਕਰਦਿਆਂ ਆਪਣਾ ਹੈਂਡ ਬੈਗ ਫੜਿਆ ਅਤੇ ਜਾਣ ਦੀ ਇਜਾਜ਼ਤ ਮੰਗੀ। ਮਾਰਕ ਨੇ ਖੜ੍ਹੇ ਹੋ ਕੇ ਹੱਥ ਮਿਲਾਇਆ ਤੇ ਉਸ ਦੇ ਨਾਲ ਹੀ ਰੈਸਟੋਰੈਂਟ ਵਿਚੋਂ ਬਾਹਰ ਆ ਗਿਆ। ਉਹ ਆਪੋ ਆਪਣੀਆਂ ਗੱਡੀਆਂ ਵਿਚ ਬੈਠ ਕੇ ਚਲੇ ਗਏ।

ਮਾਰਕ ਨੇ ਇਕ ਰਾਤ ਹੋਰ ਲੰਡਨ ਵਿਚ ਰਹਿਣ ਦਾ ਮਨ ਬਣਾ ਲਿਆ ਅਤੇ ਰਾਤ ਨੂੰ ਕੁਝ ਦੋਸਤਾਂ ਨਾਲ ਮਹਿਫਲ ਸਜਾਉਣ ਬਾਰੇ ਸੋਚਣ ਲੱਗਾ। ਸਮੈਂਥਾ ਜਿਲੀਅਨ ਨੂੰ ਮਿਲਣ ਲਈ ਚਲੀ ਗਈ।

-------

ਸਮੈਂਥਾ, ਜਿਲੀਅਨ ਲਈ ਮਨੋ ਫਿਕਰਮੰਦ ਸੀ ਅਤੇ ਉਸ ਤੋਂ ਵੀ ਵੱਧ ਐਲਨ ਬਾਰੇ ਚਿੰਤਤ ਸੀ। ਉਸ ਨੂੰ ਡਰ ਸੀ ਭਾਵੁਕ ਹੋਈ ਜਿਲੀਅਨ ਕਿਤੇ ਐਲਨ ਨੂੰ ਸਾਰੀ ਰਾਮ ਕਹਾਣੀ ਨਾ ਦੱਸ ਦੇਵੇ। ਅਜਿਹਾ ਕਰਨ ਨਾਲ ਐਲਨ ਦੀ ਜ਼ਿੰਦਗੀ ਵਿਚ ਭੁਚਾਲ ਆਉਣ ਦਾ ਖਤਰਾ ਸੀ। ਉਹ ਮਾਰਕ ਤੋਂ ਵਾਇਦਾ ਲੈ ਕੇ ਖੁਸ਼ ਸੀ ਤੇ ਬਿਨਾਂ ਦੇਰੀ ਕੀਤਿਆਂ ਜਿਲੀਅਨ ਨੂੰ ਮਿਲ ਕੇ ਉਸ ਨੂੰ ਐਲਨ ਨਾਲ ਕੋਈ ਵੀ ਗੱਲ ਨਾ ਕਰਨ ਲਈ ਪੱਕਾ ਕਰਨਾ ਚਾਹੁੰਦੀ ਸੀ।

ਉਸ ਨੇ ਜਿਲੀਅਨ ਨੂੰ ਇਕ ਰਾਤ ਠਹਿਰਣ ਲਈ ਜ਼ੋਰ ਲਾਇਆ। ਪਰ ਉਹ ਐਲਨ ਨਾਲ ਹੀ ਵਾਪਿਸ ਚਲੀ ਗਈ ਸੀ। ਸਮੈਂਥਾ ਨੇ ਤਾਂ ਐਲਨ ਨੂੰ ਵੀ ਰੁਕਣ ਲਈ ਕਿਹਾ ਸੀ। ਐਲਨ ਇੰਡੀਆ ਜਾ ਕੇ ਕੁਝ ਬਦਲ ਗਿਆ ਸੀ। ਹੁਣ ਉਹ ਜਾਂ ਤਾਂ ਆਪਣੇ ਘਰ ਵਿਚ ਰਹਿੰਦਾ ਜਾਂ ਫਿਰ ਜੇ ਬਾਹਰ ਜਾ ਕੇ ਰਹਿਣਾ ਪੈਂਦਾ ਤਾਂ ਹੋਟਲ ਵਿਚ ਰਹਿਣਾ ਪਸੰਦ ਕਰਦਾ। ਸਮੈਂਥਾ ਦਾ ਘਰ ਪ੍ਰੀਵਾਰ ਉਸ ਲਈ ਓਪਰਾ ਨਹੀਂ ਸੀ। ਬਚਪਨ ਵਿਚ ਉਹ ਦੋ-ਦੋ, ਤਿੰਨ-ਤਿੰਨ ਦਿਨ ਵੀ ਰਹਿ ਜਾਂਦਾ ਸੀ। ਆਪਣੇ ਘਰ ਵਿਚ ਉਹ ਇਕੱਲਾ ਹੁੰਦਾ ਤੇ ਸਮੈਂਥਾ ਦੇ ਘਰ ਵਿਚ ਉਸ ਨੂੰ ਬੱਚਿਆਂ ਦੀ ਕੰਪਨੀ ਮਿਲ ਜਾਂਦੀ। ਉਸ ਦਾ ਮਨ ਲੱਗਾ ਰਹਿੰਦਾ। ਸਮੈਂਥਾ ਨੂੰ ਵੀ ਉਹ ਪੁਰਾਣੇ ਦਿਨ ਯਾਦ ਸਨ।

"ਐਲਨ ਮੇਰਾ ਮਨ ਕਰਦਾ ਮੈਂ ਕੋਈ ਜਾਦੂ ਸਿੱਖ ਲਵਾਂ ਤੇ ਤੈਨੂੰ ਜਦ ਵੀ ਮਨ ਕਰੇ ਬੱਚਾ ਬਣਾ ਲਿਆ ਕਰਾਂ। ਫਿਰ ਮੈਂ ਤੇਰੇ ਨਾਲ ਪਹਿਲਾਂ ਵਾਂਗ ਹੀ ਖੇਡ ਸਕਦੀ ਆਂ।" ਸਮੈਂਥਾ ਨੇ ਹੱਸਦਿਆਂ ਕਿਹਾ।

"ਐਲਨ ਚਾਂਨਸ ਨਹੀਂ ਲੈਣਾ ਚਾਹੀਦਾ। ਜੇ ਕਿਸੇ ਦਿਨ ਜਾਦੂ ਨਾ ਚੱਲਿਆ ਤਾਂ ਤੈਨੂੰ ਮੁੜ ਕੇ ਸਕੂਲ ਜਾਣਾ ਪੈਣਾ।"

ਅਲੀਜ਼ਾ ਹੱਸਦਿਆਂ ਕਹਿਣ ਲੱਗੀ। ਸਾਰੇ ਹੀ ਹੱਸ ਪਏ। ਜਿਲੀਅਨ ਵੀ ਖੁੱਲ੍ਹ ਕੇ ਹੱਸੀ ਤੇ ਉਹ ਬੱਘੀ ਵਿਚ ਜਾ ਬੈਠੇ। ਸਮੈਂਥਾ ਜਿਲੀਅਨ ਬਾਰੇ ਫਿਕਰਮੰਦ ਜ਼ਰੂਰ ਸੀ। ਸੋਚ ਸੋਚਕੇ ਉਹ ਮਾਰਕ ਨੂੰ ਮਿਲ ਕੇ ਇਸ ਮਾਮਲੇ ਨੂੰ ਠੱਪ ਕਰਨਾ ਚਾਹੁੰਦੀ ਸੀ।

ਜਦ ਸਮੈਂਥਾ ਪਹੁੰਚੀ ਤਾਂ ਜਿਲੀਅਨ ਘਰ ਹੀ ਸੀ। ਐਲਨ ਕਿਤੇ ਬਾਹਰ ਗਿਆ ਹੋਇਆ ਸੀ। ਉਸ ਨੂੰ ਸਿਆਸੀ ਸਰਗਰਮੀਆਂ ਤੋਂ ਘੱਟ ਹੀ ਵਿਹਲ ਮਿਲਦੀ ਸੀ। ਸਮੈਂਥਾ ਨੇ ਬਿਨਾਂ ਸਮਾਂ ਖਰਾਬ ਕਰਿਆਂ ਜਿਲੀਅਨ ਨਾਲ ਗੱਲ ਸ਼ੁਰੂ ਕਰ ਲਈ।

"ਜਿਲੀਅਨ ਮੈਂ ਮਾਰਕ ਨੂੰ ਮਿਲ ਕੇ ਆ ਰਹੀ ਆਂ।" ਸੁਣ ਕੇ ਜਿਲੀਅਨ ਹੈਰਾਨ ਹੋ ਗਈ। ਉਹ ਅੱਖਾਂ ਵਿਚ ਹੀ ਉਸ ਤੋਂ 'ਕਿਉਂ' ਪੁੱਛ ਰਹੀ ਸੀ।

"ਮਾਰਕ ਨੇ ਵਾਇਦਾ ਕੀਤਾ ਹੈ ਉਹ ਐਲਨ ਜਾਂ ਕਿਸੇ ਵੀ ਹੋਰ ਨਾਲ ਬੀਤੇ ਕਿੱਸੇ ਨੂੰ ਸਾਂਝਾ ਨਹੀਂ ਕਰੇਗਾ ਤੇ ਤੈਨੂੰ ਵੀ ਉਹ ਸਭ ਸੁਪਨੇ ਵਾਂਗ ਭੁੱਲ ਜਾਣਾ ਚਾਹੀਦਾ। ਜ਼ਿੰਦਗੀ ਘਟਨਾਵਾਂ-ਦੁਰਘਟਨਾਵਾਂ ਦਾ ਸਮੂਹ ਹੁੰਦੀ ਐ ਤੇ ਉਸ ਵਿਚੋਂ ਚੰਗਾ ਹੀ ਯਾਦ ਰੱਖਣਾ ਚਾਹੀਦਾ ਹੈ।" ਸਮੈਂਥਾ ਆਪਣੀ ਗੱਲ ਕਰਦੀ ਰਹੀ ਤੇ ਜਿਲੀਅਨ ਸੁਣਦੀ ਰਹੀ।

"ਜਿਲੀਅਨ ਮੇਰੇ ਖਿਆਲ ਵਿਚ ਤੈਨੂੰ ਐਲਨ ਨਾਲ ਇਸ ਬਾਰੇ ਕਦੀ ਵੀ ਗੱਲ ਨਹੀਂ ਕਰਨੀ ਚਾਹੀਦੀ। ਤੇਰਾ ਕੋਈ ਹੱਕ ਨਹੀਂ ਬਣਦਾ ਉਸ ਦੇ ਜੀਵਨ ਵਿਚ ਭੁਚਾਲ ਲਿਆਵੇਂ।"

"ਸਮੈਂਥਾ ਠੀਕ ਐ ਮੈਂ ਕਦੀ ਉਸ ਨਾਲ ਗੱਲ ਨਹੀਂ ਕਰਾਂਗੀ ਤੇ ਤੂੰ ਬਹੁਤਾ ਫਿਕਰ ਨਾ ਕਰ।" ਜਿਲੀਅਨ ਨੇ ਖਾਣਾ ਟੇਬਲ 'ਤੇ ਲਗਾ ਦਿੱਤਾ। ਨਾਲੋ ਨਾਲ ਉਹ ਸੈਮ ਦੀ ਕਿਤਾਬ ਵਿਚੋਂ ਡਿੱਗੀ ਚਿੱਠੀ ਬਾਰੇ ਸੋਚ ਰਹੀ ਸੀ।

"ਇਕ ਗੱਲ ਹੋਰ ਜਦ ਤੂੰ ਅਗਲੀ ਵਾਰ ਮਾਰਕ ਨੂੰ ਮਿਲੇਂ ਤਾਂ ਇੰਝ ਜਿਵੇਂ ਕਿਸੇ ਹੋਰ ਜਾਣ-ਪਛਾਣ ਵਾਲੇ ਨੂੰ ਮਿਲਦੀ ਐਂ।"

ਸਮੈਂਥਾ ਨੇ ਖਾਣਾ ਖਾਣ ਬਾਅਦ ਜਿਲੀਅਨ ਨੂੰ ਜੱਫੀ ਪਾ ਕੇ ਵਿਦਾਇਗੀ ਲਈ ਅਤੇ ਆਪਣੇ ਘਰ ਨੂੰ ਚਲੀ ਗਈ। ਉਸ ਦੇ ਮਨ ਤੋਂ ਕਾਫੀ ਭਾਰ ਲਹਿ ਗਿਆ ਸੀ।

## 12

ਫਰਵਰੀ 1848 ਆਮ ਨਾਲੋਂ ਠੰਡੀ ਸੀ। ਬਰਫ਼ ਲੇਟ ਪਈ ਤੇ ਸਰਦੀ ਦਾ ਰੰਗ ਵੀ ਲੇਟ ਹੀ ਉਘੜਿਆ। ਫੈਕਟਰੀਆਂ ਦਾ ਧੂੰਆਂ ਲੰਡਨ ਦੇ ਵਾਯੂ ਮੰਡਲ ਨੂੰ ਹਨ੍ਹੇਰਾ ਕਰੀ ਰਖਦਾ। ਕਦੀ ਕਦੀ ਧੁੰਦ, ਧੂੰਏਂ ਨਾਲ ਮਿਲ ਕੇ ਦਿਨ ਨੂੰ ਹੀ ਰਾਤ ਦਾ ਭੁਲੇਖਾ ਪਾ ਦਿੰਦੀ। ਦੋ ਚਾਰ ਦਿਨ ਬਾਅਦ ਮੀਂਹ ਪੈ ਜਾਂਦਾ ਤਾਂ ਅਸਮਾਨ ਧੂੰਏਂ ਤੋਂ ਵਕਤੀ ਨਿਜ਼ਾਤ ਪਾ ਲੈਂਦਾ। ਇਸ ਸਾਲ ਬਰਫ਼ ਪੈਣ ਨਾਲ ਜਨ-ਜੀਵਨ ਕੁਝ ਜ਼ਿਆਦਾ ਹੀ ਪ੍ਰਭਾਵਤ ਹੋ ਗਿਆ ਸੀ। ਬਰਫ਼ ਤੋਂ ਬਾਅਦ ਸਰਦੀ ਬਹੁਤ ਜ਼ਿਆਦਾ ਹੋ ਗਈ ਸੀ। ਤਾਪਮਾਨ ਜੰਮਣ ਅੰਕ ਤੋਂ ਵੀ ਹੇਠਾਂ ਰਹਿੰਦਾ। ਕੋਹਰੇ ਨਾਲ ਬਰਫ਼ ਸ਼ੀਸ਼ਾ ਬਣ ਗਈ ਸੀ ਤੇ ਕਈ ਲੋਕ ਤਿਲਕਣ ਕਰਕੇ ਆਪਣੇ ਅੰਗ ਪੈਰ ਤੁੜਵਾ ਚੁੱਕੇ ਸਨ। ਮੀਂਹ ਦੀ ਉਡੀਕ ਵਿਚ ਲੋਕ ਕਈ ਦਿਨ ਅਸਮਾਨ ਵੱਲ ਵੇਖਦੇ ਰਹੇ ਸਨ।

ਇਸ ਮੌਸਮੀ ਸਰਦ ਵਾਤਾਵਰਣ ਵਿਚ ਸਿਆਸੀ ਗਰਮੀ ਅਚਾਨਕ ਆ ਗਈ ਸੀ। ਕਾਰਲ ਮਾਰਕਸ ਅਤੇ ਏਂਗਜਲ਼ ਨੇ ਕਮਿਊਨਿਸਟ ਮੈਨੀਫੈਸਟੋ ਰਲੀਜ਼ ਕੀਤਾ ਸੀ। ਕਮਿਊਨਿਸਟ ਲੀਗ ਨਾਂ ਦੀ ਇਨਕਲਾਬੀ ਜਥੇਬੰਦੀ ਨੇ ਇਸ ਮੈਨੀਫੈਸਟੋ ਨੂੰ ਲਿਖਣ ਦੀ ਇਹਨਾਂ ਦੋਵਾਂ ਫਿਲਾਸਫਰਾਂ ਅਤੇ ਅਰਥ-ਸ਼ਾਸ਼ਤਰੀਆਂ ਨੂੰ ਜ਼ਿੰਮੇਵਾਰੀ ਦਿੱਤੀ ਸੀ। ਇਸ ਮੈਨੀਫੈਸਟੋ ਨੇ ਫਰਾਂਸ ਵਰਗੇ ਦੇਸ਼ਾਂ, ਜਿਥੇ ਪਹਿਲਾਂ ਹੀ ਸਰਕਾਰ ਵਿਰੋਧੀ ਲਹਿਰਾਂ ਚੱਲ ਰਹੀਆਂ ਸਨ, ਦੀਆਂ ਸਰਕਾਰਾਂ ਨੂੰ ਫਿਕਰਾਂ ਵਿਚ ਪਾ ਦਿੱਤਾ ਸੀ। ਬਾਕੀ ਯੂਰਪ ਦੀ ਹਾਲਤ ਇਸ ਤੋਂ ਕੋਈ ਬਹੁਤੀ ਚੰਗੀ ਨਹੀਂ ਸੀ।

ਫਰਵਰੀ 1848 ਦੇ ਇਨਕਲਾਬ ਨੇ ਬਾਦਸ਼ਾਹ ਲੂਈਜ਼ ਫਿਲਿਪ ਨੂੰ ਗੱਦੀ ਤੋਂ ਲਾਹ ਕੇ ਫਰਾਂਸ ਨੂੰ ਰੀਪਬਲਿਕ ਘੋਸ਼ਤ ਕਰ ਦਿੱਤਾ। ਨਵੀਂ ਸਰਕਾਰ ਨੂੰ ਲੋਕਾਂ ਨੇ ਇਕ ਵਾਰ ਫਿਰ ਜੂਨ ਮਹੀਨੇ ਦੀਆਂ ਘਟਨਾਵਾਂ ਨੇ ਤੋੜ ਦਿੱਤਾ। 2 ਦਸੰਬਰ ਨੂੰ ਨੈਪੋਲੀਅਨ ਬੋਨਾਪਾਰਟ ਰਾਸ਼ਟਰਪਤੀ ਚੁਣਿਆ ਗਿਆ ਤੇ ਉਸ ਨੇ ਅਸੰਬਲੀ ਤੋੜ ਕੇ ਆਪਣਾ ਰਾਜ ਕਾਇਮ ਕਰ ਲਿਆ। ਅਜਿਹੀਆਂ ਘਟਨਾਵਾਂ ਸਾਰੇ ਯੂਰਪ ਦੇ ਢਿੱਡ ਵਿਚ ਰਿੱਝ ਰਹੀਆਂ ਸਨ ਅਤੇ ਮਾਰਕ ਵਰਗੇ ਸਰਮਾਏਦਾਰ ਚਿੰਤਤ ਸਨ।

ਬਰਫ਼ੀਲੇ ਦਿਨ ਮਾਰਕ ਲੰਡਨ ਵਿਚ ਹੀ ਗੁਜ਼ਾਰ ਰਿਹਾ ਸੀ। ਉਸ ਨੂੰ ਕਿਸੇ ਪਾਸਿਉਂ ਮੈਨੀਫੈਸਟੋ ਦੀ ਇਕ ਕਾਪੀ ਮਿਲ ਗਈ ਸੀ। ਉਸ ਨੇ ਇਸ ਨੂੰ ਪੜ੍ਹ ਕੇ ਸਮਝਣ ਦੀ ਕੋਸ਼ਿਸ਼ ਕੀਤੀ। ਕਈ ਨਵੇਂ ਨਵੇਂ ਸ਼ਬਦ ਉਸ ਨੂੰ ਅਜ਼ੀਬ ਜਿਹੇ ਲੱਗੇ। ਇਸ ਪੈਂਫਲਿਟ ਨੂੰ ਪੜ੍ਹ ਕੇ ਮਾਰਕ ਕਿਸੇ ਅਚੇਤ ਡਰ ਦਾ ਸ਼ਿਕਾਰ ਹੋ ਗਿਆ ਸੀ। ਇਹਨੀਂ ਦਿਨੀ ਲਿੰਨ ਵੀ ਆਪਣੇ ਪਰਿਵਾਰ ਨਾਲ ਲੰਡਨ ਮਾਰਕ ਕੋਲ ਆਇਆ ਹੋਇਆ ਸੀ। ਹੁਣ ਉਸ ਨੂੰ ਮਾਨਚੈਸਟਰ ਤੋਂ ਲੰਡਨ ਆਉਣਾ ਬਹੁਤਾ ਔਖਾ ਨਹੀਂ ਸੀ ਲਗਦਾ। ਫਸਟ ਕਲਾਸ ਦੀ ਟਰੇਨ ਟਿਕਟ ਲੈ ਕੇ ਉਹ ਪ੍ਰੀਵਾਰ ਸਮੇਤ ਡੱਬੇ ਵਿਚ ਬੈਠ ਜਾਂਦਾ ਅਤੇ ਉਹ ਗੱਲਾਂ ਬਾਤਾਂ ਕਰਦੇ, ਬਾਹਰ ਖੇਤਾਂ ਦੇ ਮਨ ਲਭਾਉਣੇ ਦ੍ਰਿਸ਼ ਵੇਖਦੇ ਪਤਾ ਹੀ ਨਾ ਲਗਦਾ ਕਦੋਂ ਲੰਡਨ ਪਹੁੰਚ ਜਾਂਦੇ। ਮਾਰਕ ਨੇ ਲਿੰਨ ਨਾਲ ਇਸ ਪੈਂਫਲਿਟ ਬਾਰੇ ਗੱਲ ਕਰਨਾ ਠੀਕ ਨਾ ਸਮਝਿਆ। ਉਹ ਐਂਡੀ ਨਾਲ ਗੱਲ ਕਰ ਸਕਦਾ ਸੀ ਤੇ ਐਂਡੀ ਉਸ ਨੂੰ ਸਮਝਾ ਵੀ ਸਕਦਾ ਸੀ। ਐਂਡੀ ਦੀ

ਸਿਹਤ ਹੁਣ ਖਾਸ ਚੰਗੀ ਨਹੀਂ ਸੀ। ਉਸ ਨੂੰ ਦਮੇਂ ਦੀ ਬਿਮਾਰੀ ਨੇ ਘੇਰ ਲਿਆ ਸੀ। ਐਂਡੀ ਇਸ ਦਾ ਕਾਰਨ ਸਦਾ ਲੰਡਨ ਦੇ ਧੂੰਏਂ ਨੂੰ ਮੰਨਦਾ ਸੀ। ਮਾਰਕ ਨੂੰ ਲਗਦਾ ਜਿਵੇਂ ਐਂਡੀ ਉਸ ਨੂੰ ਹੀ ਉਲਾਂਭਾ ਦੇ ਰਿਹਾ ਹੋਵੇ।

ਕੁਝ ਦਿਨਾਂ ਬਾਅਦ ਮੀਂਹ ਪਿਆ ਤੇ ਬਰਫ਼ ਖੁਰ ਗਈ। ਅਸਮਾਨ ਵੀ ਸਾਫ਼ ਹੋ ਗਿਆ। ਲੰਡਨ ਵਾਸੀਆਂ ਨੇ ਸੁਖ ਦਾ ਸਾਹ ਲਿਆ। ਈਸਟਰ ਦਾ ਲੋਕ ਇੰਤਜ਼ਾਰ ਕਰਨ ਲੱਗੇ ਸਨ। ਦਿਨ ਪਹਿਲਾਂ ਨਾਲੋਂ ਕਾਫੀ ਖੁੱਲ੍ਹ ਗਏ ਸਨ। ਬਸੰਤ ਰੁੱਤ ਦੀ ਸਭ ਨੂੰ ਉਡੀਕ ਸੀ। ਇਹਨਾਂ ਦਿਨਾਂ ਵਿਚ ਹੀ ਅਚਾਨਕ ਜੋਰਡਨ ਵੱਲੋਂ ਖਾਣੇ ਦਾ ਸੱਦਾ ਆ ਗਿਆ। ਉਸ ਦਾ ਬੇਟਾ ਰੌਬਿਨ ਦੱਖਣੀ ਅਮਰੀਕਾ ਤੋਂ ਵਾਪਿਸ ਆ ਗਿਆ ਸੀ। ਉਸ ਨੇ ਬੈਂਕ ਲਈ ਬਹੁਤ ਚੰਗੇ ਨਤੀਜੇ ਸਾਹਮਣੇ ਲਿਆਂਦੇ ਸਨ। ਜੋਰਡਨ ਉਸ ਨੂੰ ਖੁਸ਼ ਕਰਨਾ ਚਾਹੁੰਦਾ ਸੀ। ਭਾਂਵੇਂ ਜੋਰਡਨ ਅਤੇ ਵਿਕਟੋਰੀਆ ਦੇ ਲੁਕੇ ਮਨਸੂਬਿਆਂ ਬਾਰੇ ਮਾਰਕ ਨੂੰ ਕੁਝ ਪਤਾ ਨਹੀਂ ਸੀ, ਫਿਰ ਵੀ ਉਹ ਜੋਰਡਨ ਦੀ ਪਾਰਟੀ ਨੂੰ ਰੌਬਿਨ ਲਈ ਜੀ ਆਇਆਂ ਕਹਿਣ ਵਾਲੀ ਪਾਰਟੀ ਸਮਝਦਾ ਸੀ। ਕੁਝ ਵੀ ਸੀ ਐਨੇ ਦਿਨ ਘਰ ਦੀ ਚਾਰ ਦੀਵਾਰੀ ਵਿਚ ਰਹਿਣ ਤੋਂ ਉਸ ਨੂੰ ਛੁਟਕਾਰਾ ਹੋਣ ਦੀ ਖੁਸ਼ੀ ਸੀ।

ਪਾਰਟੀ ਵਾਲੇ ਦਿਨ ਲਿੰਨ ਅਤੇ ਉਸ ਦੀ ਪਤਨੀ ਵੀ ਮਾਰਕ ਨਾਲ ਗਏ ਸਨ। ਜੋਰਡਨ ਦੇ ਘਰ ਵਿਚ ਚੰਗਾ ਵਾਹਵਾ ਸ਼ੋਰ ਸ਼ਰਾਬਾ ਚੱਲ ਰਿਹਾ ਸੀ। ਜੋਰਡਨ ਨੂੰ ਮਿਲਣ ਤੋਂ ਬਾਅਦ ਮਾਰਕ ਹੋਰ ਜਾਣ-ਪਛਾਣ ਵਾਲੇ ਲੋਕਾਂ ਨੂੰ ਮਿਲਿਆ। ਇਸੇ ਸਮੇਂ ਰੌਬਿਨ ਨੇ ਵੀ ਮਾਰਕ ਨਾਲ ਗੱਲ ਕੀਤੀ। ਕੁਝ ਰਸਮੀ ਗੱਲਾਂ ਕਰਨ ਬਾਅਦ ਉਹ ਆਪਣੇ ਨਾਲ ਲਿੰਨ ਨੂੰ ਲੈ ਕੇ ਇਕ ਖੂੰਜੇ ਵਿਚ ਚਲਾ ਗਿਆ ਜਿਥੇ ਰਸਲ ਅਤੇ ਹੋਰ ਉਹਨਾਂ ਦੀ ਉਮਰ ਦੇ ਮੁੰਡੇ ਖੜ੍ਹੇ ਸਨ। ਸਾਰੇ ਇਕ ਦੂਜੇ ਨੂੰ ਮਿਲ ਕੇ ਜਾਣ-ਪਛਾਣ ਕਰਨ ਲੱਗੇ।

ਫਿਰ ਰੌਬਿਨ ਨਾਲ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

‘‘ਰੌਬਿਨ ਸੁਣਿਆ ਤੂੰ ਬੜੀ ਸਫ਼ਲਤਾ ਨਾਲ ਕੰਮ ਕੀਤਾ। ਤੈਨੂੰ ਬਹੁਤ ਵਧਾਈ ਹੋਵੇ।’’ ਲਿੰਨ ਨੇ ਵਧਾਈ ਦਿੰਦਿਆਂ ਗਰਮਜੋਸ਼ੀ ਨਾਲ ਹੱਥ ਮਿਲਾਇਆ। ਰੌਬਿਨ ਨੇ ਫਿੱਕੀ ਜਿਹੀ ਹਾਸੀ ਹੱਸਦਿਆਂ ਧੰਨਵਾਦ ਕੀਤਾ।

‘‘ਮੇਰਾ ਕਜ਼ਨ ਬਹੁਤਾ ਖੁਸ਼ ਨਹੀਂ ਲਗਦਾ---ਕੀ ਗੱਲ ਐ ਬਈ?’’ ਰਸਲ ਨੇ ਰੌਬਿਨ ਦੇ ਠੰਡੇ ਵਤੀਰੇ ਨੂੰ ਨਿਰਖਦਿਆਂ ਸਵਾਲ ਕੀਤਾ।

‘‘ਤੁਸੀਂ ਤਾਂ ਕੰਮ ਦੀਆਂ ਗੱਲਾਂ ਕਰਨ ਲੱਗ ਪਏ ਐਂ। ਇਹਤੋਂ ਪੁੱਛੋ ਕੋਈ ਗਰਲ ਫਰਿੰਡ ਦੀ ਗੱਲ, ਜਾਂ ਐਥੋਂ ਦੀਆਂ ਕੁੜੀਆਂ ਦੇ ਮੁਕਾਬਲੇ ਉਹਨਾਂ ਨਾਲ ਇਹਦਾ ਤਜ਼ਰਬਾ ਕਿਵੇਂ ਰਿਹਾ?----ਬਗੈਰਾ ਬਗੈਰਾ-।’’ ਕੱਕੇ ਵਾਲਾਂ ਵਾਲੇ ਚੁਲਬੁਲੇ ਮੁੰਡੇ ਨੇ ਆਪਣੀਆਂ ਗੱਲਾਂ ਨੂੰ ਜਵਾਨੀ ਦੇ ਹਾਣ ਦਾ ਬਣਾਉਣ ਦਾ ਯਤਨ ਕੀਤਾ।

ਸਾਰੇ ਹੱਸ ਪਏ ਤੇ ਰੌਬਿਨ ਨੂੰ ਛੇੜਨ ਲੱਗੇ। ਉਸ ਨੂੰ ਆਪਣੇ ਤਜ਼ਰਬੇ ਸਾਂਝੇ ਕਰਨ ਲਈ ਉਕਸਾਉਣ ਲੱਗੇ। ਰੌਬਿਨ ਉਹਨਾਂ ਤੋਂ ਖਹਿੜਾ ਛੁਡਾਉਣ ਦਾ ਬਹਾਨਾ ਢੂੰਡਣ ਲੱਗਾ। ਉਸ ਦਾ ਕੋਈ ਹੋਰ ਜਾਣੂੰ ਆ ਗਿਆ ਸੀ ਤੇ ਉਹ ਉਸ ਨੂੰ ਮਿਲਣ ਚਲਾ ਗਿਆ। ਰਸਲ ਅਤੇ ਲਿੰਨ ਵੀ ਦੇਰ ਬਾਅਦ ਮਿਲੇ ਸਨ। ਉਹ ਆਪਣੇ ਗਲਾਸ ਲੈ ਕੇ ਥੋੜਾ ਪਾਸੇ ਖੜ੍ਹ ਕੇ ਗੱਲਾਂ ਕਰਨ ਲੱਗੇ। ਰਸਮੀ ਗੱਲਾਂ ਬਾਅਦ ਅਚਾਨਕ ਲਿੰਨ ਨੇ ਰੌਬਿਨ ਦੀ ਗੱਲ ਛੇੜ ਲਈ।

‘‘ਇਹਦੀ ਗਰਲ ਫਰਿੰਡ ਨੀ ਦਿਸਦੀ ਕਿਤੇ?’’

‘‘ਗਰਲ ਫਰਿੰਡ ਤੇਰਾ ਮਤਲਬ ਜੈਨੀਫਰ--! ਉਹ ਤਾਂ ਕਦੋਂ ਦੀ ਇਸ ਨੂੰ ਛੱਡ ਕੇ ਵਿਆਹੀ ਵੀ ਗਈ।’’

‘‘ਅਫ਼ਸੋਸ, ਮੈਨੂੰ ਤਾਂ ਪਤਾ ਹੀ ਨਹੀਂ ਸੀ। ਇਹਦੀ ਉਡੀਕ ਨਹੀਂ ਹੋ ਸਕੀ ਹੋਣੀ!’’ ਲਿੰਨ ਨੂੰ ਹੈਰਾਨੀ ਤੇ ਅਫ਼ਸੋਸ ਹੋਇਆ ਸੀ।

‘‘ਅਸਲ ਵਿਚ ਸਾਰਾ ਕਸੂਰ ਵਿਕਟੋਰੀਆ ਅੰਟੀ ਦਾ। ਉਸ ਨੇ ਰੌਬਿਨ ਨੂੰ ਤਾਂ ਹਾਂ ਕਰ ਦਿੱਤੀ। ਇਸ ਦੇ ਜਾਣ ਬਾਅਦ ਉਹ ਜੈਨੀਫਰ ਨੂੰ ਘਰ ਬੁਲਾ ਲੈਂਦੀ। ਫਿਰ ਸ਼ਾਪਿੰਗ ਨਾਲ ਲੈ ਜਾਂਦੀ। ਉਸ ਨੂੰ ਮਹਿੰਗੇ ਗਹਿਣੇ ਕੱਪੜੇ ਖਰੀਦਣ ਲਈ ਕਹਿੰਦੀ। ਇਹ ਜਾਣਦਿਆਂ ਹੋਇਆਂ ਕਿ ਜੈਨੀਫਰ ਇਕ ਗਰੀਬ ਕਲਰਕ ਦੀ ਧੀ ਸੀ ਤੇ ਉਹ ਸੁਪਨੇ ਵਿਚ ਵੀ ਅਜਿਹਾ ਕੁਝ ਖਰੀਦ ਨੀ ਸੀ ਸਕਦੀ। ਹਰ ਤਰ੍ਹਾਂ ਨਾਲ ਜੈਨੀਫਰ ਨੂੰ ਨੀਵਾਂ ਦਿਖਾਉਣ ਤੇ ਉਸ ਦੀ ਬੇਇਜ਼ਤੀ ਕਰਨ ਦਾ ਯਤਨ ਕਰਦੀ। ਜੈਨੀਫਰ ਇਸ ਘਰ ਵਿਚ ਆਉਣ ਤੋਂ ਕਤਰਾਉਣ ਲੱਗੀ। ਇਹਨੀ ਦਿਨੀ ਹੀ ਉਹ ਮੈਨੂੰ ਮਿਲੀ। ਅਸੀਂ ਚੈਰਿਟੀ ਲਈ ਕੰਮ ਕਰਦੇ ਸੀ। ਉਹ ਵੀ ਸਾਡੇ ਨਾਲ ਆ ਲੱਗੀ। ਉਥੇ ਉਹਦਾ ਪਿਆਰ ਐਲਨ ਨਾਲ ਹੋ ਗਿਆ ਤੇ ਉਹਨਾਂ ਨੇ ਵਿਆਹ ਕਰ ਲਿਆ।’’ ਰਸਲ ਨੇ ਸਾਰੀ ਗੱਲ ਸੰਖੇਪ ਵਿਚ ਲਿੰਨ ਨੂੰ ਦੱਸੀ ਤਾਂ ਲਿੰਨ ਰੌਬਿਨ ਲਈ ਹੋਰ ਵੀ ਉਦਾਸ ਹੋ ਗਿਆ।

‘‘ਇਹ ਐਲਨ ਕੌਣ ਐ ਤੇ ਕਿਹੋ ਜਿਹਾ ਬੰਦਾ ਐ?’’

“ਐਲਨ ਮੇਰੀ ਪਤਨੀ ਅਲੀਜ਼ਾ ਦੀ ਜਾਣ-ਪਛਾਣ ਵਿਚੋਂ ਐ। ਚੰਗਾ ਬੰਦਾ ਐ ਤੇ ਸਿਆਸਤ ਵਿਚ ਦਿਲਚਸਪੀ ਰਖਦਾ।” ਰੌਬਿਨ ਫਿਰ ਉਹਨਾਂ ਕੋਲ ਆ ਗਿਆ। ਲਿੰਨ ਨੇ ਉਸ ਵੱਲ ਹਮਦਰਦੀ ਨਾਲ ਵੇਖਿਆ ਪਰ ਕਿਹਾ ਕੁਝ ਨਾ। ਲੰਡਨ ਦੀਆਂ ਅਤੇ ਬਿਜਨਸ ਦੀਆਂ ਗੱਲਾਂ ਹੋਣ ਲੱਗੀਆਂ।

ਕੁਝ ਦੇਰ ਬਾਅਦ ਖਾਣੇ ਦਾ ਸੱਦਾ ਆ ਗਿਆ। ਵੱਡੇ ਟੇਬਲ ’ਤੇ ਸਾਰੇ ਮਹਿਮਾਨ ਆਪਣੇ ਆਪਣੇ ਨਾਂ ਵਾਲੀ ਕੁਰਸੀ ’ਤੇ ਬੈਠਣ ਲੱਗੇ। ਛੁਰੀਆਂ ਕਾਂਟੇ ਖੜਕਣ ਲੱਗੇ ਤੇ ਟੇਬਲ ’ਤੇ ਗੱਲਾਂ ਦਾ ਪ੍ਰਵਾਹ ਵੀ ਸ਼ੁਰੂ ਹੋ ਗਿਆ।

“ਆਹ ਕਿਸੇ ਨੇ ਕਮਿਊਨਿਸਟ ਮੈਨੀਫਿਸਟੋ ਲਿਖਿਆ। ਜਿੰਨਾ ਕੁ ਮੈਨੂੰ ਸਮਝ ਆਇਆ ਮੈਨੂੰ ਤਾਂ ਡਰਾਉਣਾ ਹੀ ਲਗਿਆ।” ਮਾਰਕ ਨੇ ਜਾਣ ਬੁਝ ਕੇ ਗੱਲ ਸ਼ੁਰੂ ਕੀਤੀ। ਰਸਲ ਨੇ ਮਾਰਕ ਵੱਲ ਧਿਆਨ ਨਾਲ ਵੇਖਿਆ। ਉਹਨਾਂ ਦੀਆਂ ਅੱਖਾਂ ਮਿਲੀਆਂ ਤੇ ਰਸਲ ਨੇ ਰੇਸ਼ਮੀ ਨੈਪਕਿਨ ਨਾਲ ਬੁੱਲ੍ਹ ਸਾਫ਼ ਕਰਕੇ ਖੰਘੂਰਾ ਮਾਰਿਆ।

“ਅੰਕਲ ਮਾਰਕ, ਉਸ ਵਿਚ ਡਰਾਉਣਾ ਤਾਂ ਕੁਝ ਵੀ ਨਹੀਂ। ਮਾਰਕਸ ਨੇ ਸਮਾਜ ਨੂੰ ਰੰਗਾਂ, ਧਰਮਾਂ ਅਤੇ ਦੇਸ਼ਾਂ ਵਿਚ ਵੰਡਣ ਦੀ ਥਾਂ ਜਮਾਤਾਂ ਵਿਚ ਵੰਡਿਆ ਹੈ। ਇਕ ਸਰਮਾਏਦਾਰ ਜਮਾਤ ਜਿਸ ਨੂੰ ਬੁਰਜਆਜੀ ਜਾਂ ਨਿੱਕ ਬੁਰਜਆਜੀ ਕਿਹਾ ਹੈ। ਇਕ ਮਜ਼ਦੂਰ ਜਮਾਤ ਜਿਸ ਨੂੰ ਪ੍ਰੋਲੇਤਾਰੀ ਕਿਹਾ। ਮਜ਼ਦੂਰ ਜਮਾਤ ਦੀ ਮਿਹਨਤ ਨੂੰ ਸਰਮਾਏਦਾਰੀ ਸਦਾ ਲੁਟਦੀ ਐ ਤੇ ਅਮੀਰ ਬਣਦੀ ਹੈ। ਸਾਮਰਾਜਵਾਦ ਤੇ ਅਜਾਰੇਦਾਰੀ ਬਾਰੇ ਵੀ ਉਸ ਨੇ ਭਵਿੱਖਬਾਣੀ ਕੀਤੀ ਹੈ। ਉਸ ਦਾ ਮੰਨਣਾ ਹੈ ਕਿ ਸਰਮਾਏਦਾਰੀ ਆਪਣੇ ਭਾਰ ਨਾਲ ਹੀ ਇਕ ਦਿਨ ਲੜਖੜਾ ਕੇ ਡਿੱਗ ਪਵੇਗੀ ਤੇ ਮਜ਼ਦੂਰ ਜਮਾਤ ਉਸ ਨੂੰ ਜਲਦੀ ਸੁੱਟਣ ਲਈ ਜਦੋਜਹਿਦ ਕਰੇਗੀ ਅਤੇ ਕਰ ਵੀ ਰਹੀ ਹੈ। ਅੰਤ ਵਿਚ ਸਿਆਸੀ ਤਾਕਤ ਮਜ਼ਦੂਰ ਜਮਾਤ ਕੋਲ ਆ ਜਾਵੇਗੀ ਤੇ ਸਮਾਜਵਾਦੀ ਸਿਸਟਮ ਸ਼ੁਰੂ ਹੋ ਜਾਵੇਗਾ। ਮਾਰਕਸ ਅਨੁਸਾਰ ਦੁਨੀਆਂ ਭਰ ਦੇ ਮਜ਼ਦੂਰ ਇਕ ਜਮਾਤ ਹਨ ਜਿਹਨਾਂ ਦੇ ਦੁੱਖ ਸੁੱਖ ਤੇ ਨਿਸ਼ਾਨੇ ਸਾਂਝੇ ਹਨ---।”

ਰਸਲ ਬੋਲਦਾ ਗਿਆ ਤੇ ਸਾਰੇ ਲੋਕ ਉਸ ਨੂੰ ਸੁਣਦੇ ਗਏ। ਬਹੁਤਿਆਂ ਦੇ ਚਿਹਰਿਆਂ ’ਤੇ ਫਿਕਰ ਝਲਕਦਾ ਨਜ਼ਰ ਆਇਆ। ਕੁਝ ਦੇਰ ਬਾਅਦ ਖਾਣਾ ਖਾਧਾ ਗਿਆ ਤੇ ਡਰਿੰਕ ਦਾ ਦੌਰ ਸ਼ੁਰੂ ਹੋ ਗਿਆ ਸੀ।

-----------

ਵਿਕਟੋਰੀਆ, ਰੌਬਿਨ ਨੂੰ ਵਿਦਾ ਕਰਕੇ ਆਪਣਾ ਸਾਰਾ ਧਿਆਨ ਜੈਨੀਫਰ ਤੋਂ ਉਸ ਦਾ ਛੁਟਕਾਰਾ ਕਰਵਾਉਣ ਬਾਰੇ ਸੋਚਣ’ਤੇ ਲਗਾਉਣ ਲੱਗੀ। ਉਹ ਚਾਹੁੰਦੀ ਸੀ ਰੌਬਿਨ ਨੂੰ ਨਾਂਹ ਜੈਨੀਫਰ ਕਰੇ। ਰੌਬਿਨ ਨੇ ਤਾਂ ਨਾਂਹ ਕਰਨੀ ਹੀ ਨਹੀਂ ਸੀ। ਵਿਕਟੋਰੀਆਂ ਕਿਸੇ ਤਰ੍ਹਾਂ ਵੀ ਜੈਨੀਫਰ ਵਰਗੀ ਗਰੀਬ ਬਾਪ ਦੀ ਬੇਟੀ ਨੂੰ ਆਪਣੀ ਨੂੰਹ ਮੰਨਣ ਲਈ ਤਿਆਰ ਨਹੀਂ ਸੀ। ਕੁਝ ਦਿਨਾਂ ਦੀ ਸੋਚ ਵਿਚਾਰ ਬਾਅਦ ਉਸ ਨੇ ਆਪਣੀ ਵਿਉਂਤ ਬੰਦੀ ਬਣਾ ਲਈ।

ਸ਼ਾਮ ਨੂੰ ਜੋਰਡਨ ਆਇਆ ਤਾਂ ਵਿਕਟੋਰੀਆ ਨੇ ਬਹੁਤ ਨਖਰੇ ਨਾਲ ਉਸ ਨੂੰ ਜੀ ਆਇਆਂ ਕਿਹਾ। ਫਿਰ ਵਾਈਨ ਦਾ ਗਲਾਸ ਉਸ ਨੂੰ ਫੜਾਇਆ ਤੇ ਆਪਣਾ ਗਲਾਸ ਲੈ ਕੇ ਉਸ ਨਾਲ ਆ ਬੈਠੀ। ਜੋਰਡਨ ਨੂੰ ਤਜ਼ਰਬੇ ਤੋਂ ਪਤਾ ਲਗ ਗਿਆ ਸੀ ਕਿ ਅੱਜ ਵਿਕਟੋਰੀਆ ਉਸ ਨੂੰ ਖੁਸ਼ ਕਰਨ ਦੇ ਮੂਡ ਵਿਚ ਸੀ ਤੇ ਉਸ ਦੇ ਨਾਲ ਹੀ ਕੋਈ ਮੰਗ ਵੀ ਰੱਖੇਗੀ। ਉਹ ਆਪਣੇ ਆਪ ਨੂੰ ਤਿਆਰ ਕਰਨ ਲੱਗਾ। ਵੈਸੇ ਵੀ ਉਹ ਜਾਣਦਾ ਸੀ ਜੋ ਵੀ ਵਿਕਟੋਰੀਆ ਚਾਹੇਗੀ ਉਸ ਨੂੰ ਕਰਨਾ ਪੈਣਾ ਸੀ। ਜੋਰਡਨ ਤਾਂ ਮਨੋ ਖੁਸ਼ ਸੀ, ਘੱਟੋ ਘੱਟ ਉਹ ਉਸ ਨੂੰ ਬਦਲੇ ਵਿਚ ਕੁਝ ਦੇ ਰਹੀ ਹੈ।

“ਡਾਰਲਿੰਗ, ਰੌਬਿਨ ਬਿਨਾਂ ਮਨ ਨਹੀਂ ਲਗਦਾ। ਚੰਗਾ ਹੁੰਦਾ ਉਹ ਨਾ ਜਾਂਦਾ।”

ਜੋਰਡਨ ਨੂੰ ਪਤਾ ਸੀ ਇਹ ਸਿਰਫ ਭੂਮਕਾ ਸੀ ਤੇ ਭੂਮਕਾ ਬੰਨ੍ਹਦਿਆਂ ਵਿਕਟੋਰੀਆ ਨੇ ਨਿੱਘਾ ਚੁੰਮਣ ਵੀ ਜੋਰਡਨ ਦੇ ਬੁੱਲ੍ਹਾਂ ’ਤੇ ਜਮਾ ਦਿੱਤਾ।

“ਸਫ਼ਲ ਬੈਂਕਰ ਲਈ ਦੁਨੀਆਂ ਬਾਰੇ ਗਿਆਨ ਬਹੁਤ ਜ਼ਰੂਰੀ ਹੁੰਦਾ। ਗਿਆਨ ਲਈ ਆਜ਼ਾਦੀ ਨਾਲ ਕੰਮ ਕਰਨਾ, ਫੈਸਲੇ ਲੈਣੇ ਤੇ ਉਹਨਾਂ ਫੈਸਲਿਆਂ ਦੀ ਜ਼ਿੰਮੇਵਾਰੀ ਲੈਣੀ ਵੀ ਜ਼ਰੂਰੀ ਹੁੰਦਾ। ਰੌਬਿਨ ਸਾਲ ਦੋ ਸਾਲ ਵਿਚ ਬਹੁਤ ਕੁਝ ਸਿੱਖੇਗਾ।” ਵਿਕਟੋਰੀਆ ਦੀ ਇਹਨਾਂ ਗੱਲਾਂ ਵਿਚ ਖਾਸ ਦਿਲਚਸਪੀ ਨਹੀਂ ਸੀ।

“ਜਵਾਨ ਬੱਚੇ ਜਲਦੀ ਸਿੱਖ ਜਾਂਦੇ ਐ ਤੇ ਉਹਨਾਂ ਵਿਚ ਸਖ਼ਤ ਮਿਹਨਤ ਕਰਨ ਦੀ ਤਾਕਤ ਵੀ ਹੁੰਦੀ ਐ।”

ਵਿਕਟੋਰੀਆ ਨੇ ਆਪਣੇ ਤੀਰਾਂ ਦਾ ਨਿਸ਼ਾਨਾ ਸਾਧ ਲਿਆ ਸੀ। ਖਾਣਾ ਲੱਗ ਗਿਆ ਤੇ ਉਹ ਜੋਰਡਨ ਦੇ ਹੱਥ ਵਿਚ ਹੱਥ ਪਾਈ ਉਸ ਦੇ ਮੋਢੇ ਨਾਲ ਮੋਢੇ ਘਸਰਦੀ ਖਾਣੇ ਦੀ ਮੇਜ਼ ਵੱਲ ਜਾ ਰਹੀ ਸੀ।

''ਹਾਂ ਪਰ ਉਮਰ ਨਾਲ ਤਜ਼ਰਬਾ ਵਧਦਾ ਜਾਂਦਾ ਜਿਸ ਦਾ ਕੋਈ ਮੁੱਲ ਨਹੀਂ ਹੁੰਦਾ।'' ਜੋਰਡਨ ਨੂੰ ਪਤਾ ਨਹੀਂ ਸੀ ਵਿਕਟੋਰੀਆਂ ਕਿਸ ਪਾਸੇ ਵੱਲ ਨੂੰ ਜਾ ਰਹੀ ਸੀ।
''ਠੀਕ ਐ, ਤਜ਼ਰਬੇ ਦਾ ਫ਼ਾਇਦਾ ਵੀ ਤਾਂ ਹੀ ਹੁੰਦਾ ਜੇ ਬੰਦੇ ਵਿਚ ਕੰਮ ਕਰਨ ਦੀ ਤਾਕਤ ਹੋਵੇ।'' ਵਿਕਟੋਰੀਆ ਨੇ ਜੋਰਡਨ ਦੀ ਗੱਲ੍ਹ ਨੂੰ ਨਰਮੀ ਨਾਲ ਪਲੋਸਿਆ। ਜੋਰਡਨ ਦੇ ਸਰੀਰ ਵਿਚ ਕੀੜੀਆ ਲੜਨ ਲੱਗੀਆਂ।
''ਹਾਂ ---ਵੈਸੇ ਤੂੰ ਇਹ ਗੱਲਾਂ ਕਿਉਂ ਕਰ ਰਹੀ ਐਂ?'' ਜੋਰਡਨ ਨੂੰ ਅਜਿਹੀਆਂ ਗੱਲਾਂ ਦੀ ਕੋਈ ਤੁਕ ਨਾ ਲੱਗੀ।
''ਡਾਰਲਿੰਗ, ਅੱਜ ਮੈਂ ਬੈਂਕ ਗਈ ਸੀ। ਮੈਨੂੰ ਕੁਝ ਪੈਸੇ ਚਾਹੀਦੇ ਸਨ। ਤੂੰ ਤਾਂ ਬਾਹਰ ਸੀ। ਮੈਂ ਬਿੱਲ ਨੂੰ ਕਿਹਾ ਤਾਂ ਮੈਂ ਵੇਖਿਆ ਉਹ ਵਿਚਾਰਾ ਬੜੀ ਮੁਸ਼ਕਲ ਨਾਲ ਕੰਮ ਕਰ ਰਿਹਾ ਸੀ। ਉਸ ਨੂੰ ਤੁਰਨਾ-ਫਿਰਨਾ ਵੀ ਔਖਾ ਲਗਦਾ। ਮੈਨੂੰ ਬਹੁਤ ਤਰਸ ਆਇਆ। ਉਹ ਚੰਗਾ ਜ਼ਿੰਮੇਵਾਰ ਵਰਕਰ ਐ। ਮੈਨੂੰ ਲੱਗਿਆ ਉਸ ਵਿਚਾਰੇ ਨਾਲ ਆਪਾਂ ਧੱਕਾ ਕਰ ਰਹੇ ਆਂ।''

ਖਾਣਾ ਖਤਮ ਹੋ ਗਿਆ ਸੀ। ਉਹ ਕੁਝ ਦੇਰ ਲਈ ਲਾਇਬਰੇਰੀ ਵਿਚ ਆ ਬੈਠੇ। ਦਰਵਾਜ਼ਾ ਬੰਦ ਕਰਕੇ ਵਿਕਟੋਰੀਆ ਨੇ ਅਪਣੇ ਆਪ ਨੂੰ ਜੋਰਡਨ ਦੀਆਂ ਬਾਹਾਂ ਵਿਚ ਸਮੇਟ ਲਿਆ।
''ਵਿਕੀ ਡਾਰਲਿੰਗ ਆਪਾਂ ਸੌਣ ਲਈ ਚੱਲੀਏ।'' ਜੋਰਡਨ ਨੂੰ ਬਿੱਲ ਵਿਚ ਕੋਈ ਕਮਜ਼ੋਰੀ ਵਾਲੀ ਗੱਲ ਨਹੀਂ ਸੀ ਲਗਦੀ।
''ਹਾਂ—ਮੈਂ ਸੋਚ ਰਹੀ ਸੀ ਬਿਲ ਨੂੰ ਹੁਣ ਆਰਾਮ ਕਰਨਾ ਚਾਹੀਦਾ। ਉਸ ਦੀ ਜ਼ਿੰਮੇਵਾਰੀ ਕਿਸੇ ਹੋਰ ਨੂੰ ਦੇਣੀ ਚਾਹੀਦੀ ਐ।'' ਜੋਰਡਨ ਹਾਂ ਹੂੰ ਕਰਕੇ ਗੱਲ ਨੂੰ ਖਤਮ ਕਰਨਾ ਚਾਹੁੰਦਾ ਸੀ। ਸੌਣ ਤੋਂ ਪਹਿਲਾਂ ਵਿਕਟੋਰੀਆ ਨੇ ਜੋਰਡਨ ਤੋਂ ਬਿੱਲ ਦੀ ਛੁੱਟੀ ਦਾ ਵਾਇਦਾ ਲੈ ਹੀ ਲਿਆ ਸੀ।

ਬਿੱਲ ਦੀ ਛੁੱਟੀ ਨਾਲ ਉਸ ਦੀ ਆਮਦਨ ਖਤਮ ਹੋ ਜਾਣੀ ਸੀ। ਜੈਨੀਫਰ ਦੀ ਤਨਖਾਹ ਨਾਲ ਉਹ ਜਿਸ ਘਰ ਵਿਚ ਰਹਿੰਦੇ ਸਨ ਉਸ ਦਾ ਖਰਚਾ ਚੱਲਣਾ ਨਹੀਂ ਸੀ। ਮਜ਼ਬੂਰਨ ਉਹਨਾਂ ਨੂੰ ਘਰ ਬਦਲਣਾ ਪੈਣਾ ਸੀ। ਉਸ ਘਰ ਦਾ ਪਤਾ ਰੌਬਿਨ ਕੋਲ ਨਾ ਹੋਣ ਕਾਰਨ ਉਹਨਾਂ ਵਿਚ ਚਿੱਠੀ ਪੱਤਰ ਹੋ ਨਹੀ ਸੀ ਸਕਣਾ। ਰੌਬਿਨ ਨੇ ਆਪਣਾ ਪਤਾ ਪਹੁੰਚ ਕੇ ਹੀ ਜੈਨੀਫਰ ਨੂੰ ਭੇਜਣਾ ਸੀ। ਵਿਕਟੋਰੀਆ ਦੀ ਸਕੀਮ ਦਾ ਪਹਿਲਾ ਹਿੱਸਾ ਪੂਰਾ ਹੋ ਗਿਆ ਸੀ।

--------

ਵਿਕਟੋਰੀਆ ਨੇ ਵੀਕ ਐਂਡ 'ਤੇ ਜੈਨੀਫਰ ਨੂੰ ਸੱਦਣਾ ਸ਼ੁਰੂ ਕਰ ਦਿੱਤਾ। ਉਹ ਆਪਣੇ ਡਰਾਇਵਰ ਨੂੰ ਭੇਜਦੀ 'ਤੇ ਪਿਕਾਡਿਲੀ ਦੇ ਪਛੜੇ 'ਤੇ ਗੰਦੇ ਇਲਾਕੇ ਵਿਚੋਂ ਡਰਾਇਵਰ ਉਸ ਨੂੰ ਲੈ ਆਉਂਦਾ। ਡਰਾਇਵਰ ਵੀ ਉਥੇ ਜਾਣ ਤੋਂ ਹਿਚਕਾਉਂਦਾ। ਉਹ ਤਾਂ ਚੰਗੇ-ਚੰਗੇ ਘਰਾਂ ਵਿਚ ਜਾਂਦਾ ਸੀ। ਉਸ ਨੂੰ ਰੌਬਿਨ ਦੀ ਪਸੰਦ ਦੀ ਸਮਝ ਨਾ ਆਉਂਦੀ। ਦੂਜੇ ਪਾਸੇ ਉਹ ਰੌਬਿਨ ਨੂੰ ਮਨੋ ਮਨ ਪਸੰਦ ਵੀ ਕਰਦਾ ਜਿਸ ਨੇ ਅਮੀਰੀ ਗਰੀਬੀ ਨੂੰ ਪਾਸੇ ਕਰਕੇ ਆਪਣੀ ਪਸੰਦ ਦੀ ਕੁੜੀ ਚੁਣੀ ਸੀ।

ਤਿੰਨ ਚਾਰ ਹਫ਼ਤੇ ਵਿਕਟੋਰੀਆ ਨੇ ਜੈਨੀਫਰ ਨਾਲ ਨੇੜਤਾ ਬਣਾਉਣ ਦਾ ਦਿਖਾਵਾ ਕੀਤਾ। ਜੈਨੀਫਰ ਨੇ ਆਪਣੇ ਪਿਤਾ ਦੀ ਨੌਕਰੀ ਬਹਾਲ ਕਰਨ ਲਈ ਵਿਕਟੋਰੀਆ ਨੂੰ ਬੇਨਤੀ ਕੀਤੀ ਤਾਂ ਉਸ ਨੇ ਘੜਿਆ ਘੜਾਇਆ ਜਵਾਬ ਦੇ ਦਿੱਤਾ ਕਿ ਉਹ ਬੈਂਕ ਦੇ ਕੰਮ ਵਿਚ ਕੋਈ ਦਖਲ ਅੰਦਾਜ਼ੀ ਨਹੀਂ ਕਰਦੀ। ਉਹ ਤਾਂ ਘਰੇਲੂ ਔਰਤ ਹੈ। ਵਿਕਟੋਰੀਆ ਨੇ ਕੁਝ ਗੋਲਡ ਦੇ ਸਿੱਕੇ ਜੈਨੀਫਰ ਨੂੰ ਫੜਾਉਂਦਿਆਂ ਆਪਣੀ ਮਦਦ ਕਰਨ ਦਾ ਢਕਵੰਜ ਕੀਤਾ। ਜੈਨੀਫਰ ਨੇ ਉਹ ਸਿੱਕੇ ਲੈਣ ਤੋਂ ਨਾਂਹ ਕਰ ਦਿੱਤੀ। ਵਿਕਟੋਰੀਆਂ ਨੂੰ ਉਸ ਤੋਂ ਅਜਿਹੀ ਹੀ ਉਮੀਦ ਸੀ।

ਅਗਲੇ ਦਿਨਾਂ ਵਿਚ ਵਿਕਟੋਰੀਆਂ ਨੇ ਆਪਣੀਆਂ ਕੁਝ ਦੋਸਤਾਂ ਨੂੰ ਚਾਹ 'ਤੇ ਸੱਦਿਆ। ਜੈਨੀਫਰ ਨੂੰ ਵੀ ਬੁਲਾ ਲਿਆ। ਜੈਨੀਫਰ ਆਪਣੇ ਵੱਲੋਂ ਪੂਰੀ ਤਿਆਰ ਹੋ ਕੇ ਆਈ ਸੀ। ਉਸ ਦੇ ਕੱਪੜੇ ਸਸਤੇ ਸਨ। ਉਂਝ ਉਹ ਬਹੁਤ ਸੁਹਣੀ ਲਗ ਰਹੀ ਸੀ। ਜਦ ਉਹ ਪਹੁੰਚੀ ਤਾਂ ਵਿਕਟੋਰੀਆਂ ਦੀਆਂ ਸਹੇਲੀਆਂ ਵਿਚੋਂ ਇਕ ਮੂੰਹ ਫੱਟ ਬੋਲੀ: 'ਇਹ ਨਵੀਂ ਨੌਕਰਾਣੀ ਐ! ਇਹੋ ਜਿਹੀ ਕੋਈ ਮੈਨੂੰ ਵੀ ਲੱਭ ਕੇ ਦੇਹ---।'' ਸੁਣ ਕੇ ਜੈਨੀਫਰ ਦਾ ਰੰਗ ਪੀਲਾ ਪੈ ਗਿਆ। ਉਸ ਨੂੰ ਇਹ ਪਤਾ ਨਹੀਂ ਸੀ ਵਿਕਟੋਰੀਆ ਨੇ ਇਹ ਸੀਨ ਪਹਿਲਾਂ ਹੀ ਸੈਟ ਕੀਤਾ ਹੋਇਆ ਸੀ। ਉਸ ਨੇ ਸਹੇਲੀਆਂ ਨਾਲ ਨਵੀਂ ਨੌਕਰਾਣੀ ਰੱਖਣ ਦੀ ਗੱਲ ਵੀ ਕੀਤੀ ਸੀ ਜਿਸ ਨੇ ਅਜੇ ਕੁਝ ਦਿਨਾਂ ਨੂੰ ਕੰਮ ਸ਼ੁਰੂ ਕਰਨਾ ਸੀ। ਉਸ ਨੇ ਜਾਣ-ਬੁੱਝ ਕੇ 'ਕੁਝ ਦਿਨਾਂ' ਦੀ ਗੱਲ ਉਹਨਾਂ ਨੂੰ ਦੱਸੀ ਨਹੀਂ ਸੀ।
''ਨਹੀਂ ਨਹੀਂ ਇਹ ਤਾਂ ਆਪਣੀ ਜੈਨੀਫਰ ਐ--ਰੌਬਿਨ ਦੀ ਗਰਲ ਫਰਿੰਡ।''

ਵਿਕਟੋਰੀਆ ਨੇ ਜੈਨੀਫਰ ਨੂੰ ਜੱਫੀ ਵਿਚ ਲੈਂਦਿਆਂ ਕਿਹਾ। ਜੈਨੀਫਰ ਦੇ ਮਨ ਵਿਚੋਂ ਗਿਲਾਨੀ ਦੀ ਭਾਵਨਾ ਖਤਮ ਹੋ ਗਈ। ਵਿਕਟੋਰੀਆ ਨੇ ਉਸ ਨੂੰ ਆਪਣੇ ਨਾਲ ਹੀ ਕੁਰਸੀ 'ਤੇ ਬਿਠਾ ਲਿਆ। ਕੁਝ ਦੇਰ ਦੀਆਂ ਗੱਲਾਂ ਬਾਤਾਂ ਕਰਕੇ ਉਹ ਉੱਠਣ ਲੱਗੀ:

''ਤੁਸੀਂ ਬੈਠੋ ਮੈਂ ਚਾਹ ਦਾ ਪ੍ਰਬੰਧ ਕਰਦੀ ਆਂ।''

''ਨਹੀਂ ਵਿਕਟੋਰੀਆ ਅੰਟੀ, ਤੁਸੀਂ ਆਪਣੀਆਂ ਸਹੇਲੀਆਂ ਨਾਲ ਬੈਠੋ ਮੈਂ ਚਾਹ ਦਾ ਪ੍ਰਬੰਧ ਕਰਦੀ ਆਂ।''

ਜੈਨੀਫਰ ਕਿਚਨ ਨੂੰ ਜਾਣ ਲੱਗੀ ਤਾਂ ਉਸ ਦੇ ਕੰਨੀ ਆਵਾਜ਼ ਪਈ-- 'ਨੌਕਰਾਣੀ ਨਾ ਸਹੀ, ਕੰਮ ਤਾਂ ਨੌਕਰਾਣੀ ਵਾਲਾ ਕਰ ਹੀ ਸਕਦੀ ਐ।' ਜੈਨੀਫਰ ਨੇ ਮਹਿਸੂਸ ਕੀਤਾ ਜਿਵੇਂ ਉਹ ਤਨਜ਼ ਨਾਲ ਉਸ 'ਤੇ ਹੱਸ ਰਹੀਆਂ ਹੋਣ। ਮੁੜ ਜੈਨੀਫਰ ਦਾ ਵਿਕਟੋਰੀਆ ਦੀਆਂ ਸਹੇਲੀਆਂ ਵਿਚ ਬੈਠਣ ਲਈ ਮਨ ਨਾ ਮੰਨਿਆ। ਚਾਹ ਉਸ ਨੇ ਨੌਕਰ ਦੇ ਹੱਥ ਭੇਜ ਦਿੱਤੀ ਅਤੇ ਆਪ ਨੌਕਰ ਨੂੰ ਰੁੱਕਾ ਫੜਾ ਕੇ ਦੁਖਦਾਈ ਮਨ ਨਾਲ ਚਲੀ ਗਈ।

------

ਵਿਕਟੋਰੀਆ ਨੇ ਜੈਨੀਫਰ ਨੂੰ ਸੱਦਿਆ ਅਤੇ ਉਸ ਦਿਨ ਲਈ ਅਫ਼ਸੋਸ ਵੀ ਪ੍ਰਗਟ ਕਰ ਦਿੱਤਾ। ਜੈਨੀਫਰ ਦਿਲੋਂ ਭੁਲਾ ਕੇ ਉਸ ਨਾਲ ਮਿਲਣ ਲੱਗੀ। ਇਕ ਦਿਨ ਵਿਕਟੋਰੀਆ ਉਸ ਨੂੰ ਆਪਣੀ ਪਿਆਰੀ ਸਹੇਲੀ ਬੈਰੋਨਿਸ ਮਾਰਗਰੇਟ ਦੇ ਘਰ ਲੈ ਗਈ। ਜੈਨੀਫਰ ਜਾਣਾ ਨਹੀਂ ਚਾਹੁੰਦੀ ਸੀ। ਵਿਕਟੋਰੀਆ ਨੇ ਤਾਂ ਉਸ ਨੂੰ ਜ਼ਰੂਰ ਲੈ ਕੇ ਜਾਣਾ ਸੀ। ਬੈਰੋਨਿਸ ਨਾਲ ਉਸ ਨੇ ਸਾਰੀ ਸਕੀਮ ਬਣਾਈ ਹੋਈ ਸੀ।

''ਜੈਨੀਫਰ, ਇਹਨਾਂ ਲੋਕਾਂ ਨਾਲ ਮਿਲਣਾ ਜ਼ਰੂਰੀ ਐ। ਵਿਆਹ ਬਾਅਦ ਵੀ ਇਹਨਾਂ ਨਾਲ ਹੀ ਮਿਲਣਾ। ਸਗੋਂ ਇਹਨਾਂ ਲੋਕਾਂ ਦੇ ਤੌਰ ਤਰੀਕੇ ਤੈਨੂੰ ਹੁਣੇ ਤੋਂ ਜਾਣ ਲੈਣੇ ਚਾਹੀਦੇ ਐ।'' ਜੈਨੀਫਰ ਨਾ-ਚਾਹੁੰਦਿਆਂ ਵੀ ਤਿਆਰ ਹੋ ਗਈ।

ਬੈਰੋਨਿਸ ਮਾਰਗਰੇਟ ਦਾ ਘਰ ਵਿਕਟੋਰੀਆ ਦੇ ਘਰ ਵਾਂਗ ਖੁੱਲ੍ਹਾ-ਡੁੱਲ੍ਹਾ ਸੀ। ਉਹ ਕਿੰਗਸਟਨ ਦੇ ਉੱਚ ਵਰਗ ਦੇ ਘਰਾਣਿਆਂ ਵਿਚੋਂ ਇਕ ਸੀ। ਕੁਝ ਸਾਲ ਪਹਿਲਾਂ ਉਸ ਦੇ ਪਤੀ ਦੀ ਅਚਾਨਕ ਮੌਤ ਹੋ ਗਈ ਸੀ। ਮਾਰਗਰੇਟ ਨੇ ਆਪਣੇ ਸੋਸ਼ਲ ਸਰਕਲ ਨੂੰ ਪਹਿਲਾਂ ਵਾਂਗ ਹੀ ਕਾਇਮ ਰੱਖਦਿਆਂ ਸਿਆਸੀ ਅਤੇ ਰਾਜ ਘਰਾਣੇ ਦੇ ਮੈਂਬਰਾਂ ਨਾਲ ਸਾਂਝ ਸਗੋਂ ਪਹਿਲਾਂ ਨਾਲੋਂ ਵੀ ਵਧਾ ਲਈ ਸੀ। ਵਿਕਟੋਰੀਆ ਨਾਲ ਉਸ ਦਾ ਰਿਸ਼ਤਾ ਬੈਂਕ ਕਰਕੇ ਜ਼ਿਆਦਾ ਨੇੜਤਾ ਵਾਲਾ ਬਣ ਗਿਆ। ਜਦ ਵੀ ਉਸ ਨੂੰ ਕਰਜ਼ੇ ਦੀ ਲੋੜ ਪੈਂਦੀ ਤਾਂ ਉਹ ਵਿਕਟੋਰੀਆ ਨੂੰ ਕਹਿ ਦਿੰਦੀ ਤੇ ਜੋਰਡਨ ਪੈਸੇ ਮਾਰਗਟੇਟ ਦੇ ਘਰ ਪਹੁੰਚਦੇ ਕਰ ਦਿੰਦਾ। ਮਾਰਗਰੇਟ ਦਾ ਕਰਜ਼ਾ ਲੋਕਾਂ ਤੋਂ ਲੁਕਿਆ ਰਹਿੰਦਾ।

ਜਦ ਵਿਕਟੋਰੀਆ ਸਜੀ-ਸਜਾਈ ਅਤੇ ਕਿਸੇ ਮੰਦਰ ਦੀ ਮੂਰਤੀ ਵਾਂਗ ਸੋਨੇ ਅਤੇ ਹੀਰਿਆਂ ਦੇ ਗਹਿਣਿਆਂ ਨਾਲ ਲੱਦੀ, ਮਹਿੰਗੇ ਕੱਪੜੇ ਅਤੇ ਪਰਫਿਊਮ ਦੀਆਂ ਲਪਟਾਂ ਛੱਡਦੀ ਪਹੁੰਚੀ ਤਾਂ ਉਸ ਦੇ ਨਾਲ ਹੀ ਸਾਦੇ ਜਿਹੇ ਕੱਪੜਿਆਂ ਵਿਚ ਜੈਨੀਫਰ ਵੀ ਸੀ। ਕੁਝ ਹੋਰ ਜਨਾਨੀਆਂ ਵੀ ਪਹੁੰਚ ਚੁਕੀਆਂ ਸਨ। ਕੁਝ ਹੋਰ ਆ ਰਹੀਆਂ ਸਨ। ਮਾਰਗਰੇਟ ਨੇ ਉਸ ਨੂੰ ਵੇਖ ਲਿਆ ਸੀ ਅਤੇ ਨਾਲ ਹੀ ਆਪਣੇ ਸ਼ਿਕਾਰ ਨੂੰ ਸ਼ਿਕਾਰੀ ਅੱਖਾਂ ਨਾਲ ਤੋਲ ਲਿਆ ਸੀ। ਉਹ ਵਿਕਟੋਰੀਆ ਨੂੰ ਜੀ ਆਇਆਂ ਕਹਿਣ ਲਈ ਉਸ ਕੋਲ ਚਲੀ ਗਈ। ਰਸਮੀ ਸਾਹ ਸਲਾਮ ਕਰਨ ਬਾਅਦ ਉਹ ਜੈਨੀਫਰ ਨੂੰ ਵੇਖ ਕੇ ਕਹਿਣ ਲੱਗੀ:

''ਆਹ ਤਾਂ ਤੂੰ ਚੰਗਾ ਕੀਤਾ ਇਸ ਕੁੜੀ ਨੂੰ ਨਾਲ ਲੈ ਆਈ।''

''ਓਹ ਹਾਂ---ਇਹ ਆਪਣੇ ਰੌਬਿਨ ਦੀ ਦੋਸਤ ਜੈਨੀਫਰ ਐ।'' ਵਿਕਟੋਰੀਆ ਨੇ ਮੌਕਾ ਸਾਂਭਦਿਆਂ ਜੈਨੀਫਰ ਦੀ ਜਾਣ-ਪਛਾਣ ਕਰਵਾਈ ਤੇ ਨਾਲ ਹੀ ਇਕ ਹੋਰ ਜਨਾਨੀ ਵੱਲ ਲਪਕੀ: ''ਹੈਲੋ ਬੈਟਸੀ, ਬਹੁਤ ਦੇਰ ਬਾਅਦ ਨਜ਼ਰ ਆਈ ਐਂ।'' ਉਹ ਬੈਟਸੀ ਨਾਲ ਗੱਲੀਂ ਲੱਗ ਗਈ। ਜੈਨੀਫਰ ਇਕੱਲੀ ਜਿਹੀ ਖੜ੍ਹੀ ਸੋਚਣ ਲੱਗੀ ਕਿਸ ਨਾਲ ਗੱਲ ਕਰੇ! ਕੋਈ ਉਸ ਵੱਲ ਧਿਆਨ ਵੀ ਨਹੀਂ ਦੇ ਰਿਹਾ ਸੀ।

''ਜੈਨੀਫਰ ਪਿਆਰੀ, ਮੈਨੂੰ ਤੇਰੀ ਮਦਦ ਦੀ ਲੋੜ ਐ। ਮੇਰਾ ਇਕ ਨੌਕਰ ਅਚਾਨਕ ਛੁੱਟੀ ਮਾਰ ਗਿਆ। ਕਿਚਨ ਵਿਚ ਕੰਮ ਕਾਫੀ ਪਿਆ। ਮੈਨੂੰ ਸਮਝ ਨਹੀਂ ਆਉਂਦੀ ਕੀ ਕਰਾਂ? ਮੈਂ ਤੈਨੂੰ ਕਹਿਣਾ ਤਾਂ ਨਹੀਂ ਚਾਹੁੰਦੀ। ਹੁਣ ਮਜ਼ਬੂਰੀ ਐ। ਜੇ ਤੂੰ ਕੁਝ ਦੇਰ ਲਈ ਕਿਚਨ ਵਿਚ ਕੰਮ ਕਰਵਾ ਦੇਵੇ ਤਾਂ ਤੇਰੀ ਮਿਹਰਬਾਨੀ ਹੋਵੇਗੀ।''

ਬੈਰੋਨਿਸ ਦੀ ਹਲੀਮੀ ਅਤੇ ਬੇਨਤੀ ਵਾਲੀ ਰਮਜ਼ ਨੇ ਜੈਨੀਫਰ ਨੂੰ ਦੁਬਿਧਾ ਵਿਚ ਪਾ ਦਿੱਤਾ। ਉਹ ਸੋਚਣ ਲੱਗੀ, ਆਈ ਤਾਂ ਉਹ ਮਹਿਮਾਨ ਬਣ ਕੇ ਐ ਤੇ ਉਸ ਨੂੰ ਨੌਕਰਾਂ ਵਾਲਾ ਕੰਮ ਕਰਨ ਲਈ ਕਿਹਾ ਜਾ ਰਿਹਾ। ਅਜੇ ਉਹ ਸੋਚ ਹੀ ਰਹੀ ਸੀ। ਬੈਰੋਨਿਸ ਗੇੜਾ ਲਾ ਕੇ ਫਿਰ ਉਸ ਕੋਲ ਆ ਗਈ।

"ਜੈਨੀਫਰ ਅਜੇ ਵੀ ਤੂੰ ਏਥੇ ਈ ਖੜ੍ਹੀ ਐ। ਜਲਦੀ ਕਿਚਨ ਵਿਚ ਜਾਹ।" ਇਸ ਵਾਰ ਬੈਰੋਨਿਸ ਹੁਕਮੀਆਂ ਲਹਿਜੇ ਵਿਚ ਬੋਲੀ।

ਜੈਨੀਫਰ ਉਸ ਨੂੰ ਇਕ ਟੱਕ ਵੇਖਣ ਲੱਗੀ। ਵਿਕਟੋਰੀਆ ਸਾਰਾ ਤਮਾਸ਼ਾ ਚੋਰ ਅੱਖ ਨਾਲ ਵੇਖ ਰਹੀ ਸੀ। ਜੇ ਜੈਨੀਫਰ ਕਿਚਨ ਵੱਲ ਚਲੀ ਜਾਂਦੀ ਤਾਂ ਵਿਕਟੋਰੀਆ ਨੂੰ ਜੈਨੀਫਰ ਦੇ ਕਮਜ਼ੋਰ ਕਿਸਮ ਦੀ ਕੁੜੀ ਹੋਣ ਦਾ ਪੱਕ ਹੋ ਜਾਣਾ ਸੀ। ਜੇ ਉਹ ਆਪਣੇ ਪੈਰ ਜਮਾ ਲੈਂਦੀ ਤੇ ਕਿਸੇ ਬਹਾਨੇ 'ਬੈਰੋਨਿਸ' ਨੂੰ ਨਰਾਜ਼ ਕਰੇ ਬਿਨਾਂ ਕੰਮ ਕਰਨ ਤੋਂ ਬਚ ਜਾਂਦੀ ਤਾਂ ਵਿਕਟੋਰੀਆ ਲਈ ਉਸ ਤੋਂ ਖਹਿੜਾ ਛੁਡਾਉਣਾ ਸੌਖਾ ਨਹੀਂ ਸੀ ਹੋਣਾ। ਜੈਨੀਫਰ ਅਜੇ ਵੀ 'ਬੈਰੋਨਿਸ' ਵੱਲ ਵੇਖ ਰਹੀ ਸੀ। ਵਿਕਟੋਰੀਆ ਲਈ ਇਹ ਪਲ ਬਹੁਤ ਤਣਾਅ-ਪੂਰਨ ਸਨ। ਉਸ ਨੇ ਆਪਣੇ ਕੰਨ ਜਿਵੇਂ ਸਾਰੇ ਸਰੀਰ ਵਿਚ ਲਗਾ ਲਏ ਹੋਣ। ਉਹ ਜੈਨੀਫਰ ਨੂੰ ਸੁਣਨਾ ਚਾਹੁੰਦੀ ਸੀ।

"ਬੈਰੋਨਿਸ, ਜੇ ਨੌਕਰ ਨਹੀਂ ਸੀ ਤਾਂ ਮਹਿਮਾਨਾ ਨੂੰ ਸੱਦਣਾ ਨਹੀਂ ਸੀ। ਮਹਿਮਾਨਾਂ ਤੋਂ ਕੋਈ ਕਿਚਨ ਵਿਚ ਕੰਮ ਕਰਵਾਉਂਦਾ ਮੈਂ ਪਹਿਲਾਂ ਕਦੀ ਨਹੀਂ ਸੁਣਿਆ।" ਜੈਨੀਫਰ ਨੇ ਅੱਧਾ ਕੁ ਮੁਸਕਰਾਉਂਦਿਆਂ ਸਵੈ-ਵਿਸ਼ਵਾਸ਼ ਨਾਲ ਕਿਹਾ। ਕੁਝ ਪਲਾਂ ਲਈ ਬੈਰੋਨਿਸ ਨੂੰ ਜਵਾਬ ਨਾ ਅਹੁੜਿਆ।

ਜੈਨੀਫਰ ਸ਼ਸ਼ੋਪੰਜ ਵਿਚ ਖੜ੍ਹੀ ਬੈਰੋਨਿਸ ਨੂੰ ਛੱਡ ਕੇ ਵਿਕਟੋਰੀਆ ਨੂੰ ਵੇਖਣ ਲੱਗੀ। ਉਹਨਾਂ ਦੀਆਂ ਅੱਖਾਂ ਮਿਲੀਆਂ ਤੇ ਵਿਕਟੋਰੀਆ ਨੇ ਝੱਟ ਅੱਖਾਂ ਚੁਰਾ ਲਈਆਂ। ਜੈਨੀਫਰ ਨੇ ਵਿਕਟੋਰੀਆ ਨੂੰ ਵੇਖ ਲਿਆ ਸੀ। ਉਸ ਦੀਆਂ ਜਸੂਸੀ ਅੱਖਾਂ ਵਿਚੋਂ ਕੁਝ ਨਾ ਕੁਝ ਭਾਂਪ ਲਿਆ ਸੀ। ਜੈਨੀਫਰ ਦਾ ਉਥੇ ਖੜ੍ਹਨ ਨੂੰ ਹੋਰ ਮਨ ਨਾ ਮੰਨਿਆ ਤੇ ਉਹ ਬਿਨਾਂ ਕਿਸੇ ਨੂੰ ਦੁਆ ਸਲਾਮ ਕਰੇ ਬਾਹਰ ਆ ਗਈ। ਇਕ ਗੱਲ ਉਸ ਨੂੰ ਪੱਕੀ ਹੋ ਗਈ ਸੀ, ਉਹ ਮੁੜ ਕੇ ਵਿਕਟੋਰੀਆਂ ਦੇ ਮੱਥੇ ਨਹੀਂ ਲੱਗਣਾ ਚਾਹੁੰਦੀ ਸੀ।

ਉਸ ਦਿਨ ਬਾਅਦ ਵਿਕਟੋਰੀਆਂ ਨੇ ਵੀ ਜੈਨੀਫਰ ਨੂੰ ਸੱਦਣ ਬੁਲਾਉਣ ਦੀ ਕੋਸ਼ਿਸ਼ ਨਾ ਕੀਤੀ। ਉਸ ਨੇ ਰੌਬਿਨ ਨੂੰ ਜ਼ਰੂਰ ਲਿਖ ਦਿੱਤਾ ਕਿ ਕਈ ਵਾਰ ਸੱਦਣ 'ਤੇ ਵੀ ਜੈਨੀਫਰ ਨਹੀਂ ਆਈ। ਨਾ ਹੀ ਉਹ ਹੁਣ ਪਹਿਲੇ ਐਡਰੈਸ 'ਤੇ ਰਹਿੰਦੀ ਹੈ। ਰੌਬਿਨ ਲਈ ਇਹ ਬੁਝਾਰਤ ਬਣ ਗਈ।

-------

ਜੈਨੀਫਰ ਇਕ ਦੁਕਾਨ ਵਿਚ ਕੰਮ ਕਰਦੀ ਸੀ। ਕੈਨਜਿੰਗਟਨ ਦੇ ਇਲਾਕੇ ਵਿਚ ਸਥਿਤ ਦੁਕਾਨ 'ਤੇ ਉਹ ਜਾਂਦੀ ਅਤੇ ਰਾਹ ਵਿਚ ਸਫ਼ਰ ਕਰਦਿਆਂ ਕਈ ਸਾਰੀਆਂ ਗੱਲਾਂ-ਬਾਤਾਂ ਦਾ ਪਤਾ ਲਗਦਾ ਰਹਿੰਦਾ। ਆਇਰਲੈਂਡ ਦੇ ਰਫਿਊਜੀਆਂ ਲਈ ਕੁਝ ਲੋਕ ਚੈਰਟੀ ਵਜੋਂ ਕੰਮ ਕਰ ਰਹੇ ਸਨ। ਇਕ ਚੈਰਟੀ ਹੈਮਰਸਮਿੱਥ ਵਿਚ ਵੀ ਸੀ ਜਿਸ ਦੀ ਕਾਫੀ ਚਰਚਾ ਸੀ। ਜੈਨੀਫਰ ਨੇ ਵੀ ਉਸ ਚੈਰਟੀ ਦੀ ਮਦਦ ਕਰਨ ਦਾ ਮਨ ਬਣਾ ਲਿਆ।

ਇਕ ਐਤਵਾਰ ਨੂੰ ਸਵੇਰੇ ਹੀ ਉਹ ਚੈਰਟੀ ਦੇ ਆਰਜੀ ਦਫ਼ਤਰ ਪਹੁੰਚ ਗਈ। ਉਸ ਵੇਲੇ ਦੋ ਮੁੰਡੇ ਕੰਮ ਕਰ ਰਹੇ ਸਨ। ਪਹਿਲੇ ਹੀ ਮੁੰਡੇ ਨੂੰ ਉਸ ਨੇ ਆਪਣੇ ਆਉਣ ਦਾ ਕਾਰਨ ਬਿਆਨ ਕੀਤਾ। ਉਸ ਨੇ ਧਿਆਨ ਨਾਲ ਸੁਣਿਆ ਤੇ ਦੂਸਰੇ ਮੁੰਡੇ ਨੂੰ ਅਵਾਜ਼ ਮਾਰੀ:

"ਐਲਨ ਜ਼ਰਾ ਐਧਰ ਆਈਂ।" ਐਲਨ ਨੇ ਆਪਣੀਆਂ ਅੱਖਾਂ ਚੁੱਕ ਕੇ ਵੇਖਿਆ ਤਾਂ ਉਸ ਨੂੰ ਕੁੜੀ ਦੇ ਮੂੰਹ ਤੋਂ ਅੱਖਾਂ ਪਾਸੇ ਕਰਨੀਆਂ ਔਖੀਆਂ ਹੋ ਗਈਆਂ। ਰਸਲ ਉਸ ਨੂੰ ਵੇਖ ਕੇ ਮਨ ਹੀ ਮਨ ਹੱਸ ਰਿਹਾ ਸੀ।

"ਹੈਲੋ, ਮੈਂ ਜੈਨੀਫਰ ਤੇ ਮੇਰੇ ਕੋਲ ਐਤਵਾਰ ਵਿਹਲਾ ਹੁੰਦਾ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਡੀ ਮਦਦ ਕਰ ਸਕਦੀ ਆਂ।" ਐਲਨ ਨੂੰ ਜੈਨੀਫਰ ਨਾਲੋਂ ਉਸ ਦੀ ਆਵਾਜ਼ ਹੋਰ ਵੀ ਖਿੱਚ ਪਾਊ ਲੱਗੀ।

"ਹਾਂ ਜ਼ਰੂਰ। ਮੈਂ ਐਲਨ ਤੇ ਇਹ ਮੇਰਾ ਦੋਸਤ ਰਸਲ।" ਮੁੰਡੇ ਨੇ ਆਪਣੀ ਜਾਣ-ਪਛਾਣ ਕਰਵਾਈ।

ਉਦੋਂ ਤੱਕ ਆਇਰਸ਼ ਲੋਕ ਆਉਣੇ ਘੱਟ ਹੋ ਗਏ ਸਨ। ਜਿਹੜੇ ਆਉਂਦੇ ਉਹ ਆਪਣੇ ਕਿਸੇ ਮਿੱਤਰ, ਰਿਸ਼ਤੇਦਾਰ ਕੋਲ ਪਹੁੰਚ ਜਾਂਦੇ। ਹੁਣ ਉਹਨਾਂ ਦੀ ਬਹੁਤੀ ਮਦਦ ਕਰਨ ਦੀ ਲੋੜ ਨਾ ਪੈਂਦੀ। ਸ਼ੁਰੂ ਵਿਚ ਰਹਾਇਸ਼, ਕੱਪੜੇ, ਖਾਣਾ ਆਦਿ ਸਭ ਕੁਝ ਚਾਹੀਦਾ ਸੀ। ਬਹੁਤ ਸਾਰੇ ਲੋਕਾਂ ਨੂੰ ਐਲਨ ਅਤੇ ਰਸਲ ਨੇ ਦੌੜ ਭੱਜ ਕਰਕੇ ਕੰਮ ਵੀ ਲੱਭ ਕੇ ਦਿੱਤੇ ਸਨ। ਹੁਣ ਵੀ ਕੋਈ ਨਾ ਕੋਈ ਅੜਿਆ-ਥੁੜਿਆ ਆ ਜਾਂਦਾ। ਐਲਨ ਲਈ ਇਹ ਸਭ ਕੁਝ ਜੈਨੀਫਰ ਨੂੰ ਦੱਸਣ ਦੀ ਲੋੜ ਨਹੀਂ ਸੀ।

ਦਿਨ ਬੀਤਦੇ ਗਏ ਤੇ ਜੈਨੀਫਰ ਅਤੇ ਐਲਨ ਵਿਚ ਰਿਸ਼ਤਾ ਨਿੱਘਾ ਹੁੰਦਾ ਗਿਆ। ਜਿਲੀਅਨ ਨੂੰ ਜਦ ਐਲਨ ਨੇ ਖ਼ਬਰ ਦਿੱਤੀ ਤਾਂ ਉਹ ਬਹੁਤ ਖੁਸ਼ ਹੋਈ। ਉਸ ਨੂੰ ਤਾਂ ਡਰ ਸੀ ਪਤਾ ਨਹੀਂ ਐਲਨ ਵਿਆਹ ਹੀ ਨਾ ਕਰਵਾਏ। ਉਹ ਬਹੁਤ ਪਿਆਰ ਨਾਲ ਜੈਨੀਫਰ ਨੂੰ ਮਿਲੀ ਸੀ। ਸਾਦਾ ਜਿਹਾ ਵਿਆਹ ਕਰਵਾ ਕੇ ਉਹਨਾਂ ਨੇ

ਜ਼ਿੰਦਗੀ ਸ਼ੁਰੂ ਕਰ ਲਈ। ਜੈਨੀਫਰ ਆਪਣੇ ਆਪ ਨੂੰ ਭਾਗਾਂ ਵਾਲੀ ਸਮਝਦੀ ਸੀ। ਰੌਬਿਨ ਜੇ ਉਸ ਨੂੰ ਕਦੀ ਮਾੜਾ ਮੋਟਾ ਯਾਦ ਆ ਵੀ ਜਾਂਦਾ ਤਾਂ ਵਿਕਟੋਰੀਆਂ ਉਸ ਤੋਂ ਵੀ ਪਹਿਲਾਂ ਸਾਹਮਣੇ ਆ ਖੜ੍ਹਦੀ।

## 13

ਰੌਬਿਨ ਲਈ ਜੈਨੀਫਰ ਦਾ ਜਾਣਾ ਬੁਝਾਰਤ ਸੀ। ਉਸ ਦੇ ਜੈਨੀਫਰ ਨਾਲ ਜਾਣ ਵੇਲੇ ਕੀਤੇ ਵਾਇਦੇ ਸਭ ਧਰੇ ਧਰਾਏ ਰਹਿ ਗਏ ਸਨ। ਵਾਪਿਸ ਆ ਕੇ ਉਸ ਨੂੰ ਜੈਨੀਫਰ ਦੇ ਵਿਆਹ ਕਰਵਾਉਣ ਦੀ ਖ਼ਬਰ ਮਿਲੀ ਤਾਂ ਉਸ ਨੂੰ ਹੋਰ ਵੀ ਧੱਕਾ ਲੱਗਾ। ਉਹ ਇਕ ਵਾਰ ਜੈਨੀਫਰ ਨੂੰ ਮਿਲ ਕੇ ਸਾਰੀ ਗੱਲ ਸਾਫ਼ ਕਰਨੀ ਚਾਹੁੰਦਾ ਸੀ। ਰਸਲ ਐਲਨ ਨੂੰ ਜਾਣਦਾ ਹੋਣ ਕਰਕੇ ਉਸ ਨੇ ਰਸਲ ਨੂੰ ਮਿਲ ਕੇ ਜੈਨੀਫਰ ਤੱਕ ਪਹੁੰਚ ਕਰਨ ਦੀ ਸੋਚ ਬਣਾਈ। ਇਕ ਸ਼ਾਮ ਉਹ ਰਸਲ ਨੂੰ ਮਿਲਣ ਚਲਾ ਗਿਆ। ਕੁਝ ਦੇਰ ਗੱਲਾਂ ਕਰਨ ਬਾਅਦ ਅਤੇ ਵਾਈਨ ਦਾ ਗਲਾਸ ਪੀ ਕੇ ਉਹ ਆਪਣੇ ਨਿਸ਼ਾਨੇ ਵੱਲ ਆਇਆ।

"ਰਸਲ ਮੈਂ ਇਕ ਵਾਰ ਜੈਨੀਫਰ ਨੂੰ ਮਿਲਣਾ ਚਾਹੁੰਨਾ।" ਉਸ ਨੇ ਅੱਖਾਂ ਚੁੱਕ ਕੇ ਰਸਲ ਵੱਲ ਵੇਖਿਆ।

"ਤੂੰ ਉਸ ਨੂੰ ਮਿਲ ਕੇ ਕੀ ਹਾਸਲ ਕਰਨਾ ਚਾਹੁੰਨਾ ਰੌਬਿਨ?" ਰਸਲ ਨੇ ਕੁਝ ਦੇਰ ਉਸ ਵੱਲ ਵੇਖਣ ਬਾਅਦ ਪੁੱਛਿਆ।

"ਮੈਂ ਬੱਸ ਸੱਚ ਜਾਣਨਾ ਚਾਹੁੰਨਾ ਆਖ਼ਰ ਉਹ ਮੈਨੂੰ ਇੰਝ ਕਿਉਂ ਛੱਡ ਗਈ?"

ਰਸਲ ਅਜੇ ਆਪਣੇ ਜਵਾਬ ਬਾਰੇ ਸੋਚ ਹੀ ਰਿਹਾ ਸੀ। ਉਹ ਸਾਫ਼ ਤੇ ਸਪੱਸ਼ਟ ਗੱਲ ਕਰਕੇ ਵਿਕਟੋਰੀਆ ਬਾਰੇ ਸਭ ਕੁਝ ਦੱਸ ਸਕਦਾ ਸੀ ਜਾਂ ਉਹ ਰੌਬਿਨ ਨੂੰ ਸਭ ਕੁਝ ਭੁਲ-ਭੁਲਾਉਣ ਬਾਰੇ ਸਮਝਾ ਸਕਦਾ ਸੀ। ਇਸ ਤੋਂ ਪਹਿਲਾਂ ਕਿ ਰਸਲ ਕੋਈ ਗੱਲ ਕਰਦਾ ਅਲੀਜ਼ਾ ਕਮਰੇ ਵਿਚ ਆ ਗਈ। ਉਸ ਨੇ ਰੌਬਿਨ ਦੀ ਗੱਲ ਸੁਣ ਲਈ ਸੀ।

"ਰੌਬਿਨ, ਜੇ ਤੂੰ ਜੈਨੀਫਰ ਨੂੰ ਮਿਲਣਾ ਚਾਹੇਂ ਤਾਂ ਕੋਈ ਸਮੱਸਿਆ ਨਹੀਂ। ਵੈਸੇ ਜੇ ਤੂੰ ਆਪਣੇ ਘਰ ਵਿਚ ਹੀ ਇਸ ਬਾਰੇ ਪੁੱਛ ਪੜਤਾਲ ਕਰ ਲਵੇਂ ਤਾਂ ਤੈਨੂੰ ਜੈਨੀਫਰ ਨੂੰ ਮਿਲਣ ਦੀ ਲੋੜ ਨਹੀਂ ਪੈਣੀ।"

ਅਲੀਜ਼ਾ ਦਰਵਾਜ਼ੇ ਦੀ ਚਗਾਠ ਨਾਲ ਢੋਅ ਲਗਾਈ ਖੜ੍ਹੀ ਸਖ਼ਤ ਨਜ਼ਰਾਂ ਨਾਲ ਰੌਬਿਨ ਨੂੰ ਵੇਖ ਰਹੀ ਸੀ। ਰੌਬਿਨ ਨੇ ਅਲੀਜ਼ਾ ਵੱਲ ਵੇਖਿਆ। ਅਲੀਜ਼ਾ ਦੇ ਚਿਹਰੇ 'ਤੇ ਉਸ ਨੂੰ ਵਿਸ਼ਵਾਸ਼ ਅਤੇ ਹਲਕੇ ਜਿਹੇ ਤਿਰਸਕਾਰ ਦੇ ਭਾਵ ਦਿਖਾਈ ਦਿੱਤੇ।

"ਘਰ --!" ਰੌਬਿਨ ਨੇ ਬੁੜਬੁੜਾਉਂਦਿਆਂ ਵਾਂਗ ਦੁਹਰਾਇਆ।

"ਹਾਂ ਰੌਬਿਨ। ਕਈ ਵਾਰ ਘਰਾਂ ਵਿਚ ਵੀ ਸਿਆਸਤਾਂ ਖੇਡੀਆਂ ਜਾਂਦੀਆਂ। ਤੂੰ ਸਮਝਣ ਜਾਂ ਲੱਭਣ ਦੀ ਕੋਸ਼ਿਸ਼ ਕਰੇਂ ਤਾਂ ਤੇਰੇ ਲਈ ਔਖ ਨਹੀਂ ਹੋਣ ਲੱਗੀ।"

ਕਹਿ ਕੇ ਅਲੀਜ਼ਾ ਫਿਰ ਦੂਸਰੇ ਕਮਰੇ ਵਿਚ ਚਲੀ ਗਈ। ਰੌਬਿਨ ਲਈ ਉਥੇ ਬੈਠਣਾ ਔਖਾ ਹੋ ਗਿਆ। ਉਸ ਨੇ ਰਸਲ ਤੋਂ ਜੈਨੀਫਰ ਦੇ ਪਿਉ ਦੇ ਘਰ ਦਾ ਐਡਰੈਸ ਲਿਆ। ਵਾਈਨ ਦਾ ਗਲਾਸ ਪੀ ਕੇ ਉਸ ਨੇ ਛੁੱਟੀ ਲਈ ਤੇ ਅਲੀਜ਼ਾ ਦੀ ਗੱਲ ਬਾਰੇ ਸੋਚਦਾ ਘਰ ਆ ਗਿਆ।

ਅਗਲੇ ਦਿਨ ਉਹ ਜਾਗਿਆ ਤਾਂ ਉਸ ਦਾ ਸਿਰ ਭਾਰਾ ਸੀ। ਉਹ ਸਾਰੀ ਰਾਤ ਸੋਚਦਾ ਰਿਹਾ ਸੀ। ਉਸ ਨੂੰ ਸਪੱਸ਼ਟ ਰੂਪ ਵਿਚ ਕਿਸੇ ਗੱਲ ਦਾ ਪਤਾ ਨਹੀਂ ਸੀ ਲੱਗ ਸਕਿਆ। ਵਿਕਟੋਰੀਆ ਨੇ ਤਾਂ ਪਹਿਲਾਂ ਹੀ ਆਪਣੀ ਕਹਾਣੀ ਸੁਣਾ ਦਿੱਤੀ ਸੀ। ਨੌਕਰਾਂ ਤੋਂ ਪੁੱਛਣਾ ਉਸ ਨੂੰ ਚੰਗਾ ਨਹੀਂ ਸੀ ਲਗਦਾ। ਉਸ ਨੇ ਹਲਕਾ ਜਿਹਾ ਬਰੇਕਫਾਸਟ ਲਿਆ ਅਤੇ ਕੋਚਵਾਨ ਨੂੰ ਚੱਲਣ ਲਈ ਕਿਹਾ।

"ਸਰ ਬੈਂਕ ---।"

"ਨਹੀਂ ਪਿੱਕਾਡਿਲੀ।"

"ਜੈਨੀਫਰ ਮੈਡਮ ਦੇ ਘਰ ਨੂੰ ਸਰ!"

"ਤੈਨੂੰ ਕਿਵੇਂ ਪਤਾ ਜੈਨੀਫਰ ਪਿਕਾਡਿਲੀ ਰਹਿੰਦੀ ਐ?"

"ਸਰ ਤੁਸੀਂ ਅਮਰੀਕਾ ਗਏ ਸੀ ਤਾਂ ਮੈਨੂੰ ਕਈ ਵਾਰ ਜੈਨੀਫਰ ਮੈਡਮ ਨੂੰ ਲਿਆਉਣ ਲਈ ਵੱਡੀ ਮੈਡਮ ਨੇ ਭੇਜਿਆ ਸੀ।" ਕੋਚਵਾਨ ਨੇ ਭੋਲੇਪਣ ਨਾਲ ਜਵਾਬ ਦਿੱਤਾ।

ਰੌਬਿਨ ਲਈ ਬੱਘੀ ਵਿਚ ਬੈਠਣਾ ਔਖਾ ਹੋ ਗਿਆ। ਘੋੜਿਆਂ ਦੇ ਪੌੜਾਂ ਦੀ ਆਵਾਜ਼ ਵੀ ਉਸ ਨੂੰ ਸੁਣਨੀ ਬੰਦ ਹੋ ਗਈ। ਬਹੁਤ ਕੁਝ ਉਸ ਨੂੰ ਸਾਫ਼ ਹੋ ਗਿਆ। ਮਾਂ ਵੱਲੋਂ ਖੇਡੀ ਚਾਲ ਦਾ ਭਾਂਵੇਂ ਉਸ ਨੂੰ ਪੂਰਾ ਗਿਆਨ ਨਹੀਂ ਸੀ

ਫਿਰ ਵੀ ਇਸ ਸਭ ਪਿੱਛੇ ਉਸ ਦਾ ਹੱਥ ਹੋਣ ਦਾ ਪੱਕ ਹੋ ਗਿਆ। ਹੁਣ ਜੈਨੀਫਰ ਦੇ ਘਰ ਜਾਣ ਦਾ ਉਸ ਨੂੰ ਕੋਈ ਫ਼ਾਇਦਾ ਨਹੀਂ ਸੀ ਹੋਣਾ।

"ਨਹੀਂ ਬੈਂਕ ਚੱਲ।" ਰੌਬਿਨ ਨੇ ਮਨ ਬਦਲ ਲਿਆ।

ਬੈਂਕ ਪਹੁੰਚਿਆ ਤਾਂ ਆਮ ਵਰਗਾ ਦਿਨ ਸੀ। ਕਲਰਕ ਮੇਜ਼ਾਂ 'ਤੇ ਪਈਆਂ ਫਾਈਲਾਂ ਵਿਚ ਸਿਰ ਘਸੋੜੀ ਬੈਠੇ ਸਨ। ਬੈਂਕ ਵਿਚ ਖਾਸ ਲੋਕਾਂ ਨੂੰ ਮਿਲਣ ਅਤੇ ਮੀਟਿੰਗਾਂ ਲਈ ਕੈਬਿਨ ਪਹਿਲੀ ਮੰਜ਼ਿਲ 'ਤੇ ਸਨ। ਜੋਰਡਨ ਦਾ ਕੈਬਿਨ ਆਮ ਨਾਲੋਂ ਵੱਡਾ ਸੀ। ਬਾਕੀ ਕੈਬਿਨ ਤਕਰੀਬਨ ਇਕੋ ਜਿਹੇ ਸਨ। ਰੌਬਿਨ ਦਾ ਕੈਬਿਨ ਅੱਧ ਵਿਚਕਾਰ ਸੀ। ਉਹ ਆਪਣੇ ਕੈਬਿਨ ਵਿਚ ਜਾ ਬੈਠਾ। ਖਿੜਕੀ ਵਿਚੋਂ ਦੀ ਸੜਕ 'ਤੇ ਲੋਕਾਂ ਦੀ ਭੱਜ-ਨੱਠ, ਗੱਡੀਆਂ ਦਾ ਖੜਾਕ, ਕੋਚਵਾਨਾਂ ਦੀਆਂ ਚਟਕਾਰੀਆਂ ਸਭ ਕੁਝ ਵੇਖ ਸੁਣ ਸਕਦਾ ਸੀ। ਉਹ ਅਚੇਤ ਹੀ ਬਾਹਰ ਵੇਖਣ ਲੱਗਾ। ਜੋਰਡਨ ਬੈਂਕ ਵਿਚੋਂ ਬਾਹਰ ਨਿਕਲ ਕੇ ਬੱਘੀ ਵਿਚ ਜਾ ਬੈਠਾ। ਸ਼ਾਇਦ ਕਿਧਰੇ ਕੋਈ ਮੀਟਿੰਗ ਹੋਵੇ!

ਰੌਬਿਨ ਗੁਆਚਿਆ ਜਿਹਾ ਆਪਣੇ ਕੈਬਿਨ ਵਿਚ ਬੈਠਾ ਸੀ। ਸਾਈਮਨ ਨਿਊਮੈਨ ਇਕ ਫਾਇਲ ਲੈ ਕੇ ਆਇਆ ਤੇ ਦਸਖਤ ਕਰਵਾ ਕੇ ਜਾਣ ਲੱਗਾ। ਰੌਬਿਨ ਨੇ ਉਸ ਨੂੰ ਰੋਕ ਲਿਆ।

"ਸਾਈਮਨ ਕਿਵੇਂ ਚਲਦਾ ਬੈਂਕ ਦਾ ਕੰਮ?" ਰੌਬਿਨ ਅਸਲ ਗੱਲ ਕਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ।

"ਠੀਕ ਈ ਆ। ਕਿਉਂ?" ਸਾਈਮਨ ਥੋੜਾ ਹੈਰਾਨ ਹੋਇਆ ਖੜ੍ਹਾ ਸੀ।

"ਮੈਂ ਸੋਚ ਰਿਹਾ ਸੀ ਬਿਲ ਦੇ ਜਾਣ ਬਾਅਦ ਕੰਮ ਨੂੰ ਕੋਈ ਨੁਕਸਾਨ ਤਾਂ ਨਹੀਂ ਹੋਇਆ!"

"ਰੌਬਿਨ ਕੰਮ ਤਾਂ ਚਲਦਾ ਹੀ ਰਹਿੰਦਾ। ਮੈਂ ਉਸ ਤੋਂ ਵੀ ਬੁਢਾ ਆਂ। ਹੁਣ ਸ਼ਾਇਦ ਮੇਰੀ ਵਾਰੀ ਐ।" ਸਾਈਮਨ ਦੇ ਬੋਲਾਂ ਵਿਚ ਫਿਕਰ ਸੀ।

"ਨਹੀਂ ਅਜਿਹੀ ਕੋਈ ਗੱਲ ਨਹੀਂ। ਬਿਲ ਦੀ ਤਾਂ ਸਿਹਤ ਠੀਕ ਨਾ ਹੋਣ ਕਰਕੇ ਉਸ ਦੀ ਛੁੱਟੀ ਕਰਨੀ ਪਈ।" ਰੌਬਿਨ ਨੇ ਜੋਰਡਨ ਤੋਂ ਸੁਣੀ ਸੁਣਾਈ ਗੱਲ ਕਹਿ ਦਿੱਤੀ।

"ਉਹਦੀ ਸਿਹਤ ਤਾਂ ਠੀਕ ਠਾਕ ਸੀ। ਘੋੜੇ ਵਾਂਗ ਤਾਂ ਭੱਜਿਆ ਫਿਰਦਾ ਸੀ। ਮੈਨੂੰ ਤਾਂ ਸਮਝ ਨਹੀਂ ਆਈ ਏਨੇ ਚੰਗੇ ਬੰਦੇ ਨੂੰ ਕਿਉਂ ਜਵਾਬ ਦੇ ਦਿੱਤਾ?" ਕਹਿੰਦਿਆਂ ਸਾਈਮਨ ਫਾਇਲ ਲੈ ਕੇ ਚਲਾ ਗਿਆ।

ਸਾਈਮਨ ਅਤੇ ਬਿਲ ਦੋਵੇਂ ਹੀ ਪੁਰਾਣੇ ਵਰਕਰ ਸਨ। ਰੌਬਿਨ ਜਦ ਛੋਟਾ ਸੀ ਤੇ ਕਦੀ ਕਦੀ ਬੈਂਕ ਆ ਜਾਂਦਾ ਸੀ ਤਾਂ ਉਹ ਦੋਵੇਂ ਰੌਬਿਨ ਦਾ ਬਹੁਤ ਖਿਆਲ ਰਖਦੇ। ਰੌਬਿਨ ਨਾਲ ਉਹਨਾਂ ਦਾ ਰਿਸ਼ਤਾ ਮਾਲਕ ਵਾਲਾ ਨਹੀਂ ਸੀ। ਉਹ ਹੁਣ ਵੀ ਉਸ ਨੂੰ ਉਸ ਦੇ ਪਹਿਲੇ ਨਾਂ ਨਾਲ ਹੀ ਬੁਲਾਉਂਦੇ ਤੇ ਰੌਬਿਨ ਨੂੰ ਕਦੇ ਮਾੜਾ ਨਹੀਂ ਸੀ ਲੱਗਿਆ। ਸਾਈਮਨ ਦੀ ਗੱਲ ਸੁਣ ਕੇ ਰੌਬਿਨ ਹੋਰ ਵੀ ਉਦਾਸ ਹੋ ਗਿਆ। ਉਸ ਨੇ ਜੇਬ ਘੜੀ ਵੇਖੀ। ਬਾਰਾਂ ਵੱਜ ਰਹੇ ਸਨ। ਕੰਮ ਕਰਨ ਦਾ ਉਹਦਾ ਮਨ ਨਹੀਂ ਸੀ। ਉਹ ਬੈਂਕ ਵਿਚੋਂ ਬਾਹਰ ਨਿਕਲ ਕੇ ਸੱਜੇ ਨੂੰ ਮੁੜ ਗਿਆ। ਪੰਜ ਕੁ ਮਿੰਟ ਦੀ ਦੂਰੀ 'ਤੇ ਇਕ ਚੰਗਾ ਪੱਬ ਸੀ ਜਿਸ ਨੂੰ 'ਜੈਂਟਲਮੈਨਜ਼ ਕਲੱਬ' ਕਿਹਾ ਜਾਂਦਾ ਸੀ। ਉਹ ਕਲੱਬ ਵਿਚ ਬਹੁਤਾ ਨਹੀਂ ਸੀ ਗਿਆ। ਉਹ ਅਚੇਤ ਹੀ ਕਲੱਬ ਵਿਚ ਪਹੁੰਚ ਗਿਆ।

ਲੰਚ ਸਮੇਂ ਦੇ ਗਾਹਕ ਅਜੇ ਬਹੁਤੇ ਨਹੀਂ ਸਨ ਆਏ। ਉਹ ਪੌੜੀਆਂ ਚੜ੍ਹ ਕੇ ਪਹਿਲੀ ਮੰਜ਼ਿਲ 'ਤੇ ਚਲਾ ਗਿਆ ਤੇ ਇਕ ਕੋਨੇ ਵਿਚ ਟੇਬਲ 'ਤੇ ਬੈਠ ਗਿਆ। ਕੁਝ ਦੇਰ ਬਾਅਦ ਵੇਟਰ ਕੁੜੀ ਆਈ।

"ਹੈਲੋ ਸਰ ਮੈਂ ਤੁਹਾਡੀ ਕਿਹੋ ਜਿਹੀ ਸੇਵਾ ਕਰ ਸਕਦੀ ਆਂ?" ਕੁੜੀ ਦੀਆਂ ਨੀਲੀਆਂ ਡੂੰਘੀਆਂ ਅੱਖਾਂ ਅਤੇ ਮੋਹ ਲੈਣੀ ਮੁਸਕਰਾਹਟ ਨੇ ਰੌਬਿਨ ਦੇ ਬੁੱਲਾਂ 'ਤੇ ਵੀ ਮਹੀਨ ਜਿਹੀ ਮੁਸਕਰਾਹਟ ਲੈ ਆਂਦੀ।

"ਰੈਡ ਵਾਈਨ ਪਲੀਜ਼।"

"ਤੁਸੀਂ ਹਾਊਸ ਵਾਈਨ ਲਉਗੇ? ਵੈਸੇ ਸਾਡੇ ਕੋਲ ਦਸ ਸਾਲ ਪੁਰਾਣੀ ਵਾਈਨ ਵੀ ਹੈ---ਬਹੁਤ ਵਧੀਆ।" ਕੁੜੀ ਨੇ ਉਸ ਦੇ ਕੱਪੜਿਆਂ ਨੂੰ ਨਿਹਾਰਦਿਆਂ ਮਹਿੰਗੀ ਵਾਈਨ ਵੇਚਣ ਦਾ ਯਤਨ ਕੀਤਾ।

"ਦਸ ਸਾਲ ਪੁਰਾਣੀ ਪਲੀਜ਼।" ਕੁੜੀ ਥੈਂਕ ਯੂ ਕਹਿੰਦੀ ਚਲੀ ਗਈ। ਕੁਝ ਦੇਰ ਬਾਅਦ ਉਹ ਟਰੇਅ ਵਿਚ ਵਾਈਨ ਦੇ ਨਾਲ ਖਾਣ ਲਈ ਸੂਰ ਦੇ ਭੁੱਜੇ ਮਾਸ ਦੀ ਪਲੇਟ ਲੈ ਕੇ ਪਹੁੰਚ ਗਈ।

ਰੌਬਿਨ ਵਾਈਨ ਦੇ ਘੁੱਟ ਭਰਨ ਲੱਗਾ, ਵਾਈਨ ਸੱਚੀਂ ਬਹੁਤ ਚੰਗੀ ਸੀ। ਮੀਟ ਨਾਲ ਹੋਰ ਵੀ ਜ਼ਾਇਕਾ ਬਣ ਗਿਆ ਸੀ। ਰੌਬਿਨ ਵਾਈਨ ਦਾ ਅਨੰਦ ਲੈਣ ਦੇ ਮੂਡ ਵਿਚ ਨਹੀਂ ਸੀ। ਉਸ ਦੇ ਦਿਮਾਗ ਵਿਚ ਤਾਂ ਜੈਨੀਫਰ ਵਾਲੀ ਫਿਲਮ ਚੱਲ ਰਹੀ ਸੀ। ਦੋ ਗਲਾਸ ਵਾਈਨ ਦੇ ਪੀਣ ਬਾਅਦ ਉਹ ਬਾਹਰ ਆ ਗਿਆ। ਕੁੜੀ ਨੇ ਲੰਚ

ਬਾਰੇ ਪੁੱਛਿਆ ਸੀ। ਰੌਬਿਨ ਦਾ ਖਾਣਾ ਖਾਣ ਨੂੰ ਮਨ ਨਹੀਂ ਸੀ ਮੰਨਿਆ। ਉਸ ਨੂੰ ਕੁਝ ਕੁ ਨਸ਼ਾ ਮਹਿਸੂਸ ਹੋਇਆ।

ਬੈਂਕ ਦੇ ਬਾਹਰ ਹੀ ਉਸ ਦੀ ਬੱਘੀ ਖੜ੍ਹੀ ਸੀ। ਉਹ ਬੱਘੀ ਵਿਚ ਜਾ ਬੈਠਾ ਤੇ ਕੋਚਵਾਨ ਨੂੰ ਘਰ ਚੱਲਣ ਲਈ ਕਿਹਾ।

ਵਿਕਟੋਰੀਆ ਕਿਸੇ ਪਾਰਟੀ ਵਿਚ ਜਾਣ ਦੀ ਤਿਆਰੀ ਕਰ ਰਹੀ ਸੀ। ਰੌਬਿਨ ਨੂੰ ਉਸ ਵੇਲੇ ਘਰ ਵੇਖ ਕੇ ਉਹ ਹੈਰਾਨ ਹੋ ਗਈ।

"ਰੌਬਿਨ ਤੂੰ ਠੀਕ ਐਂ?" ਉਸ ਨੇ ਮਮਤਾ ਭਰੇ ਬੋਲਾਂ ਨਾਲ ਪੁੱਛਿਆ।

ਰੌਬਿਨ ਦੀਆਂ ਸਖ਼ਤ ਨਜ਼ਰਾਂ ਨਾਲ ਉਸ ਦੀਆਂ ਅੱਖਾਂ ਮਿਲੀਆਂ। ਉਸ ਦਾ ਦਿਲ ਕੰਬ ਗਿਆ। ਰੌਬਿਨ ਬਿਨਾਂ ਕੁਝ ਬੋਲੇ ਕੁਝ ਸਮੇਂ ਤੱਕ ਮਾਂ ਵੱਲ ਵੇਖਦਾ ਰਿਹਾ। ਵਿਕਟੋਰੀਆ ਹੋਰ ਡਰ ਗਈ।

"ਰੌਬਿਨ ਡਾਰਲਿੰਗ, ਕੀ ਗੱਲ ਐ--?"

ਉਸ ਦੀ ਕੰਬਦੀ ਆਵਾਜ਼ ਰੌਬਿਨ ਦੇ ਕੰਨੀ ਪਈ। ਉਹ ਜਲਦੀ ਨਾਲ ਕਦਮ ਪੁੱਟ ਕੇ ਰੌਬਿਨ ਨੂੰ ਚੁੰਮਣ ਲਈ ਅੱਗੇ ਵਧੀ। ਰੌਬਿਨ ਦੋ ਕਦਮ ਪਿੱਛੇ ਹਟ ਗਿਆ। ਵਿਕਟੋਰੀਆ ਥਾਏਂ ਰੁਕ ਗਈ। ਅਜਿਹੀ ਸਥਿਤੀ ਦਾ ਉਸ ਨੂੰ ਕਦੇ ਪਹਿਲਾਂ ਸਾਹਮਣਾ ਕਰਨ ਦੀ ਨੌਬਤ ਨਹੀਂ ਸੀ ਆਈ।

"ਮੈਨੂੰ ਨੀ ਸੀ ਪਤਾ ਮੇਰੇ ਮਾਪੇ ਹੀ ਮੇਰੀ ਪਿੱਠ ਵਿਚ ਛੁਰੀ ਮਾਰਨਗੇ।" ਰੌਬਿਨ ਦੇ ਗੁਸੀਲੇ ਕੁੜੱਤਣ ਭਰੇ ਬੋਲ ਵਿਕਟੋਰੀਆ ਨੂੰ ਸੁਣੇ।

"ਇਹ ਤੂੰ ਕੀ ਕਹਿ ਰਿਹਾ ਐਂ? ਅਸੀਂ ਤਾਂ ਸਦਾ ਤੇਰਾ ਚੰਗਾ ਹੀ ਚਾਹਾਂਗੇ!" ਵਿਕਟੋਰੀਆ ਦੇ ਤਿੜਕੇ ਬੋਲ ਉਸ ਨੂੰ ਆਪ ਨੂੰ ਵੀ ਬੇਥਵੇ ਲੱਗੇ।

"ਜੈਨੀਫਰ ਨੂੰ ਉਸ ਦੇ ਘਰੋਂ ਲਿਆਉਣ ਲਈ ਕੋਚਵਾਨ ਜਾਂਦਾ ਸੀ ਤੇ ਮੈਨੂੰ ਦੱਸਿਆ ਗਿਆ ਉਸ ਦੇ ਘਰ ਦਾ ਪਤਾ ਹੀ ਨਹੀਂ। ਬਿਲ ਨੂੰ ਬਿਨਾਂ ਕਾਰਨ ਨੌਕਰੀ ਤੋਂ ਕੱਢਿਆ ਗਿਆ। ਮੇਰੇ ਪਿੱਛੋਂ ਮੇਰੇ ਖਿਲਾਫ਼ ਮੇਰੇ ਮਾਂ-ਪਿਉ ਹੀ ਸਾਜਿਸ਼ ਰਚਦੇ ਰਹੇ।"

'ਵਾਹ' ਕਹਿੰਦਿਆਂ ਰੌਬਿਨ ਨੇ ਤਣਜ਼ੀ ਨਜ਼ਰ ਨਾਲ ਵੇਖਿਆ ਤੇ ਆਪਣੇ ਸੌਣ ਕਮਰੇ ਨੂੰ ਚਲਾ ਗਿਆ। ਵਿਕਟੋਰੀਆਂ ਨੂੰ ਦਰਵਾਜ਼ਾ ਬੰਦ ਹੋਣ ਦਾ ਖੜਾਕ ਸੁਣਿਆ। ਉਸ ਦੀ ਗੁਨਾਹਗਾਰ ਜ਼ਮੀਰ ਨੇ ਉਸ ਨੂੰ ਨਿਰਬਲ ਕਰ ਦਿੱਤਾ ਸੀ ਤੇ ਉਹ ਚਾਹੁੰਦਿਆਂ ਹੋਇਆਂ ਵੀ ਰੌਬਿਨ ਦੇ ਕਮਰੇ ਵਿਚ ਨਾ ਜਾ ਸਕੀ।

ਉਸ ਨੇ ਇਕ ਪੇਪਰ 'ਤੇ ਕੁਝ ਸ਼ਬਦ ਝਰੀਟੇ ਤੇ ਜੌਰਡਨ ਨੂੰ ਜਲਦੀ ਤੋਂ ਜਲਦੀ ਘਰ ਆਉਣ ਲਈ ਲਿਖਿਆ। ਲਫਾਫ਼ੇ ਵਿਚ ਰੁੱਕਾ ਪਾ ਕੇ ਕੋਚਵਾਨ ਨੂੰ ਜਲਦੀ ਬੈਂਕ ਜਾ ਕੇ ਚਿੱਠੀ ਜੋਰਡਨ ਨੂੰ ਫੜਾਉਣ ਲਈ ਕਿਹਾ ਤੇ ਆਪ ਬੇਚੈਨੀ ਨਾਲ ਲਾਉਂਜ ਵਿਚ ਛੋਟੇ ਛੋਟੇ ਚੱਕਰ ਲਾਉਣ ਲੱਗੀ। ਰੌਬਿਨ ਨੂੰ ਲੈ ਕੇ ਉਸ ਦੇ ਮਨ ਵਿਚ ਮਾੜੇ ਵਿਚਾਰ ਆਉਣ ਲੱਗੇ। ਉਹ ਉਸ ਦੇ ਦਰਵਾਜ਼ੇ ਤੱਕ ਗਈ। ਲੱਕੜ ਦੇ ਭਾਰੇ ਦਰਵਾਜ਼ੇ ਨੂੰ ਕੰਨ ਲਾ ਕੇ ਸੁਣਨ ਦਾ ਯਤਨ ਕੀਤਾ। ਅੰਦਰ ਸਨਾਟਾ ਸੀ। ਉਸ ਨੂੰ ਹੋਰ ਵੀ ਡਰ ਲੱਗਾ। ਉਹ ਵਾਰ ਵਾਰ ਗੇਟ ਵੱਲ ਵੇਖਣ ਲੱਗੀ।

ਜੋਰਡਨ ਕਿਸੇ ਨਾਲ ਮੀਟਿੰਗ ਵਿਚ ਸੀ। ਉਸ ਨੂੰ ਸਾਈਮਨ ਨੇ ਚਿੱਠੀ ਪਹੁੰਚਾ ਦਿੱਤੀ। ਜੌਰਡਨ ਨੇ ਜਲਦੀ ਨਾਲ ਚਿੱਠੀ ਪੜ੍ਹੀ। ਉਸ ਨੂੰ ਪ੍ਰੇਸ਼ਾਨੀ ਹੋਈ। ਪਹਿਲਾਂ ਕਦੀ ਵਿਕਟੋਰੀਆ ਨੇ ਉਸ ਨੂੰ ਏਦਾਂ ਘਰ ਨਹੀਂ ਸੱਦਿਆ ਸੀ। ਜੋਰਡਨ ਦਾ ਮਨ ਮੀਟਿੰਗ ਵਿਚ ਨਹੀਂ ਲੱਗ ਰਿਹਾ ਸੀ। ਜਿਵੇਂ ਕਿਵੇਂ ਉਸ ਨੇ ਮੀਟਿੰਗ ਖਤਮ ਕੀਤੀ ਤੇ ਬੱਘੀ ਵਿਚ ਜਾ ਬੈਠਾ।

ਘਰ ਪਹੁੰਚ ਕੇ ਵਿਕਟੋਰੀਆ ਦੀ ਪ੍ਰੇਸ਼ਾਨੀ ਵੇਖਦਿਆਂ ਉਹ ਹੋਰ ਵੀ ਫ਼ਿਕਰਮੰਦ ਹੋ ਗਿਆ। ਉਹ ਅਜੇ ਉਸ ਤੋਂ ਪੁੱਛਣ ਹੀ ਲੱਗਾ ਸੀ, ਵਿਕਟੋਰੀਆ ਜਿਵੇਂ ਉੱਡ ਕੇ ਉਸ ਕੋਲ ਪਹੁੰਚ ਗਈ। ਜਲਦੀ ਨਾਲ ਉਸ ਨੇ ਸਾਰੀ ਘਟਨਾ ਜੋਰਡਨ ਨੂੰ ਬਿਆਨ ਕੀਤੀ ਤੇ ਉਸ ਨੂੰ ਰੌਬਿਨ ਦੇ ਕਮਰੇ ਵਿਚ ਚੱਲਣ ਲਈ ਕਿਹਾ। ਜੋਰਡਨ ਨੇ ਕਮਰੇ ਦਾ ਬੂਹਾ ਖੜਕਾਇਆ ਤਾਂ ਕੋਈ ਜਵਾਬ ਨਾ ਆਇਆ।

"ਰੌਬਿਨ ---।" ਜੋਰਡਨ ਦੀ ਆਵਾਜ਼ ਵਿਚ ਪ੍ਰੇਸ਼ਾਨੀ ਝਲਕਦੀ ਸੀ।

"ਦਰਵਾਜ਼ਾ ਖੁੱਲ੍ਹਾ ਐ।" ਰੌਬਿਨ ਦੀ ਆਵਾਜ਼ ਵਿਚ ਰੋਸ ਸੀ।

ਦਰਵਾਜ਼ਾ ਖੋਲ੍ਹ ਕੇ ਦੋਵੇਂ ਜੀਅ ਅੰਦਰ ਚਲੇ ਗਏ। ਰੌਬਿਨ ਅਰਾਮ ਕੁਰਸੀ ਵਿਚ ਬੈਠਾ ਸੀ। ਉਸ ਨੇ ਉਹਨਾਂ ਵੱਲ ਕੋਈ ਧਿਆਨ ਨਾ ਦਿੱਤਾ। ਜੋਰਡਨ ਉਸ ਦੀ ਸਾਹਮਣੀ ਕੁਰਸੀ 'ਤੇ ਬੈਠ ਗਿਆ। ਹਿਚਕਚਾਉਂਦੀ ਵਿਕਟੋਰੀਆ ਨੇ ਨਾਲ ਵਾਲੀ ਕੁਰਸੀ ਮੱਲ ਲਈ।

"ਰੌਬਿਨ, ਮੈਂ ਸਮਝਦਾਂ ਪਿਆਰ ਬਿਨਾਂ ਜ਼ਿੰਦਗੀ ਨੀਰਸ ਹੁੰਦੀ ਐ। ਪਰ ਇਕੱਲੇ ਪਿਆਰ ਨਾਲ ਵੀ ਜ਼ਿੰਦਗੀ ਨਹੀਂ ਚਲਦੀ। ਕਮਾਈ ਲਈ ਕੰਮ, ਘਰ, ਮਾਣ-ਸਤਿਕਾਰ, ਦੋਸਤ-ਮਿੱਤਰ ਸਭ ਕੁਝ ਦੀ ਆਪਣੀ ਆਪਣੀ ਥਾਂ ਹੈ। ਅਸੀਂ ਤੈਨੂੰ ਪਿਆਰ ਕਰਦੇ ਆਂ ਤੇ ਤੇਰੇ ਭਲੇ ਬਾਰੇ ਹੀ ਸੋਚਦੇ ਆਂ। ਜੈਨੀਫਰ ਚੰਗੀ ਕੁੜੀ ਐ। ਬੱਸ ਇਕੋ ਗੱਲ ਐ ਉਹ ਆਪਣੀ ਸੁਸਾਇਟੀ ਵਿਚ ਵਿਚਰ ਨਹੀਂ ਸਕਦੀ। ਵਿਕਟੋਰੀਆ ਨੇ ਕੋਸ਼ਿਸ਼ ਕੀਤੀ ---।" ਜੋਰਡਨ ਸਮਝਾਊ ਬੋਲੀ ਬੋਲ ਰਿਹਾ ਸੀ।

"—ਤੇ ਤੁਸੀਂ ਉਸ ਤੋਂ ਖਹਿੜਾ ਛੁਡਾਉਣ ਲਈ ਬਿੱਲ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ।" ਰੌਬਿਨ ਭੜਕਿਆ।

"ਮੈਨੂੰ ਅਫ਼ਸੋਸ ਐ। ਇਹ ਮੇਰੇ ਕੋਲੋਂ ਗਲਤੀ ਹੋ ਗਈ।" ਜੋਰਡਨ ਕਿਵੇਂ ਨਾ ਕਿਵੇਂ ਰੌਬਿਨ ਨੂੰ ਠੰਡਾ ਕਰਨਾ ਚਾਹੁੰਦਾ ਸੀ।

"ਜੋ ਹੋ ਗਿਆ ਸੋ ਹੋ ਗਿਆ। ਸਾਡੀ ਭਾਵਨਾ ਮਾੜੀ ਨਹੀਂ ਸੀ। ਤੇਰੇ ਖਿਆਲ ਵਿਚ ਅਸੀਂ ਗਲਤ ਹੋ ਸਕਦੇ ਆਂ ਤੇ ਸਾਨੂੰ ਅਫ਼ਸੋਸ ਐ। ਹੁਣ ਜੈਨੀਫਰ ਵਿਆਹੀ ਗਈ ਐ ਤੈਨੂੰ ਉਸ ਨੂੰ ਭੁੱਲ ਜਾਣਾ ਚਾਹੀਦਾ। ਜ਼ਿੰਦਗੀ ਨੂੰ ਸਦਾ ਅੱਗੇ ਤੋਰਨਾ ਚਾਹੀਦਾ।" ਜੋਰਡਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ।

"ਮੈਂ ਅਮਰੀਕਾ ਜਾਣਾ ਚਾਹੁੰਨਾ। ਜੇ ਬੈਂਕ ਕੋਲ ਕੋਈ ਕੰਮ ਜਾਂ ਨੌਕਰੀ ਐ ਤਾਂ ਠੀਕ ਐ। ਨਹੀਂ ਮੈਂ ਕੋਈ ਵੀ ਕੰਮ ਲੱਭ ਲਵਾਂਗਾ। ਮੈਂ ਲੰਡਨ ਕੀ ਇੰਗਲੈਂਡ ਹੀ ਨਹੀਂ ਰਹਿਣਾ ਚਾਹੁੰਦਾ।" ਰੌਬਿਨ ਨੇ ਇਕ ਹੋਰ ਬੰਬ ਸੁੱਟ ਦਿੱਤਾ। ਵਿਕਟੋਰੀਆ ਦਾ ਦਿਲ ਬੈਠ ਗਿਆ। ਜੋਰਡਨ ਸੋਚਾਂ ਵਿਚ ਪੈ ਗਿਆ।

"ਠੀਕ ਐ ਜੇ ਤੇਰੀ ਇਹ ਖੁਸ਼ੀ ਐ ਤਾਂ ਮੈਂ ਤੇਰੇ ਨਾਲ ਆਂ। ਕੁਝ ਸਮਾਂ ਦੇਹ। ਜਦੋਂ ਈ ਮੌਕਾ ਲੱਗਾ ਤੂੰ ਚਲਾ ਜਾਈਂ। ਬੈਂਕ ਦੇ ਕੰਮ ਤਾਂ ਨਿਕਲਦੇ ਹੀ ਰਹਿੰਦੇ ਐ। ਵੈਸੇ ਵੀ ਉਥੇ ਜਾਣ ਤੋਂ ਪਹਿਲਾਂ ਤੂੰ ਅਮਰੀਕਾ ਵਿਚ ਆਪਣੇ ਬਿਜਨਸ ਬਾਰੇ ਜਾਣਕਾਰੀ ਲੈ ਲਵੇਂ ਤਾਂ ਤੈਨੂੰ ਸੌਖਾ ਰਹੂ। ਆ ਆਪਾਂ ਇਕ ਇਕ ਡਰਿੰਕ ਲਈਏ। ਨਹੀਂ ਤਾਂ ਮੈਨੂੰ ਲੱਗੂ ਤੂੰ ਮੈਨੂੰ ਮੁਆਫ਼ ਨਹੀਂ ਕੀਤਾ।"

ਵਿਕਟੋਰੀਆ ਜੋਰਡਨ ਦੀ ਕੀਤੀ ਗੱਲ ਬਾਤ ਨਾਲ ਸੰਤੁਸ਼ਟ ਸੀ। ਉਸ ਨੂੰ ਪਤਾ ਸੀ ਸਮਾਂ ਬੀਤਣ ਨਾਲ ਸੰਭਵ ਐ ਰੌਬਿਨ ਠੰਡਾ ਹੋ ਜਾਵੇ। ਜਾਂ ਕੋਈ ਕੁੜੀ ਹੀ ਉਸ ਦਾ ਦਿਲ ਜਿੱਤ ਲਵੇ। ਇਕ ਵਾਰ ਝੱਖੜ ਮੱਠਾ ਪੈ ਗਿਆ ਸੀ।

ਰੌਬਿਨ ਅਣ-ਚਾਹੇ ਮਨ ਨਾਲ ਜੋਰਡਨ ਦੇ ਪਿੱਛੇ ਤੁਰ ਪਿਆ ਤੇ ਉਹ ਬਾਰ ਵੱਲ ਨੂੰ ਚਲੇ ਗਏ। ਜੋਰਡਨ ਐਂਡੀ ਬਾਰੇ ਵੀ ਫਿਕਰਮੰਦ ਸੀ।

## 14

ਐਂਡੀ ਦੀਆਂ ਅੱਖਾਂ ਖੁੱਲ੍ਹੀਆਂ ਸਨ ਪਰ ਉਹਨਾਂ ਵਿਚ ਜ਼ਿੰਦਗੀ ਦੀ ਚਮਕ ਧੁੰਧਲੀ ਹੋ ਗਈ ਸੀ। ਉਸਦੀਆਂ ਅੱਖਾਂ ਸਿੱਧੀਆਂ ਛੱਤ ਵੱਲ ਵੇਖ ਰਹੀਆਂ ਸਨ। ਸੂਜ਼ਨ ਉਸ ਦੇ ਵਾਲਾਂ ਵਿਚ ਨਰਮ ਨਰਮ ਉਂਗਲਾਂ ਫੇਰ ਰਹੀ ਸੀ। ਸੂਜ਼ਨ ਦੀਆਂ ਅੱਖਾਂ ਵਿਚ ਤਰਸ ਅਤੇ ਸੋਗ ਦੀ ਰਲਵੀਂ ਭਾਅ ਸੀ। ਕੁਝ ਦਿਨ ਪਹਿਲਾਂ ਉਸ ਦਾ ਰੋਣ ਮਸਾਂ ਥੰਮਿਆ ਸੀ। ਹੁਣ ਜਿਵੇਂ ਉਸ ਨੇ ਆਉਣ ਵਾਲੇ ਸੱਚ ਨੂੰ ਮੰਨ ਲਿਆ ਹੋਵੇ ਅਤੇ ਹੁਣ ਉਹ ਐਂਡੀ ਦੇ ਅੰਤ ਨੂੰ ਸੋਗੀ ਮੁਸਕਾਨ ਨਾਲ ਉਡੀਕ ਰਹੀ ਸੀ। ਸੂਜ਼ਨ ਨੂੰ ਪਤਾ ਨਹੀਂ ਸੀ ਐਂਡੀ ਉਸ ਨੂੰ ਸੁਣ ਵੀ ਰਿਹਾ ਸੀ ਜਾਂ ਨਹੀਂ। ਉਹ ਉਸ ਨਾਲ ਮੁਸਕਰਾ ਕੇ ਗੱਲਾਂ ਕਰਦੀ ਅਤੇ ਬੀਤੇ ਵਿਚ ਪਿਆਰ ਨਾਲ ਗੁਜ਼ਾਰੇ ਪਲਾਂ ਦੀਆਂ ਯਾਦਾਂ ਉਸ ਨਾਲ ਸਾਂਝੀਆਂ ਕਰਦੀ। ਐਂਡੀ ਵੱਲੋਂ ਕੋਈ ਪ੍ਰਭਾਵ ਨਾ ਮਿਲਦਾ ਕਿ ਉਹ ਉਸ ਨੂੰ ਸੁਣ ਰਿਹਾ ਸੀ। ਸੂਜ਼ਨ ਦੀ ਬੁੱਕਲ ਵਿਚ ਉਸ ਦਾ ਦੋ ਸਾਲ ਦਾ ਪੋਤਾ ਵਿਲੀਅਮ ਬੈਠਾ ਸੀ ਤੇ ਕੁਰਸੀ ਦੇ ਇਕ ਪਾਸੇ ਉਸ ਦੀ ਬਾਂਹ ਪਕੜੀ ਪੋਤੀ ਮਾਰਗਰੇਟ ਖੜ੍ਹੀ ਸੀ। ਉਸ ਦਾ ਐਂਡੀ ਨਾਲ ਬਹੁਤ ਪਿਆਰ ਸੀ। ਉਹ ਵਾਰ ਵਾਰ ਦਾਦੀ ਨੂੰ ਪੁੱਛਦੀ-'ਗਰੈਂਡਮਾਂ, ਗਰੈਂਡਪਾ ਬੋਲਦਾ ਕਿਉਂ ਨਹੀਂ-।' ਸੂਜ਼ਨ ਉਸ ਦਾ ਮੱਥਾ ਚੁੰਮਦੀ ਅਤੇ ਗਰੈਂਡਪਾ ਦੇ ਥੱਕੇ ਹੋਣ ਦਾ ਬਹਾਨਾ ਲਗਾ ਦਿੰਦੀ।

ਘੋੜੇ ਦੇ ਪੌੜਾਂ ਦੀ ਦੂਰੋਂ ਸੁਣਦੀ ਆਵਾਜ਼ ਉਹਨਾਂ ਦੇ ਘਰ ਦੇ ਅਗਲੇ ਵਿਹੜੇ ਵਿਚ ਆ ਕੇ ਰੁਕ ਗਈ। ਅਲੀਜ਼ਾ ਨੇ ਬਾਹਰ ਵੇਖਿਆ। ਰਸਲ ਡਾਕਟਰ ਨੂੰ ਲੈ ਕੇ ਆ ਗਿਆ ਸੀ। ਅਲੀਜ਼ਾ ਨੇ ਵਿਲੀਅਮ ਨੂੰ ਸੂਜ਼ਨ ਕੋਲੋਂ

ਫੜ ਕੇ ਗੋਦੀ ਚੁੱਕ ਲਿਆ ਅਤੇ ਮਰੀਆ ਦੀ ਬਾਂਹ ਪੋਲੇ ਜਿਹੇ ਫੜ ਕੇ ਘਰ ਦੀ ਨਰਸਰੀ ਵੱਲ ਲੈ ਗਈ। ਕੁਝ ਖਿਡਾਉਣੇ ਦੇ ਕੇ ਉਹਨਾਂ ਨੂੰ ਪਰਚਾਉਣ ਦਾ ਯਤਨ ਕਰਨ ਲੱਗੀ। ਆਇਆ ਨੇ ਆ ਕੇ ਬੱਚਿਆਂ ਨੂੰ ਸੰਭਾਲ ਲਿਆ ਤਾਂ ਅਲੀਜ਼ਾ ਫਿਰ ਘਰ ਦੇ ਅੰਦਰ ਚਲੀ ਗਈ।

ਡਾਕਟਰ ਨੇ ਦੋ ਤਿੰਨ ਦਿਨ ਪਹਿਲਾਂ ਹੀ ਰਸਲ ਅਤੇ ਸੂਜ਼ਨ ਅੱਗੇ ਆਪਣੇ ਹੱਥ ਖੜ੍ਹੇ ਕਰ ਦਿੱਤੇ ਸਨ। ਜੋ ਉਹ ਕਰ ਸਕਦਾ ਸੀ ਉਸ ਨੇ ਕਰ ਦਿੱਤਾ ਸੀ। ਹੁਣ ਐਂਡੀ ਦਾ ਸਰੀਰ ਜਿਵੇਂ ਅੰਦਰੋਂ ਸੁੰਗੜ ਗਿਆ ਹੋਵੇ। ਕੋਈ ਵੀ ਦਵਾਈ ਅਸਰ ਕਰਨੋਂ ਹਟ ਗਈ ਸੀ। ਚਮਚਿਆਂ ਨਾਲ ਪਾਣੀ ਪਿਲਾਉਣ ਤੋਂ ਬਿਨਾਂ ਉਹ ਹੋਰ ਕੁਝ ਵੀ ਕਰਨ ਤੋਂ ਅਸਮਰੱਥ ਸਨ। ਐਂਡੀ ਨੂੰ ਮਾੜੀ ਜਿਹੀ ਖੰਘ ਆਈ ਤੇ ਉਸ ਨਾਲ ਐਂਡੀ ਦੀਆਂ ਅੱਖਾਂ ਝਪਕੀਆਂ ਗਈਆਂ ਸਨ। ਸੂਜ਼ਨ ਨੂੰ ਲੱਗਿਆ ਜਿਵੇਂ ਐਂਡੀ ਨੇ ਅੱਖਾਂ ਝਪਕੀਆਂ ਹੋਣ। ਇਕ ਵਾਰ ਮਰੀ ਹੋਈ ਉਮੀਦ ਵਿਚ ਫਿਰ ਜਾਨ ਪੈ ਗਈ ਸੀ। ਉਸ ਨੇ ਜਲਦੀ ਨਾਲ ਰਸਲ ਨੂੰ ਡਾਕਟਰ ਕੋਲ ਭੇਜ ਦਿਤਾ।

ਡਾਕਟਰ ਨੇ ਆ ਕੇ ਇਕ ਵਾਰ ਫਿਰ ਐਂਡੀ ਦੀਆਂ ਅੱਖਾਂ, ਨਬਜ਼ ਅਤੇ ਦਿਲ ਆਦਿ ਚੈਕ ਕੀਤਾ। ਡਾਕਟਰ ਨੂੰ ਕੋਈ ਫ਼ਰਕ ਨਹੀਂ ਸੀ ਲੱਗਿਆ। ਉਹ ਸੋਚਵਾਨ ਮੁਦਰਾ ਵਿਚ ਖੜ੍ਹਾ ਵੇਖਦਾ ਰਿਹਾ ਤੇ ਇਕ ਵਾਰ ਫਿਰ ਉਸ ਨੇ ਐਂਡੀ ਨੂੰ ਚੈਕ ਕਰਨਾ ਸ਼ੁਰੂ ਕਰ ਦਿੱਤਾ। ਉਹ ਵਾਰ ਵਾਰ ਰਸਲ ਅਤੇ ਸੂਜ਼ਨ ਵੱਲ ਵੇਖਣ ਲੱਗਾ।

''ਚੰਗੀ ਗੱਲ ਹੋਵੇ ਜੇ ਤੁਸੀਂ ਕਿਸੇ ਹੋਰ ਡਾਕਟਰ ਦੀ ਰਾਇ ਵੀ ਲੈ ਲਵੋ। ਮੇਰੇ ਖਿਆਲ ਵਿਚ ਤਾਂ ਕੋਈ ਤਬਦੀਲੀ ਨਹੀਂ ਲਗਦੀ। ਘੱਟੋ ਘੱਟ ਚੰਗੇ ਪਾਸੇ ਵੱਲ ਤਾਂ ਬਿਲਕੁਲ ਨਹੀਂ। ਵੈਸੇ ਆਹ ਦਵਾਈ ਤਿੰਨ ਤਿੰਨ ਘੰਟੇ ਬਾਅਦ ਪਾਣੀ ਵਿਚ ਘੋਲ ਕੇ ਚਮਚੇ ਨਾਲ ਦਿੰਦੇ ਰਹਿਣਾ।'''

ਡਾਕਟਰ ਨੇ ਦਵਾਈ ਫੜਾਉਂਦਿਆਂ ਉਹਨਾਂ ਵੱਲ ਫੇਰ ਵੇਖਿਆ ਅਤੇ ਹੋਰ ਡਾਕਟਰ ਦੀ ਰਾਇ ਲੈਣ ਨੂੰ ਫਿਰ ਦੁਹਰਾਇਆ। ਰਸਲ ਉਸ ਨੂੰ ਗੱਡੀ ਤੱਕ ਛੱਡ ਆਇਆ ਅਤੇ ਡਰਾਇਵਰ ਡਾਕਟਰ ਨੂੰ ਲੈ ਕੇ ਚਲਾ ਗਿਆ। ਰਸਲ ਫਿਰ ਐਂਡੀ ਕੋਲ ਚਲਾ ਗਿਆ।

''ਰਸਲ ਮੇਰੇ ਖਿਆਲ ਵਿਚ ਆਪਾਂ ਨੂੰ ਉਮੀਦ ਨਹੀਂ ਛੱਡਣੀ ਚਾਹੀਦੀ। ਕਿਸੇ ਹੋਰ ਡਾਕਟਰ ਦੀ ਰਇ ਲੈਣ ਵਿਚ ਕੋਈ ਹਰਜ ਨਹੀਂ।''

ਸੂਜ਼ਨ ਦੀ ਗੱਲ ਸੁਣਦਿਆਂ ਰਸਲ ਨੇ ਹਾਂ ਵਿਚ ਆਪਣਾ ਸਿਰ ਹਿਲਾਇਆ। ਉਹ ਪਹਿਲਾਂ ਹੀ ਕਈ ਹੋਰ ਡਾਕਟਰਾਂ ਬਾਰੇ ਸੋਚ ਰਿਹਾ ਸੀ। ਉਸ ਨੇ ਦੂਸਰੇ ਕੋਚਵਾਨ ਨੂੰ ਗੱਡੀ ਤਿਆਰ ਕਰਨ ਲਈ ਕਿਹਾ। ਕੁਝ ਮਿੰਟਾਂ ਵਿਚ ਹੀ ਉਹ ਕਿਸੇ ਹੋਰ ਡਾਕਟਰ ਵੱਲ ਚਲਾ ਗਿਆ। ਉਹਨਾਂ ਦੇ ਪ੍ਰੀਵਾਰਕ ਡਾਕਟਰ ਨੇ ਇਸ ਡਾਕਟਰ ਦੀ ਰਾਇ ਲੈਣ ਲਈ ਹੀ ਕਿਹਾ ਸੀ। ਇਹ ਸਕਾਟਿਸ਼ ਡਾਕਟਰ 'ਕੈਥੋਲਿਕ' ਸੀ। ਐਂਡੀ ਅਤੇ ਸੂਜ਼ਨ ਨੇ ਕਦੀ ਕਿਸੇ ਕੈਥੋਲਿਕ ਡਾਕਟਰ ਤੋਂ ਇਲਾਜ ਨਹੀਂ ਸੀ ਕਰਾਇਆ। ਰਸਲ ਨੂੰ ਡਾਕਟਰ ਦੀ ਲੋੜ ਪੈਣ 'ਤੇ ਧਰਮ ਬਾਰੇ ਸੋਚਣ ਵਾਲੀ ਗੱਲ ਸਮਝ ਨਹੀਂ ਸੀ ਆਉਂਦੀ। ਡਾਕਟਰ ਅਤੇ ਮਰੀਜ਼ ਦੇ ਰਿਸ਼ਤੇ ਵਿਚ ਧਰਮ ਕਿਤੇ ਵੀ ਸਮਾਉਂਦਾ ਨਹੀਂ ਸੀ। ਫਿਰ ਵੀ ਲੋਕ ਧਰਮ ਨੂੰ ਮੱਲੋ-ਮੱਲੀ ਵਿਚ ਘਸੋੜ ਲੈਂਦੇ ਹਨ। ਉਸ ਨੇ ਜਾਣ ਤੋਂ ਪਹਿਲਾਂ ਸੂਜ਼ਨ ਨੂੰ ਸਕਾਟਿਸ਼ ਕੈਥੋਲਿਕ ਡਾਕਟਰ ਨੂੰ ਲਿਆਉਣ ਬਾਰੇ ਦੱਸਿਆ ਹੀ ਨਹੀਂ ਸੀ।

ਡਾਕਟਰ ਅੰਦਰ ਆਇਆ ਤਾਂ ਉਸ ਨੇ 'ਹੈਲੋ' ਕਹੀ। ਸੂਜ਼ਨ ਨੂੰ ਉਸ ਦੇ ਉਚਾਰਣ ਤੋਂ ਉਸ ਦੇ ਸਕਾਟਿਸ਼ ਹੋਣ ਦਾ ਪਤਾ ਲੱਗ ਗਿਆ ਤੇ ਸਕਾਟਿਸ਼ ਹੋਣ ਕਰਕੇ ਕੈਥਲਿਕ ਹੋਣ ਦੀ ਧਾਰਨਾ ਵੀ ਉਸ ਨੇ ਬਣਾ ਲਈ। ਉਹ ਰਸਲ ਵੱਲ ਵੇਖਣ ਲੱਗੀ। ਰਸਲ ਸੂਜ਼ਨ ਨਾਲ ਅੱਖਾਂ ਮਿਲਾਉਣ ਦੀ ਥਾਂ ਡਾਕਟਰ ਵੱਲ ਧਿਆਨ ਦੇਣ ਲੱਗਾ। ਡਾਕਟਰ ਨੇ ਕਈ ਕੁਝ ਚੈਕ ਕੀਤਾ।

''ਹੁਣ ਕਿਹੜੀ ਦਵਾਈ ਦੇ ਰਹੇ ਓ?''

ਰਸਲ ਨੇ ਦਵਾਈ ਡਾਕਟਰ ਨੂੰ ਫੜਾ ਦਿੱਤੀ। ਉਹ ਪਲ ਕੁ ਸੋਚਦਾ ਰਿਹਾ ਅਤੇ ਆਪਣੇ ਬੈਗ ਵਿਚੋਂ ਹੋਰ ਦਵਾਈ ਦੇ ਦਿੱਤੀ।

''ਸਿਰਫ਼ ਇਹੋ ਦਵਾਈ ਦੇਣੀ ਹੈ। ਜੇ ਸ਼ਾਮ ਤੱਕ ਫਰਕ ਨਾ ਪਿਆ ਤਾਂ ਫਿਰ --।'' ਡਾਕਟਰ ਨੇ ਬੈਗ ਬੰਦ ਕਰਦਿਆਂ ਸਿਰ ਮਾਰ ਦਿੱਤਾ।

ਡਾਕਟਰ ਨੂੰ ਗੱਡੀ ਤੱਕ ਛੱਡ ਕੇ ਉਸ ਨੂੰ ਵਿਦਾ ਕਰਕੇ ਐਂਡੀ ਕੋਲ ਵਾਪਿਸ ਆ ਕੇ ਰਸਲ ਨੇ ਦਵਾਈ ਦੇਣ ਲਈ ਚਮਚਾ ਚੁੱਕਿਆ। ਉਸ ਨੂੰ ਡਰ ਸੀ ਕਿਤੇ ਸੂਜ਼ਨ ਦਵਾਈ ਦੇਣ ਤੋਂ ਹੀ ਇਨਕਾਰ ਨਾ ਕਰ ਦੇਵੇ। ਵੈਸੇ ਪਿਛਲੇ ਸਾਲਾਂ ਵਿਚ ਰਸਲ ਨੇ ਆਪਣੇ ਮਾਪਿਆਂ ਦੀ ਸੋਚ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਵੇਖਿਆ ਸੀ। ਦਵਾਈ ਦੇ ਕੇ ਉਹ ਕਮਰੇ ਵਿਚੋਂ ਬਾਹਰ ਆ ਗਿਆ। ਉਸ ਨੇ ਸਵੇਰ ਦੀ ਭੱਜ-ਨੱਠ ਵਿਚ ਅਲੀਜ਼ਾ ਨੂੰ ਅਜੇ

ਤੱਕ ਵੇਖਿਆ ਨਹੀਂ ਸੀ। ਨਾ ਹੀ ਬੱਚਿਆਂ ਨਾਲ ਕੋਈ ਗੱਲ ਕੀਤੀ ਸੀ। ਉਹ ਕਮਰੇ ਵਿਚੋਂ ਬਾਹਰ ਨਿਕਲਿਆ ਤਾਂ ਅਲੀਜ਼ਾ ਕਮਰੇ ਵੱਲ ਆਉਂਦੀ ਦਿਸੀ। ਮੁਸਕਰਾ ਕੇ ਉਸ ਨੇ ਅਲੀਜ਼ਾ ਨੂੰ ਜੱਫੀ ਪਾ ਲਈ ਅਤੇ ਉਸ ਦੇ ਬੁੱਲ੍ਹਾਂ 'ਤੇ ਚੁੰਮਣ ਦਿਤਾ। ਜਵਾਬ ਵਿਚ ਅਲੀਜ਼ਾ ਨੇ ਵੀ ਚੁੰਮਣ ਮੋੜਿਆ ਅਤੇ ਉਹ ਕੁਝ ਪਲ ਇਕ ਦੂਸਰੇ ਵੱਲ ਵੇਖਦੇ ਰਹੇ।

"ਬੱਚੇ ਕਿਥੇ ਐ?"

"ਨਰਸਰੀ ਵਿਚ--।"

ਉਹ ਹੱਥ ਵਿਚ ਹੱਥ ਪਾਈ ਨਰਸਰੀ ਵੱਲ ਚਲੇ ਗਏ। ਅਜੇ ਉਹ ਬੱਚਿਆਂ ਕੋਲ ਬੈਠੇ ਹੀ ਸਨ ਕਿਸੇ ਬੱਘੀ ਦੇ ਰੁਕਣ ਦੀ ਆਵਾਜ਼ ਸੁਣਾਈ ਦਿੱਤੀ। ਰਸਲ ਨੇ ਖਿੜਕੀ ਵਿਚੋਂ ਬਾਹਰ ਵੇਖਿਆ ਤਾਂ ਉਸ ਨੂੰ ਮਾਰਕ ਬੱਘੀ ਵਿਚੋਂ ਉੱਤਰਦਾ ਵਿਖਾਈ ਦਿੱਤਾ। ਉਹ ਬੱਚਿਆਂ ਨੂੰ ਛੱਡ ਕੇ ਮੁੱਖ ਗੇਟ ਵੱਲ ਚਲਾ ਗਿਆ।

"ਹੈਲੋ ਅੰਕਲ ਮਾਰਕ।" ਰਸਲ ਨੇ ਮਾਰਕ ਨੂੰ ਜੀ ਆਇਆਂ ਕਿਹਾ। ਉਹ ਡਰਾਇੰਗ ਰੂਮ ਵਿਚ ਕੁਰਸੀਆਂ 'ਤੇ ਬੈਠ ਗਏ। ਮਾਰਕ ਨੇ ਪਹਿਲਾ ਸਵਾਲ ਐਂਡੀ ਦੀ ਸਿਹਤ ਬਾਰੇ ਕੀਤਾ ।

"ਸਿਹਤ ਤਾਂ ਪਹਿਲਾਂ ਨਾਲੋਂ ਮਾੜੀ ਈ ਐ। ਡਾਕਟਰਾਂ ਨੇ ਇਕ ਵਾਰ ਤਾਂ ਸਿਰ ਹੀ ਮਾਰ ਦਿੱਤਾ।" ਰਸਲ ਨੇ ਉਦਾਸ ਜਿਹੀ ਆਵਾਜ਼ ਵਿਚ ਸਾਰੀ ਜਾਣਕਾਰੀ ਦਿੱਤੀ।

ਬਾਅਦ ਦੁਪਹਿਰ ਦੀ ਚਾਹ ਦਾ ਵੇਲਾ ਸੀ। ਚਾਹ ਆ ਗਈ ਤਾਂ ਰਸਲ ਨੇ ਸੂਜ਼ਨ ਨੂੰ ਵੀ ਸੱਦ ਲਿਆ। ਇਕ ਵਾਰ ਫਿਰ ਐਂਡੀ ਬਾਰੇ ਗੱਲਾਂ ਹੋਣ ਲੱਗੀਆਂ।

"ਪਿਛਲੇ ਚਾਰ ਸਾਢੇ ਚਾਰ ਦਹਾਕਿਆਂ ਵਿਚ ਜ਼ਿੰਦਗੀ ਕਿੰਨੀ ਬਦਲ ਗਈ ਐ। ਪਹਿਲੀ ਵਾਰ ਜਦ ਮੈਂ ਲੰਡਨ ਆਇਆ ਸੀ ਤਾਂ ਅਸੀਂ ਡਾਕੂਆਂ ਨਾਲ ਵੀ ਮੁਕਾਬਲਾ ਕੀਤਾ ਸੀ। ਹੁਣ ਤਾਂ ਰੇਲ ਗੱਡੀਆਂ ਦਾ ਜਾਲ ਵਿਛ ਗਿਆ।" ਮਾਰਕ ਨੇ ਚਾਹ ਦਾ ਘੁੱਟ ਭਰਿਆ।

ਸੂਜ਼ਨ ਨੇ ਇਕ ਵਾਰ ਧਿਆਨ ਨਾਲ ਮਾਰਕ ਵੱਲ ਵੇਖਿਆ। ਉਹ ਮਾਰਕ ਦੇ ਉਹਨਾਂ ਦਿਨਾਂ ਬਾਰੇ ਸੋਚ ਰਹੀ ਸੀ। ਮਾਰਕ ਕੋਲ ਕੁਝ ਵੀ ਨਹੀਂ ਸੀ। ਐਂਡੀ ਨੇ ਉਸ ਨੂੰ ਨੌਕਰੀ ਦਿੱਤੀ ਸੀ। ਫਿਰ ਮਾਰਕ ਸੇਲਜ਼ ਮੈਨ ਬਣ ਗਿਆ। ਫਿਰ ਉਸ ਨੇ ਫੈਕਟਰੀ ਕਿਰਾਏ 'ਤੇ ਲਈ ਤੇ ਹੁਣ ਉਹ ਲੰਡਨ ਦੇ ਅਮੀਰਾਂ ਵਿਚ ਗਿਣਿਆ ਜਾਂਦਾ ਸੀ।

"ਹੁਣ ਤਾਂ ਸਟੀਮ ਇੰਜਨ ਵੀ ਆ ਗਏ ਐ। ਇਹਨਾਂ ਦੀ ਸਪੀਡ ਕਾਫੀ ਤੇਜ਼ ਐ।"

"ਹਾਂ ਸਟੀਮ ਇੰਜਨ ਬਣ ਗਏ ਐ। ਆਮ ਮਜ਼ਦੂਰਾਂ ਨੂੰ ਵੋਟ ਦਾ ਹੱਕ ਮਿਲ ਗਿਆ। ਟਰੇਡ ਯੂਨੀਅਨਾਂ ਬਣ ਗਈਆਂ। ਕੱਚੇ ਰਾਹਾਂ ਦੀ ਥਾਂ ਪੱਕੀਆਂ ਸੜਕਾਂ ਬਣ ਗਈਆਂ। ਨਵੀਆਂ ਨਵੀਆਂ ਮਸ਼ੀਨਾਂ ਬਣ ਗਈਆਂ ਜਿਹਨਾਂ ਨਾਲ ਉਤਪਾਦਨ ਚਾਰ ਚਾਰ ਗੁਣਾ ਵਧ ਗਿਆ---।" ਮਾਰਕ ਮਸ਼ੀਨਾਂ ਤੇ ਫੈਕਟਰੀਆਂ ਦੀਆਂ ਗੱਲਾਂ ਕਰ ਰਿਹਾ ਸੀ।

"ਪਰ ਐਨਾ ਉਤਪਾਦਨ ਵਧਣ ਦੇ ਬਾਵਜੂਦ ਮਜ਼ਦੂਰਾਂ ਦੀ ਹਾਲਤ ਹੋਰ ਵੀ ਤਰਸਯੋਗ ਐ। ਕੰਮਾਂ ਵਿਚ ਮੰਦਵਾੜਾ ਆ ਗਿਆ। ਲੋਕਾਂ ਲਈ ਢਿੱਡ ਭਰਨਾ ਤੇ ਤਣ ਢਕਣਾ ਵੀ ਸਮੱਸਿਆ ਬਣ ਗਈ ਐ।"

ਮਾਰਕ ਨੇ ਘੋਖਵੀਆਂ ਨਜ਼ਰਾਂ ਨਾਲ ਰਸਲ ਵੱਲ ਵੇਖਿਆ। ਮਾਰਕ ਨੂੰ ਸਮਝ ਨਹੀਂ ਆ ਰਹੀ ਸੀ ਐਂਡੀ ਦੇ ਪਰਿਵਾਰ ਵਿਚ ਰਸਲ ਵਰਗਾ ਸੋਸ਼ਲਿਸਟ ਕਿਥੋਂ ਜੰਮ ਪਿਆ ਸੀ? ਕਈ ਵਾਰ ਤਾਂ ਮਾਰਕ ਰਸਲ ਨਾਲ ਗੱਲ ਕਰਨ ਤੋਂ ਵੀ ਹਿਚਕਚਾਉਂਦਾ ਸੀ।

"ਰਸਲ ਜੇ ਮਾਲ ਨਾ ਵਿਕੂ ਤਾਂ ਕਾਰਖਾਨੇਦਾਰ ਹੋਰ ਮਾਲ ਬਣਾਊ ਕਿਉਂ? ਜੇ ਮਾਲ ਹੀ ਨਹੀਂ ਬਣਾਉਣਾ ਤਾਂ ਮਜ਼ਦੂਰਾਂ ਦੀ ਲੋੜ ਈ ਕੀ ਐ?" ਮਾਰਕ ਨੇ ਆਪਣੇ ਵੱਲੋਂ ਕਾਟਵੀਂ ਦਲੀਲ ਦਿੱਤੀ।

"ਨਹੀਂ ਮੇਰੇ ਖਿਆਲ ਵਿਚ ਜੇ ਮਜ਼ਦੂਰਾਂ ਦੀ ਥਾਂ ਮਸ਼ੀਨਾਂ ਨੇ ਕੰਮ ਕਰਨਾ ਤਾਂ ਮਸ਼ੀਨਾਂ ਦਾ ਫਾਇਦਾ ਮਜ਼ਦੂਰਾਂ ਨੂੰ ਵੀ ਹੋਣਾ ਚਾਹੀਦਾ। ਮਜ਼ਦੂਰਾਂ ਦੇ ਕੰਮ ਦੇ ਘੰਟੇ ਘਟਾਏ ਜਾਣ ਅਤੇ ਤਨਖਾਹਾਂ ਵਿਚ ਯੋਗ ਵਾਧਾ ਕੀਤਾ ਜਾਵੇ। ਨਹੀਂ ਤਾਂ ਸੰਭਵ ਐ ਮਜ਼ਦੂਰ ਮਾਲਕਾਂ ਦੇ ਗਲ ਵਿਚ ਹੱਥ ਪਾਉਣ ਲਈ ਮਜਬੂਰ ਹੋ ਜਾਣਗੇ।" ਰਸਲ ਦੇ ਬੋਲਾਂ ਵਿਚ ਮਾਰਕ ਨੂੰ ਕੁਰੱਖਤਤਾ ਮਹਿਸੂਸ ਹੋਈ। ਮਾਰਕ ਸਦਾ ਹੀ ਰਸਲ ਨਾਲ ਬਹਿਸ ਕਰਨ ਤੋਂ ਪ੍ਰਹੇਜ ਕਰਦਾ ।

"ਮਜ਼ਦੂਰਾਂ ਦੀਆਂ ਆਪਣੀਆਂ ਸਮੱਸਿਆਵਾਂ ਤੇ ਮਾਲਕਾਂ ਦੀਆਂ ਆਪਣੀਆਂ। ਇਕ ਗੱਲ ਐ ਮਸ਼ੀਨਾਂ ਤਾਂ ਨਵੀਆਂ ਨਵੀਆਂ ਈਜ਼ਾਦ ਹੋਈ ਜਾਂਦੀਆਂ। ਕੱਪੜੇ ਸਿਉਣ ਵਾਲੀ ਮਸ਼ੀਨ ਆ ਗਈ ਐ ਤੇ ਕੱਪੜੇ ਧੋਣ ਵਾਲੀ ਵੀ। ਮਜ਼ਦੂਰੀ ਦਿਨੋ ਦਿਨ ਘਟੀ ਜਾਣੀ ਐ।"

ਮਾਰਕ ਢੰਗ ਨਾਲ ਗੱਲ ਬਦਲਣੀ ਚਾਹੁੰਦਾ ਸੀ। ਉਸ ਨੂੰ ਇਸ ਦੀ ਲੋੜ ਨਾ ਪਈ। ਅਲੀਜ਼ਾ ਨੇ ਉਹਨਾਂ ਨੂੰ ਆ ਕੇ ਦੱਸਿਆ ਜੋਰਡਨ ਆਇਆ ਸੀ। ਰਸਲ ਉਸ ਨੂੰ ਜੀ ਆਇਆਂ ਕਹਿਣ ਲਈ ਉੱਠਿਆ। ਐਨੇ ਚਿਰ ਨੂੰ ਜੋਰਡਨ ਉਹਨਾਂ ਕੋਲ ਪਹੁੰਚ ਗਿਆ ਸੀ।

ਜੋਰਡਨ ਨੇ ਵੀ ਐਂਡੀ ਦੀ ਸਿਹਤ ਬਾਰੇ ਪੁੱਛ ਗਿੱਛ ਕੀਤੀ। ਸੂਜਨ ਉਸ ਨੂੰ ਆ ਕੇ ਮਿਲੀ।

''ਲਗਦਾ ਪਰਦਾ ਡਿਗਣ ਦਾ ਸਮਾਂ ਹੋ ਗਿਆ ਐ।'' ਉਸ ਦੀ ਰੋਣਹਾਕੀ ਆਵਾਜ਼ ਨੇ ਸਭ ਨੂੰ ਚੁੱਪ ਕਰਾ ਦਿੱਤਾ ਅਤੇ ਸਾਰੇ ਸੂਜਨ ਵੱਲ ਚੁੱਪ ਵੇਖਣ ਲੱਗੇ।

ਰਸਲ, ਐਂਡੀ ਦੇ ਕਮਰੇ ਵਿਚ ਚਲਾ ਗਿਆ ਅਤੇ ਪਿੱਛੇ ਹੀ ਜੋਰਡਨ ਅਤੇ ਮਾਰਕ ਵੀ। ਹੁਣ ਐਂਡੀ ਦੀਆਂ ਅੱਖਾਂ ਬੰਦ ਸਨ। ਰਸਲ ਨੇ ਉਸ ਦੀ ਬਾਂਹ ਫੜੀ ਅਤੇ ਫਿਰ ਉਸ ਦੇ ਮੱਥੇ 'ਤੇ ਹੱਥ ਰੱਖਿਆ। ਉਸ ਦਾ ਸਰੀਰ ਨਿੱਘਾ ਸੀ। ਐਂਡੀ ਦਾ ਸਾਹ ਵੀ ਪਹਿਲਾਂ ਨਾਲੋਂ ਸੌਖਾ ਸੀ।

''ਮੈਨੂੰ ਤਾਂ ਲਗਦਾ ਪਾਪਾ ਨੂੰ ਦਵਾਈ ਨੇ ਫਾਇਦਾ ਕੀਤਾ। ਅੱਖਾਂ ਪਹਿਲਾਂ ਤਾਂ ਝਮਕੀਆਂ ਹੀ ਨਹੀਂ ਜਾਂਦੀਆਂ ਸਨ। ਸਰੀਰ ਵੀ ਨਿੱਘਾ ਐ।''

ਰਸਲ ਬਾਅਦ ਸਾਰਿਆਂ ਨੇ ਹੱਥ ਲਾ ਕੇ ਵੇਖਿਆ। ਸੂਜ਼ਨ ਉਸ ਦੀਆਂ ਬੰਦ ਅੱਖਾਂ ਤੋਂ ਹੀ ਘਬਰਾ ਗਈ ਸੀ। ਜਦ ਉਸ ਨੇ ਧਿਆਨ ਨਾਲ ਵੇਖਿਆ ਤਾਂ ਐਂਡੀ ਦੀ ਹਾਲਤ ਉਸ ਨੂੰ ਵੀ ਚੰਗੀ ਲੱਗੀ। ਸਾਰਿਆਂ ਦੇ ਚਿਹਰਿਆਂ 'ਤੇ ਭੋਰਾ ਕੁ ਰੌਣਕ ਜ਼ਰੂਰ ਆ ਗਈ ਸੀ। ਰਸਲ ਨੇ ਜੇਬ ਵਿਚੋਂ ਘੜੀ ਕੱਢ ਕੇ ਸਮਾਂ ਵੇਖਿਆ। ਦਵਾਈ ਦੇਣ ਵਿਚ ਅਜੇ ਇਕ ਘੰਟਾ ਬਾਕੀ ਸੀ। ਉਹ ਸਾਰੇ ਫਿਰ ਡਰਾਇੰਗ ਰੂਮ ਵਿਚ ਆ ਬੈਠੇ।

ਪਹਿਲਾਂ ਐਂਡੀ ਦੀ ਸਿਹਤ ਦੀਆਂ ਗੱਲਾਂ ਹੁੰਦੀਆਂ ਰਹੀਆਂ ਅਤੇ ਫਿਰ ਉਸ ਦੀ ਸਿਹਤਯਾਬੀ ਬਾਰੇ ਦੁਆਵਾਂ ਦਾ ਅਦਾਨ- ਪ੍ਰਦਾਨ ਹੋਣ ਲੱਗਾ। ਘਰ ਵਿਚ ਐਂਡੀ ਦੀ ਸਿਹਤ ਵਿਚ ਚੰਗੇ ਮੋੜ ਬਾਰੇ ਗੱਲਾਂ ਹੋਣ ਲੱਗੀਆਂ। ਸਾਰੇ ਘਰ ਵਿਚ ਹਲਕੀ ਜਿਹੀ ਖੁਸ਼ੀ ਫੈਲ ਗਈ। ਫਿਰ ਗੱਲਾਂ ਦਾ ਸਿਲਸਿਲਾ ਜੋਰਡਨ ਨੇ ਬਦਲ ਦਿੱਤਾ।

''ਅੱਜ ਮੈਂ ਇਕ ਨੌਜਵਾਨ ਇੰਡੀਅਨ ਪ੍ਰਿੰਸ ਨੂੰ ਸ਼ਾਹੀ ਬੱਘੀ ਵਿਚ ਵੇਖਿਆ। ਮੈਂ ਤਾਂ ਪਹਿਲਾਂ ਕੋਈ ਇੰਡੀਅਨ ਵੇਖਿਆ ਹੀ ਨਹੀਂ ਸੀ--।''

''ਪੰਜਾਬ 'ਤੇ ਬ੍ਰਿਟੇਨ ਦੇ ਕਬਜ਼ੇ ਬਾਅਦ ਉਥੋਂ ਦੇ ਰਾਜਕੁਮਾਰ ਨੂੰ ਏਥੇ ਲਿਆਂਦਾ ਗਿਆ ਐ ਤਾਂ ਜੋ ਪੰਜਾਬ ਦੇ ਲੋਕਾਂ ਤੋਂ ਉਸ ਨੂੰ ਦੂਰ ਰੱਖਿਆ ਜਾ ਸਕੇ--।'' ਰਸਲ ਨੇ ਜੋਰਡਨ ਦੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ ਆਪਣੀ ਗੱਲ ਕਰ ਦਿੱਤੀ।

''ਇਹ ਤਾਂ ਬੜੀ ਚੰਗੀ ਸੋਚੀ ਸਰਕਾਰ ਨੇ--।''

''ਪਰ ਇਕ ਸਵਾਲ ਐ ਸੋਚਣ ਵਾਲਾ।'' ਰਸਲ ਨੇ ਮਾਰਕ ਅਤੇ ਜੋਰਡਨ ਵੱਲ ਵੇਖਿਆ। ਮਾਰਕ ਅਤੇ ਜੋਰਡਨ ਦੋਵਾਂ ਦੀਆਂ ਨਜ਼ਰਾਂ ਉੱਤਸੁਕਤਾ ਨਾਲ ਉਸ 'ਤੇ ਜੰਮੀਆਂ ਹੋਈਆ ਸਨ।

''ਬ੍ਰਿਟੇਨ ਦੁਨੀਆਂ ਦੇ ਕਿੰਨੇ ਦੇਸ਼ਾਂ 'ਤੇ ਰਾਜ ਕਰ ਰਿਹਾ ਐ! ਪੰਜਾਬ ਅਮੀਰ ਰਾਜ ਸੀ। ਹੁਣ ਪੰਜਾਬ ਵੀ ਕਬਜ਼ੇ ਵਿਚ ਕਰ ਲਿਆ। ਫਿਰ ਵੀ ਬ੍ਰਿਟੇਨ ਦੇ ਲੋਕ ਭੁੱਖੇ ਮਰਦੇ ਐ। ਬਿਮਾਰੀਆਂ ਦਾ ਇਲਾਜ ਨਹੀਂ ਹੋ ਰਿਹਾ। ਬੱਚਿਆਂ ਲਈ ਪੜ੍ਹਾਈ ਦਾ ਚੰਗਾ ਪ੍ਰਬੰਧ ਨਹੀਂ। ਸਾਰਾ ਪੈਸਾ ਫਿਰ ਜਾਂਦਾ ਕਿਥੇ ਐ? ਸ਼ਾਇਦ ਕੁਝ ਕੁ ਲੋਕਾਂ ਦੀਆਂ ਜੇਬਾਂ ਵਿਚ--।''

ਰਸਲ ਦੀ ਕੰਪਨੀ ਮਾਰਕ ਨੂੰ ਕਦੇ ਵੀ ਚੰਗੀ ਨਹੀਂ ਸੀ ਲਗਦੀ। ਮਾਰਕ ਨੂੰ ਲਗਦਾ ਜਿਵੇਂ ਰਸਲ ਉਸ ਨੂੰ ਨਿਸ਼ਾਨਾ ਬਣਾ ਕੇ ਗੱਲ ਕਰਦਾ ਹੋਵੇ। ਜੋਰਡਨ ਨੇ ਕੋਈ ਵੀ ਜਵਾਬ ਦੇਣ ਤੋਂ ਗੁਰੇਜ਼ ਕੀਤਾ। ਉਹ ਉੱਠਣਾ ਚਾਹੁੰਦੇ ਸਨ। ਕੁਰਸੀ 'ਤੇ ਬੈਠਿਆਂ ਉਹ ਪਾਸੇ ਮਾਰ ਰਹੇ ਸਨ। ਅਖ਼ੀਰ ਮਾਰਕ ਉੱਠ ਖੜ੍ਹਾ ਹੋਇਆ।

''ਮੈਨੂੰ ਉਮੀਦ ਐ ਸਵੇਰ ਤੱਕ ਕੋਈ ਚੰਗੀ ਖ਼ਬਰ ਜ਼ਰੂਰ ਆਵੇਗੀ। ਤੇਰੇ ਨਾਲ ਗੱਲਾਂ ਕਰ ਕੇ ਬਹੁਤ ਚੰਗਾ ਲੱਗਾ। ਹੁਣ ਮੈਂ ਇਜਾਜ਼ਤ ਚਾਹਾਂਗਾ।'' ਉਸ ਨੇ ਰਸਲ ਨਾਲ ਹੱਥ ਮਿਲਾਉਣ ਲਈ ਅੱਗੇ ਕੀਤਾ।

''ਅੰਕਲ ਮਾਰਕ ਕੁਝ ਦੇਰ ਰੁਕੋ ਜਾਂ ਇਕ ਡਰਿੰਕ ਲੈ ਲਵੋ।''

''ਨਹੀਂ ਹੁਣ ਨਹੀਂ ਕਦੀ ਫੇਰ।'' ਰਸਲ ਨਾਲ ਹੱਥ ਮਿਲਾ ਕੇ ਉਸ ਨੇ ਜੋਰਡਨ ਨਾਲ ਹੱਥ ਮਿਲਾਇਆ। ਰਸਲ ਉਸ ਨੂੰ ਬੱਘੀ ਤੱਕ ਛੱਡਣ ਆਇਆ।

ਸਾਰਿਆਂ ਨੂੰ ਐਂਡੀ ਦੀ ਹਾਲਤ ਸਵੇਰ ਨਾਲੋਂ ਕੁਝ ਚੰਗੀ ਲੱਗ ਰਹੀ ਸੀ। ਨਰਸ ਦੇ ਆਉਣ ਦਾ ਵੇਲਾ ਹੋ ਗਿਆ ਸੀ। ਰਾਤ ਨੂੰ ਨਰਸ ਐਂਡੀ ਦੀ ਦੇਖ ਭਾਲ ਕਰਦੀ। ਨਰਸ ਆਈ ਤਾਂ ਸਾਰਾ ਪ੍ਰੀਵਾਰ ਖਾਣਾ ਖਾਣ ਲਈ

ਟੇਬਲ 'ਤੇ ਜੁੜ ਗਿਆ। ਟੇਬਲ 'ਤੇ ਬੱਚਿਆਂ ਨਾਲ ਗੱਲਾਂ ਹੁੰਦੀਆਂ ਰਹੀਆਂ। ਖਾਣਾ ਖਾ ਕੇ ਉਹ ਆਪਣੇ ਆਪਣੇ ਸੌਣ ਕਮਰਿਆਂ ਵਿਚ ਚਲੇ ਗਏ। ਸਵੇਰ ਨੂੰ ਛੇ ਵਜੇ ਸੂਜ਼ਨ ਐਂਡੀ ਦੇ ਕਮਰੇ ਵਿਚ ਚਲੀ ਗਈ। ਨਰਸ ਦੇ ਜਾਣ ਦਾ ਸਮਾਂ ਹੋ ਗਿਆ ਸੀ। ਨਰਸ ਵੀ ਉਡੀਕ ਰਹੀ ਸੀ। ਸੂਜ਼ਨ ਨੇ ਐਂਡੀ ਵੱਲ ਵੇਖਿਆ। ਉਸ ਦੀਆਂ ਅੱਖਾਂ ਬੰਦ ਸਨ। ਉਹ ਸ਼ਾਂਤ ਸੁੱਤਾ ਪਿਆ ਸੀ। ਸੂਜ਼ਨ ਪਲ ਕੁ ਵੇਖਦੀ ਰਹੀ ਤੇ ਫਿਰ ਉਸ ਨੇ ਐਂਡੀ ਦੇ ਮੱਥੇ 'ਤੇ ਹੱਥ ਰੱਖਿਆ। ਉਸ ਦੇ ਚਿਹਰੇ ਦਾ ਰੰਗ ਉੱਡ ਗਿਆ। ਉਸ ਨੇ ਐਂਡੀ ਦੀ ਛਾਤੀ 'ਤੇ ਹੱਥ ਰੱਖ ਕੇ ਵੇਖਿਆ। ਛਾਤੀ ਵਿਚ ਉਸ ਨੂੰ ਧੜਕਣ ਮਹਿਸੂਸ ਨਾ ਹੋਈ। ਸੂਜ਼ਨ ਨੂੰ ਵੇਖ ਕੇ ਨਰਸ ਵੀ ਐਂਡੀ ਵੱਲ ਨੂੰ ਲਪਕੀ। ਉਸ ਨੇ ਵੀ ਨਬਜ਼ ਚੈਕ ਕੀਤੀ।

ਐਂਡੀ ਪਤਾ ਨਹੀਂ ਕਿਸ ਵੇਲੇ ਸਭ ਨੂੰ ਵਿਛੋੜਾ ਦੇ ਗਿਆ ਸੀ।

## 15

ਜ਼ੋਜ਼ਿਫ ਘੋੜਿਆਂ ਦੇ ਖਰਖਰਾ ਫੇਰ ਅਤੇ ਤਬੇਲੇ ਵਿਚ ਬੰਨ੍ਹ ਕੇ ਐਲਨ ਦੇ ਰਹਾਇਸ਼ੀ ਘਰ ਵੱਲ ਚਲਾ ਗਿਆ। ਉਸ ਨੂੰ ਪਤਾ ਸੀ ਪੈਟ ਉਸ ਵੇਲੇ ਕਿਚਨ ਵਿਚ ਲੰਚ ਦੀ ਤਿਆਰੀ ਕਰ ਰਹੀ ਹੋਵੇਗੀ। ਰਸਤੇ ਵਿਚ ਉਹ ਐਲਨ ਦੀ ਕਹੀ ਗੱਲ ਬਾਰੇ ਸੋਚ ਰਿਹਾ ਸੀ। ਪੈਟ ਨਾਲ ਗੱਲ ਸਾਂਝੀ ਕਰਨ ਤੋਂ ਬਿਨਾਂ ਉਸ ਕੋਲ ਹੋਰ ਕੋਈ ਵੀ ਨਹੀਂ ਸੀ। ਕਿਚਨ ਵੱਲ ਗਿਆ ਤਾਂ ਪੈਟ ਉਸ ਨੂੰ ਵੇਖ ਕੇ ਮੁਸਕਰਾਈ। ਉਹ ਆਪਣੇ ਕੰਮ ਵਿਚ ਮਸਤ ਸੀ।

"ਪੈਟ ਕਹਿੰਦੇ ਆ ਕੱਲ੍ਹ ਨੂੰ ਜੇਮਜ਼ ਤੇ ਸਕੌਟ ਦਾ ਜਨਮ ਦਿਨ ਐ। ਉਹ ਤਾਂ ਹੁਣ ਦੋ-ਦੋ ਸਾਲਾਂ ਦੇ ਹੋ ਗਏ ਐ। ਫੇਰ ਆਹ ਜਨਮ ਦਿਨਨ--!" ਜੇਮਜ਼ ਤੇ ਸਕੌਟ ਦੋਵੇਂ ਐਲਨ ਅਤੇ ਜੈਨੀਫਰ ਦੇ ਜੌੜੇ ਬੇਟੇ ਸਨ।

"ਵੱਡੇ ਲੋਕ ਜਿਹੜੇ ਦਿਨ ਬੱਚਾ ਜੰਮਿਆ ਹੋਵੇ ਉਸ ਦਿਨ ਹਰ ਸਾਲ ਖੁਸ਼ੀ ਕਰਦੇ ਐ। ਇਹਨਾਂ ਬੱਚਿਆਂ ਦੀ ਵੀ ਪਾਰਟੀ ਕਰ ਰਹੇ ਐ।" ਪੈਟ ਨੇ ਇੰਝ ਮਾਣ ਨਾਲ ਕਿਹਾ ਜਿਵੇਂ ਉਸ ਨੂੰ ਜ਼ੋਜ਼ਿਫ ਨਾਲੋਂ ਢੇਰ ਵੱਧ ਗਿਆਨ ਹੋਵੇ।

"ਆਪਾਂ ਤਾਂ ਕਦੇ ਸੋਚਿਆ ਈ ਨੀ ਸੀ। ਸੋਚਦੇ ਵੀ ਕਿਵੇਂ ਆਪਾਂ ਨੂੰ ਤਾਂ ਨਿਆਣਿਆਂ ਦੇ ਢਿੱਡ ਭਰਨ ਦਾ ਫਿਕਰ ਰਹਿੰਦਾ ਸੀ। ਜਨਮ ਦੀ ਖੁਸ਼ੀ ਕਰਨ ਜੋਗੀ ਤਾਂ ਫੁਰਸਤ ਈ ਨੀ ਸੀ ਹੁੰਦੀ।" ਜ਼ੋਜ਼ਿਫ ਨੇ ਕਿਹਾ ਤਾਂ ਪੈਟ ਉਸ ਵੱਲ ਇੰਝ ਵੇਖਣ ਲੱਗੀ ਜਿਵੇਂ ਜੋਜ਼ਿਫ ਉਸ ਦੇ ਸਾਹਮਣੇ ਖੜ੍ਹਾ ਵੀ ਗੁਆਚ ਗਿਆ ਹੋਵੇ।

ਦਰਅਸਲ ਜ਼ੋਜ਼ਿਫ ਆਪਣੇ ਵਰਗੇ ਅਨੇਕਾਂ ਲੋਕਾਂ ਬਾਰੇ ਸੋਚ ਰਿਹਾ ਸੀ। ਜਿਹਨਾਂ ਦਾ ਕੰਮ ਲੱਗਿਆ ਹੁੰਦਾ ਤਾਂ ਉਹਨਾਂ ਦੀ ਤਨਖਾਹ ਲੱਗੀ ਹੁੰਦੀ। ਤਨਖਾਹ ਲੱਗੀ ਹੁੰਦੀ ਤਾਂ ਬੱਚਿਆਂ ਦਾ ਢਿੱਡ ਭਰ ਦਿੰਦੇ। ਕੰਮ ਟੁੱਟ ਜਾਂਦਾ ਤਾਂ ਬੱਚਿਆਂ ਦੀ ਭੁੱਖ ਸਤਾਉਂਦੀ ਰਹਿੰਦੀ। ਅਜਿਹੀ ਹਾਲਤ ਵਿਚ ਬੱਚਿਆਂ ਦੇ ਜਨਮ ਜਾਂ ਜਨਮ ਦੀ ਖੁਸ਼ੀ ਦਾ ਕੋਈ ਮਹੱਤਵ ਹੀ ਨਹੀਂ ਸੀ ਰਹਿ ਜਾਂਦਾ। ਸ਼ਾਇਦ ਹੀ ਕੋਈ ਮਜ਼ਦੂਰ ਹੋਵੇ ਜਿਸ ਨੂੰ ਅਜਿਹਾ ਸਮਾਂ ਨਾ ਕੱਟਣਾ ਪਿਆ ਹੋਵੇ।

"ਤੂੰ ਬਹੁਤਾ ਨਾ ਸੋਚ। ਕੱਲ੍ਹ ਨੂੰ ਚੰਗੀ ਵਾਈਨ ਦਾ ਗਲਾਸ ਤੈਨੂੰ ਵੀ ਜ਼ਰੂਰ ਮਿਲ ਜਾਊ।" ਪੈਟ ਨੇ ਹੱਸਦਿਆਂ ਜੋਜ਼ਿਫ ਨੂੰ ਕਿਹਾ ਅਤੇ ਪੇਸਟਰੀ ਉਸ ਦੇ ਹੱਥ ਫੜਾ ਦਿੱਤੀ।

ਅਗਲੇ ਦਿਨ ਸ਼ਾਮ ਨੂੰ ਮਹਿਫਲ ਜੁੜੀ ਤਾਂ ਐਲਨ ਦੇ ਉਹੀ ਸਾਥੀ ਸਨ। ਰਸਲ, ਲਿੰਨ ਅਤੇ ਕੁਝ ਹੋਰ ਜਿਹੜੇ ਉਸ ਦੇ ਸਿਆਸੀ ਮਿੱਤਰ ਸਨ। ਹੁਣ ਹਾਲਾਤ ਬਦਲ ਗਏ ਸਨ। ਜਿਲੀਅਨ ਹੁਣ ਬਹੁਤਾ ਬਾਹਰ ਅੰਦਰ ਜਾਣ ਜੋਗੀ ਨਹੀਂ ਸੀ ਰਹੀ। ਉਮਰ ਨੇ ਉਸ ਨੂੰ ਘਰ ਤੱਕ ਹੀ ਸੀਮਤ ਕਰ ਦਿੱਤਾ ਸੀ। ਸਮੈਂਥਾ ਦਾ ਵੀ ਇਹੋ ਹਾਲ ਸੀ। ਭਾਂਵੇਂ ਦੋਵਾਂ ਨੂੰ ਕੋਈ ਬਿਮਾਰੀ ਨਹੀਂ ਸੀ। ਬੱਸ ਬੁਢਾਪਾ ਹੀ ਬਿਮਾਰੀ ਸੀ। ਨਹੀਂ ਤਾਂ ਕੋਈ ਸਮਾਂ ਸੀ ਜਦ ਜਿਲੀਅਨ ਤੇ ਸਮੈਂਥਾ ਨੂੰ ਹਫ਼ਤਾ ਵੀ ਮਿਲੇ ਬਿਨਾਂ ਲੰਘਾਉਣਾ ਔਖਾ ਹੋ ਜਾਂਦਾ ਸੀ। ਐਲਨ ਦੇ ਮਿੱਤਰ ਬਦਲ ਗਏ ਸਨ। ਰਸਲ ਨਾਲ ਅਲੀਜ਼ਾ ਆਈ ਤੇ ਬੱਚੇ ਵੀ। ਜਿਲੀਅਨ, ਅਲੀਜ਼ਾ ਨਾਲ ਸਮੈਂਥਾ ਬਾਰੇ ਵੱਧ ਅਤੇ ਹੋਰ ਕਿਸੇ ਬਾਰੇ ਘੱਟ ਗੱਲਾਂ ਕਰਦੀ।

ਵਾਈਨ ਦਾ ਦੌਰ ਚੱਲ ਪਿਆ ਸੀ। ਸਧਾਰਨ ਗੱਲਾਂ ਨੇ ਸਿਆਸੀ ਮੋੜ ਲੈ ਲਿਆ। ਮਹਾਰਾਜਾ ਦਲੀਪ ਸਿੰਘ ਬਾਰੇ ਖ਼ਬਰਾਂ ਅਖ਼ਬਾਰਾਂ ਵਿਚ ਆਉਂਦੀਆਂ ਰਹਿੰਦੀਆਂ। ਉਹ ਸ਼ਾਹੀ ਪਾਰਟੀਆਂ ਵਿਚ ਮਹਿਮਾਨ ਹੁੰਦਾ। ਭਾਰਤ ਤੋਂ ਆ ਕੇ ਦਲੀਪ ਸਿੰਘ ਇੰਗਲੈਂਡ ਵਿਚ ਰਹਿ ਕੇ ਅੰਗਰੇਜ਼ੀ ਰਹਿਣ-ਸਹਿਣ ਦਾ ਆਦੀ ਹੋ ਗਿਆ ਸੀ। ਬਹੁਤ ਦੇਰ ਪਹਿਲਾਂ ਉਸ ਨੇ ਸਿੱਖ ਧਰਮ ਤੋਂ ਕਿਨਾਰਾ ਕਰਕੇ ਕ੍ਰਿਸਚੀਅਨ ਧਰਮ ਅਪਣਾ ਲਿਆ। ਬ੍ਰਿਟੇਨ ਵਿਚ ਰਹਿੰਦਿਆਂ ਉਸ ਦਾ ਰਹਿਣ-ਸਹਿਣ ਤਕਰੀਬਨ ਸ਼ਾਹੀ ਸੀ। ਉਸ ਨੂੰ ਸਰਕਾਰ ਨੇ ਵੱਡੀ ਸਲਾਨਾ ਪੈਨਸ਼ਨ ਦਿੱਤੀ ਸੀ ਜਿਸ ਵਿਚ ਉਹ ਸ਼ਾਹੀ ਖਰਚੇ ਕਰ ਸਕਦਾ ਸੀ।

ਭਾਰਤ ਵਿਚ ਸਰਕਾਰ ਨੇ ਸਿੱਖਾਂ ਨਾਲ ਚੰਗੇ ਸਬੰਧ ਬਣਾ ਲਏ ਸਨ ਅਤੇ ਬਹੁਤ ਸਾਰੇ ਸਿੱਖਾਂ ਨੂੰ ਫੌਜ ਵਿਚ ਭਰਤੀ ਕਰ ਲਿਆ ਸੀ। 1857 ਦਾ ਸਾਲ ਅੰਗਰੇਜ਼ ਸਰਕਾਰ ਲਈ ਭਾਰਤ ਵਿਚ ਚੰਗਾ ਨਹੀਂ ਸੀ ਚੜ੍ਹਿਆ। ਕੁਝ ਸਮਝਦਾਰ ਤਬਕੇ ਦੇ ਦਿਲਾਂ ਵਿਚ ਸੁਲਗਦੀ ਬਗਾਵਤ ਨੂੰ ਫੁੱਟਣ ਦਾ ਬਹਾਨਾ ਮਿਲ ਗਿਆ ਸੀ। ਫੌਜ ਵਿਚ ਬਗਾਵਤ ਹੋ ਗਈ ਤੇ ਵੱਖ ਵੱਖ ਥਾਵਾਂ 'ਤੇ ਭਾਰਤੀ ਫੌਜੀਆਂ ਨੇ ਗੋਰਿਆ ਵਿਰੁੱਧ ਬਗਾਵਤ ਕਰਕੇ ਕੁਝ ਗੋਰਿਆਂ ਨੂੰ ਮਾਰ ਦਿੱਤਾ ਸੀ। ਬਗਾਵਤ ਦਾ ਕਾਰਣ ਵੀ ਨਵੀਆਂ ਬੰਦੂਕਾਂ ਦੀਆਂ ਗੋਲੀਆਂ ਸਨ ਜਿਹਨਾਂ ਨੂੰ ਸੂਰ ਅਤੇ ਗਾਂ ਦੀ ਚਰਬੀ ਲੱਗੀ ਹੋਈ ਸੀ। ਹਿੰਦੂ ਗਊ ਨਹੀਂ ਖਾਂਦੇ ਸਨ ਤੇ ਮੁਸਲਮਾਨਾਂ ਲਈ ਸੂਰ ਹਰਾਮ ਸੀ। ਗੱਲ ਇਥੋਂ ਭਵਕ ਪਈ। ਅਜਿਹੀਆਂ ਖ਼ਬਰਾਂ ਨੇ ਲੰਡਨ ਦੇ ਅਖ਼ਬਾਰਾਂ ਵਿਚ ਤਰਥੱਲੀ ਮਚਾ ਦਿੱਤੀ ਸੀ। ਬਗਾਵਤ ਕੁਚਲ ਦਿੱਤੀ ਗਈ ਸੀ ਪਰ ਬਗਾਵਤ ਸਬੰਧੀ ਗੱਲਾਂ ਅਜੇ ਪੁਰਾਣੀਆਂ ਨਹੀਂ ਸਨ ਹੋਈਆ।

"ਈਸਟ ਇੰਡੀਆ ਕੰਪਨੀ ਤੋਂ ਸਰਕਾਰ ਨੇ ਇੰਡੀਆ ਦਾ ਚਾਰਜ ਆਪ ਲੈ ਕੇ ਚੰਗਾ ਕੀਤਾ। ਮਹਾਰਾਣੀ ਵਿਕਟੋਰੀਆਂ ਨੂੰ ਇੰਡੀਆ ਦੀ ਵੀ ਮਲਕਾ ਬਣਾ ਦਿੱਤਾ।" ਲਿੰਨ ਜਿਹੜਾ ਸਿਆਸਤ ਵਿਚ ਬਹੁਤੀ ਦਿਲਚਸਪੀ ਨਹੀਂ ਸੀ ਰਖਦਾ, ਉਸ ਨੇ ਪਤਾ ਨਹੀਂ ਕਿਵੇਂ ਇਹ ਵਿਸ਼ਾ ਛੋਹ ਲਿਆ।

"ਜੋ ਬੇਗੁਨਾਹ ਅੰਗਰੇਜ਼ ਲੋਕਾਂ ਨਾਲ ਬਗਾਵਤੀਆਂ ਨੇ ਕੀਤਾ ਉਸ ਦੇ ਜ਼ਖਮ ਅਜੇ ਵੀ ਤਾਜ਼ਾ ਐ। ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਸੀ ਤੇ ਕੀਤੀ ਵੀ। ਹੁਣ ਅੱਗੇ ਨੂੰ ਉਹਨਾਂ ਨੂੰ ਕੰਨ ਹੋ ਜਾਣਗੇ।" ਐਲਨ ਦਾ ਇਕ ਨਵਾਂ ਦੋਸਤ ਬੋਲਿਆ। ਬਹਿਸ ਭਖਦੀ ਗਈ। ਬਹੁਤਿਆਂ ਨੇ ਭਾਰਤੀਆਂ ਨੂੰ ਰੱਜ ਕੇ ਭੰਡਿਆ।

'ਬੇਗੁਨਾਹ ਔਰਤਾਂ ਨੂੰ ਰੇਪ ਕਰਨਾ, ਬੱਚਿਆਂ ਦਾ ਕਤਲ ਕਰਨਾ ਇਹ ਜੰਗਲੀ ਲੋਕ ਈ ਕਰ ਸਕਦੇ ਐ।'

'ਜਿਸ ਕੌਮ ਨੂੰ ਰਹਿਣ-ਸਹਿਣ ਦੀ ਅਕਲ ਨਾ ਹੋਵੇ ਉਸ ਤੋਂ ਕੀ ਉਮੀਦ ਰੱਖੀ ਜਾ ਸਕਦੀ ਐ? ਅੰਗਰੇਜ਼ ਸਰਕਾਰ ਨੇ ਸੜਕਾਂ ਬਣਾਈਆਂ, ਨਹਿਰਾਂ ਕੱਢੀਆਂ, ਹੁਣ ਸਕੂਲ ਬਣਾ ਰਹੇ ਐ। ਰੇਲਵੇ ਬਣਾ ਰਹੇ ਐ। ਉਹਨਾਂ ਬੇਅਕਲਾਂ ਨੂੰ ਤਰੱਕੀ ਨੀ ਦਿਸਦੀ--?" ਲਿੰਨ ਉੱਚੀ ਆਵਾਜ਼ ਵਿਚ ਬੋਲ ਰਿਹਾ ਸੀ।

"ਦੋਸਤੋ ਮੈਂ ਵੀ ਕੁਝ ਕਹਿ ਸਕਦਾ ਆਂ।" ਰਸਲ ਨੇ ਖੰਘੂਰਾ ਮਾਰ ਕੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਦਿਆਂ ਕਿਹਾ। ਸਾਰੇ ਚੁੱਪ ਹੋ ਗਏ ਅਤੇ ਉਸ ਵੱਲ ਵੇਖਣ ਲੱਗੇ। ਐਲਨ ਅੱਜ ਦੀ ਮਹਿਫਲ ਵਿਚ ਚੁੱਪ ਹੀ ਸੀ।

"ਦੋਸਤੋ, ਤੁਸੀਂ ਅਸੀਂ ਤੇ ਸਾਰਾ ਯੂਰਪ ਆਜ਼ਾਦ ਐ। ਭਾਰਤੀਆਂ ਨੂੰ ਵੀ ਆਜ਼ਾਦ ਹੋਣ ਦਾ ਹੱਕ ਐ। ਆਪਣੀ ਕਿਸਮਤ ਆਪ ਘੜਨ ਦਾ ਹੱਕ ਐ। ਇਹ ਬਗਾਵਤ ਨਹੀਂ ਸਗੋਂ ਭਾਰਤੀਆਂ ਦੀ ਆਜ਼ਾਦੀ ਲਈ ਪਹਿਲੀ ਜੰਗ ਸੀ।" ਰਸਲ ਨੇ ਵੇਖਿਆ ਬਾਕੀਆਂ ਦੇ ਚਿਹਰੇ ਜਿਵੇਂ ਤਾਂਬੇ ਰੰਗੇ ਹੋ ਗਏ ਹੋਣ।

"ਆਜ਼ਾਦੀ ਲਈ ਔਰਤਾਂ ਦਾ ਰੇਪ ਕਰਨਾ ਤੇ ਬੱਚਿਆਂ ਦਾ ਕਤਲ!"

"ਗੁੱਸੇ ਨਾ ਹੋਵੋ। ਮੈਨੂੰ ਇਸ ਦੀ ਖੁਸ਼ੀ ਨਹੀਂ। ਤੁਹਾਡੇ ਜਿੰਨਾ ਈ ਅਫ਼ਸੋਸ ਮੈਨੂੰ ਵੀ ਐ। ਅੰਗਰੇਜ਼ਾਂ ਨੇ ਜੋ ਬੀਜਿਆ ਉਹੀ ਵੱਢਿਆ। ਬਥੇਰੇ ਅੰਗਰੇਜ਼ ਭਾਰਤੀ ਔਰਤਾਂ ਦਾ ਰੇਪ ਕਰਦੇ ਐ। ਐਲਨ ਉਥੇ ਰਹਿ ਕੇ ਆਇਆ। ਇਸ ਨੂੰ ਜ਼ਰੂਰ ਪਤਾ ਹੋਣਾ। 'ਇਨਸਾਫ ਪਸੰਦ' ਅੰਗਰੇਜ਼ਾਂ ਨੇ ਵੀ ਘੱਟ ਨੀ ਕੀਤੀ। ਬਗਾਵਤ ਤੋਂ ਬਾਅਦ ਪਿੰਡਾਂ ਦੇ ਪਿੰਡ ਸਾੜ ਦਿੱਤੇ। ਉਥੇ ਵੀ ਬੱਚੇ ਬੁੱਢੇ ਔਰਤਾਂ ਸ਼ਾਮਲ ਸਨ। ਬੇਗੁਨਾਹ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ। ਕੋਈ ਅਜਿਹਾ ਜ਼ੁਰਮ ਨਹੀਂ ਜੋ ਸਰਕਾਰ ਨੇ ਨਾ ਕੀਤਾ ਹੋਵੇ।"

ਰਸਲ ਨੇ ਬਹੁਤ ਥੋੜੇ ਲੋਕਾਂ ਦੇ ਵਿਚਾਰ ਰੱਖੇ ਜੋ ਭਾਰਤ ਵਿਚ ਅੰਗਰੇਜ਼ ਸਰਕਾਰ ਦੇ ਖਿਲਾਫ ਸਨ ਤਾਂ ਕੁਝ ਲੋਕਾਂ ਦੇ ਕੁਝ ਸਮੇਂ ਲਈ ਜਿਵੇਂ ਦੰਦਲ ਪੈ ਗਈ ਹੋਵੇ। ਟਰੇਡ ਯੂਨੀਅਨ ਅਤੇ ਹੋਰ ਅਗਾਂਹਵਧੂ ਵਿਚਾਰਾਂ ਵਾਲੇ ਲੋਕ ਇਸ ਨੂੰ ਲੋਕਾਂ ਦੀ ਆਜ਼ਾਦੀ ਲਈ ਲੜਾਈ ਹੀ ਦਸਦੇ ਸਨ। ਖ਼ਬਰਾਂ ਤਾਂ ਉਹੀ ਛਪਦੀਆਂ ਸਨ ਜੋ ਸਰਕਾਰ ਚਾਹੁੰਦੀ ਸੀ। ਯੂ ਕੇ ਦੀਆਂ ਟਰੇਡ ਯੂਨੀਅਨਾਂ ਨੇ ਭਾਰਤੀ ਲੋਕਾਂ ਦੀ ਆਜ਼ਾਦੀ ਲਈ ਲੜਾਈ ਤੋਂ ਪ੍ਰਭਾਵਤ ਹੋ ਕੇ ਆਪਣੀ ਆਜ਼ਾਦੀ ਲਈ ਲੜਾਈ ਲੜਨ ਦਾ ਨਾਹਰਾ ਦਿੱਤਾ। ਲਿੰਨ ਵਰਗੇ ਸਰਮਾਏਦਾਰਾਂ ਲਈ ਇਹ ਖਤਰੇ ਦੀ ਘੰਟੀ ਸੀ।

ਲਿੰਨ ਹੁਣ ਬਹੁਤਾ ਲੰਡਨ ਰਹਿੰਦਾ। ਬੱਚੇ ਉਸ ਨੇ ਲੰਡਨ ਵਿਚ ਹੀ ਪੜ੍ਹਨ ਪਾ ਦਿੱਤੇ ਸਨ। ਮਾਰਕ ਵੀ ਹੁਣ ਬਹੁਤਾ ਬਾਹਰ ਅੰਦਰ ਜਾਣ ਜੋਗਾ ਨਹੀਂ ਸੀ ਰਿਹਾ। ਕੰਮ ਦੇ ਸਿਲਸਿਲੇ ਵਿਚ ਲਿੰਨ ਟਰੇਨ 'ਤੇ ਮਾਨਚੈਸਟਰ ਆਉਂਦਾ ਜਾਂਦਾ ਰਹਿੰਦਾ।

"ਭਾਰਤ ਦੀ ਅੰਗਰੇਜ਼ ਸਰਕਾਰ ਨੇ ਮਾਨਚੈਸਟਰ ਤੇ ਲਿਵਰਪੂਲ ਦੀਆਂ ਕੱਪੜਾ ਮਿੱਲਾਂ ਚਲਾਉਣ ਲਈ ਭਾਰਤੀ ਕਿਸਾਨ ਨੂੰ ਕਪਾਹ ਦੀ ਕਾਸ਼ਤ ਕਰਨ ਲਈ ਮਜ਼ਬੂਰ ਕੀਤਾ। ਲੱਖਾਂ ਲੋਕ ਪਿਛਲੇ ਕੁਝ ਕੁ ਸਾਲਾਂ ਵਿਚ ਭੁੱਖ ਨਾਲ

ਮਰ ਗਏ ਅਤੇ ਮਰ ਰਹੇ ਹਨ। ਅਨਾਜ ਦੀ ਘਾਟ ਨੂੰ ਵੇਖਦਿਆਂ ਹੋਇਆਂ ਵੀ ਸਰਕਾਰ ਨੇ ਅੱਖਾਂ ਬੰਦ ਰੱਖੀਆਂ। ਗਰੀਬ ਲੋਕਾਂ ਦੀਆਂ ਜਾਨਾਂ ਨਹੀਂ ਦਿਸਦੀਆਂ ਪਰ ਸਰਮਾਏਦਾਰਾਂ ਦੀਆਂ ਮਿੱਲਾਂ ਦਾ ਫਿਕਰ ਐ।''

ਰਸਲ ਥੋੜਾ ਭਾਵੁਕ ਹੋ ਗਿਆ ਸੀ। ਐਲਨ ਨੇ ਉਸ ਦੇ ਮੋਢੇ 'ਤੇ ਹੱਥ ਰੱਖਿਆ। ਉਸ ਨੇ ਲਿੰਨ ਦੇ ਚਿਹਰੇ ਦਾ ਬਦਲਦਾ ਰੰਗ ਵੇਖ ਲਿਆ ਸੀ। ਰਸਲ ਨੇ ਘੁੱਟ ਭਰ ਕੇ ਗਲਾਸ ਰੱਖ ਦਿੱਤਾ ਤਾਂ ਐਲਨ ਨੂੰ ਕਿਸੇ ਦੂਜੇ ਦੋਸਤ ਨੇ ਸਵਾਲ ਕਰ ਕੇ ਵਿਸ਼ੇ ਨੂੰ ਬਦਲ ਦਿੱਤਾ।

''ਐਲਨ ਐਤਕੀ ਚੋਣਾਂ 'ਚ ਟਿਕਟ ਮਿਲਣ ਦੀ ਉਮੀਦ ਹੈ ਕਿ ਪਿਛਲੀ ਵਾਰ ਵਾਂਗ ਕੱਟ ਈ ਲੱਗੂ?

''ਆਪਾਂ ਤਾਂ ਕੋਸ਼ਿਸ਼ ਕਰ ਸਕਦੇ ਆਂ ਤੇ ਕਰੀ ਜਾ ਰਹੇ ਆਂ। ਸਿਆਸਤ ਤਾਂ ਤਿਲਕਣਬਾਜੀ ਹੁੰਦੀ ਐ। ਦੇਖੋ ਉਸ ਤਿਲਕਣਬਾਜੀ ਤੋਂ ਕੌਣ ਬਚਦਾ ਤੇ ਕੌਣ ਤਿਲਕਦਾ ਐ---।'' ਗੱਲਾਂ ਇਕ ਵਿਸ਼ੇ ਤੋਂ ਦੂਜੇ ਵਿਸ਼ੇ ਵੱਲ ਮੋੜ ਕੱਟਦੀਆਂ ਅਤੇ ਵਿਚੇ ਹਾਸਾ-ਠੱਠਾ ਵੀ ਚੱਲੀ ਜਾਂਦਾ।

ਅਗਲੇ ਦਿਨ ਨਾਸ਼ਤੇ ਬਾਅਦ ਐਲਨ ਆਪਣੀ ਸਟੱਡੀ ਵਿਚ ਜਾ ਬੈਠਾ। ਉਸ ਨੇ ਪੁਰਾਣੇ ਘਰ ਦਾ ਨਕਸ਼ਾ ਕੁਝ ਬਦਲ ਦਿੱਤਾ ਸੀ। ਇਕ ਕਮਰਾ ਉਸ ਨੇ ਮੁੱਖ ਸੜਕ ਵੱਲ ਖੁੱਲ੍ਹਦਾ ਰੱਖ ਲਿਆ ਅਤੇ ਉਸ ਵਿਚ ਹੀ ਉਸ ਨੇ ਸਟੱਡੀ ਬਣਾ ਲਈ। ਨਾਲ ਲਗਦੇ ਇਕ ਹੋਰ ਕਮਰੇ ਦੀ ਕੰਧ ਵਿਚ ਦਰਵਾਜ਼ਾ ਕੱਢਕੇ ਉਸ ਕਮਰੇ ਨੂੰ ਮਹਿਮਾਨਾਂ ਲਈ ਬੈਠਣ ਵਾਲਾ ਕਮਰਾ ਬਣਾ ਲਿਆ। ਦਰਵਾਜ਼ੇ ਵਿਚ ਉਸ ਨੇ ਸ਼ੀਸ਼ਾ ਲਗਵਾ ਲਿਆ ਸੀ ਤਾਂ ਕਿ ਆਉਣ ਵਾਲੇ ਬੰਦੇ ਦਾ ਉਸ ਨੂੰ ਪਤਾ ਲਗਦਾ ਰਹੇ। ਐਲਨ ਹਫ਼ਤੇ ਵਿਚ ਦੋ ਵਾਰ ਇਹਨਾਂ ਕਮਰਿਆਂ ਵਿਚ ਬੈਠਦਾ ਅਤੇ ਲੋਕਾਂ ਨੂੰ ਮਿਲਦਾ। ਉਸ ਹਲਕੇ ਦੇ ਬੁੱਢੇ ਐ ਪੀ ਨੇ ਰਿਟਾਇਰਮੈਂਟ ਦਾ ਐਲਾਨ ਕਰ ਦਿੱਤਾ ਸੀ। ਅਗਲੀਆਂ ਚੋਣਾਂ ਲਈ ਨਵੇਂ ਉਮੀਦਵਾਰ ਦੀ ਭਾਲ ਸੀ। ਇਸ ਦਾ ਫੈਸਲਾ ਤਾਂ ਭਾਂਵੇ ਬਾਅਦ ਵਿਚ ਹੋਣਾ ਸੀ ਪਰ ਐਲਨ ਤੋਂ ਬਿਨਾਂ ਹੋਰ ਕੋਈ ਉਮੀਦਵਾਰ ਉਸ ਤੋਂ ਚੰਗਾ ਨਹੀਂ ਸੀ ਦਿਸਦਾ। ਬਹੁਤੇ ਲੋਕ ਐਲਨ ਨੂੰ ਮਿਲਣ ਆਉਣ ਲੱਗੇ ਸਨ। ਅੱਜ ਅਚਾਨਕ ਇਕ ਬੰਦਾ ਆਇਆ ਤਾਂ ਐਲਨ ਨੂੰ ਹੈਰਾਨੀ ਹੋਈ। ਉਸ ਬੰਦੇ ਨੂੰ ਐਲਨ ਨੇ ਪਹਿਲਾਂ ਕਦੀ ਵੀ ਨਹੀਂ ਸੀ ਵੇਖਿਆ। ਐਲਨ ਨੇ ਉਸ ਨੂੰ ਆਪਣੇ ਕਮਰੇ ਵਿਚ ਸੱਦ ਲਿਆ।

''ਹੈਲੋ ਸਰ, ਮੈਂ ਕ੍ਰਿਸ ਫਾਲਿਨ ਇੰਜਨੀਅਰਿੰਗ ਟਰੇਡ ਯੂਨੀਅਨ ਦਾ ਜਨਰਲ ਸੈਕਟਰੀ।'' ਮਹਿਮਾਨ ਨੇ ਆਪਣੀ ਜਾਣ ਪਛਾਣ ਕਰਵਾਈ।

''ਖੁਸ਼ੀ ਹੋਈ ਤੁਹਾਨੂੰ ਮਿਲ ਕੇ।'' ਰਸਮੀ ਹੱਥ ਮਿਲਾ ਕੇ ਐਲਨ ਕੁਰਸੀ 'ਤੇ ਬੈਠ ਗਿਆ। ਮਨੋ ਮਨ ਉਹ ਹੈਰਾਨ ਹੋ ਰਿਹਾ ਸੀ।

''ਮਿਸਟਰ ਫਾਲਿਨ ਦੱਸੋ ਮੈਂ ਤੁਹਾਡੀ ਕੀ ਮਦਦ ਕਰ ਸਕਦਾਂ?'' ਐਲਨ ਨੇ ਆਪਣੀ ਹੈਰਾਨੀ ਨੂੰ ਲੁਕਾਉਂਦਿਆਂ ਪੁੱਛਿਆ।

''--- ਨਵੀਆਂ ਚੋਣਾਂ ਵੀ ਜਲਦੀ ਹੋਣ ਵਾਲੀਆਂ ਤੇ ਸਾਨੂੰ ਉਮੀਦ ਐ ਤੁਸੀਂ ਹੀ ਨਵੇਂ ਐਮ ਪੀ ਬਣੋਗੇ।''

''ਮਿਹਰਬਾਨੀ, ਵੈਸੇ ਅਜੇ ਪਾਰਟੀ ਨੇ ਕੋਈ ਫੈਸਲਾ ਨਹੀਂ ਕੀਤਾ। ਫਿਰ ਵੀ ਤੁਸੀਂ ਦੱਸੋ ਜੇ ਮੈਂ ਕੋਈ ਮਦਦ ਕਰ ਸਕਦਾ ਹੋਇਆ ਤਾਂ ਜ਼ਰੂਰ ਕਰਾਂਗਾ।'' ਐਲਨ ਉਸ ਬੰਦੇ ਨੂੰ ਸੁਣਨ ਦਾ ਇੱਛਕ ਸੀ।

''ਦੇਖੋ ਸਾਡੀ ਟਰੇਡ ਯੂਨੀਅਨ ਦੇ ਤਕਰੀਬਨ ਇਕ ਲੱਖ ਤੋਂ ਵੱਧ ਮੈਂਬਰ ਐ ਤੇ ਦਿਨੋ ਦਿਨ ਹੋਰ ਮੈਂਬਰ ਬਣ ਰਹੇ ਐ। ਵੈਸੇ ਕਾਰਖਾਨੇਦਾਰਾਂ ਵੱਲੋਂ ਲੋਕਾਂ ਵਿਚ ਅਜਿਹਾ ਪ੍ਰਚਾਰ ਕੀਤਾ ਜਾਂਦਾ ਜਿਵੇਂ ਟਰੇਡ ਯੂਨੀਅਨ ਬਣਾਉਣ ਦਾ ਮਤਲਬ ਨਿਗੂਣੀਆਂ ਗੱਲਾਂ 'ਤੇ ਹੜਤਾਲ ਕਰਨਾ ਹੀ ਹੋਵੇ। ਮੈਨੂੰ ਨਹੀਂ ਪਤਾ ਤੁਹਾਡੇ ਵਿਚਾਰ ਇਸ ਸਬੰਧੀ ਕੀ ਨੇ?''

ਕ੍ਰਿਸ ਨੇ ਧਿਆਨ ਨਾਲ ਐਲਨ ਵੱਲ ਵੇਖਿਆ। ਐਲਨ ਕੁਝ ਕਹਿਣਾ ਨਹੀਂ ਚਾਹੁੰਦਾ ਸੀ। ਦਿਲੋਂ ਉਹ ਕ੍ਰਿਸ ਵੱਲੋਂ ਕਹੇ ਸ਼ਬਦਾਂ ਨਾਲ ਕਿਸੇ ਹੱਦ ਤੱਕ ਸਹਿਮਤ ਸੀ। ਇਸ ਵੇਲੇ ਉਹ ਸਿਰਫ ਉਸ ਦੀ ਰਾਇ ਜਾਣਨੀ ਚਾਹੁੰਦਾ ਸੀ। ਕ੍ਰਿਸ ਨੇ ਜਿਸ ਅੰਦਾਜ਼ ਨਾਲ ਉਸ ਵੱਲ ਵੇਖਿਆ ਸੀ, ਕੁਝ ਨਾ ਕੁਝ ਕਹਿਣਾ ਉਸ ਦੀ ਮਜ਼ਬੂਰੀ ਬਣ ਗਈ।

''ਮਿਸਟਰ ਫਾਲਿਨ ਕਈ ਵਾਰ ਲੋਕਾਂ ਨੂੰ ਸਹੀ ਗਿਆਨ ਨਹੀਂ ਹੁੰਦਾ। ਕ੍ਰਿਪਾ ਕਰਕੇ ਤੁਸੀਂ ਆਪਣੀ ਗੱਲ ਜ਼ਾਰੀ ਰੱਖੋ।'' ਐਲਨ ਨੇ ਨਰਮੀ ਨਾਲ ਡਿਪਲੋਮੈਟਿਕ ਜਵਾਬ ਦਿੱਤਾ।

''ਦਰਅਸਲ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਮਾਲਕ ਨਹੀਂ ਸਮਝਦੇ ਜਾਂ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ ਤੇ ਬਹੁਤ ਵਾਰ ਮਜ਼ਦੂਰ ਵੀ ਮਾਲਕਾਂ ਨੂੰ ਸੁਣਨ ਲਈ ਤਿਆਰ ਨਹੀਂ ਹੁੰਦੇ।''

''ਫੇਰ ਇਸ ਦਾ ਹੱਲ ਕੀ ਐ--?'' ਐਲਨ ਨੂੰ ਕ੍ਰਿਸ ਦੀਆਂ ਗੱਲਾਂ ਵਿਚ ਦਿਲਚਸਪੀ ਜਾਗ ਪਈ ਸੀ।

"ਦੇਖੋ ਇੰਗਲੈਂਡ ਇੰਡਸਰੀਅਲ ਉਤਪਾਦਨ ਵਿਚ ਦੁਨੀਆਂ ਦਾ ਲੀਡਰ ਐ। ਪਿਛਲੇ ਕਈ ਸਾਲਾਂ ਵਿਚ ਇੰਗਲੈਂਡ ਦੀ ਅਤੇ ਸਮੁੱਚੇ ਬ੍ਰਿਟੇਨ ਦੀ ਆਰਥਿਕਤਾ ਵਿਚ ਤੇਜ਼ੀ ਨਾਲ ਵਾਧਾ ਹੋਇਆ ਤੇ ਹੋ ਰਿਹਾ ਐ। ਜੇ ਇੰਡਸਟਰੀ ਅਤੇ ਉਤਪਾਦਨ ਵਧ ਰਿਹਾ ਤਾਂ ਕਾਮੇ ਵੀ ਵਧ ਰਹੇ ਐ। ਮਾਲਕਾਂ ਦਾ ਮੁਨਾਫਾ ਵੀ ਵਧ ਰਿਹਾ। ਲੋਕਾਂ ਦੀਆਂ ਲੋੜਾਂ ਵਿਚ ਤਬਦੀਲੀ ਆ ਰਹੀ ਐ। ਬਦਲਦੇ ਹਾਲਾਤ ਨਾਲ ਮਜ਼ਦੂਰਾਂ ਦੀਆਂ ਲੋੜਾਂ ਵੀ ਬਦਲ ਰਹੀਆਂ ਤੇ ਉਹਨਾਂ ਅਨੁਸਾਰ ਹੀ ਮੰਗਾਂ ਵੀ।" ਇਕ ਵਾਰ ਫਿਰ ਕ੍ਰਿਸ ਨੇ ਐਲਨ ਵੱਲ ਧਿਆਨ ਨਾਲ ਵੇਖਿਆ। ਐਲਨ ਨੇ ਸਹਿਮਤੀ ਵਿਚ ਆਪਣਾ ਸਿਰ ਹਿਲਾਇਆ।

"ਜਿਵੇਂ ਬੱਚਿਆਂ ਤੋਂ ਵੀ ਬਾਲਗਾਂ ਵਾਂਗ ਹੀ ਕੰਮ ਲਿਆ ਜਾਂਦਾ ਸੀ। ਸਿੱਟੇ ਵਜੋਂ ਕਿੰਨੀਆਂ ਹੀ ਦੁਰਘਟਨਾਵਾਂ ਹੋ ਜਾਂਦੀਆਂ ਸਨ। ਟਰੇਡ ਯੂਨੀਅਨਾਂ ਨੇ ਇਸ ਮਸਲੇ ਨੂੰ ਉਠਾਇਆ ਤੇ ਸਰਕਾਰ ਨੇ ਘੱਟੋ ਘੱਟ ਉਮਰ ਅਤੇ ਕੰਮ ਕਰਨ ਦੇ ਘੰਟਿਆਂ ਸਬੰਧੀ ਕਨੂੰਨ ਬਣਾ ਦਿੱਤਾ। ਹੁਣ ਦੁਰਘਟਨਾਵਾਂ ਘਟ ਗਈਆਂ ਹਨ। ਇਸੇ ਤਰ੍ਹਾਂ ਹੁਣ ਅਸੀਂ ਮਹਿਸੂਸ ਕਰਦੇ ਹਾਂ ਕੰਮ ਦੇ ਘੰਟੇ ਘਟਾ ਕੇ ਦਸ ਘੰਟੇ ਦਾ ਦਿਨ ਤਹਿ ਹੋਵੇ।" ਕ੍ਰਿਸ ਬਹੁਤ ਵਿਸ਼ਵਾਸ਼ ਨਾਲ ਬੋਲ ਰਿਹਾ ਸੀ। ਐਲਨ ਨੇ ਥੋੜੀ ਬੇਅਰਾਮੀ ਮਹਿਸੂਸ ਕੀਤੀ।

"ਦਸ ਘੰਟੇ ਦਾ ਦਿਨ ਕਾਰਖਾਨੇਦਾਰ ਤਾਂ ਹੀ ਮੰਨਣਗੇ ਜੇ ਮਜ਼ਦੂਰਾਂ ਦੀ ਤਨਖਾਹ ਵੀ ਘਟਾਈ ਜਾਵੇ।"

"ਗੱਲ ਕੰਮ ਦੇ ਘੰਟਿਆਂ ਦੀ ਹੀ ਨਹੀਂ। ਨਾਲੋ ਨਾਲ ਉਤਪਾਦਨ ਦੀ ਵੀ ਐ ਅਤੇ ਦੁਰਘਟਨਾਵਾਂ ਦੀ ਵੀ ਐ। ਅੱਜ ਕੱਲ੍ਹ ਮਜ਼ਦੂਰ ਨੂੰ ਮਸ਼ੀਨ ਨਾਲ ਮਸ਼ੀਨ ਬਣਨਾ ਪੈਂਦਾ ਐ। ਬਾਰਾਂ-ਚੌਦਾਂ ਘੰਟੇ ਦੀ ਸ਼ਿਫਟ ਲਗਾ ਕੇ ਬੰਦੇ ਦੀ ਬੱਸ ਹੋ ਜਾਂਦੀ ਐ। ਐਨਾ ਕੰਮ ਕਰਕੇ ਬੰਦੇ ਦਾ ਥੱਕ ਜਾਣਾ ਕੁਦਰਤੀ ਐ ਅਤੇ ਇਸ ਥਕੇਵੇਂ ਕਾਰਨ ਉਸ ਦੀ ਮਾਨਸਿਕ ਦਸ਼ਾ ਵੀ ਥੱਕ ਜਾਂਦੀ ਐ। ਉਹ ਮਨ-ਚਿੱਤ ਨਾਲ ਕੰਮ ਨਹੀਂ ਕਰ ਸਕਦਾ। ਸਿੱਟੇ ਵਜੋਂ ਦੁਰਘਟਨਾਵਾਂ ਵਾਪਰਦੀਆਂ। ਪਿਛਲੇ ਘੰਟਿਆਂ ਵਿਚ ਉਤਪਾਦਨ ਵੀ ਘਟ ਜਾਂਦਾ।"

ਕ੍ਰਿਸ ਨੇ ਆਪਣੀ ਗੱਲ ਕਹਿ ਕੇ ਕੁਝ ਦੇਰ ਐਲਨ ਵੱਲ ਵੇਖਿਆ ਅਤੇ ਚੁੱਪ ਰਿਹਾ। ਐਲਨ ਬਾਹਰ ਖਿੜਕੀ ਵਿਚੋਂ ਦੀ ਬਾਹਰ ਵੇਖ ਰਿਹਾ ਸੀ। ਅਸਲ ਵਿਚ ਉਹ ਕ੍ਰਿਸ ਦੀਆਂ ਗੱਲਾਂ ਬਾਰੇ ਸੋਚ ਰਿਹਾ ਸੀ। ਕੁਝ ਦੇਰ ਉਹਨਾਂ ਨੇ ਗੱਲਾਂ ਕੀਤੀਆਂ ਅਤੇ ਐਲਨ ਨੇ ਕ੍ਰਿਸ ਦੀ ਰਾਇ ਬਾਰੇ ਹਮਦਰਦੀ ਨਾਲ ਵਿਚਾਰਨ ਦਾ ਵਾਇਦਾ ਕੀਤਾ। ਕ੍ਰਿਸ ਉੱਠ ਕੇ ਜਾਣ ਲਈ ਤਿਆਰ ਹੋਇਆ ਤੇ ਐਲਨ ਨਾਲ ਹੱਥ ਮਿਲਾਇਆ।

"ਕਿਸੇ ਦਿਨ ਤੁਸੀਂ 'ਵਰਕਿੰਗ ਮੈਨਜ਼ ਕਲੱਬ' ਵਿਚ ਆਉ। ਸ਼ਾਇਦ ਤੁਹਾਨੂੰ ਹੋਰ ਵੀ ਜਾਣਕਾਰੀ ਮਿਲ ਜਾਵੇ।" ਕ੍ਰਿਸ ਨੇ ਐਲਨ ਨੂੰ ਸੱਦਾ ਦਿੱਤਾ।

"ਹਾਂ ਇਹ ਵਧੀਆ ਵਿਚਾਰ ਐ। ਮੈਂ ਜ਼ਰੂਰ ਕਿਸੇ ਦਿਨ ਆਵਾਂਗਾ। ਤੁਹਾਡੇ ਆਉਣ ਦਾ ਅਤੇ ਇਸ ਨਵੀਂ ਜਾਣਕਾਰੀ ਦੇਣ ਦਾ ਬਹੁਤ ਧੰਨਵਾਦ।"

ਐਲਨ ਖਾਣੇ ਲਈ ਦਫ਼ਤਰ ਬੰਦ ਕਰਕੇ ਚਲਾ ਗਿਆ। ਖਾਣਾ ਖਾ ਕੇ ਉਹ ਜਿਲੀਅਨ ਨੂੰ ਮਿਲਣ ਚਲਾ ਗਿਆ। ਅੱਜ ਕੱਲ੍ਹ ਜਿਲੀਅਨ ਇਕ ਕਿਤਾਬ ਸਦਾ ਆਪਣੇ ਸਿਰਹਾਣੇ ਹੇਠ ਰੱਖਦੀ। ਐਲਨ ਨੇ ਕਦੇ ਉਸ ਨੂੰ ਕਿਤਾਬ ਪੜ੍ਹਦਿਆਂ ਨਹੀਂ ਵੇਖਿਆ ਸੀ। ਵੈਸੇ ਵੀ ਉਹ ਬਹੁਤਾ ਹੁਣ ਸੁੱਤੀ ਹੀ ਰਹਿੰਦੀ। ਅੱਜ ਵੀ ਕਿਤਾਬ ਉਸ ਦੇ ਸਿਰਹਾਣੇ ਥੱਲੇ ਰੱਖੀ ਹੋਈ ਸੀ। ਐਲਨ ਨੇ ਇਕ ਦੋ ਵਾਰ ਕਿਤਾਬ ਫੜ ਕੇ ਵੇਖਣੀ ਚਾਹੀ ਸੀ ਤਾਂ ਜਿਲੀਅਨ ਨੇ ਉਸ ਨੂੰ ਝਿੜਕ ਦਿੱਤਾ ਸੀ। ਐਲਨ ਵਾਸਤੇ ਇਹ ਪਹੇਲੀ ਸੀ ਤੇ ਇਸ ਬਾਰੇ ਉਸ ਨੇ ਸੋਚਣਾ ਛੱਡ ਦਿੱਤਾ। ਜਿਲੀਅਨ ਦੇ ਮੱਥੇ 'ਤੇ ਉਸ ਨੇ ਹੱਥ ਫੇਰਿਆ। ਜਿਲੀਅਨ ਨੇ ਅੱਖਾਂ ਖੋਲ੍ਹੀਆਂ ਅਤੇ ਪਤਲੀ ਜਿਹੀ ਬੁਢਾਪੇ ਮਾਰੀ ਮੁਸਕਰਾਹਟ ਦਿੱਤੀ। ਐਲਨ ਹਾਲ-ਚਾਲ ਪੁੱਛ ਕੇ ਸਟੱਡੀ ਵਿਚ ਜਾ ਬੈਠਾ। ਕ੍ਰਿਸ ਦੀਆਂ ਗੱਲਾਂ ਸੁਣ ਕੇ ਉਸ ਨੇ ਰਸਲ ਨੂੰ ਮਿਲਣ ਦਾ ਮਨ ਬਣਾਇਆ। ਕੁਝ ਹੋਰ ਸੋਚਣ ਬਾਅਦ ਰੌਬਿਨ ਅਤੇ ਲਿੰਨ ਨੂੰ ਵੀ ਮਿਲਣਾ ਉਸ ਨੇ ਜ਼ਰੂਰੀ ਸਮਝਿਆ। ਉਹ ਟਰੇਡ ਯੂਨੀਅਨਾਂ ਬਾਰੇ ਇਹਨਾਂ ਲੋਕਾਂ ਦੇ ਵਿਚਾਰ ਜਾਣਨੇ ਚਾਹੁੰਦਾ ਸੀ। ਡੌਰਮੈਨ ਅੰਦਰ ਆਇਆ ਤੇ ਉਸ ਨੇ ਇਕ ਚਿੱਠੀ ਲਿਆ ਫੜਾਈ। ਇਹ ਰੌਬਿਨ ਵੱਲੋਂ ਉਹਨਾਂ ਲਈ ਖਾਣੇ ਦਾ ਸੱਦਾ ਸੀ।

## 16

ਐਲਨ ਅਤੇ ਜੈਨੀਫਰ ਨੂੰ ਰੌਬਿਨ ਦੇ ਘਰ ਪਹੁੰਚਣ ਤੱਕ ਹਨ੍ਹੇਰਾ ਹੋ ਗਿਆ ਸੀ। ਜੋਜ਼ਿਫ ਨੂੰ ਵਾਪਿਸ ਆਉਣ ਲਈ ਕਹਿ ਕੇ ਉਹ ਰੌਬਿਨ ਦੇ ਘਰ ਦੇ ਅੰਦਰ ਚਲੇ ਗਏ। ਜੈਨੀਫਰ ਜਦ ਵੀ ਰੌਬਿਨ ਦੇ ਘਰ ਜਾਂਦੀ ਤਾਂ ਉਸ ਨੂੰ ਵਿਕਟੋਰੀਆ ਵੱਲੋਂ ਕੀਤਾ ਸਲੂਕ ਯਾਦ ਆ ਜਾਂਦਾ। ਸਮੇਂ ਨਾਲ ਵੀ ਕੁਝ ਚੀਜ਼ਾਂ ਮਨਾਂ ਵਿਚੋਂ ਨਿਕਲਦੀਆਂ ਹੀ ਨਹੀ ਹੁੰਦੀਆਂ। ਹੁਣ ਵਿਕਟੋਰੀਆ ਬਹੁਤ ਘੱਟ ਮਹਿਫਲ ਵਿਚ ਆਉਂਦੀ। ਪਿਛਲੇ ਸਾਲਾਂ ਵਿਚ

ਉਸ ਦੀ ਸਿਹਤ ਬਹੁਤੀ ਚੰਗੀ ਨਹੀਂ ਸੀ ਰਹੀ। ਉਹ ਪੁਰਾਣੀਆਂ ਗੱਲਾਂ ਤਾਂ ਯਾਦ ਸਨ ਪਰ ਨਵੀਆਂ ਗੱਲਾਂ ਨੂੰ ਉਹ ਜਲਦੀ ਹੀ ਭੁੱਲ ਜਾਂਦੀ। ਜੈਨੀਫਰ ਨਾਲ ਸ਼ੁਰੂ ਵਿਚ ਇਕ ਦੋ ਵਾਰ ਉਸ ਨੇ ਪਹਿਲਾਂ ਵਾਲਾ ਹੀ ਸਲੂਕ ਕਰਨ ਦੀ ਕੋਸ਼ਿਸ਼ ਕੀਤੀ ਸੀ। ਰੌਬਿਨ ਦੀ ਪਤਨੀ ਐਡਵੀਨਾ ਐਡਵਰਡ ਹੈਨਰੀ ਨੇ ਸਮੇਂ ਸਿਰ ਮੌਕਾ ਸਾਂਭ ਲਿਆ ਸੀ। ਰੌਬਿਨ ਨੇ ਜੈਨੀਫਰ ਸਬੰਧੀ ਐਡਵੀਨਾ ਨੂੰ ਸਭ ਕੁਝ ਦੱਸ ਦਿੱਤਾ ਸੀ। ਐਡਵੀਨਾ ਦੇ ਅੰਦਰ ਪਹਿਲਾਂ ਪਹਿਲ ਜੈਨੀਫਰ ਪ੍ਰਤੀ ਮਾੜੀ ਜਿਹੀ ਸਾੜੇ ਦੀ ਭਾਵਨਾ ਵੀ ਉਤਪੰਨ ਹੁੰਦੀ। ਜਲਦੀ ਹੀ ਉਹ ਜੈਨੀਫਰ ਨਾਲ ਘੁਲ-ਮਿਲ ਗਈ ਅਤੇ ਉਸ ਨੇ ਅਸਲੀ ਜੈਨੀਫਰ ਨੂੰ ਪਛਾਣ ਲਿਆ ਜਿਹੜੀ ਅਸਲ ਵਿਚ ਐਲਨ ਨੂੰ ਪਿਆਰ ਹੀ ਨਹੀਂ ਸੀ ਕਰਦੀ ਸਗੋਂ ਉਸ ਦੀ ਮੁਰੀਦ ਵੀ ਸੀ।

ਰੌਬਿਨ ਹੁਣ ਬੈਂਕ ਦਾ ਸੀਨੀਅਰ ਪਾਰਟਨਰ ਬਣ ਗਿਆ ਸੀ। ਬੈਂਕ ਦੇ ਬਹੁਤੇ ਕੰਮ ਦੀ ਰੌਬਿਨ ਹੀ ਵੇਖ ਭਾਲ ਕਰਦਾ ਸੀ। ਜੋਰਡਿਨ ਕੰਮ ’ਤੇ ਜਾਂਦਾ ਜ਼ਰੂਰ ਤੇ ਕੁਝ ਘੰਟੇ ਬਾਅਦ ਉਹ ਘਰ ਆ ਜਾਂਦਾ। ਬੈਂਕ ਦੇ ਫੈਸਲਿਆਂ ਵਿਚ ਉਹ ਘੱਟ ਹੀ ਦਖਲ ਅੰਦਾਜ਼ੀ ਕਰਦਾ। ਐਡਵੀਨਾ ਦਾ ਪਿਤਾ ਵਿਕਟਰ ਐਡਵਰਡ ਵੀ ਬੈਂਕ ਦਾ ਹਿੱਸੇਦਾਰ ਸੀ। ਹੁਣ ਉਸ ਦਾ ਬੇਟਾ ਚਾਰਲੀ ਵੀ ਬੈਂਕ ਜਾਂਦਾ ਸੀ। ਅਜੇ ਉਹ ਪਾਰਟਨਰ ਨਹੀਂ ਸੀ ਬਣਿਆ।

ਰੌਬਿਨ ਨੇ ਦੋ ਕੁ ਸਾਲ ਤਾਂ ਵਾਪਿਸ ਅਮਰੀਕਾ ਜਾਣ ਦੀ ਰਟ ਲਗਾਈ ਰੱਖੀ। ਜੋਰਡਨ ਨੇ ਉਸ ਨੂੰ ਕੰਮ-ਧੰਦੇ ਵਿਚ ਲਗਾਈ ਰੱਖਿਆ। ਇਕ ਪਾਰਟੀ ਵਿਚ ਐਡਵੀਨਾ ਨਾਲ ਰੌਬਿਨ ਦਾ ਮੇਲ ਹੋਇਆ ਤਾਂ ਉਹ ਉਸ ਨੂੰ ਜੈਨੀਫਰ ਵਰਗੀ ਹੀ ਲੱਗੀ। ਵਿਕਟੋਰੀਆਂ ਨੇ ਅਛੋਪਲੇ ਹੀ ਇਹ ਮੌਕਾ ਮੇਲ ਬਣਾਇਆ ਸੀ। ਜੋਰਡਨ ਉਸ ਪਾਰਟੀ ਵਿਚ ਜਾਣਾ ਨਹੀਂ ਚਾਹੁੰਦਾ ਸੀ। ਉਹ ਉਥੇ ਕਿਸੇ ਨੂੰ ਜਾਣਦਾ ਹੀ ਨਹੀਂ ਸੀ। ਜੋਰਡਨ ਨੂੰ ਵਿਕਟੋਰੀਆ ਨੇ ਪਹਿਲਾਂ ਹੀ ਕਹਿ ਰੱਖਿਆ ਸੀ ਕਿ ਜੇ ਜੋਰਡਨ ਥੋੜੀ ਦੇਰ ਲਈ ਵੀ ਚਲਿਆ ਜਾਵੇ ਤਾਂ ਸ਼ਾਇਦ---। ਅੱਗੇ ਉਸ ਨੇ ਕੁਝ ਕਹਿਣ ਦੀ ਥਾਂ ਰਾਜ਼ਦਾਰ ਮੁਸਕਰਾਹਟ ਨਾਲ ਅੱਖ ਦੱਬ ਦਿੱਤੀ। ਜੋਰਡਨ ਨੇ ਆਪਣੇ ਆਪ ਹੀ ਅੰਦਾਜ਼ਾ ਲਗਾ ਲਿਆ ਸੀ, ਉਸ ਦੀ ਪਿਆਰੀ ਪਤਨੀ ਕਿਸੇ ਨਾ ਕਿਸੇ ਸਕੀਮ ’ਤੇ ਕੰਮ ਕਰ ਰਹੀ ਸੀ ਤੇ ਸਪੱਸ਼ਟ ਰੂਪ ਵਿਚ ਉਹ ਰੌਬਿਨ ਨਾਲ ਸਬੰਧਤ ਸੀ। ਉਸ ਲਈ ਸਮਝਣਾ ਔਖਾ ਨਹੀ ਸੀ। ਕੋਈ ਕੁੜੀ ਰੌਬਿਨ ਲਈ ਵਿਕਟੋਰੀਆ ਨੇ ਵੇਖੀ ਸੀ। ਉਸ ਕੁੜੀ ਬਾਰੇ ਜੋਰਡਨ ਨੂੰ ਕੋਈ ਪਤਾ ਨਹੀਂ ਸੀ।

“ਰੌਬਿਨ ਮੈਂ ਵੀ ਬਹੁਤੀ ਦੇਰ ਨਹੀਂ ਰੁਕਣਾ। ਆਪਾਂ ਘੰਟਾ ਕੁ ਲਗਾ ਕੇ ਘਰ ਆ ਜਾਵਾਂਗੇ। ਜੋਰਡਨ ਬਾਅਦ ਵਿਚ ਆਪਣੀ ਮਰਜ਼ੀ ਨਾਲ ਆ ਜਾਊ। ਮੈਨੂੰ ਅੱਜ ਸਰੀਰ ਥੱਕਿਆ ਜਿਹਾ ਮਹਿਸੂਸ ਹੁੰਦੈ। ਚਲੋ ਅਗਲੇ ਨੇ ਸਾਰੇ ਪਰਿਵਾਰ ਨੂੰ ਸੱਦਿਆ ਤਾਂ ਜਾਣਾ ਚਾਹੀਦਾ।” ਵਿਕਟੋਰੀਆ ਨੇ ਆਖਰੀ ਪੱਤਾ ਖੇਲ੍ਹਿਆ। ਰੌਬਿਨ ਬੱਧਾ-ਰੁੱਧਾ ਤਿਆਰ ਹੋ ਗਿਆ।

ਪਾਰਟੀ ਵਿਚ ਪਹੁੰਚ ਕੇ ਵਿਕਟੋਰੀਆ ਤਾਂ ਜਾਣ-ਬੁੱਝ ਕੇ ਲੋਕਾਂ ਵਿਚ ਗੁਆਚ ਗਈ। ਵਿਕਟਰ, ਜੋਰਡਨ ਨੂੰ ਮਿਲ ਕੇ ਰੌਬਿਨ ਨਾਲ ਗੱਲਾਂ ਕਰਨ ਲੱਗਾ ਅਤੇ ਜੋਰਡਨ ਕਿਸੇ ਹੋਰ ਨਾਲ ਗੱਲੀਂ ਲੱਗ ਗਿਆ। ਮਿਸਿਜ਼ ਵਿਕਟਰ ਵੀ ਉਹਨਾਂ ਵਿਚ ਆ ਟਪਕੀ। ਕੁਝ ਹੀ ਦੇਰ ਬਾਅਦ ਉਸ ਦੀ ਬੇਟੀ ਐਡਵੀਨਾ ਮਾਂ ਨੂੰ ਕੁਝ ਕਹਿਣ ਲਈ ਉਹਨਾਂ ਕੋਲ ਆ ਗਈ। ਅਸਲ ਵਿਚ ਵਿਕਟੋਰੀਆ ਨੇ ਹੀ ਐਡਵੀਨਾ ਨੂੰ ਆਪਣੀ ਮਾਂ ਨੂੰ ਸੱਦਣ ਲਈ ਭੇਜਿਆ ਸੀ। ਮਿਸਿਜ਼ ਐਡਵਰਡ ਨੇ ਉਹਨਾਂ ਦੀ ਜਾਣ-ਪਛਾਣ ਕਰਵਾਈ ਤਾਂ ਉਹ ਜਲਦੀ ਹੀ ਗੱਲੀਂ ਲੱਗ ਗਏ। ਐਡਵੀਨਾ ਵਿਚ ਕੋਈ ਖਿੱਚ ਜ਼ਰੂਰ ਸੀ ਜਿਸ ਨੇ ਰੌਬਿਨ ਨੂੰ ਕੀਲ ਲਿਆ। ਘੰਟਾ ਕੁ ਉਹ ਗੱਲਾਂ ਕਰਦੇ ਕਰਦੇ ਇਕ ਪਾਸੇ ਨੂੰ ਖਿਸਕ ਗਏ। ਗਰਮੀਆਂ ਦੇ ਦਿਨ ਸਨ ਅਤੇ ਬਹੁਤੇ ਲੋਕ ਗਰਮੀਆਂ ਦੀ ਨਿੱਘੀ ਸ਼ਾਮ ਦਾ ਅਨੰਦ ਮਾਣ ਰਹੇ ਸਨ।

ਐਡਵੀਨਾ, ਰੌਬਿਨ ਅਤੇ ਚਾਰਲੀ ਗਾਰਡਨ ਵਿਚ ਚਲੇ ਗਏ ਅਤੇ ਦੇਰ ਤੱਕ ਗੱਲਾਂ ਕਰਦੇ ਰਹੇ। ਉਸ ਦਿਨ ਤੋਂ ਬਾਅਦ ਰੌਬਿਨ ਲਈ ਐਡਵੀਨਾ ਅਤੇ ਐਡਵੀਨਾ ਲਈ ਰੌਬਿਨ ਨੂੰ ਮਿਲਣ ਦੀ ਖੁਤਖੁਤੀ ਜਿਹੀ ਲੱਗੀ ਰਹਿੰਦੀ। ਕਦੀ ਉਹ ਕਿਸੇ ਪੱਬ ਕਲੱਬ ਵਿਚ ਚਲੇ ਜਾਂਦੇ ਤੇ ਕਦੇ ਡਾਂਨਸ ਜਾਂ ਕੋਈ ਪਲੇਅ ਵੇਖਣ ਲਈ ਚਲੇ ਜਾਂਦੇ। ਬਹੁਤ ਵਾਰ ਐਡਵੀਨਾ ਨੂੰ ਰੌਬਿਨ ਬੈਂਕ ਦੇ ਨੇੜੇ ਕਿਸੇ ਨਾ ਕਿਸੇ ਥਾਂ ਖਾਣੇ ਲਈ ਬੁਲਾ ਲੈਂਦਾ। ਵੈਸੇ ਵੀ ਹੁਣ ਤੱਕ ਤਾਂ ਰੌਬਿਨ ਨੂੰ ਸਪੱਸ਼ਟ ਸੀ ਜੈਨੀਫਰ ਉਸ ਨੂੰ ਮਿਲਣ ਨਹੀਂ ਲੱਗੀ।

ਐਲਨ ਅਤੇ ਜੈਨੀਫਰ ਅੰਦਰ ਪਹੁੰਚੇ ਤਾਂ ਉਦੋਂ ਤੱਕ ਮਹਿਫਲ ਮਘ ਚੁੱਕੀ ਸੀ। ਲੋਕ ਗੱਲੀਂ ਲੱਗੇ ਹੋਏ ਸਨ, ਭਾਂਵੇ ਅਜੇ ਖਾਣੇ ਲਈ ਮੇਜ਼ ’ਤੇ ਨਹੀਂ ਗਏ ਸਨ। ਵਾਈਨ ਦਾ ਗਲਾਸ ਲੈ ਕੇ ਐਲਨ ਜਾਣ-ਪਛਾਣ ਵਾਲਿਆਂ ਨੂੰ ਮਿਲਣ ਲੱਗਾ ਅਤੇ ਜਿਹਨਾਂ ਨੂੰ ਨਹੀਂ ਜਾਣਦਾ ਸੀ ਉਹਨਾਂ ਨਾਲ ਜਾਣ-ਪਛਾਣ ਕਰਨ ਲੱਗਾ। ਕੋਈ ਬਹੁਤ ਜ਼ਿਆਦਾ ਲੋਕ ਨਹੀਂ ਸਨ। ਫਿਰ ਵੀ ਰੌਣਕ ਸੀ। ਐਲਨ, ਰਸਲ ਅਤੇ ਲਿੰਨ ਕੋਲ ਜਾ ਖੜ੍ਹਾ ਹੋਇਆ।

"ਲਿੰਨ ਕਿਵੇਂ ਐ ਸਭ। ਬਹੁਤ ਦੇਰ ਬਾਅਦ ਮਿਲੇ ਆਂ ਅੱਜ।"
"ਅੰਕਲ ਮਾਰਕ ਨੂੰ ਅਧਰੰਗ ਹੋ ਗਿਆ। ਉਹਨਾਂ ਦੀ ਹਾਲਤ ਚੰਗੀ ਨਹੀਂ।" ਲਿੰਨ ਦੀ ਥਾਂ ਰਸਲ ਨੇ ਉੱਤਰ ਦਿੱਤਾ।
"ਬਹੁਤ ਅਫ਼ਸੋਸ ਹੋਇਆ ਸੁਣ ਕੇ। ਮੈਂ ਕਿਸੇ ਦਿਨ ਉਹਨਾਂ ਨੂੰ ਵੇਖਣ ਆਊਂ। ਵੈਸੇ ਹੁਣ ਸਾਡੇ ਬਜ਼ੁਰਗਾਂ ਦਾ ਆਖ਼ਰੀ ਵਕਤ ਆ ਗਿਆ। ਮੇਰੀ ਮਾਂ ਵੀ ਬਹੁਤੀ ਠੀਕ ਨਹੀਂ ਰਹਿੰਦੀ।" ਐਲਨ ਨੂੰ ਮੱਲੋ-ਮੱਲੀ ਮਾਂ ਦੀ ਹਾਲਤ ਦਾ ਫਿਕਰ ਹੋ ਗਿਆ ਸੀ।
"ਇਹ ਵੀ ਕੁਦਰਤ ਦਾ ਨਿਯਮ ਐ। ਪੁਰਾਣਿਆਂ ਨੇ ਜਾਣਾ ਹੁੰਦਾ ਤੇ ਨਵਿਆਂ ਲਈ ਥਾਂ ਛੱਡਣੀ ਹੁੰਦੀ ਐ।" ਰਸਲ ਨੇ ਐਂਡੀ ਬਾਰੇ ਸੋਚਦਿਆਂ ਕਿਹਾ।
ਐਨੇ ਨੂੰ ਲੋਕ ਖਾਣੇ ਵਾਲੇ ਟੇਬਲ ਨੂੰ ਜਾਣ ਲੱਗੇ। ਜਦ ਸਾਰੇ ਆਪਣੀਆਂ ਕੁਰਸੀਆਂ 'ਤੇ ਜਾ ਬੈਠੇ ਤਾਂ ਜੋਰਡਨ 'ਤੇ ਵਿਕਟੋਰੀਆ ਵੀ ਆ ਕੇ ਆਪਣੀਆਂ ਕੁਰਸੀਆਂ 'ਤੇ ਬੈਠ ਗਏ। ਬੇਸ਼ਕ ਹੁਣ ਦੋਸਤਾਂ ਨੂੰ ਸੱਦਾ ਰੌਬਿਨ ਵੱਲੋਂ ਜਾਂਦਾ ਸੀ ਪਰ ਖਾਣੇ ਵਾਲੇ ਟੇਬਲ 'ਤੇ ਘਰ ਦੇ ਮੁੱਖੀ ਵਜੋਂ ਅਜੇ ਵੀ ਜੋਰਡਨ ਬੈਠਦਾ। ਜੇ ਵਿਕਟੋਰੀਆ ਠੀਕ ਮਹਿਸੂਸ ਕਰਦੀ ਤਾਂ ਜੋਰਡਨ ਉਸ ਨੂੰ ਵੀ ਨਾਲ ਲੈ ਕੇ ਆਉਂਦਾ। ਕਈ ਵਾਰ ਵਿਕਟੋਰੀਆ ਦੀ ਕੁਰਸੀ ਖਾਲੀ ਛੱਡਣੀ ਪੈਂਦੀ। ਖਾਣਾ ਸ਼ੁਰੂ ਹੋਇਆ ਤਾਂ ਜੋਰਡਨ ਨੇ ਲਿੰਨ ਵੱਲ ਵੇਖਿਆ।
"ਲਿੰਨ ਮਾਰਕ ਦਾ ਕੀ ਹਾਲ ਐ?"
"ਕੋਈ ਬਹੁਤਾ ਫਰਕ ਨਹੀਂ। ਬੱਸ ---।" ਲਿੰਨ ਨੇ ਛੋਟਾ ਜਿਹਾ ਜਵਾਬ ਦਿੱਤਾ। ਉਹ ਚਾਹੁੰਦਾ ਸੀ ਗੱਲ ਕਿਸੇ ਹੋਰ ਪਾਸੇ ਤੁਰ ਪਵੇ। ਆਪਣੇ ਪਿਉ ਦੀ ਬਿਮਾਰੀ ਬਾਰੇ ਗੱਲ ਕਰਨਾ ਉਸ ਨੂੰ ਦੁਖਦਾਈ ਲਗਦਾ।
"ਮੈਂ ਸੁਣਿਆ ਤੇਰੀ ਮਾਨਚੈਸਟਰ ਵਾਲੀ ਫੈਕਟਰੀ ਵਿਚ ਹੜਤਾਲ ਚੱਲ ਰਹੀ ਐ!" ਜੋਰਡਨ ਨੂੰ ਰੌਬਿਨ ਨੇ ਦੱਸਿਆ ਹੋਇਆ ਸੀ।
"ਹਾਂ ਅੰਕਲ ਜੋਰਡਨ, ਇਹ ਕਿਹੜਾ ਨਵੀਂ ਗੱਲ ਐ। ਹਰ ਸਾਲ ਹੀ ਮਜ਼ਦੂਰ ਕੋਈ ਨਾ ਕੋਈ ਪੰਗਾ ਖੜ੍ਹਾ ਰਖਦੇ ਐ।"
"ਇਸ ਵਾਰ ਮਜ਼ਦੂਰਾਂ ਦੀਆਂ ਕੀ ਮੰਗਾਂ ਐ?" ਲਿੰਨ ਨੂੰ ਗੱਲ ਤੋਰਨੀ ਨਹੀਂ ਸੀ ਪਈ ਸਗੋਂ ਤੁਰ ਪਈ ਸੀ।
"ਬੱਸ ਉਹੀ ਤਨਖਾਹ ਵਧਾਉ ਤੇ ਕੰਮ ਦੇ ਘੰਟੇ ਘਟਾਉ---ਹੋਰ ਕੀ?" ਲਿੰਨ ਨੇ ਵਾਈਨ ਦੀ ਘੁੱਟ ਭਰਦਿਆਂ ਜਵਾਬ ਦਿੱਤਾ।
"ਤੁਹਾਨੂੰ ਇੰਝ ਨਹੀਂ ਲਗਦਾ ਜਿਵੇਂ ਹਾਲਾਤ ਬਦਲ ਗਏ ਹਨ ਅਤੇ ਲੋਕਾਂ ਦੀਆਂ ਲੋੜਾਂ ਵੀ ਬਦਲ ਗਈਆਂ ਤੇ ਹੜਤਾਲ ਉਹਨਾਂ ਬਦਲੇ ਹਾਲਤਾਂ ਅਤੇ ਲੋੜਾਂ ਦਾ ਸਿੱਟਾ ਹੈ!" ਐਲਨ ਨੂੰ ਕ੍ਰਿਸ ਦੀਆਂ ਗੱਲਾਂ ਯਾਦ ਆਈਆਂ।
ਸਾਰੇ ਚੁੱਪ ਕਰ ਗਏ। ਲਿੰਨ ਸਮੇਤ ਕਈਆਂ ਦੀਆਂ ਨਜ਼ਰਾਂ ਐਲਨ ਵੱਲ ਉੱਠੀਆਂ। ਸਾਰੇ ਆਪਣੇ ਮਨਾਂ ਵਿਚ ਐਲਨ ਦੀ ਕਹੀ ਗੱਲ ਬਾਰੇ ਸੋਚਣ ਲੱਗੇ।
"ਮੈਂ ਤੇਰੀ ਗੱਲ ਨਹੀਂ ਸਮਝਿਆ!" ਲਿੰਨ ਨੇ ਛੁਰੀ-ਕਾਂਟਾ ਪਲੇਟ ਦੇ ਕਿਨਾਰਿਆਂ 'ਤੇ ਟਿਕਾਉਂਦਿਆਂ ਵਾਈਨ ਦਾ ਗਲਾਸ ਚੁੱਕ ਲਿਆ।
"ਮੇਰਾ ਮਤਲਬ ਰੇਲਵੇ ਲਾਈਨਾਂ ਵਿਛਾਉਣ ਦਾ ਕੰਮ ਤਾਂ 1847 ਤੱਕ ਤਕਰੀਬਨ ਖਤਮ ਹੋ ਗਿਆ ਸੀ। ਹੁਣ ਤਾਂ ਸਾਰਾ ਢੋਆ ਢੁਆਈ ਅਤੇ ਸਫ਼ਰ ਰੇਲਵੇ 'ਤੇ ਹੋਣ ਲੱਗਿਆ ਐ। ਸਮਾਂ ਵੀ ਬਚ ਜਾਂਦਾ ਅਤੇ ਸਸਤਾ ਵੀ ਪੈਂਦਾ। ਫੈਕਟਰੀਆਂ ਵਿਚ ਜ਼ਿਆਦਾ ਉਤਪਾਦਨ ਵਾਲੀਆਂ ਮਸ਼ੀਨਾਂ ਆ ਗਈਆਂ ਜਿਹਨਾਂ ਕਰਕੇ ਮਜ਼ਦੂਰਾਂ ਨੂੰ ਬਹੁਤਾ ਤੇਜ਼ੀ ਨਾਲ ਕੰਮ ਕਰਨਾ ਪੈਂਦਾ। ਸ਼ਾਇਦ ਬਹੁਤ ਸਾਰੇ ਅਕੈਸੀਡੈਂਟ ਵੀ ਇਸ ਕਰਕੇ ਹੀ ਹੁੰਦੇ ਹੋਣ! ਅਜਿਹੀ ਹਾਲਤ ਵਿਚ ਉਹਨਾਂ ਦੀਆਂ ਮੰਗਾਂ ਨੂੰ ਗੌਲਣਾ ਜ਼ਰੂਰੀ ਲਗਦਾ। ਵੈਸੇ ਜੇ ਟਰੇਡ ਯੂਨੀਅਨਾਂ ਨੂੰ ਕਾਨੂੰਨੀ ਕਰ ਦਿੱਤਾ ਜਾਵੇ ਤਾਂ ਉਹ ਫੈਕਟਰੀਆਂ ਦੇ ਮਾਲਕਾਂ ਨਾਲ ਗੱਲ-ਬਾਤ ਕਰਕੇ ਕਈ ਸਾਰੇ ਮਸਲੇ ਨਜਿੱਠ ਸਕਦੀਆਂ---ਸ਼ਾਇਦ।" ਐਲਨ ਨੂੰ ਸਾਰੇ ਧਿਆਨ ਨਾਲ ਸੁਣ ਰਹੇ ਸਨ। ਐਲਨ ਚੁੱਪ ਹੋਇਆ ਤਾਂ ਕੁਝ ਦੇਰ ਕਿਸੇ ਨੇ ਕੁਝ ਨਾ ਕਿਹਾ।
"ਵੈਸੇ ਐਲਨ ਦੀ ਗੱਲ ਵਿਚ ਦਮ ਐ। ਇੰਡੀਆ ਵਿਚ ਪਹਿਲਾਂ ਛੋਟੀਆਂ ਛੋਟੀਆਂ ਰਿਆਸਤਾਂ ਸਨ ਉਹਨਾਂ ਵਿਚੋਂ ਬਹੁਤ ਸਾਰੀਆਂ 'ਰਾਜ' ਨੇ ਆਪਣੇ ਅਧੀਨ ਕਰ ਲਈਆਂ। ਹੁਣ ਜਿਵੇ 1857 ਵਿਚ ਇਕ ਲਹਿਰ ਉੱਠੀ ਇਸ ਤਰ੍ਹਾਂ ਦੀ ਕਦੀ ਫਿਰ ਵੀ ਜ਼ਰੂਰ ਉੱਠ ਸਕਦੀ ਐ ਤੇ ਹੋ ਸਕਦਾ ਉਹ ਲਹਿਰ ਸਾਰੇ ਦੇਸ਼ ਵਿਚ ਉੱਠੇ। ਅਜਿਹੀ ਹਾਲਤ ਵਿਚ 'ਰਾਜ' ਇਕ ਅੱਧ ਰਿਆਸਤ ਨੂੰ ਨਹੀਂ ਸਗੋਂ ਪੂਰੇ ਦੇਸ਼ ਨੂੰ ਗਵਾਏਗਾ। ਇਹੋ ਹਾਲ ਹੁਣ ਇਥੇ

ਮਜ਼ਦੂਰਾਂ ਦਾ। ਟਰੇਡ ਯੂਨੀਅਨਾਂ ਜੇ ਸਰਕਾਰ ਨਾ ਵੀ ਚਾਹੇ ਤਾਂ ਵੀ ਬਣ ਰਹੀਆਂ ਤੇ ਆਉਣ ਵਾਲੇ ਸਾਲਾਂ ਵਿਚ ਬਹੁਤ ਤਾਕਤਵਰ ਵੀ ਹੋ ਸਕਦੀਆਂ ਤੇ ਸ਼ਾਇਦ ਇਕ ਦਿਨ ਪਾਰਲੀਮੈਂਟ 'ਤੇ ਵੀ ਕਬਜ਼ਾ ਕਰ ਲੈਣ।'' ਰਸਲ ਚੁੱਪ ਹੋਇਆ ਤਾਂ ਬਹੁਤਿਆਂ ਦੇ ਚਿਹਰੇ ਢਿਲਕ ਜਿਹੇ ਗਏ ਸਨ।

''ਇਹ ਤੁਸੀ ਕਿਵੇਂ ਕਹਿ ਸਕਦੇ ਐਂ?'' ਲਿੰਨ ਨੇ ਹੀ ਚੀਰਵੀਆਂ ਨਜ਼ਰਾਂ ਨਾਲ ਰਸਲ ਵੱਲ ਵੇਖਦਿਆਂ ਪੁੱਛਿਆ।

''ਮੁਆਫ ਕਰਨਾ ਲਿੰਨ। ਟਰੇਡ ਯੂਨੀਅਨਾਂ ਨੂੰ ਖੁਰਾਕ ਤਾਂ ਤੁਸੀਂ ਸਪਲਾਈ ਕਰ ਰਹੇ ਐਂ। ਕਾਰਖਾਨੇਦਾਰ ਸਿਰਫ਼ ਆਪਣੇ ਮੁਨਾਫ਼ੇ ਦਾ ਖਿਆਲ ਰਖਦਾ ਤੇ ਮਜ਼ਦੂਰਾਂ ਦੀਆਂ ਲੋੜਾਂ ਬਾਰੇ ਸੋਚਣ ਦੀ ਲੋੜ ਹੀ ਨਹੀਂ ਸਮਝਦਾ। ਹੁਣ ਇਕ ਯੂਨੀਅਨ ਦੇ ਲੱਖ ਤੋਂ ਵੱਧ ਮੈਂਬਰ ਐ ਤੇ ਉਹ ਵਧੀ ਜਾਂਦੇ ਐ। ਇਕ ਦਿਨ ਮਿਲੀਅਨ ਤੇ ਫਿਰ ਉਸ ਤੋਂ ਵੀ ਵੱਧ ਹੋ ਜਾਣਗੇ। ਚਾਰਟਿਸਟ ਮੂਵਮੈਂਟ ਦਬੀ ਐ ਖਤਮ ਨਹੀਂ ਹੋਈ। ਫਿਰ ਵੀ ਉੱਠ ਸਕਦੀ ਐ ਤੇ ਮਜ਼ਦੂਰ ਵੀ ਐਮ ਪੀ ਬਣ ਸਕਦੇ ਐ।'' ਰਸਲ ਨੇ ਆਪਣਾ ਵਿਚਾਰ ਪੇਸ਼ ਕੀਤਾ।

''ਰੌਬਿਨ ਤੇਰਾ ਕੀ ਖਿਆਲ ਐ?'' ਐਲਨ, ਰੌਬਿਨ ਦੀ ਰਾਇ ਜਾਣਨਾ ਚਾਹੁੰਦਾ ਸੀ ਜੋ ਹੁਣ ਤੱਕ ਧਿਆਨ ਨਾਲ ਸੁਣ ਰਿਹਾ ਸੀ।

''ਮੇਰੇ ਖਿਆਲ ਵਿਚ ਮਜ਼ਦੂਰਾਂ ਨੂੰ ਕੁਝ ਨਾ ਕੁਝ ਆਜ਼ਾਦੀ ਤਾਂ ਦੇਣੀ ਹੀ ਪਵੇਗੀ। ਕੰਮ ਦੇ ਘੰਟੇ ਵੀ ਘਟਾਉਣੇ ਪੈਣਗੇ। ਜੇ ਅਜਿਹਾ ਨਾ ਕੀਤਾ ਗਿਆ ਤਾਂ ਬ੍ਰਿਟੇਨ ਵਿਚ ਇਨਕਲਾਬ ਹੋਣ ਦੀਆਂ ਸੰਭਵਾਨਾਵਾਂ ਵੀ ਬਣ ਸਕਦੀਆਂ। ਫਿਰ ਰਸਲ ਦੀ ਭਵਿੱਖਬਾਣੀ ਸੱਚੀ ਸਾਬਤ ਹੋ ਸਕਦੀ ਐ।'' ਰੌਬਿਨ ਹੌਲੀ ਪਰ ਵਿਸ਼ਵਾਸ਼ ਨਾਲ ਬੋਲਿਆ। ਜੋਰਡਨ ਨੇ ਕਿਹਾ ਕੁਝ ਨਹੀਂ ਸੀ। ਉਹ ਵੀ ਰੌਬਿਨ ਦੇ ਵਿਚਾਰ ਨਾਲ ਸਹਿਮਤ ਲਗਦਾ ਸੀ।

ਖਾਣਾ ਖਤਮ ਹੋਇਆ ਤਾਂ ਰਸਤੇ ਵਿਚ ਐਲਨ ਤਕਰੀਬਨ ਚੁੱਪ ਸੀ। ਜੈਨੀਫਰ ਨੇ ਉਸ ਦੀ ਗੱਲ੍ਹ ਨੂੰ ਚੁੰਮਿਆ ਪਰ ਐਲਨ ਨੇ ਉਸ ਦਾ ਹੱਥ ਮਾੜਾ ਜਿਹਾ ਘੁੱਟਿਆ। ਐਲਨ ਨੂੰ ਵੀ ਇਨਕਲਾਬ ਦੇ ਨਾਂ ਤੋਂ ਡਰ ਲਗਿਆ। ਪੈਰਸ ਕਮਿਊਨ ਬਾਰੇ ਉਸ ਨੇ ਪੜ੍ਹਿਆ ਹੋਇਆ ਸੀ। ਅਜਿਹੀ ਹਾਲਤ ਤੋਂ ਉਹ ਬ੍ਰਿਟੇਨ ਨੂੰ ਬਚਾਉਣਾ ਚਾਹੁੰਦਾ ਸੀ। ਪਰ ਬਚਾਇਆ ਕਿਵੇਂ ਜਾਵੇ? ਸਵਾਲ ਐਲਨ ਲਈ ਫਿਕਰ ਕਰਨ ਵਾਲਾ ਸੀ। ਅਚਾਨਕ ਉਸ ਨੂੰ ਕ੍ਰਿਸ ਦਾ 'ਵਰਕਿੰਗ ਮੈਨਜ਼' ਕਲੱਬ ਵਾਲਾ ਸੱਦਾ ਯਾਦ ਆ ਗਿਆ। ਉਹ ਜੈਨੀਫਰ ਵੱਲ ਵੇਖ ਕੇ ਮੁਸਕਰਾਇਆ। ਜਦ ਉਹ ਘਰ ਪਹੁੰਚੇ ਤਾਂ ਜਿਲੀਅਨ ਆਮ ਵਾਂਗ ਸੌਂ ਰਹੀ ਸੀ। ਉਹ ਵੀ ਆਪਣੇ ਕਮਰੇ ਵਿਚ ਚਲੇ ਗਏ।

## 17

ਸਵੇਰੇ ਐਲਨ ਦਾ ਸਿਰ ਕੁਝ ਭਾਰਾ ਸੀ। ਉਹ ਸਾਰੀ ਰਾਤ ਸੌਂ ਨਹੀਂ ਸੀ ਸਕਿਆ। ਕਾਰਨ ਉਸ ਨੂੰ ਸਮਝ ਨਹੀਂ ਆ ਰਿਹਾ ਸੀ। ਸਵੇਰੇ ਜਿਹੇ ਉਸ ਨੂੰ ਨੀਂਦ ਨੇ ਆ ਦਬੋਚਿਆ। ਜੈਨੀਫਰ ਉੱਠ ਕੇ ਬੱਚਿਆਂ ਦੇ ਕਮਰੇ ਵਿਚ ਚਲੀ ਗਈ ਸੀ। ਕੁਝ ਦੇਰ ਬਾਅਦ ਉਸ ਨੇ ਐਲਨ ਨੂੰ ਹਲੂਣਿਆ।

''ਐਲਨ ਜਿਲੀਅਨ ਦੀ ਸਿਹਤ ਠੀਕ ਨਹੀਂ ਲਗਦੀ। ਡਾਕਟਰ ਨੂੰ ਸੱਦਣਾ ਚਾਹੀਦਾ।''

''ਕਿਉਂ ਕੀ ਗੱਲ ਹੋਈ?'' ਐਲਨ ਅੱਬੜਵਾਹੇ ਉੱਠਿਆ। ਉਸ ਨੂੰ ਪੂਰੀ ਗੱਲ ਸਮਝ ਨਹੀਂ ਸੀ ਆਈ। ਫਿਰ ਵੀ ਉੱਠ ਕੇ ਜਿਲੀਅਨ ਦੇ ਕਮਰੇ ਵੱਲ ਦੌੜਿਆ।

''ਮਦਰ, ਕੀ ਗੱਲ ਐ?'' ਜਿਲੀਅਨ ਦਾ ਹੱਥ ਐਲਨ ਨੇ ਆਪਣੇ ਹੱਥਾਂ ਵਿਚ ਲੈ ਲਿਆ। ਜਿਲੀਅਨ ਨੂੰ ਐਲਨ ਦੇ ਛੋਟੇ ਛੋਟੇ ਹੱਥ ਯਾਦ ਆਏ। ਨਿੱਕੀਆਂ ਨਿੱਕੀਆਂ ਉਂਗਲਾਂ ਦੇ ਸਪਰਸ਼ ਦਾ ਮਿੱਠਾ ਜਿਹਾ ਅਹਿਸਾਸ ਉਸ ਦੇ ਸਾਰੇ ਜਿਸਮ ਵਿਚ ਫੈਲ ਗਿਆ। ਉਸ ਦੇ ਹੋਠਾਂ 'ਤੇ ਨਰਮ ਜਿਹੀ ਮੁਸਕਾਨ ਫੈਲ ਗਈ।

''ਕੋਈ ਖਾਸ ਗੱਲ ਨਹੀਂ। ਐਵੇਂ ਉੱਠਣ ਨੂੰ ਮਨ ਨੀ ਕਰਦਾ।'' ਜਿਲੀਅਨ ਦੀ ਕਮਜ਼ੋਰ ਆਵਾਜ਼ ਐਲਨ ਦੇ ਕੰਨਾਂ ਵਿਚ ਪਈ। ਐਲਨ ਦੀ ਨੀਂਦ ਪਲ ਵਿਚ ਹੀ ਉੱਡ-ਪੁਡ ਗਈ ਸੀ ਤੇ ਫਿਕਰ ਸਰਦਲ ਪਾਰ ਕਰਕੇ ਐਲਨ ਦੇ ਸਾਰੇ ਸਰੀਰ ਵਿਚ ਦੌੜਨ ਲੱਗੇ ਸਨ। ਉਸ ਨੂੰ ਜਿਲੀਅਨ ਦਾ ਚਿਹਰਾ ਪੀਲਾ ਜ਼ਰਦ ਲੱਗਾ।

''ਮੈਂ ਜੋਜ਼ਫ ਨੂੰ ਭੇਜਦਾਂ ਡਾਕਟਰ ਲੈਣ—ਨਹੀਂ –ਤੂੰ ਖਿਆਲ ਰੱਖੀਂ ਮੈਂ ਆਪ ਈ ਜਾਨਾ ਜੋਜ਼ਿਫ ਨਾਲ--।'' ਕਾਹਲੀ ਨਾਲ ਉਸ ਨੇ ਜੈਨੀਫਰ ਵੱਲ ਵੇਖਦਿਆ ਕਿਹਾ ਅਤੇ ਆਪਣੇ ਜੁੱਤੇ ਪਾ ਕੇ ਤੇ ਕੋਟ ਚੁੱਕ ਕੇ ਬਾਹਰ ਨਿਕਲ ਗਿਆ।

ਅੱਧੇ ਕੁ ਘੰਟੇ ਵਿਚ ਡਾਕਟਰ ਨੂੰ ਲੈ ਕੇ ਐਲਨ ਆ ਗਿਆ। ਡਾਕਟਰ ਨੇ ਮਰੀਜ਼ ਦੀ ਹਾਲਤ ਵੇਖੀ ਅਤੇ ਚੈਕ ਕੀਤਾ।

"ਲਗਦਾ ਨਮੋਨੀਆ ਹੋ ਗਿਆ--। ਮੇਰੇ ਖਿਆਲ ਵਿਚ ਹਸਪਤਾਲ ਲੈ ਜਾਣਾ ਚਾਹੀਦਾ। ਹਾਲਤ ਬਹੁਤੀ ਠੀਕ ਨਹੀਂ ਲਗਦੀ।" ਡਾਕਟਰ ਨੇ ਧੀਮੀ ਆਵਾਜ਼ ਵਿਚ ਐਲਨ ਨੂੰ ਰਾਇ ਦਿੱਤੀ। ਕੁਝ ਦੇਰ ਬਾਅਦ ਹੀ ਉਹ ਵਿਕਟੋਰੀਆ ਰੋਡ 'ਤੇ ਸਥਿਤ ਇਕ ਜਾਣੇ-ਪਛਾਣੇ ਡਾਕਟਰ ਦੇ ਕਲਿਨਕ ਵਿਚ ਚਲੇ ਗਏ।

ਸਾਰਾ ਦਿਨ ਡਾਕਟਰ ਆਪਣੀ ਵਾਹ ਲਾਉਂਦੇ ਰਹੇ। ਐਲਨ ਵੀ ਹਸਪਤਾਲ ਵਿਚ ਹਾਜ਼ਰ ਰਿਹਾ। ਸ਼ਾਮ ਤੱਕ ਜਿਲੀਅਨ ਦੀ ਹਾਲਤ ਹੋਰ ਵੀ ਖ਼ਰਾਬ ਹੋ ਗਈ। ਅੱਧੀ ਕੁ ਰਾਤ ਨੂੰ ਜਿਲੀਅਨ ਸ਼ਾਂਤ ਜਿਹੀ ਅਤੇ ਚੁੱਪ-ਚਾਪ ਚਲੀ ਗਈ। ਜਿਵੇਂ ਉਸ ਨੇ ਜ਼ਿੰਦਗੀ ਜਿਊਂਈ ਸੀ ਤਿਵੇਂ ਸ਼ਾਨਾਮੱਤੀ ਅਤੇ ਬੇਖੌਫ਼ ਉਹ ਬਿਨਾਂ ਕਿਸੇ ਨੂੰ ਦੁੱਖ ਤਕਲੀਫ਼ ਦਿੱਤਿਆਂ ਸੰਸਾਰ ਨਾਲੋਂ ਨਾਤਾ ਤੋੜ ਗਈ। ਸਵੇਰ ਦੇ ਪਹਿਲੇ ਪਹਿਰ ਐਲਨ ਘਰ ਆ ਗਿਆ। ਘਰੇ ਆ ਕੇ ਮਾਂ ਦਾ ਖਾਲੀ ਮੰਜਾ ਵੇਖ ਕੇ ਉਸ ਦਾ ਮਨ ਭਰ ਆਇਆ। ਉਹ ਮੰਜੇ ਦੀ ਬਾਹੀ 'ਤੇ ਜਾ ਬੈਠਾ। ਆਪਣੇ ਹੱਥਾਂ ਨਾਲ ਉਸ ਨੇ ਸਿਰਹਾਣੇ 'ਤੇ ਹੱਥ ਫੇਰਿਆ। ਅਚਾਨਕ ਉਸ ਨੂੰ ਕਿਤਾਬ ਦੀ ਯਾਦ ਆਈ। ਸਿਰਹਾਣੇ ਹੇਠੋਂ ਉਸ ਨੇ ਕਿਤਾਬ ਚੁੱਕੀ ਅਤੇ ਖੋਲ੍ਹ ਕੇ ਵੇਖਣ ਲੱਗਾ। ਕਿਤਾਬ ਵਿਚੋਂ ਇਕ ਕਾਗਜ਼ ਫਰਸ਼ 'ਤੇ ਡਿੱਗ ਪਿਆ। ਕਿਤਾਬ ਉਸ ਨੇ ਪਾਸੇ ਰੱਖ ਦਿੱਤੀ ਤੇ ਕਾਗਜ਼ ਚੁੱਕ ਲਿਆ। ਮੋਮਬੱਤੀ ਦੇ ਚਾਨਣ ਵਿਚ ਕਾਗਜ਼ 'ਤੇ ਲਿਖੀ ਸੈਮ ਦੀ ਲਿਖਾਈ ਨੂੰ ਉਸ ਨੇ ਝੱਟ ਪਛਾਣ ਲਿਆ। ਉਹ ਇਬਾਰਤ ਪੜ੍ਹਨ ਲੱਗਾ। ਉਸ ਦੇ ਚਿਹਰੇ ਦੇ ਰੰਗ ਮੋਮਬੱਤੀ ਦੀ ਹਿਲਦੀ ਲਾਟ ਵਿਚ ਬਦਲਣ ਲੱਗੇ। ਉਸ ਦਾ ਦਿਲ ਮੋਮਬੱਤੀ ਦੀ ਲਾਟ ਵਾਂਗ ਹੀ ਛਾਤੀ ਵਿਚ ਅਸਾਵਾਂ ਜਿਹਾ ਧੜਕਨ ਲੱਗਾ। ਉਸ ਦੀਆਂ ਨਜ਼ਰਾਂ ਕਾਗਜ਼ 'ਤੇ ਦੌੜਨ ਲੱਗੀਆਂ।

'ਮੇਰੀ ਜਾਨ—ਜਿਲੀਅਨ,

ਮੇਰੇ ਕੋਲ ਬਹੁਤ ਵਕਤ ਨਹੀਂ ਬਚਿਆ ਲਗਦਾ। ਕੁਝ ਪਰਿਵਾਰਕ ਗੱਲਾਂ ਮੈਂ ਤੇਰੇ ਨਾਲ ਸਾਂਝੀਆਂ ਕਰਨਾ ਚਾਹੁੰਨਾ। ਚਾਚੇ ਦੇ ਮਰਨ ਬਾਅਦ-------।' ਸੈਮ ਨੇ ਪਰਿਵਾਰ ਦੇ ਗੁੰਝਲਦਾਰ ਮਾਮਲਿਆਂ ਨੂੰ ਬਿਆਨਿਆਂ ਸੀ। ਬਹੁਤ ਸਾਰੇ ਉਸ ਨੇ ਸੁਲਝਾ ਲਏ ਸਨ। ਕੁਝ ਅਜੇ ਸੁਲਝਾਉਣੇ ਬਾਕੀ ਸਨ। ਅੰਤ ਵਿਚ ਉਸ ਨੇ ਜੋ ਲਿਖਿਆ ਸੀ ਐਲਨ ਪੜ੍ਹ ਕੇ ਜਿਵੇਂ ਠੰਡਾ ਹੋ ਗਿਆ।

--ਜਿਲੀਅਨ, ਜ਼ਿੰਦਗੀ ਕਦੇ ਕਦੇ ਸਾਡੇ ਨਾਲ ਵਫ਼ਾ ਨਹੀਂ ਕਰਦੀ ਤੇ ਬੇਇਨਸਾਫ਼ੀ ਵੀ ਕਰਦੀ ਹੈ। ਰੱਬ ਦੀ ਮਰਜ਼ੀ ਅੱਗੇ ਕਿਸੇ ਦਾ ਜ਼ੋਰ ਨਹੀਂ ਹੁੰਦਾ। ਮੈਂ ਕਦੇ ਤੇਰੇ ਨਾਲ ਇਹ ਗੱਲ ਸਾਂਝੀ ਨਹੀਂ ਕੀਤੀ ਨਾ ਹੀ ਕਦੇ ਲੋੜ ਮਹਿਸੂਸ ਕੀਤੀ ਸੀ। ਹੁਣ ਇਹ ਗੱਲ ਕਰਨੀ ਜ਼ਰੂਰੀ ਹੈ। ਐਲਨ ਦੇ ਪਿਤਾ ਦਾ ਮੈਨੂੰ ਪਤਾ ਹੈ। ਮੈਂ ਚਾਹੁੰਦਾ ਹਾਂ ਜਦੋਂ ਐਲਨ ਇੰਡੀਆ ਤੋਂ ਵਾਪਿਸ ਆ ਜਾਵੇ ਤਾਂ ਤੂੰ ਉਸ ਨੂੰ ਮਾਰਕ ਪਿੰਨ ਬਾਰੇ ਸਾਰਾ ਕੁਝ ਦੱਸ ਦੇਵੇਂ। ਆਪਣਾ ਕੋਈ ਹੱਕ ਨਹੀਂ ਬਣਦਾ ਅਸੀਂ ਉਸ ਨੂੰ ਉਸ ਦੇ ਭੌਤਿਕ ਪਿਤਾ ਤੋਂ ਦੂਰ ਰੱਖੀਏ। ਹੁਣ ਉਹ ਆਪ ਫੈਸਲੇ ਲੈਣ----।'

ਅੱਗੇ ਐਲਨ ਤੋਂ ਪੜ੍ਹ ਨਾ ਹੋਇਆ। ਐਲਨ ਨੇ ਪਰਿਵਾਰ ਦੀਆਂ ਚਾਚਿਆਂ ਨਾਲ ਤਾਂ ਸਾਰੀਆਂ ਗੁੰਝਲਾਂ ਸੁਲਝਾ ਲਈਆਂ ਸਨ ਤੇ ਹੁਣ ਉਹਨਾਂ ਦੇ ਪਰਿਵਾਰਕ ਸਬੰਧ ਵੀ ਚੰਗੇ ਸਨ। ਇਹ ਅਜਿਹੀ ਉਲਝਣ ਸੀ ਜਿਸ ਦਾ ਐਲਨ ਨੇ ਕਦੇ ਸੁਪਨਾ ਵੀ ਨਹੀਂ ਲਿਆ ਸੀ। ਉਸ ਨੂੰ ਧਰਤੀ ਘੁੰਮਦੀ ਲੱਗੀ। ਸੈਮ ਦੀ ਸੂਰਤ ਉਸ ਦੀਆਂ ਅੱਖਾਂ ਅੱਗੇ ਆਈ। ਜਿਲੀਅਨ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗਾ। ਸੈਮ ਅਤੇ ਜਿਲੀਅਨ ਦੀ ਪਿਆਰ ਭਰੀ ਜ਼ਿੰਦਗੀ ਦੇ ਦ੍ਰਿਸ਼ ਉਸ ਦੀਆਂ ਯਾਦਾਂ ਵਿਚ ਉਮੜਨ ਲੱਗੇ। ਸੈਮ ਨਾਲ ਖੇਡੀਆਂ ਖੇਡਾਂ ਅਤੇ ਸੈਮ ਦੇ ਪਿਆਰ ਦੇ ਸੀਨ ਉਸ ਦੀਆਂ ਯਾਦਾਂ ਵਿਚ ਚਮਕਣ ਲੱਗੇ। ਐਲਨ ਨੂੰ ਯਕੀਨ ਨਾ ਆਇਆ ਸੈਮ ਦੀ ਥਾਂ ਕੋਈ ਉਸ ਦਾ ਹੋਰ ਪਿਉ ਸੀ। ਉਸ ਨੇ ਇਕ ਵਾਰ ਫਿਰ ਯਕੀਨ ਕਰਨ ਲਈ ਚਿੱਠੀ ਦਾ ਸਬੰਧਤ ਹਿੱਸਾ ਪੜ੍ਹਨਾ ਸ਼ੁਰੂ ਕੀਤਾ। ਵਰ੍ਹਿਆਂ ਪੁਰਾਣੀ ਚਿੱਠੀ ਵਿਚ ਪਈਆਂ ਸਿਲਵਟਾਂ 'ਤੇ ਉਸ ਨੇ ਇਕ ਵਾਰ ਫਿਰ ਹੱਥ ਫੇਰਿਆ ਤੇ ਪੜ੍ਹਨ ਲੱਗਾ। ਜਿਵੇਂ ਜਿਵੇਂ ਉਹ ਚਿੱਠੀ ਪੜ੍ਹਦਾ ਗਿਆ, ਚਿੱਠੀ ਵਿਚ ਪਈਆਂ ਸਿਲਵਟਾਂ ਉਸ ਦੇ ਚਿਹਰੇ 'ਤੇ ਉਕਰੀਆਂ ਜਾਣ ਲੱਗੀਆਂ। ਉਹ ਹੱਥਾਂ ਵਿਚ ਸਿਰ ਲੈ ਕੇ ਬੈਠ ਗਿਆ। ਕੁਝ ਦੇਰ ਬਾਅਦ ਜੈਨੀਫਰ ਨੇ ਉਸ ਦੇ ਮੋਢੇ 'ਤੇ ਆ ਹੱਥ ਰੱਖਿਆ। ਐਲਨ ਨੇ ਆਪਣਾ ਸਿਰ ਜੈਨੀਫਰ ਦੀ ਛਾਤੀ ਨਾਲ ਜੋੜ ਦਿੱਤਾ ਜਿਵੇਂ ਉਸ ਦਾ ਸਹਾਰਾ ਲੈਣ ਤੋਂ ਬਿਨਾਂ ਉਸ ਕੋਲ ਹੋਰ ਕੋਈ ਰਾਹ ਨਾ ਹੋਵੇ।

---

ਜੋਜ਼ਿਫ ਨੇ ਸਵੇਰੇ ਬੱਘੀ ਦੀ ਰੂਹ ਨਾਲ ਸਫ਼ਾਈ ਕੀਤੀ। ਘੋੜਿਆਂ ਨੂੰ ਸ਼ਿੰਗਾਰਿਆ। ਦੁਪਿਹਰ ਤੋਂ ਪਹਿਲਾਂ ਉਹ ਹਸਪਤਾਲ ਪਹੁੰਚ ਗਏ। ਹਸਪਤਾਲ ਦੇ ਬਿਲਕੁਲ ਨਜ਼ਦੀਕ ਹੀ 'ਨੀਸ਼ ਬਰਦਰਜ਼' ਦਾ ਦਫ਼ਤਰ ਸੀ। ਇਹ ਅੰਤਿਮ ਸੰਸਕਾਰ ਦਾ ਪੂਰਾ ਪ੍ਰਬੰਧ ਕਰਦੇ ਸਨ। ਇਹਨਾਂ ਕੋਲ ਸਜੀ-ਸਜਾਈ ਘੋੜਾ ਗੱਡੀ ਸੀ ਜਿਸ ਨੂੰ ਛੇ ਘੋੜੇ

ਖਿੱਚਦੇ ਸਨ। ਉਹਨਾਂ ਨੇ ਜਿਲੀਅਨ ਦੀ ਲਾਸ਼ ਸਵੇਰੇ ਹੀ ਹਸਪਤਾਲ ਤੋਂ ਲੈ ਲਈ ਸੀ। ਐਲਨ ਨੇ ਰਾਤ ਨੂੰ ਹੀ ਹਸਪਤਾਲ ਵਿਚ ਲੋੜੀਂਦੇ ਕਾਗਜ਼ ਪੱਤਰਾਂ 'ਤੇ ਦਸਖਤ ਕਰ ਦਿੱਤੇ ਸਨ। ਆਮ ਵਾਂਗ ਜਿਲੀਅਨ ਦੀ ਲਾਸ਼ ਨੂੰ ਖੁਸ਼ਬੋ ਲਗਾ ਕੇ ਅਤੇ ਲਾਸ਼ ਨੂੰ ਖਰਾਬ ਹੋਣ ਤੋਂ ਬਚਾਉਣ ਦੇ ਲੋੜੀਂਦੇ ਪ੍ਰਬੰਧ ਕਰ ਦਿੱਤੇ ਸਨ। ਜਦ ਉਹ 'ਨੀਸ਼ ਬਰਦਰਜ਼' ਦੇ ਦਫ਼ਤਰ ਪਹੁੰਚੇ ਤਾਂ ਉਹਨਾਂ ਨੇ ਜਿਲੀਅਨ ਦੀ ਲਾਸ਼ ਨੂੰ ਤਬੂਤ ਵਿਚ ਪਾ ਕੇ ਤਿਆਰ ਕਰ ਰੱਖਿਆ ਸੀ। ਤਬੂਤ ਨੂੰ ਦਫ਼ਤਰ ਦੀ ਬੱਘੀ ਵਿਚ ਟਿਕਾਉਂਦਿਆਂ ਐਲਨ ਨਾਲੋਂ ਵੱਧ ਜੋਜ਼ਿਫ ਰੋ ਰਿਹਾ ਸੀ। ਜਦ ਤੱਕ ਉਹ ਘਰ ਪਹੁੰਚੇ ਪੈਟ ਨੇ ਸਟੱਡੀ ਦੇ ਨਾਲ ਲਗਦੇ ਕਮਰੇ ਦੀ ਸਫ਼ਾਈ ਕਰ ਦਿੱਤੀ ਅਤੇ ਦਰਵਾਜ਼ੇ ਦੀ ਸਾਹਮਣੀ ਕੰਧ ਨਾਲ ਮੇਜ਼ ਰੱਖ ਕੇ ਉਸ 'ਤੇ ਜੀਸਜ਼ ਦੀ ਫੋਟੋ ਅਤੇ ਫੁੱਟ ਕੁ ਉੱਚਾ 'ਕਰਾਸ' ਰੱਖ ਦਿੱਤਾ। ਪੈਟ ਨੇ ਕਮਰੇ ਨੂੰ ਇਕ ਵਾਰ ਵੇਖ ਕੇ ਤਸੱਲੀ ਕੀਤੀ ਅਤੇ ਮਾਲਕਣ ਦੀ ਉਡੀਕ ਕਰਨ ਲੱਗੀ।

ਬੱਘੀ ਦੇ ਪਹੁੰਚਣ ਤੱਕ ਅਲੀਜ਼ਾ ਤੇ ਰਸਲ ਤੋਂ ਬਿਨਾਂ ਕੁਝ ਹੋਰ ਦੋਸਤ ਵੀ ਆ ਪਹੁੰਚੇ ਸਨ। ਉਹ ਕਮਰੇ ਵਿਚ ਕੁਰਸੀਆਂ 'ਤੇ ਬੈਠੇ ਉਦਾਸ ਚਿਹਰਿਆਂ ਨਾਲ ਸੜਕ ਵੱਲ ਵੇਖ ਰਹੇ ਸਨ। ਜਦ ਬੱਘੀ ਆਉਂਦੀ ਦਿਸੀ ਤਾਂ ਸਾਰੇ ਉੱਠ ਕੇ ਬਾਹਰ ਆ ਗਏ। ਮੀਂਹ ਤੋਂ ਬੱਚਤ ਸੀ ਪਰ ਬੱਦਲਾਂ ਨੇ ਸਾਰੇ ਲੰਡਨ 'ਤੇ ਸੁਰਮਈ ਚਾਦਰ ਨਾਲ ਛਾਂ ਕੀਤੀ ਹੋਈ ਸੀ। ਬੱਘੀ ਰੁਕੀ ਤਾਂ ਆਪਣੀ ਬੱਘੀ ਵਿਚੋਂ ਐਲਨ ਪਹਿਲਾਂ ਉੱਤਰਿਆ। ਫਿਰ ਜੋਜ਼ਿਫ। ਘੋੜਿਆਂ ਦੀਆਂ ਵਾਗਾਂ ਉਸ ਨੇ ਕੋਚਵਾਨ ਵਾਲੀ ਸੀਟ ਨਾਲ ਬੰਨ੍ਹ ਦਿੱਤੀਆਂ। ਘੋੜੇ ਨੀਵੀਂ ਪਾਈ ਖੜ੍ਹੇ ਸਨ ਜਿਵੇਂ ਉਹ ਵੀ ਜਿਲੀਅਨ ਨੂੰ ਵਿਦਾਇਗੀ ਦੇ ਰਹੇ ਹੋਣ। ਉਹਨਾਂ ਦਾ ਵੀ ਅੱਜ ਹਿਣਕਣ ਨੂੰ ਮਨ ਨਹੀਂ ਸੀ ਕਰਦਾ।

ਕੁਝ ਦੋਸਤਾਂ ਦੀ ਮਦਦ ਨਾਲ ਤਬੂਤ ਨੂੰ ਕਮਰੇ ਵਿਚ ਲਿਜਾਇਆ ਗਿਆ ਅਤੇ ਤਾਬੂਤ ਨੂੰ ਦੋ ਸਟੈਂਡਾਂ 'ਤੇ ਰੱਖ ਦਿੱਤਾ ਗਿਆ। ਤਬੂਤ ਦਾ ਢੱਕਣ ਲਾਹ ਕੇ ਇਕ ਪਾਸੇ ਰੱਖ ਦਿੱਤਾ। ਸਾਰੇ ਲੋਕਾਂ ਨੇ ਆਪਣੀਆਂ ਟੋਪੀਆਂ ਪਹਿਲਾਂ ਹੀ ਲਾਹ ਕੇ ਕੱਛਾਂ ਵਿਚ ਦੇ ਲਈਆਂ ਸਨ। ਹੁਣ ਉਹ ਟੋਪੀਆਂ ਹੱਥਾਂ ਵਿਚ ਲੈ ਕੇ ਸਿਰ ਝੁਕਾ ਕੇ ਤਬੂਤ ਦੇ ਸਾਹਮਣੇ ਖੜ੍ਹੇ ਸਨ। ਲੋਕ ਆਉਂਦੇ। ਜਿਲੀਅਨ ਨੂੰ ਵੇਖਦੇ। ਆਪਣਾ ਸਤਿਕਾਰ ਭੇਟ ਕਰਦੇ ਅਤੇ ਐਲਨ ਨੂੰ ਹੌਸਲਾ ਦੇ ਕੇ ਚਲੇ ਜਾਂਦੇ। ਅਗਲੇ ਦਿਨ ਬਾਅਦ ਦੁਪਿਹਰ ਸੰਸਕਾਰ ਦਾ ਸਮਾਂ ਨਿਸ਼ਚਤ ਕੀਤਾ ਗਿਆ ਸੀ ਜੋ 'ਹਾਈਗੇਟ ਸ਼ਮਸ਼ਾਨ ਘਾਟ' ਵਿਚ ਕੀਤਾ ਜਾਣਾ ਸੀ। ਨੇੜੇ ਤੇੜੇ ਕੋਈ 'ਸਤਿਕਾਰ ਯੋਗ' ਸ਼ਮਸ਼ਾਨ ਘਾਟ ਨਹੀਂ ਸੀ। ਬਹੁਤੇ ਵੱਡੇ ਲੋਕ ਲੰਡਨ ਦੇ ਤਿੰਨ ਚਾਰ ਚੰਗੇ ਸ਼ਮਸ਼ਾਨ ਘਾਟਾਂ ਵਿਚੋਂ ਇਕ ਦੀ ਵਰਤੋਂ ਕਰਦੇ ਸਨ। ਉਦੋਂ ਤੱਕ ਲੋਕਾਂ ਦਾ ਆਉਣ ਜਾਣ ਦਾ ਸਿਲਸਿਲਾ ਇੰਝ ਹੀ ਚਲਦਾ ਰਹਿਣਾ ਸੀ। ਪਹਿਲਾਂ ਲੋਕਾਂ ਨੇ ਮੁਰਦੇ ਨੂੰ ਕੁਝ ਦਿਨ ਘਰੇ ਰੱਖਣ ਵਰਗੇ ਰਿਵਾਜ ਬਣਾਏ ਹੋਏ ਸਨ। ਉਹਨਾਂ ਨੂੰ ਸ਼ੱਕ ਰਹਿੰਦਾ ਸੀ ਸ਼ਾਇਦ ਮੁਰਦਾ ਜਿੰਦਾ ਹੀ ਹੋ ਜਾਵੇ। ਜਾਂ ਸ਼ਾਇਦ ਮਰਨ ਦੀ ਥਾਂ ਉਹ ਅਜੇ ਬੇਹੋਸ਼ ਹੀ ਹੋਵੇ!

ਕੁਝ ਲੋਕ ਬਦਲ ਗਏ ਸਨ ਤੇ ਕੁਝ ਬਦਲ ਰਹੇ ਸਨ। ਪਹਿਲਾਂ ਤਿੰਨ ਚਾਰ ਦਿਨ ਜਾਂ ਇਸ ਤੋਂ ਵੱਧ ਵੀ ਲਾਸ਼ ਨੂੰ ਘਰ ਵਿਚ ਰੱਖਣ ਦਾ ਰਿਵਾਜ ਸੀ। ਹੁਣ ਲੋਕ ਮਸਾਂ ਇਕ ਅੱਧ ਦਿਨ ਹੀ ਰਖਦੇ ਸਨ। ਐਲਨ ਨੇ ਵੀ ਅਗਲੇ ਦਿਨ ਹੀ ਸੰਸਕਾਰ ਕਰਨ ਦਾ ਪ੍ਰਬੰਧ ਕਰ ਲਿਆ ਸੀ। ਉਹੀ ਘੋੜਾ ਗੱਡੀ ਅਗਲੇ ਦਿਨ ਵੀ ਆ ਜਾਣੀ ਸੀ। ਸਭ ਕੁਝ ਦੇ ਬਾਵਜੂਦ ਐਲਨ ਦੇ ਦਿਮਾਗ ਵਿਚ ਮਾਰਕ ਪਿੰਨ ਅਤੇ ਉਸ ਦਾ ਪਰਿਵਾਰ ਘੁੰਮ ਰਿਹਾ ਸੀ।

ਸ਼ਾਮ ਤੱਕ ਸਮੈਂਥਾ ਆ ਗਈ। ਉਸ ਦੀ ਸਿਹਤ ਮਾੜੀ ਸੀ। ਉਸ ਨੂੰ ਜੋੜਾਂ ਦਾ ਦਰਦ ਰਹਿੰਦਾ ਅਤੇ ਡੈਨੀਅਲ ਸਾਲ ਕੁ ਪਹਿਲਾਂ ਚੱਲ ਵਸਿਆ ਸੀ। ਸਮੈਂਥਾ ਦੇ ਆਉਣ ਨਾਲ ਐਲਨ ਨੂੰ ਸਕੂਨ ਦਾ ਅਹਿਸਾਸ ਹੋਇਆ। ਉਹ ਜਿਲੀਅਨ ਬਾਰੇ ਸਮੈਂਥਾ ਨਾਲ ਖੁੱਲ੍ਹ ਕੇ ਗੱਲ ਕਰ ਸਕਦਾ ਸੀ। ਸ਼ਾਮ ਨੂੰ ਸਮੈਂਥਾ ਅਤੇ ਐਲਨ ਸਟੱਡੀ ਵਿਚ ਬੈਠੇ ਸਨ। ਜਿਲੀਅਨ ਨਾਲ ਦੇ ਕਮਰੇ ਵਿਚ ਪਈ ਸੀ। ਜੈਨੀਫਰ ਬੱਚਿਆਂ ਨੂੰ ਲੈ ਕੇ ਸੌਂ ਗਈ ਸੀ। ਐਲਨ ਨੇ ਸਮੈਂਥਾ ਨੂੰ ਸੈਮ ਦੀ ਚਿੱਠੀ ਬਾਰੇ ਦੱਸਿਆ ਤਾਂ ਸਮੈਂਥਾ ਦੀਆਂ ਅੱਖਾਂ ਹੈਰਾਨੀ ਨਾਲ ਅੱਡੀਆਂ ਰਹਿ ਗਈਆਂ। ਉਹ ਐਲਨ ਦੇ ਹੱਥਾਂ ਵਿਚ ਫੜੇ ਪੱਤਰ ਵੱਲ ਵੇਖਦੀ ਬੇਅਰਾਮੀ ਜਿਹੀ ਮਹਿਸੂਸ ਕਰ ਰਹੀ ਸੀ।
''ਸਮੈਂਥਾ ਅੰਟੀ, ਮੈਂ ਸਾਰਾ ਸੱਚ ਜਾਣਨਾ ਚਾਹੁੰਨਾ ਤੇ ਤੁਹਾਡੇ ਬਿਨਾਂ ਹੋਰ ਕਿਸੇ ਨੂੰ ਸਾਰੇ ਸੱਚ ਦਾ ਪਤਾ ਨਹੀਂ ਹੋ ਸਕਦਾ।'' ਐਲਨ ਦੇ ਫਰਿਆਦੀ ਬੋਲ ਸਮੈਂਥਾ ਦੇ ਕੰਨੀ ਪਏ। ਅਜੇ ਤੱਕ ਉਹ ਸੋਚ ਰਹੀ ਸੀ ਭਲਾ ਸੈਮ ਨੂੰ ਇਹ ਸਭ ਕਹਿਣ-ਕਰਨ ਦੀ ਕੀ ਲੋੜ ਪਈ ਸੀ!

ਐਲਨ ਵੱਲ ਉਸ ਨੇ ਮੋਹ ਭਰੀਆਂ ਅੱਖਾਂ ਨਾਲ ਵੇਖਿਆ। ਸਮੈਂਥਾ ਨੇ ਇਕ ਵਾਰ ਧੌਣ ਭੁਆ ਕੇ ਜਿਲੀਅਨ ਵੱਲ ਵੇਖਿਆ ਜਿਵੇਂ ਉਸ ਨੂੰ ਕੋਈ ਉਲਾਂਭਾ ਦੇਣਾ ਚਾਹ ਰਹੀ ਹੋਵੇ। ਫਿਰ ਉਸ ਨੇ ਹੌਲੀ ਹੌਲੀ ਸਾਰੀ ਕਹਾਣੀ ਐਲਨ ਦੇ ਕੰਨੀ ਪਾ ਦਿੱਤੀ। ਐਲਨ ਚੇਤਨ ਮਨ ਨਾਲ ਸੁਣਦਾ ਰਿਹਾ। ਸਮੈਂਥਾ ਨੇ ਆਪਣੇ ਨਿਭਾਏ ਰੋਲ ਨੂੰ ਵੀ ਨਹੀਂ ਲੁਕਾਇਆ ਸੀ। ਕਹਾਣੀ ਸੁਣਾਉਣ ਬਾਅਦ ਉਸ ਨੇ ਡੂੰਘਾ ਸਾਹ ਲਿਆ-

"ਐਲਨ ਮੈਨੂੰ ਤੇਰੇ ਨਾਲ ਹਮਦਰਦੀ ਵੀ ਐ ਤੇ ਅਫ਼ਸੋਸ ਵੀ ਐ।" ਸਮੈਂਥਾ ਦੀਆਂ ਅੱਖਾਂ ਵਿਚ ਹੰਝੂ ਸਨ।

ਕੁਝ ਦੇਰ ਬਾਅਦ ਐਲਨ ਨੇ ਸਮੈਂਥਾ ਨੂੰ ਸੌਣ ਲਈ ਮਨਾ ਲਿਆ ਅਤੇ ਉਸ ਨੂੰ ਬਿਸਤਰ ਵਿਚ ਲਿਟਾ ਆਇਆ। ਆਪ ਉਹ ਫਿਰ ਜਿਲੀਅਨ ਕੋਲ ਆ ਬੈਠਾ। ਇਕ ਵਾਰ ਫਿਰ ਉਸ ਨੇ ਸਮੈਂਥਾ ਦੀ ਕਹੀ ਵਾਰਤਾ ਨੂੰ ਆਪਣੇ ਮਨ ਵਿਚ ਦੁਹਰਾਇਆ ਅਤੇ ਸਾਰੇ ਪਾਤਰਾਂ ਬਾਰੇ ਸੋਚਣ ਲੱਗਾ।

ਜਿਲੀਅਨ ਤਾਂ ਉਸ ਦੀ ਮਾਂ ਸੀ। ਉਸ ਨੇ ਤਾਂ ਉਸ ਦਾ ਭਲਾ ਕੁਦਰਤੀ ਸੋਚਣਾ ਹੀ ਸੀ। ਸਮੈਂਥਾ ਮਾਂ ਨਾ ਹੋ ਕੇ ਵੀ ਉਸ ਬਾਰੇ ਮਾਂ ਨਾਲੋਂ ਵੀ ਵੱਧ ਬਣੀ ਰਹੀ। ਉਸ ਦਾ ਹਰ ਕਦਮ ਐਲਨ ਦੇ ਭਲੇ ਲਈ ਹੀ ਉੱਠਿਆ। ਸੈਮ ਤਾਂ ਉਸ ਨੂੰ ਮਨੁੱਖ ਦੇ ਜਾਮੇ ਵਿਚ ਦੇਵਤਾ ਲੱਗਿਆ। ਐਲਨ ਨੂੰ ਕਦੇ ਕਿਸੇ ਦੇਵਤੇ ਦੇ ਦਰਸ਼ਨ ਤਾਂ ਨਹੀਂ ਸਨ ਹੋਏ। ਲੋਕਾਂ ਤੋਂ ਸੁਣੇ ਸੁਣਾਏ ਅਨੁਸਾਰ ਉਸ ਦੇ ਮਨ ਵਿਚ ਦੇਵਤੇ ਦਾ ਇਕ ਤਸੱਵਰ ਬਣਿਆ ਹੋਇਆ ਸੀ। ਐਲਨ ਨੂੰ ਸੈਮ ਸੱਚ-ਮੁੱਚ ਦੇਵਤਾ ਹੀ ਲੱਗਿਆ। ਸ਼ਾਇਦ ਕੋਈ ਦੇਵਤਾ ਵੀ ਮਤਰੇਏ ਪੁੱਤ ਨਾਲ ਐਨਾ ਪਿਆਰ ਨਾ ਕਰ ਸਕਦਾ ਹੋਵੇ ਜਿੰਨਾ ਐਲਨ ਨੂੰ ਸੈਮ ਨੇ ਦਿੱਤਾ।

ਮਾਰਕ ਬਾਰੇ ਸੋਚਦਿਆਂ ਵੀ ਮਾਰਕ ਨਾਲ ਉਸ ਨੂੰ ਕੋਈ ਗਿਲਾ ਮਹਿਸੂਸ ਨਾ ਹੋਇਆ। ਉਸ ਨੇ ਜਿਲੀਅਨ ਨੂੰ ਲੱਭਣ ਦੀ ਭਰਪੂਰ ਕੋਸ਼ਿਸ਼ ਕੀਤੀ। ਬੱਸ ਮੌਕਾ-ਮੇਲ ਹੀ ਨਾ ਬਣਿਆ। ਉਸ ਨੇ ਕਦੀ ਵੀ ਜਿਲੀਅਨ ਨੂੰ ਬਲੈਕਮੇਲ ਕਰਨ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਸਮੈਂਥਾ ਦੀ ਬੇਨਤੀ ਵੀ ਬਿਨਾਂ ਕਿਸੇ ਹੀਲ-ਹੁੱਜਤ ਦੇ ਮੰਨ ਲਈ ਸੀ। ਐਲਨ ਨੂੰ ਲੱਗਿਆ ਜਿਵੇਂ ਉਹ ਬਹੁਤ ਹੀ ਖੁਸ਼-ਕਿਸਮਤ ਇਨਸਾਨ ਹੋਵੇ।

ਅਚਾਨਕ ਉਸ ਦੇ ਮਨ ਨੇ ਪਲਟਾ ਖਾਧਾ ਤੇ ਉਹ ਮਾਰਕ ਬਾਰੇ ਦੂਸਰੇ ਪੱਖੋਂ ਸੋਚਣ ਲੱਗਾ। ਸ਼ਾਇਦ ਮਾਰਕ ਉਸ ਨੂੰ ਅਪਨਾਉਣਾ ਹੀ ਨਾ ਚਾਹੁੰਦਾ ਹੋਵੇ! ਸ਼ਾਇਦ ਉਹ ਆਪਣੀ ਜਾਇਦਾਦ ਆਪਣੇ ਬੱਚਿਆਂ ਤੱਕ ਹੀ ਸੀਮਤ ਰੱਖਣਾ ਚਾਹੁੰਦਾ ਹੋਵੇ! ਸ਼ਾਇਦ ਸਮੈਂਥਾ ਨਾਲ ਬਿਨਾਂ ਕਿਸੇ ਉਜਰ ਦੇ ਸਹਿਮਤ ਹੋ ਜਾਣਾ ਉਸ ਦੇ ਫਾਇਦੇ ਵਿਚ ਜਾਂਦਾ ਕਰਕੇ ਹੀ ਹੋਵੇ! ਇਹਨਾਂ ਵਿਚਾਰਾਂ ਦੇ ਆਉਣ ਨਾਲ ਹੀ ਉਸ ਦੇ ਮਨ ਵਿਚ ਉਥਲ-ਪੁਥਲ ਸ਼ੁਰੂ ਹੋ ਗਈ। ਫਿਰ ਉਸ ਨੂੰ ਮਾਰਕ ਦੇ ਬਿਮਾਰ ਹੋਣ ਦਾ ਖਿਆਲ ਆਇਆ। ਐਲਨ ਦੇ ਮਨ ਵਿਚ ਇਕ ਵਾਰ ਤਰਸ ਦੀ ਭਾਵਨਾ ਪੈਦਾ ਹੋਈ ਤੇ ਉਸ ਨੇ ਆਪਣਾ ਮਨ ਹੋਰ ਪਾਸੇ ਲਾਉਣ ਦਾ ਯਤਨ ਕੀਤਾ।

ਐਲਨ ਨੂੰ ਲਿੰਨ ਦਾ ਖਿਆਲ ਆਇਆ। ਉਹ ਜਿਲੀਅਨ ਦੇ ਸੰਸਕਾਰ 'ਤੇ ਆਇਆ ਹੀ ਨਹੀਂ ਸੀ। ਐਲਨ ਦੇ ਮਨ ਵਿਚ ਫਿਰ ਤੋਂ ਲਿੰਨ ਪ੍ਰਤੀ ਨਾਂਹ-ਵਾਚਕ ਵਿਚਾਰ ਆਉਣ ਲੱਗੇ। ਸ਼ਾਇਦ ਲਿੰਨ ਨੂੰ ਮਾਰਕ ਨੇ ਦੱਸ ਦਿੱਤਾ ਹੋਵੇ! ਸ਼ਾਇਦ ਲਿੰਨ ਜਾਣ ਬੁਝ ਕੇ ਹੀ ਨਾ ਆਇਆ ਹੋਵੇ! ਸ਼ਾਇਦ---। ਜਿਵੇਂ ਜਿਵੇਂ ਉਹ ਨਾਂਹ-ਵਾਚਕ ਸੋਚਦਾ ਗਿਆ ਤਿਵੇਂ ਤਿਵੇਂ ਲਿੰਨ ਦੇ ਗਲਤ ਹੋਣ ਦੀ ਤਸਵੀਰ ਵੱਡੀ ਹੁੰਦੀ ਗਈ। ਐਲਨ ਨੇ ਮਾਰਕ ਨੂੰ ਮਿਲਣ ਦਾ ਵਿਚਾਰ ਅਜੇ ਅਗਾਂਹ ਪਾ ਦਿੱਤਾ।

ਐਲਨ ਨੇ ਸੋਗ-ਸਮਾਂ ਸੱਤ ਦਿਨ ਦਾ ਮਿਥਿਆ। ਵਿਧਵਾ ਔਰਤਾਂ ਲਈ ਹਾਲਤ ਵੱਖਰੀ ਹੁੰਦੀ ਸੀ। ਉਹਨਾਂ ਨੂੰ ਸੱਤ ਦਿਨ ਤਾਂ ਘਰ ਦੇ ਅੰਦਰ ਹੀ ਕਾਲੇ ਲਿਬਾਸ ਵਿਚ ਰਹਿਣਾ ਪੈਂਦਾ। ਉਹ ਕਿਸੇ ਮਰਦ ਦੇ ਮੱਥੇ ਨਹੀਂ ਲਗ ਸਕਦੀਆਂ ਸਨ। ਸੱਤ ਦਿਨ ਬਾਅਦ ਉਹ ਦੁਕਾਨ ਤੱਕ ਜਾ ਸਕਦੀਆਂ ਸਨ। ਤਿੰਨ ਮਹੀਨੇ ਤੱਕ ਤਾਂ ਉਹ ਚਰਚ ਵੀ ਨਹੀਂ ਜਾ ਸਕਦੀਆਂ ਸਨ। ਤਿੰਨ ਮਹੀਨੇ ਬਾਅਦ ਚਰਚ ਜਾ ਸਕਦੀਆਂ ਸਨ ਅਤੇ ਆਦਮੀਆਂ ਨਾਲ ਵੀ ਗੱਲ ਕਰ ਸਕਦੀਆਂ ਸਨ।

ਐਲਨ, ਲਿੰਨ ਅਤੇ ਮਾਰਕ ਬਾਰੇ ਸੋਚਦਾ ਘਰ ਅੰਦਰ ਚਲਾ ਗਿਆ।

## 18

ਮਾਰਕ ਦੀ ਸਿਹਤ ਪਹਿਲਾਂ ਨਾਲੋਂ ਥੋੜੀ ਚੰਗੀ ਸੀ। ਇਕ ਨੌਕਰ ਸਾਰਾ ਦਿਨ ਉਸ ਕੋਲ ਰਹਿੰਦਾ। ਮਾਰਕ ਜਦ ਵੀ ਇਸ਼ਾਰਾ ਕਰਦਾ ਨੌਕਰ ਲੋੜ ਅਨੁਸਾਰ ਉਸ ਦੀ ਮਦਦ ਕਰ ਦਿੰਦਾ। ਮਾਰਕ ਦੀ ਆਵਾਜ਼ ਥਥਲਾਉਣ ਕਰਕੇ ਦੂਸਰਿਆਂ ਨੂੰ ਸਮਝਾਉਣਾ ਬਹੁਤ ਮੁਸ਼ਕਲ ਹੁੰਦਾ। ਉਹ ਹੌਲੀ-ਹੌਲੀ ਸੋਟੀ ਦੇ ਸਹਾਰੇ ਨਾਲ ਥੋੜਾ ਚੱਲ ਫਿਰ ਲੈਂਦਾ।

ਮਾਰਕ ਨੇ ਆਪਣੇ ਗਾਊਨ ਦੀ ਜੇਬ ਵਿਚ ਹੱਥ ਮਾਰਿਆ। ਜੈਨੀ ਦੀ ਚਿੱਠੀ ਨੂੰ ਹੱਥ ਨਾਲ ਟੋਹਿਆ ਅਤੇ ਕੁਝ ਦੇਰ ਲਈ ਹੱਥ ਜੇਬ ਵਿਚ ਹੀ ਰੱਖੀ ਰੱਖਿਆ। ਉਸ ਦਾ ਮਨ ਉਦਾਸ ਹੋ ਗਿਆ। ਕੁਝ ਦਿਨ ਪਹਿਲਾਂ ਹੀ ਜੈਨੀ ਦੀ ਚਿੱਠੀ ਆਈ ਸੀ-

"ਪਿਆਰੇ ਮਾਰਕ,
ਬਹੁਤ ਦੇਰ ਬਾਅਦ ਤੈਨੂੰ ਲਿਖ ਰਹੀ ਹਾਂ। ਕੈਪਟਨ ਦੀ ਮੌਤ ਤੋਂ ਬਾਅਦ ਮੈਨੂੰ ਸਮਝ ਨਹੀਂ ਸੀ ਆਉਂਦੀ ਕੀ ਕਰਾਂ? ਤੇਰੇ ਨਾਲ ਰਹਿ ਕੇ ਜ਼ਿੰਦਗੀ ਕੱਟਣ ਦਾ ਖਿਆਲ ਵੀ ਆਉਂਦਾ। ਫਿਰ ਕੈਪਟਨ ਦਾ ਖਿਆਲ ਆ ਜਾਂਦਾ। ਇਕ ਵਿਧਵਾ ਲਈ ਜ਼ਿੰਦਗੀ ਦੇ ਫੈਸਲੇ ਲੈਣੇ ਔਖੇ ਹੀ ਹੁੰਦੇ ਹਨ। ਹੌਲੀ ਹੌਲੀ ਮੇਰਾ ਮਨ ਮਰ ਗਿਆ ਤੇ ਮੈਂ ਦਿਨ ਕੱਟਣ ਲੱਗੀ। ਹੁਣ ਮੇਰੇ ਕੋਲ ਬਹੁਤਾ ਸਮਾਂ ਨਹੀਂ। ਮੈਂ ਮੁਆਫੀ ਚਾਹੁੰਦੀ ਹਾਂ ਜੇ ਮੇਰੇ ਕਰਕੇ ਤੈਨੂੰ ਤਕਲੀਫ਼ ਹੋਈ ਹੋਵੇ। ਇਹ ਚਿੱਠੀ ਮੇਰੇ ਮਰਨ ਬਾਅਦ ਹੀ ਪੋਸਟ ਹੋਵੇਗੀ। ਮੈਂ ਅਜੇ ਵੀ ਤੈਨੂੰ ਪਿਆਰ ਕਰਦੀ ਹਾਂ-----।

ਮਾਰਕ ਨੇ ਕਈ ਵਾਰ ਚਿੱਠੀ ਪੜ੍ਹੀ ਸੀ। ਉਸ ਨੂੰ ਜਿਲੀਅਨ ਦੀ ਮੌਤ ਦਾ ਵੀ ਪਤਾ ਲੱਗ ਗਿਆ ਸੀ। ਜਿਲੀਅਨ ਨਾਲ ਭਾਂਵੇਂ ਉਸ ਦਾ ਸੰਖੇਪ ਜਿਹਾ ਰਿਸ਼ਤਾ ਰਿਹਾ ਸੀ। ਫਿਰ ਵੀ ਉਸ ਨਾਲ ਬਹੁਤ ਡੂੰਘੀਆਂ ਤੰਦਾਂ ਜੁੜੀਆਂ ਹੋਈਆਂ ਸਨ। ਮਾਰਕ ਦੀਆਂ ਅੱਖਾਂ ਅੱਗੇ ਐਲਨ ਦੀ ਸ਼ਕਲ ਆਈ। ਅਚਾਨਕ ਉਸ ਨੂੰ ਲਿੰਨ ਆਉਂਦਾ ਦਿਸਿਆ। ਮਾਰਕ ਨੇ ਟੇਢੇ ਹੋਏ ਬੁੱਲ੍ਹਾਂ ਨਾਲ ਇਕ ਜੀ ਆਇਆਂ ਕਹਿੰਦੀ ਮੁਸਕਰਾਹਟ ਦਿੱਤੀ। ਲਿੰਨ ਨੇ ਮਾਰਕ ਦੇ ਹੱਥ ਆਪਣੇ ਹੱਥਾਂ ਵਿਚ ਲੈ ਕੇ ਉਸ ਦਾ ਹਾਲ ਪੁੱਛਿਆ।

"ਟੀਕ---ਆ--।" ਟੁੱਟਵੀਂ ਆਵਾਜ਼ ਵਿਚ ਉਸ ਨੇ ਜਵਾਬ ਦਿੱਤਾ।

ਲਿੰਨ ਉਸ ਕੋਲ ਬੈਠ ਗਿਆ ਅਤੇ ਨੌਕਰ ਤੋਂ ਮੋਟੀ ਮੋਟੀ ਜਾਣਕਾਰੀ ਲਈ। ਮਾਰਕ ਕੋਈ ਸਵਾਲ ਪੁੱਛਣ ਦੀ ਕੋਸ਼ਿਸ਼ ਕਰ ਰਿਹਾ ਸੀ। ਲਿੰਨ ਨੇ ਧਿਆਨ ਨਾਲ ਸੁਣਨ ਦੀ ਕੋਸ਼ਿਸ਼ ਕੀਤੀ। ਮਾਰਕ ਹੜਤਾਲ ਬਾਰੇ ਪੁੱਛ ਰਿਹਾ ਸੀ।

"ਹਾਂ ਹੜਤਾਲ ਖਤਮ ਹੋ ਗਈ ਐ ਤੇ ਵਰਕਰ ਕੰਮ 'ਤੇ ਚਲੇ ਗਏ ਐ। ਤੁਸੀਂ ਫਿਕਰ ਨਾ ਕਰੋ ਇਹ ਤਾਂ ਚਲਦਾ ਹੀ ਰਹਿੰਦਾ।" ਲਿੰਨ ਨੇ ਮਾਰਕ ਦਾ ਇਕ ਵਾਰ ਫਿਰ ਹੱਥ ਘੁੱਟਿਆ ਅਤੇ ਆਪਣੇ ਕਮਰੇ ਨੂੰ ਚਲਾ ਗਿਆ।

ਕੁਝ ਦੇਰ ਬਾਅਦ ਉਹ ਰੌਬਿਨ ਨੂੰ ਮਿਲਣ ਲਈ ਬੈਂਕ ਨੂੰ ਚਲਾ ਗਿਆ। ਰਿਸੈਪਸ਼ਨ 'ਤੇ ਜਾ ਕੇ ਉਸ ਨੇ ਰੌਬਿਨ ਬਾਰੇ ਪੁੱਛਿਆ ਤੇ ਰੌਬਿਨ ਦੇ ਦਫ਼ਤਰ ਵਿਚ ਚਲਾ ਗਿਆ।

"ਲਿੰਨ ਕਿੰਨੇ ਦਿਨਾਂ ਬਾਅਦ ਮਿਲਿਆਂ ਤੂੰ। ਸਭ ਠੀਕ ਐ?"

ਲਿੰਨ ਕੁਰਸੀ ਖਿੱਚ ਕੇ ਰੌਬਿਨ ਦੇ ਸਾਹਮਣੇ ਬੈਠ ਗਿਆ। ਲਿੰਨ ਦਾ ਚਿਹਰਾ ਉਸ ਨੂੰ ਥੱਕਿਆ ਥੱਕਿਆ ਲੱਗਾ।

"ਠੀਕ ਐ -ਤੈਨੂੰ ਪਤਾ ਈ ਐ।"

"ਵਾਈਨ ਦਾ ਗਲਾਸ ਦੇਵਾਂ-!" ਉਸ ਦੇ ਜਵਾਬ ਤੋਂ ਪਹਿਲਾਂ ਹੀ ਰੌਬਿਨ ਨੇ ਲਿੰਨ ਨੂੰ ਵਾਈਨ ਦਾ ਗਲਾਸ ਦੇ ਦਿੱਤਾ।

ਰੌਬਿਨ ਆਪਣੀ ਫਾਇਲ ਨੂੰ ਸਾਂਭਣ ਲੱਗਾ ਤੇ ਲਿੰਨ ਨੇ ਦੋ ਘੁੱਟਾਂ ਵਾਈਨ ਦੀਆਂ ਪੀ ਕੇ ਗਲਾਸ ਟੇਬਲ 'ਤੇ ਰੱਖ ਦਿੱਤਾ।

"ਹੜਤਾਲ ਲੰਬੀ ਹੋ ਗਈ ਐ ਤੇ ਮੈਨੂੰ ਕੁਝ ਕੈਸ਼ ਦੀ ਜ਼ਰੂਰਤ ਐ।" ਲਿੰਨ ਨੇ ਆਪਣੀ ਸਮੱਸਿਆ ਦੱਸੀ।

"ਕੋਈ ਸਮਝੌਤਾ ਕਿਉਂ ਨਹੀਂ ਹੋ ਸਕਿਆ?" ਰੌਬਿਨ ਨੇ ਆਪਣਾ ਸਾਰਾ ਧਿਆਨ ਲਿੰਨ ਵੱਲ ਕਰ ਲਿਆ। ਉਸ ਵੇਲੇ ਲਿੰਨ ਉਸ ਲਈ ਦੋਸਤ ਨਾਲੋਂ ਵੱਧ ਇਕ ਗਾਹਕ ਸੀ ਤੇ ਗਾਹਕ ਦੀ ਪੁਣ-ਛਾਣ ਕਰਨੀ ਉਸ ਦਾ ਫਰਜ਼ ਸੀ।

"ਮਜ਼ਦੂਰ ਕੰਮ ਦੇ ਘੰਟੇ ਘਟਾਉਣ ਲਈ ਅੜੇ ਹੋਏ ਐ। ਹੁਣ ਸਵਾਲ ਮੇਰਾ ਹੀ ਨਹੀਂ ਸਗੋਂ ਸਾਰੀ ਇੰਡਸਟਰੀ ਦਾ ਐ। ਜੇ ਅਸੀਂ ਹੁਣ ਮੰਨ ਜਾਂਦੇ ਆਂ ਤਾਂ ਮਜ਼ਦੂਰ ਸਾਲ ਨੂੰ ਫੇਰ ਕੋਈ ਇਹੋ ਜਿਹੀ ਹੀ ਮੰਗ ਰੱਖ ਦੇਣਗੇ।"

"ਚੱਲ ਆਪਾਂ ਲੰਚ ਕਰਨ ਚੱਲੀਏ। ਉਥੇ ਹੀ ਗੱਲਾਂ ਕਰਾਂਗੇ।"

ਰੌਬਿਨ ਨੇ ਆਪਣਾ ਕੋਟ ਚੁਕਿਆ ਤੇ ਲਿੰਨ ਨੂੰ ਦਰਵਾਜ਼ਾ ਖੋਲ੍ਹ ਕੇ ਪਹਿਲਾਂ ਨਿਕਲਣ ਦਿੱਤਾ। ਬੈਂਕ ਤੋਂ ਥੋੜੇ ਫਾਸਲੇ 'ਤੇ ਹੀ 'ਬੈਰੀਜ਼' ਨਾਂ ਦੀ ਕਲੱਬ ਸੀ। ਉਸ ਦਾ ਹੇਠਲਾ ਹਿੱਸਾ ਖਾਣੇ ਅਤੇ ਬਾਰ ਦਾ ਸੀ। ਉੱਪਰਲੇ ਹਿੱਸੇ ਵਿਚ ਨੌਜਵਾਨਾਂ ਲਈ ਰੰਗਰਲੀਆਂ ਕਰਨ ਦਾ ਸਮਾਨ ਹਾਜ਼ਰ ਸੀ। ਲਿੰਨ ਅਤੇ ਰੌਬਿਨ ਦੋਵੇਂ ਹੀ ਉੱਪਰ ਨਹੀਂ ਜਾਂਦੇ ਸਨ। ਖਾਣਾ ਅਤੇ ਵਾਈਨ ਬਹੁਤ ਚੰਗੀ ਹੋਣ ਕਰਕੇ ਰੌਬਿਨ ਏਥੇ ਕਦੀ ਕਦਾਈਂ ਆ ਜਾਂਦਾ। ਇਹ ਬੈਂਕ ਦੇ ਨੇੜੇ ਵੀ ਸੀ।

ਕਲੱਬ ਵਿਚ ਬਹੁਤਾ ਭੀੜ-ਭੜੱਕਾ ਨਹੀਂ ਸੀ। ਭੀੜ-ਭੜੱਕਾ ਤਾਂ ਰਾਤ ਨੂੰ ਹੀ ਹੁੰਦਾ ਸੀ। ਉਹ ਆਪਣੀ ਪਸੰਦ ਦੇ ਨਵੇਕਲੇ ਜਿਹੇ ਟੇਬਲ 'ਤੇ ਬੈਠ ਗਏ। ਬਹਿਰੇ ਨੇ ਉਹਨਾਂ ਨੂੰ ਵਾਈਨ ਲਿਆ ਦਿਤੀ ਤੇ ਖਾਣੇ ਦਾ ਆਰਡਰ ਵੀ ਲੈ ਗਿਆ।

''ਲਿੰਨ ਮੇਰੇ ਖਿਆਲ ਵਿਚ ਕੋਈ ਸਮਝੌਤਾ ਜ਼ਰੂਰ ਕਰਨਾ ਚਾਹੀਦਾ। ਬਹੁਤੀ ਜ਼ਿਦ ਨਾਲ ਕੰਮ ਵਿਗੜ ਸਕਦਾ। ਤੁਸੀਂ ਮਾਲਕਾਂ ਨੇ ਵੀ ਲਗਦਾ ਯੂਨੀਅਨ ਬਣਾ ਲਈ ਐ।'' ਰੌਬਿਨ ਮੁਸਕਰਾਇਆ ਤੇ ਵਾਈਨ ਚੱਖਣ ਲੱਗਾ।

''ਚੰਗੀ ਵਾਈਨ ਐ---।'' ਲਿੰਨ ਨੇ ਸਿਰ ਹਿਲਾ ਕੇ ਹਾਂ ਵਿਚ ਹਾਂ ਮਿਲਾਈ।

''ਲਿੰਨ ਤੈਨੂੰ ਤਾਂ ਪਤਾ ਈ ਐ ਬੈਂਕ ਕਦੇ ਵੀ ਅਜਿਹੀ ਹਾਲਤ ਪਸੰਦ ਨਹੀਂ ਕਰਦੀ। ਮਜ਼ਦੂਰ ਗੁੱਸੇ ਅਤੇ ਮਾਨਸਿਕ ਉਲਝਣ ਕਾਰਨ ਕਈ ਵਾਰ ਗਲਤ ਕਦਮ ਚੁੱਕ ਕੇ ਵੱਡਾ ਨੁਕਸਾਨ ਕਰ ਸਕਦੇ ਐ। ਮੈਂ ਤੈਨੂੰ ਕੁਝ ਰਕਮ ਆਪਣੀ ਜ਼ਿੰਮੇਵਾਰੀ 'ਤੇ ਦੇ ਸਕਦਾਂ। ਵੱਡੀ ਰਕਮ ਲਈ ਤਾਂ ਸਾਰੇ ਹਿੱਸੇਦਾਰਾਂ ਦੀ ਮੀਟਿੰਗ ਹੋਊ ਤੇ ਉਸ ਮੀਟਿੰਗ ਵਿਚ ਹੀ ਫੈਸਲਾ ਹੋਵੇਗਾ। ਜੇ ਹੜਤਾਲ ਜਲਦੀ ਖਤਮ ਨਹੀਂ ਹੁੰਦੀ ਤਾਂ ਫਿਰ ਪੈਸਿਆਂ ਦਾ ਪ੍ਰਬੰਧ ਕਰਨ ਲਈ ਕੋਈ ਹੋਰ ਢੰਗ ਤਰੀਕਾ ਵਰਤਣਾ ਪਊ।''

ਲਿੰਨ ਨੂੰ ਹੁਣ ਰੌਬਿਨ ਹੰਢਿਆ-ਵਰਤਿਆ ਬੈਂਕਰ ਲੱਗਾ। ਉਂਝ ਉਸ ਨੂੰ ਪਤਾ ਸੀ ਉਹ ਕਿਸੇ ਵੀ ਬੈਂਕ ਕੋਲ ਜਾਂਦਾ ਸਭ ਨੇ ਇਹੋ ਜਵਾਬ ਦੇਣਾ ਸੀ। ਲਿੰਨ ਤੇ ਰੌਬਿਨ ਜਲਦੀ ਨਾਲ ਖਾਣਾ ਖਾ ਕੇ ਬਾਹਰ ਨਿਕਲੇ ਅਤੇ ਬੈਂਕ ਨੂੰ ਚੱਲ ਪਏ।

''ਲਿੰਨ ਹੁਣ ਤਾਂ ਮੇਰੀ ਮੀਟਿੰਗ ਐ। ਸ਼ਾਮ ਨੂੰ ਘਰ ਆ ਜਾ।''

''ਨਹੀਂ ਮੈਂ ਵਾਪਿਸ ਮਾਨਚੈਸਟਰ ਜਾਣਾ ਐ। ਤੂੰ ਪੈਸੇ ਜਲਦੀ ਭੇਜ ਦੇਵੀਂ।''

''ਉਹ ਤੂੰ ਫਿਕਰ ਨਾ ਕਰ।'' ਬੈਂਕ ਕੋਲ ਪਹੁੰਚਦਿਆਂ ਉਹਨਾਂ ਨੇ ਹੱਥ ਮਿਲਾਇਆ ਤੇ ਉਹ ਆਪਣੇ ਰਾਹ ਪੈ ਗਏ।

ਸਾਰੀ ਰਾਤ ਲਿੰਨ ਸੋਚਦਾ ਰਿਹਾ ਅਤੇ ਇਸ ਸਮੱਸਿਆ ਵਿਚੋਂ ਬਾਹਰ ਨਿਕਲਣ ਦਾ ਰਾਹ ਲਭਦਾ ਰਿਹਾ। ਅਜੇ ਤਾਂ ਮਜ਼ਦੂਰਾਂ ਕੋਲ ਹੜਤਾਲ ਦਾ ਕਨੂੰਨੀ ਹੱਕ ਨਹੀਂ ਸੀ। ਜਿਵੇਂ ਗੱਲਾਂ ਸੁਣਨ ਵਿਚ ਆ ਰਹੀਆਂ ਸਨ, ਮਜ਼ਦੂਰਾਂ ਨੂੰ ਆਉਣ ਵਾਲੇ ਸਮੇਂ ਵਿਚ ਇਹ ਹੱਕ ਵੀ ਮਿਲ ਜਾਣ ਦੇ ਅਸਾਰ ਸਨ। ਲਿੰਨ ਲਈ ਭਵਿੱਖ ਹੋਰ ਵੀ ਧੁੰਧਲਾ ਲੱਗਾ। ਉਸ ਨੇ ਐਲਨ ਕੋਲ ਅਫ਼ਸੋਸ ਕਰਨ ਲਈ ਜਾਣ ਦਾ ਮਨ ਬਣਾਇਆ। ਉਸ ਦਾ ਮਨ ਨਾ ਮੰਨਿਆ ਤੇ ਉਹ ਜਲਦੀ ਨਾਲ ਸੌਂ ਗਿਆ। ਅਗਲੇ ਦਿਨ ਪਹਿਲੀ ਟਰੇਨ 'ਤੇ ਹੀ ਉਹ ਮਾਨਚੈਸਟਰ ਚਲਾ ਗਿਆ।

ਮਨਚੈਸਟਰ ਪਹੁੰਚ ਕੇ ਉਸ ਨੇ ਆਪਣੇ ਦੋਸਤ ਫੈਕਟਰੀ ਮਾਲਕਾਂ ਨਾਲ ਗੱਲ ਕੀਤੀ।

''ਮੇਰੇ ਖਿਆਲ ਵਿਚ ਆਪਾਂ ਨੂੰ ਮਜ਼ਦੂਰਾਂ ਦੀਆਂ ਮੰਗਾਂ ਮੰਨ ਲੈਣੀਆਂ ਚਾਹੀਦੀਆਂ। ਸਰਕਾਰ ਨੇ ਕੁਝ ਬੱਚਿਆਂ ਦੇ ਕੰਮਾਂ ਸਬੰਧੀ ਕਨੂੰਨ ਦੋ ਦਹਾਕੇ ਤੋਂ ਵੀ ਪਹਿਲਾਂ ਬਣਾ ਦਿੱਤੇ ਸਨ। ਛੋਟੇ ਬੱਚਿਆਂ ਨੂੰ ਬਾਰਾਂ ਘੰਟੇ ਤੋਂ ਵੱਧ ਕੰਮ ਬੰਦ ਕਰ ਦਿੱਤਾ ਸੀ। ਇਸੇ ਤਰ੍ਹਾਂ ਔਰਤਾਂ ਸਬੰਧੀ ਵੀ ਕਨੂੰਨ ਬਣੇ ਸਨ। ਮੇਰੇ ਖਿਆਲ ਵਿਚ ਹੁਣ ਮਜ਼ਦੂਰਾਂ ਦੇ ਕੰਮ ਦੇ ਘੰਟਿਆਂ ਸਬੰਧੀ ਵੀ ਕਨੂੰਨ ਬਣ ਸਕਦਾ। ਕੁਝ ਫੈਕਟਰੀਆਂ ਵਿਚ ਤਾਂ ਪਹਿਲਾਂ ਹੀ ਕੰਮ ਦੇ ਘੰਟੇ ਘਟਾਏ ਹੋਏ ਐ।''

ਦੇਰ ਤੱਕ ਬਹਿਸ ਹੁੰਦੀ ਰਹੀ। ਅਖ਼ੀਰ ਫੈਸਲਾ ਹੋਇਆ ਕਿ ਮਜ਼ਦੂਰਾਂ ਦੀਆਂ ਮੰਗਾਂ ਮੰਨ ਲਈਆਂ ਜਾਣ ਪਰ ਕੰਮ ਦੇ ਘੰਟੇ ਘਟਾਉਣ ਵਾਲੀ ਮੰਗ ਨੂੰ ਅਗਲੇ ਸਾਲ ਤੋਂ ਲਾਗੂ ਕੀਤਾ ਜਾਵੇ। ਇਸ ਨਵੇਂ ਕੰਮ ਦੇ ਸਮੇਂ ਨੂੰ ਫੈਕਟਰੀਆਂ ਵਿਚ ਗ੍ਰਹਿਣ ਕਰਨ ਲਈ ਆਉਣ ਵਾਲੀਆਂ ਸੰਭਵੀ ਸਮੱਸਿਆਵਾਂ ਬਾਰੇ ਮਜ਼ਦੂਰਾਂ ਨੂੰ ਸਮਝਾਇਆ ਜਾਵੇ। ਇਕ ਦਮ ਤਬਦੀਲੀ ਮੁਸ਼ਕਲ ਹੋਣ ਦੀ ਦਲੀਲ ਦਿੱਤੀ ਜਾਵੇ----।

ਅਗਲੇ ਦਿਨਾਂ ਵਿਚ ਮਜ਼ਦੂਰਾਂ ਨਾਲ ਮੀਟਿੰਗ ਕਰਕੇ ਉਹਨਾਂ ਨੇ ਇਸ ਮੰਗ ਨੂੰ ਮੰਨ ਕੇ ਸਮਝੌਤਾ ਕਰ ਲਿਆ। ਲਿੰਨ ਦੇ ਸਿਰ ਤੋਂ ਜਿਵੇਂ ਭਾਰ ਦੀ ਪੰਡ ਲਹਿ ਗਈ ਹੋਵੇ।

ਪਾਰਲੀਮੈਂਟ ਦੀਆਂ ਵੋਟਾਂ ਨੇੜੇ ਆ ਰਹੀਆਂ ਸਨ। ਪਹਿਲੇ ਪੰਜ ਸਾਲ ਟੋਰੀਆਂ ਦੀ ਲੰਗੜੀ ਜਿਹੀ ਸਰਕਾਰ ਨੇ ਡਿੱਕ-ਡੋਲੇ ਖਾਂਦਿਆਂ ਲੰਘਾ ਲਏ ਸਨ। ਐਲਨ ਨੂੰ ਟਿਕਟ ਮਿਲਣ ਦੀ ਪੂਰੀ ਉਮੀਦ ਸੀ। ਉਹ ਵੋਟਾਂ ਤੋਂ ਕਾਫੀ ਪਹਿਲਾਂ ਹੀ ਆਪਣੀਆਂ ਕੋਸ਼ਿਸ਼ਾਂ ਕਰ ਰਿਹਾ ਸੀ। ਰਸਲ ਉਸ ਦਾ ਸੱਜਾ ਹੱਥ ਸੀ। ਇਕ ਦਿਨ ਉਹ ਸ਼ਾਮ ਦੇ ਮੌਕੇ 'ਵਰਕਿੰਗ ਮੈਨਜ਼ ਕਲੱਬ' ਵਿਚ ਚਲੇ ਗਏ।

ਇਹ ਇਕ ਦਰਮਿਆਨੇ ਆਕਾਰ ਦੀ ਪੱਬ ਵਰਗੀ ਕਲੱਬ ਸੀ। ਇਥੇ ਮਜ਼ਦੂਰ ਆਦਮੀ ਕੰਮ ਤੋਂ ਵਿਹਲੇ ਹੋ ਕੇ ਸ਼ਾਮ ਨੂੰ ਗੱਲਾਂ-ਬਾਤਾਂ ਮਾਰਨ ਲਈ ਆਉਂਦੇ ਅਤੇ ਬੀਅਰ ਦੇ ਗਲਾਸ ਲੈ ਕੇ ਆਪਣੇ ਸਾਥੀਆਂ ਨਾਲ ਬੈਠਦੇ। ਵਿਆਹੇ ਬੰਦੇ ਤਾਂ ਜਲਦੀ ਘਰਾਂ ਨੂੰ ਚਲੇ ਜਾਂਦੇ। ਛੜੇ ਮਲੰਗ ਦੇਰ ਤੱਕ ਬੈਠੇ ਰਹਿੰਦੇ। ਕਦੀ ਕਦੀ ਮਹੌਲ ਖਰਾਬ ਵੀ ਹੋ ਜਾਂਦਾ। ਬੀਅਰ ਦੇ ਨਸ਼ੇ ਨਾਲ ਲੋਕ ਆਪਸ ਵਿਚ ਲੜਾਈ-ਝਗੜੇ ਵੀ ਕਰ ਬੈਠਦੇ ਤੇ ਗੱਲ ਪੁਲੀਸ ਤੱਕ ਪਹੁੰਚ ਜਾਂਦੀ।

ਬਹੁਤ ਵਾਰ ਫੈਕਟਰੀਆਂ ਦੇ ਮਸਲਿਆਂ ਨੂੰ ਲੈ ਕੇ ਟਰੇਡ ਯੂਨੀਅਨਾਂ ਕਲੱਬ ਵਿਚ ਮੀਟਿੰਗਾਂ ਵੀ ਕਰ ਲੈਂਦੀਆਂ। ਉਹਨਾਂ ਦੇ ਲੀਡਰਾਂ ਦੇ ਨਾਲ ਵਰਕਰ ਵੀ ਹੁੰਦੇ। ਐਲਨ ਨੇ ਇਕ ਸ਼ਾਮ ਇਸ ਕਲੱਬ ਵਿਚ ਆ ਕੇ ਲੋਕਾਂ ਨਾਲ ਗੱਲਾਂ-ਬਾਤਾਂ ਕਰਨ ਦਾ ਫੈਸਲਾ ਕੀਤਾ। ਟੋਰੀ ਸਰਕਾਰ ਦੀਆਂ ਕੀਤੀਆਂ ਬੇਨਿਯਮੀਆਂ ਅਤੇ 'ਕੋਰਨ ਬਿਲ' ਖਤਮ ਕਰਨਾ ਉਸ ਲਈ ਗੱਲ-ਬਾਤ ਦਾ ਵਧੀਆ ਵਿਸ਼ਾ ਸੀ।

ਸ਼ਾਮ ਨੂੰ ਸਰਦੀਆਂ ਦੇ ਹਨ੍ਹੇਰੇ ਵਿਚ ਐਲਨ ਅਤੇ ਰਸਲ ਲੰਬੇ ਕੋਟ ਪਾਈ ਅਤੇ ਮਫਲਰ ਨਾਲ ਧੌਣਾਂ ਢਕੀ ਕਲੱਬ ਵਿਚ ਪਹੁੰਚ ਗਏ। ਸਨਿਚਰਵਾਰ ਦਾ ਦਿਨ ਹੋਣ ਕਰਕੇ ਕਲੱਬ ਖਚਾ-ਖਚ ਭਰੀ ਹੋਈ ਸੀ। ਸਿਗਰਟਾਂ ਦਾ ਧੂੰਆਂ ਲੋਕਾਂ ਦੇ ਸਿਰਾਂ ਉੱਪਰ ਬੱਦਲਾਂ ਵਾਂਗ ਪਸਰਿਆ ਹੋਇਆ ਸੀ। ਗੈਸ ਲੈਂਪ ਦੇ ਚਾਨਣ ਨੇ ਕਲੱਬ ਵਿਚ ਜਿਵੇਂ ਦਿਨ ਚੜ੍ਹਾਇਆ ਹੋਇਆ ਸੀ। ਲੋਕ ਟੋਲੀਆਂ ਬਣਾ ਕੇ ਬੈਠੇ ਗੱਲਾਂ ਕਰ ਰਹੇ ਸਨ।

ਐਲਨ ਅਤੇ ਰਸਲ ਦੋਵੇਂ ਹੀ ਇਸ ਕਲੱਬ ਲਈ ਅਜਨਬੀ ਸਨ। ਨਾ ਤਾਂ ਉਹ ਕਾਮੇ ਲਗਦੇ ਸਨ ਅਤੇ ਨਾ ਹੀ ਉਹਨਾਂ ਨੂੰ ਪਹਿਲਾਂ ਕਿਸੇ ਨੇ ਕਲੱਬ ਵਿਚ ਵੇਖਿਆ ਸੀ। ਕਲੱਬ ਦਾ ਦਰਵਾਜ਼ਾ ਪਾਰ ਕਰਕੇ ਉਨਾਂ ਨੇ ਪਲ ਕੁ ਭਰ ਲਈ ਰੁਕ ਕੇ ਕਲੱਬ ਦੇ ਸਮੁੱਚੇ ਮਹੌਲ 'ਤੇ ਨਜ਼ਰ ਮਾਰੀ। ਕੁਝ ਨਜ਼ਰਾਂ ਨੇ ਉਹਨਾਂ ਨੂੰ ਵੇਖਿਆ ਅਤੇ ਅਚੰਭੇ ਨਾਲ ਮਿੱਤਰਾਂ ਦੇ ਮੋਢੇ ਮਾਰ ਕੇ ਨਵੇਂ ਗਾਹਕਾਂ ਵੱਲ ਇਸ਼ਾਰੇ ਕੀਤੇ। ਐਲਨ ਨੇ ਬਾਰਮੈਨ ਨਾਲ ਹੱਥ ਮਿਲਾਇਆ ਅਤੇ ਆਪਣੀ ਜਾਣ-ਪਛਾਣ ਕਰਵਾਈ। ਰਸਲ ਬਾਰੇ ਵੀ ਉਸ ਨੇ ਉਹਨਾਂ ਨੂੰ ਨਾਲ ਹੀ ਦੱਸ ਦਿੱਤਾ। ਕਿੰਨੀਆਂ ਹੀ ਅੱਖਾਂ ਉਹਨਾਂ ਵੱਲ ਪਾਰਖੂ ਨਜ਼ਰਾਂ ਨਾਲ ਵੇਖਣ ਲੱਗੀਆਂ। ਬਾਰਮੈਨ ਵੀ ਹੈਰਾਨੀ ਨਾਲ ਉਹਨਾਂ ਵੱਲ ਵੇਖਦਾ ਹੀ ਰਹਿ ਗਿਆ। ਉਸ ਕੋਲ ਅਜਿਹਾ ਪੜ੍ਹਿਆ-ਲਿਖਿਆ ਅਤੇ ਉੱਚੀ ਸੁਸਾਇਟੀ ਦਾ ਗਾਹਕ ਕਦੇ ਆਇਆ ਹੀ ਨਹੀਂ ਸੀ। ਬਾਰਮੈਨ ਨੇ ਉਹਨਾਂ ਤੋਂ ਡਰਿੰਕ ਬਾਰੇ ਪੁੱਛਿਆ ਤਾਂ ਐਲਨ ਨੇ ਵਾਈਨ ਦਾ ਆਰਡਰ ਕਰ ਦਿੱਤਾ। ਬਾਰਮੈਨ ਕੋਲ ਦੋ ਕੁ ਕਿਸਮ ਦੀ ਸਸਤੀ ਜਿਹੀ ਵਾਈਨ ਸੀ। ਐਲਨ ਅਤੇ ਰਸਲ ਨੇ ਤਾਂ ਸ਼ਾਇਦ ਉਹੋ ਜਿਹੀ ਸਸਤੀ ਵਈਨ ਦਾ ਕਦੇ ਸਵਾਦ ਵੀ ਨਾ ਚੱਖਿਆ ਹੋਵੇ।

"ਮੈਂ ਕ੍ਰਿਸ ਫਾਲਿਨ ਨੂੰ ਮਿਲਣਾ ਚਾਹੁੰਦਾ ਸੀ। ਕੀ ਉਹ ਅੱਜ ਇਥੇ ਆਏ ਹੋਏ ਐ?" ਐਲਨ ਨੇ ਬਾਰਮੈਨ ਨੂੰ ਪੈਸੇ ਦਿੰਦਿਆਂ ਪੁੱਛਿਆ।

"ਨਹੀਂ ਉਹ ਤਾਂ ਦੋ ਚਾਰ ਦਿਨਾਂ ਤੋਂ ਏਥੇ ਨਹੀਂ ਆਏ।" ਕਹਿ ਕੇ ਬਾਰਮੈਨ ਕਿਸੇ ਹੋਰ ਗਾਹਕ ਨਾਲ ਗੱਲ ਕਰਨ ਲੱਗਾ।

ਐਲਨ ਨੇ ਮੁੜ ਕੇ ਰਸਲ ਵੱਲ ਵੇਖਿਆ ਅਤੇ ਉਹ ਕੁਝ ਮਜ਼ਦੂਰਾਂ ਨਾਲ ਹੱਥ ਮਿਲਾਉਣ ਲੱਗਾ। ਸਾਰੇ ਡਰਦੇ ਜਿਹੇ ਉਹਨਾਂ ਨਾਲ ਹੱਥ ਮਿਲਾਉਣ ਲੱਗੇ। ਇਕ ਨੌਜਵਾਨ ਵੀਹ ਕੁ ਸਾਲ ਦਾ ਮੁੰਡਾ ਉਹਨਾਂ ਕੋਲ ਆਇਆ ਅਤੇ ਪੂਰੇ ਸਵੈ-ਵਿਸ਼ਵਾਸ਼ ਨਾਲ ਹੱਥ ਮਿਲਾ ਕੇ ਉਹਨਾਂ ਕੋਲ ਹੀ ਖੜ੍ਹ ਗਿਆ।

"ਮੇਰਾ ਨਾਂ ਪੈਟਰਿਕ ਮੈਥਿਊ ਐ ਤੇ ਮੈਂ ਫਰਨੀਚਰ ਬਣਾਉਣ ਦਾ ਮਾਹਰ ਹਾਂ। ਆਉ ਸਾਡੇ ਨਾਲ ਬੈਠ ਜਾਉ।"

ਪੈਟਰਿਕ ਦੇ ਕਹਿਣ ਵਿਚ ਕੁਝ ਅਜਿਹਾ ਸੀ ਉਹ ਉਸ ਦੇ ਮਗਰ ਚੱਲ ਪਏ। ਬੈਂਚ 'ਤੇ ਦੋ ਹੋਰ ਮੁੰਡੇ ਪੈਟਰਿਕ ਦੇ ਦੋਸਤ ਬੈਠੇ ਸਨ। ਉਹਨਾਂ ਵਿਚੋਂ ਇਕ ਉੱਠ ਕੇ ਪੈਟਰਿਕ ਹੋਰਾਂ ਵਾਲੇ ਬੈਂਚ 'ਤੇ ਬੈਠ ਗਿਆ। ਦੂਸਰਾ ਬੈਂਚ ਐਲਨ ਅਤੇ ਰਸਲ ਲਈ ਉਹਨਾਂ ਨੇ ਖਾਲੀ ਕਰ ਦਿੱਤਾ। ਉਹ ਧੰਨਵਾਦ ਕਰਦਿਆਂ ਮੁੰਡਿਆਂ ਸਾਹਮਣੇ ਬੈਠ ਗਏ।

ਕੁਝ ਦੇਰ ਸਧਾਰਨ ਗੱਲਾਂ ਹੁੰਦੀਆਂ ਰਹੀਆਂ। ਫਿਰ ਗੱਲਾਂ ਦਾ ਰੁਖ ਪੈਟਰਕ ਵੱਲ ਮੁੜ ਗਿਆ।

“ਪੈਟਰਿਕ ਤੂੰ ਕੁਝ ਪੜ੍ਹਿਆ ਲਿਖਿਆ ਲਗਦਾ ਐਂ!” ਪੈਟਰਿਕ ਦੀਆਂ ਗੱਲਾਂ ਤੋਂ ਐਲਨ ਨੇ ਅੰਦਾਜ਼ਾ ਲਗਾਇਆ।
“ਮੇਰੀ ਮਾਂ ਦੀ ਸਹੇਲੀ ਐਮਲੀ ਗਰੀਨਵੁਡ ਨੂੰ ਪੜ੍ਹਨਾ ਆਉਂਦਾ ਸੀ। ਉਸ ਨੇ ਹੀ ਮੈਨੂੰ ਆਪਣੇ ਘਰੇ ਪੜ੍ਹਾਇਆ ਤੇ ਹੌਲੀ ਹੌਲੀ ਮੈਂ ਕੁਝ ਕਿਤਾਬਾਂ ਤੇ ਅਖ਼ਬਾਰ ਪੜ੍ਹਨ ਜੋਗਾ ਹੋ ਗਿਆ।” ਪੈਟਰਿਕ ਨੇ ਆਪਣੇ ਆਪ ’ਤੇ ਕੁਝ ਮਾਣ ਮਹਿਸੂਸ ਕਰਦਿਆਂ ਕਿਹਾ।
“ਬਹੁਤ ਚੰਗੀ ਗੱਲ ਐ। ਪੜ੍ਹਾਈ ਵੱਲ ਸਰਕਾਰ ਵੀ ਕੁਝ ਵਧੇਰੇ ਧਿਆਨ ਦੇਣ ਦਾ ਯਤਨ ਕਰ ਰਹੀ ਐ।”
“ਪੜ੍ਹਾਈ ਤੋਂ ਪਹਿਲਾਂ ਲੋਕਾਂ ਦੀਆਂ ਹੋਰ ਸਮੱਸਿਆਵਾਂ ਨੇ। ਸਰਕਾਰ ਨੂੰ ਚਾਹੀਦਾ ਪਹਿਲਾਂ ਉਹਨਾਂ ਸਮੱਸਿਆਵਾਂ ਦਾ ਹੱਲ ਕਰੇ।” ਪੈਟਰਿਕ ਨੇ ਨੀਝ ਨਾਲ ਐਲਨ ਵੱਲ ਵੇਖਦਿਆਂ ਕਿਹਾ।
“ਮਸਲਨ---।” ਐਲਨ ਹੁਣ ਸਾਵਧਾਨ ਹੋ ਕੇ ਬੈਠ ਗਿਆ ਸੀ।
“ਮੈਂ ਆਪਣੀ ਮਾਂ ਤੋਂ ਵੀ ਸੁਣਦਾ ਹੁੰਦਾ ਸੀ ਤੇ ਏਨੇ ਸਾਲਾਂ ਬਾਅਦ ਅਜੇ ਵੀ ਗਲੀਆਂ ਵਿਚ ਮੀਂਹ ਪੈਣ ’ਤੇ ਚਿੱਕੜ ਹੋ ਜਾਂਦਾ। ਘਰਾਂ ਤੱਕ ਪਹੁੰਚਣਾ ਵੀ ਔਖਾ ਹੁੰਦਾ। ਸਵੇਰ ਵੇਲੇ ਅਤੇ ਛੁੱਟੀ ਵਾਲੇ ਦਿਨ ਪਖਾਨਿਆਂ ਅੱਗੇ ਲੰਬੀਆਂ ਕਤਾਰਾਂ ਵਿਚ ਲੋਕਾਂ ਨੂੰ ਖੜ੍ਹਨਾ ਪੈਂਦਾ। ਸਭ ਤੋਂ ਮਾੜੀ ਗੱਲ ਇਹਨਾਂ ਦਾ ਗੰਦਾ ਪਾਣੀ ਪੀਣ ਵਾਲੇ ਖੂਹਾਂ ਅਤੇ ਥੇਮਜ਼ ਰਿਵਰ ਦੇ ਪਾਣੀ ਨਾਲ ਮਿਲ ਜਾਂਦਾ। ਜਿਹਦੇ ਕਰਕੇ ਹਰ ਸਾਲ ਹਜ਼ਾਰਾਂ ਲੋਕ ਬਿਮਾਰੀਆਂ ਦੇ ਸ਼ਿਕਾਰ ਹੋ ਕੇ ਜਾਨ ਤੋਂ ਹੱਥ ਧੋਣ ਲਈ ਮਜ਼ਬੂਰ ਹੋ ਜਾਂਦੇ ਐ।” ਪੈਟਰਿਕ ਦੇ ਮੂੰਹੋਂ ਨਿਕਲਦੇ ਬੋਲ ਐਲਨ ਨੂੰ ਹੈਰਾਨ ਵੀ ਕਰਦੇ ਗਏ ਤੇ ਬੇਅਰਾਮ ਵੀ।
“ਹਾਂ ਇਹ ਸਮੱਸਿਆਵਾਂ ਤਾਂ ਹੈਗੀਆਂ। ਅਸਲ ਵਿਚ ਹਰ ਸਾਲ ਪਿੰਡਾਂ ਤੋਂ ਲੋਕ ਸ਼ਹਿਰਾਂ ਵੱਲ ਨੂੰ ਹਿਜ਼ਰਤ ਕਰ ਰਹੇ ਐ। ਇਸ ਨਾਲ ਸ਼ਹਿਰੀ ਸਮਾਜ ਅਤੇ ਸੇਵਾਵਾਂ ’ਤੇ ਪ੍ਰਭਾਵ ਪੈਂਦਾ। ਇਹ ਹਾਲ ਲੰਡਨ ਦਾ ਹੀ ਨਹੀਂ ਸਗੋਂ ਸਾਰੇ ਹੀ ਵੱਡੇ ਸ਼ਹਿਰਾਂ ਦਾ ਐ। ਵੈਸੇ ਸਰਕਾਰ ਨੇ ਸ਼ਹਿਰੀ ਵਿਕਾਸ ਲਈ ਕਮੇਟੀਆਂ ਬਣਾਈਆਂ ਨੇ ਜੋ ਆਪਣਾ ਕੰਮ ਕਰ ਰਹੀਆਂ। ਪਰ ਸ਼ਹਿਰ ਵਿਚ ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਨਾ ਵੱਡਾ ਕੰਮ ਐ। ਚੰਗੀ ਗੱਲ ਐ ਇਸ ਦੀ ਸ਼ੁਰੂਆਤ ਹੋ ਗਈ ਐ।” ਐਲਨ ਨੇ ਆਪਣੇ ਆਪ ਵਿਚ ਜਵਾਬ ਦੇ ਕੇ ਤਸੱਲੀ ਮਹਿਸੂਸ ਕੀਤੀ।
“ਸ੍ਰੀਮਾਨ ਜੀ, ਇਹ ਖ਼ਬਰ ਤਾਂ ਮੈਂ ਅਖ਼ਬਾਰ ਵਿਚ ਤਿੰਨ ਚਾਰ ਸਾਲ ਪਹਿਲਾਂ ਪੜ੍ਹੀ ਸੀ। ਸਰਕਾਰ ਨੂੰ ਵੀ ਬਦਬੂ ਦਾ ਓਦੋਂ ਖਿਆਲ ਆਇਆ ਜਦੋਂ ਪਾਰਲੀਮੈਂਟ ਹਾਊਸ ’ਤੇ ਬਦਬੂ ਨੇ ਹਮਲਾ ਕੀਤਾ। ਫਿਰ ਵੀ ਅਜੇ ਤੱਕ ਕਿਧਰੇ ਕੋਈ ਕੰਮ ਹੁੰਦਾ ਤਾਂ ਨੀ ਦਿਸਦਾ!”
“ਨਹੀਂ ਅਜਿਹੀ ਗੱਲ ਨਹੀਂ। ਅਸਲ ਵਿਚ ਅਜਿਹੇ ਕੰਮ ਲਈ ਪਲੈਨ ਬਣਾਉਣੀ ਪੈਂਦੀ ਐ। ਪਾਣੀ ਦੇ ਨਿਕਾਸ ਦਾ ਪ੍ਰਬੰਧ ਕੁਝ ਸਾਲਾਂ ਲਈ ਨਹੀਂ ਸਗੋਂ ਸਦੀਆਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ। ਇਸੇ ਲਈ ਮੈਂ ਕਿਹਾ ਇਹ ਕੰਮ ਬਹੁਤ ਵੱਡਾ ਹੈ।” ਐਲਨ ਠੀਕ ਸੀ ਤੇ ਇਸ ਕਰਕੇ ਹੀ ਉਹ ਵਿਸ਼ਵਾਸ਼ ਨਾਲ ਬੋਲ ਰਿਹਾ ਸੀ।
“ਸਰ ਲੋਕਾਂ ਦੇ ਘਰਾਂ ਦੀ ਹਾਲਤ ਵੀ ਵੇਖੋ। ਤਿੰਨ ਪਾਸਿਆਂ ਦੀਆਂ ਕੰਧਾਂ ਵਿਚ ਤਾਜ਼ਾ ਹਵਾ ਅਤੇ ਰੌਸ਼ਨੀ ਲਈ ਕੋਈ ਰੋਸ਼ਨਦਾਨ ਜਾਂ ਖਿੜਕੀ ਨਹੀਂ। ਲੋਕਾਂ ਕੋਲ ਸੌਣ ਲਈ ਮੰਜੇ ਨਹੀਂ ਸਗੋਂ ਉਹ ਸੁੱਕਾ ਘਾਹ ਵਿਛਾ ਕੇ ਫਰਸ਼ ’ਤੇ ਪੈਣ ਲਈ ਮਜ਼ਬੂਰ ਐ। ਇਕ ਘਰ ਵਿਚ ਦਸ ਪੰਦਰਾਂ ਬੰਦੇ ਰਹਿੰਦੇ ਐ ਜਿਵੇਂ ਪਸ਼ੂਆਂ ਦਾ ਵਾੜਾ ਹੋਵੇ। ਲੋਕਾਂ ਕੋਲ ਤਾਂ ਘਰ ਬਣਾਉਣ ਲਈ ਕੋਈ ਸਾਧਨ ਹੀ ਨਹੀਂ।” ਪੈਟਰਿਕ ਦਾ ਮੂੰਹ ਮਾੜਾ ਜਿਹਾ ਭਖ ਗਿਆ ਸੀ।
“ਹਾਂ ਇਹ ਸਮੱਸਿਆ ਵੀ ਹੈਗੀ ਐ। ਜਿਵੇਂ ਮੈਂ ਕਿਹਾ ਇਹ ਕੰਮ ਵੱਡੇ ਐ। ਫਿਰ ਵੀ ਲਿਬਰਲ ਪਾਰਟੀ ਦੀ ਸਰਕਾਰ ਪੂਰੀ ਕੋਸ਼ਿਸ਼ ਕਰੇਗੀ।” ਐਲਨ ਨੂੰ ਅਜਿਹੀ ਗੱਲਬਾਤ ਦੀ ਉਮੀਦ ਨਹੀਂ ਸੀ।
“ਸਰਕਾਰ ਕੋਲ ਸੰਸਾਰ ਵਿਚ ਕਿੰਨੀਆਂ ਬਸਤੀਆਂ ਤੇ ਉਹਨਾਂ ਤੋਂ ਕਿੰਨੀ ਆਮਦਨ ਆਉਂਦੀ ਐ? ਮੈਨੂੰ ਪਤਾ ਨਹੀਂ। ਇਸ ਦੇ ਬਾਵਜੂਦ ਸਰਕਾਰ ਦੁਨੀਆਂ ਦੇ ਐਨੇ ਲੋਕਾਂ ਨੂੰ ਲੁੱਟ ਕੇ ਵੀ ਇਸ ਦੇਸ਼ ਦੇ ਮਜ਼ਦੂਰਾਂ ਲਈ ਕੁਝ ਨਹੀਂ ਕਰ ਰਹੀ। ਦਹਾਕਿਆਂ ਤੋਂ ਲੋਕ ਉਸੇ ਤੰਗੀ ਅਤੇ ਗਰੀਬੀ ਵਿਚੋਂ ਗੁਜ਼ਰ ਕਰ ਰਹੇ ਐ।”

ਐਲਨ ਖਹਿੜਾ ਛੁਡਾਉਣਾ ਚਾਹੁੰਦਾ ਸੀ। ਰਸਲ ਸਿਰਫ਼ ਸੁਣ ਰਿਹਾ ਸੀ। ਐਲਨ ਕੋਲ ਉਸ ਨਾਲੋਂ ਵੱਧ ਗਿਆਨ ਸੀ। ਵੈਸੇ ਵੀ ਪੈਟਰਿਕ ਦੀ ਗੱਲ ਨਾਲ ਰਸਲ ਅੱਧਾ ਕੁ ਖੁਸ਼ ਵੀ ਸੀ। ਐਲਨ ਦੇ ਕੁਝ ਵੱਸ ਨਹੀਂ ਸੀ। ਉਹ ਸਿਰਫ਼ ਜਾਣਕਾਰੀ ਦੇ ਸਕਦਾ ਸੀ।
“ਇਹ ਤਾਂ ਬਹੁਤ ਲੰਬੀ ਬਹਿਸ ਐ ਪੈਟਰਿਕ। ਮੇਰਾ ਖਿਆਲ ਐ ਸਰਕਾਰ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਭੁਲਣਾ ਨਹੀਂ ਚਾਹੀਦਾ। ਚਲੋ ਤੁਹਾਨੂੰ ਕਿਸੇ ਦਿਨ ਦੁਨੀਆਂ ਦੀ ਪਹਿਲੀ ਅੰਡਰਗਰਾਊਂਡ ਰੇਲਵੇ ’ਤੇ

ਲੈ ਕੇ ਚਲਦੇ ਆਂ ਜਿਹੜੀ ਪੈਡਿੰਗਟਨ ਤੋਂ ਫੈਰਿੰਗਟਨ ਸਟਰੀਟ (1863) ਤੱਕ ਚਾਲੂ ਹੋ ਗਈ ਐ ਤੇ ਹੌਲੀ ਹੌਲੀ ਸਾਰੇ ਲੰਡਨ ਵਿਚ ਹੀ ਚੱਲ ਪੈਣੀ ਐ।"

ਐਲਨ ਮੁਸਕਰਾਇਆ ਅਤੇ ਉਸ ਨੇ ਮਹੌਲ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕਰਦਿਆਂ ਉੱਠ ਕੇ ਹੱਥ ਮਿਲਾਉਂਦਿਆਂ ਜਾਣ ਦੀ ਇਜ਼ਾਜ਼ਤ ਮੰਗੀ। ਪੈਟਰਿਕ ਅਤੇ ਬਾਕੀਆਂ ਨੇ ਖੜ੍ਹੇ ਹੋ ਕੇ ਹੱਥ ਮਿਲਾਏ ਅਤੇ ਮਿਲਣ ਦੀ ਖੁਸ਼ੀ ਦਾ ਇਜ਼ਹਾਰ ਕੀਤਾ। ਵੈਸੇ ਉਹ ਅੰਡਰਗਰਾਊਂਡ ਬਾਰੇ ਹੈਰਾਨ ਵੀ ਸਨ।

## 20

ਐਲਨ ਨੇ ਜੈਨੀਫਰ ਨਾਲ ਇਕ ਵਾਰ ਫਿਰ ਆਪਣਾ ਮਨ ਹੌਲਾ ਕੀਤਾ। ਅਸਲ ਵਿਚ ਉਸ ਨੂੰ ਫੈਸਲਾ ਕਰਨਾ ਔਖਾ ਲਗਦਾ ਸੀ, ਉਹ ਮਾਰਕ ਨੂੰ ਮਿਲੇ ਜਾਂ ਨਾ ਮਿਲੇ। ਕਦੇ ਉਹਦਾ ਮਨ ਕਰਦਾ ਮਿਲ ਕੇ ਕੁਝ ਗੱਲ ਕਰੇ ਫਿਰ ਉਹ ਸੋਚਦਾ ਬਿਮਾਰ ਬੰਦੇ ਨਾਲ ਗੱਲ ਕਰਨ ਦਾ ਫ਼ਾਇਦਾ ਹੀ ਕੀ ਹੋ ਸਕਦਾ ਸੀ? ਜੈਨੀਫਰ ਨਾਲ ਗੱਲ ਕਰਕੇ ਉਸ ਨੂੰ ਫੈਸਲਾ ਲੈਣ ਵਿਚ ਮਦਦ ਮਿਲਣ ਦੀ ਉਮੀਦ ਸੀ।

"ਐਲਨ ਚੰਗੀ ਗੱਲ ਐ ਤੂੰ ਇਕ ਵਾਰ ਮਿਲ ਆ। ਤੇਰੇ ਮਨ ਵਿਚੋਂ ਦੁਬਿਧਾ ਨਮਿਰਤ ਹੋ ਜਾਵੇ। ਮੈਨੂੰ ਲਗਦਾ ਤੈਨੂੰ ਆਪਣੇ ਰਿਸ਼ਤੇ ਬਾਰੇ ਗੱਲ ਨਹੀਂ ਕਰਨੀ ਚਾਹੀਦੀ। ਇਕ ਤਾਂ ਉਹ ਬਿਮਾਰ ਐ ਤੇ ਦੂਸਰਾ-----।"

ਕਿਸੇ ਨੇ ਦਰਵਾਜ਼ੇ 'ਤੇ ਖੜਾਕ ਕੀਤਾ। ਰਸਲ ਦਾ ਨੌਕਰ ਹੱਥ ਵਿਚ ਚਿੱਠੀ ਲਈ ਖੜ੍ਹਾ ਸੀ। ਉਸ ਨੇ ਅੱਗੇ ਆ ਕੇ ਚਿੱਠੀ ਐਲਨ ਨੂੰ ਫੜਾ ਦਿੱਤੀ। ਐਲਨ ਨੇ ਚਿੱਠੀ ਪੜ੍ਹਨੀ ਸ਼ੁਰੂ ਕੀਤੀ ਤਾਂ ਉਸ ਦੇ ਚਿਹਰੇ 'ਤੇ ਉਦਾਸੀ ਅਤੇ ਫਿਕਰ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੱਤਾ।

"ਐਲਨ ----।" ਜੈਨੀਫਰ ਫਿਕਰਮੰਦ ਹੋ ਗਈ ਸੀ।

ਐਲਨ ਨੇ ਨੌਕਰ ਨੂੰ ਚਲੇ ਜਾਣ ਲਈ ਹੱਥ ਮਾਰ ਦਿੱਤਾ ਅਤੇ ਆਪ ਉਹ ਥੱਕੇ ਆਦਮੀ ਵਾਂਗ ਉੱਠ ਕੇ ਕਮਰੇ ਦੀ ਖਿੜਕੀ ਕੋਲ ਖੜ੍ਹਾ ਹੋ ਗਿਆ। ਨੌਕਰ ਦੇ ਜਾਣ ਬਾਅਦ ਉਹ ਫਿਰ ਜੈਨੀਫਰ ਨੂੰ ਸੰਬੋਧਿਤ ਹੋਇਆ।

"ਅਲੀਜ਼ਾ ਦੀ ਚਿੱਠੀ ਐ। ਅੰਟੀ ਸਮੈਂਥਾ ਨੂੰ ਫਿਰ ਸਾਹ ਦਾ ਜ਼ਬਰਦਸਤ ਅਟੈਕ ਹੋਇਆ। ਹਾਲਤ ਗੰਭੀਰ ਐ।"

ਜੈਨੀਫਰ ਉੱਠ ਕੇ ਐਲਨ ਕੋਲ ਚਲੀ ਗਈ ਅਤੇ ਉਸ ਦੇ ਮੋਢਿਆਂ 'ਤੇ ਹੱਥ ਰੱਖ ਦਿੱਤਾ।

"ਐਲਨ ਬਹੁਤਾ ਫਿਕਰ ਨਾ ਕਰ। ਉਮਰ ਨਾਲ ਬਿਮਾਰੀਆਂ ਤਾਂ ਆਉਂਦੀਆਂ ਈ ਐ---।"

ਜੈਨੀਫਰ ਨੂੰ ਆਪਣੇ ਬਾਪ ਦਾ ਖਿਆਲ ਆਇਆ। ਉਹ ਵੀ ਕੁਝ ਦਿਨ ਬੁਖ਼ਾਰ ਨਾਲ ਨਿਢਾਲ ਜਿਹਾ ਰਿਹਾ ਤੇ ਫਿਰ ਇਕ ਦਿਨ ਸਵੇਰੇ ਉੱਠਿਆ ਹੀ ਨਾ। ਸਮੈਂਥਾ ਨਾਲ ਜੈਨੀਫਰ ਦੇ ਸਬੰਧ ਚੰਗੇ ਸਨ। ਜੈਨੀਫਰ ਦੀ ਮਾਂ ਦਾ ਜਲਦੀ ਹੀ ਦੁਨੀਆਂ ਤੋਂ ਚਲੇ ਜਾਣਾ ਜੈਨੀਫਰ ਦੇ ਮਨ ਵਿਚ ਇਕ ਖਿਲਾਅ ਜਿਹਾ ਪੈਦਾ ਕਰ ਗਿਆ ਸੀ। ਸਮੈਂਥਾ ਨਾਲ ਮਿਲ ਕੇ ਉਸ ਨੂੰ ਲੱਗਾ ਜਿਵੇਂ ਉਸ ਖਿਲਾਅ ਵਿਚ ਕਮੀ ਆ ਗਈ ਹੋਵੇ। ਸਮੈਂਥਾ ਦੀ ਹਾਲਤ ਬਾਰੇ ਜੈਨੀਫਰ ਵੀ ਫਿਕਰਮੰਦ ਸੀ। ਉਹ ਐਲਨ ਨੂੰ ਹੌਸਲਾ ਦੇਣਾ ਆਪਣਾ ਫਰਜ਼ ਵੀ ਸਮਝਦੀ ਸੀ।

"ਫੇਰ---।" ਐਲਨ ਨੇ ਜੈਨੀਫਰ ਵੱਲ ਵੇਖਿਆ ਤੇ ਜੈਨੀਫਰ ਨੇ ਦੂਸਰੇ ਕਮਰੇ ਵਿਚ ਪੜ੍ਹਾਈ ਲਈ ਬੈਠੇ ਬੱਚਿਆਂ ਵੱਲ।

"ਐਲਨ ਮੈਂ ਬੱਚਿਆਂ ਕੋਲ ਰਹਿਨੀ ਆਂ ਤੇ ਤੂੰ ਜਾਹ। ਮੇਰੇ ਵੱਲੋਂ ਸਮੈਂਥਾ ਅੰਟੀ ਨੂੰ ਸ਼ੁਭ ਇੱਛਾਵਾਂ ਦੇਵੀਂ। ਪਤਾ ਨਹੀਂ ਕਿਹੋ ਜਿਹੀ ਹਾਲਤ ਬਣੇ। ਤੂੰ ਸ਼ਾਇਦ ਲੇਟ ਹੋ ਜਾਵੇਂ ਜਾਂ ---।" ਐਲਨ ਨੇ ਅੱਗੇ ਵੱਧ ਕੇ ਜੈਨੀਫਰ ਨੂੰ ਚੁੰਮਿਆ ਤੇ ਚਲਾ ਗਿਆ।

ਸਮੈਂਥਾ ਦੇ ਘਰ ਸਾਰਾ ਪਰਿਵਾਰ ਇਕੱਠਾ ਹੋਇਆ ਬੈਠਾ ਸੀ। ਅਲੀਜ਼ਾ ਹੀ ਨਾਲ ਰਾਇ ਮਸ਼ਵਰਾ ਕਰ ਰਹੀ ਸੀ ਤੇ ਡਾਕਟਰ ਐਲਨ ਦੇ ਪਹੁੰਚਣ ਤੋਂ ਕੁਝ ਮਿੰਟਾਂ ਬਾਅਦ ਹੀ ਚਲਾ ਗਿਆ ਸੀ। ਸਾਰਿਆਂ ਨਾਲ ਰਸਮੀ ਹੈਲੋ ਕਰਕੇ ਐਲਨ ਵੀ ਉਹਨਾਂ ਨਾਲ ਬੈਠ ਗਿਆ। ਐਲਨ ਨੂੰ ਆਪਣੇ ਬਚਪਨ ਦਾ ਸਮਾਂ ਯਾਦ ਆਇਆ। ਸਮੈਂਥਾ ਉਸ ਦੀ ਦੂਜੀ ਮਾਂ ਸੀ ਤੇ ਇਹ ਘਰ ਉਸ ਦਾ ਦੂਜੇ ਘਰ ਵਰਗਾ ਸੀ। ਹੁਣ ਹਾਲਾਤ ਬਦਲ ਗਏ ਸਨ। ਉਹ ਆਪਣੇ ਪਰਿਵਾਰ ਵਿਚ ਰੁੱਝ ਗਿਆ ਸੀ। ਸਮੈਂਥਾ ਦੀਆਂ ਨੂੰਹਾਂ ਤੇ ਪੋਤੇ ਪੋਤੀਆਂ ਨਾਲ ਐਲਨ ਦੀ ਉਹੋ ਜਿਹੀ ਸਾਂਝ ਨਹੀਂ ਸੀ ਬਣੀ। ਬਣ ਵੀ ਨਹੀਂ ਸੀ ਸਕਦੀ। ਕਦਮ ਅੱਗੇ ਵਧਾਉਣ ਲਈ ਪਿਛਲੇ ਸਮੇਂ ਕਦਮਾਂ ਨਾਲ ਨਾਪੀ ਧਰਤੀ ਨੂੰ ਪਿੱਛੇ ਛੱਡਣਾ ਹੀ ਪੈਂਦਾ ਹੈ।

ਡਾਕਟਰ ਨੂੰ ਛੱਡ ਕੇ ਅਲੀਜ਼ਾ ਅੰਦਰ ਆਈ। ਐਲਨ ਨੂੰ ਜੱਫੀ ਪਾ ਕੇ ਮਿਲੀ ਤੇ ਉਸ ਦੀ ਗੱਲ੍ਹ ਨੂੰ ਚੁੰਮਿਆ।

"ਕੀ ਹਾਲ ਐ ?" ਐਲਨ ਨੇ ਉਦਾਸ ਆਵਾਜ਼ ਵਿਚ ਪੁੱਛਿਆ।
"ਆ ਜਾ ਅੰਦਰ। ਵੈਸੇ ਹੁਣ ਸਾਹ ਅੱਗੇ ਨਾਲੋਂ ਸੌਖਾ ਆ ਰਿਹਾ। ਪਹਿਲਾਂ ਤਾਂ ਲਗਦਾ ਸੀ ਬੱਸ --। ਏਸੇ ਕਰਕੇ ਮੈਂ ਤੈਨੂੰ ਸੁਨੇਹਾ ਭੇਜਿਆ ਸੀ।"

ਗੱਲਾਂ ਕਰਦੇ ਉਹ ਸਮੈਂਥਾ ਦੇ ਕਮਰੇ ਵਿਚ ਚਲੇ ਗਏ। ਐਲਨ ਸਮੈਂਥਾ ਦੇ ਮੱਥੇ ਨੂੰ ਚੁੰਮ ਕੇ ਪਲੰਘ ਕੋਲ ਪਈ ਕੁਰਸੀ 'ਤੇ ਬੈਠ ਗਿਆ ਤੇ ਅਲੀਜ਼ਾ ਉਸ ਦੇ ਸਿਰਹਾਣੇ ਵੱਲ। ਅਲੀਜ਼ਾ ਨੇ ਸਮੈਂਥਾ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਿਆ। ਸਮੈਂਥਾ ਨੇ ਅੱਖਾਂ ਖੋਲ੍ਹੀਆਂ। ਐਲਨ ਵੱਲ ਵੇਖਿਆ ਤੇ ਫਿਰ ਮੱਲੋ-ਮੱਲੀ ਉਸ ਦੀਆਂ ਅੱਖਾਂ ਬੰਦ ਹੋ ਗਈਆਂ। ਐਲਨ ਨੇ ਸਮੈਂਥਾ ਦਾ ਹੱਥ ਆਪਣੇ ਹੱਥ ਵਿਚ ਲੈ ਲਿਆ। ਸਮੈਂਥਾ ਨੇ ਮਾੜਾ ਜਿਹਾ ਹੱਥ ਘੁੱਟਿਆ ਜਿਵੇਂ ਐਲਨ ਨੂੰ ਜੀ ਆਇਆਂ ਕਹਿੰਦੀ ਹੋਵੇ। ਉਸ ਦੇ ਕਮਜ਼ੋਰ ਹੱਥਾਂ ਵਿਚ ਏਨੀ ਕੁ ਹੀ ਸ਼ਕਤੀ ਸੀ। ਉਹ ਬੈਠੇ ਗੱਲਾਂ ਕਰਦੇ ਰਹੇ। ਕੁਝ ਦੇਰ ਬਾਅਦ ਉਹਨਾਂ ਨੂੰ ਬਾਅਦ ਦੁਪਿਹਰ ਦੀ ਚਾਹ ਦਾ ਸੱਦਾ ਆ ਗਿਆ।

ਸਾਰਾ ਪਰਿਵਾਰ ਚਾਹ ਲਈ ਉਹਨਾਂ ਦੀ ਉਡੀਕ ਕਰ ਰਿਹਾ ਸੀ। ਮੇਜ਼ 'ਤੇ ਚਾਹ ਦੀਆਂ ਦੋ ਕੇਤਲੀਆਂ ਪਈਆਂ ਸਨ। ਹਰ ਕਿਸੇ ਲਈ ਕੱਪ ਪਲੇਟਾਂ ਤਿਆਰ ਸਨ। ਇਕ ਵੱਡੀ ਟਰੇਅ ਵਿਚ ਸੈਂਡਵਿਚ ਅਤੇ ਦੂਸਰੀ ਵਿਚ ਸਕੋਨ ਅਤੇ ਕੇਕ ਪਏ ਸਨ। ਐਲਨ ਅਤੇ ਅਲੀਜ਼ਾ ਦੇ ਆਉਣ 'ਤੇ ਸਾਰੇ ਚਾਹ ਪੀਣ ਲੱਗੇ। ਲੋੜ ਅਨੁਸਾਰ ਖਾਣ-ਪੀਣ ਲੱਗੇ ਅਤੇ ਗੱਲਾਂ ਵੀ ਹੋਣ ਲੱਗੀਆਂ। ਗੱਲ-ਬਾਤ ਬਹੁਤੀ ਸਮੈਂਥਾ ਦੁਆਲੇ ਘੁੰਮਦੀ ਰਹੀ। ਕੁਝ ਉਸ ਦੀਆਂ ਪੁਰਾਣੀਆਂ ਯਾਦਾਂ ਅਤੇ ਕੁਝ ਬਿਮਾਰੀ ਨਾਲ ਉਸ ਦੀ ਲੜਾਈ ਬਾਰੇ।
"ਮੈਨੂੰ ਲਗਦਾ ਮਾਂ ਇਕ ਵਾਰ ਫਿਰ ਇਸ ਲੜਾਈ ਵਿਚੋਂ ਜਿੱਤ ਕੇ ਸਾਨੂੰ ਸਾਰਿਆਂ ਨੂੰ ਹੈਰਾਨ ਕਰੇਗੀ। ਉਸ ਦੀ ਹਾਲਤ ਸਵੇਰ ਨਾਲੋਂ ਬਹੁਤ ਚੰਗੀ ਐ।" ਅਲੀਜ਼ਾ ਨਾਲ ਸਾਰਿਆਂ ਨੇ ਰਸਮੀ ਸਹਿਮਤੀ ਪ੍ਰਗਟ ਕੀਤੀ।

ਐਲਨ, ਸਮੈਂਥਾ ਅਤੇ ਜਿਲੀਅਨ ਦੀ ਜ਼ਿੰਦਗੀ ਨਾਲ ਲੜੀ ਲੜਾਈ ਬਾਰੇ ਸੋਚ ਰਿਹਾ ਸੀ ਜਿਸ ਦਾ ਬਹੁਤਾ ਵਿਸਥਾਰ ਸ਼ਾਇਦ ਉਸ ਬਿਨਾਂ ਕਿਸੇ ਹੋਰ ਨੂੰ ਪਤਾ ਨਹੀਂ ਸੀ। ਐਲਨ ਨੂੰ ਮਹਿਸੂਸ ਹੋਇਆ ਜਿਵੇਂ ਸਮੈਂਥਾ ਤੇ ਜਿਲੀਅਨ ਦੋਵੇਂ ਭੈਣਾਂ ਹੋਣ ਤੇ ਕਿਸੇ ਕਾਰਨ ਵੱਖੋ ਵੱਖਰੇ ਘਰਾਂ ਵਿਚ ਜਨਮ ਲੈ ਲਿਆ ਹੋਵੇ। ਜ਼ਿੰਦਗੀ ਦੀ ਲੜਾਈ ਵਿਚ ਫਿਰ ਇੱਕੱਠੀਆਂ ਹੋ ਗਈਆਂ ਹੋਣ।

ਚਾਹ ਪੀਣ ਬਾਅਦ ਇਕ ਵਾਰ ਫਿਰ ਉਹ ਸਮੈਂਥਾ ਦੇ ਕਮਰੇ ਵਿਚ ਗਿਆ। ਸਮੈਂਥਾ ਉਸ ਨੂੰ ਪਹਿਲਾਂ ਨਾਲੋਂ ਵੀ ਥੋੜੀ ਟਹਿਕ ਸਿਰ ਲੱਗੀ। ਅਲੀਜ਼ਾ ਨੂੰ ਉਸ ਨੇ ਡਾਕਟਰ ਨੂੰ ਸ਼ਾਮ ਨੂੰ ਫਿਰ ਬੁਲਾਉਣ ਦੀ ਰਾਇ ਦਿੱਤੀ। ਸ਼ਾਮ ਤੱਕ ਸਮੈਂਥਾ ਦਾ ਸਾਹ ਕਾਫੀ ਸਾਵਾਂ ਹੋ ਗਿਆ ਸੀ। ਅਜੇ ਵੀ ਕਮਜ਼ੋਰੀ ਬਹੁਤ ਸੀ। ਉਸ ਨੇ ਉਹਨਾਂ ਤੋਂ ਛੁੱਟੀ ਲਈ ਅਤੇ ਅਗਲੇ ਦਿਨ ਆਉਣ ਦਾ ਵਾਇਦਾ ਕਰਕੇ ਆਪਣੇ ਘਰ ਨੂੰ ਚਾਲੇ ਪਾ ਦਿੱਤੇ। ਜੋਜ਼ਿਫ ਨੂੰ ਸਮੈਂਥਾ ਦੀ ਹਾਲਤ ਦੱਸ ਕੇ ਉਹ ਚੁੱਪ ਜਿਹਾ ਗੱਡੀ ਵਿਚ ਬੈਠ ਗਿਆ। ਉਹਦੇ ਮਨ ਵਿਚ ਸਵਾਲਾਂ ਦਾ ਜਮ-ਘਟਾ ਸੀ।
-ਜੇ ਭਲਾ ਜਿਲੀਅਨ ਨੂੰ ਸਮੈਂਥਾ ਨਾ ਮਿਲਦੀ ਤਾਂ ਉਸ ਦੀ ਕੌਣ ਮਦਦ ਕਰਦਾ!
-ਜੇ ਉਸ ਨੂੰ ਸੈਮ ਨਾ ਮਿਲਦਾ ਤਾਂ ਉਹ ਕਿਸ ਨਾਲ ਵਿਆਹ ਕਰਦੀ ਜਾਂ ਸ਼ਇਦ ਨਾ ਹੀ ਕਰਦੀ!
-ਸੈਮ ਦੀ ਥਾਂ ਕਿਸੇ ਹੋਰ ਬੰਦੇ ਨਾਲ ਵਿਆਹ ਕਰਦੀ ਤਾਂ ਐਲਨ ਦੀ ਆਪਣੀ ਜ਼ਿੰਦਗੀ ਕਿਹੋ ਜਿਹੀ ਹੁੰਦੀ!
-ਮਾਰਕ ਦੇ ਵਿਆਹ ਤੋਂ ਜਲਦੀ ਬਾਅਦ ਜੇ ਜਿਲੀਅਨ ਉਸ ਨੂੰ ਮਿਲ ਜਾਂਦੀ ਤਾਂ ਭਲਾ ਮਾਰਕ ਕੀ ਕਰਦਾ!

ਐਲਨ ਸੋਚਦਾ ਰਿਹਾ ਤੇ ਸਵਾਲਾਂ ਵਿਚੋਂ ਹੀ ਸਵਾਲ ਉਸ ਅੱਗੇ ਆਉਂਦੇ ਗਏ। ਮਾਰਕ ਬਾਰੇ ਸਵਾਲ ਆਏ ਤਾਂ ਉਸ ਨੂੰ ਮਹਿਸੂਸ ਹੋਇਆ ਮਾਰਕ ਨੂੰ ਮਿਲਣਾ ਜ਼ਰੂਰੀ ਸੀ। ਉਹ ਮਾਰਕ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਕੁਝ ਸਵਾਲ ਕਰਨਾ ਚਾਹੁੰਦਾ ਸੀ। ਜਿਲੀਅਨ ਨਾਲ ਵਾਪਰੇ ਵਰਤਾਰੇ ਬਾਰੇ ਉਸ ਦੇ ਮੂੰਹੋਂ ਕੁਝ ਜਾਣਨਾ ਚਾਹੁੰਦਾ ਸੀ। ਹੁਣ ਉਸ ਨੂੰ ਮਹਿਸੂਸ ਹੋਇਆ ਮਾਰਕ ਨੂੰ ਮਿਲਣ ਦਾ ਕਾਰਨ ਉਸ ਦੇ ਅਚੇਤ ਮਨ ਨੇ ਉਸ ਨੂੰ ਦੱਸ ਦਿੱਤਾ ਹੋਵੇ।

-----

ਕੁਝ ਦਿਨਾਂ ਦੀ ਦੁਚਿੱਤੀ ਬਾਅਦ ਐਲਨ ਮਾਰਕ ਦੇ ਘਰ ਉਸ ਨੂੰ ਮਿਲਣ ਲਈ ਚਲਾ ਗਿਆ। 'ਫੁੱਟਮੈਨ' ਨੇ ਉਸ ਦਾ ਸਵਾਗਤ ਕੀਤਾ ਤੇ ਉਸ ਨੂੰ ਗੈਸਟ ਰੂਮ ਵਿਚ ਬਿਠਾਇਆ। ਐਲਨ ਪਹਿਲਾਂ ਵੀ ਮਾਰਕ ਦੇ ਘਰ ਕਈ ਵਾਰ ਗਿਆ ਸੀ ਤੇ ਨੌਕਰ ਉਸ ਨੂੰ ਪਛਾਣਦੇ ਸਨ।

''ਸਰ, ਕੀ ਪੀਣਾ ਪਸੰਦ ਕਰੋਗੇ ਤੇ ਮੈਂ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ।'' ਵੱਡੇ ਨੌਕਰ ਨੇ ਝੁਕਦਿਆਂ ਐਲਨ ਨੂੰ ਬੇਨਤੀ ਦੇ ਲਹਿਜੇ ਵਿਚ ਪੁੱਛਿਆ।

''ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਮੈਂ ਤਾਂ ਲਿੰਨ ਜਾਂ ਉਸ ਦੇ ਫਾਦਰ ਨੂੰ ਮਿਲਣਾ ਚਾਹੁੰਦਾ ਹਾਂ।''

''ਸਰ ਅਫ਼ਸੋਸ ਐ ਉਹ ਤਾਂ ਦੋਵੇਂ ਘਰ ਨਹੀਂ ਹਨ। ਸੀਨੀਅਰ ਮਿਸਟਰ ਪਿੰਨ ਪਰਸੋਂ ਤੋਂ ਅਚਾਨਕ ਤਬੀਅਤ ਖ਼ਰਾਬ ਹੋਣ ਕਰਕੇ ਹਸਪਤਾਲ ਦਾਖਲ ਹਨ ਤੇ ਛੋਟੇ ਸਰ ਸ਼ਾਇਦ ਉਹਨਾਂ ਕੋਲ ਹਸਪਤਾਲ ਵਿਚ ਹੀ ਹੋਣ।'' ਨੌਕਰ ਨੇ ਅਫ਼ਸੋਸ ਜ਼ਾਹਰ ਕਰਦਿਆਂ ਦੱਸਿਆ।

''ਤਾਂ ਮਿਸਿਜ਼ ਪਿੰਨ ਸ਼ਾਇਦ ਘਰ ਹੋਣ?'' ਮਾਰਕ ਨੇ ਕੁਝ ਪਲ ਸੋਚਣ ਬਾਅਦ ਪੁੱਛਿਆ।

''ਜੀ ਸਰ। ਮੈਂ ਉਹਨਾਂ ਨੂੰ ਹੁਣੇ ਸੁਨੇਹਾ ਦੇ ਦਿੰਨਾ।''

ਨੌਕਰ ਨੇ ਸਿਰ ਨਿਵਾਇਆ ਤੇ ਚਲਾ ਗਿਆ। ਕੁਝ ਸਮੇਂ ਬਾਅਦ ਉਸ ਨੇ ਐਲਨ ਨੂੰ ਦੱਸਿਆ ਮਿਸਿਜ਼ ਪਿੰਨ ਦਸ ਮਿੰਟ ਵਿਚ ਤੁਹਾਨੂੰ ਮਿਲਣ ਲਈ ਆ ਰਹੇ ਹਨ।

ਲਿੰਨ ਦੀ ਪਤਨੀ ਡੋਰੀਨ ਨੂੰ ਐਲਨ ਕਈ ਵਾਰ ਮਿਲਿਆ ਸੀ। ਉਹ ਕਦੇ ਐਲਨ ਦੇ ਘਰ ਨਹੀਂ ਸੀ ਆਈ। ਲਿੰਨ ਹੀ ਜ਼ਿਆਦਾ ਆਉਂਦਾ ਜਾਂਦਾ ਸੀ। ਉਸ ਕੋਲ ਸਦਾ ਬੱਚਿਆਂ ਦਾ ਬਹਾਨਾ ਹੁੰਦਾ। ਉਹ ਮਾਨਚੈਸਟਰ ਦੇ ਰਹਿਣ ਵਾਲੀ ਸੀ ਤੇ ਉਸ ਦਾ ਪਿਉ ਵੀ ਇਕ ਵੱਡਾ ਕਾਰਖਾਨੇਦਾਰ ਸੀ। ਲਿੰਨ ਦੀ ਮੁਲਕਾਤ ਉਸ ਨਾਲ ਮਾਨਚੈਸਟਰ ਹੀ ਹੋਈ ਤੇ ਸਾਲ ਕੁ ਦੀ ਜਾਣ-ਪਛਾਣ ਬਾਅਦ ਉਹਨਾਂ ਨੇ ਵਿਆਹ ਕਰਵਾ ਲਿਆ ਸੀ। ਡੋਰੀਨ ਵੈਸੇ ਵੀ ਬਹੁਤੀਆਂ ਪਾਰਟੀਆਂ ਵਿਚ ਨਹੀਂ ਜਾਂਦੀ ਸੀ।

ਠੀਕ ਦਸ ਮਿੰਟ ਬਾਅਦ ਸਜੀ ਸਜਾਈ ਡੋਰੀਨ ਉਸ ਨੂੰ ਆ ਮਿਲੀ।

''ਮੈਂ ਤਾਂ ਲਿੰਨ ਜਾਂ ਮਾਰਕ ਅੰਕਲ ਨੂੰ ਮਿਲਣ ਆਇਆ ਸੀ। ਮੈਨੂੰ ਅੰਕਲ ਮਾਰਕ ਦੇ ਬਿਮਾਰ ਹੋਣ ਦਾ ਪਤਾ ਲੱਗਿਆ ਸੀ।'' ਐਲਨ ਨੇ ਆਪਣੇ ਆਉਣ ਦਾ ਕਾਰਨ ਦੱਸਿਆ।

''ਹਾਂ ਉਹਨਾਂ ਦੀ ਤਬੀਅਤ ਪਰਸੋਂ ਹੋਰ ਵੀ ਖ਼ਰਾਬ ਹੋ ਗਈ। ਉਹਨਾਂ ਦਾ ਬਲੱਡ ਪਰੈਸ਼ਰ ਕਾਫੀ ਵਧ ਗਿਆ ਸੀ। ਅਜੇ ਵੀ ਉਹ ਬਹੁਤੇ ਠੀਕ ਨਹੀਂ। ਪਹਿਲਾਂ ਨਾਲੋਂ ਫਰਕ ਐ।''

''ਮੈਨੂੰ ਸੁਣ ਕੇ ਬਹੁਤ ਅਫ਼ਸੋਸ ਹੋਇਆ। ਮੇਰੀ ਮਦਰ ਨਹੀਂ ਰਹੀ। ਐਂਡੀ ਅੰਕਲ ਵੀ ਚਲੇ ਗਏ। ਅਲੀਜ਼ਾ ਦੀ ਮਦਰ ਸਮੈਂਥਾ ਵੀ ਬਹੁਤੀ ਠੀਕ ਨਹੀਂ। ਲਗਦਾ ਸਾਡੀ ਬਜ਼ੁਰਗ ਪੀੜ੍ਹੀ ਸਾਨੂੰ ਅਲਵਿਦਾ ਕਹਿ ਰਹੀ ਐ।'' ਐਲਨ ਦੀ ਆਵਾਜ਼ ਵਿਚ ਸੱਚ-ਮੁੱਚ ਦੀ ਉਦਾਸੀ ਸੀ।

''ਹਾਂ ਸਾਨੂੰ ਤੁਹਾਡੀ ਮਾਂ ਬਾਰੇ ਪਤਾ ਲੱਗਾ ਸੀ। ਲਿੰਨ ਉਹਨਾਂ ਦਿਨਾਂ ਵਿਚ ਮਾਨਚੈਸਟਰ ਵਿਚ ਚੱਲ ਰਹੀ ਹੜਤਾਲ ਵਿਚ ਰੁਝਿਆ ਹੋਇਆ ਸੀ। ਉਸ ਨੇ ਇਕ ਹੋਰ ਜੁੱਤੀਆਂ ਦੀ ਫੈਕਟਰੀ ਨਾਰਥਹੈਂਪਟਨ ਖੋਲ੍ਹੀ ਹੈ। ਉਹ ਵੀ ਅਜੇ ਠੀਕ ਤਰ੍ਹਾਂ ਚੱਲ ਨਹੀਂ ਰਹੀ। ਉੱਤੋਂ ਉਹਨੂੰ ਆਪਣੇ ਪਿਤਾ ਦਾ ਖਿਆਲ ਵੀ ਰੱਖਣਾ ਪੈਂਦਾ।'' ਡੋਰੀਨ ਨੇ ਲਿੰਨ ਦੀਆਂ ਮਜ਼ਬੂਰੀਆਂ ਦਾ ਚਿੱਠਾ ਗਿਣਾਇਆ।

ਏਨੇ ਨੂੰ ਕੌਫੀ ਆ ਗਈ ਤੇ ਉਹ ਕੌਫੀ ਪੀਣ ਲੱਗੇ। ਗੱਲਾਂ ਦਾ ਸਿਲਸਿਲਾ ਇਕ ਤੋਂ ਦੂਜੇ ਵਿਸ਼ੇ ਵੱਲ ਤਿਲਕਦਾ ਰਿਹਾ ਤੇ ਕੌਫੀ ਦਾ ਅਨੰਦ ਕਿਸੇ ਕਾਰਨ ਐਲਨ ਨੂੰ ਆਮ ਨਾਲੋਂ ਕਿਤੇ ਵੱਧ ਆਇਆ।

ਕੌਫੀ ਪੀ ਕੇ ਅਤੇ ਕੁਝ ਦੇਰ ਬੈਠ ਕੇ ਐਲਨ ਨੇ ਜਾਣ ਦੀ ਇਜ਼ਾਜ਼ਤ ਮੰਗੀ।

''ਮੈਂ ਮਾਰਕ ਅੰਕਲ ਦੀ ਚੰਗੀ ਸਿਹਤ ਲਈ ਦੁਆ ਕਰਦਾ ਹਾਂ ਤੇ ਲਿੰਨ ਦੀ ਨਵੀਂ ਫੈਕਟਰੀ ਦੀ ਸਫ਼ਲਤਾ ਲਈ ਵੀ। ਮੈਂ ਕਿਸੇ ਦਿਨ ਫਿਰ ਚੱਕਰ ਮਾਰਨ ਦਾ ਯਤਨ ਕਰਾਂਗਾ।''

ਡੋਰੀਨ ਨੇ ਉਸ ਦਾ ਧੰਨਵਾਦ ਕੀਤਾ ਅਤੇ ਉਸ ਨੂੰ ਵਿਦਾ ਕੀਤਾ। ਫੁੱਟਮੈਨ ਉਸ ਨੂੰ ਮੁੱਖ ਗੇਟ ਤੱਕ ਛੱਡ ਗਿਆ।

ਰਸਤੇ ਵਿਚ ਐਲਨ ਮਾਰਕ ਬਾਰੇ ਸੋਚਦਾ ਰਿਹਾ। ਜੇ ਮਾਰਕ ਠੀਕ ਹੁੰਦਾ ਤਾਂ ਸ਼ਾਇਦ ਉਸ ਨਾਲ ਗੱਲ ਕਰਨ ਦਾ ਫ਼ਾਇਦਾ ਹੋ ਸਕਦਾ ਸੀ। ਅਜੇ ਵੀ ਜੇ ਉਸ ਦੀ ਸਿਹਤ ਵਿਚ ਸੁਧਾਰ ਹੋ ਜਾਵੇ ਤਾਂ ਉਹ ਗੱਲ-ਬਾਤ ਦੀ ਉਮੀਦ ਰੱਖ ਸਕਦਾ ਸੀ। ਡੋਰੀਨ ਵੱਲੋਂ ਦੱਸੇ ਹਾਲਾਤ ਤਾਂ ਮਾਰਕ ਦੀ ਸਿਹਤ ਵੱਲ ਚੰਗਾ ਇਸ਼ਾਰਾ ਨਹੀਂ ਕਰਦੇ ਸਨ। ਐਲਨ ਨੇ ਆਪਣਾ ਮਨ ਕਿਸੇ ਹੋਰ ਪਾਸੇ ਲਾਉਣ ਦੀ ਕੋਸ਼ਿਸ਼ ਕੀਤੀ। ਉਹ ਮਜ਼ਦੂਰ ਯੂਨੀਅਨ ਬਾਰੇ ਸੋਚਦਿਆਂ ਆਉਣ ਵਾਲੇ ਸਮੇਂ ਵਿਚ ਇੰਗਲੈਂਡ ਵਿਚ ਵੀ ਯੂਰਪ ਵਰਗੀਆਂ ਸਮੱਸਿਆਵਾਂ ਦੇ ਉਤਪੰਨ ਹੋ ਸਕਣ ਬਾਰੇ ਸੋਚਣ ਲੱਗਾ। ਉਸ ਨੂੰ ਮਹਿਸੂਸ ਹੋਇਆ ਬ੍ਰਿਟੇਨ ਨੂੰ ਫਰਾਂਸ ਵਰਗੀ ਹਾਲਤ ਤੋਂ ਬਚਾਉਣ ਲਈ

ਬਹੁਤ ਜ਼ਰੂਰੀ ਕੋਈ ਨੀਤੀ ਘੜਨ ਦੀ ਲੋੜ ਹੋਵੇਗੀ ਤੇ ਉਹ ਲਿਬਰਲ ਪਾਰਟੀ ਦੇ ਲੀਡਰ ਵਿਲੀਅਮ ਗਲੈਡਸਟੋਨ ਨੂੰ ਮਿਲਣ ਬਾਰੇ ਸੋਚਣ ਲੱਗਾ।

## 21

ਅਰਲ ਆਫ ਡਰਬੀ ਦੀ ਵੱਡੀ ਉਮਰ ਕਾਰਨ ਉਸ ਲਈ ਕੰਮ ਕਰਨਾ ਔਖਾ ਸੀ। 71 ਸਾਲਾਂ ਦੀ ਉਮਰ ਵਿਚ ਅਤੇ ਸੰਸਾਰ ਪੱਧਰ ਦਾ ਸਿਆਸਦਾਨ ਜਾਣਿਆ ਜਾਣ ਬਾਅਦ ਉਸ ਨੇ 1868 ਵਿਚ ਅਸਤੀਫਾ ਦੇ ਦਿੱਤਾ। ਬੈਨਜਾਮਿਨ ਡਿਜ਼ਰਾਈਲੀ ਉਹਨਾਂ ਦਿਨਾਂ ਵਿਚ ਵਿਤ ਮੰਤਰੀ ਸੀ। ਡਿਜ਼ਰਾਈਲੀ ਜਨਮ ਤੋਂ ਯਹੂਦੀ ਸੀ ਤੇ 1858 ਤੱਕ ਯਹੂਦੀਆਂ ਨੂੰ ਪਾਰਲੀਮੈਂਟ ਦੀਆਂ ਸੀਟਾਂ ਲੜਨ ਦਾ ਹੱਕ ਨਹੀਂ ਸੀ। ਡਿਜ਼ਰਾਈਲੀ ਬਾਰਾਂ ਸਾਲਾਂ ਦਾ ਸੀ ਜਦੋਂ ਤੋਂ ਉਸ ਦੀ ਪਰਵਰਿਸ਼ ਐਂਗਲੀਕਨ (ਕ੍ਰਿਸਚੀਅਨ ਧਰਮ ਦੀ ਇਕ ਸ਼ਾਖ) ਵਜੋਂ ਸ਼ੁਰੂ ਹੋਈ ਸੀ। ਕਿਸੇ ਯਹੂਦੀ ਨੂੰ ਤਾਂ ਅਜੇ ਵੀ ਪ੍ਰਧਾਨ ਮੰਤਰੀ ਬਣਨਾ ਅਸੰਭਵ ਸੀ।

ਡਰਬੀ ਦੇ ਅਸਤੀਫੇ ਬਾਅਦ ਡਿਜ਼ਰਾਈਲੀ ਨੂੰ ਸਰਕਾਰ ਬਣਾਉਣ ਦਾ ਸੱਦਾ ਮਿਲਿਆ ਤਾਂ ਉਹ ਮਹਾਂਰਾਣੀ ਵਿਕਟੋਰੀਆ ਨੂੰ ਮਿਲਣ ਚਲਾ ਗਿਆ। ਡਿਜ਼ਰਾਈਲੀ ਦਾ ਇਕ ਵੱਡਾ ਗੁਣ ਦੂਸਰਿਆਂ ਨੂੰ ਆਪਣੇ ਵੱਲ ਖਿੱਚ ਸਕਣ ਦਾ ਸੀ। ਮਹਾਂਰਾਣੀ ਵਿਕਟੋਰੀਆ ਦੀ ਜੀ ਹਜ਼ੂਰੀ ਅਤੇ ਉਸ ਦੀ ਲੁਕਵੀਂ ਉਸਤਤ ਕਾਰਨ ਉਹ ਵਿਕਟੋਰੀਆਂ ਦੇ ਮਨ ਵਿਚ ਥਾਂ ਬਣਾਉਣ ਵਿਚ ਕਾਮਯਾਬ ਹੋ ਗਿਆ। ਵਿਕਟੋਰੀਆ ਨਾਲ ਉਸ ਦੀ ਚੰਗੀ ਬਣਨ ਲੱਗੀ। ਐਲਨ ਨੇ ਗਲੈਡਸਟੋਨ ਨਾਲ ਮੀਟਿੰਗ ਦਾ ਸਮਾਂ ਨੀਯਤ ਕੀਤਾ ਤਾਂ ਉਸ ਦਿਨ ਹੀ ਡਰਬੀ ਦੇ ਅਸਤੀਫ਼ੇ ਦੀ ਅਚਾਨਕ ਖ਼ਬਰ ਆ ਗਈ।

"ਹੁਣ ਤੁਹਾਡੇ ਖਿਆਲ ਵਿਚ ਕੌਣ ਪ੍ਰਧਾਨ ਮੰਤਰੀ ਬਣੇਗਾ?" ਐਲਨ ਨੇ ਗਲੈਡਸਟੋਨ ਨੂੰ ਪੁੱਛਿਆ।

"ਡਿਜ਼ਰਾਈਲੀ ਤੋਂ ਬਿਨਾਂ ਹੋਰ ਕੋਈ ਮੇਰੇ ਖਿਆਲ ਵਿਚ ਯੋਗ ਵਿਅੱਕਤੀ ਨਹੀਂ। ਡਿਜ਼ਰਾਈਲੀ ਦਾ ਯਹੂਦੀ ਪ੍ਰੀਵਾਰ ਵਿਚ ਜੰਮਣ ਕਰਕੇ ਪ੍ਰਧਾਨ ਮੰਤਰੀ ਬਣਨਾ ਵੀ ਔਖਾ ਲਗਦਾ।" ਗਲੈਡਸਟੋਨ ਨੇ ਸੋਚਦਿਆਂ ਜਵਾਬ ਦਿੱਤਾ।

"ਇਹ ਰਾਇ ਤਾਂ ਮੇਰੇ ਖਿਆਲ ਵਿਚ ਬਹੁਤੇ ਲੋਕਾਂ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਵੀ ਹੈ।" ਐਲਨ ਨੇ ਗਲੈਡਸਟੋਨ ਦੀ ਰਾਇ ਦੀ ਤਾਈਦ ਕੀਤੀ।

"ਚਲੋ ਇਹ ਤਾਂ ਇਕ ਅੱਧ ਦਿਨ ਵਿਚ ਫੈਸਲਾ ਹੋ ਜਾਣਾ। ਤੁਸੀਂ ਦੱਸੋ ----।" ਗਲੈਡਸਟੋਨ ਨੇ ਐਧਰਲੀਆਂ-ਉਧਰਲੀਆਂ ਸਿਆਸੀ ਗੱਲਾਂ ਕਰਨ ਬਾਅਦ ਐਲਨ ਨੂੰ ਪੁੱਛਿਆ।

"ਮੈਂ ਮਜ਼ਦੂਰਾਂ ਦੀ 'ਵਰਕਿੰਗ ਮੈਨਜ਼ ਕਲੱਬ' ਵਿਚ ਗਿਆ ਸੀ।" ਐਲਨ ਕਹਿ ਕੇ ਰੁਕਿਆ। ਉਸ ਨੇ ਵੇਖਿਆ ਗਲੈਡਸਟੋਨ ਦੀਆਂ ਅੱਖਾਂ ਵਿਚ ਹੈਰਾਨੀ ਸੀ।

"ਫੇਰ----।"

"ਉਸ ਤੋਂ ਪਹਿਲਾਂ ਮੇਰੇ ਕੋਲ ਇੰਜਨੀਅਰਿੰਗ ਯੂਨੀਅਨ ਦਾ ਪ੍ਰਧਾਨ ਕ੍ਰਿਸ ਫਾਲਿਨ ਆਇਆ ਸੀ। ਉਸ ਨਾਲ ਮੇਰਾ ਵਿਚਾਰ ਵਿਟਾਂਦਰਾ ਹੋਇਆ ਤੇ ਉਸ ਸਬੰਧੀ ਹੀ ਮੈਂ ਤੁਹਾਡੇ ਕੋਲ ਆਇਆ ਹਾਂ।" ਗਲੈਡਸਟੋਨ ਦੀ ਹੈਰਾਨੀ ਵਿਚ ਹੁਣ ਕੁਝ ਜਗਿਆਸਾ ਵੀ ਸੀ।

"ਮੇਰੇ ਖਿਆਲ ਵਿਚ ਅਸੀਂ ਜਾਂ ਤਾਂ ਮਜ਼ਦੂਰਾਂ ਨੂੰ ਲੜਾਈ ਲਈ ਜਥੇਬੰਦ ਹੋਣ ਦਾ ਮੌਕਾ ਦੇ ਸਕਦੇ ਹਾਂ। ਉਸ ਲਈ ਸਾਨੂੰ ਮਜ਼ਦੂਰਾਂ ਦੀਆਂ ਮੰਗਾ ਮੰਨਣ ਤੋਂ ਇਨਕਾਰ ਕਰਨਾ ਹੋਵੇਗਾ। ਜਾਂ ਅਸੀਂ ਉਹਨਾਂ ਦੀ ਲੜਾਈ ਦਾ ਹਥਿਆਰ ਖੁੰਢਾ ਕਰ ਸਕਦੇ ਹਾਂ। ਉਸ ਲਈ ਸਾਨੂੰ ਟਰੇਡ ਯੂਨੀਅਨ ਬਿਲ ਵਿਚ ਤਬਦੀਲੀਆਂ ਕਰਕੇ ਬਿਲ ਨੂੰ ਨਰਮ ਬਣਾ ਦੇਣ ਦਾ ਐਲਾਨ ਕਰਨਾ ਚਾਹੀਦਾ ਹੈ। ਇਹ ਸਮਝ ਲੈਣਾ ਚਾਹੀਦਾ ਹੈ ਅੱਜ ਦੀ ਲੱਖ ਕੁ ਦੀ ਟਰੇਡ ਯੂਨੀਅਨ ਦੀ ਮੈਂਬਰਸ਼ਿਪ ਪੰਜ ਕੁ ਸਾਲ ਦੇ ਅੰਦਰ ਅੰਦਰ ਇਕ ਮਿਲੀਅਨ ਤੱਕ ਪਹੁੰਚ ਜਾਵੇਗੀ। ਇਕ ਗੱਲ ਹੋਰ 'ਚਾਰਟਿਸਟ ਮੂਵਮੈਂਟ' ਖਤਮ ਨਹੀਂ ਹੋਈ ਬੱਸ ਕੁਝ ਦੇਰ ਤੋਂ ਕਿਸੇ ਲੀਡਰ ਨੇ ਜ਼ੋਰ ਨਾਲ ਇਸ ਨੂੰ ਉਭਾਰਿਆ ਨਹੀਂ। ਵੱਡੀ ਗਿਣਤੀ ਦੀ ਤਾਕਤਵਰ ਮਜ਼ਦੂਰ ਯੂਨੀਅਨ ਅੱਗੇ ਉਹਨਾਂ ਦੀਆਂ ਕੁਝ ਖਾਸ ਮੰਗਾਂ ਮੰਨਣ ਤੋਂ ਬਿਨਾ ਸਰਕਾਰ ਕੋਲ ਹੋਰ ਕੋਈ ਚਾਰਾ ਨਹੀਂ ਹੋਣਾ----।"

ਗਲੈਡਸਟੋਨ ਦੇ ਗੱਲ ਮਨ ਲੱਗੀ। ਉਸ ਨੇ ਐਲਨ ਨਾਲ ਵਿਸਥਾਰ ਨਾਲ ਗੱਲ ਕੀਤੀ। ਵੋਟਾਂ ਜਲਦੀ ਹੀ ਪੈਣ ਵਾਲੀਆਂ ਸਨ ਅਤੇ ਲਿਬਰਲ ਸਰਕਾਰ ਬਣਨ ਦੀ ਉਹਨਾਂ ਨੂੰ ਪੂਰੀ ਉਮੀਦ ਸੀ।

"ਮੇਰੇ ਖਿਆਲ ਵਿਚ ਇਹਨਾਂ ਮੰਗਾਂ ਨੂੰ ਅਗਲੀ ਪਾਰਲੀਮੈਂਟ ਦੇ ਪੰਜ ਸਾਲਾਂ ਵਿਚ ਮੰਨਣ ਦਾ ਐਲਾਨ ਲਿਬਰਲ ਪਾਰਟੀ ਨੂੰ ਵੋਟਾਂ ਤੋਂ ਪਹਿਲਾਂ ਕਰ ਦੇਣਾ ਚਾਹੀਦਾ ਹੈ।"

"ਇਹ ਫੈਸਲਾ ਤਾਂ ਪਾਰਟੀ ਦੀ ਪਾਲਿਸੀ ਕਮੇਟੀ ਦਾ ਹੋਵੇਗਾ। ਮੈਂ ਆਪਣੀ ਰਾਇ ਇਸ ਦੇ ਹੱਕ ਵਿਚ ਰੱਖਾਂਗਾ।" ਗਲੈਡਸਟੋਨ ਨੇ ਕਹਿੰਦਿਆਂ ਐਲਨ ਨਾਲ ਹੱਥ ਮਿਲਾਉਣ ਲਈ ਕੱਢਿਆ। ਉਸ ਵੇਲੇ ਹੀ ਇਕ ਰੁੱਕਾ ਗਲੈਡਸਟੋਨ ਨੂੰ ਮਿਲਿਆ।

"ਡਿਜ਼ਰਾਈਲੀ ਨੂੰ ਮਹਾਂਰਾਣੀ ਵਿਕਟੋਰੀਆ ਨੇ ਆਪਣੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਹੈ।"

ਰੁੱਕਾ ਪੜ੍ਹ ਕੇ ਗਲੈਡਸਟੋਨ ਨੇ ਐਲਨ ਵੱਲ ਵੇਖ ਕੇ ਉਸ ਨੂੰ ਖ਼ਬਰ ਦਿੱਤੀ।

"ਮੈਨੂੰ ਉਮੀਦ ਸੀ ਉਸ ਦੀ ਥਾਂ ਕੋਈ ਹੋਰ ਪ੍ਰਧਾਨ ਮੰਤਰੀ ਬਣੇਗਾ ਤੇ ਲਿਬਰਲ ਪਾਰਟੀ ਨੂੰ ਜਿੱਤਣਾ ਸੌਖਾ ਹੋਵੇਗਾ। ਹੁਣ ਆਪਾਂ ਨੂੰ ਹੋਰ ਵੀ ਸਖ਼ਤ ਕੰਮ ਕਰਨਾ ਪੈਣਾ ਐ।"

ਗਲੈਡਸਟੋਨ ਅਤੇ ਐਲਨ ਆਉਣ ਵਾਲੀਆਂ ਚੋਣਾਂ ਅਤੇ ਡਿਜ਼ਰਾਈਲੀ ਦੇ ਪ੍ਰਧਾਨ ਮੰਤਰੀ ਬਣਨ ਦੀ ਖ਼ਬਰ ਬਾਰੇ ਸੋਚਦੇ ਆਪੋ ਆਪਣੇ ਰਾਹ ਪੈ ਗਏ। ਐਲਨ ਦੇ ਮਨ ਵਿਚ ਅਲੀਜ਼ਾ ਨੂੰ ਮਿਲਣ ਦਾ ਖਿਆਲ ਆਇਆ ਅਤੇ ਰਸਲ ਨੂੰ ਵੀ। ਉਸ ਵੇਲੇ ਉਹ ਘਰ ਜਾ ਕੇ ਜੈਨੀਫਰ ਨਾਲ ਖ਼ਬਰ ਸਾਂਝੀ ਕਰਨਾ ਚਾਹੁੰਦਾ ਸੀ। ਡਿਜ਼ਰਾਈਲੀ ਨੇ ਇੰਗਲੈਂਡ ਦੇ ਇਤਿਹਾਸ ਵਿਚ ਨਵਾਂ ਮੀਲ ਪੱਥਰ ਰੱਖਿਆ ਸੀ। ਇਹ ਉਹ ਰੌਬਿਨ ਨੂੰ ਵੀ ਦੱਸਣਾ ਚਾਹੁੰਦਾ ਸੀ।

## 22

ਐਲਨ ਘਰ ਗਿਆ ਤਾਂ ਅਲੀਜ਼ਾ ਨੂੰ ਵੇਖ ਕੇ ਉਸ ਨੂੰ ਖੁਸ਼ੀ ਭਰੀ ਹੈਰਾਨੀ ਹੋਈ। ਅਲੀਜ਼ਾ ਨੂੰ ਉਹ ਗਲੇ ਮਿਲਿਆ ਤੇ ਉਹਨਾਂ ਨੇ ਇਕ ਦੂਜੇ ਦੀ ਗੱਲ੍ਹ 'ਤੇ ਚੁੰਮਣ ਦਿੱਤੇ। ਸਮੈਂਥਾ ਦੀ ਮੌਤ ਤੋਂ ਬਾਅਦ ਅਲੀਜ਼ਾ ਐਲਨ ਨੂੰ ਮਿਲਣ ਲਈ ਪਹਿਲੀ ਵਾਰ ਆਈ ਸੀ। ਮੱਲੋ ਮੱਲੀ ਐਲਨ ਨੂੰ ਸਮੈਂਥਾ ਦੀ ਯਾਦ ਆ ਗਈ। ਉਸ ਨੇ ਮਹੌਲ ਨੂੰ ਸੋਗਵਾਰ ਬਣਾਉਣ ਦੀ ਥਾਂ ਡਿਜ਼ਰਾਇਲੀ ਦੇ ਪ੍ਰਧਾਨ ਮੰਤਰੀ ਬਣਨ ਦੀ ਖ਼ਬਰ ਦੇ ਕੇ ਆਮ ਵਾਂਗ ਗੱਲ-ਬਾਤ ਦਾ ਸਿਲਸਿਲਾ ਸ਼ੁਰੂ ਕਰ ਲਿਆ ਸੀ। ਜੈਨੀਫਰ ਬੱਚਿਆਂ ਕੋਲੋਂ ਵਿਹਲੀ ਹੋ ਕੇ ਉਹਨਾਂ ਕੋਲ ਆ ਬੈਠੀ।

"ਐਲਨ ਇਕ ਬਹੁਤ ਧਮਾਕਾਖੇਜ਼ ਖ਼ਬਰ ਐ ਤੇ ਮੈਨੂੰ ਤਾਂ ਅਜੇ ਤੱਕ ਯਕੀਨ ਨਹੀਂ ਆਉਂਦਾ---।" ਅਲੀਜ਼ਾ ਨੇ ਉਹਨਾਂ ਦੇ ਮਨਾਂ ਵਿਚ ਉੱਤਸੁਕਤਾ ਜਗਾ ਦਿੱਤੀ।

"ਅਜਿਹੀ ਕਿਹੜੀ ਗੱਲ ਐ?"

"ਸੁਣਿਆ ਐਡਵੀਨਾ ਅਤੇ ਰੌਬਿਨ ਨੇ ਇਕ ਬੱਚੀ ਨੂੰ ਗੋਦ ਲੈ ਲਿਆ ਐ।" ਅਲੀਜ਼ਾ ਨੇ ਹੈਰਾਨੀ ਨੂੰ ਨਾ-ਲਕੋਂਦਿਆਂ ਕਿਹਾ।

"ਅੱਛਾ—ਰੌਬਿਨ ਵਾਹਵਾ ਮੰਨ ਗਿਆ।" ਐਲਨ ਨੇ ਵੀ ਹੈਰਾਨੀ ਜ਼ਾਹਰ ਕੀਤੀ।

"ਉਹਨਾਂ ਦੇ ਬੱਚਾ ਨਹੀਂ ਹੋਇਆ। ਐਨੇ ਸਾਲ ਤਾਂ ਹੋ ਗਏ ਵਿਆਹਿਆਂ ਨੂੰ। ਸ਼ਾਇਦ ਚੰਗਾ ਈ ਫੈਸਲਾ ਐ--।"

ਉਹ ਗੱਲਾਂ ਕਰਦੇ ਰਹੇ। ਐਲਨ, ਰੌਬਿਨ ਬਾਰੇ ਸੋਚ ਰਿਹਾ ਸੀ। ਜਦੋਂ ਰੌਬਿਨ ਦਾ ਪਿਉ ਜੋਰਡਨ ਜਿਉਂਦਾ ਸੀ ਤਾਂ ਐਲਨ ਨੇ ਉਸ ਨਾਲ ਮਾਰਕ ਬਾਰੇ ਗੱਲ ਕਰਨ ਦਾ ਕਈ ਵਾਰ ਮਨ ਬਣਾਇਆ ਸੀ। ਫੇਰ ਉਹ ਸੋਚਦਾ ਜਦ ਮਾਰਕ ਹੀ ਨਹੀਂ ਰਿਹਾ ਤਾਂ ਜੋਰਡਨ ਨਾਲ ਗੱਲ ਕਰਨ ਦਾ ਕੀ ਫਾਇਦਾ। ਜੋਰਡਨ ਨੂੰ ਬਹੁਤਾ ਪਤਾ ਨਹੀਂ ਸੀ ਹੋ ਸਕਦਾ। ਜੋ ਸੈਮ ਨੇ ਲਿਖਿਆ ਸੀ ਤੇ ਸਮੈਂਥਾ ਨੇ ਦੱਸਿਆ ਸੀ, ਉਹ ਹੀ ਸੱਚ ਸੀ। ਹੁਣ ਤਾਂ ਨਾ ਵਿਕਟੋਰੀਆਂ ਰਹੀ ਸੀ ਤੇ ਨਾ ਜੋਰਡਨ।

ਐਡਵੀਨਾ ਨੇ ਜਿਸ ਬੱਚੀ ਨੂੰ ਗੋਦ ਲਿਆ ਸੀ, ਉਸ ਦੇ ਪਿਛੋਕੜ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ।

-----

ਐਡਵੀਨਾ ਦੇ ਪਿਉ ਦੇ ਦੋ ਵਿਆਹ ਸਨ। ਪਹਿਲੀ ਪਤਨੀ ਐਡਵੀਨਾ ਨੂੰ ਜਨਮ ਦੇਣ ਬਾਅਦ ਮਰ ਗਈ ਸੀ। ਦੂਸਰੇ ਵਿਆਹ ਬਾਅਦ ਐਡਵੀਨਾ ਦੀ ਦੇਖ-ਭਾਲ ਉਸ ਦੀ ਮਤਰੇਈ ਮਾਂ ਨੇ ਕੀਤੀ ਸੀ। ਭਾਂਵੇਂ ਉਹਨਾਂ ਦੇ ਸਬੰਧ ਚੰਗੇ ਸਨ ਪਰ ਐਡਵੀਨਾ ਦੇ ਮਨ ਵਿਚ ਕਿਧਰੇ ਕੋਈ ਖਿਲਾਅ ਸੀ। ਐਡਵੀਨਾ ਦਾ ਝੁਕਾਅ ਕੱਚੀ ਉਮਰ ਵਿਚ ਹੀ ਆਪਣੇ ਘਰ ਦੇ ਨੇੜੇ ਰਹਿੰਦੇ ਇਕ ਮੁੰਡੇ ਜੇਕ ਕੂਪਰ ਵੱਲ ਹੋ ਗਿਆ ਤੇ ਉਹ ਪਿਆਰ ਪੀਂਘਾਂ ਝੂਟਣ

ਲੱਗੇ। ਸੋਲਾਂ ਸਾਲ ਦੀ ਉਮਰ ਅਜੇ ਉਸ ਨੇ ਮਸਾਂ ਹੰਢਾਈ ਸੀ ਜਦੋਂ ਉਹ ਮਾਂ ਬਣਨ ਵਾਲੀ ਹੋ ਗਈ। ਐਡਵੀਨਾਂ ਨੇ ਕੁਝ ਦੇਰ ਤਾਂ ਇਸ ਗੱਲ ਨੂੰ ਛੁਪਾਈ ਰੱਖਿਆ। ਅਖ਼ੀਰ ਉਸ ਨੇ ਮਤਰੇਈ ਮਾਂ ਨੂੰ ਦੱਸਣ ਵਿਚ ਹੀ ਭਲਾ ਸਮਝਿਆ। ਗਰਭਪਾਤ ਕਰਵਾਉਣ ਦਾ ਸਮਾਂ ਬੀਤ ਚੁੱਕਾ ਸੀ ਤੇ ਘਰ ਵਿਚ ਐਡਵੀਨਾ ਨਾਲ ਸਾਰੇ ਵੱਟੇ-ਘੁੱਟੇ ਰਹਿਣ ਲੱਗੇ। ਐਡਵੀਨਾ ਆਪਣੀ ਗਲਤੀ ਨੂੰ ਮਹਿਸੂਸ ਕਰਦੀ ਸੀ। ਬੀਤਿਆ ਸਮਾਂ ਤਾਂ ਵਾਪਿਸ ਨਹੀਂ ਸੀ ਆ ਸਕਦਾ। ਉਹ ਆਪਣੇ ਮਾਂ ਪਿਉ ਤੋਂ ਹਮਦਰਦੀ ਦੀ ਉਮੀਦ ਰਖਦੀ ਜੋ ਉਸ ਨੂੰ ਮਿਲ ਨਹੀਂ ਸੀ ਰਹੀ। ਘਰ ਵਿਚ ਹਰ ਰੋਜ਼ ਐਡਵੀਨਾ ਦੇ ਮਾਮਲੇ ਨੂੰ ਕਿਸੇ ਢੰਗ ਨਾਲ ਸੁਲਝਾਉਣ ਦੇ ਵਿਚਾਰ ਵਿਟਾਂਦਰੇ ਹੁੰਦੇ ਰਹਿੰਦੇ। ਕੋਈ ਅਜਿਹਾ ਹੱਲ ਉਹਨਾਂ ਨੂੰ ਲਭ ਨਹੀ ਸੀ ਰਿਹਾ ਜਿਸ ਨਾਲ ਇਕ ਨਿਸ਼ਾਨੇ ਨਾਲ ਦੋ ਪੰਛੀ ਫੁੰਡੇ ਜਾ ਸਕਣ।

ਅਜਿਹੀ ਹਾਲਤ ਵਿਚ ਐਡਵੀਨਾ ਮਾਨਸਿਕ ਪ੍ਰੇਸ਼ਾਨੀ ਦੀ ਸ਼ਿਕਾਰ ਹੋ ਗਈ। ਦੂਸਰੀ ਸੱਟ ਉਸ ਨੂੰ ਓਦੋਂ ਵੱਜੀ ਜਦ ਜੇਕ ਕੂਪਰ, ਜਿਸ ਨੇ ਪਿਉ ਦਾ ਫਰਜ਼ ਨਿਭਾਉਣਾ ਸੀ, ਅਚਾਨਕ ਗਾਇਬ ਹੋ ਗਿਆ। ਸ਼ਾਇਦ ਡਰ ਕਾਰਨ ਉਹ ਭੱਜ ਗਿਆ ਜਾਂ ਉਸ ਦੇ ਮਾਪਿਆਂ ਨੇ ਭਜਾ ਦਿੱਤਾ ਸੀ। ਐਡਵੀਨਾ ਕੋਲ ਦਿਲ ਫਰੋਲਣ ਵਾਲਾ ਕੋਈ ਵੀ ਨਹੀਂ ਸੀ ਬਚਿਆ। ਇਕ ਦਿਨ ਮੌਕਾ ਤਾੜ ਕੇ ਉਹ ਘਰੋਂ ਭੱਜ ਗਈ। ਕੁਝ ਪੈਸਾ ਧੇਲਾ ਵੀ ਉਸ ਕੋਲ ਹੈ ਸੀ। ਉਸ ਨੂੰ ਓਦੋਂ ਪਤਾ ਨਹੀਂ ਸੀ ਅੱਗੇ ਜ਼ਿੰਦਗੀ ਗੁਜਾਰਣ ਲਈ ਉਹ ਵੀ ਇਕ ਬੱਚੇ ਨਾਲ, ਕਿੰਨੇ ਕੁ ਪੈਸੇ ਦੀ ਲੋੜ ਹੁੰਦੀ ਹੋਵੇਗੀ?

ਘਰੋਂ ਭੱਜ ਕੇ ਉਹ ਲੰਡਨ ਦੇ ਹੀ 'ਸੈਵਨ ਸਿਸਟਰਜ਼' ਨਾਂ ਦੇ ਪਿੰਡ ਵਿਚ ਚਲੀ ਗਈ। ਉਸ ਨੇ ਸੁਣਿਆ ਹੋਇਆ ਸੀ ਕੋਈ ਚੈਰਟੀ ਦਾ 'ਲਾਈਫ' ਨਾਂ ਦਾ ਹੋਸਟਲ ਹੈ ਜਿਥੇ ਉਸ ਵਰਗੀਆਂ ਔਰਤਾਂ ਨੂੰ ਸਹਾਰਾ ਮਿਲ ਸਕਦਾ ਹੈ। ਐਡਵੀਨਾ ਨੂੰ ਪਤਾ ਸੀ ਉਸ ਵਰਗੀਆਂ ਹੋਰ ਵੀ ਬਥੇਰੀਆਂ ਔਰਤਾਂ ਸਨ ਜਿਹਨਾਂ ਨੂੰ ਉਹਨਾਂ ਦੇ ਪ੍ਰੇਮੀ ਮੁੰਡੇ ਛੱਡ ਕੇ ਕਿਧਰੇ ਟਿੱਬ ਜਾਂਦੇ ਸਨ ਅਤੇ ਘਰ ਅਤੇ ਸਮਾਜ ਵਿਚ ਉਹਨਾਂ ਔਰਤਾਂ ਲਈ ਕੋਈ ਥਾਂ ਨਹੀਂ ਸੀ ਹੁੰਦੀ। ਅਜਿਹੀ ਹਾਲਤ ਵਿਚ ਹੋਰ ਪ੍ਰੇਮੀ ਲੱਭਣਾ ਜਾਂ ਪਿਆਰ ਬਾਰੇ ਸੋਚਣਾ ਵੀ ਅਸੰਭਵ ਹੀ ਹੁੰਦਾ। ਘਰ ਛੱਡਣ ਬਿਨਾਂ ਉਹਨਾਂ ਕੋਲ ਕੋਈ ਚਾਰਾ ਨਾ ਹੁੰਦਾ। ਅਜਿਹੀਆਂ ਔਰਤਾਂ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ। ਕਈ ਵੇਸਵਾਵਾਂ ਦੇ ਚੁੰਗਲ ਵਿਚ ਫਸ ਜਾਂਦੀਆਂ। ਕਈਆਂ ਨੂੰ ਆਪਣਾ ਤੇ ਆਪਣੇ ਬੱਚੇ ਦਾ ਢਿੱਡ ਭਰਨ ਲਈ ਜੀ ਜਾਨ ਨਾਲ ਸੰਘਰਸ਼ ਕਰਨਾ ਪੈਂਦਾ। ਕਈ ਸਫ਼ਲ ਹੋ ਜਾਂਦੀਆਂ ਤੇ ਬਹੁਤੀਆਂ ਰੁਲ ਜਾਂਦੀਆਂ। ਐਡਵੀਨਾ ਨੂੰ ਜ਼ਿੰਦਗੀ ਦੇ ਕੌੜੇ ਸੱਚ ਦਾ ਪਤਾ ਨਹੀਂ ਸੀ।

ਲਾਈਫ ਹੋਸਟਲ ਨੂੰ ਚਲਾਉਣ ਵਾਲੀ ਐਮਲੀ ਵਿਲੀਅਮ ਆਪ ਅਜਿਹੀ ਹੀ ਹਾਲਤ ਵਿਚੋਂ ਦੀ ਲੰਘੀ ਸੀ। ਐਮਲੀ ਬਰਿਸਟਲ ਦੀ ਰਹਿਣ ਵਾਲੀ ਸੀ। ਵਿਆਹ ਤੋਂ ਪਹਿਲਾਂ ਪਿਆਰ ਅਤੇ ਜ਼ਜ਼ਬਾਤਾਂ ਦੇ ਹੜ੍ਹ ਵਿਚ ਰੁੜ੍ਹ ਕੇ ਉਹ ਮਾਂ ਬਣਨ ਵਾਲੀ ਸੀ ਤਾਂ ਉਸ ਦਾ ਬੁਆਏ ਫਰੈਂਡ ਉਸ ਨੂੰ ਛੱਡ ਕੇ ਕਿਧਰੇ ਚੁੱਪ ਚਪੀਤੇ ਚਲਾ ਗਿਆ। ਐਮਲੀ ਨੂੰ ਅਜੇ ਤੱਕ ਪਤਾ ਨਹੀਂ ਸੀ ਲੱਗਾ ਉਹ ਵਿਆਹ ਦੀਆਂ ਜ਼ਿੰਮੇਵਾਰੀਆਂ ਤੋਂ ਭੱਜਿਆ ਜਾਂ ਉਹ ਸਿਰਫ ਉਸ ਨੂੰ ਵਰਤਣਾ ਹੀ ਚਾਹੁੰਦਾ ਸੀ। ਜਾਂ ਫਿਰ ਪਿਆਰ ਨਾਂ ਦੀ ਕੋਈ ਚੀਜ਼ ਉਸ ਦੇ ਮਨ ਵਿਚ ਹੈ ਹੀ ਨਹੀਂ ਸੀ। ਐਮਲੀ ਨੇ ਜਿਗਰੇ ਨਾਲ ਹਲਾਤ ਦਾ ਸਾਹਮਣਾ ਕਰਨ ਦਾ ਮਨ ਬਣਾਇਆ ਤੇ ਲੰਡਨ ਆ ਗਈ। ਕੰਮ ਲਈ ਉਸ ਨੇ ਹੱਥ ਪੈਰ ਮਾਰੇ ਤਾਂ ਉਸ ਨੂੰ ਇਕ ਵਿਧਵਾ ਔਰਤ ਦੇ ਘਰ ਕੰਮ ਮਿਲ ਗਿਆ। ਖੁੱਲ੍ਹੇ-ਡੁਲ੍ਹੇ ਘਰ ਵਿਚ ਉਹ ਔਰਤ ਇਕੱਲੀ ਰਹਿੰਦੀ ਸੀ। ਐਮਲੀ ਘਰ ਦੀ ਸਫ਼ਾਈ ਕਰਦੀ, ਕੱਪੜੇ ਧੋਣੇ, ਖਾਣਾ ਬਣਾਉਣਾ ਸਾਰਾ ਕੰਮ ਕਰਦੀ। ਚੰਗੇ ਦਿਲ ਵਾਲੀ ਔਰਤ ਨੇ ਐਮਲੀ ਨੂੰ ਆਪਣੇ ਘਰ ਵਿਚ ਹੀ ਰਹਿਣ ਦੀ ਥਾਂ ਦੇ ਦਿੱਤੀ। ਹੌਲੀ ਹੌਲੀ ਉਸ ਨੇ ਐਮਲੀ ਤੋਂ ਉਸ ਬਾਰੇ ਸਾਰਾ ਕੁਝ ਜਾਣ ਲਿਆ। ਉਸ ਦਾ ਐਮਲੀ ਵੱਲ ਵਤੀਰਾ ਹੋਰ ਵੀ ਨਰਮ ਅਤੇ ਹਮਦਰਦੀ ਭਰਿਆ ਹੋ ਗਿਆ।

ਸਮਾਂ ਆਉਣ 'ਤੇ ਐਮਲੀ ਨੇ ਧੀ ਨੂੰ ਜਨਮ ਦਿੱਤਾ। ਜਨਮ ਤੋਂ ਬਾਅਦ ਉਸ ਨੇ ਕੁੜੀ ਦਾ ਨਾਂ ਆਪਣੀ ਮਾਲਕਣ ਗਰੇਸ ਐਡਗਰ ਤੋਂ ਇਜਾਜ਼ਤ ਲੈ ਕੇ ਗਰੇਸ ਵਿਲੀਅਮ ਰੱਖ ਦਿੱਤਾ। ਉਸ ਦੀ ਬੇਨਤੀ 'ਤੇ ਗਰੇਸ ਨੇ ਬੇਬੀ ਗਰੇਸ ਦੀ 'ਧਰਮ-ਮਾਤਾ' ਬਣਨ ਦੀ ਹਾਮੀ ਵੀ ਭਰ ਦਿੱਤੀ। ਐਮਲੀ ਨੂੰ ਤਸੱਲੀ ਸੀ ਜੇ ਕਿਤੇ ਉਸ ਨੂੰ ਕੁਝ ਹੋ ਗਿਆ ਤਾਂ ਗਰੇਸ ਦੀ ਦੇਖ-ਭਾਲ ਉਸ ਦੀ 'ਗਾਡ ਮਦਰ ਗਰੇਸ ਐਡਗਰ' ਕਰ ਸਕੇਗੀ। ਜਿਵੇਂ ਜਿਵੇਂ ਗਰੇਸ ਵੱਡੀ ਹੁੰਦੀ ਗਈ ਤਿਵੇਂ ਤਿਵੇਂ ਉਸ ਦਾ ਗਰੇਸ ਮਾਂ ਨਾਲ ਪਿਆਰ ਵਧਦਾ ਗਿਆ।

ਐਮਲੀ ਨੇ ਇਕ ਦਿਨ ਗਰੇਸ ਐਡਗਰ ਨਾਲ ਆਪਣੇ ਮਨ ਦੀ ਗੱਲ ਕੀਤੀ।

"ਮੈਡਮ ਮੈਂ ਆਪਣੇ ਵਰਗੀਆਂ ਬਦਕਿਸਮਤ ਔਰਤਾਂ ਲਈ ਕੁਝ ਕਰਨਾ ਚਾਹੁੰਦੀ ਹਾਂ।" ਗਰੇਸ ਨੇ ਉਸ ਵੱਲ ਅੱਖਾਂ ਚੁੱਕ ਕੇ ਵੇਖਿਆ।

"ਕੀ ਕਰਨ ਦਾ ਤੇਰਾ ਮਨ ਐ?"

"ਮੇਰੇ ਵਰਗੀਆਂ ਸਾਰੀਆਂ ਖੁਸ਼-ਕਿਸਮਤ ਨਹੀਂ ਹੁੰਦੀਆਂ ਜਿਹਨਾਂ ਨੂੰ ਤੁਹਾਡੇ ਵਰਗੀ ਮਾਲਕਣ ਮਿਲ ਜਾਵੇ। ਬਹੁਤੀਆਂ ਤਾਂ ਵਿਚਾਰੀਆਂ ---।" ਐਮਲੀ ਨੇ ਹਉਕਾ ਲਿਆ। ਗਰੇਸ ਨੂੰ ਪਤਾ ਹੀ ਸੀ। ਉਸ ਨੇ ਜ਼ਿੰਦਗੀ ਵੇਖੀ ਹੋਈ ਸੀ। ਉਹ ਬੋਲੀ ਕੁਝ ਨਾ।

"ਮੈਂ ਸੋਚਦੀ ਸੀ ਕੁਝ ਪੈਸੇ ਮੇਰੀ ਤਨਖਾਹ ਦੇ ਤੁਹਾਡੇ ਕੋਲ ਜਮ੍ਹਾ ਪਏ ਐ। ਕੁਝ ਤੁਸੀਂ ਮੈਨੂੰ ਅਡਵਾਂਸ ਦੇ ਦੇਵੋ ਤਾਂ ਮੈਂ ਕੋਈ ਘਰ ਕਿਰਾਏ 'ਤੇ ਲੈ ਕੇ ਉਹਨਾਂ ਔਰਤਾਂ ਲਈ ਹੋਸਟਲ ਬਣਾ ਲਵਾਂ---।" ਐਮਲੀ ਨੇ ਡਰਦਿਆਂ ਆਪਣਾ ਵਿਚਾਰ ਰੱਖਿਆ।

"ਐਮਲੀ ਮੈਂ ਤੇਰੇ ਵਿਚਾਰ ਦੀ ਕਦਰ ਕਰਦੀ ਆਂ। ਇਹ ਕੰਮ ਐਨਾ ਛੋਟਾ ਨਹੀਂ। ਅਜਿਹੇ ਪਰਉਪਕਾਰ ਦੇ ਕੰਮ ਲਈ ਮੈਂ ਤੇਰੀ ਮਦਦ ਕਰ ਸਕਦੀ ਆਂ।"

ਗਰੇਸ ਐਡਗਰ ਦੇ ਘਰ ਵਾਲਾ ਅਮੀਰ ਆਦਮੀ ਸੀ। ਉਹਨਾਂ ਦੇ ਕੋਈ ਬੱਚਾ ਨਹੀਂ ਸੀ। ਕਈ ਸਾਲ ਪਹਿਲਾਂ ਉਸ ਦੀ ਮੌਤ ਹੋ ਗਈ ਤਾਂ ਗਰੇਸ ਨੇ ਹੋਰ ਵਿਆਹ ਕਰਵਾਉਣ ਜਾਂ ਕਿਸੇ ਨਾਲ ਪਿਆਰ ਪੀਂਘਾਂ-ਝੂਟਣ ਦੀ ਥਾਂ ਆਪਣੇ ਆਪ ਨੂੰ ਘਰ ਤੱਕ ਸੀਮਤ ਕਰ ਲਿਆ ਸੀ।

"ਮੇਰੇ ਕੋਲ ਇਕ ਘਰ ਐ। ਉਸ ਵਿਚ ਪੰਜ ਕਮਰੇ ਐ। ਤੂੰ ਉਹ ਘਰ ਵਰਤ ਲੈ। ਫੇਰ ਸੋਚਾਂਗੇ ਕੀ ਬਣਦਾ।" ਐਮਲੀ ਨੇ ਮੂੰਹ-ਜ਼ੋਰ ਜ਼ਜ਼ਬਾਤਾਂ ਦੇ ਵੱਸ ਗਰੇਸ ਨੂੰ ਜੱਫੀ ਪਾ ਲਈ ਅਤੇ ਪਤਾ ਨਹੀਂ ਕਿੰਨੀ ਵਾਰ ਉਸ ਦਾ ਧੰਨਵਾਦ ਕੀਤਾ।

ਐਮਲੀ ਨੇ ਲਾਈਫ ਨਾਂ ਦਾ ਹੋਸਟਲ ਖੋਲ੍ਹ ਲਿਆ। ਉਹ ਔਰਤਾਂ ਲਈ ਕੰਮ ਲੱਭਣ ਦਾ ਯਤਨ ਕਰਦੀ। ਜਦੋਂ ਤੱਕ ਲੋੜ ਹੁੰਦੀ ਉਹਨਾਂ ਨੂੰ ਹੋਸਟਲ ਵਿਚ ਰਖਦੀ। ਇਕ ਕਮਰੇ ਵਿਚ ਦੋ ਜਾਂ ਲੋੜ ਪੈਣ 'ਤੇ ਤਿੰਨ ਔਰਤਾਂ ਵੀ ਰਖਣੀਆਂ ਪੈਂਦੀਆਂ। ਔਰਤਾਂ ਨੂੰ ਇਕੱਲ ਮਹਿਸੂਸ ਨਾ ਹੁੰਦੀ ਤੇ ਐਮਲੀ ਦੀਆਂ ਮੁਸਕਰਾਹਟਾਂ ਅਤੇ ਹੱਲਾਸ਼ੇਰੀ ਉਹਨਾਂ ਨੂੰ ਧਰਵਾਸ ਦੇਈ ਰਖਦੀ। ਬੱਚੇ ਪੈਦਾ ਹੁੰਦੇ ਤਾਂ ਐਮਲੀ ਬੱਚਿਆਂ ਦੇ ਪਿਤਾ ਨੂੰ ਲੱਭਣ ਦਾ ਯਤਨ ਕਰਦੀ। ਜਿਹੜੇ ਲੱਭ ਜਾਂਦੇ ਤਾਂ ਉਹਨਾਂ ਨੂੰ ਆਉਣ-ਜਾਣ ਦਾ ਖਰਚ ਦੇਣ ਦਾ ਵਾਇਦਾ ਕਰਕੇ ਸੱਦ ਲੈਂਦੀ ਅਤੇ ਬਹੁਤ ਵਾਰ ਪਿਤਾ ਆਪਣੇ ਬੱਚੇ ਅਤੇ ਮਾਂ ਨੂੰ ਅਪਣਾਉਣ ਲਈ ਰਾਜ਼ੀ ਹੋ ਜਾਂਦਾ। ਜਿਹੜੀਆਂ ਐਨੀਆਂ ਕਿਸਮਤ ਵਾਲੀਆਂ ਨਾ ਹੁੰਦੀਆਂ ਉਹ ਸਾਂਝਾ ਘਰ ਕਿਰਾਏ 'ਤੇ ਲੈ ਕੇ ਰਹਿਣ ਲਗਦੀਆਂ ਤੇ ਇਕ ਦੂਜੀ ਦੀ ਮਦਦ ਵੀ ਕਰਦੀਆਂ। ਲੋੜ ਪੈਣ 'ਤੇ ਐਮਲੀ ਦੀ ਵੀ ਮਦਦ ਲਈ ਆ ਜਾਂਦੀਆਂ। ਆਪਣੀ ਤਨਖਾਹ ਵਿਚੋਂ ਜੋ ਵੀ ਸੰਭਵ ਹੁੰਦਾ 'ਲਾਈਫ' ਲਈ ਜ਼ਰੂਰ ਦਿੰਦੀਆਂ।

ਗਰੇਸ ਨੇ ਆਪਣੇ ਆਖ਼ਰੀ ਦਿਨਾਂ ਤੱਕ ਐਮਲੀ ਲਈ ਨਾਲ ਲਗਦੇ ਦੋ ਹੋਰ ਘਰਾਂ ਦਾ ਪ੍ਰਬੰਧ ਕਰ ਦਿੱਤਾ। ਹੁਣ ਹੋਸਟਲ ਕਾਫੀ ਵੱਡਾ ਹੋ ਗਿਆ ਸੀ। ਐਮਲੀ ਬਾਰੇ ਬਹੁਤ ਲੋਕ ਜਾਣਦੇ ਸਨ। ਜਿਹੜੇ ਪਹਿਲਾਂ ਕਈ ਕਿਸਮ ਦੇ ਦੋਸ਼ ਲਗਾਉਂਦੇ ਸਨ ਉਹਨਾਂ ਦੇ ਮੂੰਹ ਵੀ ਬੰਦ ਹੋ ਗਏ ਸਨ। ਐਮਲੀ ਨੇ ਇਕ ਕਮਰਾ ਦਫ਼ਤਰ ਲਈ ਰੱਖਿਆ ਹੋਇਆ ਸੀ ਜਿਸ ਵਿਚ ਗਰੇਸ ਐਡਗਰ ਦੀ ਫੋਟੋ ਲੱਗੀ ਹੋਈ ਸੀ। ਸਾਰੀਆਂ ਔਰਤਾਂ ਨੂੰ ਉਹ ਗਰੇਸ ਬਾਰੇ ਜ਼ਰੂਰ ਦਸਦੀ।

ਇਕ ਡੂੰਘੀ ਠੰਡੀ ਸ਼ਾਮ ਨੂੰ ਐਡਵੀਨਾ ਨੇ ਲਾਈਫ਼ ਦਾ ਦਰਵਾਜ਼ਾ ਜਾ ਖੜਕਾਇਆ। ਐਮਲੀ ਨੇ ਉਸ ਨੂੰ ਦਫ਼ਤਰ ਵਿਚ ਸੱਦਿਆ। ਖਾਣੇ ਦਾ ਵਕਤ ਸੀ। ਐਡਵੀਨਾ ਨੂੰ ਸੂਪ ਦੀ ਕੌਲੀ ਅਤੇ ਉਬਲੇ ਹੋਏ ਆਲੂਆਂ ਨਾਲ ਇਕ ਬਰੈਡ ਪੇਸ਼ ਕੀਤੀ। ਭੁੱਖ ਅਤੇ ਸਰਦੀ ਕਾਰਨ ਐਡਵੀਨਾ ਨੇ ਸਾਰਾ ਕੁਝ ਖਾ ਲਿਆ। ਐਮਲੀ ਉਸ ਬਾਰੇ ਆਪਣੇ ਤਜ਼ਰਬੇ ਦੇ ਆਧਾਰ 'ਤੇ ਅੰਦਾਜ਼ਾ ਲਗਾਉਂਦੀ ਰਹੀ। ਉਹ ਹੁਣ ਕਿਸੇ ਤੋਂ ਨਾਂ ਨਹੀਂ ਸੀ ਪੁਛਦੀ। ਬਹੁਤੀਆਂ ਔਰਤਾਂ ਆਪਣਾ ਸਹੀ ਨਾਂ ਦਸਦੀਆਂ ਨਹੀਂ ਸਨ। ਸਮਾਂ ਪੈਣ ਬਾਅਦ ਜਦ ਉਹਨਾਂ ਦਾ ਵਿਸ਼ਵਾਸ਼ ਬਣ ਜਾਂਦਾ ਤਾਂ ਉਹ ਆਪ ਹੀ ਐਮਲੀ ਅੱਗੇ ਸਭ ਖੁਲਾਸਾ ਕਰ ਦਿੰਦੀਆਂ।

"ਕਿੰਨੇ ਮਹੀਨੇ ਹੋ ਗਏ ਐ?" ਐਮਲੀ ਦੇ ਅਚਾਨਕ ਸਵਾਲ ਨਾਲ ਐਡਵੀਨਾ ਚੌਂਕੀ। ਜਵਾਬ ਦੇਣ ਦੀ ਥਾਂ ਉਹ ਐਮਲੀ ਵੱਲ ਵੇਖਦੀ ਰਹੀ।

"ਮੇਰੇ ਖਿਆਲ ਵਿਚ ਤੈਨੂੰ ਆਰਾਮ ਦੀ ਲੋੜ ਐ। ਆ ਤੈਨੂੰ ਤੇਰਾ ਕਮਰਾ ਦਿਖਾ ਦਿਆਂ। ਬਾਕੀ ਗੱਲਾਂ ਕੱਲ੍ਹ ਕਰਾਂਗੇ।"

ਐਡਵੀਨਾ, ਐਮਲੀ ਦੇ ਪਿੱਛੇ ਪਿੱਛੇ ਚਲੀ ਗਈ। ਇਕ ਛੋਟੇ ਕਮਰੇ ਵਿਚ ਛੋਟਾ ਜਿਹਾ ਪਲੰਘ ਸੀ। ਹੋਰ ਕੋਈ ਖਾਸ ਸਮਾਨ ਹੈ ਨਹੀਂ ਸੀ। ਐਡਵੀਨਾ ਦਾ ਤਾਂ ਬਾਥ ਰੂਮ ਉਸ ਰੂਮ ਤੋਂ ਕਿਤੇ ਵੱਡਾ ਸੀ। ਐਡਵੀਨਾ ਬੇਦਿਲੀ ਜਿਹੀ ਨਾਲ ਪਲੰਘ 'ਤੇ ਲੇਟ ਗਈ ਅਤੇ ਆਪਣੀ ਕਿਸਮਤ ਨੂੰ ਕੋਸਣ ਲੱਗੀ।

ਐਡਵੀਨਾ ਦਾ ਮੁਰਝਾਇਆ ਚਿਹਰਾ ਐਮਲੀ ਤੋਂ ਗੁੱਝਾ ਨਾ ਰਿਹਾ। ਐਮਲੀ ਨੂੰ ਸਮਝ ਸੀ ਲੜਕੀ ਕਿਸੇ ਚੰਗੇ ਘਰ ਦੀ ਹੋਣ ਕਰਕੇ ਅਜਿਹੇ ਵਾਤਾਵਰਣ ਅਤੇ ਸੀਮਤ ਸਾਧਨਾਂ ਨਾਲ ਹਿਲ-ਮਿਲ ਨਹੀਂ ਰਹੀ ਸੀ। ਐਮਲੀ ਨੇ ਕੁੜੀ ਨਾਲ ਕੁਝ ਸਮਾਂ ਬਿਤਾਉਣ ਦੇ ਨਾਲ ਨਾਲ ਉਸ ਨੂੰ ਕੁਝ ਨਿੱਕੇ ਮੋਟੇ ਕੰਮਾਂ ਵਿਚ ਮਦਦ ਦੇਣ ਲਈ ਉਤਸ਼ਾਹਤ ਕੀਤਾ। ਕੁਝ ਦਿਨਾਂ ਬਾਅਦ ਐਡਵੀਨਾ ਐਮਲੀ ਨਾਲ ਘੁੱਲ-ਮਿਲ ਗਈ ਤੇ ਆਪਣਾ ਸਾਰਾ ਚਿੱਠਾ ਉਸ ਅੱਗੇ ਰੱਖ ਦਿੱਤਾ।

''ਐਡਵੀਨਾ ਤੇਰੇ ਕੋਲ ਦੋ ਰਾਹ ਐ। ਤੂੰ ਸਮੱਸਿਆਵਾਂ ਦੇ ਅੱਗੇ ਸੀਨਾ ਤਾਣ ਕੇ ਖੜ੍ਹਨਾ ਐ ਜਾਂ ਤੂੰ ਸਮੱਸਿਆਵਾਂ ਦੇ ਪੈਰ ਫੜ ਕੇ ਗਿੜਗਿੜਾਉਣਾ ਹੈ। ਜਿੱਤ ਸਦਾ ਪਹਿਲਾ ਰਾਹ ਅਪਣਾਉਣ ਵਾਲਿਆਂ ਦੀ ਹੁੰਦੀ ਐ----।''

ਐਮਲੀ ਦੀਆਂ ਗੱਲਾਂ ਨਾਲ ਐਡਵੀਨਾ ਦੀ ਰੂਹ ਮਾੜੀ ਜਿਹੀ ਖਿੜ ਗਈ। ਐਡਵੀਨਾ ਸਾਹਮਣੇ ਕਿੰਨੀਆਂ ਹੀ ਔਰਤਾਂ ਸਨ ਜਿਹਨਾਂ ਨੇ ਉਸ ਤੋਂ ਕਿਤੇ ਜ਼ਿਆਦਾ ਦੁੱਖ ਸਹੇ ਸਨ। ਦਿਨੋ ਦਿਨ ਉਸ ਨੂੰ ਹੌਸਲਾ ਮਿਲਦਾ ਰਿਹਾ। ਐਮਲੀ ਵੀ ਉਸ ਦਾ ਖਿਆਲ ਰਖਦੀ। ਹੋਸਟਲ ਵਿਚ ਸਭ ਤੋਂ ਛੋਟੀ ਉਮਰ ਦੀ ਹੋਣ ਕਰਕੇ ਬਾਕੀ ਔਰਤਾਂ ਵੀ ਉਸ ਨਾਲ ਪਿਆਰ ਅਤੇ ਹਮਦਰਦੀ ਨਾਲ ਪੇਸ਼ ਆਉਂਦੀਆਂ। ਐਡਵੀਨਾ ਖੁਸ਼ ਤਾਂ ਭਾਂਵੇ ਨਹੀਂ ਸੀ ਪਰ ਉਦਾਸੀ ਵੀ ਉਸ ਦੇ ਨੇੜੇ ਨਹੀਂ ਸੀ ਰਹੀ। ਐਮਲੀ ਲਈ ਅਗਲਾ ਕਦਮ ਪੁੱਟਣ ਦਾ ਸਮਾਂ ਸੀ।

''ਐਡਵੀਨਾ ਜੇ ਤੈਨੂੰ ਇਤਰਾਜ਼ ਨਾ ਹੋਵੇ ਤਾਂ ਮੈਂ ਤੇਰੇ ਮਾਂ-ਪਿਉ ਨਾਲ ਸੰਪਰਕ ਕਰਾਂ!''

ਸੁਣ ਕੇ ਐਡਵੀਨਾ ਇਕ ਦਮ ਤ੍ਰਭਕੀ ਤੇ ਉੱਠ ਕੇ ਜਾਣ ਲੱਗੀ। ਐਮਲੀ ਨੇ ਉਸ ਦਾ ਪਿਆਰ ਨਾਲ ਹੱਥ ਫੜ ਕੇ ਬਹਾ ਲਿਆ।

''ਐਡਵੀਨਾ ---ਹਰ ਸਮੱਸਿਆ ਸਾਨੂੰ ਦੁਰਾਹੇ 'ਤੇ ਖੜ੍ਹਾ ਕਰ ਦਿੰਦੀ ਹੈ। ਸਮੱਸਿਆ ਤੋਂ ਛੁਟਕਾਰੇ ਲਈ ਇਕ ਰਾਹ ਸੌਖਾ ਹੁੰਦਾ ਹੈ ਤੇ ਇਕ ਔਖਾ। ਮਨੁੱਖੀ ਫ਼ਿਤਰਤ ਸਦਾ ਸੌਖਾ ਰਾਹ ਚੁਣਨ ਦੀ ਹੁੰਦੀ ਐ।'' ਐਡਵੀਨਾ ਧਿਆਨ ਨਾਲ ਸੁਣ ਰਹੀ ਸੀ। ਉਸ ਦੀ ਚੁੱਪ ਨੇ ਐਮਲੀ ਨੂੰ ਹੋਰ ਬੋਲਣ ਲਈ ਉਤਸ਼ਾਹਤ ਕਰ ਦਿੱਤਾ।

''ਤੇਰੇ ਕੋਲ ਸੌਖਾ ਰਾਹ ਐ ਤੂੰ ਸਭ ਨਾਲੋਂ ਰਿਸ਼ਤੇ ਤੋੜ ਦੇਵੇਂ। ਉਸ ਲਈ ਪਹਿਲਾ ਕਦਮ ਤਾਂ ਤੂੰ ਚੁੱਕ ਹੀ ਲਿਆ ਐ। ਤੇ ਔਖਾ ਰਾਹ ਐ ਉਹਨਾਂ ਰਿਸ਼ਤਿਆਂ ਨੂੰ ਕਾਇਮ ਵੀ ਰੱਖੇਂ ਤੇ ਆਪਣੀ ਸਮੱਸਿਆ ਨੂੰ ਵੀ ਹੱਲ ਕਰੇਂ। ਇਹ ਰਾਹ ਔਖਾ ਐ ਕਿਉਂਕਿ ਰਿਸ਼ਤੇ ਤੋੜਨ ਨਾਲੋਂ ਕਾਇਮ ਰੱਖਣ ਲਈ ਬਹੁਤੀ ਮਿਹਨਤ ਕਰਨੀ ਪੈਂਦੀ ਐ ਤੇ ਬਹੁਤ ਵਾਰ ਨੀਵਾਂ ਵੀ ਹੁਣਾ ਪੈਂਦਾ। ਇਹੋ ਔਖ ਐ-------। ਦੂਰ ਤੱਕ ਸੋਚੇਂ ਤਾਂ ਸਹੀ ਰਾਹ ਇਹੋ ਐ।''

ਐਡਵੀਨਾ ਨਾਲ ਐਮਲੀ ਨੇ ਕਈ ਮੌਕਿਆਂ 'ਤੇ ਗੱਲ ਕੀਤੀ। ਉਸ ਦੀਆਂ ਗੱਲਾਂ ਨੇ ਐਡਵੀਨਾ ਦੇ ਮਨ ਵਿਚ ਪ੍ਰੀਵਰਤਨ ਲਿਆਂਦਾ ਤੇ ਇਕ ਦਿਨ ਉਸ ਨੇ ਐਮਲੀ ਨੂੰ ਕਹਿ ਦਿਤਾ ਜੋ ਉਸ ਨੂੰ ਠੀਕ ਲਗਦਾ ਕਰੇ।

ਵਕਤ ਆ ਗਿਆ ਸੀ ਐਮਲੀ ਉਸ ਦੇ ਮਾਪਿਆਂ ਨੂੰ ਚਿੱਠੀ ਲਿਖਦੀ।

-----

ਦੁਪਹਿਰ ਦਾ ਵੇਲਾ ਸੀ ਜਦੋਂ ਇਕ ਚਾਰ ਪਹੀਆਂ ਵਾਲੀ ਕਿਰਾਏ ਦੀ ਗੱਡੀ 'ਲਾਈਫ' ਦੇ ਸਾਹਮਣੇ ਆ ਕੇ ਰੁਕੀ। ਵਿਕਟਰ ਐਡਵਰਡ ਆਪਣੀ ਪਤਨੀ ਦਾ ਹੱਥ ਫੜੀ ਹੋਸਟਲ ਦੇ ਦਰਵਾਜ਼ੇ ਨੂੰ ਘੂਰ ਰਿਹਾ ਸੀ। ਉਹਨਾਂ ਲਈ ਇਹ ਬਹੁਤ ਨਮੋਸ਼ੀ ਵਾਲੀ ਘੜੀ ਸੀ। ਕਿਸੇ ਅਣਜਾਣ ਔਰਤ ਦੇ ਸਾਹਮਣੇ ਉਹਨਾਂ ਨੇ ਆਪਣੀ ਬੱਚੀ ਦੇ ਕੀਤੇ ਗੁਨਾਹ ਨੂੰ ਸਵੀਕਾਰ ਕਰਨਾ ਸੀ। ਹੁਣ ਤੱਕ ਉਹ ਲੋਕਾਂ ਨੂੰ ਐਡਵੀਨਾ ਦੇ ਆਪਣੀ ਮਾਸੀ ਕੋਲ ਲਿਵਰਪੂਲ ਗਈ ਹੋਣ ਦਾ ਬਹਾਨਾ ਬਣਾ ਰਹੇ ਸਨ। ਅੱਜ ਉਹਨਾਂ ਨੂੰ ਲਗਦਾ ਸੀ ਜਿਵੇਂ ਉਹਨਾਂ ਨੂੰ ਕਿਸੇ ਦੇ ਸਾਹਮਣੇ ਨਗਨ ਅਵਸਥਾ ਵਿਚ ਖੜ੍ਹਨਾ ਪੈਣਾ ਸੀ। ਉਸ ਤੋਂ ਵੀ ਵੱਡੀ ਗੱਲ ਉਹ ਐਡਵੀਨਾ ਨੂੰ ਮਿਲਣਗੇ। ਇਕ ਪਾਸੇ ਵਿਕਟਰ ਦੇ ਮਨ ਵਿਚ ਆਪਣੀ ਬੱਚੀ ਲਈ ਪਿਆਰ ਦੇ ਜ਼ਜ਼ਬਾਤ ਛਲਕਦੇ ਸਨ ਤੇ ਦੂਜੇ ਪਾਸੇ ਉਸ ਦੇ ਕੀਤੇ ਗੁਨਾਹ ਵਿਕਟਰ ਨੂੰ ਨਮੋਸ਼ੀ ਭਰੀ ਤਕਲੀਫ਼ ਦੇ ਰਹੇ ਸਨ। ਮਿਸਿਜ਼ ਐਡਵਰਡ ਆਪਣੇ ਪਤੀ ਦਾ ਹੱਥ ਪਿਆਰ ਨਾਲ ਘੁੱਟ ਕੇ ਉਸ ਨੂੰ ਸਾਵਾਂ ਕਰਨ ਦਾ ਯਤਨ ਕਰ ਰਹੀ ਸੀ। ਵਿਕਟਰ ਦਾ ਅਜੇ ਵੀ ਦਿਲ ਕਰਦਾ ਸੀ ਉਹ ਵਾਪਿਸ ਚਲਾ ਜਾਵੇ ਪਰ ਉਹ ਜਾ ਨਹੀਂ ਸੀ ਸਕਦਾ। ਉਸ ਨੇ ਬੇਦਿਲੀ ਨਾਲ ਦਰਵਾਜ਼ੇ ਦੇ ਬਾਹਰ ਲੱਗੀ ਸੰਗਲੀ ਨੂੰ ਖਿੱਚਿਆ ਤਾਂ ਅੰਦਰੋਂ ਘੰਟੀ ਵੱਜਣ ਦੀ ਆਵਾਜ਼ ਉਸ ਨੂੰ ਸੁਣਾਈ ਦਿੱਤੀ। ਕੁਝ ਦੇਰ ਬਾਅਦ ਕਿਸੇ ਦੇ ਪੈਰਾਂ ਦੀ ਆਹਟ ਦਰਵਾਜ਼ੇ ਕੋਲ ਆ ਕੇ ਰੁਕ ਗਈ ਤੇ ਦਰਵਾਜ਼ਾ ਖੁੱਲ੍ਹ ਗਿਆ।

"ਮਿਸਟਰ ਤੇ ਮਿਸਿਜ਼ ਐਡਵਰਡ!" ਐਮਲੀ ਨੇ ਮੁਸਕਰਾਹਟ ਨਾਲ ਉਹਨਾਂ ਨੂੰ ਪੁੱਛਿਆ।
"ਜੀ---।" ਉਹ ਹੈਰਾਨ ਜਿਹੇ ਕੁੜੀ ਵੱਲ ਵੇਖ ਰਹੇ ਸਨ।
"ਮੈਂ ਐਮਲੀ ਵਿਲਸਨ--- ਤੁਹਾਡੀ ਚਿੱਠੀ ਮਿਲ ਗਈ ਸੀ ਤੇ ਮੈਂ ਤੁਹਾਡੀ ਹੀ ਉਡੀਕ ਕਰ ਰਹੀ ਸੀ। ਜੀ ਆਇਆਂ ਨੂੰ।" ਐਮਲੀ ਨੇ ਉਹਨਾਂ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ ਤੇ ਦਫ਼ਤਰ ਵਿਚ ਲੈ ਗਈ।

ਉਹਨਾਂ ਨੇ ਆਪਣੇ ਓਵਰ ਕੋਟ ਲਾਹ ਕੇ ਕੁਰਸੀਆਂ ਦੀ ਢੋਅ 'ਤੇ ਟੰਗ ਲਏ ਅਤੇ ਬੇਅਰਾਮੀ ਨਾਲ ਐਮਲੀ ਦੇ ਸਾਹਮਣੇ ਬੈਠ ਗਏ।

"ਤੁਸੀਂ ਦੂਰੋਂ ਆਏ ਹੋ। ਕੌਫੀ ਪਸੰਦ ਕਰੋਗੇ?" ਐਮਲੀ ਨੇ ਪ੍ਰਾਹੁਣਚਾਰੀ ਦੇ ਨਾਲ ਨਾਲ ਉਹਨਾਂ ਦੀ ਲੋੜ ਦਾ ਖਿਆਲ ਰਖਦਿਆਂ ਪੁੱਛਿਆ।
"ਨਹੀਂ ਮਿਹਰਬਾਨੀ।" ਵਿਕਟਰ ਦੀ ਆਵਾਜ਼ ਵਿਚ ਪੇਤਲਾ ਜਿਹਾ ਖਰਵ੍ਹਾਪਣ ਸੀ।

ਸਰਦੀ ਦੇ ਮੌਸਮ ਵਿਚ ਉਹਨਾਂ ਨੂੰ ਆਪਣੀ ਗੱਡੀ ਦੀ ਥਾਂ ਰੇਲ ਦਾ ਸਫ਼ਰ ਕਰਨਾ ਪਿਆ ਸੀ ਤੇ ਫਿਰ ਉਹਨਾਂ ਨੂੰ ਚੰਗੀ ਟੈਕਸੀ ਮੁਸ਼ਕਲ ਨਾਲ ਮਿਲੀ ਸੀ। ਆਪਣੀ ਗੱਡੀ ਦੀ ਹੋਰ ਗੱਲ ਸੀ। ਵਿਕਟਰ ਆਪਣੇ ਨਾਲ ਕੋਚਵਾਨ ਨੂੰ ਨਹੀਂ ਲਿਆ ਸਕਦਾ ਸੀ। ਉਸ ਨੂੰ ਮਾੜੀ ਮੋਟੀ ਵੀ ਕੰਨਸੋਅ ਮਿਲ ਜਾਂਦੀ ਤਾਂ ਵਿਕਟਰ ਦੀ ਬਹੁਤ ਭੰਡੀ ਹੋ ਜਾਣੀ ਸੀ। ਉਹਨਾਂ ਨੇ ਐਮਲੀ ਦੀ ਚਿੱਠੀ ਦੇ ਜਵਾਬ ਵਿਚ ਆਪਣੇ ਆਉਣ ਦੀ ਤਰੀਕ 'ਤੇ ਦੁਪਿਹਰ ਦਾ ਸਮਾਂ ਲਿਖ ਦਿੱਤਾ ਸੀ।
"ਕੀ ਤੁਸੀਂ ਐਡਵੀਨਾ ਨੂੰ ਬੁਲਾ ਸਕਦੇ ਹੋ?" ਵਿਕਟਰ ਨੇ ਆਪਣੀ ਬੇਸਬਰੀ ਤੋਂ ਵੱਧ ਬੇਅਰਾਮੀ ਦਾ ਇਜ਼ਹਾਰ ਕੀਤਾ।
"ਮੁਆਫ਼ ਕਰਨਾ ਮਿਸਟਰ ਐਡਵਰਡ—ਐਡਵੀਨਾ ਇਸ ਵੇਲੇ ਏਥੇ ਨਹੀਂ ਐ। ਮੈਂ ਉਸ ਨੂੰ ਜਾਣ ਬੁਝ ਕੇ ਬਾਹਰ ਭੇਜਿਆ ਹੈ ਤੇ ਉਹ ਕੁਝ ਦੇਰ ਬਾਅਦ ਆਵੇਗੀ।"

ਵਿਕਟਰ ਨੇ ਐਮਲੀ ਦੀ ਗੱਲ ਸੁਣ ਕੇ ਮਿਸਿਜ਼ ਐਡਵਰਡ ਵੱਲ ਵੇਖਿਆ ਜਿਵੇਂ ਐਮਲੀ ਦੀ ਗੱਲ 'ਤੇ ਉਸ ਨੂੰ ਯਕੀਨ ਨਾ ਆਇਆ ਹੋਵੇ ਤੇ ਉਹਨਾਂ ਦਾ ਆਉਣਾ ਨਿਰਾਰਥਕ ਹੀ ਜਾ ਰਿਹਾ ਹੋਵੇ।
"ਜਦ ਤੁਹਾਨੂੰ ਪਤਾ ਸੀ ਅਸੀਂ ਆ ਰਹੇ ਆਂ। ਫੇਰ---।"
"ਹਾਂ ਏਸੇ ਕਰਕੇ ਉਸ ਨੂੰ ਬਾਹਰ ਭੇਜਿਆ ਹੈ--। ਕਿਰਪਾ ਕਰਕੇ ਆਰਾਮ ਨਾਲ ਬੈਠੋ। ਮੈਂ ਸਭ ਸਮਝਾਉਂਦੀ ਹਾਂ।"

ਉਹ ਹੈਰਾਨ ਜਿਹੇ ਉਸ ਵੱਲ ਵੇਖ ਰਹੇ ਸਨ ਅਤੇ ਉਹਨਾਂ ਨੂੰ ਸਭ ਅਜੀਬ ਲੱਗ ਰਿਹਾ ਸੀ। ਵੈਸੇ ਵੀ ਐਡਵਰਡ ਨੇ ਅਜਿਹੇ ਹੋਸਟਲਾਂ ਬਾਰੇ ਬਹੁਤ ਊਲ-ਜਲੂਲ ਸੁਣਿਆ ਹੋਇਆ ਸੀ। ਕਈ ਤਾਂ ਇਥੋਂ ਤੱਕ ਕਹਿ ਦਿੰਦੇ ਸਨ ਕਿ ਔਰਤਾਂ ਨੂੰ ਧੰਦੇ ਲਈ ਬਾਹਰ ਭੇਜਿਆ ਜਾਂਦਾ ਸੀ ਤੇ ਹੋਸਟਲ ਤਾਂ ਇਕ ਛਤਰੀ ਹੀ ਸੀ। ਵਿਕਟਰ ਦੇ ਮਨ ਵਿਚ ਕਾਫੀ ਕੁਝ ਗਰਮ ਠੰਡਾ ਹੋ ਰਿਹਾ ਸੀ। ਉਹ ਐਮਲੀ ਨੂੰ ਸਮਝਣ ਦੇ ਨਾਲ ਨਾਲ ਉਸ ਦੇ ਸੱਚ ਨੂੰ ਸਮਝਣ ਦਾ ਯਤਨ ਵੀ ਕਰ ਰਿਹਾ ਸੀ।
"ਮਿਸਟਰ ਐਡਵਰਡ ਮੈਂ ਕਾਫੀ ਹੱਦ ਤੱਕ ਤੁਹਾਡੇ ਦੁੱਖ-ਦਰਦ ਨੂੰ ਵੀ ਸਮਝ ਸਕਦੀ ਹਾਂ ਤੇ ਐਮਲੀ ਦੀ ਨਾਦਾਨ ਮਜ਼ਬੂਰੀ ਨੂੰ ਵੀ। ਮੈਨੂੰ ਮਹਿਸੂਸ ਹੋਇਆ ਜੇ ਆਪਾਂ ਸਾਰੀ ਸਮੱਸਿਆ ਨੂੰ ਸਮਝ ਕੇ ਕੋਈ ਹੱਲ ਕੱਢਣ ਦਾ ਯਤਨ ਕਰੀਏ -ਜਿਸ ਨਾਲ ਐਡਵੀਨਾ ਦਾ ਭਵਿੱਖ ਵੀ ਬਰਬਾਦ ਨਾ ਹੋਵੇ ਤੇ ਤੁਹਾਡੀ ਸਮਾਜ ਵਿਚ ਇੱਜ਼ਤ 'ਤੇ ਰੁਤਬਾ ਵੀ ਦਾਗੀ ਨਾ ਹੋਵੇ। ਜੇ ਐਡਵੀਨਾ ਏਥੇ ਹੁੰਦੀ ਤਾਂ ਸਾਰਾ ਮਹੌਲ ਜ਼ਜ਼ਬਾਤੀ ਹੋ ਜਾਣਾ ਸੀ ਤੇ ਗੰਭੀਰ ਗੱਲ-ਬਾਤ ਨਹੀਂ ਹੋ ਸਕਣੀ ਸੀ। ਬੇਟੀ ਨੂੰ ਮਿਲਣ ਲਈ ਤੁਹਾਡਾ ਦਿਲ ਕਿੰਨਾ ਤਰਲੋਮੱਛੀ ਹੋ ਰਿਹਾ ਹੋਵੇਗਾ ਮੈਂ ਸਮਝ ਸਕਦੀ ਹਾਂ। ਮੇਰੀ ਵੀ ਇਕ ਬੇਟੀ ਹੈ ਜਿਸ ਨੂੰ ਮੈਂ ਕਦੇ ਅੱਖਾਂ ਤੋਂ ਪਾਸੇ ਨਹੀਂ ਹੋਣ ਦੇਣਾ ਚਾਹੁੰਦੀ।"

ਐਮਲੀ ਦੀਆਂ ਗੱਲਾਂ ਨੇ ਕੁਝ ਦੇਰ ਬਾਅਦ ਉਹਨਾਂ ਨੂੰ ਕੁਝ ਸ਼ਾਂਤ ਕਰ ਦਿੱਤਾ। ਉਹਨਾਂ ਨੂੰ ਐਮਲੀ ਦੀ ਦਲੀਲ ਵੀ ਠੀਕ ਲੱਗੀ। ਐਡਵੀਨਾ ਹੁੰਦੀ ਤਾਂ ਰੋਣ ਕਰਲਾਉਣ ਜਾਂ ਤਾਹਨੇ-ਮੇਹਣੇ ਦਾ ਮਹੌਲ ਬਣਨਾ ਕੁਦਰਤੀ ਸੀ। "ਤੁਸੀਂ ਠੀਕ ਕਿਹੈ--।" ਪਹਿਲੀ ਵਾਰ ਮਿਸਿਜ਼ ਐਡਵਰਡ ਬੋਲੀ।
"ਮੇਰੇ ਖਿਆਲ ਵਿਚ ਪਹਿਲਾਂ ਮੈਂ ਸੰਖੇਪ ਵਿਚ 'ਲਾਈਫ' ਬਾਰੇ ਅਤੇ ਆਪਣੇ ਬਾਰੇ ਦੱਸਣਾ ਚਾਹਾਂਗੀ।"

ਐਮਲੀ ਨੇ ਪਲ ਕੁ ਚੁੱਪ ਰਹਿ ਕੇ ਉਹਨਾਂ ਵੱਲ ਵੇਖਿਆ। ਐਡਵਰਡ ਨੂੰ ਹੈਰਾਨੀ ਹੋਈ। ਇਹੋ ਸਵਾਲ ਹੀ ਤਾਂ ਉਹ ਐਮਲੀ ਨੂੰ ਕਰਨਾ ਚਾਹੁੰਦਾ ਸੀ। ਹੁਣ ਤੱਕ ਉਹ ਐਮਲੀ ਨੂੰ ਨਿਰਖਦਾ ਰਿਹਾ ਸੀ ਅਤੇ ਉਸ ਬਾਰੇ

ਆਪਣੀ ਰਾਇ ਬਣਾ ਰਿਹਾ ਸੀ। ਉਸ ਨੇ ਪਹਿਲਾਂ ਸੁਣੀਆਂ ਗੱਲਾਂ ਅਨੁਸਾਰ ਉਸ ਬਾਰੇ ਨਾਂਹ ਪੱਖੀ ਰਾਇ ਬਣਾਈ ਹੋਈ ਸੀ।
"ਮੈਂ ਵੀ ਉਸ ਅੱਗ ਦਾ ਸੇਕ ਜਰਿਆ ਹੈ ਜਿਸ ਦਾ ਐਡਵੀਨਾ ਜਰ ਰਹੀ ਹੈ। ਫ਼ਰਕ ਐਨਾ ਜ਼ਰੂਰ ਐ ਓਦੋਂ ਮੇਰੀ ਮਦਦ ਲਈ ਕੋਈ ਹੋਸਟਲ ਨਹੀਂ ਸੀ।" ਐਮਲੀ ਦੀ ਆਵਾਜ਼ ਵਿਚ ਡੂੰਘੀ ਉਦਾਸੀ ਸੀ ਤੇ ਐਡਵਰਡ ਜੋੜਾ ਉਸ ਉਦਾਸੀ ਨੂੰ ਮਹਿਸੂਸ ਕਰ ਰਿਹਾ ਸੀ।
"ਫਿਰ ਵੀ ਮੇਰੀ ਕਿਸਮਤ ਚੰਗੀ ਸੀ। ਮੈਨੂੰ ਬਹੁਤ ਚੰਗੇ ਦਿਲ ਵਾਲੀ ਅਤੇ ਮਦਦਗਾਰ ਮਾਲਕਣ ਮਿਲ ਗਈ ਤੇ ਉਸ ਦੀ ਮਦਦ ਨਾਲ ਹੀ ਮੈਂ ਲਾਈਫ ਹੋਸਟਲ ਸ਼ੁਰੂ ਕਰਨ ਵਿਚ ਸਫ਼ਲ ਹੋਈ।"

ਐਮਲੀ ਨੇ ਕੰਧ 'ਤੇ ਲੱਗੀ ਫੋਟੋ ਵੱਲ ਹੱਥ ਕੀਤਾ। ਉਹਨਾਂ ਦੀਆਂ ਅੱਖਾਂ ਉਸ ਫੋਟੋ ਵੱਲ ਉਠੀਆਂ ਤੇ ਵਿਕਟਰ ਦੀਆਂ ਨਜ਼ਰਾਂ ਫੋਟੋ 'ਤੇ ਜੰਮ ਗਈਆਂ। ਫੋਟੋ ਦੇ ਹੇਠਾਂ ਗਰੇਸ ਦਾ ਨਾਂ, ਜਨਮ ਅਤੇ ਮਰਨ ਦੀ ਤਰੀਕ ਐਮਲੀ ਨੇ ਆਪਣੇ ਹੱਥਾਂ ਨਾਲ ਲਿਖੀ ਹੋਈ ਸੀ।
"ਗਰੇਸ ਐਡਗਰ----! ਮੈਨੂੰ ਅਫ਼ਸੋਸ ਐ ਇਹਨਾਂ ਦੀ ਮੌਤ ਦਾ ਮੈਨੂੰ ਪਤਾ ਈ ਨੀ ਲੱਗਾ। ਕਿਸੇ ਵੇਲੇ ਅਸੀਂ ਚੰਗੇ ਪਰਿਵਾਰਕ ਮਿੱਤਰ ਸਾਂ।"

ਵਿਕਟਰ ਨੇ ਆਪਣੀ ਛਾਤੀ 'ਤੇ ਕਰਾਸ ਦਾ ਨਿਸ਼ਾਨ ਬਣਾਇਆ ਅਤੇ ਖੜ੍ਹੇ ਹੋ ਕੇ ਫੋਟੋ ਵੱਲ ਸਤਿਕਾਰ ਨਾਲ ਆਪਣਾ ਸਿਰ ਝੁਕਾਇਆ। ਗਰੇਸ ਐਡਗਰ ਦੇ ਨਾਂ ਨੇ ਵਿਕਟਰ ਦੀਆਂ ਭਾਵਨਾਵਾਂ ਬਦਲ ਦਿੱਤੀਆਂ ਸਨ ਤੇ ਹੋਸਟਲ ਦੇ ਸਬੰਧ ਵਿਚ ਜੋ ਗਲਤ ਮਲਤ ਸੁਣਿਆ ਹੋਇਆ ਸਭ ਨਮਿਰਤ ਕਰ ਦਿੱਤਾ। ਐਮਲੀ ਪ੍ਰਤੀ ਉਸ ਦੀ ਰਾਇ ਅਚਾਨਕ ਇਕ ਦਮ ਚੰਗੀ ਬਣ ਗਈ ਸੀ।

ਐਮਲੀ ਨੇ ਲਾਈਫ ਦੇ ਹੋਂਦ ਵਿਚ ਆਉਣ ਦਾ ਸਾਰਾ ਕਿੱਸਾ ਸਾਫ਼ ਸਾਫ਼ ਉਹਨਾਂ ਨੂੰ ਦੱਸ ਦਿੱਤਾ ਅਤੇ ਜਿਸ ਤਰ੍ਹਾਂ 'ਲਾਈਫ' ਚਲਾਇਆ ਜਾ ਰਿਹਾ ਸੀ ਉਸ ਬਾਰੇ ਵੀ ਵਿਸਥਾਰ ਵਿਚ ਜਾਣਕਾਰੀ ਦੇ ਦਿੱਤੀ। ਆਰਥਿਕ ਔਕੜਾਂ ਦਾ ਸਾਹਮਣਾ ਕਰਕੇ ਵੀ ਹੋਸਟਲ ਨੂੰ ਚਲਾਉਣ ਦਾ ਕਾਰਜ ਵੀ ਉਸ ਵਿਸਥਾਰ ਦਾ ਕੁਦਰਤੀ ਹਿੱਸਾ ਸੀ। ਵਾਰਤਾ ਸੁਣ ਕੇ ਵਿਕਟਰ ਦੇ ਮਨ ਵਿਚ ਐਮਲੀ ਲਈ ਬਹੁਤ ਸਾਰਾ ਸਤਿਕਾਰ ਜਾਗ ਪਿਆ।
"ਮਿਸਟਰ ਐਡਵਰਡ, ਮੇਰੇ ਖਿਆਲ ਵਿਚ ਐਡਵੀਨਾ ਬਹੁਤੀ ਦੇਰ ਇਥੇ ਰਹਿ ਕੇ ਬਾਕੀਆਂ ਵਰਗਾ ਸਖ਼ਤ ਕੰਮ ਨਹੀਂ ਕਰ ਸਕਦੀ। ਇਸ ਸਮੱਸਿਆ ਦਾ ਕੋਈ ਹੱਲ ਤੁਹਾਨੂੰ ਸੋਚਣਾ ਚਾਹੀਦਾ ਐ।" ਐਮਲੀ ਨੇ ਆਪਣੀ ਗੱਲ ਖ਼ਤਮ ਕਰਦਿਆਂ ਕਿਹਾ।

ਐਡਵਰਡ ਜੋੜੇ ਲਈ ਇਹ ਇਕ ਅੜਾਉਣੀ ਸੀ ਜਿਸ ਦਾ ਹੱਲ ਉਹਨਾਂ ਨੂੰ ਕੋਈ ਦਿਸ ਨਹੀਂ ਸੀ ਰਿਹਾ। ਇਕੋ ਹੱਲ ਉਹਨਾਂ ਨੂੰ ਲੱਭਿਆ ਸੀ—ਬੱਚੇ ਨੂੰ ਜਨਮ ਬਾਅਦ ਕੋਈ ਅਪਣਾ ਲਵੇ ਤੇ ਐਡਵੀਨਾ ਨਵੀਂ ਜ਼ਿੰਦਗੀ ਜਿਉਣ ਲਈ ਆਜ਼ਾਦ ਹੋ ਜਾਵੇ। ਇਹ ਕੰਮ ਵੀ ਏਨਾ ਸੌਖਾ ਨਹੀਂ ਸੀ। ਐਮਲੀ ਵਿਕਟਰ ਨੂੰ ਮਸੀਹਾ ਲੱਗੀ। ਐਮਲੀ ਰਾਹੀਂ ਬੱਚੇ ਤੋਂ ਨਜ਼ਾਤ ਪਾਉਣੀ ਉਸ ਲਈ ਸੌਖੀ ਲੱਗੀ। ਉਹਦਾ ਮਨ ਖੁਸ਼ੀ ਨਾਲ ਭਰ ਗਿਆ ਜਿਸ ਨੂੰ ਕੋਸ਼ਿਸ਼ ਨਾਲ ਉਸ ਨੇ ਜ਼ਾਹਰ ਨਾ ਹੋਣ ਦਿਤਾ।
"ਐਮਲੀ ਮੈਨੂੰ ਤੇਰੇ 'ਤੇ ਮਾਣ ਐ। ਜਿਸ ਦ੍ਰਿੜਤਾ ਨਾਲ ਤੁਸੀਂ ਇਹ ਨੇਕ ਕੰਮ ਕਰ ਰਹੇ ਓ ਮੈਂ ਆਪਣਾ ਸਿਰ ਝੁਕਾਉਣਾ।" ਵਿਕਟਰ ਨੇ ਆਪਣਾ ਸਿਰ ਮਾਮੂਲੀ ਜਿਹਾ ਝੁਕਾਇਆ।
"ਮਿਸਟਰ ਐਡਵਰਡ ਤੁਹਾਡੀ ਮਿਹਰਬਾਨੀ। ਵੈਸੇ ਮੈਂ ਕਿਸੇ 'ਤੇ ਅਹਿਸਾਨ ਨਹੀਂ ਕਰ ਰਹੀ। ਬੇਸਹਾਰਾ ਕੁੜੀਆਂ ਦੀ ਮਦਦ ਕਰਕੇ ਤੇ ਉਹਨਾਂ ਦਾ ਦੁੱਖ ਵੰਡਾ ਕੇ ਮੈਨੂੰ ਸਕੂਨ ਮਿਲਦਾ।" ਐਮਲੀ ਦੇ ਦਿਲ 'ਚੋਂ ਨਿਕਲੇ ਸ਼ਬਦਾਂ ਨੇ ਮਿਸਿਜ਼ ਐਡਵਰਡ ਨੂੰ ਮਾਮੂਲੀ ਜਿਹਾ ਭਾਵੁਕ ਕਰ ਦਿੱਤਾ।
"ਮੈਨੂੰ ਪਹਿਲਾਂ ਤੁਹਾਡੇ ਇਸ ਨੇਕ ਕੰਮ ਦਾ ਪਤਾ ਨਹੀਂ ਸੀ। ਅੱਜ ਤੋਂ ਬਾਅਦ ਮੈਂ ਹਰ ਮਹੀਨੇ ਤੁਹਾਨੂੰ ਆਰਥਿਕ ਮਦਦ ਕਰਨ ਦਾ ਵਾਇਦਾ ਕਰਦਾ ਆਂ।" ਵਿਕਟਰ ਨੇ ਕੁਝ ਪੈਸੇ ਜੇਬ ਵਿਚੋਂ ਕੱਢ ਕੇ ਐਮਲੀ ਅੱਗੇ ਰੱਖੇ ਜੋ ਉਹ ਐਡਵੀਨਾ ਲਈ ਲੈ ਕੇ ਆਇਆ ਸੀ।
"ਮਿਸਟਰ ਐਡਵਰਡ ਮਿਹਰਬਾਨੀ। ਅੱਜ ਦਾ ਮਸਲਾ ਆਰਥਿਕ ਮਦਦ ਦਾ ਨਹੀਂ ਸਗੋਂ ਐਡਵੀਨਾ ਦਾ ਐ। ਉਸ ਦੇ ਹੱਲ ਤੋਂ ਬਾਅਦ ਹੀ ਆਪਾਂ ਲਾਈਫ ਦੀ ਮਦਦ ਸਬੰਧੀ ਕੋਈ ਗੱਲ ਕਰ ਸਕਾਂਗੇ।" ਐਮਲੀ ਨੇ ਕੈਸ਼ ਵਿਕਟਰ ਵੱਲ ਵਾਪਿਸ ਧੱਕ ਦਿੱਤਾ। ਵਿਕਟਰ ਨੂੰ ਅਜਿਹੀ ਉਮੀਦ ਨਹੀਂ ਸੀ। ਕਮਰੇ ਵਿਚ ਚੁੱਪ ਪੱਸਰ ਗਈ।
"ਐਮਲੀ ਇਸ ਮਸਲੇ ਦੇ ਹੱਲ ਲਈ ਤੁਸੀਂ ਪਹਿਲਾਂ ਹੀ ਬਹੁਤ ਮਦਦ ਕਰ ਰਹੇ ਓ ਜੇ ਥੋੜੀ ਮਦਦ ਹੋਰ ਕਰ ਸਕੋ ਤਾਂ ਬਹੁਤ ਮਿਹਰਬਾਨੀ ਹੋਵੇਗੀ-।" ਵਿਕਟਰ ਨੇ ਧੀਮੀ ਆਵਾਜ਼ ਵਿਚ ਕਿਹਾ।

"ਦੱਸੋ ਮੈਂ ਕੀ ਕਰ ਸਕਦੀ ਆਂ?"

ਵਿਕਟਰ ਸਾਜਿਸ਼ੀ ਅੰਦਾਜ਼ ਵਿਚ ਅੱਗੇ ਨੂੰ ਝੁਕਿਆ ਅਤੇ ਇਕ ਵਾਰ ਉਸ ਨੇ ਐਮਲੀ ਵੱਲ ਤੇ ਫਿਰ ਗਰੇਸ ਦੀ ਫੋਟੋ ਵੱਲ ਵੇਖਿਆ।

"ਜੇ ਤੁਸੀਂ ਕੋਈ ਅਜਿਹਾ ਜੋੜਾ ਲੱਭ ਸਕੋ ਜਿਹੜਾ ਬੱਚੇ ਨੂੰ ਅਪਣਾ ਲਵੇ!"

ਐਮਲੀ ਦੀਆਂ ਸਖ਼ਤ ਨਜ਼ਰਾਂ ਵਿਕਟਰ ਦੇ ਚਿਹਰੇ ਤੇ ਪਈਆਂ। ਫਿਰ ਇਕ ਦਮ ਉਹਨਾਂ ਵਿਚ ਸਧਾਰਣਤਾ ਆ ਗਈ। ਇਹ ਸ਼ਬਦ ਉਸ ਨੇ ਪਹਿਲੀ ਵਾਰ ਨਹੀਂ ਸੁਣੇ ਸਨ। ਜਦ ਲੋਕ ਮਾਂ ਅਤੇ ਬੱਚੇ ਨੂੰ ਵੱਖ ਕਰਨ ਬਾਰੇ ਕਹਿੰਦੇ ਸਨ ਤਾਂ ਹੁਣ ਐਮਲੀ ਨੂੰ ਹੈਰਾਨੀ ਨਹੀਂ ਸੀ ਹੁੰਦੀ। ਹਰ ਵਾਰ ਉਸ ਦੀਆਂ ਅੱਖਾਂ ਅੱਗੇ ਆਪਣੀ ਬੱਚੀ ਜ਼ਰੂਰ ਆ ਜਾਂਦੀ।

"ਮਿਸਟਰ ਐਡਵਰਡ 'ਲਾਈਫ' ਦਾ ਮਤਲਬ ਮਾਂ ਅਤੇ ਬੱਚੇ ਨੂੰ ਦੂਰ ਕਰਨਾ ਨਹੀਂ ਸਗੋਂ ਸੰਭਵ ਹੋਵੇ ਤਾਂ ਮਾਂ ਬਾਪ ਅਤੇ ਬੱਚੇ ਨੂੰ ਇਕੱਠੇ ਕਰਨਾ ਹੈ। ਤੁਸੀਂ ਐਡਵੀਨਾ ਨਾਲ ਗੱਲ ਕਰ ਲੈਣੀ। ਇਸ ਮਾਮਲੇ ਵਿਚ ਮੈਂ ਤੁਹਾਡੀ ਮਦਦ ਨਹੀਂ ਕਰ ਸਕਾਂਗੀ।"

ਐਮਲੀ ਦੇ ਦੋ ਟੁਕ ਫੈਸਲੇ ਨੇ ਐਡਵਰਡ ਜੋੜੇ ਨੂੰ ਸੀਤ ਕਰ ਦਿੱਤਾ। ਐਡਵੀਨਾ ਜਲਦੀ ਹੀ ਆਉਣ ਵਾਲੀ ਹੈ, ਕਹਿ ਕੇ ਐਮਲੀ ਉੱਠ ਖੜੋਤੀ ਅਤੇ ਉਹਨਾਂ ਲਈ ਕੌਫੀ ਬਣਾਉਣ ਚਲੀ ਗਈ।

---------

ਜੇਕ ਕੂਪਰ ਨੂੰ ਉਸ ਦੀ ਮਾਂ ਨੇ ਚਿੱਠੀ ਦਿਤੀ ਤਾਂ ਹੈਰਾਨੀ ਨਾਲ ਉਸ ਨੇ ਚਿੱਠੀ ਨੂੰ ਦੋਵਾਂ ਪਾਸਿਆਂ ਤੋਂ ਵੇਖਿਆ। ਜੇਕ ਨੂੰ ਇਹ ਪਹਿਲੀ ਚਿੱਠੀ ਆਈ ਸੀ ਤੇ ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿਸ ਦੀ ਚਿੱਠੀ ਸੀ? ਚਿੱਠੀ ਦੇ ਬਾਹਰ ਕਿਸੇ ਐਂਜਲਾ ਨਾਂ ਦੀ ਕੁੜੀ ਦਾ ਨਾਂ ਪੜ੍ਹ ਕੇ ਉਸ ਨੂੰ ਖੁਸ਼ੀ ਹੋਈ। ਉਸ ਨੇ ਸੋਚਿਆ ਸ਼ਾਇਦ ਕੋਈ ਕੁੜੀ ਉਸ ਨੂੰ ਪਸੰਦ ਕਰਦੀ ਸੀ ਤੇ ਉਸ ਨੇ ਚਿੱਠੀ ਲਿਖ ਕੇ ਪਹਿਲ ਕੀਤੀ ਸੀ। ਉਸ ਨੇ ਲਿਫਾਫ਼ਾ ਖੋਲ੍ਹਿਆ ਤੇ ਚਿੱਠੀ ਪੜ੍ਹੀ। ਚਿੱਠੀ ਪੜ੍ਹਦਿਆਂ ਉਸ ਦੇ ਚਿਹਰੇ ਦਾ ਰੰਗ ਬਦਲਦਾ ਗਿਆ। ਜੇਕ ਘਬਰਾਹਟ ਨਾਲ ਆਪਣੇ ਮੂੰਹ 'ਤੇ ਹੱਥ ਫੇਰਨ ਲੱਗਾ। ਚਿੱਠੀ ਪੜ੍ਹ ਕੇ ਉਹ ਸੋਚੀਂ ਪੈ ਗਿਆ। ਉਸ ਦੀ ਮਾਂ ਨੇ ਉਸ ਵੱਲ ਧਿਆਨ ਨਾਲ ਵੇਖਿਆ। ਉਸ ਨੂੰ ਕੁਝ ਅਣਸੁਖਾਂਵਾਂ ਹੋਣ ਦਾ ਅਹਿਸਾਸ ਹੋਇਆ।

"ਜੇਕ, ਕਿਸ ਦੀ ਚਿੱਠੀ ਐ ਤੇ ਕੀ ਗੱਲ ਐ?"

"ਕੁਛ ਨਹੀਂ ਮਦਰ--।" ਜੇਕ ਦੀ ਆਵਾਜ਼ ਵਿਚ ਕੰਬਣੀ ਨੇ ਉਸ ਦੀ 'ਕੁਛ ਨਹੀਂ' ਦੀ ਪੋਲ ਖੋਲ੍ਹ ਦਿੱਤੀ ਸੀ।

"ਗੱਲ ਦੱਸ।" ਉਸ ਦੀ ਮਾਂ ਨੇ ਉਸ ਦੇ ਮੋਢੇ 'ਤੇ ਹੱਥ ਰਖਦਿਆਂ ਸਪੱਸ਼ਟ ਸ਼ਬਦਾਂ ਵਿਚ ਪੁੱਛਿਆ।

"ਐਡਵੀਨਾ ਦੇ ਸਬੰਧ ਵਿਚ ਚਿੱਠੀ ਐ ਤੇ -----।" ਜੇਕ ਚੁੱਪ ਹੋ ਗਿਆ। ਉਸ ਦੀ ਮਾਂ ਉਸ ਵੱਲ ਸਵਾਲੀਆਂ ਨਜ਼ਰਾਂ ਨਾਲ ਵੇਖਦੀ ਰਹੀ।

"ਇਹ ਔਰਤ ਮੇਰੇ ਨਾਲ ਹੋਣ ਵਾਲੇ ਬੱਚੇ ਬਾਰੇ ਗੱਲ ਕਰਨਾ ਚਾਹੁੰਦੀ ਐ।"

ਦੋਵੇਂ ਮਾਂ ਪੁੱਤ ਸੋਚਾਂ ਵਿਚ ਡੁੱਬ ਗਏ। ਜੇਕ ਦੀ ਮਾਂ ਬਹੁਤ ਧਾਰਮਿਕ ਔਰਤ ਸੀ। ਕੁਝ ਦੇਰ ਬਾਅਦ ਉਹ ਉੱਠੀ ਤੇ ਚਰਚ ਨੂੰ ਚਲੀ ਗਈ। ਕੁਝ ਦੇਰ ਸਿਰ ਝੁਕਾਈ ਇਕਾਗਰ ਮਨ ਨਾਲ ਬੈਠੀ ਰਹੀ ਤੇ ਫਿਰ ਜਿਵੇਂ ਉਸ ਨੇ ਕੋਈ ਫੈਸਲਾ ਕਰ ਲਿਆ ਹੋਵੇ, ਸਾਬਤ ਕਦਮੀ ਘਰ ਵੱਲ ਨੂੰ ਆ ਗਈ।

"ਜੇਕ, ਆਪਾਂ ਦੋਵੇਂ ਉਸ ਔਰਤ ਨੂੰ ਮਿਲਣ ਲਈ ਚੱਲਾਂਗੇ।" ਜੇਕ ਹੈਰਾਨੀ ਨਾਲ ਮਾਂ ਵੱਲ ਵੇਖਦਾ ਹੀ ਰਹਿ ਗਿਆ।

-----

ਐਂਜਲਾ ਨੇ ਉਹਨਾਂ ਨੂੰ ਸਟੇਸ਼ਨ ਦੇ ਨੇੜੇ ਸਥਿਤ ਇਕ ਚਰਚ ਵਿਚ ਸੱਦਿਆ ਸੀ। ਦਿਨ ਵੇਲੇ ਚਰਚ ਵਿਚ ਚੁੱਪ ਚਰਾਂ ਹੁੰਦੀ। ਲੋਕ ਕੰਮਾਂ ਧੰਦਿਆਂ ਵਿਚ ਲੱਗੇ ਹੁੰਦੇ। ਚਰਚ ਦੇ ਪਿਛਲੇ ਪਾਸੇ ਕੁਝ ਕਮਰੇ ਬਣੇ ਹੋਏ ਸਨ ਜਿਹਨਾਂ ਵਿਚ ਕੁਝ ਅਮਲਾ ਫੈਲਾ ਵੀ ਰਹਿੰਦਾ ਸੀ ਤੇ ਕਦੀ ਕਿਸੇ ਮੁਸਾਫਰ ਨੂੰ ਰਾਤ ਕੱਟਣ ਦੀ ਵੀ ਇਜ਼ਾਜਤ ਮਿਲ ਜਾਂਦੀ ਸੀ। ਐਂਜਲਾ ਚਰਚ ਦੇ ਬਾਹਰ ਹੀ ਜੇਕ ਦੀ ਉਡੀਕ ਕਰ ਰਹੀ ਸੀ। ਉਸ ਦੀ ਮਾਂ ਦਾ ਨਾਲ ਆਉਣਾ ਉਸ ਨੂੰ ਸ਼ੁਭ ਸ਼ਗਨ ਨਹੀਂ ਸੀ ਲਗਦਾ। ਉਹ ਸੋਚ ਰਹੀ ਸੀ ਜੇ ਜੇਕ ਚਾਹੁੰਦਾ ਤਾਂ ਆਉਣ ਤੋਂ ਇਨਕਾਰ ਵੀ ਕਰ ਸਕਦਾ ਸੀ। ਉਸ ਦਾ ਆਉਣਾ ਐਂਜਲਾ ਦੀ ਉਮੀਦ ਨੂੰ ਹੁਲਾਰਾ ਦੇ ਜਾਂਦਾ। ਪੰਦਰਾਂ ਵੀਹ ਮਿੰਟਾਂ ਦੀ ਉਡੀਕ ਬਾਅਦ ਇਕ ਔਰਤ ਤੇ ਮੁੰਡਾ ਚਰਚ ਵੱਲ ਆਉਂਦੇ ਦਿਸੇ। ਐਂਜਲਾਂ ਨੇ ਉਹਨਾਂ ਬਾਰੇ ਅੰਦਾਜ਼ਾ ਲਾਉਣ ਦਾ

ਯਤਨ ਕੀਤਾ। ਵੇਖਣ ਨੂੰ ਔਰਤ ਤੇ ਮੁੰਡਾ ਸਾਊ-ਸਧਾਰਣ ਲਗਦੇ ਸਨ। ਐਨੇ ਨੂੰ ਉਹ ਨੇੜੇ ਆਏ ਤਾਂ ਐਂਜਲਾ ਨੇ ਜੇਕ ਦਾ ਨਾਂ ਲੈ ਕੇ ਬੁਲਾਇਆ।

"ਮੈਂ ਜੇਕ ਕੂਪਰ ਤੇ ਇਹ ਮੇਰੀ ਮਾਂ।" ਜੇਕ ਦੇ ਨਾਂ ਦੱਸਣ ਤੋਂ ਪਹਿਲਾਂ ਹੀ ਐਂਜਲਾ ਨੇ ਔਰਤ ਨਾਲ ਹੱਥ ਮਿਲਾਇਆ।

"ਆਪਾਂ ਚਰਚ ਵਿਚ ਬੈਠੀਏ ਜਾਂ ਕਿਸੇ ਰੈਸਟੋਰੈਂਟ ਵਿਚ!"

"ਸ਼ਾਇਦ ਚਰਚ ਵਿਚ ।" ਔਰਤ ਨੇ ਚਰਚ ਵੱਲ ਵੇਖਦਿਆਂ ਜਵਾਬ ਦਿੱਤਾ।

ਕੁਝ ਦੇਰ 'ਲਾਈਫ' ਬਾਰੇ ਗੱਲਾਂ ਕਰਨ ਬਾਅਦ ਐਂਜਲਾ ਅਸਲ ਗੱਲ ਵੱਲ ਮੁੜੀ।

"ਇਸ ਵੇਲੇ ਮੈਂ ਐਡਵੀਨਾ ਨਾਲੋਂ ਵੱਧ ਆਉਣ ਵਾਲੇ ਬੱਚੇ ਬਾਰੇ ਸੋਚ ਰਹੀ ਹਾਂ। ਐਡਵੀਨਾ ਇਕੱਲੀ ਬੱਚੇ ਦੀ ਦੇਖ ਭਾਲ ਨਹੀਂ ਕਰ ਸਕੇਗੀ ਤੇ ਉਸ ਦੇ ਮਾਪਿਆਂ ਨੇ ਉਸ ਨੂੰ ਅਪਣਾਉਣਾ ਨਹੀਂ। ਸ਼ਾਇਦ ਕਿਸੇ ਯਤੀਮਖਾਨੇ ਵਿਚ ਭਰਤੀ ਕਰਵਾ ਦੇਣ ਜਾਂ ---ਪਤਾ ਨਹੀਂ।" ਐਂਜਲਾ ਨੇ ਗੱਲ ਕਰਦਿਆਂ ਨਾਲ ਹੀ ਹੱਥ ਦੇ ਇਸ਼ਾਰੇ ਨਾਲ ਵੀ ਆਪਣੇ ਭਾਵ ਸਮਝਾਉਣ ਦਾ ਯਤਨ ਕੀਤਾ।

"ਜੇ ਕੁੜੀ ਹੋਈ ਤਾਂ ਪਤਾ ਨਹੀਂ ਕੋਈ 'ਕਿੱਤਾ' ਕਰਨ ਵਾਲੀ ਔਰਤ ਹੀ ਅਪਣਾ ਲਵੇ ਜਾਂ ਪਤਾ ਨਹੀਂ ਵਿਚਾਰੀ ਨਾਲ ਕੀ ਹੋਵੇ! ਮੁੰਡਾ ਹੋਇਆ ਤਾਂ ਵੀ ਉਸ ਦਾ ਭਵਿੱਖ ਚੰਗਾ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਬੱਚੇ ਦਾ ਕੋਈ ਕਸੂਰ ਨਹੀਂ ਤੇ ਸਜ਼ਾ ਉਸ ਨੂੰ ਭੁਗਤਣੀ ਪੈਣੀ ਐ।" ਐਂਜਲਾ ਨੇ ਡੂੰਘਾ ਸਾਹ ਲੈ ਕੇ ਬਾਹਰ ਛੱਡਦਿਆਂ ਆਪਣੀ ਉਦਾਸੀ ਤੇ ਬੇਬਸੀ ਜ਼ਾਹਰ ਕੀਤੀ।

"ਐਂਜਲਾ ਤੇਰੇ ਖਿਆਲ ਵਿਚ ਸਾਨੂੰ ਕੀ ਕਰਨਾ ਚਾਹੀਦਾ?" ਔਰਤ ਨੇ ਐਂਜਲਾ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ ਕੀਤਾ।

"ਸਭ ਤੋਂ ਚੰਗਾ ਹੱਲ ਤਾਂ ਦੋਵੇਂ ਵਿਆਹ ਕਰਵਾ ਲੈਣ ਤਾਂ ਬੱਚੇ ਨੂੰ ਮਾਂ ਬਾਪ ਦੋਵੇਂ ਮਿਲ ਜਾਂਦੇ ਐ। ਅਫ਼ਸੋਸ ਇਸ ਕੇਸ ਵਿਚ ਇਹ ਸੰਭਵ ਨਹੀਂ ਲਗਦਾ। ਸਮਾਜਿਕ ਤੇ ਆਰਥਿਕ ਕਾਰਨਾਂ ਤੋਂ ਬਿਨਾਂ ਜੇਕ ਦਾ ਐਡਵੀਨਾ ਨੂੰ ਛੱਡ ਕੇ ਦੌੜ ਜਾਣਾ ਵੀ ਇਕ ਸਮੱਸਿਆ ਐ।"

"ਮੈਂ ਤਾਂ ਡਰਦਾ ਦੌੜਿਆ ਸੀ। ਮੈਨੂੰ ਡਰ ਸੀ ਕਿਤੇ ਮੇਰਾ ਕੋਈ ਨੁਕਸਾਨ ਨਾ ਕਰਨ।" ਜੇਕ ਨੇ ਆਪਣੀ ਸਫ਼ਾਈ ਦਿੱਤੀ।

ਕੁਝ ਦੇਰ ਚੁੱਪ ਵਰਤੀ ਰਹੀ। ਜੇਕ ਦੀ ਮਾਂ ਨੇ ਖੰਘੂਰਾ ਮਾਰਿਆ ਤੇ ਸਿਰ ਉੱਪਰ ਨੂੰ ਚੁੱਕਿਆ।

"ਐਂਜਲਾ ਬੱਚੇ ਨੂੰ ਮੈਂ ਸਾਂਭਾਂਗੀ। ਜੇਕ ਵੀ ਮੇਰੇ ਨਾਲ ਹੈ। ਮੈਂ ਆਪਣੇ ਖ਼ੂਨ ਨੂੰ ਰੁਲਣ ਨਹੀਂ ਦੇਵਾਂਗੀ।"

ਸੁਣ ਕੇ ਐਂਜਲਾ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਦੀ ਭਾਵੁਕਤਾ ਨੇ ਮਹੌਲ ਨੂੰ ਵੀ ਭਾਵੁਕ ਕਰ ਦਿੱਤਾ ਸੀ। ਕੁਝ ਦੇਰ ਚੁੱਪ ਪੱਸਰੀ ਰਹੀ। ਐਂਜਲਾ ਨੇ ਗੱਲ ਫਿਰ ਤੋਰੀ।

"ਮੈਂ ਤੁਹਾਡੇ ਜ਼ਜ਼ਬਾਤਾਂ ਦੀ ਕਦਰ ਕਰਦੀ ਹਾਂ। ਬੱਚੇ ਦੇ ਜਨਮ ਵਿਚ ਕੁਝ ਕੁ ਸਮਾਂ ਹੀ ਬਾਕੀ ਐ। ਤੁਸੀਂ ਕਿਵੇਂ -----?" ਐਂਜਲਾ ਨੇ ਗੱਲ ਵਿਚੇ ਛੱਡ ਦਿੱਤੀ।

"ਅਸੀਂ ਉਥੇ ਵੀ ਕਿਰਾਏ 'ਤੇ ਰਹਿੰਦੇ ਆਂ। ਅਸੀਂ ਉਹ ਘਰ ਛੱਡ ਕੇ ਐਥੇ ਈ ਕੋਈ ਘਰ ਕਿਰਾਏ 'ਤੇ ਵੇਖ ਲਵਾਂਗੇ। ਜੇਕ ਵੀ ਏਥੇ ਕਿਤੇ ਨੇੜੇ-ਤੇੜੇ ਕੰਮ ਲੱਭ ਲਵੇਗਾ। ਜੇ ਐਡਵੀਨਾ ਚਾਹੇ ਤਾਂ ਉਹ ਸਾਡੇ ਨਾਲ ਰਹਿ ਸਕਦੀ ਐ। ਜੇ ਚਾਹੇ ਤਾਂ ਮੈਂ ਬੱਚੇ ਦੀ ਦੇਖ-ਭਾਲ ਵਿਚ ਉਸ ਦੀ ਮਦਦ ਕਰ ਸਕਦੀ ਆਂ।"

ਐਂਜਲਾ ਨੂੰ ਹੈਰਾਨੀ ਹੋਈ। ਜੇਕ ਦੀ ਮਾਂ ਨੇ ਸਾਰਾ ਕੁਝ ਸੋਚਿਆ ਹੋਇਆ ਸੀ। ਐਂਜਲਾ ਨੂੰ ਕੋਈ ਮਿਹਨਤ ਕਰਨ ਦੀ ਲੋੜ ਹੀ ਨਾ ਪਈ। ਉਹਨਾਂ ਨੇ ਲੋੜੀਂਦੀ ਗੱਲ-ਬਾਤ ਕਰਕੇ ਸਭ ਕੁਝ ਤਹਿ ਕਰ ਲਿਆ। ਜੇਕ ਆਪਣੀ ਮਾਂ ਨਾਲ ਵਾਪਿਸ ਆ ਗਿਆ ਤੇ ਅਗਲੇ ਦਿਨਾਂ ਵਿਚ ਕੋਈ ਕੰਮ ਅਤੇ ਘਰ ਲੱਭਣ ਦਾ ਯਤਨ ਕਰਨ ਬਾਰੇ ਸੋਚਣ ਲੱਗਾ। ਉਸ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਹੁਣ ਉਹ ਪੂਰਾ ਮਨੁੱਖ ਬਣ ਗਿਆ ਸੀ। ਅਸਲ ਵਿਚ ਜ਼ਿੰਮੇਵਾਰੀਆਂ ਨੇ ਹੀ ਉਸ ਨੂੰ ਮੁੰਡੇ ਤੋਂ ਮਨੁੱਖ ਬਣਾ ਦਿੱਤਾ ਸੀ।

-------

ਐਡਵੀਨਾ ਨੇ ਬੱਚੀ ਨੂੰ ਜਨਮ ਦਿੱਤਾ। ਐਡਵੀਨਾ ਨੇ ਤਾਂ ਕਦੀ ਕਿਸੇ ਔਰਤ ਨੂੰ ਨਵ-ਜਨਮੇ ਬੱਚੇ ਦੀ ਦੇਖ ਭਾਲ ਕਰਦਿਆਂ ਵੀ ਨਹੀਂ ਸੀ ਵੇਖਿਆ। ਜਿਸ ਮਹੌਲ ਵਿਚ ਉਹ ਪਲੀ ਉਸ ਵਿਚ ਤਾਂ ਬੱਚੇ ਦੀ ਦੇਖ-ਭਾਲ ਲਈ ਨੌਕਰਾਣੀਆਂ ਹੁੰਦੀਆਂ ਸਨ। ਹੋਸਟਲ ਵਿਚ ਸਭ ਔਰਤਾਂ ਨੂੰ ਆਪਣੇ ਬੱਚਿਆਂ ਦੀ ਆਪ ਦੇਖ-ਭਾਲ ਕਰਨੀ ਪੈਂਦੀ ਸੀ। ਭਾਵੇਂ ਲੋੜ ਪੈਣ 'ਤੇ ਬਾਕੀ ਔਰਤਾਂ ਵੀ ਹੱਥ ਵਟਾ ਦਿੰਦੀਆਂ। ਐਡਵੀਨਾ ਦਾ ਹੱਥ ਵੀ ਸਾਥੀ

ਔਰਤਾਂ ਨੇ ਵਟਾਉਂਦਿਆਂ ਉਸ ਨੂੰ ਬੱਚੇ ਦੀ ਦੇਖ-ਭਾਲ ਦੇ ਗੁਰ ਵੀ ਦੱਸੇ। ਐਡਵੀਨਾ ਲਈ ਸਭ ਕੁਝ ਬਹੁਤ ਔਖਾ ਸੀ। ਬੱਚੀ ਰਾਤ ਨੂੰ ਵਾਰ ਵਾਰ ਜਾਗਦੀ। ਐਡਵੀਨਾ ਦੁੱਧ ਪਿਲਾਉਂਦੀ। ਕੁਝ ਦੇਰ ਲਈ ਬੱਚੀ ਸੌਂਦੀ ਤਾਂ ਐਡਵੀਨਾ ਨੂੰ ਨਾਲ ਹੀ ਨੀਂਦ ਆ ਜਾਂਦੀ। ਕਦੀ ਤਾਂ ਉਹ ਦੁੱਧ ਪਿਲਾਉਂਦੀ ਹੀ ਸੌਂ ਜਾਂਦੀ। ਐਡਵੀਨਾ ਲਈ ਇਹ ਸਭ ਕੁਝ ਅਸਹਿ ਸੀ।

ਬੱਚੀ ਦੇ ਜਨਮ ਤੋਂ ਬਾਅਦ ਐਡਵੀਨਾ ਦੇ ਮਾਂ-ਬਾਪ ਮਿਲਣ ਆਏ ਤਾਂ ਐਡਵੀਨਾ ਉਹਨਾਂ ਦੇ ਗਲ ਲੱਗ ਕੇ ਰੋਣ ਲੱਗੀ। ਵਿਕਟਰ ਨੇ ਬੱਚੀ ਵੱਲ ਵੇਖਿਆ। ਸੁੱਤੀ ਪਈ ਬੱਚੀ ਉਸ ਨੂੰ ਪਿਆਰੀ ਲੱਗੀ। ਉਸ ਵੇਲੇ ਉਹ ਸਭ ਤੋਂ ਵੱਧ ਐਡਵੀਨਾ ਦੀ ਤਕਲੀਫ਼ ਬਾਰੇ ਸੋਚ ਰਿਹਾ ਸੀ।

''ਐਡਵੀਨਾ ਜੇ ਤੂੰ ਚਾਹੇਂ ਤਾਂ ਕੋਈ ਨੌਕਰਾਣੀ ਰੱਖ ਲੈ।'' ਵਿਕਟਰ ਨੇ ਕਿਹਾ ਤਾਂ ਉਸ ਦੀ ਪਤਨੀ ਨੇ ਕਾਟਵੀਂ ਨਜ਼ਰ ਨਾਲ ਵੇਖਿਆ।

''ਇਥੇ ਹੋਸਟਲ ਵਿਚ ਭਲਾ ਨੌਕਰਾਣੀ ਕਿਵੇਂ ਰਹਿ ਸਕਦੀ ਐ? ਇਹ ਕੋਈ ਇਕ ਦਿਨ ਦੀ ਤਾਂ ਸਮੱਸਿਆ ਹੈ ਨਹੀਂ। ਐਡਵੀਨਾ ਦੀ ਸਾਰੀ ਜ਼ਿੰਦਗੀ ਪਈ ਐ। ਕੋਈ ਨਾ ਕੋਈ ਹੱਲ ਕੱਢਣ ਬਾਰੇ ਸੋਚਿਆ ਜਾਣਾ ਚਾਹੀਦਾ।''

''ਹਾਂ ਇਹ ਤਾਂ ਹੈ। ਇਸ ਦਾ ਕੋਈ ਹੱਲ ਸੋਚਣਾ ਚਾਹੀਦਾ ਐ। ਐਡਵੀਨਾ ਦੀ ਜ਼ਿੰਦਗੀ ਬਰਬਾਦ ਨਹੀਂ ਹੋਣੀ ਚਾਹੀਦੀ।'' ਵਿਕਟਰ ਨੇ ਹਾਮੀ ਭਰੀ। ਐਡਵੀਨਾ ਨੂੰ ਕੁਝ ਵੀ ਸਮਝ ਨਹੀਂ ਪੈ ਰਿਹਾ ਸੀ। ਉਹ ਉਹਨਾਂ ਵੱਲ ਗੁਆਚੀਆਂ ਜਿਹੀਆਂ ਨਜ਼ਰਾਂ ਨਾਲ ਵੇਖ ਰਹੀ ਸੀ।

''ਤੁਹਾਡੇ ਖਿਆਲ ਵਿਚ ਕੀ ਹੱਲ ਕਰਨਾ ਚਾਹੀਦਾ?'' ਐਡਵੀਨਾ ਨੇ ਪੁੱਛਿਆ ਤਾਂ ਵਿਕਟਰ ਨੇ ਆਪਣੀ ਪਤਨੀ ਵੱਲ ਵੇਖਿਆ। ਕੁਝ ਪਲ ਚੁੱਪ ਛਾਈ ਰਹੀ।

''ਦੇਖ ਐਡਵੀਨਾ—ਬੱਚੀ 'ਕੱਲੀ ਤੇਰੀ ਤਾਂ ਹੈ ਨਹੀਂ। ਜਿੰਨੀ ਤੇਰੀ ਐ ਓਨੀ ਪਿਉ ਦੀ ਵੀ ਐ। ਫੇਰ ਤੂੰ 'ਕੱਲੀ ਕਿਉਂ ਤਕਲੀਫ਼ ਸਹੇਂ?'' ਮਿਸਿਜ਼ ਐਡਵਰਡ ਨੇ ਸਵਾਲ ਖੜ੍ਹਾ ਕੀਤਾ।

''ਉਹ ਕੀ ਕਰ ਸਕਦਾ?''

''ਦੇਖੋ ਬੱਚੇ---ਬੱਚੀ ਨੂੰ ਜਨਮ ਦੇਣ ਦਾ ਫਰਜ਼ ਤੂੰ ਪੂਰਾ ਕਰ ਦਿੱਤਾ। ਇਹੋ ਸਭ ਤੋਂ ਔਖਾ ਹੁੰਦਾ। ਔਰਤ ਜਾਨ ਦੀ ਬਾਜ਼ੀ ਲਗਾ ਕੇ ਬੱਚੇ ਨੂੰ ਜਨਮ ਦਿੰਦੀ ਐ। ਹੁਣ ਸਾਂਭ-ਸਭਾਂਈ ਤਾਂ ਪਿਉ ਕਰ ਈ ਸਕਦਾ। ਉਸ ਨੂੰ ਵੀ ਆਪਣਾ ਫਰਜ਼ ਪੂਰਾ ਕਰਨਾ ਚਾਹੀਦਾ।'' ਵਿਕਟਰ ਨੇ ਗੱਲ ਆਪਣੇ ਹੱਥ ਲੈ ਲਈ।

''ਔਖਾ ਤਾਂ ਹੈ। ਪਰ ਮੈਂ ਇਹਨੂੰ ਪਿਆਰ ਵੀ ਕਰਦੀ ਆਂ।''

ਐਡਵੀਨਾ ਦੇ ਚਿਹਰੇ 'ਤੇ ਪਿਆਰ ਦਾ ਜਲੌਅ ਫੈਲ ਗਿਆ। ਵਿਕਟਰ ਦੇ ਮੱਥੇ 'ਤੇ ਪ੍ਰੇਸ਼ਾਨੀ ਦੀਆਂ ਵੱਟਾਂ ਉਭਰ ਆਈਆਂ। ਉਹ ਹਰ ਹਾਲਤ ਵਿਚ ਬੱਚੀ ਨੂੰ ਜੇਕ ਦੇ ਪ੍ਰੀਵਾਰ ਦੇ ਹਵਾਲੇ ਕਰਨਾ ਚਾਹੁੰਦਾ ਸੀ।

''ਸਿਰਫ ਪਿਆਰ ਨਾਲ ਬੱਚੇ ਨੀ ਪਾਲੇ ਜਾਂਦੇ ਹੁੰਦੇ। ਬੱਚਿਆਂ ਲਈ ਤਾਂ ਕੁਰਬਾਨੀਆਂ ਕਰਨੀਆਂ ਪੈਂਦੀਆਂ। ਬੱਚੇ ਪਾਲਣੇ ਤਾਂ ਭਗਤੀ ਕਰਨ ਦੇ ਤੁਲ ਹੁੰਦਾ ਐ। ਏਹੀ ਬੱਚਾ ਤੇਰੇ ਵਿਆਹ ਤੋਂ ਬਾਅਦ ਹੁੰਦਾ ਤਾਂ ਅਸੀਂ ਵੀ ਤੇਰੀ ਮਦਦ ਕਰ ਸਕਦੇ ਸੀ। ਪਰ ਹੁਣ ਤਾਂ-।''

''ਮੈਨੂੰ ਸਮਝ ਨਹੀਂ ਆਉਂਦੀ ਕੀ ਕਰਾਂ?'' ਐਡਵੀਨਾ ਦੀਆਂ ਅੱਖਾਂ ਭਰ ਆਈਆਂ। ਪਛਤਾਵਾ ਅਤੇ ਬੇਬਸੀ ਉਸ ਦੇ ਮੂੰਹ 'ਤੇ ਸਾਫ਼ ਝਲਕ ਰਹੇ ਸਨ।

ਵਿਕਟਰ ਨੇ ਉਸ ਦੇ ਮੋਢਿਆਂ 'ਤੇ ਹੱਥ ਰੱਖ ਕੇ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ।

''ਸੁਣ ਮੇਰੀ ਗੱਲ ਐਡਵੀਨਾ। ਜੇਕ ਦੀ ਮਾਂ ਬੱਚੀ ਨੂੰ ਪਾਲਣ ਲਈ ਤਿਆਰ ਐ। ਮੈਂ ਉਸ ਦੀ ਆਰਥਿਕ ਮਦਦ ਕਰ ਦਿਆਂਗਾ। ਬੱਚੀ ਵੀ ਪਲ ਜਾਊ। ਤੂੰ ਵੀ ਆਪਣੀ ਜ਼ਿੰਦਗੀ ਬਾਰੇ ਕੁਝ ਸੋਚ ਸਕਦੀ ਐਂ। ਜਦ ਬੱਚੀ ਵੱਡੀ ਹੋ ਜਾਊ ਤਾਂ ਫਿਰ ਜਿਹੋ ਜਿਹਾ ਸਮਾਂ ਹੋਊ ਵੇਖਿਆ ਜਾਊ।'' ਐਡਵੀਨਾ ਨੇ ਸਿਰ ਮਾਰਿਆ। ਮਿਸਿਜ਼ ਐਡਵਰਡ ਨੇ ਵਿਕਟਰ ਨੂੰ ਹੋਰ ਕੁਝ ਵੀ ਨਾ ਕਹਿਣ ਦਾ ਇਸ਼ਾਰਾ ਅੱਖਾਂ ਨਾਲ ਹੀ ਕਰ ਦਿੱਤਾ।

''ਐਡਵੀਨਾ ਅਸੀਂ ਤੇਰੇ ਦੋਖੀ ਤਾਂ ਹਾਂ ਨਹੀਂ। ਤੂੰ ਸੋਚ ਸਮਝ ਕੇ ਫੈਸਲਾ ਕਰ। ਆਹ ਲੈ ਕੁਝ ਪੈਸੇ ਰੱਖ ਲੈ। ਅਸੀਂ ਦੋ ਚਾਰ ਦਿਨ ਬਾਅਦ ਫੇਰ ਆਵਾਂਗੇ।'' ਮਿਸਿਜ਼ ਐਡਵਰਡ ਨੇ ਉਠਦਿਆਂ ਕਿਹਾ।

ਅਗਲੇ ਦੋ ਤਿੰਨ ਹਫ਼ਤੇ ਉਹ ਐਡਵੀਨਾ ਕੋਲ ਆਉਂਦੇ ਰਹੇ ਤੇ ਉਸ ਨੂੰ ਬੱਚੀ ਜੇਕ ਦੀ ਮਾਂ ਨੂੰ ਦੇਣ ਲਈ ਉਕਸਾਉਂਦੇ ਰਹੇ। ਬੱਚੀ ਦੀ ਦੇਖ ਭਾਲ ਕਰਨ ਅਤੇ ਪਾਲਣ-ਪੋਸਣ ਦੇ ਸਖ਼ਤ ਕਾਰਜ ਨੇ ਐਡਵੀਨਾ ਨੂੰ ਥਕਾ ਦਿੱਤਾ ਸੀ। ਅਖ਼ੀਰ ਉਹ ਬੱਚੀ ਨੂੰ ਜੇਕ ਦੀ ਮਾਂ ਕੋਲ ਛੱਡਣ ਲਈ ਤਿਆਰ ਹੋ ਗਈ ਤੇ ਐਡਵੀਨਾ ਐਂਜਲਾ ਦਾ

ਧੰਨਵਾਦ ਕਰਕੇ ਮਾਪਿਆਂ ਨਾਲ ਵਾਪਿਸ ਆ ਗਈ। ਘਰ ਆ ਕੇ ਉਸ ਨੂੰ ਇੰਝ ਲੱਗਾ ਜਿਵੇਂ ਉਹ ਜੇਲ੍ਹ ਵਿਚੋਂ ਛੁੱਟ ਕੇ ਆਈ ਹੋਵੇ।

------

ਜੇਕ ਅਤੇ ਉਸ ਦੀ ਮਾਂ ਨੇ ਬੱਚੀ ਨੂੰ ਆਪਣੀ ਸਮਰੱਥਾ ਅਨੁਸਾਰ ਪਾਲਿਆ ਅਤੇ ਪਿਆਰ ਦੁਲਾਰ ਕੀਤਾ। ਵਿਕਟਰ ਵੱਲੋਂ ਆਰਥਿਕ ਮਦਦ ਲੈਣ ਤੋਂ ਜੇਕ ਦੀ ਮਾਂ ਨੇ ਨਿਮਰਤਾ ਨਾਲ ਇਨਕਾਰ ਕਰ ਦਿਤਾ। ਵਿਕਟਰ ਨੇ ਉਹੀ ਰਕਮ 'ਲਾਈਫ' ਨੂੰ ਭੇਜ ਦਿਤੀ। ਐਡਵੀਨਾ ਦੇ ਮਨ ਵਿਚੋਂ ਹੌਲੀ ਹੌਲੀ ਬੱਚੀ ਦਾ ਵੈਰਾਗ ਘਟ ਗਿਆ। ਕਦੀ ਕਦੀ ਉਸ ਦੇ ਦਿਲ ਵਿਚ ਚੀਸ ਉਠਦੀ ਜ਼ਰੂਰ। ਉਸ ਨੇ ਚੀਸ ਤੋਂ ਨਿਜ਼ਾਤ ਪਾਉਣ ਦਾ ਅਭਿਆਸ ਕਰ ਲਿਆ ਸੀ।

ਚਾਰ ਪੰਜ ਸਾਲ ਬੱਚੀ ਨੂੰ ਸਾਂਭਦਿਆਂ ਜੇਕ ਦੀ ਮਾਂ, ਪੋਤੀ ਲਈ ਆਪਣੇ ਅਰਾਮ ਅਤੇ ਸੁਖ ਦੀ ਕੁਰਬਾਨੀ ਕਰਦੀ ਰਹੀ। ਪੋਤੀ ਦਾ ਮੋਹ ਹੀ ਉਸ ਲਈ ਸਭ ਕੁਝ ਸੀ। ਜੇਕ ਕੰਮ ਕਰਦਾ ਤੇ ਘਰ ਦੇ ਖਰਚ ਜੋਗੀ ਆਮਦਨ ਕਰ ਲੈਂਦਾ। ਜੇਕ ਦੀ ਮਾਂ ਅਚਾਨਕ ਬਿਮਾਰ ਹੋ ਗਈ ਤੇ ਦੋ ਕੁ ਦਿਨਾਂ ਦੀ ਬਿਮਾਰੀ ਬਾਅਦ ਚਲ ਵਸੀ। ਜੇਕ ਲਈ ਬੱਚੀ ਨੂੰ ਸਾਂਭਣਾ ਮੁਸ਼ਕਲ ਹੋ ਗਿਆ। ਉਹ ਕੰਮ 'ਤੇ ਜਾਂਦਾ ਜਾਂ ਬੱਚੀ ਨੂੰ ਸਾਂਭਦਾ! ਹੁਣ ਤੱਕ ਉਸ ਨੇ ਬੱਚੀ ਨੂੰ ਪਾਲਣ ਦੇ ਨਾਲ ਨਾਲ ਪੜ੍ਹਾਉਣ ਦਾ ਵੀ ਸੋਚਿਆ ਹੋਇਆ ਸੀ। ਉਸ ਨੇ ਬੱਚੀ ਲਈ ਬਹੁਤ ਵੱਡੇ ਸੁਪਨੇ ਵੇਖੇ ਸਨ। ਮਾਂ ਦੇ ਮਰਨ ਤੋਂ ਕੁਝ ਦਿਨਾਂ ਵਿਚ ਹੀ ਉਸ ਨੂੰ ਬੱਚੀ ਦੀ ਜ਼ਿੰਮੇਵਾਰੀ ਚੁਕਣੀ ਅਸੰਭਵ ਲੱਗੀ ਤੇ ਉਹ ਬੱਚੀ ਨੂੰ ਲੈ ਕੇ ਐਡਵੀਨਾ ਦੇ ਘਰ ਦੀ ਚੌਖਟ ਬਾਰੇ ਸੋਚਣ ਲੱਗਾ। ਇਕ ਦਿਨ ਐਡਵੀਨਾ ਨੂੰ ਐਂਜਲਾ ਦਾ ਖਤ ਮਿਲਿਆ ਤੇ ਉਹ ਉਸ ਨੂੰ ਮਿਲਣ ਚਲੀ ਗਈ। ਸਾਰੇ ਹਾਲਾਤ ਨੂੰ ਜਾਣਨ ਬਾਅਦ ਉਸ ਨੇ ਬੱਚੀ ਨੂੰ ਗੋਦ ਲੈਣ ਦਾ ਫੈਸਲਾ ਕਰ ਲਿਆ। ਰੌਬਿਨ ਨੂੰ ਮਨਾਉਣ ਲਈ ਉਸ ਨੂੰ ਬਹੁਤ ਮਿਹਨਤ ਕਰਨੀ ਪਈ ਸੀ।

ਐਲਨ ਨੂੰ ਸੈਮ ਦੀ ਯਾਦ ਆਈ। ਜੇ ਸੈਮ ਨਾ ਹੁੰਦਾ ਤਾਂ ਪਤਾ ਨਹੀਂ ਐਲਨ ਨਾਲ ਵੀ ਅਜਿਹਾ ਹੀ ਕੁਝ ਹੁੰਦਾ। ਉਸ ਨੇ ਸਿਰ ਝਟਕਿਆ ਤੇ ਇਲੈਕਸ਼ਨ ਬਾਰੇ ਗੱਲਾਂ ਕਰਨ ਲੱਗਾ।

## 23

ਐਲਨ ਬਿਸਤਰ ਵਿਚ ਜਾ ਪਿਆ। ਉਸ ਨੂੰ ਨੀਂਦ ਨਹੀਂ ਆ ਰਹੀ ਸੀ। ਉਸ ਨੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਬਹੁਤ ਸੋਚਿਆ ਸੀ ਤੇ ਉਹਨਾਂ ਨੂੰ ਚੰਗੇ ਸਕੂਲਾਂ ਵਿਚ ਪੜ੍ਹਾਉਣ ਦਾ ਪ੍ਰਬੰਧ ਕੀਤਾਸੀ। ਐਲਨ ਆਪਣੇ ਬੱਚਿਆਂ ਨੂੰ ਕਿਸੇ ਬ੍ਰਿਟਿਸ਼ ਬਸਤੀ ਵਿਚ ਚੰਗੀ ਨੌਕਰੀ ਲਈ ਤਿਆਰ ਕਰ ਰਿਹਾ ਸੀ। ਭਾਰਤ ਵਿਚ ਜਾਂ ਅਫਰੀਕਾ, ਬਰਮ੍ਹਾ ਵਰਗੇ ਕਿਸੇ ਵੀ ਦੇਸ਼ ਵਿਚ ਕਿਸੇ ਸੂਬੇ ਦੇ ਗਵਰਨਰ ਵਰਗੀ ਪੋਸਟ ਮਿਲ ਜਾਵੇ ਤਾਂ ਉਹ ਰਾਜਿਆਂ-ਮਹਾਰਾਜਿਆਂ ਵਾਂਗ ਰਹਿ ਸਕਣਗੇ ਤੇ ਐਲਨ ਦਾ ਸਤਿਕਾਰ ਵੀ ਸਮਾਜ ਵਿਚ ਬਹੁਤ ਵਧ ਜਾਣਾ ਸੀ।

ਜੈਨੀਫਰ ਨੇ ਨੰਗੀ ਬਾਂਹ ਸੁਬਕਤਾ ਨਾਲ ਐਲਨ ਦੀ ਨੰਗੀ ਛਾਤੀ 'ਤੇ ਰੱਖੀ। ਐਲਨ ਅਹਿਲ ਪਿਆ ਰਿਹਾ। ਜੈਨੀਫਰ ਨੇ ਸਮਝ ਲਿਆ ਉਹ ਕੁਝ ਡੂੰਘੀ ਸੋਚ ਵਿਚਾਰ ਵਿਚ ਸੀ। ਅਜਿਹੀ ਹਾਲਤ ਵਿਚ ਜੈਨੀਫਰ ਉਸ ਨੂੰ ਪ੍ਰੇਸ਼ਾਨ ਕਰਨ ਦੀ ਥਾਂ ਚੁੱਪ ਹੀ ਰਹਿੰਦੀ।

ਐਲਨ ਐਮ ਪੀ ਤਾਂ ਬਣ ਗਿਆ ਸੀ। ਉਸ ਦੀ ਇੱਛਾ ਮਨਿਸਟਰ ਬਣਨ ਦੀ ਸੀ। ਅਜੇ ਉਸ ਦਾ ਮੌਕਾ ਨਹੀਂ ਸੀ ਬਣਿਆ। ਐਲਨ ਇਸ ਬਾਰੇ ਹੀ ਸੋਚ ਰਿਹਾ ਸੀ।

ਪ੍ਰਧਾਨ ਮੰਤਰੀ ਲਾਰਡ ਪਾਲਮਰਸਟਨ ਨੇ ਵੋਟ ਅਧਿਕਾਰਾਂ ਵਿਚ ਤਬਦੀਲੀ ਕਰਨ ਦਾ ਵਿਰੋਧ ਕੀਤਾ ਤਾਂ ਐਲਨ ਵਰਗੇ ਐਮ ਪੀ ਅੰਦਰੇ ਅੰਦਰ ਖੁਸ਼ ਨਹੀਂ ਸਨ।

1865 ਵਿਚ ਉਸ ਦੀ ਮੌਤ ਹੋ ਗਈ ਤੇ ਅਮਰੀਕਾ ਦੇ ਸਿਵਲ ਯੁੱਧ ਨੇ ਯੂ ਕੇ ਦੇ ਲੋਕਾਂ ਦੀ ਸੋਚ ਵਿਚ ਵੀ ਤਬਦੀਲੀ ਲਿਆਂਦੀ। ਬਹੁਤ ਸਾਰੇ ਪ੍ਰਭਾਵਸ਼ਾਲੀ ਲੋਕ ਹੋਰ ਸੁਧਾਰਾਂ ਦੇ ਨਾਲ ਨਾਲ ਚੋਣ ਸੁਧਾਰਾਂ ਦੇ ਹੱਕ ਵਿਚ ਆਵਾਜ਼ ਉਠਾਉਣ ਲੱਗੇ। ਐਲਨ ਉਹਨਾਂ ਵਿਚੋਂ ਇਕ ਸੀ। 1866 ਵਿਚ ਪ੍ਰਧਾਨ ਮੰਤਰੀ ਲਾਰਡ ਰਸਲ ਨੇ ਚੋਣ ਸੁਧਾਰ ਬਿਲ ਪੇਸ਼ ਕੀਤਾ। ਉਸ ਵਿਚ ਉਸ ਨੇ ਸਿਰਫ ਹੁਨਰੀ ਕਾਮਿਆਂ ਨੂੰ ਵੋਟ ਦਾ ਹੱਕ ਦਿੱਤਾ ਸੀ। ਅਜਿਹਾ ਕੁਝ ਸੋਚਦਾ ਐਲਨ ਸੌਂ ਗਿਆ।

ਅਗਲੇ ਦਿਨ ਸਵੇਰੇ ਹੀ ਉਸ ਨੂੰ ਚਿੱਠੀ ਮਿਲੀ। ਇਹ 1871 ਦੀਆਂ ਸਰਦੀਆਂ ਦੀ ਇਕ ਠੰਡੀ ਸਵੇਰ ਸੀ। ਚਿੱਠੀ ਪ੍ਰਧਾਨ ਮੰਤਰੀ ਗਲੈਡਸਟੋਨ ਦੀ ਸੀ। ਐਲਨ ਨੂੰ ਚਿੱਠੀ ਵੇਖ ਕੇ ਹੋਰ ਵੀ ਸਰਦੀ ਲੱਗਣ ਲੱਗੀ। ਜੈਨੀਫਰ ਨੇ ਚਾਹ ਦਾ ਕੱਪ ਉਸ ਅੱਗੇ ਲਿਆ ਰੱਖਿਆ ਤੇ ਇਕ ਕੱਪ ਆਪਣੇ ਅੱਗੇ ਰੱਖ ਕੇ ਉਸ ਦੇ ਸਾਹਮਣੇ ਬੈਠ ਗਈ।
"ਕਿਸ ਦੀ ਚਿੱਠੀ ਐ ਡਾਰਲਿੰਗ?" ਐਲਨ ਦੀ ਪਿਛਲੀ ਰਾਤ ਵਾਲੀ ਚੁੱਪ ਜੈਨੀਫਰ ਦੇ ਮਨ ਵਿਚ ਖਟਕ ਰਹੀ ਸੀ।
"ਪ੍ਰਧਾਨ ਮੰਤਰੀ ਦੀ। ਮੈਨੂੰ ਅੱਜ ਪੰਜ ਵਜੇ ਸੱਦਿਆ। ਪਤਾ ਨਹੀਂ ਕੀ ਗੱਲ ਐ?" ਐਲਨ ਬਹੁਤਾ ਉਤਸ਼ਾਹਤ ਨਹੀਂ ਸੀ।
"ਫਿਕਰ ਵਾਲੀ ਕਿਹੜੀ ਗੱਲ ਐ? ਐਵੇਂ ਈ ਫਿਕਰ ਲਗਾ ਲੈਣਾ ਕੋਈ ਚੰਗੀ ਗੱਲ ਨਹੀਂ।" ਜੈਨੀਫਰ ਨੇ ਗੱਲਾਂ ਦਾ ਸਿਲਸਿਲਾ ਬਦਲ ਲਿਆ।
"ਜੋਜ਼ਿਫ ਦੀ ਨੂੰਹ ਆਈ ਸੀ। ਉਸ ਨੂੰ ਜੌਹਨੀ ਨੇ ਫਿਰ ਮਾਰ ਕੁੱਟ ਕੀਤੀ ਐ।"
"ਮੈਨੂੰ ਸਮਝ ਨਹੀਂ ਆਉਂਦੀ ਕੀ ਕਰੀਏ ਉਹਦਾ? ਜਦ ਵੀ ਆਉਂਦਾ ਵਾਇਦਾ ਕਰਦਾ ਅਜਿਹਾ ਫੇਰ ਨਹੀਂ ਹੋਵੇਗਾ। ਮਹੀਨੇ ਦੋ ਮਹੀਨੇ ਬਾਅਦ ਉਹੀ ਹਾਲ---।"
"ਜੋਜ਼ਿਫ ਤੇ ਪੈਟ ਦਾ ਆਪਸ ਵਿਚ ਕਿੰਨਾ ਮੋਹ ਸੀ ਤੇ ਇਹ----।" ਜੈਨੀਫਰ ਨੇ ਅਫ਼ਸੋਸ ਨਾਲ ਸਿਰ ਮਾਰਿਆ।
"ਅਸਲ ਵਿਚ ਮਜ਼ਦੂਰ ਲੋਕਾਂ ਦੀ ਜ਼ਿੰਦਗੀ ਬਹੁਤ ਕਰੱਖਤ ਐ। ਸਾਰਾ ਦਿਨ ਦੋਵੇਂ ਜੀਅ ਕੰਮ ਕਰਦੇ ਐ ਅਤੇ ਅਖੀਰ 'ਤੇ ਮਸਾਂ ਢਿੱਡ ਧਾਫੜਨ ਜੋਗਾ ਕਮਾ ਹੁੰਦਾ। ਜ਼ਿੰਦਗੀ ਦੀਆਂ ਅਣਪੂਰੀਆਂ ਲੋੜਾਂ ਘਰੇਲੂ ਲੜਾਈ ਵਿਚ ਬਦਲ ਜਾਂਦੀਆਂ।" ਐਲਨ ਨੇ ਸੋਚਵਾਨ ਹੁੰਦਿਆਂ ਕਿਹਾ। ਐਲਨ ਨੇ ਚਾਹ ਦਾ ਘੁੱਟ ਭਰਿਆ ਤੇ ਆਪਣੀ ਗੱਲ ਜਾਰੀ ਰੱਖੀ।
"ਏਸ ਸਾਲ ਤਾਂ ਫਰਾਂਸ ਦੇ ਇਨਕਲਾਬ ਨੇ ਸਾਰੇ ਯੂਰਪ ਨੂੰ ਫਿਕਰਮੰਦ ਕਰ ਦਿੱਤਾ। ਸਾਡੀ ਸਰਕਾਰ ਨੂੰ ਵੀ ਡਰ ਐ ਕਿਤੇ ਇਥੇ ਵੀ ਲੋਕ ਕਮਿਊਨਿਸਟਾਂ ਦੇ ਪ੍ਰਭਾਵ ਹੇਠ ਆ ਕੇ ਫਰਾਂਸ ਵਰਗੀ ਹਾਲਤ ਨਾ ਪੈਦਾ ਕਰ ਦੇਣ।"
"ਇਹਦਾ ਫੇਰ ਇਲਾਜ ਕੀ ਐ?" ਜੈਨੀਫਰ ਨੇ ਅਖ਼ਬਾਰਾਂ ਵਿਚ ਫਰਾਂਸ ਬਾਰੇ ਪੜ੍ਹਿਆ ਹੋਇਆ ਸੀ।
"ਜੇ ਸਰਕਾਰ ਨੇ ਵੋਟ ਸੁਧਾਰ ਨਾ ਕੀਤੇ ਹੁੰਦੇ ਤਾਂ ਸ਼ਾਇਦ ਹਾਲਤ ਏਥੇ ਵੀ ਖ਼ਰਾਬ ਹੋ ਸਕਦੇ ਸਨ। ਉਸ ਤੋਂ ਵੀ ਚੰਗੀ ਗੱਲ ਇਸ ਸਾਲ ਵਿਚ ਟਰੇਡ ਯੂਨੀਅਨ ਕਨੂੰਨ ਬਣਨ ਦੀ ਐ। ਹੁਣ ਟਰੇਡ ਯੂਨੀਅਨ ਬਣਾਉਣਾ ਜਾਂ ਟਰੇਡ ਯੂਨੀਅਨ ਦਾ ਮੈਂਬਰ ਬਣਨਾ ਅਪਰਾਧ ਨਹੀਂ।" ਐਲਨ ਨੇ ਆਪਣੇ ਯੋਗਦਾਨ 'ਤੇ ਮਾਣ ਕੀਤਾ।
"ਐਲਨ ਇਹ ਕਨੂੰਨ ਵੀ ਅੱਧ-ਪਚੱਧ ਜਿਹਾ ਈ ਐ। ਧਰਨੇ ਦੇਣੇ ਜਾਂ ਜਲੂਸ ਕੱਢਣਾ ਤਾਂ ਅਜੇ ਵੀ ਅਪਰਾਧ ਐ।"
"ਇਕ ਵਾਰ ਈ ਤਾਂ ਸਾਰਾ ਕੁਝ ਨਹੀਂ ਨਾ ਹੋ ਸਕਦਾ। ਜੇ ਕੱਲ੍ਹ ਨੂੰ ਮਜ਼ਦੂਰ ਕੋਈ ਮੰਗਾਂ ਰੱਖਣਗੇ ਜਾਂ ਲੋਕ ਕਿਸੇ ਮਸਲੇ ਨੂੰ ਉਠਾਉਣਗੇ ਤਾਂ ਉਹਨਾਂ ਨੂੰ ਟਿਕਾਉਣ ਲਈ ਕੋਈ ਹੋਰ ਕਨੂੰਨ ਬਣਾਇਆ ਜਾਊ।" ਜੈਨੀਫਰ ਨੂੰ ਲੱਗਿਆ ਐਲਨ ਹੁਣ ਪੂਰਾ ਸਿਆਸਤਦਾਨ ਬਣ ਗਿਆ ਸੀ।
"ਵੈਸੇ ਵੀ ਸਰਕਾਰ ਨੇ ਪਿਛਲੇ ਸਾਲ ਲੰਡਨ ਵਿਚ ਸੀਵਰੇਜ ਸਿਸਟਮ ਚਾਲੂ ਕਰ ਦਿੱਤਾ ਐ। ਮੇਰੇ ਖਿਆਲ ਵਿਚ ਲੋਕ ਬਹੁਤ ਖੁਸ਼ ਐ। ਲੰਡਨ ਵਿਚੋਂ ਮੁਸ਼ਕ ਅਤੇ ਚਿੱਕੜ ਦਾ ਫਾਹਾ ਵੱਢਿਆ ਗਿਆ ਐ ਤੇ ਕਈ ਸਾਰੀਆਂ ਬਿਮਾਰੀਆਂ ਤੋਂ ਵੀ ਛੁਟਕਾਰਾ ਹੋਣ ਦੀ ਆਸ ਐ।"
"ਹਾਂ ਇਹ ਤਾਂ ਠੀਕ ਐ। ਵੈਸੇ ਐਲਨ ਇਸ ਸੀਵਰੇਜ ਸਿਸਟਮ ਦੀ ਮਿਆਦ ਕਿੰਨੀ ਕੁ ਐ ?"
"ਬਹੁਤ ਲੰਬੀ ਮੇਰੇ ਖਿਆਲ ਵਿਚ। ਆਉਣ ਵਾਲੀਆਂ ਨਸਲਾਂ ਲੋੜ ਅਨੁਸਾਰ ਇਸ ਨੂੰ ਬਦਲਦੀਆਂ ਰਹਿਣਗੀਆਂ।" ਐਲਨ ਜਾਣ ਲਈ ਕੁਰਸੀ ਤੋਂ ਉਠਿਆ। ਅੱਜ ਉਸ ਕੋਲ ਕਈ ਕੰਮ ਕਰਨ ਵਾਲੇ ਸਨ।

ਉਹ ਦਿੱਤੇ ਸਮੇਂ ਪ੍ਰਧਾਨ ਮੰਤਰੀ ਗਲੈਡਸਟੋਨ ਦੇ ਦਫ਼ਤਰ ਵਿਚ ਪਹੁੰਚ ਗਿਆ। ਪ੍ਰਧਾਨ ਮੰਤਰੀ ਕਿਸੇ ਫਾਈਲ ਵਿਚ ਖੁੱਭਿਆ ਹੋਇਆ ਸੀ। ਐਲਨ ਨੂੰ ਵੇਖ ਕੇ ਉਸ ਨੇ ਫਾਈਲ ਬੰਦ ਕਰ ਦਿਤੀ ਤੇ ਐਲਨ ਨਾਲ ਹੱਥ ਮਿਲਾਇਆ।
"ਹੋਰ ਕੀ ਹਾਲ ਐ ਨੌਜਵਾਨ?"
"ਬਿਲਕੁਲ ਠੀਕ ਐ ਪ੍ਰਧਾਨ ਮੰਤਰੀ ਜੀ। ਤੁਸੀਂ ਮੈਨੂੰ ਬੁਲਾਇਆ ਸੀ!"

"ਹਾਂ ਤੈਨੂੰ ਬਹੁਤ ਵਧਾਈ। ਮੈਂ ਤੈਨੂੰ ਆਪਣਾ ਸਲਾਹਕਾਰ ਨਿਯੁਕਤ ਕਰ ਰਿਹਾ ਹਾਂ। ਚੋਣ ਅਤੇ ਲੇਬਰ ਸੁਧਾਰਾਂ ਬਾਰੇ ਤੇਰੇ ਵਿਚਾਰ ਬਿਲਕੁਲ ਸਹੀ ਸਨ।" ਪ੍ਰਧਾਨ ਮੰਤਰੀ ਨੇ ਕੁਝ ਕਿਹਾ ਨਹੀਂ ਸੀ। ਐਲਨ ਸਮਝ ਸਕਦਾ ਸੀ ਉਸ ਦੇ ਮਨ ਵਿਚ ਵੀ ਫਰਾਂਸ ਵਿਚਲੀਆਂ ਘਟਨਾਵਾਂ ਨੇ ਫਿਕਰ ਬਣਿਆ ਹੋਇਆ ਸੀ।
"ਬਹੁਤ ਮਿਹਰਬਾਨੀ ਸਰ।" ਐਲਨ ਨੂੰ ਯਕੀਨ ਨਹੀਂ ਆ ਰਿਹਾ ਸੀ।
"ਆਹ ਦੋ ਫਾਈਲਾਂ ਲੈ ਜਾਹ ਤੇ ਦੋ ਦਿਨ ਵਿਚ ਮੈਨੂੰ ਆਪਣੀ ਰਾਇ ਦੇਣੀ---।" ਪ੍ਰਧਾਨ ਮੰਤਰੀ ਨੇ ਇਕ ਵਾਰ ਫਿਰ ਹੱਥ ਮਿਲਾਇਆ ਤੇ ਆਪਣੇ ਕੰਮ ਵਿਚ ਖੁੱਭ ਗਿਆ।

ਐਲਨ ਖੁਸ਼ੀ ਖੁਸ਼ੀ ਘਰ ਆ ਗਿਆ। ਉਹ ਆਪਣੇ ਪੁਰਾਣੇ ਮਿੱਤਰਾਂ ਰੌਬਿਨ, ਲਿੰਨ ਅਤੇ ਰਸਲ ਨਾਲ ਕਿਸੇ ਦਿਨ ਖੁਸ਼ੀ ਮਨਾਉਣ ਬਾਰੇ ਸੋਚਣ ਰਿਹਾ ਸੀ।

ਅੱਜ ਉਹ ਖੁਦ ਜੈਨੀਫਰ ਦੀ ਨੰਗੀ ਬਾਂਹ ਨੂੰ ਸਹਿਲਾ ਰਿਹਾ ਸੀ।

-------------------

ਮਈ 1871 ਦੇ ਅੱਧ ਤੱਕ ਯੂਰਪ ਭਰ ਦੀਆਂ ਅਖ਼ਬਾਰਾਂ ਫਰਾਂਸ ਅਤੇ ਜਰਮਨੀ ਵਿਚ ਚਲਦੀ ਜੰਗ ਦੀ ਜੰਗ-ਬੰਦੀ ਦੀਆਂ ਖ਼ਬਰਾਂ ਨਾਲ ਭਰੀਆਂ ਪਈਆਂ ਸਨ। ਨੈਪੋਲੀਅਨ ਤੀਜੇ ਨੇ 6 ਜੁਲਾਈ 1870 ਨੂੰ ਫਰਾਂਸ ਦੀ ਪਾਰਲੀਮੈਂਟ ਤੋਂ ਮਤਾ ਪਾਸ ਕਰਵਾ ਕੇ 'ਜਰਮਨ ਕਿੰਗਡਮ ਆਫ ਪਰਸੀਆ' ਖਿਲਾਫ ਲੜਾਈ ਦਾ ਐਲਾਨ ਕਰ ਦਿੱਤਾ। ਨੈਪੋਲੀਅਨ ਤੀਜੇ ਨੂੰ ਜਰਮਨੀ ਦੀਆਂ ਸਾਰੀਆਂ ਸਟੇਟਾਂ ਨੂੰ ਮਿਲਾ ਕੇ 'ਸੰਯੁਕਤ ਰਾਜ' ਬਣਾਉਣ ਤੋਂ ਫਰਾਂਸ ਨੂੰ ਖਤਰਾ ਮਹਿਸੂਸ ਹੋਇਆ। ਫਰਾਂਸ ਦੇ ਹਮਲੇ ਤੋਂ ਪਹਿਲਾਂ ਹੀ ਜਰਮਨੀ ਨੇ 19 ਜੁਲਾਈ ਨੂੰ ਫਰਾਂਸ ਤੇ ਹੱਲਾ ਬੋਲ ਦਿੱਤਾ। ਜਰਮਨੀ ਦੀਆਂ ਫੌਜਾਂ ਵੱਧ ਤਾਕਤਵਾਰ ਅਤੇ ਚੰਗੇ ਹਥਿਆਰਾਂ ਨਾਲ ਲੈਸ ਸਨ। ਜਰਮਨੀ ਦੀਆਂ ਫੌਜਾਂ ਨੇ ਉੱਤਰੀ ਫਰਾਂਸ ਵਿਚ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਫਰਾਂਸ ਦੀਆਂ ਕਾਫੀ ਸਾਰੀਆਂ ਫੌਜਾਂ ਨੇ ਹਥਿਆਰ ਸੁੱਟ ਦਿੱਤੇ। ਨੈਪੋਲੀਅਨ ਤੀਜੇ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਸ ਦੇ ਬਾਵਜੂਦ ਫਰਾਂਸ ਵਿਚ ਤੀਜੀ ਰਿਪਬਲਕ ਦੇ ਨਾਂ ਹੇਠ ਲੜਾਈ ਚਲਦੀ ਰਹੀ। ਅਗਲੇ ਪੰਜ ਮਹੀਨਿਆਂ ਵਿਚ ਜਰਮਨ ਦੀਆਂ ਫੌਜਾਂ ਨੇ ਫਰਾਂਸ ਦੀਆਂ ਨਵੀਆਂ ਫੌਜਾਂ ਨੂੰ ਵੀ ਹਰਾ ਦਿੱਤਾ। 28 ਜਨਵਰੀ 1871 ਨੂੰ ਪੈਰਿਸ 'ਤੇ ਵੀ ਜਰਮਨੀ ਦਾ ਕਬਜ਼ਾ ਹੋ ਗਿਆ। ਪੈਰਿਸ ਕਮਿਊਨ ਦੇ ਨਾਂ ਹੇਠ ਚੱਲੀ ਇਕ ਲਹਿਰ ਨੇ ਪੈਰਿਸ ਵਿਚ ਆਪਣੀ ਤਾਕਤ ਨਾਲ ਦੋ ਮਹੀਨੇ ਤੱਕ ਰਾਜ ਕੀਤਾ।

ਜਰਮਨੀ ਨੇ ਪਰਸੀਆ ਦੇ ਰਾਜੇ ਹੇਠ ਸੰਯੁਕਤ ਜਰਮਨੀ ਦਾ ਗਠਨ ਕਰ ਲਿਆ ਅਤੇ 10 ਮਈ 1871 ਨੂੰ ਲੜਾਈ ਬੰਦ ਹੋ ਗਈ। ਹੁਣ ਅਖ਼ਬਾਰਾਂ ਵਿਚ ਜਰਮਨੀ ਦੇ ਸੰਯੁਕਤ ਰਾਸ਼ਟਰ ਬਣਨ ਨਾਲ ਯੂਰਪ ਵਿਚ ਤਾਕਤ ਦਾ ਸੰਤੁਲਨ ਜਰਮਨੀ ਦੇ ਪੱਖ ਵਿਚ ਹੋ ਗਿਆ ਸੀ ਤੇ ਬ੍ਰਿਟੇਨ ਦੇ ਸਿਆਸਤਦਾਨ ਵੀ ਬਹੁਤ ਨੇੜਿਉਂ ਵਾਪਰ ਰਹੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕਰ ਰਹੇ ਸਨ।

ਪਰ ਰੌਬਿਨ ਦਾ ਇਹਨਾਂ ਸਿਆਸੀ ਗੱਲਾਂ ਨਾਲ ਬਹੁਤਾ ਸਰੋਕਾਰ ਨਹੀਂ ਸੀ ਉਸ ਲਈ ਆਪਣੀਆਂ ਹੋਰ ਸਿਰਦਰਦੀਆਂ ਬਥੇਰੀਆਂ ਸਨ।

## 24

ਰੌਬਿਨ ਘਰ ਪਹੁੰਚਿਆ ਤੇ ਸਿੱਧਾ ਆਪਣੀ ਸਟੱਡੀ ਵਿਚ ਚਲਾ ਗਿਆ। ਉਸ ਨੇ ਆਪਣੀ ਅਰਾਮ ਕੁਰਸੀ ਨੂੰ ਖਿੱਚ ਕੇ ਪਿੱਠ ਬੂਹੇ ਵੱਲ ਕਰ ਦਿੱਤੀ। ਨੌਕਰਾਂ ਸਮੇਤ ਸਭ ਨੂੰ ਇਹ ਇਸ਼ਾਰਾ ਸੀ ਕੋਈ ਅੰਦਰ ਨਾ ਆਵੇ। ਉਹ ਕੁਰਸੀ ਵਿਚ ਧਸ ਗਿਆ ਅਤੇ ਆਪਣਾ ਸਿਰ ਕੁਰਸੀ ਦੀ ਢੋਅ ਨਾਲ ਲਗਾ ਕੇ ਅੱਖਾਂ ਮੀਚ ਲਈਆਂ। ਉਸ ਦੀਆਂ ਅੱਖਾਂ ਵਿਚ ਵਿਕਟਰ ਐਡਵਰਡ ਦੀ ਸ਼ਕਲ ਉਭਰੀ। ਉਸ ਦੇ ਮਨ ਵਿਚ ਐਵੇਂ ਹੀ ਖਿਆਲ ਆਇਆ ਕਾਸ਼ ਵਿਕਟਰ ਅੱਜ ਜਿਉਂਦਾ ਹੁੰਦਾ। ਸਾਰੀ ਉਮਰ ਉਸ ਨੇ ਬੈਂਕ ਦੇ ਮੁਨਾਫੇ ਅਤੇ ਬੈਂਕ ਦੇ ਮਾਰਕਿਟ ਵਿਚ ਬਣੇ ਨਾਂ ਨੂੰ ਧਿਆਨ ਵਿਚ ਰਖਦਿਆਂ ਫੈਸਲੇ ਲਏ ਸਨ। ਜ਼ਰੂਰੀ ਨਹੀਂ ਇਨਸਾਨ ਦੇ ਸਾਰੇ ਫੈਸਲੇ ਸਹੀ ਹੋਣ। ਵੱਡੀ ਗੱਲ ਨੀਅਤ ਦੀ ਸੀ। ਅੱਜ ਯੂਨੀਅਰ ਚਾਰਲਸ ਐਡਵਰਡ ਜਿਸ ਨੂੰ ਸਾਰੇ ਚਾਰਲੀ ਕਹਿੰਦੇ ਸਨ,ਬਾਰੇ ਉਹ ਪ੍ਰੇਸ਼ਾਨ ਸੀ।

ਬੈਂਕ ਦੀ ਨੀਤੀ ਅਨੁਸਾਰ ਇਕ ਖਾਸ ਹੱਦ ਤੱਕ ਪਾਰਟਨਰ ਅਤੇ ਡਾਇਰੈਕਟਰ ਆਪਣੀ ਮਰਜ਼ੀ ਨਾਲ ਕਰਜ਼ਾ ਮਨਜ਼ੂਰ ਕਰ ਸਕਦੇ ਸਨ। ਉਸ ਹੱਦ ਤੋਂ ਵੱਧ ਦੇ ਕਰਜ਼ੇ ਲਈ ਸਭ ਨੂੰ ਬੋਰਡ ਆਫ ਡਾਇਰੈਕਟਰਜ਼

ਦੀ ਮੀਟਿੰਗ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ। ਹਰ ਇਕ ਪਾਰਟਨਰ ਤੇ ਡਾਇਰੈਕਟਰ ਦੀ ਸੀਮਾ ਮਿਥੀ ਹੋਈ ਸੀ। ਇਹ ਉਸ ਦੇ ਤਜ਼ਰਬੇ ਅਤੇ ਹਿੱਸੇ ਦੇ ਅਨੁਪਾਤ ਅਨੁਸਾਰ ਸੀ। ਐਡਵਰਡ ਆਪਣੇ ਪਿਤਾ ਵਿਕਟਰ ਦੀ ਮੌਤ ਤੋਂ ਬਾਅਦ ਪਾਰਟਨਰ ਬਣਿਆ ਸੀ ਅਤੇ ਉਸ ਨੇ ਬਹੁਤਾ ਬਿਜਨਸ ਵੀ ਬੈਂਕ ਲਈ ਪੈਦਾ ਨਹੀਂ ਕੀਤਾ ਸੀ। ਇਸ ਲਈ ਉਸ ਦੀ ਸੀਮਾ ਬਾਕੀਆਂ ਦੇ ਮੁਕਾਬਲੇ ਘੱਟ ਸੀ।

ਅੱਜ ਹੈਡ ਅਕਾਊਂਟੈਂਟ ਸਲਾਨਾ ਵਿਤੀ ਖਾਤਾ ਬਣਾ ਰਿਹਾ ਸੀ ਤਾਂ ਉਸ ਦੀ ਨਜ਼ਰ ਵਿਚ ਤਿੰਨ ਫਾਈਲਾਂ ਆਈਆਂ। ਇਹਨਾਂ ਫਾਈਲਾਂ ਦੇ ਬਾਹਰਲੇ ਨਾਵਾਂ ਵਿਚ ਥੋੜਾ ਫ਼ਰਕ ਸੀ। ਇਸ ਲਈ ਉਹ ਵੱਖਰੇ ਵੱਖਰੇ ਨਾਵਾਂ ਹੇਠ ਵੱਖਰੇ ਖਾਨਿਆਂ ਵਿਚ ਪਈਆਂ ਸਨ। ਫਾਈਲਾਂ ਦੇ ਅੰਦਰ ਇਕੋ ਕੰਪਨੀ ਦਾ ਵੇਰਵਾ ਸੀ ਤੇ ਇਕੋ ਹੀ ਅਕਾਊਂਟ ਤੇ ਸਿਰਨਾਵੇਂ ਸਨ। ਸਪੱਸ਼ਟ ਸੀ ਇਕੋ ਕੰਪਨੀ ਨੂੰ ਜਾਣ-ਬੁੱਝ ਕੇ ਮਹੀਨੇ-ਮਹੀਨੇ ਦੇ ਫਰਕ ਨਾਲ ਕਰਜ਼ਾ ਦਿੱਤਾ ਗਿਆ ਸੀ। ਅਕਾਊਂਟੈਂਟ ਹੈਰਾਨ ਸੀ ਇਹ ਕਰਜ਼ਾ ਇਕ ਵਾਰ ਹੀ ਕਿਉਂ ਨਾ ਦਿੱਤਾ ਗਿਆ? ਹਰ ਮਹੀਨੇ ਦਾ ਵਿਤੀ ਹਿਸਾਬ ਹੋ ਜਾਂਦਾ ਸੀ। ਸਾਲ ਬਾਅਦ ਪੂਰੇ ਸਾਲ ਦਾ ਹਿਸਾਬ ਹੁੰਦਾ। ਐਡਵਰਡ ਨੇ ਤਿੰਨ ਮਹੀਨਿਆਂ ਵਿਚ ਤਿੰਨ ਵਾਰ ਕਰਜ਼ਾ ਦੇ ਕੇ ਅਤੇ ਫਾਈਲਾਂ ਦੇ ਬਾਹਰੀ ਨਾਂ ਬਦਲ ਕੇ ਇਸ ਗਲਤ ਕੰਮ ਨੂੰ ਲੁਕਾਉਣ ਦਾ ਨਿਸਫ਼ਲ ਯਤਨ ਕੀਤਾ ਸੀ।

ਕਰਜ਼ਾ ਐਡਵਰਡ ਨੇ ਆਪਣੀ ਹੱਦ ਤੱਕ ਹੀ ਮਨਜ਼ੂਰ ਕੀਤਾ ਸੀ। ਉਸ ਨੇ ਕਿਉਂ ਨਾ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿਚ ਇਹ ਕਰਜ਼ਾ ਮਨਜ਼ੂਰ ਕਰਵਾ ਕੇ ਇਕ ਵਾਰ ਹੀ ਨਾ ਦਿੱਤਾ? ਜ਼ਰੂਰ ਐਡਵਰਡ ਨੇ ਕੁਝ ਗਲਤ ਕੀਤਾ ਸੀ। ਇਸ ਲਈ ਉਸ ਦੀ ਕਿਸੇ ਨਾ ਕਿਸੇ ਕਲਰਕ ਨੇ ਵੀ ਮਦਦ ਕੀਤੀ ਸੀ! ਅਕਾਊਂਟੈਂਟ ਫਾਈਲਾਂ ਲੈ ਕੇ ਸਿੱਧਾ ਰੌਬਿਨ ਦੇ ਕੈਬਿਨ ਵਿਚ ਚਲਾ ਗਿਆ। ਸਾਰੀ ਗੱਲ ਸੁਣਨ ਬਾਅਦ ਰੌਬਿਨ ਨੇ ਉਸ ਨੂੰ ਚੁੱਪ ਰਹਿਣ ਦੀ ਸਲਾਹ ਦਿੱਤੀ ਅਤੇ ਐਡਵਰਡ ਨਾਲ ਮਿਲੇ ਹੋਏ ਕਲਰਕ ਨੂੰ ਲੱਭਣ ਲਈ ਕਿਹਾ। ਆਪ ਵੀ ਉਹ ਇਸ ਬੋਝ ਨੂੰ ਲੈ ਕੇ ਘਰ ਆ ਗਿਆ। ਉਹੀ ਸਾਰੇ ਸਵਾਲ ਉਸ ਦੇ ਮਨ ਵਿਚ ਵੀ ਘੁੰਮ ਰਹੇ ਸਨ।

ਐਡਵਰਡ ਪਹਿਲਾਂ ਤੋਂ ਹੀ ਬਹੁਤਾ ਜ਼ਿੰਮੇਵਾਰ ਨਹੀਂ ਸੀ। ਉਹ ਜੂਆ ਖੇਡਣ ਵੀ ਜਾਂਦਾ ਸੀ ਤੇ ਵੇਸਵਾਂਵਾਂ ਦੇ ਕੋਠੇ ਵੀ ਗਹੁੰਦਾ ਰਹਿੰਦਾ ਸੀ। ਉਸ ਦੀ ਦੋਸਤੀ ਦਾ ਘੇਰਾ ਵੀ ਕੁਝ ਕੁ ਗਲਤ ਬੰਦਿਆਂ ਨਾਲ ਸੀ। ਇਹਨਾਂ ਨਾਲ ਉਹ ਛੁੱਟੀ ਵਾਲੇ ਦਿਨ ਹੀ ਮਿਲਦਾ ਸੀ। ਬਾਕੀ ਦਿਨਾਂ ਵਿਚ ਉਸ ਦਾ ਵਾਹ ਬੈਂਕਰਾਂ ਅਤੇ ਵਪਾਰੀਆਂ ਨਾਲ ਹੀ ਪੈਂਦਾ। ਰੌਬਿਨ ਨੇ ਜਾਣਦਿਆਂ ਹੋਇਆਂ ਵੀ ਕਦੀ ਉਸ ਦੀ ਨਿੱਜੀ ਜ਼ਿੰਦਗੀ ਵਿਚ ਦਖਲ ਨਹੀਂ ਸੀ ਦਿੱਤਾ ਅਤੇ ਨਾ ਹੀ ਉਸ ਤੋਂ ਉਮੀਦ ਸੀ ਕਿ ਉਹ ਕੋਈ ਅਜਿਹਾ ਧੋਖਾ ਬੈਂਕ ਨਾਲ ਕਰ ਸਕਦਾ ਸੀ। ਹੁਣ ਰੌਬਿਨ ਅੱਗੇ ਸਮੱਸਿਆ ਇਸ ਨੂੰ ਸੁਲਝਾਉਣ ਦੀ ਸੀ। ਇਸ ਨਾਲ ਬਾਕੀ ਦੇ ਹਿੱਸੇਦਾਰਾਂ 'ਤੇ ਬੁਰਾ ਅਸਰ ਪੈ ਸਕਦਾ ਸੀ। ਬੈਂਕ ਦਾ ਨਾਂ ਖਰਾਬ ਹੋ ਸਕਦਾ ਸੀ। ਇਹ ਪੈਸਾ ਵੀ ਮਰ ਸਕਦਾ ਸੀ। ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਸਨ ਜਿਹਨਾਂ ਨਾਲ ਉਲਝਣਾ ਪੈਣਾ ਸੀ। ਕਾਹਲੀ ਵਿਚ ਕੀਤਾ ਕੋਈ ਵੀ ਫੈਸਲਾ ਗਲਤ ਮੋੜ ਲੈ ਕੇ ਵੱਡਾ ਨੁਕਸਾਨ ਕਰ ਸਕਦਾ ਸੀ। ਇਹੋ ਰੌਬਿਨ ਸੋਚ ਰਿਹਾ ਸੀ।

ਰੌਬਿਨ ਨੇ ਸਭ ਤੋਂ ਪਹਿਲਾਂ ਉਸ ਕੰਪਨੀ ਦੀ ਪੜਤਾਲ-ਪੜਚੋਲ ਕਰਨ ਦਾ ਫੈਸਲਾ ਕੀਤਾ। ਸ਼ਾਇਦ ਕੰਪਨੀ ਸਹੀ ਹੋਵੇ ਤਾਂ ਸਮੱਸਿਆ ਬਹੁਤੀ ਵੱਡੀ ਨਹੀਂ ਸੀ। ਪਰ ਜੇ ਕੰਪਨੀ ਦੀ ਹਾਲਤ ਹੀ ਮਾੜੀ ਹੋਈ ਜਾਂ ਕੋਈ ਗੈਰਕਨੂੰਨੀ ਕੰਮ ਕਰਦੀ ਹੋਈ ਤਾਂ ਸਮੱਸਿਆ ਬਹੁਤੀ ਵੱਡੀ ਬਣ ਸਕਦੀ ਸੀ। ਦੂਸਰੀ ਸਮੱਸਿਆ ਸੀ ਕਿਸੇ ਹੋਰ ਪਾਰਟਨਰ ਨੂੰ ਉਹ ਰਾਜ਼ਦਾਰ ਬਣਾਵੇ ਜਾਂ ਇਕੱਲਾ ਹੀ ਇਸ ਨੂੰ ਨਜਿੱਠੇ। ਜੇ ਉਹ ਬੋਰਡ ਆਫ ਡਾਇਰੈਕਟਰਜ਼ ਨੂੰ ਰਿਪੋਰਟ ਨਹੀਂ ਕਰਦਾ ਤਾਂ ਉਹ ਖੁਦ ਗਲਤ ਸੀ। ਜੇ ਕਰਦਾ ਤਾਂ ਐਡਵਰਡ ਦਾ ਵੱਡਾ ਨੁਕਸਾਨ ਹੋਣ ਦਾ ਖਦਸ਼ਾ ਸੀ। ਜੇ ਕੰਪਨੀ ਸਹੀ ਵੀ ਹੋਈ ਤਾਂ ਵੀ ਐਡਵਰਡ ਦੀ ਕੀਤੀ ਗਲਤੀ ਨਾਲ ਉਸ ਦੀ ਹਿੱਸੇਦਾਰੀ ਖਤਮ ਹੋ ਸਕਦੀ ਸੀ। ਉਹ ਇਕ ਵਾਰ ਜ਼ਰੂਰ ਐਡਵਰਡ ਨੂੰ ਬਚਾਉਣਾ ਚਾਹੁੰਦਾ ਸੀ ਤੇ ਆਪਣੇ ਆਪ ਨੂੰ ਵੀ।

ਰੌਬਿਨ ਕੁਰਸੀ ਤੋਂ ਉੱਠਿਆ ਤੇ ਆਪਣੇ ਲਿਖਣ ਟੇਬਲ 'ਤੇ ਜਾ ਬੈਠਾ। ਉਸ ਨੇ ਹੈਡ ਅਕਾਊਂਟੈਂਟ ਨੂੰ ਚਿੱਠੀ ਲਿਖੀ ਅਤੇ ਉਸੇ ਸਮੇਂ ਕੋਚਵਾਨ ਨਾਲ ਘਰ ਆਉਣ ਲਈ ਕਿਹਾ। ਚਿੱਠੀ ਲਫਾਫ਼ੇ ਵਿਚ ਬੰਦ ਕਰਕੇ ਉਸ ਨੇ ਕੋਚਵਾਨ ਨੂੰ ਸੱਦਿਆ ਅਤੇ ਪਤਾ ਦੱਸ ਕੇ ਭੇਜ ਦਿੱਤਾ। ਆਪ ਉਸ ਨੇ ਸਾਰੇ ਡਾਇਰੈਕਟਰਾਂ ਦੇ ਨਾਂ 'ਤੇ ਚਿੱਠੀਆਂ ਲਿਖੀਆਂ ਅਤੇ ਖਾਸ ਮੀਟਿੰਗ ਬਲਾਉਣ ਦਾ ਜ਼ਿਕਰ ਕੀਤਾ। ਇਹ ਚਿੱਠੀਆਂ ਉਸ ਨੇ ਸਾਰਿਆਂ ਨੂੰ ਸੋਮਵਾਰ ਤੱਕ ਪਹੁੰਚਾਉਣ ਦਾ ਮਨ ਬਣਾਇਆ। ਸਿਰਫ਼ ਇਕ ਚਿੱਠੀ ਐਤਵਾਰ ਨੂੰ ਭੇਜਣ ਦਾ ਫੈਸਲਾ ਕੀਤਾ। ਇਸ ਤਰਾਂ ਉਹ ਆਪਣੇ ਆਪ ਨੂੰ ਸਹੀ ਸਾਬਤ ਕਰ ਸਕਦਾ ਸੀ। ਜਾਣੀ ਅਮਲੀ ਤੌਰ 'ਤੇ ਉਹ ਕੁਝ ਕਰ ਰਿਹਾ

ਸੀ। ਮੀਟਿੰਗ ਤਕਰੀਬਨ ਬੁਧਵਾਰ ਜਾਂ ਵੀਰਵਾਰ ਤੋਂ ਪਹਿਲਾਂ ਨਹੀਂ ਸੀ ਹੋ ਸਕਣੀ ਤੇ ਉਸ ਸਮੇਂ ਤੱਕ ਉਸ ਕੋਲ ਕਾਫੀ ਜਾਣਕਾਰੀ ਆ ਜਾਣੀ ਸੀ। ਉਸ ਅਧਾਰ 'ਤੇ ਹੀ ਉਹ ਫੈਸਲਾ ਕਰ ਸਕਦਾ ਸੀ ਐਡਵਰਡ ਨੂੰ ਬਚਾਇਆ ਜਾ ਸਕਦਾ ਸੀ ਜਾਂ ਨਹੀਂ। ਬੈਂਕ ਦੇ ਫ਼ਾਇਦੇ ਨੂੰ ਉਹ ਕਿਸੇ ਵੀ ਕੀਮਤ 'ਤੇ ਅੱਖੋਂ-ਪ੍ਰੋਖੇ ਨਹੀਂ ਕਰ ਸਕਦਾ ਸੀ।

ਕੋਚਵਾਨ ਨੇ ਅਕਾਊਂਟੈਂਟ ਦੇ ਆਉਣ ਦੀ ਖ਼ਬਰ ਦਿਤੀ। ਰੌਬਿਨ ਨੇ ਅਕਾਊਂਟੈਂਟ ਨੂੰ ਸਟੱਡੀ ਵਿਚ ਹੀ ਬੁਲਾ ਲਿਆ। ਇਹ ਘਰ ਦੀ ਅਜਿਹੀ ਥਾਂ ਸੀ ਜਿਥੇ ਐਡਵੀਨਾ ਵੀ ਨਹੀਂ ਆ ਸਕਦੀ ਸੀ ਜਦੋਂ ਤੱਕ ਉਸ ਨੂੰ ਬੁਲਾਇਆ ਨਾ ਜਾਵੇ। ਨੌਕਰ ਨੂੰ ਵਾਈਨ ਦੇ ਗਲਾਸ ਲਿਆਉਣ ਦਾ ਆਰਡਰ ਦੇ ਕੇ ਤੋਰ ਦਿੱਤਾ।

"ਡੈਕਸਟਰ, ਮੇਰੇ ਖਿਆਲ ਵਿਚ ਉਸ ਕੰਪਨੀ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਵੇ।" ਰੌਬਨ ਨੇ ਗੱਲ ਸ਼ੁਰੂ ਕੀਤੀ।

"ਮਿਸਟਰ ਹੈਨਰੀ, ਮੈਂ ਫਾਈਲ ਵਿਚਲੇ ਅਕਾਊਂਟ ਚੈਕ ਕੀਤੇ ਸੀ। ਉਹਨਾਂ ਵਿਚ ਬਹੁਤ ਸਾਰੀਆਂ ਕਮੀਆਂ ਨੇ। ਮੈਨੂੰ ਨਹੀਂ ਲਗਦਾ ਅਕਾਊਂਟ ਕਿਸੇ ਚੰਗੇ ਅਕਾਊਂਟੈਂਟ ਨੇ ਬਣਾਏ ਐ।"

ਰੌਬਨ ਦਾ ਚਿਹਰਾ ਕਸਿਆ ਗਿਆ। ਨੌਕਰ ਨੇ ਵਾਈਨ ਅਤੇ ਕੁਝ ਖਾਣ ਪੀਣ ਦਾ ਸਮਾਨ ਲਿਆ ਰੱਖਿਆ ਤੇ ਚਲਾ ਗਿਆ। ਉਹਨਾਂ ਨੇ ਵਾਈਨ ਦੇ ਘੁੱਟ ਭਰਨੇ ਸ਼ੁਰੂ ਕੀਤੇ।

"ਫੇਰ ਵੀ ਆਪਾਂ ਨੂੰ ਕੰਪਨੀ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਐ।"

"ਮਿਸਟਰ ਹੈਨਰੀ ਮੇਰੇ ਖਿਆਲ ਵਿਚ ਇਕ ਆਦਮੀ ਹੈ ਜੋ ਸਾਰੀ ਛਾਣ-ਬੀਣ ਕਰ ਸਕਦਾ। ਜੇ ਤੁਸੀਂ ਚਾਹੋ ਤਾਂ ਉਸ ਨੂੰ ਮਿਲ ਲਵੋ।"

"ਉਹ ਹੈ ਕੌਣ?"

"ਇਹ ਇਕ ਪ੍ਰਾਈਵੇਟ ਜਸੂਸ ਐ। ਉਹਦੇ ਬਾਰੇ ਮੇਰੀ ਚੰਗੀ ਰਾਇ ਐ।"

ਉਹ ਦੇਰ ਤੱਕ ਸਮੱਸਿਆ ਬਾਰੇ ਵਿਚਾਰ ਕਰਦੇ ਰਹੇ। ਅਖ਼ੀਰ ਵਿਚ ਡੈਕਸਟਰ ਦੀ ਰਾਇ ਨਾਲ ਰੌਬਿਨ ਸਹਿਮਤ ਹੋ ਗਿਆ ਅਤੇ ਡੈਕਸਟਰ ਨੂੰ ਸਵੇਰੇ ਹੀ ਉਸ ਬੰਦੇ ਨੂੰ ਮਿਲਣ ਲਈ ਕਿਹਾ।

ਉਹ ਬਾਹਰ ਆਏ ਤਾਂ ਉਹਨਾਂ ਦੇ ਸਾਹਮਣੇ ਐਡਵੀਨਾ ਤੇ ਗੋਦ ਲਈ ਕੁੜੀ ਕ੍ਰਿਸਟਲ ਬਾਹਰੋਂ ਆ ਰਹੀਆਂ ਸਨ। ਉਹਨਾਂ ਨੇ ਰੌਬਿਨ ਨੂੰ ਗੱਲ੍ਹ 'ਤੇ ਚੁੰਮਣ ਦਿੱਤਾ ਅਤੇ ਅੱਗੇ ਚਲੀਆਂ ਗਈਆਂ।

"ਮਿਸਟਰ ਹੈਨਰੀ ਤੁਹਾਡੀ ਧੀ ਦੀ ਸ਼ਕਲ ਬਿਲਕੁਲ ਮਾਂ ਨਾਲ ਮਿਲਦੀ ਐ। ਜੀਸਜ਼ ਉਸ ਨੂੰ ਲੰਬੀ ਉਮਰ ਦੇਵੇ।" ਕਹਿ ਕੇ ਡੈਕਸਟਰ ਬਾਹਰ ਗੱਡੀ ਵੱਲ ਚਲਾ ਗਿਆ।

ਰੌਬਿਨ ਨੂੰ ਉਸ ਦੇ ਬੋਲਾਂ ਨੇ ਸੋਚਾਂ ਵਿਚ ਪਾ ਦਿੱਤਾ। ਉਸ ਨੂੰ ਕਦੀ ਕਦੀ ਉਹਨਾਂ ਦੀ ਸ਼ਕਲ ਵਿਚ ਸਮਾਨਤਾ ਲਗਦੀ। ਉਹ ਆਪਣੇ ਮਨ ਦਾ ਵਹਿਮ ਸਮਝ ਕੇ ਬਹੁਤਾ ਨਾ ਸੋਚਦਾ। ਪਹਿਲਾਂ ਵੀ ਕਿਸੇ ਨੇ ਅਜਿਹਾ ਹੀ ਕੁਝ ਕਿਹਾ ਸੀ। ਰੌਬਿਨ ਨੇ ਉਦੋਂ ਬਹੁਤਾ ਨਹੀਂ ਸੋਚਿਆ ਸੀ। ਲੋਕਾਂ ਨੂੰ ਆਦਤ ਵੀ ਹੁੰਦੀ ਹੈ ਉਹ ਮਾਂ-ਧੀ ਅਤੇ ਪਿਉ-ਪੁੱਤ ਨੂੰ ਹਮਸ਼ਕਲ ਕਹਿ ਹੀ ਦਿੰਦੇ ਹਨ। ਡੈਕਸਟਰ ਨੂੰ ਉਹ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ ਤੇ ਡੈਕਸਟਰ ਆਪਣੇ ਮਨ ਦੀ ਗੱਲ ਸਾਫ਼-ਸਾਫ਼ ਕਹਿ ਦਿੰਦਾ ਸੀ। ਰੌਬਿਨ ਲਈ ਉਸ ਦੇ ਕਹਿਣ ਵਿਚ ਸਚਾਈ ਲੱਗੀ। ਉਹ ਘਰ ਅੰਦਰ ਚਲਾ ਗਿਆ। ਮਾਂ ਧੀ ਬੈਠੀਆਂ ਗੱਪਾਂ ਮਾਰ ਰਹੀਆਂ ਸਨ। ਰੌਬਿਨ ਨੇ ਆਪਣੇ ਲਈ ਡਰਿੰਕ ਪਾਈ ਤੇ ਥੋੜੀ ਦੂਰ ਕੁਰਸੀ 'ਤੇ ਜਾ ਬੈਠਾ। ਉਹ ਧਿਆਨ ਨਾਲ ਕ੍ਰਿਸਟਲ ਅਤੇ ਐਡਵੀਨਾ ਨੂੰ ਵੇਖਣ ਲੱਗਾ। ਡੈਕਸਟਰ ਦੀ ਗੱਲ ਉਸ ਨੂੰ ਹੋਰ ਵੀ ਸਹੀ ਲੱਗੀ।

ਇਹ ਉਸ ਲਈ ਹੋਰ ਵੀ ਉਲਝਣ ਬਣ ਗਈ। ਐਡਵੀਨਾ ਨਾਲ ਕੁੜੀ ਦੀ ਸ਼ਕਲ ਦਾ ਮਿਲਣਾ ਤਾਂ ਇਕ ਪਾਸੇ ਹੀ ਇਸ਼ਾਰਾ ਕਰਦਾ ਸੀ---ਐਡਵੀਨਾ ਉਸ ਕੁੜੀ ਦੀ ਮਾਂ ਹੈ। ਇਸ ਗੱਲ 'ਤੇ ਰੌਬਿਨ ਨੂੰ ਵਿਸ਼ਵਾਸ਼ ਨਹੀਂ ਸੀ।

ਰੌਬਿਨ ਨੇ ਸਿਰ ਝਟਕਿਆ ਅਤੇ ਆਪਣਾ ਧਿਆਨ ਬੈਂਕ ਵਾਲੀ ਸਮੱਸਿਆ ਵੱਲ ਮੋੜਿਆ। ਮੁੜ ਮੁੜ ਉਸ ਦਾ ਧਿਆਨ ਉਹਨਾਂ ਦਿਨਾਂ ਵੱਲ ਜਾਂਦਾ ਜਦੋਂ ਐਡਵੀਨਾ ਨੇ ਕੁਝ ਦਿਨਾਂ ਦੀ ਮਿਹਨਤ ਨਾਲ ਉਸ ਨੂੰ ਬੱਚੀ ਗੋਦ ਲੈਣ ਲਈ ਮਨਾ ਲਿਆ ਸੀ।

ਸੋਮਵਾਰ ਨੂੰ ਰੌਬਿਨ ਨੇ ਸਾਰੇ ਹਿੱਸੇਦਾਰਾਂ ਨੂੰ ਵੀਰਵਾਰ ਦੀ ਮੀਟਿੰਗ ਬਾਰੇ ਜਾਣਕਾਰੀ ਦੇ ਦਿੱਤੀ। ਉਸ ਮੀਟਿੰਗ ਵਿਚ ਵਿਚਾਰੇ ਜਾਣ ਵਾਲੀ ਸਮੱਸਿਆ ਹੀ ਇਕੋ ਇਕ ਏਜੰਡਾ ਸੀ। ਚਾਰਲੀ ਐਡਵਰਡ ਸਾਰਿਆਂ ਤੋਂ ਵੱਧ ਪ੍ਰੇਸ਼ਾਨ ਸੀ। ਉਸ ਨੇ ਰੌਬਿਨ ਨਾਲ ਗੱਲ ਕਰਨੀ ਚਾਹੀ। ਰੌਬਿਨ ਨੇ ਉਸ ਨੂੰ ਆਪਣਾ ਪੱਖ ਮੀਟਿੰਗ ਵਿਚ ਰੱਖਣ ਲਈ ਕਹਿ ਦਿੱਤਾ। ਰੌਬਿਨ ਨੂੰ ਮਹਿਸੂਸ ਹੋਇਆ ਜਿਵੇਂ ਕਿਸੇ ਕਾਰਣ ਕਰਕੇ ਉਸ ਪ੍ਰਤੀ ਉਸ ਦੀ ਸਾਰੀ

ਹਮਦਰਦੀ ਉੱਡ-ਪੁੱਡ ਗਈ ਹੋਵੇ। ਉਸ ਦਾ ਕਾਰਣ ਉਸ ਨੂੰ ਸਮਝ ਨਾ ਆਇਆ। ਅਚਾਨਕ ਕਰਿਸਟਲ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਉਮਡ ਆਇਆ। ਰੌਬਿਨ ਨੂੰ ਸਮਝ ਲਗ ਗਈ ਉਸ ਦੇ ਮਨ ਵਿਚ ਚਾਰਲੀ ਐਡਵਰਡ ਲਈ ਕਿਉਂ ਹਮਦਰਦੀ ਖਤਮ ਹੋ ਗਈ।

ਸਾਰੇ ਹਿੱਸੇਦਾਰ ਆਪਸ ਵਿਚ ਏਜੰਡੇ ਬਾਰੇ ਗੱਲਾਂ ਕਰਨ ਲੱਗੇ। ਮੁੱਖ ਹਿੱਸੇਦਾਰ ਹੋਣ ਕਰਕੇ ਰੌਬਿਨ ਕੋਲ ਵੱਡੀ ਜ਼ਿੰਮੇਵਾਰੀ ਸੀ। ਉਸ ਨੇ ਕੰਪਨੀ ਦਾ ਐਡਰੈਸ ਲਿਆ ਅਤੇ ਗੱਡੀ ਵਿਚ ਬੈਠ ਉਹਨਾਂ ਦੇ ਦਫ਼ਤਰ ਨੂੰ ਚੱਲ ਪਿਆ। ਕੇਂਦਰੀ ਲੰਡਨ ਤੋਂ ਬਾਹਰ ਹੈਰੋ ਦੇ ਇਲਾਕੇ ਵਿਚ ਉਸ ਕੰਪਨੀ ਦਾ ਦਫ਼ਤਰ ਸੀ। 'ਸਟਾਰ ਕੰਟਰੈਕਟਰਜ਼' ਨਾਂ ਦੀ ਕੰਪਨੀ ਦਾ ਵਪਾਰ ਸੜਕਾਂ ਅਤੇ ਬਿਲਡਿੰਗਾਂ ਦੇ ਠੇਕੇ ਲੈਣਾ ਸੀ। ਇਹੋ ਰੌਬਿਨ ਨੇ ਕੰਪਨੀ ਦੀ ਫਾਈਲ ਵਿਚ ਪੜ੍ਹਿਆ ਸੀ। ਲੰਚ ਸਮੇਂ ਉਹ ਕੰਪਨੀ ਦੇ ਦਫ਼ਤਰ ਵਾਲੇ ਏਰੀਏ ਵਿਚ ਪਹੁੰਚ ਗਿਆ। ਦਫ਼ਤਰ ਵਿਚ ਜਾਣ ਤੋਂ ਪਹਿਲਾਂ ਉਸ ਨੇ ਰੈਸਟੋਰੈਂਟ ਵਿਚ ਲੰਚ ਕੀਤਾ ਜਿਥੇ ਉਸ ਨੇ ਸੁਭਾਵਕ ਜਿਹੇ ਢੰਗ ਨਾਲ ਕੰਪਨੀ ਬਾਰੇ ਜਾਣਕਾਰੀ ਲਈ। ਰੈਸਟੋਰੈਂਟ ਕੰਪਨੀ ਦੇ ਦਫ਼ਤਰ ਤੋਂ ਬਹੁਤੀ ਦੂਰ ਨਹੀਂ ਸੀ। ਮੈਨੇਜਰ ਨੇ ਉਸ ਕੰਪਨੀ ਬਾਰੇ ਅਣਜਾਣਤਾ ਪ੍ਰਗਟ ਕੀਤੀ। ਰੌਬਿਨ ਦਾ ਫਿਕਰ ਹੋਰ ਵਧ ਗਿਆ। ਲੰਚ ਬਾਅਦ ਉਹ ਕੰਪਨੀ ਦੇ ਦਫ਼ਤਰ ਨੂੰ ਚਲਾ ਗਿਆ। ਦਿੱਤੇ ਐਡਰੈਸ 'ਤੇ ਦਫ਼ਤਰ ਤਾਂ ਸੀ ਪਰ ਕੰਪਨੀ ਦਾ ਕੋਈ ਸਾਈਨ ਬੋਰਡ ਨਹੀਂ ਸੀ ਲੱਗਾ। ਕੁਝ ਦੇਰ ਉਹ ਗੱਡੀ ਵਿਚ ਬੈਠਾ ਕੰਪਨੀ ਦੇ ਦਫ਼ਤਰ ਵੱਲ ਵੇਖਦਿਆਂ ਅੰਦਾਜ਼ੇ ਲਗਾਉਂਦਾ ਰਿਹਾ। ਫਿਰ ਉਸ ਨੇ ਆਸੇ ਪਾਸੇ ਤੋਂ ਕੰਪਨੀ ਬਾਰੇ ਜਾਣਕਾਰੀ ਲਈ। ਹਰ ਕਿਸੇ ਨੇ ਕੰਪਨੀ ਦੇ ਕਿਸੇ ਵੱਡੇ ਠੇਕੇ ਬਾਰੇ ਜਾਣਕਾਰੀ ਤੋਂ ਅਣਜਾਣਤਾ ਪ੍ਰਗਟਾਈ।

ਰੌਬਿਨ ਕੰਪਨੀ ਦੇ ਦਫ਼ਤਰ ਚਲਾ ਗਿਆ। ਉਥੇ ਇਕੋ ਇਕ ਅੱਧਖੜ ਉਮਰ ਦਾ ਬੰਦਾ ਬੈਠਾ ਸੀ। ਰੌਬਿਨ ਨੇ ਉਸ ਨੂੰ ਆਪਣੀ ਜਾਣਕਾਰੀ ਦਿੱਤੀ। ਬੰਦੇ ਦੇ ਚਿਹਰੇ 'ਤੇ ਫਿਕਰ ਦੇ ਭਾਵ ਸਪੱਸ਼ਟ ਸਨ। ਰੌਬਿਨ ਨੇ ਲੋੜੀਂਦੇ ਸਵਾਲ ਪੁੱਛੇ ਤੇ ਉਸ ਨੂੰ ਜਲਦੀ ਹੀ ਸਾਫ਼ ਹੋ ਗਿਆ ਕਿ ਕੰਪਨੀ ਦਾ ਕੋਈ ਵਪਾਰ ਨਹੀਂ ਤੇ ਨਾ ਹੀ ਕੋਈ ਖਾਸ ਠੇਕੇ ਵਾਲਾ ਕੰਮ ਹੈ। ਕੁਝ ਨਿੱਕੇ ਮੋਟੇ ਕੰਮ ਜ਼ਰੂਰ ਸਨ ਜਿਹਨਾਂ ਦਾ ਠੇਕਾ ਲਿਆ ਹੋਇਆ ਸੀ। ਏਨਾ ਵੱਡਾ ਕਰਜ਼ਾ ਕੰਪਨੀ ਵਾਪਿਸ ਕਰ ਸਕਣ ਦੇ ਕਾਬਲ ਨਹੀਂ ਸੀ ਲਗਦੀ। ਸਵਾਲ ਸੀ ਚਾਰਲੀ ਐਡਵਰਡ ਨੇ ਕਰਜ਼ਾ ਦਿੱਤਾ ਕਿਉਂ?

ਬੁਧਵਾਰ ਸਵੇਰੇ ਡੈਕਸਟਰ ਨੇ ਵੀ ਅਜਿਹੀ ਹੀ ਰਿਪੋਰਟ ਪ੍ਰਾਈਵੇਟ ਡਿਟੈਕਟਵ ਦੀ ਲਿਆ ਫੜਾਈ। ਰੌਬਿਨ ਨੂੰ ਯਕੀਨ ਹੋ ਗਿਆ ਇਸ ਕਰਜ਼ੇ ਦਾ ਵੱਡਾ ਘਾਟਾ ਬੈਂਕ ਨੂੰ ਸਹਿਣਾ ਪਵੇਗੇ ਤੇ ਨਾਲ ਹੀ ਐਡਵਰਡ ਦਾ ਭਵਿੱਖ ਵੀ ਡਾਵਾਂਡੋਲ ਹੋ ਜਾਵੇਗਾ। ਬੈਂਕ ਦੇ ਇਤਿਹਾਸ ਵਿਚ ਅਜਿਹਾ ਪਹਿਲੀ ਵਾਰ ਹੋਣ ਜਾ ਰਿਹਾ ਸੀ। ਬੈਂਕ ਦੇ ਮਾਰਕਿਟ ਵਿਚ ਵਿਸ਼ਵਾਸ਼ ਨੂੰ ਸੱਟ ਵੱਜ ਸਕਦੀ ਸੀ। ਜਿਸ ਹੱਦ ਤੱਕ ਸੰਭਵ ਹੋਵੇ ਇਸ ਖ਼ਬਰ ਨੂੰ ਦਬਾਉਣਾ ਜ਼ਰੂਰੀ ਸੀ। ਰੌਬਿਨ ਦੇ ਮੋਢਿਆਂ 'ਤੇ ਵੱਡੀ ਜ਼ਿੰਮੇਵਾਰੀ ਸੀ। ਜ਼ਿੰਮੇਵਾਰੀਆਂ ਸਦਾ ਫਿਕਰਾਂ ਦਾ ਟੋਕਰਾ ਸਿਰ 'ਤੇ ਰੱਖ ਦਿੰਦੀਆਂ ਹਨ।

ਵੀਰਵਾਰ ਦੀ ਮੀਟਿੰਗ ਬਹੁਤ ਜਜ਼ਬਾਤੀ ਅਤੇ ਰੌਲੇ ਰੱਪੇ ਵਾਲੀ ਸੀ। ਚਾਰਲੀ ਐਡਵਾਰਡ ਕਿਸੇ ਵੀ ਸਵਾਲ ਦਾ ਤਸੱਲੀਬਖਸ਼ ਜਵਾਬ ਨਾ ਦੇ ਸਕਿਆ। ਇਸ ਡੁਬਣ ਜਾ ਰਹੇ ਕਰਜ਼ੇ ਵਿਚ ਸਾਰੇ ਮੈਬਰਾਂ ਦਾ ਹਿੱਸਾ ਸੀ। ਐਡਵਰਡ ਦੇ ਜਵਾਬਾਂ ਤੋਂ ਅਸੰਤੁਸ਼ਟ ਮੈਂਬਰਾਂ ਨੇ ਪੁਲੀਸ ਇਨਕੁਆਰੀ ਦੀ ਮੰਗ ਰੱਖੀ ਤੇ ਰੌਬਿਨ ਨੇ ਕਿਸੇ ਪਾਸੇ ਵੋਟ ਨਾ ਪਾਈ। ਬਾਕੀ ਸਾਰੀਆਂ ਵੋਟਾਂ ਇਸ ਹੱਕ ਵਿਚ ਭੁਗਤੀਆਂ। ਰੌਬਿਨ ਲਈ ਦਖਲ ਦੇਣਾ ਜ਼ਰੂਰੀ ਹੋ ਗਿਆ। ਐਡਵਰਡ ਨੂੰ ਮੀਟਿੰਗ ਵਿਚੋਂ ਬਾਹਰ ਜਾਣ ਲਈ ਮਜ਼ਬੂਰ ਕਰ ਦਿੱਤਾ।

''—ਐਡਵਰਡ ਨੇ ਜੋ ਕੀਤਾ ਬਿਲਕੁਲ ਗਲਤ ਹੈ। ਹੁਣ ਮੌਕਾ ਬਹੁਤ ਨਾਜ਼ੁਕ ਹੈ। ਬੈਂਕ ਪੈਸੇ ਦਾ ਨੁਕਸਾਨ ਤਾਂ ਉਠਾ ਸਕਦੀ ਹੈ। ਪੈਸਾ ਤਾਂ ਕੁਝ ਸਮੇਂ ਵਿਚ ਪੂਰਾ ਹੋ ਜਾਵੇਗਾ। ਪੁਲੀਸ ਰਿਪੋਰਟ ਨਾਲ ਮਾਰਕਿਟ ਵਿਚ ਬੈਂਕ ਦਾ ਮਾਣ ਸਤਿਕਾਰ ਖਤਮ ਹੋਣ ਦਾ ਡਰ ਹੈ। ਮਾਰਕਿਟ ਦੇ ਵਿਸ਼ਵਾਸ਼ ਬਿਨਾਂ ਬੈਂਕ ਚੱਲ ਨਹੀਂ ਸਕਦੀ। ਮੇਰੇ ਖਿਆਲ ਵਿਚ ਪੁਲੀਸ ਦੀ ਥਾਂ ਕੋਈ ਹੋਰ ਢੰਗ ਤਰੀਕਾ ਸੋਚਣਾ ਚਾਹੀਦਾ ਹੈ--।''

ਰੌਬਿਨ ਦੀ ਦਲੀਲ ਵਿਚ ਦਮ ਸੀ। ਸਾਰੇ ਮੈਂਬਰ ਹੁਣ ਕੋਈ ਹੋਰ ਢੰਗ ਤਰੀਕੇ ਬਾਰੇ ਸੋਚਣ ਲੱਗੇ। ਕੋਈ ਵੀ ਸੌਖਾ ਅਤੇ ਸਿੱਧਾ ਢੰਗ ਤਰੀਕਾ ਨਹੀਂ ਸੀ ਸੁਝ ਰਿਹਾ। ਅਖ਼ੀਰ ਇਕ ਸੀਨੀਅਰ ਮੈਂਬਰ ਨੇ ਰਾਇ ਰੱਖੀ।

'' -ਮੈਂ ਰੌਬਿਨ ਨਾਲ ਸਹਿਮਤ ਹਾਂ। ਮਾਰਕਿਟ ਵਿਚ ਬੈਂਕ ਦਾ ਵਿਸ਼ਵਾਸ਼ ਕਾਇਮ ਰਹਿਣਾ ਬਹੁਤ ਜ਼ਰੂਰੀ ਹੈ। ਮੇਰੇ ਖਿਆਲ ਵਿਚ ਐਡਵਰਡ ਨੂੰ ਬੈਂਕ ਵਿਚੋਂ ਕੱਢ ਦਿੱਤਾ ਜਾਵੇ ਤੇ ਉਸ ਦੇ ਹਿੱਸੇ ਨਾਲ ਬੈਂਕ ਦਾ ਘਾਟਾ ਪੂਰਾ ਕੀਤਾ ਜਾਵੇ।''

"ਐਡਵਰਡ ਨੂੰ ਆਪਾਂ ਅਸਤੀਫਾ ਦੇਣ ਬਾਰੇ ਤਾਂ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਹਾਂ। ਇਹ ਘਾਟਾ ਤਾਂ ਬੈਂਕ ਦਾ ਹੈ। ਬੈਂਕ ਨੇ ਐਡਵਰਡ ਨੂੰ ਫੈਸਲੇ ਲੈਣ ਦਾ ਹੱਕ ਦਿੱਤਾ ਹੋਇਆ ਹੈ। ਜਿਵੇਂ ਆਪਣੇ ਸਭ ਕੋਲ ਹੈ। ਉਸ ਨੇ ਤਾਂ ਇਹੀ ਕਹਿਣਾ ਹੈ ਉਸਦੇ ਖਿਆਲ ਅਨੁਸਾਰ ਸਟਾਰ ਬਿਲਡਰਜ਼ ਚੰਗਾ ਗਾਹਕ ਸੀ। ਉਸ ਨੇ ਜਾਣਬੁਝ ਕੇ ਕੁਝ ਨਹੀਂ ਕੀਤਾ----।" ਰੌਬਿਨ ਨੇ ਫਿਰ ਆਪਣੀ ਦਲੀਲ ਦਿੱਤੀ ਜੋ ਕਨੂੰਨ ਦੇ ਪੱਖੋਂ ਸਹੀ ਸੀ।

ਅੰਤ ਵਿਚ ਫੈਸਲਾ ਹੋ ਗਿਆ। ਚਾਰਲੀ ਐਡਵਰਡ ਤੋਂ ਅਸਤੀਫਾ ਲਿਆ ਜਾਵੇ। ਉਹ ਆਪਣੇ ਹਿੱਸੇ ਨੂੰ ਬੈਂਕ ਵਿਚ ਅਗਲੇ ਪੰਜ ਸਾਲਾਂ ਵਿਚ ਕਢਾ ਨਹੀਂ ਸਕੇਗਾ। ਜੇ ਉਹ ਨਾ ਮੰਨੇ ਤਾਂ ਕੇਸ ਪੁਲੀਸ ਨੂੰ ਦਿੱਤਾ ਜਾਵੇ। ਰੌਬਿਨ ਨੂੰ ਚਾਰਲੀ ਐਡਵਰਡ ਨਾਲ ਗੱਲ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ। ਰੌਬਿਨ ਦੇ ਸਾਹਮਣੇ ਐਡਵੀਨਾ ਅਤੇ ਚਾਰਲੀ ਐਡਵਰਡ ਦੋਵਾਂ ਨਾਲ ਨਜਿੱਠਣ ਦਾ ਵੱਡਾ ਕਾਰਜ ਸੀ। ਆਪਣੇ ਮਾਨਸਿਕ ਤਣਾਅ ਨੂੰ ਘਟਾਉਣ ਲਈ ਉਹ ਐਲਨ ਵਰਗੇ ਦੋਸਤਾਂ ਨਾਲ ਕੁਝ ਸਮਾਂ ਬਤੀਤ ਕਰਨ ਬਾਰੇ ਸੋਚਣ ਲੱਗਾ।

## 25

ਕ੍ਰਿਸਮਸ ਦੇ ਦਿਨ ਸਨ। ਰੌਬਿਨ ਨੇ ਐਲਨ, ਰਸਲ ਅਤੇ ਲਿੰਨ ਨੂੰ ਇਕ ਸ਼ਾਮ ਲਈ ਸੱਦਾ ਦਿੱਤਾ। ਉਸ ਨੇ ਉਹਨਾਂ ਨੂੰ ਬਿਨਾਂ ਦੱਸਿਆਂ ਇਕ ਇਟਾਲੀਅਨ ਰੈਸਟੋਰੈਂਟ 'ਐਂਜਲੋ' ਵਿਚ ਸ਼ਾਮ ਦੇ ਭੋਜਨ ਲਈ ਟੇਬਲ ਬੁੱਕ ਕਰ ਲਿਆ। ਇਸ ਰੈਸਟੋਰੈਂਟ ਦਾ ਖਾਣਾ ਅਤੇ ਇਟਾਲੀਅਨ ਵਾਈਨ ਬਹੁਤ ਚੰਗੀ ਸੀ। ਆਮ ਲੋਕ ਤਾਂ ਇਸ ਰੈਸਟੋਰੈਂਟ ਬਾਰੇ ਗੱਲਾਂ ਹੀ ਕਰ ਸਕਦੇ ਸਨ। ਇਸ ਮਹਿੰਗੇ ਰੈਸਟੋਰੈਂਟ ਵਿਚ ਅਮੀਰ ਲੋਕ ਹੀ ਪੈਰ ਧਰਨ ਦਾ ਜਿਗਰਾ ਕਰ ਸਕਦੇ ਸਨ ਅਤੇ ਰੌਬਿਨ ਵਰਗੇ ਲੋਕਾਂ ਲਈ ਤਾਂ ਸੋਚਣ ਵਾਲੀ ਗੱਲ ਹੀ ਨਹੀਂ ਸੀ।

ਦਿੱਤੇ ਸਮੇਂ ਸਾਰੇ ਰੌਬਿਨ ਦੇ ਘਰ ਪਹੁੰਚ ਗਏ। ਕਰਿਸਟਲ ਅਤੇ ਐਡਵੀਨਾ ਨੇ ਉਹਨਾਂ ਨੂੰ ਜੀ ਆਇਆਂ ਆਖਿਆ ਤਾਂ ਸਾਰੇ ਕਰਿਸਟਲ ਵੱਲ ਧਿਆਨ ਨਾਲ ਵੇਖਣ ਲੱਗੇ। ਕਿਸੇ ਨੇ ਵੀ ਕੁਝ ਨਾ ਕਿਹਾ ਪਰ ਰੌਬਿਨ ਉਹਨਾਂ ਦੇ ਭਾਵਾਂ ਨੂੰ ਸਮਝਦਿਆਂ ਅੰਦਰੋਂ ਅੰਦਰੀ ਢੇਰੀ ਹੋ ਗਿਆ। ਰੌਬਿਨ ਉਹਨਾਂ ਨੂੰ ਬਾਰ ਏਰੀਏ ਵਿਚ ਲੈ ਗਿਆ। ਉਸ ਨੇ ਇਹ ਨਵੀਂ ਬਾਰ ਬਹੁਤ ਸ਼ੌਕ ਨਾਲ ਬਣਾਈ ਸੀ। ਸਾਰਿਆਂ ਨੇ ਵਾਈਨ ਦੇ ਗਲਾਸ ਲੈ ਲਏ ਅਤੇ ਗੱਲਾਂ ਬਾਤਾਂ ਕਰਨ ਲੱਗੇ। ਗੱਲਾਂ ਬਾਤਾਂ ਦਾ ਵਿਸ਼ਾ ਲਿੰਨ ਨੇ ਸਿਆਸਤ ਵੱਲ ਮੋੜ ਲਿਆ।

"ਐਲਨ ਮੇਰਾ ਨਹੀਂ ਖਿਆਲ ਸਰਕਾਰ ਉਹਨਾਂ ਲੋਕਾਂ ਦਾ ਖਿਆਲ ਰਖਦੀ ਹੈ ਜਿਹੜੇ ਵੱਡੀਆਂ ਰਕਮਾਂ ਟੈਕਸ ਦੇ ਰੂਪ ਵਿਚ ਦਿੰਦੇ ਆ। ਮਜ਼ਦੂਰਾਂ ਨੂੰ ਥਾਂ ਸਿਰ ਰੱਖਣਾ ਤਾਂ ਇਕ ਪਾਸੇ ਸਗੋਂ ਸਿਰ ਚੜ੍ਹਾਈ ਜਾਂਦੀ ਐ।"

ਲਿੰਨ ਦਾ ਉਲਾਂਭਾ ਆਪਣੇ ਪਿਤਾ ਮਾਰਕ ਵਰਗਾ ਸੀ। ਐਲਨ ਨੂੰ ਯਾਦ ਆਇਆ ਕੁਝ ਮੌਕਿਆਂ 'ਤੇ ਮਾਰਕ ਵੀ ਉਸ ਨੇ ਇਸੇ ਤਰ੍ਹਾਂ ਬੋਲਦਾ ਸੁਣਿਆ ਸੀ। ਐਲਨ ਦੇ ਦਿਲ ਵਿਚ ਇਕ ਮਾੜੀ ਜਿਹੀ ਚੀਸ ਰੜਕੀ ਤੇ ਨਾਲ ਹੀ ਖਤਮ ਹੋ ਗਈ।

"ਲਿੰਨ ਤੇਰੇ ਖਿਆਲ ਵਿਚ ਸਰਕਾਰ ਨੂੰ ਕੀ ਕਰਨਾ ਚਾਹੀਦਾ ਸੀ?"

"ਸਰਕਾਰ ਨੇ ਮਜ਼ਦੂਰਾਂ ਨੂੰ ਯੂਨੀਅਨ ਬਣਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ, ਕੰਮ ਦੇ ਘੰਟੇ ਵੀ ਸੀਮਤ ਕਰ ਦਿੱਤੇ, ਹੁਣ ਕੁਝ ਲੋਕਾਂ ਨੂੰ ਵੋਟ ਦਾ ਹੱਕ ਵੀ ਮਿਲ ਗਿਆ ਐ---। ਕੁਝ ਚਿਰ ਨੂੰ ਸ਼ਾਇਦ ਸਾਰੇ ਮਜ਼ਦੂਰਾਂ ਨੂੰ ਹੀ ਵੋਟ ਦਾ ਹੱਕ ਮਿਲ ਜਾਵੇ। ਫੇਰ ਤਾਂ ਪਾਰਲੀਮੈਂਟ ਵਿਚ ਮਜ਼ਦੂਰ ਹੀ ਜਾਣਗੇ।" ਲਿੰਨ ਬੋਲਦਾ ਗਿਆ ਤੇ ਬਾਕੀ ਸੁਣਦੇ ਰਹੇ। ਲਿੰਨ ਨੇ ਐਲਨ ਦੇ ਮੂੰਹ 'ਤੇ ਅੱਖਾਂ ਟਿਕਾ ਲਈਆਂ ਜਿਵੇਂ ਉਸ ਨੂੰ ਕਹਿ ਰਿਹਾ ਹੋਵੇ, 'ਦੇਹ ਹੁਣ ਜਵਾਬ।'

"ਲਿੰਨ ਓਪਰੀ ਨਜ਼ਰ ਨਾਲ ਵੇਖਿਆਂ ਤਾਂ ਤੇਰੀ ਗੱਲ ਠੀਕ ਲਗਦੀ ਐ। ਬਹੁਤ ਸਾਰੇ ਤੇਰੇ ਵਰਗੇ ਲੋਕ ਇਹੋ ਸਮਝਦੇ ਐ। ਅਸਲ ਵਿਚ ਇਹ ਕਨੂੰਨ ਬਣਾ ਕੇ ਸਰਕਾਰ ਨੇ ਕਾਰਖਾਨੇਦਾਰਾਂ ਦਾ ਭਲਾ ਕੀਤਾ ਐ।"

"ਉਹ ਕਿਵੇਂ?" ਲਿੰਨ ਨੇ ਹੈਰਾਨੀ ਨਾਲ ਐਲਨ ਵੱਲ ਵੇਖਿਆ।

"ਫਰਾਂਸ ਵਿਚ ਪੈਰਿਸ ਕਮਿਊਨ ਬਾਰੇ ਸੋਚੋ। ਬਾਕੀ ਯੂਰਪ ਦੇ ਬਹੁਤੇ ਦੇਸ਼ਾਂ ਵਿਚ ਅਜਿਹੀਆਂ ਹੀ ਘਟਨਾਵਾਂ ਛੋਟੇ-ਵੱਡੇ ਪੱਧਰ 'ਤੇ ਵਾਪਰ ਰਹੀਆਂ ਜਾਂ ਵਾਪਰ ਚੁੱਕੀਆਂ। ਕਮਿਊਨਿਸਟਾਂ ਦਾ ਪ੍ਰਭਾਵ ਦਿਨੋ ਦਿਨ ਵਧ ਰਿਹਾ ਐ ਤੇ ਬ੍ਰਿਟੇਨ ਵਿਚ ਵੀ ਉਹਨਾਂ ਦਾ ਪ੍ਰਭਾਵ ਘੱਟ ਨਹੀਂ ਐ। ਜੇ ਲੋਕਾਂ ਨੂੰ ਕੁਝ ਰਿਆਇਤਾਂ ਨਾ ਦਿੱਤੀਆਂ ਜਾਣ ਤੇ ਉਹਨਾਂ ਨੂੰ ਸੰਤੁਸ਼ਟ ਕਰਨ ਲਈ ਅਜਿਹੇ ਕਨੂੰਨ ਨਾ ਬਣਾਏ ਜਾਣ ਤਾਂ ਸੰਭਵ ਐ ਤੁਹਾਨੂੰ ਵੀ 'ਲੰਡਨ ਕਮਿਊਨ'

ਦਾ ਸਾਹਮਣਾ ਕਰਨਾ ਪਵੇ ਜਾਂ ਸ਼ਾਇਦ ਉਸ ਤੋਂ ਵੀ ਵੱਡਾ ਇਨਕਲਾਬ। ਜਦ ਕੋਈ ਮੰਗ ਲੋਕਾਂ ਵਿਚ ਲਹਿਰ ਦਾ ਰੂਪ ਧਾਰਨ ਕਰ ਲਵੇ ਤਾਂ ਫਿਰ ਲੋਕ ਗੋਲੀਆਂ ਤੋਂ ਵੀ ਨੀ ਡਰਦੇ ਹੁੰਦੇ।''

ਸਾਰੇ ਚੁੱਪ ਹੋ ਗਏ। ਲਿੰਨ ਐਲਨ ਦੀ ਕਹੀ ਗੱਲ ਨੂੰ ਅੰਦਰੇ ਅੰਦਰ ਰਿੜਕਣ ਲੱਗਾ। ਕਦੇ ਉਸ ਨੂੰ ਲਗਦਾ ਉਹ ਠੀਕ ਕਹਿ ਰਿਹਾ ਸੀ ਤੇ ਕਦੇ ਉਸ ਨੂੰ ਲਗਦਾ ਉਹ ਸਿਆਸੀ ਜਵਾਬ ਦੇ ਕੇ ਉਸ ਨੂੰ ਚੁੱਪ ਕਰਵਾ ਰਿਹਾ ਸੀ। ਰਸਲ ਵੀ ਚੁੱਪ ਸੀ। ਉਸ ਦਾ ਗੱਲਾਂ-ਬਾਤਾਂ ਵਾਲਾ ਇਨਕਲਾਬੀ ਫਤੂਰ ਤਕਰੀਬਨ ਠੰਡਾ ਹੋ ਗਿਆ ਸੀ। ਅੱਜ ਕੱਲ ਉਹ ਐਲਨ ਨੂੰ ਵਾਰ ਵਾਰ ਸਿਫਾਰਸ਼ ਕਰ ਰਿਹਾ ਸੀ ਕਿ ਉਸ ਨੂੰ 'ਲਾਰਡ ਆਫ ਕਿੰਗਸਟਨ' ਦਾ ਰੁਤਬਾ ਦੁਆਇਆ ਜਾਵੇ। ਅਜਿਹੇ ਖਿਤਾਬ ਸਰਕਾਰ ਨੇ ਚੁਣਨੇ ਹੁੰਦੇ ਹਨ ਤੇ ਦੇਣੇ ਰਾਜੇ ਜਾਂ ਰਾਣੀ ਨੇ। ਰਸਲ ਨੂੰ ਪਤਾ ਸੀ ਐਲਨ ਦੀ ਪ੍ਰਧਾਨ ਮੰਤਰੀ ਨਾਲ ਚੰਗੀ ਨੇੜਤਾ ਸੀ। ਜੇ ਉਹ ਕੋਸ਼ਿਸ਼ ਕਰੇ ਤਾਂ ਲਾਰਡ ਦਾ ਖਿਤਾਬ ਉਸ ਨੂੰ ਮਿਲਣ ਵਿਚ ਕੋਈ ਔਖਿਆਈ ਨਹੀ ਸੀ ਹੋਣੀ। ਐਲਨ ਸਿਆਸੀ ਬੰਦਾ ਸੀ। ਉਸ ਦੀ ਨਜ਼ਰ ਵਿਚ ਹੋਰ ਵੀ ਲੋਕ ਸਨ ਜਿਹੜੇ ਰਸਲ ਤੋਂ ਇਸ ਦੌੜ ਵਿਚ ਅੱਗੇ ਸਨ। ਉਸ ਨੇ ਅਜੇ ਰਸਲ ਨੂੰ ਕੋਈ ਲੜ ਨਹੀਂ ਸੀ ਫੜਾਇਆ।

''ਮੇਰੇ ਖਿਆਲ ਵਿਚ ਐਲਨ ਠੀਕ ਕਹਿ ਰਿਹਾ ਐ। ਵਪਾਰਕ ਅਦਾਰਿਆਂ ਨੂੰ ਸਰਕਾਰ ਹੋਰ ਬਥੇਰਾ ਕੁਝ ਦੇ ਦਿੰਦੀ ਐ। ਜਿਸ ਦਾ ਆਮ ਮਜ਼ਦੂਰਾਂ ਨੂੰ ਪਤਾ ਵੀ ਨੀ ਲਗਦਾ। ਜੇ ਲੱਗ ਵੀ ਜਾਵੇ ਤਾਂ ਸਰਕਾਰ ਅਜਿਹੇ ਢੰਗ ਨਾਲ ਪਰੋਸਦੀ ਐ ਆਮ ਲੋਕਾਂ ਨੂੰ ਸਮਝ ਹੀ ਨਹੀਂ ਪੈਂਦੀ।'' ਰੌਬਿਨ ਐਲਨ ਦੀ ਗੱਲ ਨੂੰ ਸਮਝ ਗਿਆ ਸੀ ਤੇ ਉਹ ਐਲਨ ਦੇ ਹੱਕ ਵਿਚ ਖੜ੍ਹ ਗਿਆ।

''ਵੈਸੇ ਇਸ ਸਾਲ ਸਰਕਾਰ ਨੇ ਪਾਰਲੀਮੈਂਟ ਵਿਚ ਗੁਪਤ ਵੋਟ ਦਾ ਕਨੂੰਨ ਪਾਸ ਕੀਤਾ ਐ। ਇਹ ਕਨੂੰਨ ਕੁਝ ਸਮੇਂ ਵਿਚ ਆਮ ਪਬਲਿਕ ਥਾਂਵਾਂ 'ਤੇ ਵੀ ਲਾਗੂ ਹੋ ਸਕਦਾ। ਅਜਿਹੇ ਕਨੂੰਨ ਬਹੁਤ ਸਾਰੇ ਲਿੰਨ ਵਰਗੇ ਦੋਸਤਾਂ ਨੂੰ ਚੰਗੇ ਨਹੀਂ ਲਗਣੇ ਪਰ ਅਜਿਹਾ ਕੁਝ ਕਰਕੇ ਹੀ ਅਸੀਂ ਦੇਸ਼ ਵਿਚ ਸ਼ਾਂਤੀ ਰੱਖ ਸਕਦੇ ਆਂ।'' ਐਲਨ ਨੇ ਕਹਿੰਦਿਆਂ ਵਾਈਨ ਦਾ ਘੁੱਟ ਭਰਿਆ। ਉਸ ਨੂੰ ਵਾਈਨ ਹੋਰ ਵੀ ਸੁਆਦੀ ਲੱਗੀ।

''ਵੈਸੇ ਸਰਕਾਰ ਨੇ ਪਹਿਲੀ ਵਾਰ ਮਰਦਮਸ਼ੁਮਾਰੀ ਕਰਵਾਈ ਹੈ। ਮਰਦਮ ਸ਼ੁਮਾਰੀ ਨਾਲ ਬਹੁਤ ਕੁਝ ਸਰਕਾਰ ਨੂੰ ਜਾਣਕਾਰੀ ਮਿਲੇਗੀ ਤੇ ਇਹ ਮਰਦਮ ਸ਼ੁਮਾਰੀ ਹਰ ਦਸ ਸਾਲ ਬਾਅਦ ਹੋਇਆ ਕਰੇਗੀ।'' ਐਲਨ ਸਰਕਾਰ ਦੇ ਗੁਣਗਾਣ ਕਰ ਰਿਹਾ ਸੀ।

''ਐਲਨ ਤੂੰ ਅਲਬਰਟ ਹਾਲ ਦੀ ਘੁੰਡ ਚੁਕਾਈ 'ਤੇ ਗਿਆ ਸੀ! ਕਿਹੋ ਜਿਹਾ ਹਾਲ ਐ? ਕਹਿੰਦੇ ਮਹਾਰਾਣੀ ਵਿਕਟੋਰੀਆ ਬੜੀ ਖੁਸ਼ ਸੀ!'' ਰੌਬਿਨ ਨੇ ਸਿਆਸਤ ਤੋਂ ਗੱਲਾਂ ਨੂੰ ਮੋੜਾ ਦਿੱਤਾ।

''ਨਹੀ,ਂ ਮੈਂ ਗਿਆ ਨਹੀਂ ਅਤੇ ਨਾ ਹੀ ਅਜੇ ਤੱਕ ਹਾਲ ਵੇਖਿਆ ਐ। ਕਹਿੰਦੇ ਬਹੁਤ ਖੁੱਲ੍ਹਾ-ਡੁਲ੍ਹਾ ਐ। ਮਹਾਰਾਣੀ ਵਿਕਟੋਰੀਆ ਦਾ ਖੁਸ਼ ਹੋਣਾ ਕੁਦਰਤੀ ਐ। ਉਸ ਦੇ ਸਵਰਗਵਾਸੀ ਪਤੀ ਐਲਬਰਟ ਦੀ ਯਾਦ ਵਿਚ ਹਾਲ ਬਣਾਇਆ ਤੇ ਉਸ ਦੇ ਨਾਂ 'ਤੇ ਹੀ ਹਾਲ ਦਾ ਨਾਂ ਰੱਖਿਆ।''

''ਮੇਰਾ ਖਿਆਲ ਆਪਾਂ ਨੂੰ ਹੁਣ ਚੱਲਣਾ ਚਾਹੀਦਾ।'' ਰੌਬਿਨ ਨੇ ਜੇਬ ਵਿਚੋਂ ਘੜੀ ਕੱਢ ਕੇ ਵੇਖੀ।

''ਜਾਣਾ ਕਿਥੇ ਐ ?'' ਲਿੰਨ ਹੈਰਾਨ ਸੀ।

''ਆਪਾਂ ਯਾਰ 'ਐਂਜਲੋ' 'ਚ ਚਲਦੇ ਆਂ। ਮੈਂ ਪਹਿਲਾਂ ਈ ਟੇਬਲ ਬੁੱਕ ਕਰਾਇਆ ਹੋਇਆ।''

ਵਾਹ ਵਾਹ ਕਰਦੇ ਸਾਰੇ ਉੱਠ ਬੈਠੇ। ਸਾਰੇ ਰੌਬਿਨ ਦੀ ਬੱਘੀ ਵਿਚ ਬੈਠ ਗਏ ਤੇ ਆਪਣੇ ਕੋਚਵਾਨਾਂ ਨੂੰ ਬੱਘੀਆਂ ਉਥੇ ਲਿਆਉਣ ਦਾ ਹੁਕਮ ਦੇ ਦਿੱਤਾ। ਗੱਲਾਂ ਕਰਦੇ ਉਹ ਐਂਜਲੋ ਵਿਚ ਚਲੇ ਗਏ। ਨਈਟਸਬਰਿਜ ਦੇ ਮਹਿੰਗੇ ਇਲਾਕੇ ਵਿਚ ਸਥਿਤ ਇਸ ਰੈਸਟੋਰੈਂਟ ਦੀ ਆਪਣੀ ਹੀ ਦਿੱਖ ਸੀ। ਸੜਕ ਤੋਂ ਹਟਵਾਂ ਤੇ ਰੈਸਟੋਰੈਂਟ ਦੇ ਮੁੱਖ ਗੇਟ ਤੱਕ ਲੰਬੀ ਡਰਾਈਵ ਸੀ। ਇਸ ਡਰਾਈਵ ਦੇ ਦੋਵੇਂ ਪਾਸੀਂ ਖੁਲ੍ਹੇ-ਡੁੱਲ੍ਹੇ ਲਾਅਨ ਬਣੇ ਹੋਏ ਸਨ ਜਿਹਨਾਂ ਵਿਚ ਲੋਕ ਗਰਮੀਆਂ ਵਿਚ ਬਾਹਰ ਬੈਠ ਕੇ ਖਾਣ-ਪੀਣ ਦਾ ਅਨੰਦ ਲੈ ਸਕਦੇ ਸਨ। ਰੰਗ-ਬਰੰਗੇ ਫੁੱਲ ਲਾਅਨ ਅਤੇ ਡਰਾਈਵ ਨੂੰ ਹੋਰ ਵੀ ਸੁੰਦਰ ਬਣਾ ਰਹੇ ਸਨ। ਰੈਸਟੋਰੈਂਟ ਦੇ ਮੁੱਖ ਗੇਟ ਕੋਲ ਬੱਘੀ ਰੋਕ ਉਹਨਾਂ ਨੂੰ ਉਤਾਰ ਕੇ ਕੋਚਵਾਨ ਬੱਘੀ ਨੂੰ ਪਾਰਕ ਵਿਚ ਲੈ ਗਿਆ। ਗੈਸ ਲਾਈਟਾਂ ਨਾਲ ਚਮਚਮਾਉਂਦੇ ਲਾਅਨ ਵਿਚ ਰਾਤ ਨੂੰ ਵੀ ਦਿਨ ਵਰਗਾ ਚਾਨਣ ਸੀ। ਅੰਦਰ ਦਾ ਮਹੌਲ ਤਾਂ ਹੋਰ ਵੀ ਦਿਲਕਸ਼ ਸੀ। ਮਹਿੰਗੇ ਕੱਪੜਿਆ ਵਿਚ ਸਜੇ ਔਰਤ ਤੇ ਮਰਦ ਆਪੋ ਆਪਣੀਆਂ ਗੱਲਾਂ ਵਿਚ ਗਲਤਾਨ ਸਨ। ਬਹਿਰਾ ਉਹਨਾਂ ਨੂੰ ਟੇਬਲ ਤੱਕ ਲੈ ਗਿਆ ਤੇ ਉਹਨਾਂ ਆਪਣੇ ਓਵਰ ਕੋਟ ਲਾਹ ਕੇ ਬਹਿਰੇ ਨੂੰ ਫੜਾ ਦਿੱਤੇ ਤੇ ਆਪ ਕੁਰਸੀਆਂ 'ਤੇ ਸਜ ਗਏ।

ਕਾਫੀ ਗਹਿਮਾ ਗਹਿਮ ਸੀ। ਉਚੀ ਸੁਸਾਇਟੀ ਦੇ ਬਹੁਤ ਸਾਰੇ ਲੋਕ ਬੈਠੇ ਸਨ। ਉਹਨਾਂ ਨੇ ਕਈਆਂ ਜਾਣ-ਪਛਾਣ ਵਾਲਿਆਂ ਨਾਲ ਹੱਥ ਵੀ ਮਿਲਾਏ।

ਰੌਬਿਨ ਦੇ ਮਨ ਵਿਚ ਕਰਿਸਟਲ ਬਾਰੇ ਉਥਲ-ਪੁਥਲ ਹੋ ਰਹੀ ਸੀ। ਉਹ ਆਪਣੇ ਦੋਸਤਾਂ ਨਾਲ ਇਸ ਸਮੱਸਿਆ ਨੂੰ ਸਾਂਝੀ ਕਰਨ ਬਾਰੇ ਸੋਚ ਰਿਹਾ ਸੀ। ਸਾਰੇ ਹੀ ਚੰਗੇ ਦੋਸਤ ਸਨ। ਫਿਰ ਵੀ ਕੋਈ ਗੱਲ ਉਸ ਨੂੰ ਰੋਕ ਰਹੀ ਸੀ। ਗੱਲ ਉਸ ਦੇ ਬੁੱਲਾਂ 'ਤੇ ਆਉਂਦੀ ਤੇ ਪਿੱਛੇ ਮੁੜ ਜਾਂਦੀ। ਉਹ ਸੋਚਦਾ ਤੇ ਫਿਰ ਗੱਲ ਕਰਨ ਦੀ ਕੋਸ਼ਿਸ਼ ਕਰਦਾ। ਗੱਲ ਉਹੀ ਹੁੰਦੀ। ਸਾਰੀ ਸ਼ਾਮ ਵਿਚ ਚਾਰ ਪੰਜ ਵਾਰ ਅਜਿਹਾ ਹੋਇਆ। ਐਂਜਲੋ ਤੱਕ ਉਹ ਬਹੁਤਾ ਕੁਝ ਨਹੀਂ ਬੋਲਿਆ ਤੇ ਨੇ ਹੀ ਰਸਲ। ਲਿੰਨ ਅਤੇ ਐਲਨ ਆਪਣਾ ਵਿਚਾਰ ਵਿਟਾਂਦਰਾ ਕਰਦੇ ਰਹੇ। ਇਸ ਦੌਰਾਨ ਰੌਬਿਨ ਨੇ ਫੈਸਲਾ ਕਰ ਲਿਆ। ਉਸ ਦੀ ਐਲਨ ਨਾਲ ਸਭ ਤੋਂ ਵੱਧ ਬਣਦੀ ਸੀ। ਪੁਰਾਣੇ ਰਿਸ਼ਤੇ ਨਵੇਂ ਸਮੇਂ ਨਾਲ ਨਵਿਆਂ ਵਿਚ ਢਲ ਗਏ ਸਨ। ਜੈਨੀਫਰ ਬਾਰੇ ਹੁਣ ਉਹ ਦੋਸਤਾਨਾ ਢੰਗ ਨਾਲ ਸੋਚਦਾ ਸੀ। ਕਈ ਵਾਰ ਉਹ ਜੈਨੀਫਰ ਅਤੇ ਐਲਨ ਨਾਲ ਕੁਝ ਖਾਸ ਮਸਲੇ ਵੀ ਸਾਂਝੇ ਕਰ ਲੈਂਦਾ ਸੀ। ਹੁਣ ਵੀ ਉਸ ਨੇ ਇਹੋ ਸੋਚਿਆ। ਉਸ ਸਮੇਂ ਖਾਣ- ਪੀਣ ਦਾ ਸਮਾਂ ਸੀ ਤੇ ਖਾਣ-ਪੀਣ ਦਾ ਹੀ ਅਨੰਦ ਲੈਣਾ ਚਾਹੀਦਾ ਸੀ।

ਰਸਲ ਨੇ ਆਪਣੀ ਗੱਲ ਸ਼ੁਰੂ ਕਰ ਲਈ। ਐਲਨ ਸਾਰੀ ਸ਼ਾਮ ਇਸੇ ਗਲ ਤੋਂ ਡਰਦਾ ਰਿਹਾ ਸੀ।

"ਐਲਨ ਤੂੰ ਪ੍ਰਧਾਨ ਮੰਤਰੀ ਨਾਲ ਗੱਲ ਕੀਤੀ?"

ਐਲਨ ਨੇ ਕੁਰਸੀ ਵਿਚ ਪਾਸਾ ਮਾਰਿਆ ਤੇ ਵਾਈਨ ਦਾ ਗਲਾਸ ਚੁੱਕ ਲਿਆ। ਹੌਲੀ-ਹੌਲੀ ਘੁੱਟ ਭਰੀ ਤੇ ਸਹਿਜ ਨਾਲ ਗਲਾਸ ਟੇਬਲ 'ਤੇ ਰੱਖ ਦਿੱਤਾ।

"ਰਸਲ ਮੈਂ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਸੀ। ਬਹੁਤ ਸਾਰੇ ਹੋਰ ਲੋਕ ਵੀ ਹਨ ਜਿਹਨਾਂ ਨੇ ਤਾਜ ਦੀ (ਰਾਣੀ ਦੀ ਜਾਂ ਸਰਕਾਰ ਦੀ) ਬਹੁਤ ਮਦਦ ਕੀਤੀ ਹੈ। ਉਹ ਲੋਕ ਵੀ ਜ਼ੋਰ ਅਜਮਾਈ ਕਰਦੇ ਸਨ। ਪ੍ਰਧਾਨ ਮੰਤਰੀ ਨੂੰ ਤੇਰੇ ਡੈਡ ਬਾਰੇ ਦੱਸਿਆ ਤਾਂ ਉਹਨਾਂ ਨੇ ਤੇਰਾ ਨਾਂ ਚੁਣਨ ਦਾ ਫੈਸਲਾ ਕਰ ਲਿਆ।"

ਐਲਨ ਨੇ ਸਾਰਿਆਂ ਵੱਲ ਵੇਖਿਆ ਅਤੇ ਉਹਨਾਂ ਦੇ ਚਿਹਰਿਆਂ ਨੂੰ ਪੜ੍ਹਨ ਦਾ ਯਤਨ ਕਰਨ ਲੱਗਾ। ਰਸਲ ਦੇ ਚਿਹਰੇ 'ਤੇ ਖੁਸ਼ੀ ਪੱਸਰ ਗਈ ਸੀ ਜਿਸ ਨੂੰ ਉਹ ਲੁਕਾਉਣ ਦਾ ਯਤਨ ਕਰ ਰਿਹਾ ਸੀ। ਗਲਾਸ ਵਿਚੋਂ ਘੁੱਟ ਭਰ ਕੇ ਉਸ ਨੇ ਗੱਲ ਅੱਗੇ ਤੋਰੀ।

"ਇਕ ਸਮੱਸਿਆ ਖੜ੍ਹੀ ਹੋ ਗਈ। ਲਾਰਡਸ਼ਿਪ ਦੇਣ ਦਾ ਮਤਲਬ ਐ ਤਾਜ ਦਾ ਹਿੱਸਾ ਹੋਣਾ। ਸ਼ਾਹੀ ਪਰਿਵਾਰ ਦੀ ਹਰ ਸਮੇਂ ਮਦਦ ਕਰਨੀ। ਇਸ ਲਈ ਪੁਲੀਸ ਦੀ ਰਿਪੋਰਟ ਜਾਂ ਖੁਫੀਆ ਏਜੰਸੀਆਂ ਦੀ ਮਦਦ ਲੈ ਕੇ ਆਦਮੀ ਦੇ ਭੂਤ ਬਾਰੇ ਪਤਾ ਕੀਤਾ ਜਾਂਦਾ ਐ। ਤੇਰੀ ਰਿਪੋਰਟ ਵਿਚ ਤੇਰੀ ਚਾਰਟਿਸਟ ਮੂਵਮੈਂਟ ਵਿਚ ਸ਼ਮੂਲੀਅਤ ਦਾ ਜ਼ਿਕਰ ਆ ਗਿਆ। ਪ੍ਰਧਾਨ ਮੰਤਰੀ ਨੇ ਮੈਨੂੰ ਸੱਦ ਕੇ ਮੇਰੀ ਵੀ ਲਾਹ ਪਾਹ ਜਿਹੀ ਕਰ ਦਿੱਤੀ ਅਖੇ ਤੈਨੂੰ ਪਤਾ ਨਹੀਂ ਸੀ ਤੂੰ ਕਿਸ ਦੀ ਸਿਫਾਰਸ਼ ਕਰ ਰਿਹਾ ਐਂ? ਮੈਨੂੰ ਅਫਸੋਸ ਐ ਰਸਲ ਮੈਂ ਤੇਰੀ ਮਦਦ ਨਹੀਂ ਕਰ ਸਕਿਆ।"

ਐਲਨ ਦੇ ਸਿਰ ਤੋਂ ਕਾਫੀ ਭਾਰ ਲਹਿ ਗਿਆ। ਅਸਲ ਵਿਚ ਉਸ ਨੇ ਸਿਫਾਰਸ਼ ਕੀਤੀ ਹੀ ਨਹੀਂ ਸੀ। ਰਸਲ ਤੋਂ ਚੰਗੇ ਉਮੀਦਵਾਰ ਹੋਰ ਕਈ ਸਨ। ਇਹ ਬਹਾਨਾ ਤਾਂ ਪਤਾ ਨਹੀਂ ਕਿਵੇਂ ਐਲਨ ਦੇ ਮਨ ਵਿਚ ਆ ਗਿਆ ਤੇ ਉਸ ਨੇ ਤੀਰ ਨਿਸ਼ਾਨੇ 'ਤੇ ਲਗਾ ਦਿੱਤਾ। ਰਸਲ ਨੂੰ ਖਾਣਾ ਸੁਆਦ ਲੱਗਣਾ ਤਾਂ ਦੂਰ ਉਸ ਦਾ ਖਾਣਾ ਖਾਣ ਲਈ ਵੀ ਦਿਲ ਨਾ ਮੰਨਿਆ। ਬਾਕੀ ਆਪਣੀਆਂ ਗੱਲਾਂ ਵਿਚ ਮਗਨ ਹੋ ਗਏ।

"ਐਲਨ ਮੇਰੀ ਤਾਂ ਐਵੇਂ ਮਾੜੀ ਮੋਟੀ ਹਮਦਰਦੀ ਸੀ। ਮੈਂ ਕੀਤਾ ਤਾਂ ਕੁਝ ਨਹੀਂ। ਤੂੰ ਪ੍ਰਧਾਨ ਮੰਤਰੀ ਨੂੰ ਦੱਸਣਾ ਤਾਂ ਸੀ--।" ਰਸਲ ਦੇ ਬੋਲਾਂ ਵਿਚ ਪਛਤਾਵਾ ਸੀ।

"ਰਸਲ ਮੈਨੂੰ ਪਤਾ ਐ। ਪ੍ਰਧਾਨ ਮੰਤਰੀ ਦੀ ਵੀ ਜ਼ਿੰਮੇਵਾਰੀ ਐ। ਚੋਣ ਠੀਕ ਨਾ ਹੋਵੇ ਤਾਂ ਸਰਕਾਰ ਟੁੱਟਣ ਤੱਕ ਦਾ ਖਤਰਾ ਵੀ ਬਣ ਜਾਂਦਾ ਐ। ਜੇ ਸੰਭਵ ਹੁੰਦਾ ਤਾਂ ਉਹ ਜ਼ਰੂਰ ਕਰਦੇ। ਅਜਿਹੇ ਕੇਸਾਂ ਵਿਚ ਤਾਂ ਸਰਕਾਰ ਦੇ ਵਿਰੁੱਧ ਮਾੜਾ ਮੋਟਾ ਬਿਆਨ ਵੀ ਬਰਦਾਸ਼ਤ ਨਹੀਂ ਕੀਤਾ ਜਾਂਦਾ।"

ਰਸਲ ਕੋਲ ਕਹਿਣ ਲਈ ਹੋਰ ਕੁਝ ਨਹੀਂ ਸੀ। ਉਹ ਛੁੱਟੀ ਲੈ ਕੇ ਨਿਮੋਝੂਣਾ ਆਪਣੀ ਗੱਡੀ ਵਿਚ ਆ ਬੈਠਾ। ਲਿੰਨ ਵੀ ਚਲਾ ਗਿਆ। ਐਲਨ ਅਤੇ ਰੌਬਿਨ ਰੈਸਟੋਰੈਂਟ ਦੇ ਪਾਰਕ ਵਿਚ ਖੜ੍ਹੇ ਗੱਲਾਂ ਕਰਨ ਲੱਗੇ।

"ਐਲਨ ਮੈਂ ਤੇਰੇ ਨਾਲ ਇਕ ਖਾਸ ਗੱਲ ਕਰਨੀ ਐ। ਤੂੰ ਕਦੋਂ ਸ਼ਾਮ ਦੇ ਵਕਤ ਘਰ ਹੋਵੇਂਗਾ?"

"ਮੈਂ ਹੁਣ ਸ਼ਾਮ ਨੂੰ ਘਰ ਰਹਿਣ ਦਾ ਹੀ ਯਤਨ ਕਰਦਾ ਆਂ। ਬੱਚੇ ਯੂਨੀਵਰਸਟੀ ਤੋਂ ਘਰ ਆਏ ਹੋਏ ਐ। ਮੈਂ ਕੱਲ੍ਹ ਵੀ ਘਰ ਈ ਆਂ।"

“ਠੀਕ ਐ ਮੈਂ ਬੈਂਕ ਤੋਂ ਬਾਅਦ ਸ਼ਾਮ ਨੂੰ ਸੱਤ ਕੁ ਵਜੇ ਤੇਰੇ ਵੱਲ ਆਵਾਂਗਾ।” ਰੌਬਿਨ ਨੇ ਹੱਥ ਮਿਲਾਉਦਿਆਂ ਵਾਇਦਾ ਕੀਤਾ ਤੇ ਉਹ ਆਪੋ ਆਪਣੀਆਂ ਗੱਡੀਆਂ ਵਿਚ ਬੈਠ ਗਏ।

-----

ਜੈਨੀਫਰ ਅਤੇ ਐਲਨ ਬੈਠੇ ਰੌਬਿਨ ਦੀ ਉਡੀਕ ਵੀ ਕਰ ਰਹੇ ਸਨ ਅਤੇ ਆਪਣੇ ਬੇਟਿਆਂ ਦੇ ਭਵਿੱਖ ਬਾਰੇ ਵੀ ਸੋਚ ਰਹੇ ਸਨ। ਐਲਨ ਨੇ ਆਪਣੇ ਸਿਆਸੀ ਪ੍ਰਭਾਵ ਦੀ ਕਿਵੇਂ ਵਰਤੋਂ ਕਰਨੀ ਸੀ, ਉਸ ਬਾਰੇ ਉਸ ਦੇ ਮਨ ਵਿਚ ਧੁੰਧਲੀ ਜਿਹੀ ਤਸਵੀਰ ਸੀ। ਵੱਡੀ ਗੱਲ ਯੂਨੀਵਰਸਟੀ ਵਿਚੋਂ ਚੰਗੇ ਨੰਬਰ ਲੈਣੇ ਸਨ। ਉਸ ਨੂੰ ਬੱਚਿਆਂ ਦੀ ਕਾਬਲੀਅਤ ’ਤੇ ਯਕੀਨ ਸੀ। ਐਲਨ ਉਹਨਾਂ ਨਾਲ ਸਿਆਸੀ ਗੱਲਾਂ ਕਰਦਾ ਤਾਂ ਉਸ ਨੂੰ ਸੈਮ ਦੀ ਯਾਦ ਆ ਜਾਂਦੀ। ਉਸ ਨੇ ਵੀ ਐਲਨ ’ਤੇ ਬਹੁਤ ਮਿਹਨਤ ਕੀਤੀ ਸੀ। ਸੋਚ ਕੇ ਐਲਨ ਥੋੜ੍ਹਾ ਜਿਹਾ ਉਦਾਸ ਹੋ ਗਿਆ ਸੀ। ਜੈਨੀਫਰ ਨੇ ਆਪਣਾ ਨਰਮ ਹੱਥ ਉਸ ਦੇ ਹੱਥ ’ਤੇ ਰੱਖ ਕੇ ਤਸੱਲੀ ਦੇਣ ਦਾ ਯਤਨ ਕੀਤਾ। ਦਰਵਾਜ਼ੇ ਦੀ ਘੰਟੀ ਖੜਕੀ ਤਾਂ ਨੌਕਰ ਦੌੜ ਕੇ ਦਰਵਾਜ਼ੇ ’ਤੇ ਚਲਾ ਗਿਆ। ਐਲਨ ਵੀ ਰੌਬਿਨ ਦੀ ਆਵਾਜ਼ ਸੁਣ ਕੇ ਆਪਣੀ ਕੁਰਸੀ ਤੋਂ ਉੱਠ ਖੜਾ ਹੋ ਗਿਆ। ਦੋਵੇਂ ਹੱਥ ਮਿਲਾ ਕੇ ਬੈਠ ਗਏ। ਜੈਨੀਫਰ ਨੇ ਵੀ ਐਲਨ ਨਾਲ ਹੱਥ ਮਿਲਾਇਆ। ਬੱਚਿਆਂ ਨੇ ਆ ਕੇ ਹੈਲੋ ਕੀਤੀ ਤੇ ਕੁਝ ਦੇਰ ਪੜ੍ਹਾਈ ਲਿਖਾਈ ਦੀਆਂ ਗੱਲਾਂ ਕਰਕੇ ਆਪਣੇ ਕਮਰਿਆਂ ਵਿਚ ਚਲੇ ਗਏ।

ਐਲਨ ਵਾਈਨ ਦੀ ਬੋਤਲ ਖੋਲ੍ਹਣ ਲੱਗਾ ਤਾਂ ਰੌਬਿਨ ਨੇ ਰੋਕ ਦਿੱਤਾ।

“ਅੱਜ ਯਾਰ ਬੀਅਰ ਨਾ ਪੀਤੀ ਜਾਵੇ!”

“ਬੀਅਰ ਤਾਂ ਲੋਕ ਯਾਰ ਪਾਣੀ ਦੀ ਥਾਂ ਪੀਂਦੇ ਸੀ। ਸਾਫ਼ ਪਾਣੀ ਦੀ ਘਾਟ ਸੀ ਤੇ ਬੀਅਰ ਪੀਣੀ ਜ਼ਰੂਰੀ ਹੋ ਜਾਂਦੀ। ਤੈਨੂੰ ਪਤਾ ਪੱਬਾਂ ਵਿਚ ਬੀਅਰ ਵਿਚ ਲੂਣ ਘੋਲ ਦਿੰਦੇ ਸੀ ਤਾਂ ਜੋ ਲੋਕਾਂ ਨੂੰ ਬੀਅਰ ਪੀ ਕੇ ਹੋਰ ਪਿਆਸ ਲੱਗੇ ਤੇ ਉਹ ਜ਼ਿਆਦਾ ਬੀਅਰ ਪੀਣ। ਇਹ ਤਾਂ ਸਰਕਾਰ ਨੇ ਅਲਕੋਹਲ ਸਬੰਧੀ ਕਨੂੰਨ ਬਣਾਏ ਤੇ ਲਾਇਸੰਸ ਸ਼ੁਰੂ ਕੀਤੇ ਤਾਂ ਕੰਟਰੋਲ ਹੋਇਆ--।” ਐਨੇ ਨੂੰ ਨੌਕਰ ਬੀਅਰ ਲੈ ਕੇ ਆ ਗਿਆ।

“ਐਲਨ ਕਿਤੇ ਤੂੰ ਨਾ ਲੂਣ ਪਾ ਦੇਈਂ ਇਹਦਾ ਘਾਟਾ ਤੈਨੂੰ ਈ ਪੈਣਾ।” ਰੌਬਿਨ ਨੇ ਮਖੌਲ ਕੀਤਾ ਤਾਂ ਸਾਰੇ ਹੱਸ ਪਏ।

“ਤੂੰ ਦੱਸ ਕਿਹੜੀ ਖਾਸ ਗੱਲ ਕਰਨੀ ਸੀ---।”

ਉਹਨਾਂ ਨੇ ਬੀਅਰ ਦੇ ਘੁੱਟ ਭਰੇ ਤੇ ਆਪਣੇ ਆਪਣੇ ਮੂਡ ਬਣਾਉਣ ਲੱਗੇ। ਰੌਬਿਨ ਹਿਚਕਚਾਇਆ ਜਿਹਾ ਬੈਠਾ ਰਿਹਾ। ਜੈਨੀਫਰ ਉੱਠ ਕੇ ਜਾਣ ਲੱਗੀ। ਉਸ ਨੇ ਸੋਚਿਆ ਸ਼ਾਇਦ ਰੌਬਿਨ ਉਸ ਸਾਹਮਣੇ ਗੱਲ ਨਾ ਕਰਨੀ ਚਾਹੁੰਦਾ ਹੋਵੇ।

“ਜੈਨੀਫਰ ਤੁਸੀਂ ਵੀ ਬੈਠੋ ਪਲੀਜ਼।” ਰੌਬਿਨ ਨੇ ਆਪਣਾ ਗਲਾਸ ਵੀ ਟੇਬਲ ’ਤੇ ਰੱਖ ਦਿੱਤਾ। ਉਸ ਨੇ ਗੱਲ ਸ਼ੁਰੂ ਕੀਤੀ।

“ਗੱਲ ਕਰਿਸਟਲ ਬਾਰੇ ਐ----।” ਤੇ ਉਸ ਨੇ ਸਾਰੀ ਕਹਾਣੀ ਵੀ ਸੁਣਾ ਦਿੱਤੀ ਤੇ ਆਪਣਾ ਤੌਖਲਾ ਵੀ।

ਤਿੰਨੇ ਜਣੇ ਸੋਚਾਂ ਦੀ ਘੁੰਮਣਘੇਰੀ ਵਿਚ ਫਸ ਗਏ। ਐਲਨ ਤੇ ਜੈਨੀਫਰ ਨੇ ਇਕ ਦੂਜੇ ਵੱਲ ਵੇਖਿਆ ਜਿਵੇਂ ਪੁੱਛ ਰਹੇ ਹੋਣ ਕੀ ਜਵਾਬ ਦੇਈਏ! ਬਿਨਾਂ ਕੁਝ ਬੋਲਣ ਤੋਂ ਹੋਰ ਕੋਈ ਚਾਰਾ ਨਹੀਂ ਸੀ।

“ਰੌਬਿਨ, ਤੂੰ ਕਰਿਸਟਲ ਬਾਰੇ ਕੀ ਸੋਚਦਾਂ? ਕਰਿਸਟਲ ਤੇਰੇ ਘਰ ਵਿਚ ਕਿੰਨੇ ਸਾਲਾਂ ਤੋਂ ਰਹਿ ਰਹੀ ਐ? ਤੂੰ ਉਸ ਨੂੰ ਆਪਣੀ ਧੀ ਮੰਨਿਆ। ਕਰਿਸਟਲ ਦਾ ਸੱਚ ਕੁਝ ਵੀ ਹੋਵੇ ਤੈਨੂੰ ਕੋਈ ਫਰਕ ਨਹੀਂ ਪੈਣਾ ਚਾਹੀਦਾ।” ਜੈਨੀਫਰ ਨੇ ਸਮੱਸਿਆ ਨੂੰ ਛੋਟੀ ਬਣਾਉਣ ਦਾ ਯਤਨ ਕੀਤਾ।

“ਬਿਲਕੁਲ ਸਹੀ। ਕਰਿਸਟਲ ਦੀ ਗੱਲ ਨਹੀਂ ਐ। ਗੱਲ ਐ ਜੇ ਉਸ ਨੂੰ ਜਨਮ ਐਡਵੀਨਾ ਨੇ ਦਿੱਤਾ ਤਾਂ ਮੈਨੂੰ ਹਨ੍ਹੇਰੇ ਵਿਚ ਰੱਖਿਆ। ਦੂਜਾ ਉਹ ਕੌਣ ਐ? ਇਹ ਸਵਾਲ ਮੈਨੂੰ ਚੈਨ ਨਹੀਂ ਲੈਣ ਦਿੰਦੇ।”

ਕਮਰੇ ਵਿਚ ਸੰਘਣੀ ਚੁੱਪ ਛਾਅ ਗਈ। ਸਿਰਫ ਗੈਸ ਲੈਂਪ ਦੀ ਹਲਕੀ ਜਿਹੀ ਜਲਣ ਦੀ ਆਵਾਜ਼ ਆ ਰਹੀ ਸੀ। ਉਹਨਾਂ ਕੋਲੋਂ ਜਿਵੇਂ ਸ਼ਬਦ ਗੁਆਚ ਗਏ ਹੋਣ।

“ਰੌਬਿਨ ਤੂੰ ਚਾਹੁੰਦਾ ਕੀ ਐਂ? ਐਡਵੀਨਾ ਬਾਰੇ ਜਾਣਕਾਰੀ! ਪਤਾ ਨਹੀਂ ਸੱਚ ਕੀ ਹੋਵੇ? ਕੋਈ ਰਾਜ਼ ਹੋਵੇ ਜਾਂ ਨਾ ਹੋਵੇ! ਇਕ ਵਾਰ ਤੂੰ ਇਸ ਚੱਕਰ ਵਿਚ ਪੈ ਗਿਆ ਤਾਂ ਤੁਹਾਡੇ ਰਿਸ਼ਤੇ ਦੀਆਂ ਕਈ ਪਰਤਾਂ ਬਿਖਰ ਜਾਣਗੀਆਂ। ਬੀਤਿਆ ਸਮਾਂ ਕਦੇ ਵਾਪਿਸ ਨਹੀਂ ਆਉਂਦਾ ਹੁੰਦਾ। ਮੰਨ ਲਉ ਐਡਵੀਨਾ ਹੀ ਉਸ ਦੀ ਮਾਂ ਹੈ। ਫੇਰ ਕੀ ਹੋਇਆ ਯਾਰ! ਤੁਹਾਡੇ ਕੋਈ ਬੱਚਾ ਨਹੀਂ ਸੀ। ਤੁਸੀਂ ਇਸ ਬੱਚੀ ਨੂੰ ਗੋਦ ਲੈ ਲਿਆ। ਇਸ ਦੀ ਥਾਂ ਕੋਈ

ਹੋਰ ਲੈ ਲੈਂਦੇ ਤਾਂ ਵੀ ਕੀ ਹੁੰਦਾ! ਮੇਰੇ ਖਿਆਲ ਵਿਚ ਤਾਂ ਚੁੱਪ ਕਰ ਜਾਹ ਤੇ ਇਸ ਬਾਰੇ ਸੋਚਣਾ ਬੰਦ ਕਰ ਦੇਹ। ਆਪਣੇ ਪਰਿਵਾਰ ਦੀ ਖੁਸ਼ੀ ਨੂੰ ਲਾਂਬੂ ਨਾ ਲਾ---।'' ਐਲਨ ਨੇ ਭਾਵੁਕ ਹੁੰਦਿਆਂ ਰੌਬਿਨ ਨੂੰ ਹੋੜਨ ਦੀ ਕੋਸ਼ਿਸ਼ ਕੀਤੀ।

ਰੌਬਿਨ ਦੀ ਉਹਨਾਂ ਦੀ ਰਾਇ ਨਾਲ ਤਸੱਲੀ ਨਾ ਹੋਈ। ਉਹ ਐਡਵੀਨਾ ਬਾਰੇ ਜਾਣਨਾ ਚਾਹੁੰਦਾ ਸੀ। ਕਰਿਸਟਲ ਨੂੰ ਗੋਦ ਲੈ ਕੇ ਉਸ ਨੂੰ ਲਗਦਾ ਸੀ ਉਸ ਨੇ ਬੱਜਰ ਗਲਤੀ ਕਰ ਲਈ ਸੀ। ਐਲਨ ਅਤੇ ਜੈਨੀਫਰ ਦੀ ਰਾਇ ਵੀ ਠੀਕ ਸੀ। ਜੇ ਕੋਈ ਗੱਲ ਨਿਕਲ ਆਈ ਤਾਂ ਰੌਬਿਨ ਕਿਵੇਂ ਐਡਵੀਨਾ ਨਾਲ ਰਹਿ ਸਕੇਗਾ ਤੇ ਕਰਿਸਟਲ ਦਾ ਭਵਿੱਖ ਕਿਹੋ ਜਿਹਾ ਹੋਵੇਗਾ। ਇਹ ਸਵਾਲ ਉਸ ਦੇ ਮਨ ਵਿਚ ਬਹੁਤ ਵਾਰ ਪਹਿਲਾਂ ਵੀ ਆ ਚੁੱਕੇ ਸਨ। ਸਭ ਕੁਝ ਦੇ ਬਾਵਜੂਦ ਉਹ ਆਪਣੇ ਆਪ ਨੂੰ ਇਸ ਸੋਚ ਤੋਂ ਸੁਰਖਰੂ ਨਹੀਂ ਕਰ ਸਕਿਆ ਸੀ। ਉਹ ਐਲਨ ਸਾਹਮਣੇ ਸੋਚਾਂ ਵਿਚ ਉਲਝਿਆ ਬੈਠਾ ਸੀ। ਬੀਅਰ ਦਾ ਘੁੱਟ ਭਰਨਾ ਉਸ ਨੂੰ ਭੁਲਿਆ ਹੋਇਆ ਸੀ।
''ਰੌਬਿਨ ਬਹੁਤ ਕੁਝ ਦਾਅ 'ਤੇ ਐ। ਜੇ ਤੂੰ ਸਭ ਕੁਝ ਨੂੰ ਸਮਝ ਕੇ ਦਾਅ ਖੇਡਣਾ ਚਾਹੁੰਨਾ ਤਾਂ ਤੇਰੀ ਮਰਜ਼ੀ।'' ਐਲਨ ਨੇ ਧੀਮੀ ਆਵਾਜ਼ ਵਿਚ ਕਿਹਾ ਤੇ ਉਸ ਦਾ ਪ੍ਰਤੀਕ੍ਰਮ ਜਾਣਨ ਲਈ ਉਸ ਵੱਲ ਵੇਖਦਾ ਰਿਹਾ।
''ਐਲਨ ਮੇਰਾ ਖਿਆਲ ਐ ਇਹ ਦਾਅ ਖੇਡਣਾ ਹੀ ਪੈਣਾ---।'' ਕਹਿੰਦਿਆਂ ਉਹ ਉੱਠਿਆ ਅਤੇ ਜਾਣ ਦੀ ਇਜਾਜ਼ਤ ਲੈ ਕੇ ਗੱਡੀ ਵਿਚ ਜਾ ਬੈਠਾ। ਅਜੇ ਉਸ ਦੇ ਸਾਹਮਣੇ ਚਾਰਲੀ ਐਡਵਰਡ ਦਾ ਮਸਲਾ ਸੀ ਜਿਸ ਨੂੰ ਜਲਦੀ ਹੱਲ ਕਰਨਾ ਪੈਣਾ ਸੀ।

## 26

ਰੌਬਿਨ ਨੇ ਚਾਰਲੀ ਨਾਲ ਮੀਟਿੰਗ ਕਰਨੀ ਸੀ। ਉਸ ਨੇ ਚਾਰਲੀ ਨੂੰ ਆਪਣੇ ਘਰ ਮਿਲਣ ਬਾਰੇ ਸੋਚਿਆ ਤੇ ਨਾਲ ਹੀ ਵਿਚਾਰ ਤਿਆਗ ਦਿੱਤਾ। ਚਾਰਲੀ ਦੇ ਘਰ ਜਾ ਕੇ ਉਸ ਨਾਲ ਬਿਜਨਸ ਦੀ ਗੱਲ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਸ ਨੇ ਦਫ਼ਤਰ ਦਾ ਕੰਮ ਦਫ਼ਤਰ ਵਿਚ ਹੀ ਕਰਨ ਦਾ ਮਨ ਬਣਾਇਆ। ਇਸ ਸਬੰਧ ਵਿਚ ਉਸ ਨੇ ਚਾਰਲੀ ਨੂੰ ਇਕ ਪੱਤਰ ਭੇਜ ਦਿੱਤਾ ਅਤੇ ਤਿੰਨ ਚਾਰ ਦਿਨ ਬਾਅਦ ਮਿਲਣ ਦਾ ਸਮਾਂ ਲਿਖ ਦਿੱਤਾ। ਜਦ ਹਰਕਾਰਾ ਉਸ ਦੇ ਘਰ ਗਿਆ ਤਾਂ ਚਾਰਲੀ ਘਰ ਨਹੀਂ ਸੀ। ਉਸ ਦੇ ਨੌਕਰ ਨੂੰ ਪੱਤਰ ਦੇ ਕੇ ਉਹ ਵਾਪਿਸ ਆ ਗਿਆ। ਚਾਰਲੀ ਦਾ ਪੱਤਰ ਆ ਗਿਆ ਕਿ ਉਹ ਕੁਝ ਦਿਨਾਂ ਲਈ ਬਾਹਰ ਜਾ ਰਿਹਾ ਸੀ ਤੇ ਦਸ ਦਿਨ ਬਾਅਦ ਮਿਲਣ ਦਾ ਸਮਾਂ ਲਿਖ ਦਿੱਤਾ। ਰੌਬਿਨ ਨੂੰ ਬਹੁਤ ਗੁੱਸਾ ਆਇਆ। ਇਕ ਪਾਸੇ ਬੈਂਕ ਦੇ ਸਾਰੇ ਹਿੱਸੇਦਾਰ ਉਸ ਲਈ ਛੁਰੀਆਂ ਕੱਢੀ ਬੈਠੇ ਸਨ ਤੇ ਦੂਜੇ ਪਾਸੇ ਉਸਨੂੰ ਕੋਈ ਪ੍ਰਵਾਹ ਹੀ ਨਹੀਂ ਤੇ ਉਹ ਛੁੱਟੀਆਂ ਮਨਾਉਂਦਾ ਫਿਰ ਰਿਹਾ ਸੀ। ਰੌਬਿਨ ਨੇ ਗੱਲ ਆਈ ਗਈ ਕਰ ਦਿੱਤੀ।

ਅਜੇ ਮਸਾਂ ਤਿੰਨ ਕੁ ਦਿਨ ਹੀ ਬੀਤੇ ਸਨ। ਬੈਂਕ ਦਾ ਇਕ ਹਿੱਸੇਦਾਰ ਕੁਝ ਦੋਸਤਾਂ ਨਾਲ 'ਯੰਗ ਨਾਈਟ ਕਲੱਬ' ਵਿਚ ਗਿਆ ਤਾਂ ਚਾਰਲੀ ਉਥੇ ਬੈਠਾ ਪੱਤਾ ਖੇਡਣ ਵਿਚ ਮਗਨ ਸੀ। ਅਗਲੇ ਦਿਨ ਇਹ ਜਾਣਕਾਰੀ ਉਸ ਨੇ ਰੌਬਿਨ ਅਤੇ ਬਾਕੀ ਸਾਥੀਆਂ ਨਾਲ ਸਾਂਝੀ ਕੀਤੀ। ਰੌਬਿਨ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ। ਬੰਦੇ ਦੀ ਗੈਰਜ਼ਿੰਮੇਵਾਰੀ ਦੀ ਵੀ ਕੋਈ ਹੱਦ ਹੁੰਦੀ ਹੈ। ਰੌਬਿਨ ਦੀ ਮਾੜੀ ਮੋਟੀ ਰਹਿੰਦੀ ਹਮਦਰਦੀ ਵੀ ਖਤਮ ਹੋ ਗਈ ਸੀ। ਉਸ ਨੇ ਆਪਣੇ ਮਨ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਗੁੱਸੇ ਅਤੇ ਕਾਹਲ ਵਿਚ ਫੈਸਲੇ ਲੈਣੇ ਉਸ ਨੇ ਬਹੁਤ ਪਹਿਲਾਂ ਤਿਆਗ ਦਿੱਤੇ ਸਨ।

ਰਾਤੀਂ ਰੌਬਿਨ ਨੂੰ ਨੀਂਦ ਨਾ ਆਈ। ਉਸ ਦੇ ਜ਼ਿਹਨ ਵਿਚ ਚਾਰਲੀ ਐਡਵਰਡ ਹੀ ਘੁੰਮ ਰਿਹਾ ਸੀ। ਸੋਚਦਿਆਂ ਉਸ ਦੇ ਮਨ ਵਿਚ ਇਕ ਵਿਚਾਰ ਲਸ਼ਕੋਰ ਵਾਂਗ ਚਮਕਿਆ।
'ਸ਼ਾਇਦ ਚਾਰਲੀ ਸਟਾਰ ਕੰਟਰੈਕਟਰਜ਼ ਦੇ ਅਖੌਤੀ ਮਾਲਕ ਨਾਲ ਮਿਲਦਾ ਹੋਵੇ!'

ਇਹ ਵਿਚਾਰ ਆਉਂਦਿਆਂ ਹੀ ਉਸ ਦੇ ਮਨ ਵਿਚ ਹੋਰ ਵੀ ਬਹੁਤ ਕੁਝ ਆਉਣ ਜਾਣ ਲੱਗਾ। ਅਗਲੇ ਦਿਨ ਸਵੇਰੇ ਹੀ ਉਸ ਨੇ ਡੈਕਸਟਰ ਨੂੰ ਆਪਣੇ ਦਫ਼ਤਰ ਵਿਚ ਸੱਦਿਆ 'ਤੇ ਉਸ ਨੂੰ ਪ੍ਰਾਈਵੇਟ ਡੀਟੈਕਟਵ ਨਾਲ ਮਿਲਾਉਣ ਲਈ ਕਿਹਾ। ਜਦ ਵੀ ਸੰਭਵ ਹੋਵੇ ਉਹ ਦਫ਼ਤਰ ਤੋਂ ਕੁਝ ਦੂਰ ਇਕ ਆਮ ਜਿਹੇ ਪੱਬ ਵਿਚ ਮਿਲਣਗੇ ਜਿਥੇ ਬੈਂਕ ਜਾਂ ਹੋਰ ਕੋਈ ਜਾਣ-ਪਛਾਣ ਵਾਲਾ ਬੰਦਾ ਉਸ ਨੂੰ ਜਾਣਦਾ ਨਾ ਹੋਵੇ। ਇਹ ਮੀਟਿੰਗ ਉਸ ਸ਼ਾਮ ਨੂੰ ਹੀ ਹੋ ਗਈ। ਡੀਟੈਕਟਿਵ ਨੇ ਆਪਣਾ ਨਾਂ ਜੌਹਨ ਨਾਈਟ ਦੱਸਿਆ। ਜੌਹਨ ਦੀਆਂ ਤੇਜ਼ ਅੱਖਾਂ ਨੂੰ ਵੇਖਦਿਆਂ ਰੌਬਿਨ ਨੇ ਸੋਚਿਆ ਉਹਨਾਂ ਅੱਖਾਂ ਤੋਂ ਕੋਈ ਵੀ ਬਚ ਨਹੀਂ ਸਕਦਾ। ਜੌਹਨ ਤੇਜ਼-ਤਰਾਰ ਤੇ ਚੁਸਤ-

ਫੁਰਤ ਆਦਮੀ ਸੀ। ਰੌਬਿਨ ਨੇ ਉਸ ਲਈ ਬੀਅਰ ਦਾ ਗਲਾਸ ਅਤੇ ਆਪਣੇ ਲਈ ਲਾਲ ਵਾਈਨ ਦਾ ਗਲਾਸ ਮੰਗਵਾਇਆ। ਡੈਕਸਟਰ ਉਸੇ ਵਕਤ ਚਲਾ ਗਿਆ ਸੀ। ਰੌਬਿਨ ਦੇ ਕਹਿਣ ਤੇ ਵੀ ਰੁਕਣ ਦੀ ਥਾਂ ਉਸ ਨੇ ਜਾਣਾ ਹੀ ਠੀਕ ਸਮਝਿਆ। ਭਾਂਵੇਂ ਡੈਕਸਟਰ ਤੋਂ ਕੁਝ ਵੀ ਛੁਪਿਆ ਹੋਇਆ ਨਹੀਂ ਸੀ।

"ਜੌਹਨ ਮੈਂ ਚਾਹੁੰਦਾ ਹਾਂ ਸਟਾਰ ਕੰਟਰੈਕਟਰਜ਼ ਕੰਪਨੀ ਦੇ ਮਾਲਕ ਬਾਰੇ ਜਿੰਨੀ ਵੀ ਜਾਣਕਾਰੀ ਸੰਭਵ ਹੋਵੇ 'ਕੱਠੀ ਕੀਤੀ ਜਾਵੇ। ਦੂਸਰੇ ਐਡਵਰਡ ਮੇਰੇ ਖਿਆਲ ਵਿਚ ਉਸ ਆਦਮੀ ਨੂੰ ਮਿਲਦਾ ਹੈ ਤੇ ਉਹਨਾਂ 'ਤੇ ਨਜ਼ਰ ਰੱਖੀ ਜਾਵੇ। ਕੁਝ ਦਿਨਾਂ ਵਿਚ ਮੇਰੀ ਐਡਵਰਡ ਨਾਲ ਮੀਟਿੰਗ ਹੈ ਤੇ ਮੈਂ ਉਦੋਂ ਤੱਕ ਵੱਧ ਤੋਂ ਵੱਧ ਜਾਣਕਾਰੀ ਚਾਹੁੰਦਾ ਹਾਂ---।"

ਜੌਹਨ, ਚਾਰਲੀ ਐਡਵਰਡ ਨੂੰ ਮਿਲਿਆ ਨਹੀਂ ਸੀ। ਉਸ ਬਾਰੇ ਉਸ ਨੇ ਮੋਟੀ ਜਿਹੀ ਜਾਣਕਾਰੀ ਲਈ। ਉਸ ਦੇ ਘਰ ਦਾ ਪਤਾ ਆਦਿ ਉਸ ਨੇ ਨੋਟ ਕਰ ਲਿਆ। ਸੰਖੇਪ ਤੇ ਲੋੜੀਂਦੀ ਗੱਲ ਕਰਕੇ ਉਹ ਦੋਵੇਂ ਆਪੋ ਆਪਣੇ ਰਾਹ ਪੈ ਗਏ। ਉਹਨਾਂ ਨੇ ਚਾਰਲੀ ਐਡਵਰਡ ਨਾਲ ਮੀਟਿੰਗ ਤੋਂ ਪਹਿਲੀ ਸ਼ਾਮ ਮਿਲਣ ਦਾ ਸਮਾਂ ਨੀਯਤ ਕਰ ਲਿਆ। ਰੌਬਿਨ ਦੇ ਮਨ ਤੋਂ ਕੁਝ ਕੁ ਭਾਰ ਲਹਿ ਗਿਆ ਤੇ ਉਹ ਜੌਹਨ ਦੀ ਕਾਰਗੁਜ਼ਾਰੀ ਬਾਰੇ ਅੰਦਾਜ਼ੇ ਲਗਾਉਂਦਾ ਗੱਡੀ ਵਿਚ ਜਾ ਬੈਠਾ।

----------

ਜੌਹਨ ਹੰਢਿਆ ਵਰਤਿਆ ਜਸੂਸ ਸੀ। ਉਸ ਨੇ ਆਪਣੀ ਪੁੱਛ-ਪੜਤਾਲ ਸਟਾਰ ਕੰਟਰੈਕਟਰਜ਼ ਤੋਂ ਸ਼ੁਰੂ ਕੀਤੀ। ਪੁੱਛ-ਪੜਤਾਲ ਵਿਚ ਸਭ ਤੋਂ ਪਹਿਲਾਂ ਸਟਾਰ ਕੰਟਰੈਕਟਰਜ਼ ਦੇ ਦਫ਼ਤਰ ਨੂੰ ਵਾਚਣ ਲੱਗਾ। ਦਫ਼ਤਰ ਵਿਚ ਥੋੜੇ ਬਹੁਤ ਚਿਰ ਲਈ ਇਕੋ ਇਕ ਬੰਦਾ ਆਉਂਦਾ। ਪੜਤਾਲ ਤੋਂ ਹੈਰਾਨੀ ਇਸ ਗੱਲ ਦੀ ਹੋਈ, ਉਸ ਬੰਦੇ ਕੋਲ ਕਦੀ ਕਦੀ ਹੀ ਕੋਈ ਮਿਲਣ ਵਾਲਾ ਬੰਦਾ ਆਉਂਦਾ। ਦਫ਼ਤਰ ਉਸ ਦਾ ਹੈਰੋ ਵਿਚ ਸੀ। ਇਹ ਚੁੱਪ ਕੀਤਾ ਜਿਹਾ ਕਸਬਾ ਸੀ। ਕੁਝ ਦੁਕਾਨਾਂ ਸਨ। ਇਹਨਾਂ ਦੁਕਾਨਾਂ ਦੇ ਨੇੜੇ ਹੀ ਇਹ ਦਫ਼ਤਰ ਸੀ। ਜੌਹਨ ਨੇ ਦਫ਼ਤਰ ਦਾ ਦਰਵਾਜ਼ਾ ਖੜਕਾਇਆ ਤਾਂ ਬੰਦਾ ਆਪ ਦਰਵਾਜ਼ਾ ਖੋਲ੍ਹਣ ਆਇਆ। ਜੌਹਨ ਨੇ ਉਸ ਬੰਦੇ ਤੋਂ ਨਾਂ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਬਿੱਲ ਬਰਾਊਨ ਦੱਸਿਆ। ਜੌਹਨ ਨੇ ਆਪਣੇ ਲਈ ਕੋਈ ਬਿਲਡਿੰਗ ਬਣਵਾਉਣ ਦਾ ਬਹਾਨਾ ਬਣਾ ਕੇ ਗੱਲ ਸ਼ੁਰੂ ਕੀਤੀ।

"ਮਿਸਟਰ ਬਰਾਊਨ ਮੈਂ ਇਕ ਵੇਅਰ ਹਾਊਸ ਬਣਵਾਉਣਾ ਹੈ। ਜ਼ਮੀਨ ਖਰੀਦੀ ਹੋਈ ਐ। ਮੈਂ ਉਸ ਬਾਰੇ ਜਾਣਕਾਰੀ ਚਾਹੁੰਨਾ।"

"ਸਰ ਤੁਸੀਂ ਸਾਨੂੰ ਸਾਰੀ ਜਾਣਕਾਰੀ ਲਿਖ ਕੇ ਦੇ ਦਿਉ ਫਿਰ ਅਸੀਂ ਤੁਹਾਨੂੰ ਆਪਣੀ ਰਾਇ ਭੇਜਾਂਗੇ।" ਬਿੱਲ ਦੇ ਸ਼ਬਦਾਂ ਵਿਚ ਕੋਈ ਭਰੋਸਾ ਨਹੀਂ ਸੀ ਲਗਦਾ।

"ਮੈਂ ਤੁਹਾਡੇ ਨਕਸ਼ਾ ਨਵੀਸ ਅਤੇ ਪਰੋਜੈਕਟ ਮਨੇਜਰ ਨੂੰ ਮਿਲ ਸਕਦਾਂ?" ਜੌਹਨ ਨੇ ਨਿਰਖ ਨਾਲ ਦਫ਼ਤਰ ਵਿਚ ਨਜ਼ਰਾਂ ਘੁਮਾਈਆਂ। ਕੋਈ ਖਾਸ ਫਾਈਲਾਂ ਨਹੀਂ ਸਨ ਅਤੇ ਨਾਂ ਹੀ ਕਿਸੇ ਬੰਦੇ ਦੇ ਕੰਮ ਕਰਨ ਦਾ ਨਾਂ ਨਿਸ਼ਾਨ ਸੀ।

"ਉਹ ਤੁਹਾਨੂੰ ਦੋ ਕੁ ਹਫ਼ਤੇ ਬਾਅਦ ਹੀ ਮਿਲ ਸਕਦੇ ਐ। ਅਜੇ ਤਾਂ ਉਹ ਬਹੁਤ ਰੁੱਝੇ ਹੋਏ ਹਨ।"

"ਤੁਸੀਂ ਇਸ ਵੇਲੇ ਕਿਥੇ ਕੰਮ ਕਰ ਰਹੇ ਓ?" ਜੌਹਨ ਦੀਆਂ ਨਜ਼ਰਾਂ ਇਕ ਪਲ ਵੀ ਬਿੱਲ ਦੇ ਮੂੰਹ ਤੋਂ ਪਾਸੇ ਨਹੀਂ ਸਨ ਹੋ ਰਹੀਆਂ ਤੇ ਬਿੱਲ ਆਪਣੀਆਂ ਨਜ਼ਰਾਂ ਐਧਰ ਉਧਰ ਘੁਮਾਉਣ ਲਈ ਮਜਬੂਰ ਸੀ।

"ਤਿੰਨ ਚਾਰ ਥਾਂਵਾਂ 'ਤੇ ਕੰਮ ਚੱਲ ਰਿਹਾ ਐ। ਲੰਡਨ ਵਿਚ ਵੀ ਐ ਤੇ ਸਵਿੰਡਨ ਵੀ।"

"ਜੇ ਤੁਸੀਂ ਮੈਨੂੰ ਲੰਡਨ ਵਾਲੇ ਕੰਮ ਦਾ ਐਡਰੈਸ ਦੇ ਦਿਉ ਤਾਂ ਮੈਂ ਉਹਨਾਂ ਨੂੰ ਉਥੇ ਮਿਲਣ ਦੀ ਕੋਸ਼ਿਸ਼ ਕਰ ਸਕਦਾਂ ਤੇ ਨਾਲੇਂ ਆਰਡਰ ਦੇਣ ਤੋਂ ਪਹਿਲਾਂ ਮੈਨੂੰ ਕੰਮ ਵੇਖ ਕੇ ਤਸੱਲੀ ਹੋ ਜਾਊ--।"

"ਸਰ ਸਾਡੀ ਕੰਪਨੀ ਦੀ ਆਪਣੇ ਕੰਮ ਦਾ ਐਡਰੈਸ ਦੇਣ ਦੀ ਪਾਲਸੀ ਨਹੀਂ ਹੈ। ਮੈਨੂੰ ਅਫ਼ਸੋਸ ਐ---।" ਬਿਲ ਨੇ ਆਪਣੇ ਵੱਲੋਂ ਗੱਲ ਮੁਕਾ ਦਿੱਤੀ।

ਜੌਹਨ ਨੂੰ ਕੋਈ ਭਰਮ ਨਾ ਰਿਹਾ ਬਿਲਡਿੰਗ ਵਰਕ ਤਾਂ ਇਕ ਬਹਾਨਾ ਹੀ ਸੀ। ਅਸਲ ਕੰਮ ਕੁਝ ਹੋਰ ਸੀ ਤੇ ਜੋ ਵੀ ਸੀ ਉਹ ਗੈਰਕਨੂੰਨੀ ਹੀ ਹੋ ਸਕਦਾ ਸੀ। ਹੱਥ ਮਿਲਾ ਕੇ ਜੌਹਨ ਬਾਹਰ ਆ ਗਿਆ। ਉਸ ਨੇ ਆਪਣੇ ਦੋ ਹੋਰ ਆਦਮੀਆਂ ਨੂੰ ਚਾਰਲੀ ਐਡਵਰਡ ਤੇ ਬਿੱਲ ਦੀ ਨਿਗਰਾਨੀ ਦਾ ਕੰਮ ਸੌਂਪ ਦਿੱਤਾ ਅਤੇ ਆਪ ਉਹ ਬਿੱਲ ਦੀ ਨਿਗਰਾਨੀ ਕਰਨ ਵਿਚ ਮਦਦ ਕਰਨ ਲੱਗਾ। ਦੋਵੇਂ ਬੰਦੇ ਬਦਲ ਬਦਲ ਕੇ ਬਿੱਲ ਦਾ ਚੌਕਸੀ ਨਾਲ ਪਿੱਛਾ ਕਰਦੇ।

ਇਹਨਾਂ ਦਿਨਾਂ ਵਿਚ ਰੌਬਿਨ ਵੀ ਯੰਗ ਨਾਈਟ ਕਲੱਬ ਵਿਚ ਦੋ ਕੁ ਵਾਰ ਗਿਆ ਜਿਥੇ ਉਹ ਜਾਣਾ ਬਹੁਤਾ ਪਸੰਦ ਨਹੀਂ ਕਰਦਾ ਸੀ। ਜੂਏ ਬਾਜੀ ਤੋਂ ਰੌਬਿਨ ਚਲਦਾ ਸੀ ਤੇ ਇਸ ਕਲੱਬ ਵਿਚ ਲੋਕ ਪੱਤਾ ਖੇਲ੍ਹਣ ਅਤੇ ਵੱਡੀਆਂ ਰਕਮਾਂ ਹਾਰਣ-ਜਿੱਤਣ ਹੀ ਆਉਂਦੇ ਸਨ। ਰੌਬਿਨ ਨੂੰ ਪਤਾ ਸੀ ਚਾਰਲੀ ਐਡਵਰਡ ਵੀ ਪੱਤਾ ਖੇਡ ਲੈਂਦਾ ਸੀ। ਇਹਨਾਂ ਦਿਨਾਂ ਵਿਚ ਰੌਬਿਨ ਨੇ ਐਡਵਰਡ ਨੂੰ ਉਥੇ ਨਹੀਂ ਵੇਖਿਆ ਸੀ।

ਜੌਹਨ ਅਤੇ ਰੌਬਿਨ ਮਿਥੇ ਸਮੇਂ ਅਤੇ ਥਾਂ 'ਤੇ ਮਿਲੇ ਤਾਂ ਜੌਹਨ ਨੇ ਬਿਨਾਂ ਕੋਈ ਸਮਾਂ ਗੁਆਉਣ ਦੇ ਸਾਰੀ ਜਾਣਕਾਰੀ ਰੌਬਿਨ ਅੱਗੇ ਰੱਖ ਦਿੱਤੀ।

ਚਾਰਲੀ ਐਡਵਰਡ ਅਤੇ ਬਿਲ ਬਹੁਤ ਗਹਿਰੇ ਦੋਸਤ ਸਨ। ਬਿਲ ਬਹੁਤ ਵਾਰ ਐਡਵਰਡ ਦੇ ਘਰ ਵਿਚ ਵੀ ਆਉਂਦਾ ਸੀ ਤੇ ਦੇਰ ਰਾਤ ਤੱਕ ਰਹਿੰਦਾ ਸੀ। ਉਹ ਜਦ ਵੀ ਮਿਲਦੇ ਇਕ ਆਮ ਪੱਬ ਵਿਚ ਮਿਲਦੇ ਬਹੁਤੀ ਵਾਰ ਹੈਮਰਸਮਿਥ ਜਿਥੇ ਉਹਨਾਂ ਦੋਵਾਂ ਨੂੰ ਕੋਈ ਨੇੜਤਾ ਵਾਲਾ ਘੱਟ ਹੀ ਮਿਲਦਾ। ਉਹਨਾਂ ਦੋਵਾਂ ਦੀ ਦੋਸਤੀ ਦਾ ਰਿਸ਼ਤਾ ਅਜੀਬ ਸੀ ਜਿਸ ਬਾਰੇ ਜੌਹਨ ਨੇ ਕੁਝ ਨਾ ਕਹਿਣਾ ਹੀ ਠੀਕ ਸਮਝਿਆ। ਪਰ ਇਸ਼ਾਰਾ ਮਾਤਰ ਗੱਲ ਜ਼ਰੂਰ ਕਰ ਦਿੱਤੀ।

ਬਿੱਲ ਬਹੁਤ ਤੇਜ਼ ਤਰਾਰ ਬੰਦਾ ਸੀ। ਬਿੱਲ ਦੇ ਯੂਰਪ ਦੇ ਦੂਜੇ ਦੇਸ਼ਾ ਤੋਂ ਹੇਰਾ-ਫੇਰੀ ਨਾਲ ਚੀਜ਼ਾਂ ਲਿਆ ਕੇ ਵੇਚਣ ਦਾ ਜੌਹਨ ਨੂੰ ਕੁਝ ਕੁ ਸੁਰਾਗ ਮਿਲ ਗਿਆ ਸੀ। ਨਾ ਹੀ ਚਾਰਲੀ ਕਿਧਰੇ ਛੁੱਟੀਆਂ ਕੱਟਣ ਗਿਆ ਸੀ। ਬਿੱਲ ਦਾ ਇਕ ਬੰਦਾ ਫਰਾਂਸ ਜ਼ਰੂਰ ਗਿਆ ਸੀ ਜਿਸ ਪਿੱਛੇ ਉਸ ਨੇ ਆਪਣਾ ਇਕ ਬੰਦਾ ਭੇਜਿਆ ਹੋਇਆ ਸੀ।

ਰੌਬਿਨ, ਚਾਰਲੀ ਅਤੇ ਬਿੱਲ ਬਾਰੇ ਸੁਣ ਕੇ ਹੈਰਾਨ-ਪ੍ਰੇਸ਼ਾਨ ਹੋ ਗਿਆ ਸੀ। ਉਸ ਨੇ ਡੈਕਸਟਰ ਨੂੰ ਸਵੇਰੇ ਹੀ ਆਪਣੇ ਦਫ਼ਤਰ ਬੁਲਾ ਲਿਆ।

''ਡੈਕਸਟਰ ਜ਼ਰਾ ਚੈਕ ਕਰੋ ਐਡਵਰਡ ਵਾਲੇ ਲੋਨ ਦੀ ਕਿਸ਼ਤ ਸਹੀ ਆ ਰਹੀ ਐ!''

''ਨਹੀਂ ਰੌਬਿਨ, ਉਹ ਕਦੀ ਇਕ ਲੋਨ ਦੀ ਕਦੀ ਦੂਸਰੇ ਦੀ ਕਿਸ਼ਤ ਰੋਕ ਲੈਂਦਾ ਐ। ਉਸ ਨੂੰ ਚਿੱਠੀ ਪਾਈਦੀ ਆ ਤਾਂ ਉਹ ਕਿਸ਼ਤ ਪੂਰੀ ਕਰ ਦਿੰਦਾ ਤੇ ਦੂਸਰੀ ਪਿੱਛੇ ਪੈ ਜਾਂਦੀ ਐ।''

ਅਚੇਤ ਹੀ ਰੌਬਿਨ ਦਾ ਹੱਥ ਪੁੜਪੁੜੀ 'ਤੇ ਫਿਰਨ ਲੱਗਾ। ਉਸ ਨੇ ਡੈਕਸਟਰ ਨੂੰ ਇਸ਼ਾਰਾ ਕਰ ਕੇ ਜਾਣ ਦੀ ਆਗਿਆ ਦੇ ਦਿੱਤੀ ਅਤੇ ਆਪ ਦੂਸਰੇ ਹਿੱਸੇਦਾਰਾਂ ਨੂੰ ਫੌਰਨ ਆਪਣੇ ਦਫ਼ਤਰ ਵਿਚ ਬੁਲਾ ਲਿਆ। ਚਾਰਲੀ ਨਾਲ ਮੀਟਿੰਗ ਵਿਚ ਅਜੇ ਇਕ ਘੰਟਾ ਬਾਕੀ ਸੀ। ਜੌਹਨ ਦੀ ਰਿਪੋਰਟ ਉਹਨਾਂ ਨਾਲ ਸਾਂਝੀ ਕਰ ਕੇ ਉਸ ਨੇ ਚਾਰਲੀ ਦਾ ਕਿਤੇ ਵੀ ਬਾਹਰ ਨਾ ਜਾਣ ਬਾਰੇ ਸੱਚ ਵੀ ਬਿਆਨ ਕਰ ਦਿੱਤਾ।

''ਮੇਰੇ ਖਿਆਲ ਵਿਚ ਜਿਉਂ ਹੀ ਚਾਰਲੀ 'ਤੇ ਕੋਈ ਐਕਸ਼ਨ ਲਿਆ ਇਸ ਲੋਨ ਦੀ ਕਿਸ਼ਤ ਮੁੜ ਕੇ ਬੈਂਕ ਨੂੰ ਨਹੀਂ ਮਿਲਣੀ। ਵੈਸੇ ਵੀ ਇਹ ਪੈਸਾ ਪੂਰਾ ਹੋਣ ਦੀ ਕੋਈ ਉਮੀਦ ਨਹੀਂ।'' ਰੌਬਿਨ ਨੇ ਸਪੱਸ਼ਟ ਆਪਣੀ ਰਾਇ ਦਿੱਤੀ।

''ਜੇ ਪੈਸਾ ਮਰਨਾ ਹੀ ਐ ਤਾਂ ਐਡਵਰਡ ਨੂੰ ਸਬਕ ਜ਼ਰੂਰ ਦੇਣਾ ਚਾਹੀਦਾ ਤੇ ਸਟਾਰ ਕੰਟਰੈਕਟਰਜ਼ 'ਤੇ ਧੋਖੇ ਨਾਲ ਪੈਸਾ ਲੈਣ ਦਾ ਕੇਸ ਕਰਨਾ ਚਾਹੀਦਾ। ਜੇ ਕੋਰਟ ਜਾਂ ਪੁਲੀਸ ਐਡਵਰਡ ਤੱਕ ਪਹੁੰਚ ਕਰਦੀ ਐ ਤਾਂ ਪੁਲੀਸ ਦੀ ਮਰਜ਼ੀ।'' ਸਾਰਿਆਂ ਨੇ ਇਕ ਰਾਇ ਹੋ ਕੇ ਕਿਹਾ। ਇਸ ਵਾਰ ਰੌਬਿਨ ਚੁੱਪ ਰਿਹਾ। ਵੈਸੇ ਵੀ ਮੀਟਿੰਗ ਲਈ ਵਕਤ ਨਹੀਂ ਸੀ। ਚਾਰਲੀ ਐਡਵਰਡ ਦੇ ਆਉਣ ਦਾ ਸਮਾਂ ਹੋ ਗਿਆ ਸੀ।

ਐਡਵਰਡ ਸਮੇਂ ਤੋਂ ਵਹਿ ਕੁ ਮਿੰਟ ਲੇਟ ਆਇਆ। ਉਸ ਨੇ ਆਪਣੇ ਦੇਰੀ ਨਾਲ ਪਹੁੰਚਣ ਦਾ ਅਫ਼ਸੋਸ ਵੀ ਨਾ ਪ੍ਰਗਟਾਇਆ ਤੇ ਨਾ ਹੀ ਦੇਰੀ ਦਾ ਕਾਰਨ ਦੱਸਿਆ। ਉਹ ਖਾਲੀ ਕੁਰਸੀ ਵਿਚ ਧਸ ਗਿਆ। ਰਸਮੀ ਪਰ ਠੰਡੀ ਜਿਹੀ ਹਾਇ ਹੈਲੋ ਤੋਂ ਬਾਅਦ ਉਸ ਨੇ ਕੋਈ ਖਾਸ ਗੱਲ ਨਾ ਕੀਤੀ।

ਪਿਛਲੇ ਵੀਹ ਮਿੰਟ ਐਡਵਰਡ ਦੇ ਸਬੰਧ ਵਿਚ ਹੀ ਗੱਲ ਚਲਦੀ ਰਹੀ ਸੀ। ਮੀਟਿੰਗ ਵਿਚ ਤਕਰੀਬਨ ਫੈਸਲਾ ਤਾਂ ਹੋ ਹੀ ਗਿਆ ਸੀ ਸਿਰਫ਼ ਰਸਮ ਬਾਕੀ ਸੀ।

''ਐਡਵਰਡ ਛੁੱਟੀਆਂ ਕਿਥੇ ਕੱਟ ਕੇ ਆਇਆਂ? ਜ਼ਰੂਰ ਕਿਸੇ ਚੰਗੀ ਥਾਂ ਗਿਆ ਹੋਵੇਂਗਾ।'' ਇਕ ਮੈਂਬਰ ਨੇ ਆਪਣੀਆਂ ਐਨਕਾਂ ਠੀਕ ਕਰਦਿਆਂ ਸਵਾਲ ਕੀਤਾ।

''ਤੁਸੀਂ ਕੰਮ ਦੀ ਗੱਲ ਕਰੋ।'' ਚਾਰਲੀ ਐਡਵਰਡ ਚੱਬ ਕੇ ਬੋਲਿਆ।

''ਚਾਰਲਸ ਐਡਵਰਡ ਬੈਂਕ ਤੋਂ ਹੇਰਾ ਫੇਰੀ ਨਾਲ ਲੋਨ ਲੈਣ ਵਿਚ ਮਦਦ ਕਰਨ ਅਤੇ ਗੈਰ-ਜ਼ੁੰਮੇਵਾਰੀ ਅਤੇ ਜਾਣ-ਬੁਝ ਕੇ ਸੱਚ ਨੂੰ ਲੁਕਾਉਣ ਦੇ ਦੋਸ਼ ਵਿਚ ਤੇਰੀ ਕਿਉਂ ਨਾ ਹਿੱਸੇਦਾਰੀ ਜ਼ਬਤ ਕਰ ਲਈ ਜਾਵੇ? ਜਿਸ

ਨਾਲ ਬੈਂਕ ਦਾ ਪੈਸਾ ਪੂਰਾ ਹੋ ਸਕੇ। ਜੇ ਵਾਧੂ ਰਕਮ ਹੋਵੇ ਤਾਂ ਤੈਨੂੰ ਵਾਪਿਸ ਕੀਤੀ ਜਾਵੇ। ਅੱਜ ਤੋਂ ਬਾਅਦ ਬੈਂਕ ਵਿਚੋਂ ਤੈਨੂੰ ਬਰਖਾਸਤ ਕੀਤਾ ਜਾਵੇ।"

"ਹੈਨਰੀ---ਤੇਰੇ ਕੋਲ ਕੋਈ ਤਾਕਤ ਨਹੀਂ ਤੂੰ ਮੇਰਾ ਹਿੱਸਾ ਜ਼ਬਤ ਕਰ ਲਵੇਂ ਅਤੇ ਬੈਂਕ ਵਿਚੋਂ ਕੱਢ ਦੇਵੇਂ। ਮੈਂ ਵਿਚਾਰ ਕੇ ਹੀ ਲੋਨ ਦਿੱਤਾ ਜੇ ਕੋਈ ਬੰਦਾ ਹੇਰਾ ਫੇਰੀ ਨਾਲ ਲੋਨ ਲੈਣ ਵਿਚ ਕਾਮਯਾਬ ਹੋ ਜਾਵੇ ਤਾਂ ਮੇਰਾ ਕੀ ਕਸੂਰ?" ਐਡਵਰਡ ਨੇ ਪਹਿਲੀ ਵਾਰ ਰੌਬਿਨ ਨੂੰ ਸਖ਼ਤੀ ਨਾਲ ਬੋਲ ਬੋਲੇ।

"ਚਾਰਲੀ ਇਹ ਫੈਸਲਾ ਮੇਰਾ ਨਹੀਂ ਸਗੋਂ ਸਾਰੇ ਹਿੱਸੇਦਾਰਾਂ ਦਾ ਐ। ਜੇ ਕੋਈ ਹੇਰਾ ਫੇਰੀ ਨਾਲ ਲੋਨ ਲੈ ਲਵੇ ਤਾਂ ਇਹ ਉਸ ਬੰਦੇ ਦਾ ਕਸੂਰ ਐ ਜੇ ਉਸ ਦੀ ਹੇਰਾ ਫੇਰੀ ਨੂੰ ਲੁਕਾਉਣ ਜਾਂ ਉਸ ਨੂੰ ਹੇਰਾ ਫੇਰੀ ਕਰਨ ਵਿਚ ਮਦਦ ਕੀਤੀ ਜਾਵੇ ਤਾਂ ਮਦਦ ਕਰਨ ਵਾਲਾ ਬੰਦਾ ਵੀ ਓਨਾ ਹੀ ਗੁਨਾਹ ਦਾ ਭਾਗੀ ਹੁੰਦਾ ਐ।" ਰੌਬਿਨ ਨੇ ਆਪਣੇ ਆਪ ਨੂੰ ਜ਼ਬਤ ਵਿਚ ਰਖ ਕੇ ਗੱਲ ਪੂਰੀ ਕੀਤੀ।

"ਤੇਰੇ ਕੋਲ ਕੀ ਸਬੂਤ ਐ ਮੈਂ ਕਿਸੇ ਦੀ ਅਜਿਹੀ ਮਦਦ ਕੀਤੀ ਐ?" ਚਾਰਲੀ ਦਾ ਮੂੰਹ ਲਾਲ ਸੀ।

"ਇਹ ਸਬੂਤ ਮੈਂ ਨਹੀਂ ਪੁਲੀਸ ਨੇ ਲੱਭਣਾ ਐ।"

ਰੌਬਿਨ ਨੇ ਚਾਰਲੀ ਵੱਲ ਇਕ ਟੱਕ ਵੇਖਦਿਆਂ ਜਵਾਬ ਦਿੱਤਾ। ਬਾਕੀ ਸਾਰੇ ਵੀ ਉਸ ਵੱਲ ਵੇਖ ਰਹੇ ਸਨ। ਸਾਰਿਆਂ ਦੇ ਮੂੰਹਾਂ 'ਤੇ ਕਠੋਰਤਾ ਪ੍ਰਤੱਖ ਸੀ। ਚਾਰਲੀ ਨੂੰ ਲਗਦਾ ਸੀ ਉਹ ਐਵੇਂ ਗੱਲਾਂ ਹੀ ਕਰ ਰਹੇ ਸਨ। ਰੌਬਿਨ ਦੇ ਮੂੰਹੋਂ ਪੁਲੀਸ ਸ਼ਬਦ ਸੁਣ ਕੇ ਚਾਰਲੀ ਦਾ ਮੂੰਹ ਫਿੱਕਾ ਪੈ ਗਿਆ। ਚਾਰਲੀ ਨੂੰ ਅਜਿਹੀ ਉਮੀਦ ਨਹੀਂ ਸੀ।

"ਮੀਟਿੰਗ ਨੇ ਫੈਸਲਾ ਕੀਤਾ ਹੈ ਚਾਰਲਸ ਐਡਵਰਡ ਦਸ ਦਿਨ ਵਿਚ ਜਾਂ ਤਾਂ ਲੋਨ ਦੇ ਪੈਸੇ ਵਾਪਿਸ ਲਵੇ ਜਾਂ ਕੋਲੋਂ ਭਰੇ। ਨਹੀਂ ਤਾਂ ਮੀਟਿੰਗ ਵਿਚ ਕੀਤੇ ਗਏ ਫੈਸਲੇ ਅਨੁਸਾਰ ਕੇਸ ਪੁਲੀਸ ਨੂੰ ਦਿੱਤਾ ਜਾਵੇਗਾ।"

ਸਭ ਨੇ ਚਾਰਲੀ ਦੇ ਮੂੰਹ 'ਤੇ ਕਸਾਅ ਵੇਖਿਆ। ਸਭ ਨੇ ਹੀ ਫੈਸਲੇ ਦੇ ਹੱਕ ਵਿਚ ਵੋਟਾਂ ਪਾਈਆਂ ਤੇ ਚਾਰਲੀ ਬਹੁਤ ਔਖ ਨਾਲ ਉੱਠ ਕੇ ਮਸਾਂ ਹੀ ਬਾਹਰ ਗਿਆ। ਉਸ ਨੂੰ ਪਤਾ ਸੀ ਮੱਛੀ ਜਾਲ ਵਿਚ ਫਸ ਗਈ ਹੈ। ਜੌਹਨ ਉਸ 'ਤੇ ਅੱਖ ਰੱਖੀ ਬੈਠਾ ਸੀ ਜਿਸ ਬਾਰੇ ਚਾਰਲੀ ਬੇਖ਼ਬਰ ਸੀ।

ਰੌਬਿਨ ਨੂੰ ਕੁਝ ਕੁ ਰਾਹਤ ਹੋਈ। ਹੁਣ ਉਹ ਵਿਕਟੋਰੀਆ ਬਾਰੇ ਸੋਚ ਸਕਦਾ ਸੀ।

## 27

ਸ਼ਾਮ ਨੂੰ ਰੌਬਿਨ ਘਰ ਗਿਆ ਤਾਂ ਐਡਵੀਨਾ ਉਸ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ। ਉਸ ਨੂੰ ਜੀ ਆਇਆਂ ਕਹਿਣ ਦੀ ਥਾਂ ਉਹ ਰੌਬਿਨ ਨੂੰ ਲੈ ਕੇ ਸਿੱਧੀ ਸਟੱਡੀ ਵਿਚ ਚਲੀ ਗਈ।

"ਰੌਬਿਨ ਮੈਨੂੰ ਤੇਰੇ ਕੋਲੋਂ ਆਹ ਆਸ ਨਹੀਂ ਸੀ। ਚਾਰਲੀ ਨੇ ਤੇਰਾ ਕੀ ਵਿਗਾੜਿਆ?" ਐਡਵੀਨਾ ਨੇ ਦਰਵਾਜ਼ਾ ਬੰਦ ਕਰਦਿਆਂ ਕਿਹਾ।

"ਐਡਵੀਨਾ ਬੈਂਕ ਦੇ ਮਸਲਿਆਂ ਵਿਚ ਤੇਰਾ ਦਖਲ ਦੇਣਾ ਸਹੀ ਨਹੀਂ। ਇਹ ਬੈਂਕ ਦਾ ਮਸਲਾ ਐ ਤੇ ਬੈਂਕ ਹੀ ਨਜਿੱਠ ਰਹੀ ਐ।" ਰੌਬਿਨ ਕੁਰਸੀ 'ਤੇ ਬੈਠ ਗਿਆ।

"ਮੈਨੂੰ ਬੈਂਕ ਦੇ ਮਾਮਲਿਆਂ ਨਾਲ ਕੋਈ ਸਰੋਕਾਰ ਨਹੀਂ ਮੈਨੂੰ ਸਿਰਫ਼ ਆਪਣੇ ਭਰਾ ਨਾਲ-----।"

"ਬੈਠ ਜਾਹ ਐਡਵੀਨਾ।"

ਰੌਬਿਨ ਨੇ ਉਸ ਦੀ ਗੱਲ ਕੱਟਦਿਆਂ ਫੈਸਲਾਕੁੰਨ ਅੰਦਾਜ਼ ਵਿਚ ਕਿਹਾ। ਉਸ ਦੀ ਆਵਾਜ਼ ਵੀ ਥੋੜੀ ਉੱਚੀ ਸੀ। ਸੁਣ ਕੇ ਐਡਵੀਨਾ ਥੋੜੀ ਹੈਰਾਨ ਹੋ ਗਈ ਤੇ ਬੇਅਰਾਮੀ ਜਿਹੀ ਨਾਲ ਬੈਠ ਗਈ।

"ਐਡਵੀਨਾ ਤੈਨੂੰ ਚਾਰਲੀ ਨੇ ਜੋ ਦੱਸਿਆ ਉਹ ਠੀਕ ਨਹੀਂ। ਅਸਲ ਗੱਲ ਇਹ ਐ-----।" ਰੌਬਿਨ ਨੇ ਉਸ ਦੀ ਸਾਰੀ ਕਹਾਣੀ ਬਿਆਨ ਕਰ ਦਿੱਤੀ।

"ਐਡਵੀਨਾ ਉਹ ਬੰਦਾ ਇਸ ਦੇ ਘਰ ਆ ਕੇ ਦੇਰ ਰਾਤ ਤੱਕ ਰਹਿੰਦਾ ਤੇ ਬਹੁਤ ਵਾਰ ਇਹ ਉਸ ਨੂੰ ਹੈਮਰਸਮਿੱਥ ਮਿਲਣ ਵਾਸਤੇ ਜਾਂਦਾ ਤੇ ਪੱਬ ਵਿਚ ਰਾਤ ਦੇਰ ਤੱਕ ਬੈਠੇ ਰਹਿੰਦੇ ਐ। ਛੁੱਟੀਆਂ ਦਾ ਬਹਾਨਾ ਲਾਉਣਾ, ਤੈਨੂੰ ਪਤਾ ਉਹ ਏਥੇ ਸੀ। ਅਜਿਹੀਆਂ ਗੱਲਾਂ ਨੇ ਬੋਰਡ ਮੈਂਬਰਾਂ ਨੂੰ ਸਖ਼ਤੀ ਕਰਨ ਲਈ ਮਜ਼ਬੂਰ ਕੀਤਾ ਐ। ਪੁਲੀਸ ਜਾਂਚ ਵਿਚ ਇਸ ਦਾ ਨਾਂ ਆਉਣਾ ਕੁਦਰਤੀ ਐ। ਤੂੰ ਆਪਣੇ ਹਿੱਸੇ ਬਾਰੇ ਸੋਚ। ਮੇਰੇ ਖਿਆਲ ਵਿਚ ਆਪਣੇ ਫਾਦਰ ਦੀ ਵਸੀਅਤ ਅਨੁਸਾਰ ਤੁਹਾਨੂੰ ਪ੍ਰਾਪਰਟੀ ਵੰਡ ਲੈਣੀ ਚਾਹੀਦੀ ਐ।"

ਐਡਵੀਨਾ ਦਾ ਗੁੱਸਾ ਉੱਡ ਪੁੱਡ ਗਿਆ ਤੇ ਹੁਣ ਉਹ ਆਪਣੇ ਹਿੱਸੇ ਦੀ ਜਾਇਦਾਦ ਬਾਰੇ ਫਿਕਰਮੰਦ ਸੀ। ਉਹ ਨੀਵੀਂ ਪਾਈ ਚਾਰਲੀ ਬਾਰੇ ਸੋਚ ਰਹੀ ਸੀ। ਦੂਸਰਾ ਬੰਬ ਗਿਰਨ ਦੀ ਉਸ ਨੂੰ ਭੋਰਾ ਉਮੀਦ ਨਹੀਂ ਸੀ।

"ਐਡਵੀਨਾ ਜੇ ਤੂੰ ਅੱਜ ਇਹ ਮੌਕਾ ਮੇਲ ਬਣਾ ਈ ਲਿਆ ਹੈ ਤਾਂ ਇਕ ਸਵਾਲ ਮੇਰੀ ਰੂਹ ਦੀ ਵੀ ਚੀਰ ਫਾੜ ਕਰ ਰਿਹਾ ਐ!"

ਰੌਬਿਨ ਨੇ ਐਡਵੀਨਾ ਵੱਲ ਵੇਖਿਆ ਤੇ ਕੁਝ ਪਲਾਂ ਲਈ ਨਜ਼ਰਾਂ ਗੱਡੀ ਚੁੱਪ ਰਿਹਾ। ਐਡਵੀਨਾ ਦਾ ਮੂੰਹ ਖੁੱਲ੍ਹਾ ਅਤੇ ਅੱਖਾਂ ਵਿਚ 'ਕੀ' ਦਾ ਸਵਾਲ ਲਟਕ ਰਿਹਾ ਸੀ। ਰੌਬਿਨ ਅਜੇ ਵੀ ਚੁੱਪ ਸੀ। ਐਡਵੀਨਾ ਲਈ ਇਹ ਚੁੱਪ ਸਹਿਣ ਕਰਨੀ ਮੁਸ਼ਕਲ ਹੋ ਰਹੀ ਸੀ।

"ਕੀ ਰੌਬਿਨ?" ਐਡਵੀਨਾ ਨੇ ਬੇਸਬਰੀ ਨਾਲ ਪੁੱਛਿਆ।

ਰੌਬਿਨ ਕੁਰਸੀ ਛੱਡ ਕੇ ਖੜ੍ਹਾ ਹੋ ਗਿਆ। ਉਹ ਖੱਬਾ ਹੱਥ ਪਤਲੂਨ ਦੀ ਜੇਬ ਵਿਚ ਪਾਈ ਕਮਰੇ ਦੇ ਵਿਚਕਾਰ ਸਿੱਧਾ ਖੜ੍ਹਾ ਸੀ। ਉਸ ਦੀਆਂ ਨਜ਼ਰਾਂ ਮੋਮਬੱਤੀ ਦੀ ਲਾਟ ਦੇ ਐਨ ਉਪਰਲੇ ਸਿਰੇ 'ਤੇ ਸਨ ਜਿਥੇ ਲਾਟ ਦਾ ਕੇਂਦਰ ਬਿੰਦੂ ਬਣਦਾ ਸੀ। ਸ਼ਾਇਦ ਉਹ ਆਪਣੀ ਗੱਲ ਜ਼ੁਬਾਨ ਵਿਚੋਂ ਕੱਢਣ ਤੋਂ ਪਹਿਲਾਂ ਆਖਰੀ ਵਾਰ ਸੋਚ ਰਿਹਾ ਸੀ।

"ਰੌਬਿਨ---!" ਐਡਵੀਨਾ ਦੀ ਸੁਬਕ ਜਿਹੀ ਆਵਾਜ਼ ਉਸ ਦੇ ਕੰਨਾਂ ਵਿਚ ਪਈ।

"ਐਡਵੀਨਾ ਤੂੰ ਕਰਿਸਟਲ ਦੇ ਮਾਂ-ਪਿਉ ਬਾਰੇ ਕੀ ਜਾਣਦੀ ਐਂ?"

ਰੌਬਿਨ ਦਾ ਹੱਥ ਪਤਲੂਨ ਦੀ ਜੇਬ ਵਿਚੋਂ ਬਾਹਰ ਆ ਗਿਆ। ਉਹ ਹੁਣ ਸਿੱਧਾ ਖੜ੍ਹਾ ਇਕ ਟੱਕ ਐਡਵੀਨਾ ਵੱਲ ਵੇਖ ਰਿਹਾ ਸੀ।

"ਤੈਨੂੰ ਪਤਾ ਈ ਐ ਆਪਾਂ 'ਕੱਠੇ ਈ ਗਏ ਸੀ ਕਰਿਸਟਲ ਨੂੰ ਲੈਣ। ਪਰ ਐਨੇ ਸਾਲਾਂ ਬਾਅਦ ਤੈਨੂੰ ਕਰਿਸਟਲ ਦੇ ਮਾਂ ਬਾਪ ਬਾਰੇ ਜਾਣਨ ਦੀ ਕੀ ਲੋੜ ਪੈ ਗਈ?" ਐਡਵੀਨਾ ਦੀ ਆਵਾਜ਼ ਵਿਚਲੀ ਕੰਬਣੀ ਉਸ ਦੇ ਵਿਸ਼ਵਾਸ਼ ਨੂੰ ਚੂਰ-ਚੂਰ ਕਰ ਰਹੀ ਸੀ।

"ਐਡਵੀਨਾ ਕਦੇ ਤੂੰ ਆਪਣੇ ਆਪ ਨੂੰ ਕਰਿਸਟਲ ਦੇ ਨਾਲ ਸ਼ੀਸ਼ੇ ਵਿਚ ਵੇਖਿਆ ਐ। ਜੇ ਨਹੀਂ ਤਾਂ ਵੇਖ ਤੇ ਮੇਰੇ ਸਵਾਲ ਦਾ ਕਾਰਨ ਤੈਨੂੰ ਸਮਝ ਆ ਜਾਵੇਗਾ।"

ਐਡਵੀਨਾ ਕੋਲ ਕੋਈ ਜਵਾਬ ਨਹੀਂ ਸੀ। ਉਹ ਜਾਣਦੀ ਸੀ ਰੌਬਿਨ ਕੀ ਪੁੱਛ ਰਿਹਾ ਸੀ। ਉਸ ਦੇ ਮਨ ਵਿਚ ਬਹੁਤ ਵਾਰ ਅਜਿਹਾ ਸਵਾਲ ਆਇਆ ਸੀ। ਕਿਉ ਰੱਬ ਨੇ ਕਰਿਸਟਲ ਦੀ ਸ਼ਕਲ ਉਸ ਨਾਲ ਐਨੀ ਮਿਲਦੀ-ਜੁਲਦੀ ਬਣਾਈ! ਐਡਵੀਨਾ ਦੇ ਸਰੀਰ ਵਿਚੋਂ ਸਾਰੀ ਤਾਕਤ ਮਨਫੀ ਹੋ ਗਈ ਸੀ। ਕੁਰਸੀ ਤੋਂ ਉੱਠਣਾ ਉਸ ਲਈ ਮੁਸ਼ਕਲ ਜਾਪ ਰਿਹਾ ਸੀ।

"ਐਡਵੀਨਾ ਇਕ ਹਫ਼ਤੇ ਵਿਚ ਮੈਨੂੰ ਜਵਾਬ ਚਾਹੀਦਾ ਐ।"

ਕਹਿ ਕੇ ਰੌਬਿਨ ਬਾਹਰ ਚਲਾ ਗਿਆ ਤੇ ਐਡਵੀਨਾ ਦੇਰ ਤੱਕ ਸਟੱਡੀ ਵਿਚ ਬੈਠੀ ਰਹੀ। ਉਸ ਨੂੰ ਹੁਣ ਚਾਰਲੀ ਦੀ ਸਮੱਸਿਆ ਜਾਂ ਆਪਣੀ ਜਾਇਦਾਦ ਦੇ ਫਿਕਰ ਨਾਲੋਂ ਇਸ ਨਵੇਂ ਧਮਾਕੇ ਨੇ ਘੇਰ ਲਿਆ ਸੀ।

ਕੁਝ ਦੇਰ ਬਾਅਦ ਉਹ ਉੱਠੀ ਅਤੇ ਖਾਣਾ ਖਾਣ ਬਿਨਾਂ ਹੀ ਆਪਣੇ ਕਮਰੇ ਵਿਚ ਚਲੀ ਗਈ। ਰੌਬਿਨ ਅਤੇ ਐਡਵੀਨਾ ਦੋਵਾਂ ਕੋਲ ਇਕ ਇਕ ਕਮਰਾ ਵੱਖਰਾ ਸੀ ਤੇ ਇਕ ਸਭ ਤੋਂ ਵੱਡਾ ਕਮਰਾ ਉਹਨਾਂ ਦਾ ਸਾਂਝਾ ਸੀ। ਸਾਂਝੇ ਕਮਰੇ ਦੇ ਦੋਵੀਂ ਪਾਸੀਂ ਉਹਨਾਂ ਦੇ ਪ੍ਰਾਈਵੇਟ ਕਮਰੇ ਸਨ ਜਿਹਨਾਂ ਦੇ ਦਰਵਾਜ਼ੇ ਵਿਚਕਾਰਲੇ ਕਮਰੇ ਵਿਚ ਖੁੱਲ੍ਹਦੇ ਸਨ। ਉਹ ਕਦੀ ਵੱਖਰੇ ਸੌਂਦੇ ਤੇ ਕਦੀ ਸਾਂਝੇ ਕਮਰੇ ਵਿਚ। ਅੱਜ ਤਾਂ ਐਡਵੀਨਾ ਲਈ ਆਪਣੇ ਕਮਰੇ ਦਾ ਮਹੌਲ ਹੀ ਸਹੀ ਸੀ। ਉਹ ਆਪਣੀ ਅਰਾਮ ਕੁਰਸੀ 'ਤੇ ਜਾ ਬੈਠੀ। ਕਮਰਾ ਨਿੱਘਾ ਸੀ ਤੇ ਗੈਸ ਲਾਈਟ ਨੂੰ ਬੰਦ ਕਰਕੇ ਉਸ ਨੂੰ ਮੋਮਬੱਤੀ ਦਾ ਮੱਧਮ ਚਾਨਣ ਹੀ ਚੰਗਾ ਲੱਗਿਆ। ਉਹ ਆਪਣੀਆਂ ਸੋਚਾਂ ਦੀ ਪਟਾਰੀ ਖੋਲ੍ਹੀ ਪਤਾ ਨਹੀਂ ਕਦੋਂ ਤੱਕ ਬੈਠੀ ਰਹੀ। ਜ਼ਰਾ ਕੁ ਸਰਦੀ ਲੱਗੀ ਤਾਂ ਉਹ ਆਪਣੇ ਬਿਸਤਰ ਵਿਚ ਪੈ ਗਈ। ਟੁੱਟੀ ਭੱਜੀ ਨੀਂਦ ਨਾਲ ਲੜਦਿਆਂ-ਘੁਲਦਿਆਂ ਉਸ ਨੂੰ ਪਤਾ ਹੀ ਨਾ ਲੱਗਾ ਕਦੋਂ ਸਵੇਰ ਹੋ ਗਈ। ਉਸ ਦੇ ਕਮਰੇ ਵਿਚ ਸਭ ਤੋਂ ਪਹਿਲਾਂ ਕਰਿਸਟਲ ਆਈ ਤੇ ਉਸ ਨੇ ਹੀ ਐਡਵੀਨਾ ਨੂੰ ਜਗਾਇਆ।

"ਕਰਿਸਟਲ ਮੇਰੀ ਤਬੀਅਤ ਕੁਝ ਠੀਕ ਨਹੀਂ ਐ। ਮੈਂ ਥੋੜ੍ਹਾ ਹੋਰ ਅਰਾਮ ਕਰਨਾ ਚਾਹੁੰਦੀ ਆਂ।" ਐਡਵੀਨਾ ਨੇ ਕੁੜੀ ਦੇ ਮੂੰਹ ਨੂੰ ਸੁਤੇ ਸਿੱਧ ਹੀ ਨਿਹਾਰਿਆ। ਕੁੜੀ ਸੁਬਕ ਕਦਮ ਪੁਟਦੀ ਕਮਰੇ 'ਚੋਂ ਬਾਹਰ ਚਲੀ ਗਈ।

ਕੁਝ ਦੇਰ ਬਾਅਦ ਐਡਵੀਨਾ ਨੇ ਘੰਟੀ ਖੜਕਾਈ ਤਾਂ ਨੌਕਰਾਣੀ ਆ ਹਾਜ਼ਰ ਹੋਈ।

"ਰੌਬਿਨ ਨੂੰ ਕਹਿ ਜਾਣ ਤੋਂ ਪਹਿਲਾਂ ਮੈਨੂੰ ਮਿਲ ਕੇ ਜਾਵੇ।" ਨੌਕਰਾਣੀ 'ਯੈਸ ਮੈਮ' ਕਹਿ ਕੇ ਚਲੀ ਗਈ।

ਥੋੜੀ ਦੇਰ ਬਾਅਦ ਰੌਬਿਨ ਆ ਗਿਆ। ਉਸ ਨੇ ਰਸਮੀ ਸ਼ੁਭ ਸਵੇਰ ਕਹੀ ਤੇ ਉਸ ਦੀ ਸਿਹਤ ਦਾ ਹਾਲ-ਚਾਲ ਪੁੱਛਿਆ।

''ਰੌਬਿਨ ਮੈਂ ਆਪਣੇ ਵਕੀਲ ਨੂੰ ਮਿਲਣ ਜਾਣ ਬਾਰੇ ਸੋਚਦੀ ਸੀ ਤਾਂ ਜੋ ਆਪਣਾ ਹਿੱਸਾ ਆਪਣੇ ਨਾਂ ਲਗਵਾ ਸਕਾਂ। ਇਕ ਦੋ ਦਿਨ ਮੈਂ ਚਾਰਲੀ ਨਾਲ ਵੀ ਰਹਿਣਾ ਚਾਹੁੰਦੀ ਸੀ। ਉਸ ਨਾਲ ਕਾਫੀ ਗੱਲ ਕਰਨ ਵਾਲੀ ਐ।''

''ਵਕੀਲ ਤਾਂ ਤੇਰਾ ਸਿਟੀ ਵਿਚ ਐ ਉਸ ਨੂੰ ਮਿਲ ਕੇ ਤਾਂ ਸੌਖਿਆਂ ਵਾਪਿਸ ਘਰ ਆ ਸਕਦੀ ਐਂ। ਜੇ ਚਾਰਲੀ ਦੇ ਘਰ ਰਾਤ ਕੱਟਣੀ ਐ ਤਾਂ ਤੇਰੀ ਮਰਜ਼ੀ। ਕਰਿਸਟਲ ਵੀ ਤੇਰੇ ਨਾਲ ਜਾ ਰਹੀ ਐ?''

''ਨਹੀਂ ਕਰਿਸਟਲ ਨੇ ਤਾਂ ਕੀ ਕਰਨਾ! ਉਸ ਦੀ ਪੜ੍ਹਾਈ ਦਾ ਨੁਕਸਾਨ ਹੋਊ।''

''ਠੀਕ ਐ, ਮੇਰੀਆਂ ਸ਼ੁਭ ਇਛਾਵਾਂ ਤੇਰੇ ਨਾਲ ਐ।'' ਰੌਬਿਨ ਉਸ ਨੂੰ ਆਮ ਵਾਂਗ ਚੁੰਮਣ ਦੇ ਕੇ ਚਲਾ ਗਿਆ।

-------

ਰੌਬਿਨ ਦੇ ਜਾਣ ਬਾਅਦ ਐਡਵੀਨਾ ਨੇ ਆਪਣੇ ਆਪ ਨੂੰ ਸਾਂਭਿਆ। ਉਸ ਨਾਲੋਂ ਵੱਧ ਕੌਣ ਜਾਣ ਸਕਦਾ ਸੀ ਲੜਾਈ ਲੜਨ ਲਈ ਹਾਰ ਮੰਨ ਕੇ ਡਿੱਗਣਾ ਨਹੀਂ ਸਗੋਂ ਸੰਭਲ ਕੇ ਅਤੇ ਸੋਚਕੇ ਚੱਲਣ ਦੀ ਲੋੜ ਹੁੰਦੀ ਹੈ। ਉਹ ਆਪਣੇ ਮਨ ਵਿਚ ਬਹੁਤ ਸਾਰੀਆਂ ਸਕੀਮਾਂ ਬਣਾ ਅਤੇ ਢਾਹ ਰਹੀ ਸੀ। ਨੌਕਰਾਣੀ ਨੂੰ ਨਾਸ਼ਤਾ ਕਮਰੇ ਵਿਚ ਲਿਆਉਣ ਦਾ ਹੁਕਮ ਦੇ ਕੇ ਉਹ ਤਿਆਰੀ ਕਰਨ ਲੱਗੀ ਅਤੇ ਨਾਲੋ ਨਾਲ ਆਪਣੀ ਸਕੀਮ ਬਾਰੇ ਵੀ ਵਿਚਾਰ ਕਰਨ ਲੱਗੀ।

ਦੁਪਿਹਰ ਤੋਂ ਪਹਿਲਾਂ ਹੀ ਉਹ ਸਿਟੀ ਪਹੁੰਚ ਗਈ। ਵਕੀਲ ਨਾਲ ਉਸ ਨੇ ਵਿਸਥਾਰ ਨਾਲ ਗੱਲ ਕੀਤੀ ਅਤੇ ਆਪਣੀ ਇੱਛਾ ਜ਼ਾਹਰ ਕੀਤੀ। ਵਕੀਲ ਨੇ ਲੋੜੀਂਦੇ ਪੇਪਰ ਤਿਆਰ ਕਰਕੇ ਚਾਰਲਸ ਨੂੰ ਭੇਜਣ ਅਤੇ ਸਾਰਾ ਕੰਮ ਜਲਦੀ ਤੋਂ ਜਲਦੀ ਨਿਪਟਾਉਣ ਦਾ ਵਾਇਦਾ ਕੀਤਾ। ਉਸ ਦੀ ਬੱਘੀ ਸਵੇਰੇ ਉਸ ਨੂੰ ਚਾਰਲੀ ਦੇ ਘਰ ਛੱਡ ਗਈ ਸੀ। ਉਥੋਂ ਉਸ ਨੇ ਟਰੇਨ ਰਾਹੀਂ ਸਫ਼ਰ ਕੀਤਾ ਅਤੇ ਸਿਟੀ ਤੇ ਫਿਰ ਐਂਜਲਾ ਕੋਲ ਪਹੁੰਚ ਗਈ। ਐਂਜਲਾ ਦੀਆਂ ਪੌੜੀਆਂ ਚੜ੍ਹਦਿਆਂ ਐਡਵੀਨਾ ਨੂੰ ਪੁਰਾਣੇ ਦਿਨਾਂ ਦੀ ਯਾਦ ਆਈ। ਐਂਜਲਾ ਸਦਾ ਵਾਂਗ ਕੰਮ ਵਿਚ ਉਲਝੀ ਹੋਈ ਸੀ। ਐਡਵੀਨਾ ਸੋਚ ਰਹੀ ਸੀ ਪਿਛਲੇ ਸਾਲਾਂ ਵਿਚ ਪਤਾ ਨਹੀਂ ਕਿੰਨੀਆਂ ਲੜਕੀਆਂ ਉਥੋਂ ਪਾਸ ਜਾਂ ਫੇਲ੍ਹ ਹੋ ਕੇ ਗਈਆਂ ਹੋਣਗੀਆਂ! ਉਸ ਵਰਗੀ ਪਾਸ ਹੋ ਕੇ ਸ਼ਾਇਦ ਏਨੇ ਸਾਲਾਂ ਬਾਅਦ ਫਿਰ ਚੁਰਸਤੇ 'ਤੇ ਖੜ੍ਹੀ ਸ਼ਾਇਦ ਹੋਰ ਕੋਈ ਵੀ ਲੜਕੀ ਨਾ ਹੋਵੇ। ਉਸ ਨੇ ਹਉਕਾ ਲਿਆ ਅਤੇ ਜਾਣੀਆਂ-ਪਛਾਣੀਆਂ ਪੌੜੀਆਂ ਚੜ੍ਹ ਗਈ। ਐਂਜਲਾ ਉਸ ਨੂੰ ਮਿਲ ਕੇ ਖੁਸ਼ ਹੋਈ ਅਤੇ ਉਸ ਨਾਲ ਬੈਠ ਕੇ ਗੱਲਾਂ ਕਰਨ ਲੱਗੀ। ਐਂਜਲਾ ਨੂੰ ਉਸ ਨੇ ਆਪਣੀ ਸਮੱਸਿਆ ਦੱਸੀ ਅਤੇ ਉਸ ਦੀ ਰਾਇ ਮੰਗੀ।

''ਜੇ ਮੇਰੇ ਕੋਲੋਂ ਕੋਈ ਜਾਣਕਾਰੀ ਲੈਣ ਦੀ ਕੋਸ਼ਿਸ਼ ਕਰੇਗਾ ਤਾਂ ਮੈਂ ਸਾਫ਼ ਜਵਾਬ ਦੇ ਦਿਆਂਗੀ। ਅਸੀਂ ਕਿਸੇ ਵੀ ਬੱਚੇ ਦੀ ਜਾਣਕਾਰੀ ਨਹੀਂ ਦਿੰਦੇ। ਇਸ ਤੋਂ ਵੱਧ ਮੈਂ ਮੇਰੇ ਖਿਆਲ ਵਿਚ ਕੁਝ ਨਹੀਂ ਕਰ ਸਕਾਂਗੀ।'' ਐਂਜਲਾ ਨੇ ਨਰਮੀ ਨਾਲ ਆਪਣਾ ਹੱਥ ਐਡਵੀਨਾ ਦੇ ਹੱਥ 'ਤੇ ਰੱਖਿਆ ਤਾਂ ਐਡਵੀਨਾ ਨੂੰ ਕੁਝ ਕੁ ਧਰਵਾਸ ਹੋਇਆ।

''ਮੈਨੂੰ ਅਜਿਹੀ ਸਮੱਸਿਆ ਦਾ ਚਿੱਤ-ਚੇਤਾ ਵੀ ਨਹੀਂ ਸੀ। ਮੇਰਾ ਤੇ ਕਰਿਸਟਲ ਦਾ ਭਵਿੱਖ ਇਸ ਨਾਲ ਬਹੁਤ ਡੂੰਘਾ ਜੁੜਿਆ ਹੋਇਆ ਐ।'' ਐਡਵੀਨਾ ਦੇ ਸ਼ਬਦਾਂ ਦੀ ਪੀੜ ਨੇ ਐਂਜਲਾ ਨੂੰ ਭਾਵੁਕ ਕਰ ਦਿੱਤਾ।

ਐਂਜਲਾ ਕੋਲ ਵੀ ਕੋਈ ਜਵਾਬ ਨਹੀਂ ਸੀ। ਉਹ ਕੌਫੀ ਬਣਾਉਣ ਲੱਗੀ ਤੇ ਨਾਲ ਹੀ ਸੋਚਣ ਲੱਗੀ। ਭਾਂਵੇਂ ਉਹ ਕਰਿਸਟਲ ਬਾਰੇ ਵੀ ਨਿੱਕੇ ਨਿੱਕੇ ਸਵਾਲ ਕਰ ਰਹੀ ਸੀ। ਐਡਵੀਨਾ ਵੀ ਸੰਖੇਪ ਜਿਹੇ ਜਵਾਬ ਦੇ ਰਹੀ ਸੀ।

''ਐਡਵੀਨਾ ਚੰਗਾ ਹੋਵੇ ਜੇ ਤੂੰ ਰੌਬਿਨ ਨੂੰ ਸਾਰਾ ਸੱਚ ਦੱਸ ਦੇਵੇਂ। ਸ਼ਾਇਦ ਹੋਰ ਕੋਈ ਰਾਹ ਵੀ ਨੀ ਦਿਸਦਾ।'' ਕੌਫੀ ਦਾ ਕੱਪ ਐਡਵੀਨਾ ਅੱਗੇ ਰਖਦਿਆਂ ਐਂਜਲਾ ਨੇ ਕਿਹਾ।

''ਇਹਦੇ ਨਾਲ ਤਾਂ ਹੋਰ ਬਹੁਤ ਸਵਾਲ ਖੜ੍ਹੇ ਹੋ ਜਾਣਗੇ। ਰੌਬਿਨ ਸਮਝੇਗਾ ਮੈਂ ਉਸ ਨੂੰ ਐਨੇ ਸਾਲ ਧੋਖਾ ਦਿੱਤਾ ਐ।''

''ਉਹ ਤਾਂ ਸ਼ਾਇਦ ਹੁਣ ਵੀ ਅਜਿਹਾ ਹੀ ਸਮਝਦਾ ਹੋਵੇ!'' ਐਂਜਲਾ ਨੇ ਕਿਹਾ ਤਾਂ ਐਡਵੀਨਾ ਨੇ ਮੋਢੇ ਮਾਰਦਿਆਂ 'ਪਤਾ ਨਹੀਂ' ਕਿਹਾ।

''ਐਂਜਲਾ ਇਸ ਸਮੱਸਿਆ ਦਾ ਜ਼ਰੂਰ ਕੋਈ ਨਾ ਕੋਈ ਹੱਲ ਹੋਵੇਗਾ!''

''ਐਡਵੀਨਾ ਸ਼ਾਂਤ ਰਹਿ ਕੇ ਸੋਚ। ਇਸ ਦਾ ਹੱਲ ਵੀ ਤੂੰ ਹੀ ਕਰ ਸਕਦੀ ਐਂ।''

ਐਂਜਲਾ ਦੀਆਂ ਤਸੱਲੀਆਂ ਨਾਲ ਉਸ ਨੂੰ ਕੁਝ ਕੁ ਚੈਨ ਤਾਂ ਆਇਆ ਪਰ ਸਮੱਸਿਆ ਦਾ ਹੱਲ ਕੋਈ ਨਜ਼ਰ ਵਿਚ ਨਹੀਂ ਸੀ। ਉਹ ਉਸ ਦਾ ਧੰਨਵਾਦ ਕਰਕੇ ਸਟੇਸ਼ਨ ਵੱਲ ਨੂੰ ਤੁਰ ਪਈ। ਦਿਨ ਛਿਪਣ ਦੀ ਤਿਆਰੀਆਂ

ਕਰ ਰਿਹਾ ਸੀ। ਲੋਕ ਕੰਮਾਂ ਤੋਂ ਵਿਹਲੇ ਹੋ ਕੇ ਆਪੋ ਆਪਣੇ ਟਿਕਾਣਿਆਂ ਵੱਲ ਜਾਣ ਲਈ ਕਾਹਲ ਨਾਲ ਸਟੇਸ਼ਨ 'ਤੇ ਪਹੁੰਚ ਰਹੇ ਸਨ। ਐਡਵੀਨਾ ਵੀ ਨੀਵੀਂ ਪਾਈ ਸੋਚਾਂ ਵਿਚ ਗੁਆਚੀ ਸਟੇਸ਼ਨ 'ਤੇ ਪਹੁੰਚ ਗਈ।

"ਹੈਲੋ ਐਡਵੀਨਾ ਮੈਂ ਕਾਫੀ ਦੇਰ ਤੋਂ ਤੇਰੀ ਉਡੀਕ ਕਰ ਰਿਹਾ ਸੀ।" ਰੌਬਿਨ ਦੇ ਬੋਲਾਂ ਨੇ ਐਡਵੀਨਾ ਨੂੰ ਚੌਂਕਾ ਦਿੱਤਾ। ਉਸ ਦਾ ਚਿਹਰਾ ਪੀਲਾ ਭੂਕ ਹੋ ਗਿਆ।

"ਰੌਬਿਨ ਤੂੰ ਐਥੇ-?"

"ਮੈਨੂੰ ਪਤਾ ਸੀ ਤੂੰ ਅੱਜ ਏਥੇ ਆਵੇਂਗੀ। ਕਈ ਵਾਰ ਸਮਾਂ ਵੀ ਪੈਰਾਂ ਦੇ ਨਿਸ਼ਾਨ ਨਹੀਂ ਮਿਟਾ ਸਕਦਾ।"

ਰੌਬਿਨ ਆਪਣੇ ਆਪ ਵਿਚ ਖੁਸ਼ ਸੀ। ਉਸ ਨੂੰ ਜੌਹਨ ਯਾਦ ਆ ਰਿਹਾ ਸੀ। ਅੱਜ ਦਾ ਕੰਮ ਤਾਂ ਉਸ ਨੇ ਜੌਹਨ ਵਾਂਗ ਹੀ ਕੀਤਾ ਸੀ। ਐਡਵੀਨਾ ਚੁੱਪ ਸੀ।

"ਆ ਐਡਵੀਨਾ ਮੈਂ ਸੋਚਿਆ ਨ੍ਹੇਰਾ ਹੋਏ ਤੋਂ ਤੈਨੂੰ 'ਕੱਲੀ ਨੂੰ ਸਫ਼ਰ ਨਹੀ ਕਰਨਾ ਚਾਹੀਦਾ।" ਉਹ ਦੋਵੇਂ ਪਲੇਟਫਾਰਮ 'ਤੇ ਚਲੇ ਗਏ।

ਸਟੇਸ਼ਨ 'ਤੇ ਪਹੁੰਚੇ ਤਾਂ ਰੌਬਿਨ ਦੀ ਗੱਡੀ ਉਸ ਦੀ ਉਡੀਕ ਕਰ ਰਹੀ ਸੀ। ਕੋਚਵਾਨ ਨੇ ਉੱਤਰ ਕੇ ਪਾਇਦਾਨ ਖੋਹਲੇ 'ਤੇ ਉਹ ਦੋਵੇਂ ਗੱਡੀ ਵਿਚ ਸਵਾਰ ਹੋ ਗਏ। ਐਡਵੀਨਾ ਨੇ ਚਾਰਲੀ ਦੇ ਘਰ ਜਾਣਾ ਸੀ। ਰੌਬਿਨ ਨੇ ਉਸ ਨੂੰ ਛੱਡ ਕੇ ਆਪਣੇ ਘਰ ਜਾਣ ਦਾ ਹੁਕਮ ਦਿੱਤਾ।

------

ਰੌਬਿਨ ਅਸਲ ਵਿਚ ਕਈ ਦਿਨਾਂ ਤੋਂ ਐਡਵੀਨਾ ਦੀ ਸਚਾਈ ਦੀ ਤਲਾਸ਼ ਵਿਚ ਲੱਗਾ ਹੋਇਆ ਸੀ। ਕਦੇ ਕਦੇ ਉਸ ਨੂੰ ਲਗਦਾ ਉਹ ਐਂਵੇਂ ਝੱਖ ਮਾਰ ਰਿਹਾ ਸੀ। ਆਪਣੀ ਇਸ ਲਹਿੰਦੀ ਉਮਰ ਵਿਚ ਹੋਰ ਵਿਆਹ ਕਰਵਾ ਵੀ ਲਵੇ ਤਾਂ ਬੱਚਾ ਤਾਂ ਫਿਰ ਵੀ ਨਹੀਂ ਹੋ ਸਕਣਾ ਸੀ। ਕਰਿਸਟਲ ਚੰਗੀ ਕੁੜੀ ਸੀ। ਉਸ ਨੂੰ ਪਿਆਰ ਵੀ ਕਰਦੀ ਸੀ। ਧੀਆਂ ਵਾਲੀ ਹਰ ਜ਼ਿਦ ਵੀ ਕਰਦੀ ਤੇ ਰੌਬਿਨ ਉਸ ਦੀ ਜ਼ਿਦ ਪੂਰੀ ਵੀ ਕਰ ਦਿੰਦਾ। ਰੌਬਿਨ ਨੂੰ ਐਡਵੀਨਾ ਨੇ ਭੁਲੇਖੇ ਵਿਚ ਰੱਖਿਆ ਸੀ ਤੇ ਇਹ ਰੌਬਿਨ ਨੂੰ ਮਨਜ਼ੂਰ ਨਹੀ ਸੀ। ਅਜੇ ਤੱਕ ਵੀ ਉਸ ਨੂੰ ਖਦਸ਼ਾ ਸੀ ਸੱਚ ਦੀ ਤਲਾਸ਼ ਨੇ ਪਤਾ ਨਹੀਂ ਕਿਸ ਪਾਸੇ ਨੂੰ ਵਹਿਣਾ ਹੈ। ਐਡਵੀਨਾ ਨਾਲ ਉਸ ਦੀ ਚੰਗੀ ਨਿਭ ਰਹੀ ਸੀ। ਕੀ ਐਡਵੀਨਾ ਨਾਲੋਂ ਵੱਖ ਹੋ ਕੇ ਜ਼ਿੰਦਗੀ ਦਾ ਕੋਈ ਮਕਸਦ ਬਾਕੀ ਰਹਿ ਸਕਦਾ ਸੀ? ਸਵਾਲਾਂ ਦੀ ਡਾਰ ਉਸ ਦੇ ਸਾਹਮਣੇ ਪੰਛੀਆਂ ਵਾਂਗ ਉਡਦੀ ਤੇ ਲੰਘ ਜਾਂਦੀ। ਕੋਈ ਸ਼ਕਤੀ ਉਸ ਨੂੰ ਇਸ ਸੱਚ ਦੀ ਤਹਿ ਤੱਕ ਜਾਣ ਲਈ ਧੱਕਾ ਲਗਾਈ ਜਾਂਦੀ ਸੀ।

ਰੌਬਿਨ ਨੇ ਆਪਣਾ ਧਿਆਨ 'ਲਾਈਫ' ਹੋਸਟਲ ਵੱਲ ਕੀਤਾ। ਉਹ ਹੀ ਇਕ ਕੇਂਦਰ ਬਿੰਦੂ ਸੀ ਜਿਥੋਂ ਗੱਲ ਅੱਗੇ ਚੱਲ ਸਕਦੀ ਸੀ। ਉਸ ਨੂੰ ਐਂਜਲਾ ਦਾ ਖਿਆਲ ਆਇਆ। ਜਦ ਉਹਨਾਂ ਨੇ ਕਰਿਸਟਲ ਨੂੰ ਗੋਦ ਲਿਆ ਤਾਂ ਐਂਜਲਾ ਨੇ ਸਾਫ਼ ਕਰ ਦਿੱਤਾ ਸੀ, ਬੱਚੀ ਬਾਰੇ ਕੋਈ ਹੋਰ ਜਾਣਕਾਰੀ ਕਿਸੇ ਵੀ ਹਾਲਤ ਵਿਚ ਕਿਸੇ ਵੀ ਸਮੇਂ ਨਹੀਂ ਦਿੱਤੀ ਜਾਵੇਗੀ। ਉਸ ਨੇ 'ਲਾਈਫ' ਹੋਸਟਲ ਵਿਚ ਜਾਣ ਦਾ ਵਿਚਾਰ ਬਦਲ ਲਿਆ। ਐਂਜਲਾ ਬਾਰੇ ਉਸ ਦੀ ਰਾਇ ਸ਼ੁਰੂ ਤੋਂ ਹੀ ਬਣ ਗਈ ਸੀ ਕਿ ਉਹ ਆਪਣੇ ਅਸੂਲ ਦੀ ਬਲੀ ਨਹੀਂ ਦੇਵੇਗੀ। ਉਸ ਨੇ ਹੋਸਟਲ ਵਿਚ ਕੰਮ ਕਰਦੀਆਂ ਔਰਤਾਂ ਵੱਲ ਧਿਆਨ ਦਿੱਤਾ।

ਕੁਝ ਦਿਨਾਂ ਦੀ ਮਿਹਨਤ ਬਾਅਦ ਉਸ ਨੂੰ ਚਾਰ ਔਰਤਾਂ ਦਾ ਪਤਾ ਮਿਲ ਗਿਆ ਜਿਹੜੀਆਂ ਤਕਰੀਬਨ ਕਰਿਸਟਲ ਦੇ ਜਨਮ ਵੇਲੇ ਉਥੇ ਹੋ ਸਕਦੀਆਂ ਸਨ। ਉਹਨਾਂ ਵਿਚੋਂ ਇਕ ਬਾਥ ਸ਼ਹਿਰ ਰਹਿ ਰਹੀ ਸੀ ਤੇ ਬਾਕੀ ਅਜੇ ਵੀ ਸੈਵਨ ਸਿਸਟਰਜ਼ ਦੇ ਇਲਾਕੇ ਵਿਚ ਰਹਿ ਰਹੀਆਂ ਸਨ। ਰੌਬਿਨ ਨੇ ਉਹਨਾਂ 'ਤੇ ਇਕ ਜਸੂਸ ਦੀ ਡਿਊਟੀ ਲਗਾ ਦਿੱਤੀ ਅਤੇ ਸਿਰਫ਼ ਉਹਨਾਂ ਦੇ ਜਾਣ ਆਉਣ ਅਤੇ ਪਰਿਵਾਰ ਬਾਰੇ ਜਾਣਕਾਰੀ ਇਕੱਠੀ ਕਰਨ ਤੱਕ ਹੀ ਸੀਮਤ ਰਹਿਣ ਲਈ ਕਿਹਾ। ਕਿਸੇ ਵੀ ਹਾਲਤ ਵਿਚ ਉਹਨਾਂ ਨਾਲ ਗੱਲ ਕਰਨ ਤੋਂ ਸਖ਼ਤੀ ਨਾਲ ਮਨ੍ਹਾ ਕਰ ਦਿੱਤਾ।

ਮਿਲੀ ਜਾਣਕਾਰੀ ਅਨੁਸਾਰ ਉਸ ਨੇ ਉਹਨਾਂ ਵਿਚੋਂ ਦੋ ਔਰਤਾਂ ਦੀ ਚੋਣ ਕੀਤੀ। ਉਹ ਅਜੇ ਵੀ ਲਾਈਫ ਵਿਚ ਕੰਮ ਕਰਦੀਆਂ ਸਨ। ਦੋਵੇਂ ਹੀ ਇਕੱਲੀਆਂ ਰਹਿੰਦੀਆਂ ਸਨ। ਦੋਵਾਂ ਦੇ ਹੀ ਇਕ ਇਕ ਬੱਚਾ ਸੀ। ਉਹਨਾਂ ਦੀ ਆਰਥਿਕ ਹਾਲਤ ਬਹੁਤੀ ਚੰਗੀ ਨਹੀਂ ਸੀ। ਇਕ ਦਿਨ ਰੌਬਿਨ ਨੇ ਆਪ ਉਹਨਾਂ ਨੂੰ ਵਾਚਿਆ। ਰੌਬਿਨ ਨੇ ਉਹਨਾਂ ਵਿਚੋਂ ਇਕ ਔਰਤ ਦੀ ਚੋਣ ਕਰ ਲਈ। ਉਸ ਦਾ ਤਜ਼ਰਬਾ ਜਾਂ ਉਸ ਦਾ ਮਨ ਕਹਿ ਰਿਹਾ ਸੀ ਉਹ ਔਰਤ ਉਸ ਦਾ ਕੰਮ ਕਰਨ ਵਿਚ ਸਹਾਈ ਹੋ ਸਕਦੀ ਸੀ।

ਉਹ ਔਰਤ ਆਪਣੇ ਬੱਚੇ ਨੂੰ ਹਰ ਹਫ਼ਤੇ ਡਾਕਟਰ ਦੇ ਲੈ ਕੇ ਜਾਂਦੀ ਸੀ। ਇਕ ਦਿਨ ਪਿੱਠ ਦੇ ਦਰਦ ਦਾ ਬਹਾਨਾ ਬਣਾ ਕੇ ਰੌਬਿਨ ਵੀ ਉਸ ਔਰਤ ਦੇ ਪਿੱਛੇ ਹੀ ਡਾਕਟਰ ਦੀ ਸਰਜਰੀ ਵਿਚ ਚਲਾ ਗਿਆ। ਔਰਤ ਆਪਣੇ ਬੱਚੇ ਨੂੰ ਡਾਕਟਰ ਕੋਲ ਲੈ ਕੇ ਗਈ ਤਾਂ ਡਾਕਟਰ ਨੇ ਉਸ ਨੂੰ ਵੇਖਣ ਤੋਂ ਪਹਿਲਾਂ ਪੁਰਾਣੇ ਬਿਲ ਦਾ ਭੁਗਤਾਣ ਕਰਨ ਲਈ ਕਿਹਾ। ਰੋਂਦੀ ਹੋਈ ਔਰਤ ਬੱਚੇ ਨਾਲ ਬਾਹਰ ਆ ਗਈ। ਰੌਬਿਨ ਉਸ ਦੇ ਪਿੱਛੇ ਹੀ ਬਾਹਰ ਚਲਾ ਗਿਆ।

“ਮੁਆਫ ਕਰਨਾ ਮੈਡਮ—ਕੀ ਮੈਂ ਕੋਈ ਮਦਦ ਕਰ ਸਕਦਾ ਆਂ?” ਰੌਬਿਨ ਉਸ ਦਾ ਰਾਹ ਰੋਕ ਕੇ ਖੜ੍ਹ ਗਿਆ।

“ਕੋਈ ਕੁਛ ਨਹੀਂ ਕਰ ਸਕਦਾ। ਮੇਰਾ ਇਕੋ ਇਕ ਬੱਚਾ---।” ਔਰਤ ਭੁਬਾਂ ਮਾਰ ਕੇ ਰੋਣ ਲੱਗੀ।

“ਆਪਣੇ ਆਪ ਨੂੰ ਸੰਭਾਲੋ ਮੈਡਮ। ਆਉ ਮੈਂ ਤੁਹਾਨੂੰ ਘਰ ਛੱਡ ਦਿੰਦਾ ਹਾਂ।”

ਰੌਬਿਨ ਨੇ ਕਿਰਾਏ ਵਾਲੀ ਗੱਡੀ ਨੂੰ ਰੋਕਿਆ ਅਤੇ ਬੱਚੇ ਨੂੰ ਚੁੱਕ ਕੇ ਗੱਡੀ ਵਿਚ ਬਿਠਾ ਦਿੱਤਾ। ਔਰਤ ਵੀ ਬੱਚੇ ਨਾਲ ਬੈਠ ਗਈ। ਰੌਬਿਨ ਅਗਲੀ ਸੀਟ 'ਤੇ ਬੈਠ ਗਿਆ। ਰਸਤੇ ਵਿਚ ਔਰਤ ਨਾਲ ਰੌਬਿਨ ਨੇ ਬੱਚੇ ਦੀ ਬਿਮਾਰੀ ਬਾਰੇ ਗੱਲਾਂ ਕੀਤੀਆਂ ਤਾਂ ਪਤਾ ਲੱਗਾ ਬੱਚੇ ਨੂੰ ਟੀ ਬੀ ਦੀ ਨਾ-ਮੁਰਾਦ ਬਿਮਾਰੀ ਸੀ। ਡਾਕਟਰ ਦੀ ਦਵਾਈ ਨਾਲ ਕੁਝ ਕੁ ਫਰਕ ਤਾਂ ਪੈ ਸਕਦਾ ਸੀ। ਅਸਲ ਇਲਾਜ ਬੱਚੇ ਨੂੰ ਲੰਡਨ ਦੇ ਧੂਏਂ ਅਤੇ ਗੰਦੇ ਵਾਤਾਵਰਣ ਦੀ ਥਾਂ ਧੁੱਪੀਲੇ ਅਤੇ ਸਾਫ਼ ਵਾਤਾਵਰਣ ਵਿਚ ਲਿਜਾਣ ਨਾਲ ਹੋ ਸਕਦਾ ਸੀ। ਔਰਤ ਕੋਲ ਪੈਸਾ ਹੀ ਨਹੀਂ ਸੀ। ਉਹ ਜਿੰਨਾ ਕੁ ਇਲਾਜ ਕਰਵਾ ਸਕਦੀ ਸੀ, ਕਰਵਾ ਰਹੀ ਸੀ। ਹੁਣ ਤਾਂ ਘਰ ਦਾ ਕਿਰਾਇਆ ਦੇਣ ਵੱਲੋਂ ਵੀ ਉਹ ਔਖੀ ਸੀ। ਮਮਤਾ ਦੀ ਮਾਰ ਵੀ ਸਹਿ ਰਹੀ ਸੀ ਤੇ ਢਿੱਡ ਦੀ ਵੀ। ਰੌਬਿਨ ਉਸ ਨੂੰ ਘਰ ਛੱਡਣ ਗਿਆ ਕੁਝ ਦੇਰ ਉਸ ਨਾਲ ਗੱਲਾਂ ਕਰਦਾ ਰਿਹਾ।

“ਮੈਡਮ ਦੁਖੀ ਨਾ ਹੋਵੋ। ਮੈਂ ਤੁਹਾਡੀ ਮਦਦ ਕਰਾਂਗਾ। ਤੁਸੀਂ ਇਸ ਬੱਚੇ ਨੂੰ ਕਿਸੇ ਸੈਨੀਟੋਰੀਅਮ ਵਿਚ ਲਿਜਾਣ ਦਾ ਪ੍ਰਬੰਧ ਕਰੋ।” ਰੌਬਿਨ ਨੇ ਔਰਤ ਨੂੰ ਕੁਝ ਪੈਸੇ ਦੇ ਦਿੱਤੇ ਅਤੇ ਅਗਲੇ ਹਫ਼ਤੇ ਫਿਰ ਆਉਣ ਦਾ ਵਾਇਦਾ ਕੀਤਾ। ਔਰਤ ਲਈ ਰੌਬਿਨ ਕੋਈ 'ਜੀਸਜ਼' ਦਾ ਭੇਜਿਆ ਦੇਵਤਾ ਸੀ।

ਅਗਲੇ ਹਫ਼ਤੇ ਰੌਬਿਨ ਫਿਰ ਪਹੁੰਚ ਗਿਆ। ਇਸ ਵਾਰ ਔਰਤ ਖੁਸ਼ ਸੀ। ਡਾਕਟਰ ਦਾ ਕਰਜ਼ ਵਾਪਿਸ ਹੋ ਗਿਆ ਸੀ ਅਤੇ ਉਸ ਦਿਨ ਦੀ ਦਵਾਈ ਦੇ ਪੈਸੇ ਵੀ ਦੇ ਦਿੱਤੇ ਸਨ। ਘਰ ਦਾ ਕਿਰਾਇਆ ਵੀ ਦਿੱਤਾ ਜਾ ਚੁੱਕਾ ਸੀ। ਰੌਬਿਨ ਨੂੰ ਵੇਖ ਕੇ ਉਸ ਦੀ ਖੁਸ਼ੀ ਪਰ ਲਾ ਕੇ ਉਡਣ ਲੱਗੀ। ਬੱਚੇ ਦਾ ਸਿਹਤਮੰਦ ਭਵਿੱਖ ਉਸ ਨੂੰ ਸੰਭਵ ਦਿਖਾਈ ਦੇਣ ਲੱਗਾ।

ਰੌਬਿਨ ਨੇ ਉਸ ਦਿਨ ਔਰਤ ਨੂੰ 'ਗਰੀਸ' ਜਾਣ ਦੀ ਸਲਾਹ ਦਿੱਤੀ। ਉਸ ਦੇ ਮਹੀਨਾ ਭਰ ਰਹਿਣ ਅਤੇ ਜਾਣ ਆਉਣ ਦਾ ਖਰਚਾ ਰੌਬਿਨ ਦੇਣ ਲਈ ਤਿਆਰ ਸੀ। ਸਾਰੀ ਜਾਣਕਾਰੀ ਦੇ ਕੇ ਅਤੇ ਔਰਤ ਦਾ ਮਨ ਬਣਾ ਕੇ ਉਸ ਨੇ ਆਪਣਾ ਕੰਮ ਵੀ ਔਰਤ ਸਨਮੁੱਖ ਰੱਖਣਾ ਸੀ। ਨਾਲ ਹੀ ਉਹ ਔਰਤ ਨੂੰ ਮਹਿਸੂਸ ਨਹੀਂ ਹੋਣ ਦੇਣਾ ਚਾਹੁੰਦਾ ਸੀ, ਉਹ ਕੋਈ ਗਲਤ ਢੰਗ ਨਾਲ ਜਾਣਕਾਰੀ ਦੇ ਰਹੀ ਸੀ।

“ਇਸ ਬੱਚੇ ਦਾ ਜਨਮ ਕਿਸ ਹਸਪਤਾਲ ਵਿਚ ਹੋਇਆ ਸੀ?” ਰੌਬਿਨ ਨੇ ਸੁਭਾਵਕ ਜਿਹਾ ਸਵਾਲ ਕੀਤਾ।

“ਹਸਪਤਾਲ ਕਿਥੇ! ਇਹਦਾ ਜਨਮ ਤਾਂ 'ਲਾਈਫ' ਨਾਂ ਦੇ ਹੋਸਟਲ ਵਿਚ ਹੋਇਆ ਸੀ। ਵਿਚਾਰੀ ਐਂਜਲਾ ਦੀ ਮਿਹਰਬਾਨੀ।” ਔਰਤ ਨੇ ਕਰਾਸ ਦਾ ਨਿਸ਼ਾਨ ਆਪਣੀ ਛਾਤੀ 'ਤੇ ਬਣਾਇਆ।

“ਹਾਂ ਇਸ ਹੋਸਟਲ ਦਾ ਜ਼ਿਕਰ ਇਕ ਹੋਰ ਔਰਤ ਨੇ ਵੀ ਕੀਤਾ ਸੀ। ਐਡਵੀਨਾ ਐਡਵਰਡ। ਉਸ ਦੀ ਵੀ ਇਸ ਹੋਸਟਲ ਨੇ ਬਹੁਤ ਮਦਦ ਕੀਤੀ ਸੀ।” ਰੌਬਿਨ ਨੇ ਗੱਲ-ਬਾਤ ਨੂੰ ਸਾਧਾਰਨ ਜਿਹਾ ਰਖਦਿਆਂ ਕਿਹਾ।

“ਹਾਂ ਮੈਨੂੰ ਯਾਦ ਐ। ਉਸ ਦੇ ਕੁੜੀ ਹੋਈ ਸੀ। ਬਹੁਤ ਪਿਆਰੀ ਬੱਚੀ। ਉਹਦੇ ਨਾਲੋਂ ਵੀ ਮੈਨੂੰ ਉਹਦੀ ਬੱਚੀ ਦੀ ਦਾਦੀ ਮਿਸਿਜ਼ ਕੂਪਰ ਬਹੁਤ ਚੰਗੀ ਲਗਦੀ ਸੀ। ਬਹੁਤ ਧਾਰਮਿਕ ਵਿਚਾਰਾਂ ਵਾਲੀ ਸੀ। ਮੇਰੀ ਵੀ ਉਸ ਨੇ ਬਹੁਤ ਮਦਦ ਕੀਤੀ। ਰੱਬ ਨੂੰ ਪਿਆਰੀ ਹੋ ਗਈ ਵਿਚਾਰੀ। ਜੀਸਜ਼ ਉਸ ਨੂੰ ਸ਼ਾਂਤੀ ਦੇਣ।” ਔਰਤ ਦਾ ਮੂੰਹ ਉਦਾਸ ਹੋ ਗਿਆ ਸੀ। ਰੌਬਿਨ ਦੀਆਂ ਅੱਖਾਂ ਉਸ ਔਰਤ ਦੇ ਮੂੰਹ 'ਤੇ ਗੱਡੀਆਂ ਹੋਈਆਂ ਸਨ।

“ਬਹੁਤ ਅਫ਼ਸੋਸ। ਚੰਗੇ ਬੰਦਿਆਂ ਨੂੰ ਰੱਬ ਵੀ ਜਲਦੀ ਸੱਦ ਲੈਂਦਾ। ਵੈਸੇ ਉਸ ਔਰਤ ਦਾ ਮੁੰਡਾ ਕੀ ਕਰਦਾ? ਮਤਲਬ ਉਹ ਆਪਣੀ ਬੱਚੀ ਦਾ ਜ਼ਰੂਰ ਖਿਆਲ ਰੱਖ ਰਿਹਾ ਹੋਵੇਗਾ।”

ਰੌਬਿਨ ਬਹੁਤ ਧਿਆਨ ਨਾਲ ਸਵਾਲ ਪੁੱਛ ਰਿਹਾ ਸੀ। ਉਸ ਦੇ ਮਨ ਵਿਚ ਕੋਈ ਗਲਤ ਸਵਾਲ ਕਰ ਕੇ ਸਾਰੀ ਗੱਲ ਨੂੰ ਵਿਗੜਨ ਦਾ ਡਰ ਵੀ ਬਣਿਆ ਹੋਇਆ ਸੀ।

"ਹਾਂ ਜੇਕ ਕੂਪਰ ਸੀ ਉਹਦਾ ਨਾਂ। ਹੁਣ ਤਾਂ ਪਤਾ ਨਹੀਂ ਕੀ ਕਰਦਾ ਹੋਊ! ਉਸ ਵੇਲੇ ਉਹ 'ਸਨਰਾਈਜ਼ ਬੇਕਰੀ' ਵਿਚ ਕੰਮ ਕਰਦਾ ਸੀ। ਪਤਾ ਨਹੀਂ ਉਸ ਵਿਚਾਰੀ ਬੱਚੀ ਦਾ ਕੀ ਬਣਿਆ ਹੋਊ!" ਔਰਤ ਨੇ ਹਉਕਾ ਭਰਿਆ।

ਰੌਬਿਨ ਦਾ ਕੰਮ ਹੋ ਗਿਆ ਸੀ। ਰੌਬਿਨ ਨੇ ਉਸ ਨੂੰ ਟਿਕਟਾਂ ਦਿੱਤੀਆਂ ਤੇ ਕੁਝ ਪੈਸੇ ਵੀ। ਔਰਤ ਨੂੰ ਐਨੀ ਖੁਸ਼ੀ ਹੋਈ ਰੌਬਿਨ ਨੂੰ ਉਸ ਨੇ ਜੱਫੀ ਪਾ ਲਈ। ਰੌਬਿਨ ਉਸ ਨੂੰ ਸ਼ੁਭ ਇਛਾਵਾਂ ਦੇ ਕੇ ਆਪਣੇ ਰਾਹ ਪੈ ਗਿਆ।

ਸਨਰਾਈਜ਼ ਬੇਕਰੀ ਕਾਫੀ ਵੱਡੀ ਬੇਕਰੀ ਸੀ। ਮਜ਼ਦੂਰ ਸ਼ਿਫਟਾਂ ਵਿਚ ਕੰਮ ਕਰਦੇ ਸਨ। ਰਾਤ ਦੀ ਸ਼ਿਫਟ ਛੇ ਵਜੇ ਸ਼ਾਮ ਨੂੰ ਸ਼ੁਰੂ ਹੁੰਦੀ ਤੇ ਸਵੇਰੇ ਛੇ ਵਜੇ ਖਤਮ ਹੁੰਦੀ ਤਾਂ ਨਾਲ ਹੀ ਦਿਨ ਵਾਲੀ ਸ਼ਿਫਟ ਵਾਲੇ ਮਜ਼ਦੂਰ ਆ ਜਾਂਦੇ। ਸ਼ਾਮ ਵਾਲੀ ਸ਼ਿਫਟ ਖਤਮ ਕਰਕੇ ਮਜ਼ਦੂਰ ਨਾਲ ਦੇ ਪੱਬ ਵਿਚ ਬੈਠਦੇ ਤੇ ਗੱਲਾਂ ਬਾਤਾਂ ਕਰਦੇ। ਰੌਬਿਨ ਵੀ ਉਸ ਪੱਬ ਵਿਚ ਚਲਾ ਗਿਆ। ਬੇਕਰੀ ਵਿਚੋਂ ਇਕ ਗਰੁੱਪ ਨਿਕਲ ਕੇ ਪੱਬ ਵਿਚ ਆ ਬੈਠਾ। ਰੌਬਿਨ ਕੁਝ ਦੇਰ ਉਹਨਾਂ ਨੂੰ ਨਿਹਾਰਦਾ ਰਿਹਾ। ਉਹਨਾਂ ਵਿਚੋਂ ਕੋਈ ਜੇਕ ਵੀ ਹੋ ਸਕਦਾ ਸੀ! ਕਿਸੇ ਦੇ ਮੂੰਹੋਂ ਉਸ ਨੇ ਜੇਕ ਦਾ ਨਾਂ ਨਾ ਸੁਣਿਆ।

ਕੁਝ ਦੇਰ ਬਾਅਦ ਇਕ ਮਜ਼ਦੂਰ ਬੀਅਰ ਦਾ ਗਲਾਸ ਲੈਣ ਲਈ ਕਾਂਊਟਰ 'ਤੇ ਗਿਆ ਤਾਂ ਰੌਬਿਨ ਵੀ ਉਸ ਨਾਲ ਜਾ ਖੜ੍ਹਾ ਹੋਇਆ ਤੇ ਮਜ਼ਦੂਰ ਨਾਲ ਗੱਲੀਂ ਲੱਗ ਗਿਆ। ਗੱਲੀਂ-ਬਾਤੀ ਉਸ ਨੇ ਜੇਕ ਬਾਰੇ ਪੁੱਛ ਲਿਆ।

"ਅਗਲੇ ਹਫ਼ਤੇ ਉਹਦੀ ਸਵੇਰ ਵਾਲੀ ਸ਼ਿਫਟ ਆ। ਸ਼ਾਮ ਨੂੰ ਐਥੇ ਈ ਮਿਲੂ। ਪਰ ਤੁਸੀਂ---।" ਮਜ਼ਦੂਰ ਨੇ ਰੌਬਿਨ ਨੂੰ ਸਿਰ ਤੋਂ ਪੈਰਾਂ ਤੱਕ ਵੇਖਿਆ।

"ਘਬਰਾਉਣ ਦੀ ਲੋੜ ਨਹੀਂ। ਉਸ ਲਈ ਮੇਰੇ ਕੋਲ ਕੋਈ ਖਾਸ ਸੁਨੇਹਾ ਐ। ਮੈਂ ਉਸ ਨੂੰ ਕਿਸੇ ਦਿਨ ਫੇਰ ਮਿਲ ਲਵਾਂਗਾ।"

ਰੌਬਿਨ ਨੇ ਮਜ਼ਦੂਰ ਦੀ ਬੀਅਰ ਦੇ ਪੈਸੇ ਵੀ ਦੇ ਦਿੱਤੇ ਤੇ ਆਪਣੇ ਵੀ। ਮਜ਼ਦੂਰ ਨਾਲ ਹੱਥ ਮਿਲਾ ਕੇ ਉਹ ਆਪਣੀ ਕੁਰਸੀ ਤੇ ਆ ਬੈਠਾ। ਹੁਣ ਉਸ ਨੂੰ ਬੀਅਰ ਸਵਾਦ ਲੱਗਣ ਲੱਗੀ।

ਅਗਲੇ ਹਫ਼ਤੇ ਰੌਬਿਨ ਫਿਰ ਉਸ ਪੱਬ ਵਿਚ ਚਲਾ ਗਿਆ। ਉਸ ਨੂੰ ਜੇਕ ਦੀ ਉਡੀਕ ਸੀ। ਉਸ ਨੇ ਕਾਊਂਟਰ 'ਤੇ ਕੰਮ ਕਰਦੇ ਮੁੰਡੇ ਨੂੰ ਜੇਕ ਬਾਰੇ ਪੁੱਛਿਆ। ਉਹ ਉਸ ਨੂੰ ਜਾਣਦਾ ਸੀ। ਰੌਬਿਨ ਨੇ ਜਦ ਜੇਕ ਆਵੇ ਉਸ ਨੂੰ ਆਪਣੇ ਟੇਬਲ 'ਤੇ ਭੇਜਣ ਲਈ ਕਿਹਾ।

ਕੁਝ ਦੇਰ ਬਾਅਦ ਮਜ਼ਦੂਰ ਪੱਬ ਵਿਚ ਆਉਣ ਲੱਗੇ। ਜੇਕ ਨਾਲ ਕਾਊਂਟਰ 'ਤੇ ਕੰਮ ਕਰਦੇ ਮੁੰਡੇ ਨੇ ਗੱਲ ਕਰਦਿਆਂ ਆਪਣੇ ਸਿਰ ਨਾਲ ਇਸ਼ਾਰਾ ਕਰਕੇ ਰੌਬਿਨ ਵੱਲ ਵੇਖਿਆ। ਜੇਕ ਨੇ ਵੀ ਰੌਬਿਨ ਵੱਲ ਵੇਖਿਆ। ਦੋਵਾਂ ਦੀਆਂ ਅੱਖਾਂ ਮਿਲੀਆਂ। ਜੇਕ ਰੌਬਿਨ ਦੇ ਟੇਬਲ ਕੋਲ ਆ ਗਿਆ।

"ਬੈਠੋ ਜੇਕ ਕੂਪਰ।" ਰੌਬਿਨ ਨੇ ਮੁਸਕਰਾਉਂਦਿਆਂ ਕੁਰਸੀ ਵੱਲ ਹੱਥ ਦਾ ਇਸ਼ਾਰਾ ਕੀਤਾ।

ਜੇਕ ਹੈਰਾਨੀ ਲੱਦੀਆਂ ਨਜ਼ਰਾਂ ਨਾਲ ਰੌਬਿਨ ਵੱਲ ਵੇਖਦਾ ਕੁਰਸੀ 'ਤੇ ਬੈਠ ਗਿਆ। ਰੌਬਿਨ ਉਸ ਤੋਂ ਕੰਮ, ਉਸ ਦੇ ਘਰ ਦਾ ਪਤਾ ਅਤੇ ਹੋਰ ਇਧਰ-ਉਧਰ ਦੇ ਸਵਾਲ ਪੁਛਦਾ ਰਿਹਾ। ਜੇਕ ਉਸ ਨੂੰ ਜਵਾਬ ਦਿੰਦਾ ਰਿਹਾ।

"ਜੇਕ ਐਡਵੀਨਾ ਐਡਵਰਡ ਨੂੰ ਜਾਣਦਾ ਐਂ?" ਰੌਬਿਨ ਨੇ ਪੁੱਛਿਆ ਤਾਂ ਜੇਕ ਦੀਆਂ ਅੱਖਾਂ ਹੈਰਾਨੀ ਨਾਲ ਉਪਰ ਚੜ੍ਹ ਗਈਆਂ।

"ਤੁਸੀਂ ਉਸ ਨੂੰ ਕਿਵੇਂ ਜਾਣਦੇ ਓ?" ਜੇਕ ਹੈਰਾਨ ਸੀ।

"ਜੇਕ ਐਸ ਸਮੇਂ ਮੈਂ ਜਲਦੀ ਵਿਚ ਆਂ। ਮੈਂ ਕਦੇ ਕਿਸੇ ਦਿਨ ਫੇਰ ਮਿਲਾਂਗਾ ਤੇ ਬਾਕੀ ਗੱਲ ਫਿਰ ਕਰਾਂਗੇ।"

ਰੌਬਿਨ ਨੇ ਆਪਣਾ ਓਵਰ ਕੋਟ ਪਾਇਆ ਤੇ ਪੱਬ ਵਿਚੋਂ ਬਾਹਰ ਆ ਕੇ ਕਿਰਾਏ ਦੀ ਗੱਡੀ ਵਿਚ ਬੈਠ ਗਿਆ।

ਰੌਬਿਨ ਲਈ ਜੇਕ ਨੂੰ ਫਿਰ ਮਿਲਣ ਦਾ ਕੋਈ ਕਾਰਨ ਨਹੀਂ ਸੀ। ਅੱਜ ਉਹ ਤਾਂ ਸਿਰਫ ਐਡਵੀਨਾ ਨੂੰ ਮਿਲਣ ਆਇਆ ਸੀ। ਐਡਵੀਨਾ ਦੀ ਸਚਾਈ ਬਾਰੇ ਉਸ ਨੂੰ ਪਤਾ ਸੀ। ਪਰ ਐਡਵੀਨਾ ਨੂੰ ਰੌਬਿਨ ਕੋਲ ਗੁਪਤ ਜਾਣਕਾਰੀ ਬਾਰੇ ਕੋਈ ਅੰਦਾਜ਼ਾ ਨਹੀਂ ਸੀ।

ਗੱਡੀ ਵਿਚ ਬੈਠਿਆ ਰੌਬਿਨ ਕੋਈ ਕਦਮ ਪੁੱਟਣ ਤੋਂ ਪਹਿਲਾਂ ਇਕ ਵਾਰ ਐਲਨ ਨੂੰ ਮਿਲਣ ਬਾਰੇ ਸੋਚ ਰਿਹਾ ਸੀ।

13 ਮਾਰਚ 1873 ਦਾ ਦਿਨ ਪਾਰਲੀਮੈਂਟ ਵਿਚ ਬਹੁਤ ਦਿਲਚਸਪ ਸੀ। ਲਿਬਰਲ ਪਾਰਟੀ ਦੀ ਸਰਕਾਰ ਸੀ ਤੇ ਗਲੈਡਸਟੋਨ ਨੇ ਪ੍ਰਧਾਨ ਮੰਤਰੀ ਦੇ ਪਦ ਤੋਂ ਅਸਤੀਫਾ ਦੇ ਦਿੱਤਾ। ਉਸ ਕੋਲ ਬਹੁ-ਸੰਮਤੀ ਨਹੀਂ ਸੀ। ਕੰਜ਼ਰਵੇਟਿਵ ਦੌੜ-ਭੱਜ ਕਰਦੇ ਰਹੇ ਪਰ ਉਹ ਸਰਕਾਰ ਨਾ ਬਣਾ ਸਕੇ। ਦੋ ਦਿਨਾਂ ਬਾਅਦ ਗਲੈਡਸਟੋਨ ਨੇ ਫਿਰ ਪ੍ਰਧਾਨ ਮੰਤਰੀ ਦੀ ਕੁਰਸੀ ਸਾਂਭ ਲਈ। ਇਹਨਾਂ ਦਿਨਾਂ ਵਿਚ ਐਲਨ ਵੀ ਬਹੁਤ ਭੱਜ-ਨੱਠ ਕਰ ਰਿਹਾ ਸੀ। ਸਰਕਾਰ ਟੁੱਟਣ ਨਾਲ ਉਹਦੀ ਵੀ ਕੁਰਸੀ ਜਾਂਦੀ ਲੱਗੀ ਸੀ। ਸਰਕਾਰ ਬਣਨ ਨਾਲ ਉਹ ਫਿਰ ਤੋਂ ਕੁਰਸੀ ’ਤੇ ਸਜ ਗਿਆ। ਉਸ ਨੇ ਕੁਝ ਦਿਨਾਂ ਲਈ ਗਲਾਸਗੋ ਜਾਣਾ ਸੀ। ਜੈਨੀਫਰ ਵੀ ਨਾਲ ਜਾ ਰਹੀ ਸੀ। ਇਕ ਦਿਨ ਕਿਸੇ ਕਲੱਬ ਵਿਚ ਲਿੰਨ ਮਿਲ ਗਿਆ ਤਾਂ ਐਲਨ ਨੇ ਗਲਾਸਗੋ ਜਾਣ ਬਾਰੇ ਦੱਸਿਆ।

“ਦੋ ਅਪਰੈਲ ਨੂੰ ਚਲਦੇ ਆਂ। ਮੈਂ ਵੀ ਅੱਧੇ ਕੁ ਰਸਤੇ ਤੇਰਾ ਸਾਥ ਦੇ ਸਕਾਂਗਾ। ਦਿਲਚਸਪ ਗੱਲ ਇਹ ਐ ਦੋ ਅਪਰੈਲ ਨੂੰ ਪਹਿਲੇ ਦਿਨ ਸਲੀਪਿੰਗ ਡੱਬੇ ਨਾਲ ਟਰੇਨ ਚੱਲਣੀ ਐ। ਮੈਂ ਤੇਰੀ ਵੀ ਬੁਕਿੰਗ ਕਰਵਾ ਦਿਆਂਗਾ।”

“ਆਹ ਤਾਂ ਬੜੀ ਦਿਲਚਸਪ ਗੱਲ ਐ। ਜੈਨੀਫਰ ਨੂੰ ਮੌਕੇ ’ਤੇ ਹੀ ਹੈਰਾਨੀ ਦੇਵਾਂਗੇ।” ਉਹ ਖੁਸ਼ੀ ਖੁਸ਼ੀ ਦੋ ਅਪਰੈਲ ਨੂੰ ਗਲਾਸਗੋ ਚਲੇ ਗਏ।

ਰੌਬਿਨ ਇਸ ਦਿਨ ਹੀ ਆਪਣੇ ਦਫ਼ਤਰ ਵਿਚ ਬੈਠਾ ਸੀ। ਉਸ ਨੂੰ ਇਕ ਰੁੱਕਾ ਮਿਲਿਆ-

“ਬਹੁਤ ਜ਼ਰੂਰੀ ਪੰਜ ਮਿੰਟ ਵਾਸਤੇ ਮਿਲਣਾ ਹੈ---ਜੌਹਨ।” ਰੌਬਿਨ ਨੂੰ ਹੈਰਾਨੀ ਹੋਈ। ਉਸ ਨੇ ਚਲਦੀ ਮੀਟਿੰਗ ਜਲਦੀ ਜਲਦੀ ਸਮਾਪਤ ਕੀਤੀ ਤੇ ਜੌਹਨ ਨੂੰ ਬੁਲਾ ਲਿਆ।

“ਮੁਆਫ਼ ਕਰਨਾ ਮਿਸਟਰ ਹੈਨਰੀ, ਮੈਂ ਤੁਹਾਡੇ ਕੰਮ ਵਿਚ ਰੁਕਾਵਟ ਪਾਈ। ਪਰ ਇਹ ਨਹਾਇਤ ਜ਼ਰੂਰੀ ਸੀ।”

ਜੌਹਨ ਨੇ ਮੇਜ਼ ’ਤੇ ਬਾਹਾਂ ਰੱਖੀਆਂ ਤੇ ਅੱਗੇ ਨੂੰ ਝੁਕ ਗਿਆ। ਰੌਬਿਨ ਉਸ ਵੱਲ ਚੁੱਪ ਚਾਪ ਵੇਖ ਰਿਹਾ ਸੀ ਤੇ ਉਸ ਦੇ ਬੋਲਣ ਦੀ ਉਡੀਕ ਕਰ ਰਿਹਾ ਸੀ।

“ਮਿਸਟਰ ਹੈਨਰੀ ਤੁਹਾਨੂੰ ਬਹੁਤ ਧਿਆਨ ਨਾਲ ਰਹਿਣ ਦੀ ਲੋੜ ਹੈ। ਮੈਨੂੰ ਡਰ ਐ ਤੁਹਾਡੀ ਜਾਨ ਨੂੰ ਖਤਰਾ ਹੋ ਸਕਦਾ।”

“ਕੀ ਮਤਲਬ---! ਮੇਰੀ ਜਾਨ ਨੂੰ ਖਤਰਾ ---ਮੈਂ ਸਮਝਿਆ ਨੀ!” ਰੌਬਿਨ ਨੂੰ ਘਬਰਾਹਟ ਹੋਈ। ਵੱਡੀ ਗੱਲ ਉਹ ਉਲਝਣ ਵਿਚ ਫਸ ਗਿਆ।

“ਦੇਖੋ ਇਹ ਕੋਈ ਪੱਕੀ ਗੱਲ ਨਹੀਂ। ਬਿਲ ਬਰਾਊਨ ਅਪਰਾਧੀ ਦਿਮਾਗ ਦਾ ਬੰਦਾ ਐ। ਅਪਰਾਧੀ ਬੰਦਾ ਹਰ ਸਮੱਸਿਆ ਦਾ ਹੱਲ ਅਪਰਾਧੀ ਢੰਗ ਨਾਲ ਹੀ ਕਰਨ ਦੀ ਕੋਸਿਸ਼ ਕਰਦਾ ਹੁੰਦਾ। ਚਾਰਲੀ ਅਤੇ ਬਿਲ ਦੀਆਂ ਮੀਟਿੰਗਾਂ ਪਹਿਲਾਂ ਨਾਲੋਂ ਘਟ ਗਈਆਂ ਅਤੇ ਬਿਲ ਕੁਝ ਹੋਰ ਅਪਰਾਧੀ ਬੰਦਿਆਂ ਨੂੰ ਮਿਲ ਰਿਹਾ। ਮੇਰੇ ਖਿਆਲ ਵਿਚ ਜੇ ਉਹ ਕਿਸੇ ਦਾ ਨੁਕਸਾਨ ਕਰਨ ਦੀ ਸੋਚੇਗਾ ਤਾਂ ਬਹੁਤ ਸੰਭਵ ਤੁਹਾਡਾ ਹੀ। ਅਜਿਹਾ ਕਰਕੇ ਉਹ ਬੈਂਕ ਦੇ ਬਾਕੀ ਹਿੱਸੇਦਾਰਾਂ ਵਿਚ ਡਰ ਪੈਦਾ ਕਰ ਸਕਦਾ ਹੈ। ਮੁੱਖ ਹਿੱਸੇਦਾਰ ਬਣਨ ਲਈ ਦੂਸਰਿਆਂ ਵਿਚ ਅੰਦਰੂਨੀ ਜੰਗ ਸ਼ੁਰੂ ਹੋ ਸਕਦੀ ਹੈ ਬਗੈਰਾ। ਅਜਿਹੀ ਹਾਲਤ ਵਿਚ ਇਕ ਵਾਰ ਬੈਂਕ ਦਾ ਧਿਆਨ ਉਸ ਤੋਂ ਲਾਂਭੇ ਹੋ ਜਾਵੇਗਾ ਤੇ ਉਸ ਨੂੰ ਕੋਈ ਆਪਣੀ ਹੋਰ ਚਾਲ ਚੱਲਣ ਲਈ ਸਮਾਂ ਮਿਲ ਜਾਵੇਗਾ।”

ਜੌਹਨ ਦੀ ਹਰ ਗੱਲ ਰੌਬਿਨ ਦੇ ਮਨ ਲੱਗ ਰਹੀ ਸੀ। ਉਸ ਦੇ ਦਿਮਾਗ ਵਿਚ ਸਾਰੇ ਹੀ ਹਿੱਸੇਦਾਰ ਆਏ ਜਿਹੜੇ ਉਸ ਦੀ ਕੁਰਸੀ ਹਥਿਆਉਣ ਦੀ ਕੋਸ਼ਿਸ਼ ਕਰ ਸਕਦੇ ਸਨ। ਜੋ ਜੌਹਨ ਕਹਿ ਰਿਹਾ ਸੀ ਉਸ ਨੂੰ ਠੀਕ ਲੱਗਾ।

“ਜੌਹਨ ਪਰ ਮੈਨੂੰ ਕੀ ਕਰਨਾ ਚਾਹੀਦਾ ਐ?” ਰੌਬਿਨ ਦੀ ਆਵਾਜ਼ ਵਿਚ ਫਿਕਰ ਸੀ।

“ਕਿਸੇ ਨੂੰ ਕੁਝ ਪਤਾ ਨਹੀਂ ਲਗਣਾ ਚਾਹੀਦਾ। ਤੁਹਾਡਾ ਵਰਤਾਅ ਆਮ ਵਰਗਾ ਹੋਣਾ ਚਾਹੀਦਾ। ਅੱਖਾਂ ਜ਼ਰੂਰ ਆਮ ਨਾਲੋਂ ਵੱਧ ਖੋਲ੍ਹ ਕੇ ਰੱਖਣ ਦੀ ਲੋੜ ਐ। ਸੜਕ ਪਾਰ ਕਰਨ ਸਮੇਂ, ਕਿਸੇ ਕਲੱਬ ਵਿਚੋਂ ਬਾਹਰ ਆਉਣ ਸਮੇਂ, ਘਰ ਜਾਣ ਸਮੇਂ, ਤੰਗ ਅਤੇ ਸੁੰਨੀਆਂ ਗਲੀਆਂ ਵਿਚ ਇਕੱਲੇ ਜਾਣ ਸਮੇਂ ਅਪਰਾਧੀ ਮੌਕਾ ਲੱਭ ਸਕਦੇ ਐ। ਜੇ ਚਾਹੋ ਤਾਂ ਕੁਝ ਦਿਨਾਂ ਲਈ ਮੈਂ ਇਕ ਬੰਦਾ ਤੁਹਾਡੇ ਨਾਲ ਲਾ ਦਿੰਨਾ ਜਿਹੜਾ ਕਹਿਣ ਨੂੰ ਤੁਹਾਡੇ ਕਲਰਕ ਦੇ ਤੌਰ ’ਤੇ ਕੰਮ ਕਰੇਗਾ ਤੇ ਰਾਖੀ ਤੁਹਾਡੀ ਕਰੇਗਾ। ਅਸੀਂ ਬਿਲ ’ਤੇ ਕਰੜੀ ਨਜ਼ਰ ਰੱਖ ਰਹੇ ਆਂ।”

ਰੌਬਿਨ ਨੂੰ ਜੌਹਨ ਦੀ ਰਾਇ ਪਸੰਦ ਆਈ ਤੇ ਉਸ ਨੇ ‘ਹਾਂ’ ਕਰ ਦਿੱਤੀ।

ਜੌਹਨ ਦੇ ਜਾਣ ਬਾਅਦ ਰੌਬਿਨ ਨੇ ਆਪਣੇ ਮਨ ਵਿਚ ਵਿਚਾਰ ਕੀਤੀ। ਉਸ ਨੇ ਕੁਝ ਦਿਨਾਂ ਲਈ ਬਾਹਰ ਅੰਦਰ ਨਾ ਜਾਣ ਦਾ ਫੈਸਲਾ ਕਰ ਲਿਆ ਅਤੇ ਵੱਧ ਤੋਂ ਵੱਧ ਸਤੱਰਕ ਰਹਿਣ ਦਾ ਪੱਕਾ ਮਨ ਬਣਾ ਲਿਆ।

ਉਹ ਐਲਨ ਨੂੰ ਮਿਲਣਾ ਚਾਹੁੰਦਾ ਸੀ। ਉਸ ਦੇ ਗਲਾਸਗੋ ਗਏ ਹੋਣ ਕਰਕੇ ਮਿਲਣਾ ਸੰਭਵ ਨਹੀਂ ਸੀ। ਬਾਕੀ ਸਮੱਸਿਆਵਾਂ ਨਾਲੋਂ ਹੁਣ ਉਸ ਨੂੰ ਆਪਣੀ ਜਾਨ ਦਾ ਵੱਧ ਫਿਕਰ ਸੀ।

---

ਐਡਵੀਨਾ ਦਾ ਉਸ ਨਾਲੋਂ ਵੀ ਬੁਰਾ ਹਾਲ ਸੀ। ਹਫ਼ਤੇ ਦੇ ਦਿਨ ਲੰਘ ਰਹੇ ਸਨ। ਰੌਬਿਨ ਨੇ ਉਸ ਨੂੰ ਹਫ਼ਤੇ ਦਾ ਸਮਾਂ ਦਿੱਤਾ ਸੀ। ਐਡਵੀਨਾ ਨੇ ਬਥੇਰੇ ਮਨ ਦੇ ਘੋੜੇ ਭਜਾਏ। ਉਸ ਨੂੰ ਕੋਈ ਅਜਿਹਾ ਜਵਾਬ ਜਾਂ ਬਹਾਨਾ ਨਹੀਂ ਮਿਲ ਰਿਹਾ ਸੀ ਜਿਸ ਨਾਲ ਸੱਪ ਵੀ ਮਰ ਜਾਵੇ ਤੇ ਸੋਟੀ ਵੀ ਬਚ ਜਾਵੇ। ਰੌਬਿਨ ਐਂਜਲਾ ਨੂੰ ਮਿਲਣ ਤਾਂ ਗਿਆ ਹੀ ਨਹੀਂ ਸੀ। ਜੇ ਗਿਆ ਹੁੰਦਾ ਤਾਂ ਐਂਜਲਾ ਨੇ ਦੱਸ ਦੇਣਾ ਸੀ। ਸਟੇਸ਼ਨ ’ਤੇ ਉਸ ਦਾ ਮਿਲਣਾ ਐਡਵੀਨਾ ਲਈ ਬੁਝਾਰਤ ਬਣਿਆ ਹੋਇਆ ਸੀ। ਵੱਡੀ ਗੱਲ ਰੌਬਿਨ ਬਹੁਤ ਸ਼ਾਂਤ ਤੇ ਆਮ ਵਰਗਾ ਵਰਤਾਅ ਕਰ ਰਿਹਾ ਸੀ। ਐਡਵੀਨਾ ਕੁਝ ਸਮਾਂ ਹੋਰ ਲੰਘਾਉਣਾ ਚਾਹੁੰਦੀ ਸੀ।

“ਰੌਬਿਨ, ਚਾਰਲੀ ਜਾਇਦਾਦ ਦੀ ਵੰਡ ਲਈ ਤਿਆਰ ਐ। ਮੈਨੂੰ ਉਹ ਬਹੁਤਾ ਖੁਸ਼ ਨਹੀਂ ਸੀ ਲਗਦਾ। ਜੇ ਤੂੰ ਕੁਝ ਮੇਰੀ ਮਦਦ ਕਰ ਸਕੇਂ ਤਾਂ---!”

“ਐਡਵੀਨਾ ਮੈਂ ਤੁਹਾਡੀ ਪਰਿਵਾਰਕ ਸਮੱਸਿਆ ਵਿਚ ਨਹੀਂ ਪੈਣਾ ਚਾਹੁੰਦਾ। ਵੈਸੇ ਵੀ ਮੈਨੂੰ ਨਹੀਂ ਲਗਦਾ ਮੈਂ ਇਸ ਮਸਲੇ ਵਿਚ ਤੇਰੀ ਕੋਈ ਬਹੁਤ ਮਦਦ ਕਰ ਸਕਾਂਗਾ।”

ਰੌਬਿਨ ਬਾਹਰ ਬਾਰੀ ਵਿਚੋਂ ਦੀ ਵੇਖ ਰਿਹਾ ਸੀ। ਘਰ ਦੇ ਬਾਹਰ ਗੇਟ ’ਤੇ ਜਗਦੀਆਂ ਰੌਸ਼ਨੀਆਂ ਅੱਜ ਉਸ ਨੂੰ ਪਹਿਲਾਂ ਜਿੰਨੀਆਂ ਦਿਲਕਸ਼ ਨਹੀਂ ਸੀ ਲਗ ਰਹੀਆਂ।

“ਮੈਨੂੰ ਇਹਨਾਂ ਗੱਲਾਂ ਦਾ ਬਹੁਤਾ ਪਤਾ ਨਹੀਂ। ਵਕੀਲ ਨਾਲ ਜੇ ਤੂੰ ਗੱਲਬਾਤ ਕਰ ਸਕੇਂ।” ਐਡਵੀਨਾ, ਰੌਬਿਨ ਦੇ ਵਿਹਾਰ ਤੋਂ ਖੁਸ਼ ਸੀ।

“ਤੂੰ ਵਕੀਲ ਤੋਂ ਕਾਗਜ਼ ਪੱਤਰ ਤਿਆਰ ਕਰਵਾ ਲੈ। ਮੇਰੇ ਖਿਆਲ ਵਿਚ ਉਹ ਹੰਢਿਆ-ਵਰਤਿਆ ਵਕੀਲ ਐ। ਕੋਈ ਗਲਤੀ ਨਹੀਂ ਕਰੇਗਾ। ਫਿਰ ਵੀ ਮੈਂ ਬੈਂਕ ਦੇ ਵਕੀਲ ਨੂੰ ਤੇਰੇ ਕਾਗਜ਼ ਦਿਖਾ ਦਿਆਂਗਾ।”

ਰੌਬਿਨ ਕੰਮ ’ਤੇ ਚਲਾ ਗਿਆ ਤੇ ਐਡਵੀਨਾ ਆਪਣੇ ਕਮਰੇ ਵਿਚ ਬੈਠੀ ਸੋਚਾਂ ਵਿਚ ਗੁੰਮ ਹੋ ਗਈ। ਉਸ ਨੂੰ ਜੇਕ ’ਤੇ ਗੁੱਸਾ ਆਉਣ ਲੱਗਾ। ਉਸ ਗੁੱਸੇ ਨਾਲ ਕੁਝ ਸੰਵਰਨਾ ਨਹੀਂ ਸੀ। ਜੇਕ ਤਾਂ ਚਿੜੀ-ਪੂੰਝਾ ਛੁਡਾ ਗਿਆ ਸੀ। ਐਡਵੀਨਾ ਦੀ ਜ਼ਿੰਦਗੀ ਦਾ ਕਰਿਸਟਲ ਬਹੁਤ ਮਹੱਤਵਪੂਰਨ ਅੰਗ ਬਣ ਗਈ ਸੀ। ਹੁਣ ਜੇ ਉਹ ਚਾਹੁੰਦੀ ਵੀ ਤਾਂ ਕਰਿਸਟਲ ਨੂੰ ਤਕਲੀਫ ਵਿਚ ਨਹੀਂ ਵੇਖ ਸਕਦੀ ਸੀ। ਐਡਵੀਨਾ ਨੇ ਆਪਣੀ ਨੋਟਬੁੱਕ ਚੁੱਕੀ ਤੇ ਉਸ ਵਿਚ ਆਪਣੀਆਂ ਸੰਭਾਵਨਾਵਾਂ ਨੋਟ ਕਰਨ ਦਾ ਯਤਨ ਕਰਨ ਲੱਗੀ। ਪਰ ਉਸ ਕੋਲ ਬਹੁਤੀਆਂ ਸੰਭਾਵਨਾਵਾਂ ਹੈ ਹੀ ਨਹੀਂ ਸਨ। ਜਾਂ ਤਾਂ ਉਹ ਸੱਚ ਦੱਸ ਸਕਦੀ ਸੀ ਜਾਂ ਉਹ ਐਂਜਲਾ ਕੋਲ ਜਾਣ ਨੂੰ ਕਹਿ ਸਕਦੀ ਸੀ। ਤੀਜਾ ਕੋਈ ਵੀ ਰਾਹ ਨਹੀਂ ਸੀ। ਕਰਿਸਟਲ ਦੀ ਸ਼ਕਲ ਐਡਵੀਨਾ ਨਾਲ ਮਿਲਦੀ ਹੋਣ ਕਰਕੇ ਉਹ ਇਸ ਸੱਚ ਨੂੰ ਨਕਾਰ ਵੀ ਨਹੀਂ ਸਕਦੀ ਸੀ। ਦੋਵਾਂ ਵਿਚੋਂ ਕੋਈ ਵੀ ਰਾਹ ਚੁਣਦੀ ਰੌਬਿਨ ਨੂੰ ਸੰਤੁਸ਼ਟ ਕਰਨਾ ਮੁਸ਼ਕਲ ਸੀ। ਰੌਬਿਨ ਦੀਆਂ ਸਮੱਸਿਆਵਾਂ ਦਾ ਐਡਵੀਨਾ ਨੂੰ ਕੋਈ ਪਤਾ ਨਹੀਂ ਸੀ।

-----

ਰੌਬਿਨ ਬੱਘੀ ਵਿਚ ਬੈਠਾ ਤਾਂ ਫਿਲਿਪ ਉਸ ਦੀ ਉਡੀਕ ਵਿਚ ਪਹਿਲਾਂ ਹੀ ਖੜ੍ਹਾ ਸੀ। ਉਸ ਦਾ ਵਿਅੱਕਤੀਗਤ ਸੁਰੱਖਿਆ ਕਰਮੀ। ਜੌਹਨ ਨੇ ਉਸ ਬਾਰੇ ਰੌਬਿਨ ਨੂੰ ਪਹਿਲਾਂ ਹੀ ਦੱਸ ਦਿੱਤਾ ਸੀ। ਰੌਬਿਨ ਨੇ ਉਸ ਨੂੰ ਘੋਖਵੀਆਂ ਨਜ਼ਰਾਂ ਨਾਲ ਵੇਖਿਆ। ਫਿਲਿਪ ਨੇ ਉਸ ਤੋਂ ਪਹਿਲਾਂ ਹੀ ਆਲੇ-ਦੁਆਲੇ ਦਾ ਚੱਕਰ ਕੱਟ ਲਿਆ ਸੀ। ਉਸ ਨੇ ਸੁਰੱਖਿਆ ਦੇ ਪੱਖ ਤੋਂ ਤਸੱਲੀ ਵੀ ਕਰ ਲਈ ਸੀ। ਫਿਰ ਵੀ ਉਸ ਦੀਆਂ ਨਜ਼ਰਾਂ ਆਸੇ-ਪਾਸੇ ਪੂਰੀ ਸਤੱਰਕਤਾ ਨਾਲ ਵੇਖ ਰਹੀਆਂ ਸਨ। ਰੌਬਿਨ ਗੱਡੀ ਵਿਚ ਆਮ ਵਾਂਗ ਬੈਠ ਗਿਆ ਤੇ ਫਿਲਿਪ ਉਸ ਨਾਲ ਥੋੜ੍ਹਾ ਜਿਹਾ ਹਟਵਾਂ ਬੈਠ ਗਿਆ। ਰੌਬਿਨ ਦਾ ਬੈਗ ਉਸ ਨੇ ਆਪਣੇ ਕੋਲ ਰੱਖ ਲਿਆ ਅਤੇ ਰੌਬਿਨ ਵੱਲ ਵੇਖ ਕੇ ਮੁਸਕਰਾਇਆ। ਰੌਬਿਨ ਵੀ ਹੁਣ ਗੱਡੀ ਵਿਚ ਅਖ਼ਬਾਰ ਲੈ ਕੇ ਨਹੀ ਸੀ ਬੈਠਦਾ। ਉਹ ਆਪਣੇ ਆਲੇ ਦੁਆਲੇ ਤੋਂ ਚੁਕੰਨਾ ਰਹਿੰਦਾ ਸੀ। ਬੈਂਕ ਅੱਗੇ ਬੱਘੀ ਖੜ੍ਹੀ ਹੋਈ ਤਾਂ ਫਿਲਿਪ ਛਾਲ ਮਾਰ ਕੇ ਪਹਿਲਾਂ ਉੱਤਰ

ਗਿਆ। ਉਸ ਨੇ ਧਿਆਨ ਨਾਲ ਆਸੇ ਪਾਸੇ ਵੇਖਿਆ। ਰੌਬਿਨ ਗੱਡੀ ਵਿਚੋਂ ਉੱਤਰਿਆ ਤਾਂ ਫਿਲਿਪ ਉਸ ਨੂੰ ਪੂਰੇ ਧਿਆਨ ਨਾਲ ਬੈਂਕ ਅੰਦਰ ਲੈ ਗਿਆ। ਫਿਲਿਪ ਨੇ ਬਾਹਰ ਆ ਕੇ ਬੈਂਕ ਦੇ ਬਾਹਰ ਖੜ੍ਹ ਕੇ ਵੇਖਿਆ। ਬੈਂਕ ਦੇ ਸੱਜੇ ਹੱਥ ਵੀਹ ਕੁ ਫੁੱਟ 'ਤੇ ਵੱਡੀ ਸੜਕ ਜਾਂਦੀ ਸੀ। ਉਸ ਬਾਰੇ ਫਿਲਿਪ ਨੂੰ ਪਤਾ ਸੀ। ਉਹ ਖੱਬੇ ਪਾਸੇ ਨੂੰ ਤੁਰ ਪਿਆ। ਬੈਂਕ ਤੋਂ ਸੌ ਕੁ ਗਜ਼ 'ਤੇ ਇਕ ਪਤਲੀ ਜਿਹੀ ਗਲੀ ਸੱਜੇ ਨੂੰ ਮੁੜਦੀ ਸੀ। ਫਿਲਿਪ ਉਸ ਗਲੀ ਵਿਚ ਮੁੜ ਗਿਆ। ਆਪਣੀਆਂ ਜਸੂਸੀ ਅੱਖਾਂ ਨਾਲ ਉਸ ਨੇ ਗਲੀ ਦਾ ਮੁਆਇਨਾ ਕੀਤਾ। ਹਮਲਾਵਰ ਇਸ ਗਲੀ ਨੂੰ ਲੁਕਣ ਲਈ ਵਰਤ ਸਕਦੇ ਸਨ। ਐਨੀ ਦੂਰ ਤੋਂ ਹਮਲਾ ਕਰਕੇ ਨੁਕਸਾਨ ਕਰਨਾ ਅਸਾਨ ਨਹੀਂ ਸੀ। ਫਿਰ ਵੀ ਇਸ ਪਾਸੇ ਧਿਆਨ ਰੱਖਣਾ ਫਿਲਿਪ ਨੇ ਆਪਣੇ ਮਨ ਵਿਚ ਨੋਟ ਕਰ ਲਿਆ।

ਚੌੜੀ ਸੜਕ ਪਾਰ ਕਰਕੇ ਫਿਲਿਪ ਦੂਸਰੇ ਪਾਸੇ ਚਲਾ ਗਿਆ। ਬੈਂਕ ਦੇ ਸਾਹਮਣੇ ਸੜਕ ਪਾਰ ਕਰਕੇ ਥੋੜੀ-ਥੋੜੀ ਵਿੱਥ 'ਤੇ ਦੋ ਗਲੀਆਂ ਨਿਕਲਦੀਆਂ ਸਨ। ਧਿਆਨ ਨਾਲ ਵੇਖਣ 'ਤੇ ਉਸ ਨੂੰ ਇਹ ਵੱਧ ਖਤਰੇ ਦਾ ਅਹਿਸਾਸ ਕਰਵਾਉਂਦੀਆਂ ਸਨ। ਉਹ ਪਹਿਲੀ ਗਲੀ ਵਿਚ ਮੁੜ ਗਿਆ। ਕੁਝ ਦੂਰੀ 'ਤੇ ਇਸ ਵਿਚੋਂ ਇਕ ਗਲੀ ਸੱਜੇ ਅਤੇ ਇਕ ਖੱਬੇ ਨੂੰ ਮੁੜਦੀ ਸੀ। ਉਸ ਨੇ ਦੋਹੀਂ ਪਾਸੀਂ ਧਿਆਨ ਨਾਲ ਵੇਖਿਆ। ਸੱਜੇ ਪਾਸੇ ਵਾਲੀ ਗਲੀ ਕੁਝ ਦੂਰੀ 'ਤੇ ਜਾ ਕੇ ਬੰਦ ਹੋ ਜਾਂਦੀ ਸੀ। ਇਸ ਪਾਸੇ ਤੋਂ ਉਹ ਬੇਫਿਕਰ ਹੋ ਗਿਆ। ਖੱਬੇ ਪਾਸੇ ਵਾਲੀ ਗਲੀ ਦੂਸਰੀ ਗਲੀ ਵਿਚ ਹੀ ਜਾ ਪੈਂਦੀ ਸੀ। ਉਸ ਨੇ ਗਲੀ ਦਾ ਚੱਕਰ ਲਾ ਕੇ ਦੋ ਤਿੰਨ ਥਾਂਵਾਂ ਦੇ ਮਾਨਸਿਕ ਨੋਟ ਬਣਾ ਲਏ। ਇਥੇ ਹਮਲਾਵਰ ਲੁਕ ਸਕਦੇ ਸਨ। ਬਾਹਰ ਆ ਕੇ ਉਸ ਨੇ ਸੜਕ ਨੂੰ ਧਿਆਨ ਨਾਲ ਵੇਖਿਆ। ਸੜਕ 'ਤੇ ਆਵਾਜਾਈ ਕਾਫੀ ਸੀ। ਫਿਰ ਵੀ ਜੇ ਹਮਲਾਵਰ ਚਾਹੁਣ ਤਾਂ ਸੜਕ ਪਾਰ ਕਰਕੇ ਹਮਲਾ ਕਰ ਸਕਦੇ ਸਨ। ਫਿਲਿਪ ਬੈਂਕ ਵਿਚ ਆ ਗਿਆ ਅਤੇ ਮਨ ਵਿਚ ਸੁਰੱਖਿਆ ਬਾਰੇ ਵਿਚਾਰ ਕਰਨ ਲੱਗਾ।

ਰੌਬਿਨ ਲਈ ਸ਼ਾਂਤੀ ਨਾਲ ਕੰਮ ਕਰਨਾ ਔਖਾ ਸੀ। ਉਸ ਨੂੰ ਆਪਣੇ ਨਾਲ ਸੁਰੱਖਿਆ ਕਰਮੀ ਰੱਖਣਾ ਚੰਗਾ ਨਹੀਂ ਸੀ ਲਗਦਾ। ਦੂਸਰੇ ਲੋਕ ਇਸ ਬਾਰੇ ਕੀ ਸੋਚਣਗੇ? ਉਹ ਫਿਲਿਪ ਨੂੰ ਬੈਂਕ ਦੇ ਬਾਹਰ ਹੀ ਛੱਡਣ ਬਾਰੇ ਸੋਚ ਰਿਹਾ ਸੀ। ਸ਼ਾਮ ਨੂੰ ਘਰ ਜਾਣ ਵੇਲੇ ਉਹ ਉਸ ਦਾ ਸਾਥ ਲੈ ਸਕਦਾ ਸੀ। ਜ਼ਿੰਦਗੀ ਸਭ ਕੁਝ ਨਾਲੋਂ ਵੱਧ ਜ਼ਰੂਰੀ ਸੀ। ਰੌਬਿਨ ਕੋਈ ਵੀ ਖਤਰਾ ਨਹੀਂ ਲੈਣਾ ਚਾਹੁੰਦਾ ਸੀ। ਉਸ ਨੇ ਸਾਰੀ ਗੱਲ ਬੈਂਕ ਦੇ ਹਿੱਸੇਦਾਰਾਂ ਨਾਲ ਸਾਂਝੀ ਕਰਨ ਦਾ ਫੈਸਲਾ ਕੀਤਾ ਅਤੇ ਮੀਟਿੰਗ ਬੁਲਾ ਲਈ।

''ਸਾਨੂੰ ਸਤੱਰਕ ਰਹਿਣ ਦੀ ਜ਼ਰੂਰਤ ਹੈ। ਦਹਿਸ਼ਤ ਪਾਉਣ ਲਈ ਸਾਡੇ ਵਿਚੋਂ ਕਿਸੇ ਦਾ ਵੀ ਨੁਕਸਾਨ ਕਰ ਸਕਦੇ ਹਨ। ਬਿਲ ਬਰਾਊਨ ਬਾਰੇ ਪਤਾ ਲੱਗਿਆ ਉਹ ਲੜਾਈ ਝਗੜੇ ਵਾਲਾ ਬੰਦਾ ਐ। ਇਸ ਲਈ ਹੀ ਮੈਨੂੰ ਸੁਰੱਖਿਆ ਕਰਮੀ ਰੱਖਣਾ ਪਿਆ ਹੈ। ਚੌਕੰਨੇ ਰਹਿਣਾ ਬਹੁਤ ਜ਼ਰੂਰੀ ਐ---।''

ਰੌਬਿਨ ਨੇ ਜੌਹਨ ਦੀ ਦੱਸੀ ਵਾਰਤਾ ਸੁਣਾ ਕੇ ਆਪਣੀ ਰਾਇ ਦਿੱਤੀ।

''ਆਪਾਂ ਬੈਂਕ ਵਿਚ ਵੱਖੋ ਵੱਖਰੇ ਸਮੇਂ ਆਈਏ ਅਤੇ ਇਕ ਸਮੇਂ ਹੀ ਜਾਣ ਦੀ ਥਾਂ ਵੱਖੋ ਵੱਖਰੇ ਸਮੇਂ ਹੀ ਜਾਈਏ। ਅਗਲੇ ਕੁਝ ਸਮੇਂ ਲਈ ਬਾਹਰ ਅੰਦਰ ਜਾਣ ਤੋਂ ਵੀ ਗੁਰੇਜ਼ ਕਰੀਏ।''

''ਚੌਕੰਨੇ ਰਹਿਣਾ ਜ਼ਰੂਰੀ ਐ। ਪਰ ਡਰਨਾ ਨਹੀਂ ਚਾਹੀਦਾ। ਡਰ ਕੇ ਅਸੀਂ ਗਲਤ ਸੁਨੇਹਾ ਭੇਜ ਰਹੇ ਹੋਵਾਂਗੇ।''

ਹਰ ਕਿਸੇ ਨੇ ਆਪਣੀ ਆਪਣੀ ਰਾਇ ਦਿੱਤੀ। ਲੰਚ ਸਮੇਂ ਬਾਹਰ ਜਾਣਾ ਬੰਦ ਕਰ ਦਿੱਤਾ ਗਿਆ। ਬੱਘੀ ਤੱਕ ਤੁਰ ਕੇ ਜਾਣ ਦੀ ਥਾਂ ਬੱਘੀਆਂ ਵਾਰੀ ਵਾਰੀ ਬੈਂਕ ਅੱਗੇ ਹੀ ਰੁਕਣਗੀਆਂ। ਘਰ ਜਾਣ ਦਾ ਸਮਾਂ ਅਤੇ ਰਾਹ ਹਰ ਰੋਜ਼ ਬਦਲਵਾਂ ਹੋਵੇਗਾ। ਪੱਬਾਂ ਕਲੱਬਾਂ ਵਿਚ ਜਾਣ ਤੋਂ ਪ੍ਰਹੇਜ਼ ਕੀਤਾ ਜਾਵੇਗਾ ਆਦਿ। ਇਹੋ ਜਿਹੇ ਫੈਸਲਿਆਂ ਦੇ ਨਾਲ ਹੀ ਪੁਲੀਸ ਨੂੰ ਜਲਦੀ ਕੇਸ ਦੇਣ ਦਾ ਫੈਸਲਾ ਵੀ ਹੋ ਗਿਆ। ਕੁਝ ਕੁਝ ਫਿਕਰ ਅਤੇ ਕੁਝ ਕੁਝ ਤਸੱਲੀ ਦਾ ਅਹਿਸਾਸ ਲੈ ਕੇ ਮੀਟਿੰਗ ਖਤਮ ਹੋ ਗਈ। ਫਿਲਿਪ ਬੈਂਕ ਦੇ ਦਰਵਾਜ਼ੇ ਨੇੜੇ ਬੈਠਾ ਹਰ ਪਾਸੇ ਵੱਲ ਧਿਆਨ ਦੇ ਰਿਹਾ ਸੀ।

---

ਫਿਲਿਪ ਧਿਆਨ ਨਾਲ ਆਲਾ-ਦੁਆਲਾ ਵੇਖਦਾ ਰਿਹਾ ਸੀ। ਕੁਝ ਦਿਨਾਂ ਬਾਅਦ ਉਸ ਨੂੰ ਦੋ ਬੰਦੇ ਸ਼ੱਕੀ ਕਿਸਮ ਦੇ ਲੱਗੇ। ਉਹ ਸ਼ਾਮ ਦੇ ਸਮੇਂ ਸੜਕ ਦੇ ਦੂਜੇ ਪਾਸੇ ਬੈਂਕ ਦੇ ਸਾਹਮਣੇ ਖੜ੍ਹੇ ਰਹਿੰਦੇ। ਉਹਨਾਂ ਦੀਆਂ ਹਰਕਤਾਂ ਨੇ ਫਿਲਿਪ ਨੂੰ ਫਿਕਰਾਂ ਵਿਚ ਪਾ ਦਿੱਤਾ। ਉਹ ਆਮ ਕਿਸਮ ਦੇ ਬੰਦੇ ਨਹੀਂ ਸਨ ਲਗਦੇ। ਰੌਬਿਨ ਦੀ ਗੱਡੀ (ਬੱਘੀ) ਬੈਂਕ ਦੇ ਬਿਲਕੁਲ ਸਾਹਮਣੇ ਰੋਕ ਲਈ ਗਈ ਤੇ ਰੌਬਿਨ ਬਿਨਾਂ ਦੇਰੀ ਗੱਡੀ ਵਿਚ ਬੈਠ ਗਿਆ। ਗੱਡੀ ਤੇਜ਼ੀ ਨਾਲ ਚਲੀ ਗਈ। ਫਿਲਿਪ ਚੌਕਸ ਰਿਹਾ ਤੇ ਉਹ ਪਿੱਛੇ ਆ ਰਹੀਆਂ ਗੱਡੀਆਂ ਨੂੰ ਧਿਆਨ ਨਾਲ ਵੇਖਦਾ ਰਿਹਾ। ਉਸ ਨੂੰ ਯਕੀਨ ਹੋ ਗਿਆ ਸੀ ਉਹਨਾਂ ਦਾ ਪਿੱਛਾ ਨਹੀਂ ਸੀ ਕੀਤਾ ਜਾ ਰਿਹਾ।

ਰਾਤ ਨੂੰ ਫਿਲਿਪ ਨੇ ਇਕ ਹੋਰ ਆਪਣੇ ਸਾਥੀ ਦੀ ਡਿਊਟੀ ਬੈਂਕ ਦੇ ਅੱਗੇ ਲਗਾ ਦਿੱਤੀ। ਰੌਬਿਨ ਦੇ ਪਹੁੰਚਣ ਤੋਂ ਪਹਿਲਾਂ ਉਸ ਦੇ ਸਾਥੀ ਨੇ ਚੌਕਸੀ ਨਾਲ ਨਿਗਾਹ-ਸਾਨੀ ਕੀਤੀ। ਰੌਬਿਨ ਬੈਂਕ ਵਿਚ ਚਲਾ ਗਿਆ। ਸ਼ਾਮ ਨੂੰ ਫਿਲਿਪ ਦਾ ਹੋਰ ਸਾਥੀ ਆ ਗਿਆ ਸੀ। ਉਹ ਦੋਵੇਂ ਬੰਦੇ ਫਿਰ ਆਪਣੀ ਥਾਂ 'ਤੇ ਖੜ੍ਹੇ ਸਨ। ਰੌਬਿਨ ਦੀ ਗੱਡੀ ਵਿਚ ਫਿਲਿਪ ਬੈਠ ਗਿਆ ਤੇ ਉਸ ਦੀ ਗੱਡੀ ਦੇ ਪਿੱਛੇ ਉਸ ਦੇ ਸਾਥੀ ਨੇ ਆਪਣੀ ਗੱਡੀ ਲਗਾ ਲਈ।

"ਰੌਬਿਨ ਚੰਗਾ ਹੋਵੇ ਜੇ ਦੋ ਹਫ਼ਤੇ ਲਈ ਛੁੱਟੀਆਂ 'ਤੇ ਚਲਾ ਜਾਏਂ। ਉਦੋਂ ਤੱਕ ਪੁਲੀਸ ਆਪਣਾ ਕੰਮ ਕਰ ਲਵੇਗੀ ਤੇ ਖਤਰਾ ਘਟ ਜਾਵੇਗਾ।" ਫਿਲਿਪ ਦੀ ਦਲੀਲ ਨੇ ਰੌਬਿਨ ਨੂੰ ਹੋਰ ਵੀ ਚੌਕਸ ਕਰ ਦਿੱਤਾ।

"ਕਾਰਨ ਕੀ ਐ?"

"ਦੋ ਬੰਦੇ ਸ਼ੱਕੀ ਹਾਲਤ ਵਿਚ ਵੇਖੇ ਗਏ ਐ। ਹੋ ਸਕਦਾ ਉਹ ਸਿਰਫ ਡਰਾਉਣਾ ਹੀ ਚਾਹੁੰਦੇ ਹੋਣ। ਕੋਈ ਨੁਕਸਾਨ ਕਰਨ ਵਾਲੇ ਐਨੇ ਨੰਗੇ ਚਿੱਟੇ ਨਹੀਂ ਖੜ੍ਹ ਸਕਦੇ। ਹੋ ਸਕਦਾ ਉਹ ਕਿਸੇ ਠੀਕ ਸਮੇਂ ਦਾ ਇੰਤਜ਼ਾਰ ਕਰ ਰਹੇ ਹੋਣ ਜਾਂ ਉਹ ਆਪਣੇ ਕਿਸੇ ਸਾਥੀਆਂ ਨੂੰ ਠੀਕ ਮੌਕੇ ਇਸ਼ਾਰਾ ਕਰਕੇ ਹਮਲਾ ਕਰਾਉਣ ਲਈ ਖੜ੍ਹੇ ਹੋਣ। ਕੁਝ ਵੀ ਹੋ ਸਕਦਾ--।"

ਰੌਬਿਨ ਨੇ ਚਿੱਠੀ ਦੇ ਕੇ ਐਲਨ ਨੂੰ ਜਲਦੀ ਤੋਂ ਜਲਦੀ ਮਿਲਣ ਲਈ ਸੁਨੇਹਾ ਭੇਜ ਦਿੱਤਾ। ਐਲਨ ਘਰ ਹੀ ਸੀ। ਉਹ ਦੋਵੇਂ ਜੀਅ ਪਹੁੰਚ ਗਏ ਤੇ ਰੌਬਿਨ ਨੇ ਬਿਨਾ ਲੁਕ-ਲਪੇਟ ਐਲਨ ਨਾਲ ਸਾਰੀ ਗੱਲ ਸਾਂਝੀ ਕਰਦਿਆਂ ਉਸ ਨੂੰ ਛੁੱਟੀਆਂ ਸਾਥ ਕੱਟਣ ਲਈ ਬੇਨਤੀ ਵੀ ਕੀਤੀ।

"ਰੌਬਿਨ ਮੈਂ ਤਾਂ ਯਾਰ ਇਕ ਸਮੱਸਿਆ ਵਿਚ ਫਸਿਆ ਹੋਇਆਂ। ਤੁਸੀਂ ਬੱਚਿਆਂ ਤੇ ਜੈਨੀਫਰ ਨੂੰ ਨਾਲ ਲੈ ਜਾਉ। ਮੈਂ ਦੋ ਤਿੰਨ ਦਿਨ ਠਹਿਰ ਕੇ ਆ ਜਾਵਾਂਗਾ।"

"ਮੈਂ ਕੱਲ੍ਹ ਬੈਂਕ ਨਹੀਂ ਜਾ ਰਿਹਾ। ਤੂੰ ਐਡਨਬਰਾ ਦੀਆਂ ਰੇਲ ਟਿਕਟਾਂ ਕਰਵਾ ਦੇਹ ਤੇ ਅਸੀਂ ਪਰਸੋਂ ਸਵੇਰੇ ਨਿਕਲ ਜਾਵਾਂਗੇ। ਤੂੰ ਦੋ ਤਿੰਨ ਠਹਿਰ ਕੇ ਆ ਜਾਈਂ। ਯਾਰ ਇਹੋ ਜਿਹਾ ਕਿਹੜਾ ਕੰਮ ਆ ਫਸਿਆ ਤੈਨੂੰ?"

"ਯਾਰ 'ਐਸਕੌਟ ਮਾਰਟਰਜ਼' ਦਾ ਕੇਸ ਐ। ਤੂੰ ਅਖ਼ਬਾਰਾਂ ਵਿਚ 'ਚਿਪਿੰਗ ਨੌਰਟਨ' ਦੇ ਦੰਗਿਆਂ ਬਾਰੇ ਤਾਂ ਪੜ੍ਹਿਆ ਈ ਹੋਣਾ ਐ। ਅਸਲ ਵਿਚ 'ਕਰਾਊਨ ਫਾਰਮ' ਦੇ ਮਾਲਕ ਨੇ ਕੁਝ ਬੰਦਿਆਂ ਨੂੰ ਕੰਮ ਤੋਂ ਕੱਢ ਦਿੱਤਾ। ਉਹ ਯੂਨੀਅਨ ਦੇ ਮੈਂਬਰ ਬਣ ਗਏ ਸਨ। ਉਸ ਨੇ ਨੇੜੇ ਦੇ ਪਿੰਡਾਂ ਤੋਂ ਹੋਰ ਬੰਦੇ ਭਰਤੀ ਕਰ ਲਏ। ਵਰਕਰਾਂ ਦੀਆਂ ਔਰਤਾਂ ਨੇ ਉਹਨਾਂ ਲੋਕਾਂ ਨੂੰ ਯੂਨੀਅਨ ਵਿਚ ਭਰਤੀ ਹੋਣ ਅਤੇ ਕੰਮ ਨਾ ਕਰਨ ਲਈ ਕਿਹਾ। ਫਾਰਮਰ ਨੇ ਕੋਰਟ ਵਿਚ ਕੇਸ ਕਰ ਦਿੱਤਾ ਕਿ ਇਹ ਔਰਤਾਂ ਉਸ ਦੇ ਵਰਕਰਾਂ ਨੂੰ ਕੰਮ ਨਹੀਂ ਕਰਨ ਦਿੰਦੀਆਂ। ਦੋ ਜੱਜਾਂ ਨੇ ਕੇਸ ਸੁਣਿਆ ਤੇ ਔਰਤਾਂ ਨੂੰ ਸੱਤ ਤੋਂ ਦਸ ਦਿਨਾਂ ਦੀ ਸਖ਼ਤ ਮੁੱਸ਼ਕਤ ਨਾਲ ਜੇਲ੍ਹ ਦੀ ਸਜ਼ਾ ਸੁਣਾ ਦਿੱਤੀ। ਲੋਕ ਭੜਕ ਗਏ ਤੇ ਉਹਨਾਂ ਨੇ ਪੁਲੀਸ ਨਾਲ ਜੱਦੋਜਹਿਦ ਵੀ ਕੀਤੀ ਤੇ ਤੋੜ-ਭੰਨ ਵੀ। ਰਾਤ ਨੂੰ ਪੁਲੀਸ ਨੇ ਔਰਤਾਂ ਨੂੰ ਬਿਨਾਂ ਗਰਮ ਕੱਪੜਿਆਂ ਦੇ ਖੁੱਲ੍ਹੇ ਗੱਡਿਆਂ ਵਿਚ ਬਿਠਾ ਲਿਆ ਤੇ ਆਕਸਫੋਰਡ ਜੇਲ੍ਹ ਵਿਚ ਲੈ ਗਏ। ਇਕ ਔਰਤ ਕੋਲ ਦਸ ਹਫਤਿਆਂ ਦਾ ਬੱਚਾ ਸੀ ਤੇ ਦੂਜੀ ਕੋਲ ਸੱਤ ਮਹੀਨਿਆਂ ਦਾ। ਬੜੀ ਮੁਸ਼ਕਲ ਨਾਲ ਉਹਨਾਂ ਨੇ ਵਰ੍ਹਦੇ ਮੀਂਹ ਵਿਚ ਬੱਚਿਆਂ ਨੂੰ ਸਰਦੀ ਤੋਂ ਬਚਾਉਣ ਦਾ ਉਪਰਾਲਾ ਕੀਤਾ। ਲੋਕ ਹੋਰ ਭੜਕ ਗਏ। ਹੁਣ ਅਸੀਂ ਔਰਤਾਂ ਨੂੰ 'ਹਰ ਮੈਜਿਸਟੀ' ਤੋਂ ਮੁਆਫ਼ੀ ਦਵਾਉਣ ਦੀ ਕੋਸ਼ਿਸ਼ ਕਰ ਰਹੇ ਆਂ। ਵੈਸੇ ਗੱਲ-ਬਾਤ ਹੋ ਗਈ ਐ। ਬੱਸ ਕੱਲ੍ਹ ਜਾਂ ਹੱਦ ਪਰਸੋਂ ਤੱਕ ਔਰਤਾਂ ਨੂੰ ਛੱਡ ਦਿੱਤਾ ਜਾਵੇਗਾ।"

ਐਡਨਬਰਾ, ਰੌਬਿਨ ਲਈ ਬਹੁਤ ਪਿਆਰਾ ਸ਼ਹਿਰ ਸੀ। ਦੋ ਕੁ ਲੱਖ ਦੀ ਅਬਾਦੀ ਵਾਲਾ ਸ਼ਹਿਰ ਤੇ ਪੁਰਾਣੀਆਂ ਇਤਿਹਾਸਿਕ ਇਮਾਰਤਾਂ, ਤੰਗ ਗਲੀਆਂ ਤੇ ਸਮੁੰਦਰ ਦਾ ਦਿਲਕਸ਼ ਨਜ਼ਾਰਾ, ਰੌਬਿਨ ਲਈ ਬੈਂਕ ਦੀ ਸਮੱਸਿਆ ਭੁਲਣ ਦਾ ਇਕ ਸਾਧਨ ਸੀ। ਬੈਂਕ ਦੀ ਸਮੱਸਿਆ ਐਨੀ ਛੋਟੀ ਨਹੀਂ ਸੀ ਜਿਸ ਨੂੰ ਬੇਧਿਆਨ ਕੀਤਾ ਜਾ ਸਕੇ। ਘੱਟੋ ਘੱਟ ਉਸ ਨੂੰ ਇਥੇ ਜਾਨ ਦਾ ਖਤਰਾ ਨਹੀਂ ਸੀ। ਉਹ ਡਾਕਘਰ ਗਿਆ ਤੇ ਉਥੋਂ ਐਲਨ ਅਤੇ ਬੈਂਕ ਨੂੰ ਤਾਰ ਰਾਹੀਂ ਆਪਣੀ ਸੁੱਖ-ਸਾਂਦ ਦਾ ਪਤਾ ਦਿੱਤਾ। ਹਰ ਰੋਜ਼ ਦੇ ਵਿਚਾਰ ਵਟਾਂਦਰੇ ਲਈ ਤਾਰ ਰਾਹੀਂ ਬੈਂਕ ਨਾਲ ਸਬੰਧ ਬਣਾਈ ਰੱਖਣਾ ਉਸ ਲਈ ਬਹੁਤ ਜ਼ਰੂਰੀ ਸੀ।

ਐਡਵੀਨਾ ਹੈਰਾਨ ਵੀ ਸੀ ਤੇ ਖੁਸ਼ ਵੀ। ਕਰਿਸਟਲ ਵਾਲੀ ਸਮੱਸਿਆ ਨੂੰ ਰੌਬਿਨ ਨੇ ਮੁੜ ਕੇ ਛੋਹਿਆ ਹੀ ਨਹੀਂ ਸੀ। ਉਸ ਨੂੰ ਇਕ ਹਫ਼ਤੇ ਦਾ ਸਮਾਂ ਦੇ ਕੇ ਜਿਵੇਂ ਉਹ ਭੁੱਲ ਗਿਆ ਸੀ। ਐਡਵੀਨਾ ਨੂੰ ਲੱਗਿਆ ਜਿਵੇਂ ਰੌਬਿਨ ਉਸ ਗੱਲ ਨੂੰ ਜਾਂ ਤਾਂ ਭੁੱਲ ਗਿਆ ਸੀ ਜਾਂ ਉਸ ਨੂੰ ਅੱਗੇ ਛਾਣ-ਬੀਣ ਕਰਨ ਸਬੰਧੀ ਆਪਣਾ ਮਨ ਬਦਲ ਲਿਆ ਸੀ। ਐਲਨ ਦੇ ਬੱਚਿਆਂ ਨਾਲ ਕਰਿਸਟਲ ਖੁਸ਼ ਸੀ। ਉਹ ਸ਼ਹਿਰ ਦਾ ਚੱਕਰ ਲਾ ਆਉਂਦੇ। ਕਦੀ

ਸਮੁੰਦਰ ਦੇ ਕੰਢੇ ਸਮੁੰਦਰ ਦੀਆਂ ਛੱਲਾਂ ਦਾ ਅਨੰਦ ਮਾਣਦੇ। ਐਲਨ ਦੇ ਆਉਣ ਨਾਲ ਰੌਬਿਨ ਵੀ ਖੁਸ਼ ਸੀ। ਦੋ ਹਫ਼ਤੇ ਦਾ ਸਮਾਂ ਬਹੁਤ ਜਲਦੀ ਬੀਤ ਗਿਆ।

ਇਹਨਾਂ ਦਿਨਾਂ ਵਿਚ ਪੁਲੀਸ ਨੇ ਚਾਰਲਸ ਐਡਵਰਡ ਨੂੰ ਪੁੱਛ-ਗਿੱਛ ਕੀਤੀ ਤੇ ਜ਼ਮਾਨਤ ’ਤੇ ਛੱਡ ਦਿੱਤਾ। ਬਿਲ ਬਰਾਊਨ ਨੂੰ ਪੁਲੀਸ ਲਭ ਰਹੀ ਸੀ ਤੇ ਉਹ ਭਗੌੜਾ ਸੀ। ਉਸ ਦਾ ਭਗੌੜਾ ਹੋਣਾ ਰੌਬਿਨ ਲਈ ਫਿਕਰਮੰਦੀ ਵਾਲੀ ਗੱਲ ਸੀ। ਪਤਾ ਲੱਗਾ ਉਹ ਫਰਾਂਸ ਦੌੜ ਗਿਆ ਸੀ। ਕੁਝ ਵੀ ਸੀ ਰੌਬਿਨ ਲਈ ਅਜੇ ਖਤਰਾ ਟਲਿਆ ਨਹੀਂ ਸੀ। ਉਸ ਨੇ ਫੈਸਲਾ ਕੀਤਾ ਹੋਇਆ ਸੀ ਜਦੋਂ ਤੱਕ ਉਸ ਦੀ ਜਾਨ ਦਾ ਖਤਰਾ ਟਲ ਨਹੀਂ ਜਾਂਦਾ ਉਦੋਂ ਤੱਕ ਕਰਿਸਟਲ ਵਾਲਾ ਮਸਲਾ ਚੁੱਪ ਹੀ ਰਹਿਣ ਦੇਵਗਾ।

ਦੋ ਹਫ਼ਤਿਆਂ ਬਾਅਦ ਉਹ ਵਾਪਿਸ ਆ ਗਏ।

## 29

ਐਲਨ ਦਾ ਬੇਟਾ ਜੇਮਜ਼ ਤੇ ਸਕੌਟ 22 ਸਾਲਾਂ ਦੇ ਹੋ ਗਏ ਸਨ ਅਤੇ ਉਹਨਾਂ ਨੇ ਯੂਨੀਵਰਸਟੀ ਦੀ ਪੜ੍ਹਾਈ ਖ਼ਤਮ ਕਰ ਲਈ ਸੀ। ਉਸ ਦੀ ਅਠ੍ਹਾਰਾਂ ਸਾਲਾ ਕੁੜੀ ਐਮਾ ਨੇ ਯੂਨੀਵਰਸਟੀ ਦੀ ਪੜ੍ਹਾਈ ਤੋਂ ਇਕ ਸਾਲ ਛੁੱਟੀ ਕਰ ਲਈ ਸੀ। ਪਰਿਵਾਰਕ ਛੁੱਟੀਆਂ ਦਾ ਪ੍ਰੋਗਰਾਮ ਪੈਰ ’ਤੇ ਹੀ ਬਣ ਗਿਆ ਤਾਂ ਬੱਚੇ ਵੀ ਸਕਾਟਲੈਂਡ ਦਾ ਸ਼ਾਨਦਾਰ ਸ਼ਹਿਰ ਐਡਨਬਰਾ ਵੇਖਣ ਲਈ ਉੱਤਸੁਕ ਅਤੇ ਉਤਸ਼ਾਹਤ ਹੋ ਗਏ ਸਨ। ਜੈਨੀਫਰ ਬੱਚਿਆਂ ਨਾਲ ਬਹੁਤ ਮੋਹ ਕਰਦੀ ਸੀ ਅਤੇ ਉਹ ਉਹਨਾਂ ਨਾਲ ਛੁੱਟੀਆਂ ਕੱਟਣ ਦੇ ਵਿਚਾਰ ਨਾਲ ਹੀ ਸਾਰੀ ਰਾਤ ਸੌਂ ਨਾ ਸਕੀ। ਸਵੇਰੇ ਸਮੇਂ ਸਿਰ ਐਲਨ ਨੇ ਆਪਣੇ ਡਰਾਇਵਰ ਦੀ ਮਦਦ ਨਾਲ ਗੱਡੀ ਵਿਚ ਸਮਾਨ ਰੱਖ ਕੇ ਉਹਨਾਂ ਨੂੰ ਤੋਰ ਦਿੱਤਾ ਸੀ। ਉਹਨਾਂ ਦੇ ਸਟੇਸ਼ਨ ’ਤੇ ਪਹੁੰਚਣ ਤੱਕ ਰੌਬਿਨ ਵੀ ਆਪਣੇ ਪਰਿਵਾਰ ਨਾਲ ਪੁਹੰਚ ਗਿਆ ਸੀ। ਬਿਨਾਂ ਦੇਰੀ ਦੇ ਤੇ ਰੌਬਿਨ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਉਹ ਆਪਣੇ ਰਿਜ਼ਰਵ ਕੀਤੇ ਡੱਬੇ ਵਿਚ ਦਾਖ਼ਲ ਹੋ ਗਏ ਸਨ। ਫਿਲਿਪ ਚੌਕਸੀ ਨਾਲ ਡੱਬੇ ਦੀ ਨਜ਼ਰਸਾਨੀ ਕਰ ਰਿਹਾ ਸੀ।

ਸਾਰੇ ਹੀ ਬਹੁਤ ਉਤਸ਼ਾਹਤ ਸਨ। ਕਰਿਸਟਲ ਥੋੜਾ ਜਕ ਰਹੀ ਸੀ। ਇਕ ਤਾਂ ਉਹ ਜੇਮਜ਼ ਅਤੇ ਐਮਾ ਦੋਵਾਂ ਤੋਂ ਹੀ ਛੋਟੀ ਸੀ। ਦੂਸਰੇ ਉਹਨਾਂ ਨਾਲ ਉਸ ਦਾ ਬਹੁਤਾ ਮੇਲ ਨਹੀਂ ਸੀ ਹੁੰਦਾ। ਸਕੌਟ ਉਹਨਾਂ ਨਾਲ ਨਹੀਂ ਸੀ। ਉਹ ਕਿਸੇ ਕਾਰਨ ਯੂਨੀਵਰਸਟੀ ਚਲਾ ਗਿਆ ਸੀ। ਜੇਮਜ਼ ਅਤੇ ਐਮਾ ਆਪਣੀ ਪੜ੍ਹਾਈ ਕਾਰਨ ਐਲਨ ਅਤੇ ਜੈਨੀਫਰ ਨਾਲ ਰੌਬਿਨ ਦੇ ਘਰ ਘੱਟ ਹੀ ਜਾ ਸਕਦੇ ਸਨ। ਐਡਵੀਨਾ ਵੈਸੇ ਹੀ ਐਲਨ ਦੇ ਘਰ ਘੱਟ ਜਾਂਦੀ ਸੀ। ਸੋ ਕਰਿਸਟਲ ਦਾ ਜਾਣਾ ਵੀ ਨਾ ਬਣਦਾ। ਰੌਬਿਨ ਹੀ ਬਹੁਤਾ ਐਲਨ ਵੱਲ ਚੱਕਰ ਮਾਰਦਾ।

ਗੱਡੀ ਸਮੇਂ ਸਿਰ ਚੱਲ ਪਈ ਅਤੇ ਬੱਚਿਆਂ ਨੇ ਖਿੜਕੀ ਨਾਲ ਸੀਟਾਂ ਮੱਲ ਲਈਆਂ। ਜੈਨੀਫਰ ਐਡਵੀਨਾ ਦੇ ਨਾਲ ਬੈਠ ਗਈ। ਰੌਬਿਨ ਨੂੰ ਐਡਵੀਨਾ ਅਤੇ ਜੇਮਜ਼ ਦੇ ਵਿਚਕਾਰ ਬੈਠਣਾ ਪਿਆ। ਰੌਬਿਨ ਨਾ ਤਾਂ ਬੱਚਿਆਂ ਦਾ ਸਾਥ ਦੇ ਸਕਦਾ ਸੀ ਅਤੇ ਨਾ ਹੀ ਜਨਾਨੀਆਂ ਦਾ। ਉਹ ਵਿਚਾਰਾ ਫਸਿਆ ਬੈਠਾ ਸੀ। ਜੈਨੀਫਰ ਨੇ ਉਸ ਦੀ ਸਮੱਸਿਆ ਸਮਝ ਲਈ। ਰੌਬਿਨ ਬੁਰੀ ਤਰ੍ਹਾਂ ਨਾਲ ਐਲਨ ਦੇ ਸਾਥ ਦੀ ਘਾਟ ਮਹਿਸੂਸ ਕਰ ਰਿਹਾ ਸੀ। ਅਖ਼ੀਰ ਜੈਨੀਫਰ ਨੇ ਉਸ ਨਾਲ ਬੈਂਕ ਬਾਰੇ ਗੱਲ ਸ਼ੁਰੂ ਕਰ ਲਈ। ਉਹਨਾਂ ਦੀਆਂ ਗੱਲਾਂ ਸੁਣਦਿਆਂ ਜੇਮਜ਼ ਦੀ ਦਿਲਚਸਪੀ ਵੀ ਉਹਨਾਂ ਦੀਆਂ ਗੱਲਾਂ ਵਿਚ ਹੋ ਗਈ ਅਤੇ ਉਹ ਵੀ ਰੌਬਿਨ ਨਾਲ ਗੱਲਾਂ ਕਰਨ ਲੱਗਾ।

ਜੇਮਜ਼ ਲਈ ਐਲਨ ਨੇ ਵਿਦੇਸ਼ ਦਾ ਸੁਪਨਾ ਵੇਖਿਆ ਸੀ। ਜੇਮਜ਼ ਦੀ ਅਜੇ ਦਿਲਚਸਪੀ ਨਹੀਂ ਸੀ ਬਣੀ। ਉਹ ਕਿਸੇ ਕਿਸਮ ਦੇ ਵਪਾਰ ਬਾਰੇ ਸੋਚ ਰਿਹਾ ਸੀ। ਉਸ ਦੀ ਦਿਲਚਸਪੀ ਸਿਆਸਤ ਵਿਚ ਵੀ ਬਹੁਤੀ ਨਹੀਂ ਸੀ। ਐਲਨ ਚਾਹੁੰਦਾ ਹੋਇਆ ਵੀ ਉਸ ਦੀ ਬਹੁਤੀ ਮਦਦ ਨਹੀਂ ਸੀ ਕਰ ਸਕਦਾ। ਉਸ ਨੂੰ ਵਪਾਰ ਦਾ ਤਜ਼ਰਬਾ ਨਹੀਂ ਸੀ। ਐਲਨ ਨੇ ਉਸ ਨੂੰ ਕੁਝ ਸਮਾਂ ਘਰ ਰਹਿ ਕੇ ਵਿਚਾਰਣ ਅਤੇ ਆਪਣੇ ਭਵਿੱਖ ਦਾ ਫੈਸਲਾ ਕਰਨ ਦੀ ਰਾਇ ਦਿੱਤੀ। ਜੇਮਜ਼ ਕੋਲ ਵੀ ਕੋਈ ਹੋਰ ਰਾਹ ਨਹੀਂ ਸੀ।

ਜੇਮਜ਼, ਰੌਬਿਨ ਨੂੰ ਜ਼ਿੰਮੇਵਾਰ ਅਤੇ ਸਿਆਣਾ ਮੁੰਡਾ ਲੱਗਿਆ। ਹੁਣ ਉਹਨਾਂ ਦੇ ਦੋ ਦੋ ਦੇ ਗਰੁੱਪ ਬਣ ਗਏ ਸਨ। ਰੌਬਿਨ ਆਪਣੀ ਉਮਰ ਨਾਲੋਂ ਥੋੜਾ ਛੋਟਾ ਹੋ ਗਿਆ ਸੀ ਤੇ ਜੇਮਜ਼ ਆਪਣੀ ਉਮਰ ਨਾਲੋਂ ਥੋੜਾ ਵੱਡਾ। ਉਹਨਾਂ ਦੀ ਆਪਸ ਵਿਚ ਗੱਲ-ਬਾਤ ਸੁਹਣੀ ਹੋਣ ਲੱਗੀ ਸੀ।

ਐਲਨ ਦੋ ਦਿਨਾਂ ਬਾਅਦ ਆਇਆ ਤਾਂ ਉਸ ਨੇ ਚਾਰਲੀ ਐਡਵਰਡ ਨੂੰ ਪੁਲੀਸ ਦਵਾਰਾ ਹਿਰਾਸਤ ਵਿਚ ਲੈ ਲੈਣ ਦੀ ਖ਼ਬਰ ਰੌਬਿਨ ਨੂੰ ਦੱਸੀ। ਰੌਬਿਨ ਨੇ ਉਸ ਖ਼ਬਰ ਨੂੰ ਗੁਪਤ ਰੱਖਣ ਦੀ ਬੇਨਤੀ ਕੀਤੀ। ਉਹ ਸੋਚ ਰਿਹਾ ਸੀ ਜਦੋਂ ਅਡਵੀਨਾ ਨੂੰ ਉਸ ਦੇ ਭਰਾ ਦੇ ਪੁਲੀਸ ਹਿਰਾਸਤ ਵਿਚ ਹੋਣ ਦਾ ਪਤਾ ਲੱਗਾ ਤਾਂ ਉਹ ਕਿਵੇਂ

ਮਹਿਸੂਸ ਕਰੇਗੀ! ਚਾਰਲੀ ਨੇ ਐਡਵੀਨਾ ਦੇ ਹਿੱਸੇ ਦੀ ਜਾਇਦਾਦ ਦੇ ਕਾਗਜ਼ਾਂ ’ਤੇ ਦਸਤਖ਼ਤ ਕਰ ਦਿੱਤੇ ਸਨ। ਹੁਣ ਸਿਰਫ ਵਕੀਲਾਂ ਨੇ ਆਪਣੀ ਕਾਰਵਾਈ ਕਰਨੀ ਸੀ। ਰੌਬਿਨ ਨੂੰ ਪਤਾ ਸੀ ਚਾਰਲੀ ਐਡਵੀਨਾ ਦਾ ਬਹੁਤ ਮਾਣ ਕਰਦਾ ਸੀ ਤੇ ਐਡਵੀਨਾ ਉਸ ਨੂੰ ਬਹੁਤ ਪਿਆਰ ਕਰਦੀ ਸੀ। ਇਸ ਖ਼ਬਰ ਨਾਲ ਐਡਵੀਨਾ ਦਾ ਫਿਕਰਮੰਦ ਹੋਣਾ ਪੱਕਾ ਸੀ। ਰੌਬਿਨ ਨੂੰ ਫਿਕਰ ਤਾਂ ਬਿਲ ਬਰਾਊਨ ਦਾ ਸੀ। ਜਦੋਂ ਤੱਕ ਉਹ ਫੜਿਆ ਨਹੀਂ ਸੀ ਜਾਂਦਾ ਉਦੋਂ ਤੱਕ ਉਸ ਨੂੰ ਆਪਣੀ ਜਾਨ ਲਈ ਖ਼ਤਰੇ ਦਾ ਡਰ ਬਣਿਆ ਰਹਿਣਾ ਸੀ।

ਐਲਨ ਦੇ ਆਉਣ ਬਾਅਦ ਜੇਮਜ਼ ਬਹੁਤਾ ਸਮਾਂ ਦੋਵਾਂ ਕੁੜੀਆਂ ਦੇ ਸਾਥ ਵਿਚ ਬਿਤਾਉਣ ਲੱਗਾ। ਕਰਿਸਟਲ ਉਸ ਦੇ ਦਿਲ ਵਿਚ ਘਰ ਕਰਨ ਲੱਗੀ। ਉਹ ਬਥੇਰਾ ਆਪਣੇ ਆਪ ਨੂੰ ਸਮਝਾ ਰਿਹਾ ਸੀ। ਫਿਰ ਵੀ ਰਾਤਾਂ ਦੀ ਨੀਂਦ ਵਿਚ ਕਰਿਸਟਲ ਖਲਲ ਪਾ ਜਾਂਦੀ। ਜਦੋਂ ਉਹ ਕਿਤੇ ਬਾਹਰ ਜਾਂਦੇ ਤਾਂ ਜੇਮਜ਼ ਦੀਆਂ ਅੱਖਾਂ ਕਰਿਸਟਲ ਦੀ ਹਰ ਅਦਾ ਨੂੰ ਵੇਖ ਕੇ ਮੋਹਿਤ ਹੁੰਦੀਆਂ ਰਹਿੰਦੀਆਂ। ਕੁਝ ਦਿਨਾਂ ਵਿਚ ਹੀ ਐਮਾ ਨੇ ਉਹਨਾਂ ਵਿਚਲੀ ਨੇੜਤਾ ਨੂੰ ਮਹਿਸੂਸ ਕਰ ਲਿਆ ਸੀ। ਉਸ ਨੇ ਅਜੇ ਕਿਸੇ ਕੋਲ ਕੋਈ ਜ਼ਿਕਰ ਨਾ ਕਰਨਾ ਹੀ ਠੀਕ ਸਮਝਿਆ।

ਛੁੱਟੀਆਂ ਉਹਨਾਂ ਨੂੰ ਅੱਖ ਦੇ ਫੋਰ ਵਿਚ ਖਤਮ ਹੋ ਗਈਆਂ ਲੱਗੀਆਂ। ਸਭ ਤੋਂ ਵੱਧ ਜੇਮਜ਼ ਨੂੰ ਧੱਕਾ ਜਿਹਾ ਲੱਗਾ ਜਦ ਉਹਨਾਂ ਨੇ ਅਗਲੇ ਦਿਨ ਟਰੇਨ ਫੜਨ ਲਈ ਆਪਣਾ ਸਮਾਨ ਇਕੱਠਾ ਕਰਨਾ ਸ਼ੁਰੂ ਕੀਤਾ। ਉਹ ਕਰਿਸਟਲ ਨੂੰ ਅਜੇ ਆਪਣੇ ਮਨ ਦੀ ਗੱਲ ਕਹਿ ਨਹੀਂ ਸੀ ਸਕਿਆ। ਉਸ ਦਾ ਮਨ ਕਰਦਾ ਸੀ ਕਰਿਸਟਲ ਨੂੰ ਇਕੱਲੀ ਨੂੰ ਬਾਹਰ ਲੈ ਜਾਵੇ ਤੇ ਆਪਣੇ ਮਨ ਦੀ ਗੱਲ ਜ਼ਾਹਰ ਕਰ ਦੇਵੇ। ਅਜਿਹਾ ਮੌਕਾ-ਮੇਲ ਨਾ ਹੀ ਬਣ ਸਕਿਆ ਸੀ ਨਾ ਬਣਨ ਦੀ ਅਜੇ ਉਮੀਦ ਸੀ। ਉਹ ਉਦਾਸ ਜਿਹਾ ਆਪਣੇ ਬੈਡ ਵਿਚ ਚਲਾ ਗਿਆ ਤੇ ਦੇਰ ਰਾਤ ਤੱਕ ਪਾਸੇ ਮਾਰਦਾ ਰਿਹਾ।

ਵਾਪਿਸ ਪਹੁੰਚੇ ਤਾਂ ਫਿਲਿਪ ਉਹਨਾਂ ਨੂੰ ਸਟੇਸ਼ਨ ’ਤੇ ਮਿਲਿਆ। ਉਹਨਾਂ ਦੀਆਂ ਗੱਡੀਆਂ ਬਾਹਰ ਉਡੀਕ ਕਰ ਰਹੀਆਂ ਸਨ।

“ਕੀ ਖ਼ਬਰ ਐ--?” ਰੌਬਿਨ ਨੇ ਸਮਾਂ ਵਿਚਾਰ ਕੇ ਉਸ ਨੂੰ ਪੁੱਛਿਆ।

“ਚਾਰਲੀ ਐਡਵਰਡ ਤੋਂ ਪੁਲੀਸ ਨੂੰ ਪਤਾ ਲੱਗਿਆ ਬਿਲ ਬਰਾਊਨ ਫਰਾਂਸ ਭੱਜ ਗਿਆ। ਉਸ ਦੇ ਪੱਕੇ ਐਡਰੈਸ ਦਾ ਤਾਂ ਅਜੇ ਪਤਾ ਨਹੀਂ ਲੱਗਿਆ ਪਰ ਪੁਲੀਸ ਕੋਲ ਕੁਝ ਨਾ ਕੁਝ ਜਾਣਕਾਰੀ ਜ਼ਰੂਰ ਐ। ਪੁਲੀਸ ਉਸ ਨੂੰ ਫੜਨ ਲਈ ਫਰਾਂਸ ਗਈ ਐ।”

ਸੁਣ ਕੇ ਰੌਬਿਨ ਨੂੰ ਐਡਵਰਡ ਬਾਰੇ ਹੋਰ ਵੀ ਫਿਕਰ ਹੋਇਆ। ਲਗਦਾ ਸੀ ਐਡਵਰਡ ਤੇ ਬਿਲ ਬਰਾਊਨ ਕਿਸੇ ਨਾ ਕਿਸੇ ਚੱਕਰ ਵਿਚ ਸਨ। ਸੰਭਵ ਸੀ ਐਡਵਰਡ ਨੂੰ ਵੀ ਜੇਲ੍ਹ ਦੀ ਹਵਾ ਖਾਣੀ ਪਵੇ। ਉਹ ਬਹੁਤੀ ਗੱਲ ਕਰ ਨਹੀਂ ਸੀ ਸਕਦਾ ਸੋ ਉਹ ਘਰ ਨੂੰ ਚੱਲ ਪਏ।

ਘਰ ਪਹੁੰਚ ਕੇ ਸਭ ਤੋਂ ਪਹਿਲਾਂ ਬਟਲਰ ਨੇ ਐਡਵੀਨਾ ਨੂੰ ਪੱਤਰ ਦਿੱਤਾ ਜੋ ਚਾਰਲੀ ਐਡਵਰਡ ਵੱਲੋਂ ਸੀ। ਐਡਵੀਨਾ ਪੱਤਰ ਲੈ ਕੇ ਆਪਣੇ ਕਮਰੇ ਵਿਚ ਚਲੀ ਗਈ। ਪੱਤਰ ਪੜ੍ਹ ਕੇ ਉਸ ਦੇ ਮੂੰਹ ਤੋਂ ਹਵਾਈਆਂ ਉੱਡ ਗਈਆਂ ਅਤੇ ਉਹ ਦੌੜਦੀ ਹੋਈ ਰੌਬਿਨ ਕੋਲ ਸਟਡੀ ਵਿਚ ਪਹੁੰਚ ਗਈ।

“ਰੌਬਿਨ ਆਹ ਕੀ। ਚਾਰਲੀ ਨੂੰ ਪੁਲੀਸ ਨੇ ਫਿਰ ਤੋਂ ਕਿਉਂ ਫੜ ਲਿਆ ਐ?”

“ਐਡਵੀਨਾ ਬੈਠ ਜਾਹ।” ਰੌਬਿਨ ਨੇ ਉਸ ਦਾ ਹੱਥ ਫੜ ਕੇ ਆਪਣੇ ਨਾਲ ਵਾਲੀ ਕੁਰਸੀ ’ਤੇ ਬੈਠਾ ਲਿਆ।

“ਅਜੇ ਤੱਕ ਮੈਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਐ। ਮੈਂ ਬੈਂਕ ਨੂੰ ਚਿੱਠੀ ਭੇਜੀ ਐ। ਜੇ ਉਹਨਾਂ ਕੋਲ ਜਾਣਕਾਰੀ ਹੋਈ ਤਾਂ ਆਪਾਂ ਨੂੰ ਜਲਦੀ ਹੀ ਪਤਾ ਲੱਗ ਜਾਵੇਗਾ।” ਐਡਵੀਨਾ ਕੁਝ ਦੇਰ ਬੇਅਰਾਮੀ ਨਾਲ ਰੌਬਿਨ ਕੋਲ ਬੈਠੀ ਰਹੀ।

“ਮੇਰਾ ਖਿਆਲ ਐ ਮੈਂ ਚਾਰਲੀ ਦੇ ਘਰ ਵੱਲ ਚੱਕਰ ਮਾਰ ਆਵਾਂ।” ਉਸ ਨੇ ਧੀਮੀ ਆਵਾਜ਼ ਵਿਚ ਕਿਹਾ ਅਤੇ ਉੱਠ ਖੜ੍ਹੀ ਹੋਈ। ਰੌਬਿਨ ਉਸ ਨੂੰ ਰੋਕਣਾ ਚਾਹੁੰਦਾ ਸੀ ਪਰ ਉਹ ਚੁੱਪ ਰਿਹਾ।

ਐਡਵੀਨਾ ਘਰ ਵਿਚ ਦਾਖਲ ਹੋਈ ਤਾਂ ਬਟਲਰ ਦੌੜਿਆ ਆਇਆ। ਘਰ ਵਿਚ ਬੋਝਲ ਖਮੋਸ਼ੀ ਦਾ ਆਲਮ ਸੀ। ਐਡਵੀਨਾ ਨੂੰ ਪੁਰਾਣੇ ਦਿਨਾਂ ਦੀ ਯਾਦ ਆਈ। ਉਸ ਦੇ ਪਿਉ ਨੂੰ ਕੋਈ ਨਾ ਕੋਈ ਮਿਲਣ ਆਇਆ ਹੀ ਰਹਿੰਦਾ ਸੀ। ਉਸ ਦੀ ਮਾਂ ਆਪਣੀਆਂ ਸਹੇਲੀਆਂ ਲਈ ਪਾਰਟੀਆਂ ਦਾ ਪ੍ਰਬੰਧ ਕਰੀ ਰਖਦੀ। ਘਰ ਵਿਚ ਹਰ ਸਮੇਂ ਚਹਿਲ-ਪਹਿਲ ਰਹਿੰਦੀ। ਘੋੜਿਆਂ ਦੇ ਹਿਣਕਣ ਦੀ ਆਵਾਜ਼ ਕਿਧਰੋ ਨਾ ਕਿਧਰੋਂ ਆਉਂਦੀ ਰਹਿੰਦੀ। ਅੱਜ ਘਰ ਦੇ ਨੌਕਰ ਵੀ ਉਦਾਸ ਜਿਹੀ ਖਮੋਸ਼ੀ ਨਾਲ ਬੇਧਿਆਨੇ ਜਿਹੇ ਫਿਰ ਰਹੇ ਸਨ। ਉਹਨਾਂ ਨੂੰ ਕਰਨ ਲਈ ਕੋਈ

ਕੰਮ ਹੀ ਨਹੀਂ ਸੀ। ਐਡਵੀਨਾ ਨੇ ਸਾਰੇ ਘਰ ਵਿਚ ਨਜ਼ਰ ਘੁਮਾਈ ਤੇ ਇਕ ਹਉਕਾ ਲਿਆ। ਉਸ ਨੇ ਬਟਲਰ ਵੱਲ ਵੇਖਿਆ।

"ਚਾਰਲੀ ਬਾਰੇ ਕੀ ਖ਼ਬਰ ਐ?"

"ਮੈਡਮ ਪੁਲੀਸ ਨੇ ਉਹਨਾਂ ਨੂੰ ਫੜਿਆ ਤਾਂ ਮੈਂ ਤਰੁੰਤ 'ਡੇਵ ਐਂਡ ਕੋ ਸੌਲਿਸਟਰਜ਼' ਦੇ ਦਫ਼ਤਰ ਗਿਆ ਅਤੇ ਸਾਰੀ ਗੱਲ ਦੱਸੀ। ਉਹਨਾਂ ਨੇ ਆਪਣੀ ਕਾਰਵਾਈ ਕਰਨ ਦਾ ਵਚਨ ਦਿੱਤਾ ਸੀ।" ਬਟਲਰ ਨੇ ਸੰਖੇਪ ਵਿਚ ਜਵਾਬ ਦਿੱਤਾ।

ਐਡਵੀਨਾ ਸੋਚਣ ਲੱਗੀ। ਨੌਕਰ ਹੋਰ ਕਰ ਵੀ ਕੀ ਸਕਦੇ ਸਨ! ਉਸ ਨੇ ਘਰ ਵਿਚ ਇਕ ਚੱਕਰ ਲਗਾਇਆ ਅਤੇ ਵਾਪਿਸ ਜਾਣ ਲਈ ਡਿਉਢੀ ਵਿਚ ਆ ਗਈ। ਬਟਲਰ ਅਜੇ ਵੀ ਉਥੇ ਖੜ੍ਹਾ ਸੀ। ਐਡਵੀਨਾ ਨੇ ਆਪਣਾ ਪੈਰ ਮਲਿਆ। ਉਹ ਉਸ ਤੋਂ ਬਿਲ ਬਰਾਊਨ ਬਾਰੇ ਪੁੱਛਣ ਹੀ ਲੱਗੀ ਸੀ। ਇਕ ਦਮ ਉਸ ਨੂੰ ਖਿਆਲ ਆਇਆ ਨੌਕਰਾਂ ਨਾਲ ਗੱਲ ਕਰਨਾ ਠੀਕ ਨਹੀਂ ਸੀ। ਬਿਨਾਂ ਕਿਸੇ ਨੂੰ ਕੁਝ ਕਹੇ ਉਹ ਘੋਰ ਉਦਾਸੀ ਅਤੇ ਫਿਕਰਮੰਦ ਗੱਡੀ ਵਿਚ ਆ ਬੈਠੀ। ਕਿਸੇ ਸਮੇਂ ਮਾਂ ਬਾਪ ਦੀ ਮੌਤ ਦਾ ਸਦਮਾ ਉਸ ਨੂੰ ਬਹੁਤ ਵੱਡਾ ਲਗਦਾ ਸੀ। ਉਸ ਸਦਮੇ ਵਿਚੋਂ ਉਹ ਕਦੋਂ ਦੀ ਨਿਕਲ ਚੁੱਕੀ ਸੀ। ਹੁਣ ਚਾਰਲੀ ਦੇ ਪੁਲੀਸ ਕੇਸ ਵਿਚ ਫਸਣ ਕਰਕੇ ਇਹ ਸਦਮਾ ਉਸ ਨੂੰ ਹੋਰ ਵੀ ਵੱਡਾ ਲਗਦਾ ਸੀ। ਉਹ ਉਦਾਸ ਪਰੇਸ਼ਾਨ ਆਪਣੇ ਕਮਰੇ ਵਿਚ ਚਲੀ ਗਈ। ਰੌਬਿਨ ਦੇ ਹੱਥ ਵਿਚ ਕੋਈ ਪੱਤਰ ਸੀ ਅਤੇ ਉਹ ਉਦਾਸ ਜਿਹਾ ਆਪਣੇ ਕਮਰੇ ਦੇ ਵਿਚਕਾਰ ਖੜ੍ਹਾ ਸੀ।

" ਰੌਬਿਨ ਕੀ ਗੱਲ ਐ--?" ਐਡਵੀਨਾ ਨੇ ਫਿਕਰ ਨਾਲ ਪੁੱਛਿਆ।

"ਰਸਲ-----।" ਕਹਿ ਕੇ ਉਸ ਨੇ ਚਿੱਠੀ ਐਡਵੀਨਾ ਨੂੰ ਫੜਾ ਦਿੱਤੀ।

## 30

ਰਸਲ ਨੇ ਜ਼ਿੰਦਗੀ ਨੂੰ ਭਾਵੁਕਤਾ ਨਾਲ ਜੀਵਿਆ। ਉਹ ਬਹੁਤੀ ਵਾਰ ਭਾਵਨਾਵਾਂ ਦੇ ਹੜ੍ਹ ਵਿਚ ਵਹਿ ਜਾਂਦਾ। ਉੱਚ ਸ਼੍ਰੇਣੀ ਦਾ ਮੁੰਡਾ ਹੋਣ 'ਤੇ ਵੀ ਉਸ ਨੇ ਮਜ਼ਦੂਰਾਂ ਦੀਆਂ ਮੰਗਾਂ ਨਾਲ ਸਹਿਮਤੀ ਅਤੇ ਹਮਦਰਦੀ ਰੱਖੀ। ਭਾਵੇਂ ਉਸ ਨੇ ਕੁਝ ਖਾਸ ਯੋਗਦਾਨ ਨਹੀਂ ਸੀ ਪਾਇਆ ਫਿਰ ਵੀ ਉਹ ਸਰਕਾਰ ਅਤੇ ਪੁਲੀਸ ਦੀਆਂ ਫਾਈਲਾਂ ਵਿਚ ਆ ਗਿਆ। ਮਜ਼ਦੂਰਾਂ ਨਾਲ ਉਸ ਦੀ ਹਮਦਰਦੀ ਦਾ ਪਰਦਾ ਤਦ ਗਿਰਿਆ ਜਦ ਉਸ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ। ਮਜ਼ਦੂਰਾਂ ਦੀ ਲੋੜ ਪਈ ਤਾਂ ਪਹਿਲਾਂ ਪਹਿਲਾਂ ਉਸ ਨੂੰ ਆਪਣੀਆਂ ਭਾਵਨਾਵਾਂ ਨੇ ਮਾੜਾ ਮੋਟਾ ਪ੍ਰਭਾਵਤ ਕੀਤਾ। ਜਦ ਹੋਰ ਮਜ਼ਦੂਰਾਂ ਦੀ ਲੋੜ ਪਈ ਤਾਂ ਰਸਲ ਦਾ ਰਿਸ਼ਤਾ ਮਜ਼ਦੂਰਾਂ ਨਾਲ ਉਹੋ ਜਿਹਾ ਹੀ ਬਣ ਗਿਆ ਜਿਹੋ ਜਿਹਾ ਹੋਰ ਮਾਲਕਾਂ ਦਾ ਸੀ। ਜਵਾਨੀ ਵੇਲੇ ਦੀਆਂ ਭਾਵਨਾਵਾਂ ਲੁਪਤ ਹੋ ਗਈਆਂ ਸਨ। ਹੁਣ ਦਾ ਰਸਲ ਸਿਰਫ਼ ਪੈਸਾ ਬਣਾਉਣ ਅਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਵਾਲੀ ਮਸ਼ੀਨ ਬਣ ਗਿਆ ਸੀ।

ਐਲਨ ਨਾਲ ਉਸ ਦੇ ਆਪਣੇ ਸਬੰਧ ਵੀ ਵਧੀਆ ਸਨ। ਅਲੀਜ਼ਾ ਕਰਕੇ ਵੀ ਉਹਨਾਂ ਵਿਚ ਨੇੜਤਾ ਸੀ। ਰੌਬਿਨ ਉਸ ਦੇ ਮਾਮੇ ਦਾ ਮੁੰਡਾ ਸੀ। ਲਿੰਨ ਵੀ ਉਹਨਾਂ ਦੀ ਜੁੰਡੀ ਦਾ ਯਾਰ ਸੀ। ਲਿੰਨ ਦੇ ਮਾਨਚੈਸਟਰ ਚਲੇ ਜਾਣ ਬਾਅਦ ਉਹਨਾਂ ਦੀ ਤਿਖੜੀ ਅਜੇ ਵੀ ਕਾਇਮ ਸੀ। ਐਲਨ ਦੇ ਐਮ ਪੀ ਬਣਨ ਨਾਲ ਉਸ ਦੇ ਮਨ ਵਿਚ 'ਲਾਰਡ' ਬਣਨ ਦੀ ਇੱਛਾ ਪੈਦਾ ਹੋਈ ਤਾਂ ਉਸ ਨੇ ਆਪਣਾ ਮਨ ਐਲਨ ਅੱਗੇ ਫੋਲਿਆ। ਰਸਲ ਨੂੰ ਲੱਗਿਆ ਐਲਨ ਜਾਣ-ਬੁਝ ਕੇ ਉਸ ਦੀ ਮਦਦ ਨਹੀਂ ਸੀ ਕਰ ਰਿਹਾ। ਐਲਨ ਨਾਲ ਰਸਲ ਦਾ ਇਸ ਗੱਲੋਂ ਥੋੜ੍ਹਾ ਗਿਲਾ ਬਣ ਗਿਆ ਤੇ ਉਹ ਆਉਣ ਜਾਣ ਤੋਂ ਕੰਨੀ ਕਤਰਾਉਣ ਲੱਗਾ।

ਰਸਲ ਨੇ ਆਪਣੇ ਭਰਾ ਅਤੇ ਭੈਣ ਨਾਲ ਵੰਡ ਵੰਡਾਈ ਕਰ ਲਈ ਸੀ। ਉਸ ਦਾ ਭਰਾ ਹੁਣ ਕਿਸੇ ਹੋਰ ਬੰਦੇ ਨਾਲ ਰਹਿੰਦਾ ਸੀ। ਸਾਰੇ ਲੋਕਾਂ ਨੂੰ ਪਤਾ ਸੀ ਉਸ ਦੀ ਕੁੜੀਆਂ ਵਿਚ ਕਦੇ ਵੀ ਦਿਲਚਸਪੀ ਨਹੀਂ ਸੀ। ਇਹ ਉਸ ਦਾ ਦੂਜਾ ਪਾਰਟਨਰ ਸੀ। ਰਸਲ ਨੇ ਉਸ ਨਾਲ ਆਪਣੇ ਸਬੰਧ ਤਕਰੀਬਨ ਖ਼ਤਮ ਹੀ ਕਰ ਰੱਖੇ ਸਨ। ਪ੍ਰੀਵਾਰਕ ਮਸਲੇ ਵੀ ਨਿਬੜ ਗਏ ਸਨ।

ਰਸਲ ਦਾ ਬਹੁਤਾ ਸਮਾਂ ਬਿਜਨਸ ਦੀ ਦੇਖ ਭਾਲ ਵਿਚ ਬੀਤਦਾ। ਬੱਚੇ ਉਸ ਦੇ ਸਿਆਣੇ ਹੋ ਗਏ ਸਨ ਅਤੇ ਉਹ ਪੜ੍ਹ ਲਿਖ ਰਹੇ ਸਨ। ਬੱਚਿਆਂ ਦੀ ਜ਼ਿੰਮੇਵਾਰੀ ਅਲੀਜ਼ਾ ਦੀ ਸੀ। ਰਸਲ ਘਰੇ ਤਕਰੀਬਨ ਦੇਰ ਨਾਲ ਆਉਂਦਾ। ਕੁਝ ਕੰਮ ਧੰਦੇ ਅਤੇ ਕੁਝ ਉਸ ਦਾ ਵਾਈਨ ਵੱਲ ਜ਼ਿਆਦਾ ਝੁਕਾਅ ਉਸ ਨੂੰ ਸਮੇਂ ਸਿਰ ਘਰ ਨਾ ਆਉਣ ਦਿੰਦਾ। ਪਿਛਲੇ ਕੁਝ ਸਮੇਂ ਵਿਚ ਹੀ ਉਸ ਦਾ ਭਾਰ ਕਾਫੀ ਵਧ ਗਿਆ ਸੀ। ਮੂੰਹ ਦਾ ਮਾਸ ਢਿਲਕ ਗਿਆ ਸੀ ਅਤੇ ਅੱਖਾਂ ਹੇਠ ਥੈਲੀਆਂ ਬਣ ਗਈਆਂ ਸਨ। ਸਿਗਾਰ ਦੇ ਕਸ਼ ਤਾਂ ਉਹ ਸਾਰਾ ਦਿਨ ਹੀ ਲੈਂਦਾ

ਰਹਿੰਦਾ। ਪਾਣੀ ਪੀਂਦਾ ਰਹਿੰਦਾ। ਵਾਰ ਵਾਰ ਉਸ ਦਾ ਮੂੰਹ ਸੁੱਕ ਜਾਂਦਾ ਤੇ ਵਾਰ ਵਾਰ ਉਸ ਨੂੰ ਪਿਸ਼ਾਬ ਦੀ ਹਾਜ਼ਤ ਹੁੰਦੀ ਰਹਿੰਦੀ। ਪਹਿਲਾਂ ਤਾਂ ਉਸ ਨੇ ਬਹੁਤੀ ਪ੍ਰਵਾਹ ਨਾ ਕੀਤੀ। ਅਲੀਜ਼ਾ ਦੇ ਜ਼ੋਰ ਦੇਣ ’ਤੇ ਉਹ ਡਾਕਟਰ ਕੋਲ ਚਲਾ ਗਿਆ। ਡਾਕਟਰ ਨੇ ਉਸ ਨੂੰ ਸ਼ੱਕਰ ਰੋਗ ਅਤੇ ਗੁਰਦਿਆਂ ਦੀ ਬਿਮਾਰੀ ਹੋਣ ਬਾਰੇ ਦਸਿਆ ਤਾਂ ਉਸ ਨੂੰ ਯਕੀਨ ਨਾ ਆਇਆ। ਡਾਕਟਰ ਦੀ ਰਾਇ ਨੂੰ ਉਹ ਸੁੱਟ ਵੀ ਨਹੀਂ ਸਕਦਾ ਸੀ। ਡਾਕਟਰ ਨੇ ਉਸ ਨੂੰ ਸ਼ਰਾਬ ਬੰਦ ਕਰਨ ਅਤੇ ਖਾਣ-ਪੀਣ ਵਿਚ ਸੁਧਾਰ ਕਰਨ ਦੇ ਆਦੇਸ਼ ਦੇ ਕੇ ਦਵਾਈਆਂ ਵੀ ਦੇ ਦਿੱਤੀਆਂ।

ਰਸਲ ਸ਼ਰਾਬ ਛੱਡ ਨਹੀਂ ਸੀ ਸਕਦਾ ਤੇ ਨਾ ਹੀ ਸੈਰ ਜਾਂ ਹੋਰ ਵਰਜਿਸ਼ ਕਰਨ ਵਿਚ ਉਸ ਦੀ ਦਿਲਚਸਪੀ ਬਣੀ। ਖਾਣ-ਪੀਣ ਦਾ ਸ਼ੁਕੀਨ ਆਪਣੇ ਆਪ ਨੂੰ ਰੋਕ ਨਾ ਸਕਦਾ। ਦਿਨੋ ਦਿਨ ਉਸ ਦੀ ਹਾਲਤ ਹੋਰ ਮਾੜੀ ਹੁੰਦੀ ਗਈ ਤੇ ਇਕ ਦਿਨ ਅਚਾਨਕ ਉਸ ਦਾ ਅੰਤ ਆ ਗਿਆ। ਰਸਲ ਨੂੰ ਰੌਬਿਨ ਕੁਝ ਸਮੇਂ ਤੋਂ ਮਿਲ ਨਹੀਂ ਸੀ ਸਕਿਆ। ਉਹ ਆਪਣੀਆਂ ਸਮੱਸਿਆਵਾਂ ਵਿਚ ਘਿਰਿਆ ਹੋਇਆ ਸੀ। ਉਸ ਦੀ ਮੌਤ ਦੀ ਖ਼ਬਰ ਸੁਣ ਕੇ ਰੌਬਿਨ ਦਾ ਸਰੀਰ ਜਿਵੇਂ ਸੁੰਨ ਹੋ ਗਿਆ ਹੋਵੇ। ਉਸ ਤੋਂ ਐਡਵੀਨਾ ਨੇ ਚਿੱਠੀ ਫੜ ਕੇ ਪੜ੍ਹੀ ਤਾਂ ਉਸ ਨੂੰ ਵੀ ਯਕੀਨ ਨਾ ਆਇਆ। ਉਸ ਨੂੰ ਪਤਾ ਸੀ ਮੌਤ ਦਾ ਯਕੀਨ ਕਰੇ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ। ਅਚੇਤ ਹੀ ਉਹ ਰੌਬਿਨ ਦੇ ਗਲ ਲੱਗ ਕੇ ਰੋਣ ਲੱਗੀ। ਰੌਬਿਨ ਦੀਆਂ ਅੱਖਾਂ ਵੀ ਸਿੱਲੀਆਂ ਹੋ ਗਈਆਂ ਤੇ ਉਹਨਾਂ ਨੇ ਰਸਲ ਦੇ ਘਰ ਜਾਣ ਲਈ ਗੱਡੀ ਤਿਆਰ ਕਰਨ ਲਈ ਕਹਿ ਦਿੱਤਾ। ਇਕ ਚਿੱਠੀ ਮਨਹੂਸ ਖ਼ਬਰ ਲਿਖ ਕੇ ਰੌਬਿਨ ਨੇ ਐਲਨ ਨੂੰ ਭੇਜ ਦਿੱਤੀ। ਲਿੰਨ ਨੂੰ ਤਾਰ ਦੇਣ ਲਈ ਉਸ ਨੇ ਨੌਕਰ ਨੂੰ ਕਹਿ ਦਿੱਤਾ।

ਰਸਲ ਦਾ ਘਰ ਉਹਨਾਂ ਨੂੰ ਬਾਹਰੋਂ ਵੀ ਉਦਾਸ ਲੱਗਾ। ਘਰ ਦੇ ਅੰਦਰ ਤਾਂ ਉਦਾਸੀ ਨੇ ਹੋਰ ਵੀ ਗੂੜ੍ਹੀ ਕਾਲੀ ਚਾਦਰ ਵਿਛਾ ਰੱਖੀ ਸੀ। ਅਲੀਜ਼ਾ ਨੇ ਤਾਂ ਜਿਵੇਂ ਇਕ ਦਿਨ ਵਿਚ ਹੀ ਕਈ ਸਾਲਾਂ ਦਾ ਸਫ਼ਰ ਤਹਿ ਕਰ ਲਿਆ ਹੋਵੇ ਤੇ ਉਸ ਦੇ ਚਿਹਰੇ ’ਤੇ ਉਦਾਸੀ ਦੀ ਘਣਘੋਰ ਘਟਾ ਨੇ ਹਨ੍ਹੇਰਾ ਕੀਤਾ ਹੋਇਆ ਸੀ। ਉਹ ਐਡਵੀਨਾ ਅਤੇ ਰੌਬਿਨ ਦੇ ਗਲ ਲੱਗ ਕੇ ਰੋਣ ਲੱਗੀ। ਉਹ ਦੋਵੇਂ ਜੀਅ ਉਸ ਨੂੰ ਹੌਸਲਾ ਦੇਣ ਦੀ ਕੋਸ਼ਿਸ਼ ਕਰਦੇ ਰਹੇ ਤੇ ਕੁਝ ਦੇਰ ਬਾਅਦ ਭਾਵਨਾਵਾਂ ਦਾ ਸਮੁੰਦਰ ਸ਼ਾਂਤ ਹੋਇਆ ਤਾਂ ਉਹ ਗੱਲਾਂ ਕਰਨ ਯੋਗ ਹੋ ਗਈ।

ਅਗਲੇ ਦਿਨ ਰਸਲ ਦੇ ਬੇਟੇ ਵਿਲੀਅਮ ਨੇ ਇਕ ਵਾਰ ਡਾਕਟਰ ਤੋਂ ਹੋਰ ਰਸਲ ਨੂੰ ਚੈਕ ਕਰਵਾਇਆ। ਕੁਝ ਪੁਰਾਣੇ ਵਿਚਾਰਾਂ ਦੇ ਲੋਕਾਂ ਨੇ ਉਸ ਨੂੰ ਵਹਿਮ ਪਾ ਦਿੱਤਾ ਸੀ ਸ਼ਾਇਦ ਰਸਲ ਅਜੇ ਵੀ ਜਿਉਂਦਾ ਹੋਵੇ। ਡਾਕਟਰ ਨੇ ਸਿਰ ਮਾਰ ਦਿੱਤਾ। ਸ਼ਾਮ ਤੱਕ ਉਸ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਐਲਨ ਨੇ ਅਲੀਜ਼ਾ ਨੂੰ ਸਹਾਰਾ ਦੇਣ ਦੀ ਕੋਸ਼ਿਸ ਕੀਤੀ। ਰਸਲ ਦੇ ਜਾਣ ਦਾ ਐਲਨ ਨੂੰ ਮਨੋ ਦੁੱਖ ਸੀ।

“ਰਸਲ ਦਾ ਕੰਮ ਤਾਂ ਮੈਨੂੰ ਸੰਭਾਲਣਾ ਬਹੁਤ ਔਖਾ ਐ। ਰਸਲ ਨੇ ਮੇਰੇ ਨਾਲ ਚੰਗੀ ਨਹੀਂ ਕੀਤੀ ਐਨੀ ਜਲਦੀ ਚਲਾ ਗਿਆ। ਵਿਲੀਅਮ ਨੂੰ ਮੈਂ ਪੜ੍ਹਾਉਣਾ ਚਾਹੁੰਦੀ ਆਂ। ਮੈਨੂੰ ਪਤਾ ਨੀ ਲਗਦਾ ਕੀ ਕਰਾਂ?” ਸਭ ਦੇ ਚਲੇ ਜਾਣ ਬਾਅਦ ਅਲੀਜ਼ਾ ਭਵਿੱਖ ਬਾਰੇ ਸੋਚਣ ਲੱਗੀ ਤੇ ਐਲਨ ਤੋਂ ਵਧੀਆ ਰਾਇ ਹੋਰ ਕੋਈ ਨਹੀਂ ਸੀ ਦੇ ਸਕਦਾ।

“ਅਲੀਜ਼ਾ, ਰਸਲ ਨੇ ਸਾਰੀ ਉਮਰ ਤੈਨੂੰ ਫੁੱਲਾਂ ਵਾਂਗ ਰੱਖਿਆ। ਉਹ ਕਿਹੜਾ ਤੈਨੂੰ ਛੱਡ ਕੇ ਜਾਣਾ ਚਾਹੁੰਦਾ ਸੀ। ਹਾਲਾਤ ਅੱਗੇ ਹਥਿਆਰ ਸੁੱਟਣੇ ਉਸ ਦੀ ਮਜ਼ਬੂਰੀ ਸੀ।” ਐਲਨ ਨੇ ਮੋਹ ਨਾਲ ਅਲੀਜ਼ਾ ਦਾ ਹੱਥ ਘੁੱਟਿਆ।

“ਮੇਰੇ ਖਿਆਲ ਵਿਚ ਵਿਲੀਅਮ ਨੂੰ ਪੜ੍ਹਾਈ ਪੂਰੀ ਕਰਨ ਦੇਣੀ ਚਾਹੀਦੀ ਐ। ਦੋ ਕੁ ਸਾਲ ਦੀ ਗੱਲ ਐ। ਔਖ-ਸੌਖ ਨਾਲ ਸਰ ਜਾਣਾ ਐ। ਪੜ੍ਹਾਈ ਲਈ ਸਮਾਂ ਉਸ ਨੂੰ ਫੇਰ ਨੀ ਮਿਲਣਾ।” ਐਲਨ ਨੇ ਕੁਝ ਦੇਰ ਚੁੱਪ ਰਹਿਣ ਪਿਛੋਂ ਕਿਹਾ।

“ਐਲਨ ਤੂੰ ਸਮਝਣ ਦੀ ਕੋਸ਼ਿਸ਼ ਕਰ। ਮੈਂ ਐਨੇ ਕੰਮ ਨੂੰ ਕਿਵੇਂ ਸਾਂਭ ਸਕਦੀ ਆਂ! ਐਨੀ ਜਲਦੀ ਤਾਂ ਮੈਂ ਕੰਮ ਘਟਾ ਵੀ ਨੀ ਸਕਦੀ।” ਅ਼ਲੀਜ਼ਾ ਨੇ ਸਿਰ ਮਾਰ ਦਿੱਤਾ।

“ਤੂੰ ਮੈਨੂੰ ਗਲਤ ਨਾ ਸਮਝੀਂ। ਮੈਂ ਤੈਨੂੰ ਇਕ ਰਾਇ ਦੇ ਸਕਦਾਂ। ਜੇ ਤੈਨੂੰ ਪਸੰਦ ਨਾ ਆਵੇ ਤਾਂ ਨਿਝੱਕ ਨਾਂਹ ਕਰ ਦੇਵੀਂ। ਆਪਾਂ ਕੁਝ ਹੋਰ ਸੋਚ ਲਵਾਂਗੇ।”

“ਤੂੰ ਮੈਨੂੰ ਗਲਤ ਰਾਇ ਦੇ ਈ ਨੀ ਸਕਦਾ। ਤੂੰ ਦੱਸ ਕੀ ਐ ਤੇਰੇ ਮਨ ’ਚ?” ਅਲੀਜ਼ਾ ਸੁਣਨ ਲਈ ਕਾਹਲੀ ਸੀ।

“ਜੇਮਜ਼ ਨੇ ਪੜ੍ਹਾਈ ਪੂਰੀ ਕਰ ਲਈ ਐ। ਉਹ ਕੋਈ ਬਿਜਨਸ ਕਰਨਾ ਚਾਹੁੰਦਾ। ਜਦੋਂ ਤੱਕ ਵਿਲੀਅਮ ਦੀ ਪੜ੍ਹਾਈ ਪੂਰੀ ਨਹੀਂ ਹੁੰਦੀ ਜੇਮਜ਼ ਤੇਰੀ ਮਦਦ ਕਰਦਾ ਰਹੂ। ਉਸ ਨੂੰ ਬਿਜਨਸ ਦਾ ਤਜ਼ਰਬਾ ਹੋ ਜਾਊ ਤੇ ਤੈਨੂੰ ਮਦਦ ਮਿਲ ਜਾਊ।”

''ਮਿਹਰਬਾਨੀ ਐਲਨ ਤੂੰ ਤਾਂ ਮੇਰੇ ਮਨ ਦਾ ਬੋਝ ਹਲਕਾ ਕਰ ਦਿੱਤਾ। ਜੇਮਜ਼ ਵਧੀਆ ਮੁੰਡਾ ਐ। ਬੱਸ ਗੱਲ ਪੱਕੀ।'' ਅਲੀਜ਼ਾ ਨੇ ਐਲਨ ਦਾ ਹੱਥ ਘੁੱਟਿਆ ਤੇ ਉਸ ਦੇ ਚਿਹਰੇ 'ਤੇ ਰੌਣਕ ਆ ਗਈ।

ਐਲਨ ਸੋਚ ਰਿਹਾ ਸੀ ਉਸ ਨੇ ਜੇਮਜ਼ ਨਾਲ ਕੋਈ ਗੱਲ ਨਹੀਂ ਸੀ ਕੀਤੀ। ਕਿਤੇ ਮੁੰਡਾ ਨਾਂਹ ਹੀ ਨਾ ਕਰ ਦੇਵੇ। ਉਹ ਸੋਚਦਾ ਘਰ ਨੂੰ ਚਲਾ ਗਿਆ। ਜੇਮਜ਼ ਉਸ ਵਕਤ ਘਰ ਨਹੀਂ ਸੀ। ਜੈਨੀਫਰ ਨਾਲ ਉਸ ਨੇ ਗੱਲ ਸਾਂਝੀ ਕੀਤੀ।

''ਚੰਗਾ ਸੀ ਮੁੰਡੇ ਦੀ ਰਾਇ ਲੈ ਲੈਂਦੇ। ਵੈਸੇ ਵੀ ਉਹ ਅੱਜ ਕੱਲ੍ਹ ਉੱਖੜਿਆ ਜਿਹਾ ਰਹਿੰਦਾ।'' ਜੈਨੀਫਰ ਦੀਆਂ ਅੱਖਾਂ ਵਿਚ ਮੁਸਕਰਾਹਟ ਸੀ।

''ਉੱਖੜਿਆ –ਉਹ ਕਿਉਂ?'' ਐਲਨ ਦੀ ਆਵਾਜ਼ ਵਿਚ ਫਿਕਰ ਸੀ।

''ਜਦੋਂ ਆਪਾਂ ਛੁੱਟੀਆਂ ਲਈ ਸਕਾਟਲੈਂਡ ਗਏ ਸੀ ਤੁਸੀਂ ਕੁਝ ਨੋਟ ਨਹੀਂ ਕੀਤਾ!''

''ਨਹੀਂ –ਗੱਲ ਤਾਂ ਦੱਸ ਕੀ ਐ?''

''ਮੈਨੂੰ ਲਗਦਾ ਉਸ ਦਾ ਮਨ ਕਰਿਸਟਲ 'ਤੇ ਆ ਗਿਆ ਐ। ਵੈਸੇ ਅਜੇ ਉਹਨੇ ਮੇਰੇ ਨਾਲ ਕੋਈ ਗੱਲ ਤਾਂ ਨੀ ਕੀਤੀ। ਮੈਂ ਉਹਨਾਂ ਦੀਆਂ ਹਰਕਤਾਂ ਤੋਂ ਅੰਦਾਜ਼ਾ ਲਾਇਆ।''

ਐਲਨ ਦੇ ਮੱਥੇ ਤੋਂ ਫਿਕਰ ਦੀਆਂ ਤਿਉੜੀਆਂ ਸਾਫ਼ ਹੋ ਗਈਆਂ। ਇਕ ਮਹੀਨ ਜਿਹੀ ਮੁਸਕਰਾਹਟ ਉਸ ਦੇ ਬੁੱਲ੍ਹਾਂ ਤੇ ਅੱਖਾਂ ਵਿਚ ਵੀ ਉਭਰ ਆਈ।

''ਰੌਬਿਨ ਨੇ ਰਸਲ ਦੇ ਸੰਸਕਾਰ 'ਤੇ ਮੈਨੂੰ ਦੱਸਿਆ ਸੀ ਬਿਲ ਬਰਾਊਨ ਪੁਲੀਸ ਨੇ ਫੜ ਲਿਆ ਐ ਤੇ ਰੌਬਿਨ ਨੂੰ ਹੁਣ ਖਤਰਾ ਘਟ ਗਿਆ ਐ।''

''ਐਲਨ, ਦੂਜੇ ਪਾਸੇ ਐਡਵੀਨਾ ਨੂੰ ਖ਼ਤਰਾ ਵਧ ਗਿਆ ਐ। ਹੁਣ ਉਹ ਫੇਰ ਤੋਂ ਕਰਿਸਟਲ ਦੇ ਪਿਉ ਵਾਲਾ ਕਿੱਸਾ ਨਾ ਖੜਾ ਕਰ ਲਵੇ!''

''ਇਹ ਗੱਲ ਤਾਂ ਜੈਨੀਫਰ ਤੇਰੀ ਠੀਕ ਐ। ਮੇਰੇ ਖਿਆਲ ਵਿਚ ਇਕ ਵਾਰ ਫਿਰ ਤੋਂ ਰੌਬਿਨ ਨਾਲ ਗੱਲ ਕੀਤੀ ਜਾਵੇ।''

ਐਲਨ ਤੇ ਜੈਨੀਫਰ ਆਪਣੀ ਆਪਣੀ ਥਾਂ ਸੋਚਣ ਲੱਗੇ।

## 31

ਰੌਬਿਨ ਆਪਣੇ ਦਫ਼ਤਰ ਵਿਚ ਬੈਠਾ ਕੰਮ ਕਰ ਰਿਹਾ ਸੀ। ਉਸ ਦੇ ਸਾਹਮਣੇ ਬੈਂਕ ਵਿਚ ਕੰਮ ਕਰਦੇ ਮੁੰਡੇ ਨੇ ਇਕ ਨੋਟ ਲਿਆ ਰੱਖਿਆ। ਜੌਹਨ ਉਸ ਨੂੰ ਮਿਲਣ ਲਈ ਬਾਹਰ ਬੈਠਾ ਉਡੀਕ ਰਿਹਾ ਸੀ। ਰੌਬਿਨ ਉਸ ਨੂੰ ਮਿਲਣ ਲਈ ਬਾਹਰ ਚਲਾ ਗਿਆ ਤੇ ਸਤਿਕਾਰ ਨਾਲ ਉਸ ਨੂੰ ਅੰਦਰ ਲੈ ਆਇਆ।

''ਮਿਸਟਰ ਹੈਨਰੀ, ਚੰਗੀ ਖ਼ਬਰ ਐ। ਬਿੱਲ ਬਰਾਊਨ ਫੜਿਆ ਗਿਆ ਐ ਤੇ ਪੁਲੀਸ ਉਸ ਨੂੰ ਐਥੇ ਵਾਪਸ ਲੈ ਆਈ ਐ।''

''ਰੱਬ ਦਾ ਸ਼ੁਕਰ ਐ--।'' ਰੌਬਿਨ ਦੇ ਸਿਰੋਂ ਜਿਵੇਂ ਮਣਾਂ-ਮੂੰਹ ਭਾਰ ਲਹਿ ਗਿਆ ਹੋਵੇ।

''ਪੁਲੀਸ ਨੇ ਅੱਜ ਸਵੇਰੇ ਉਸ ਦੇ ਦੋ ਖਾਸ ਬੰਦੇ ਵੀ ਪਕੜ ਲਏ ਐ ਤੇ ਉਹ ਹੁਣ ਹਵਾਲਾਤ ਵਿਚ ਐ। ਸੋ ਹੁਣ ਤੁਹਾਨੂੰ ਕੋਈ ਖਾਸ ਖ਼ਤਰਾ ਨਹੀਂ। ਫਿਰ ਵੀ ਤੁਸੀਂ ਅਵੇਸਲੇ ਨਾ ਹੋਵੋ ਤਾਂ ਚੰਗਾ ਐ।''

ਰੌਬਿਨ ਨੂੰ ਆਜ਼ਾਦੀ ਦਾ ਅਹਿਸਾਸ ਹੋਇਆ। ਫਿਲਿਪ ਉਸ ਦੀ ਸੁਰੱਖਿਆ ਵਾਸਤੇ ਸੀ ਪਰ ਰੌਬਿਨ ਨੂੰ ਲਗਦਾ ਜਿਵੇਂ ਉਹ ਫਿਲਿਪ ਦਾ ਕੈਦੀ ਹੋਵੇ। ਉਸ ਦੀ ਸਾਰੀ ਆਜ਼ਾਦੀ ਖਤਮ ਹੋ ਗਈ ਸੀ। ਫਿਲਿਪ ਉਸ ਨਾਲ ਪਰਛਾਵੇਂ ਵਾਂਗ ਰਹਿੰਦਾ। ਹੁਣ ਫਿਲਿਪ ਦੀ ਉਸ ਨੂੰ ਲੋੜ ਨਹੀਂ ਸੀ ਤੇ ਉਸ ਦੀ ਆਜ਼ਾਦੀ ਫਿਰ ਤੋਂ ਵਾਪਸ ਆ ਰਹੀ ਸੀ।

''ਕਿਥੋਂ ਫੜਿਆ ਗਿਆ ਉਹ?'' ਰੌਬਿਨ ਨੇ ਜਾਣਕਾਰੀ ਲਈ ਪੁੱਛਿਆ।

''ਉਹ ਪੈਰਿਸ ਦੇ ਇਕ ਸਸਤੇ ਅਤੇ ਲੁਕਵੇਂ ਜਿਹੇ ਹੋਟਲ ਵਿਚ ਠਹਿਰਿਆ ਹੋਇਆ ਸੀ। ਇਕ ਫਰੈਂਚ ਆਦਮੀ ਵੀ ਉਸ ਨਾਲ ਸੀ। ਉਹ ਫਰੈਂਚ ਆਦਮੀ ਤਾਂ ਖਾਣਾ ਖਾ ਕੇ ਚਲਾ ਗਿਆ। ਫਰੈਂਚ ਪੁਲੀਸ ਨੇ ਹੋਟਲ ਨੂੰ ਘੇਰ ਲਿਆ। ਬਿਲ ਦਾ ਕਮਰਾ ਗਰਾਊਂਡ ਫਲੋਰ 'ਤੇ ਸੀ। ਲੋੜ ਪੈਣ 'ਤੇ ਉਹ ਖਿੜਕੀ ਵਿਚੋਂ ਬਾਹਰ ਭੱਜ ਸਕਦਾ ਸੀ।

ਪੁਲੀਸ ਨੇ ਪਹਿਲਾਂ ਹੀ ਖਿੜਕੀ ਨੂੰ ਘੇਰ ਲਿਆ ਸੀ। ਸਵੇਰ ਦੇ ਦੋ ਕੁ ਵਜੇ ਪੁਲੀਸ ਨੇ ਉਸ ਦਾ ਦਰਵਾਜ਼ਾ ਖੜਕਾਇਆ ਤਾਂ ਬਿਲ ਖਿੜਕੀ ਵਿਚੋਂ ਦੀ ਬਾਹਰ ਛਾਲ ਮਾਰ ਗਿਆ। ਬਾਹਰ ਖੜੀ ਪੁਲੀਸ ਨੇ ਉਸ ਨੂੰ ਦਬੋਚ ਲਿਆ ----।'' ਜੌਹਨ ਨੇ ਸੰਖੇਪ ਵਿਚ ਕਾਰਵਾਈ ਦੀ ਜਾਣਕਾਰੀ ਦਿੱਤੀ।

''ਇਕ ਗੱਲ ਹੋਰ--। ਪਤਾ ਲੱਗਿਆ ਪੁਲੀਸ ਐਡਵਰਡ ਨੂੰ ਕੇਸ ਵਿਚ ਚਾਰਜ ਨਹੀਂ ਕਰ ਰਹੀ। ਉਹ ਸਿਰਫ ਬਿਲ ਬਰਾਊਨ 'ਤੇ ਹੀ ਕੇਸ ਬਣਾ ਰਹੀ ਐ।''

ਕੁਝ ਦੇਰ ਬਾਅਦ ਜੌਹਨ ਚਲਾ ਗਿਆ ਤੇ ਰੌਬਿਨ ਨੂੰ ਹੋਰ ਵੀ ਖੁਸ਼ੀ ਹੋਈ। ਐਡਵਰਡ ਨਾਲ ਉਹ ਸਹਿਮਤ ਨਹੀਂ ਸੀ। ਫਿਰ ਵੀ ਜੇ ਉਸ ਨੂੰ ਚਾਰਜ ਕਰ ਲਿਆ ਜਾਂਦਾ ਤਾਂ ਬੈਂਕ ਦੀ ਬਹੁਤ ਹੇਠੀ ਹੋਣੀ ਸੀ। ਐਡਵੀਨਾ ਦਾ ਵੀ ਬੁਰਾ ਹਾਲ ਹੋ ਜਾਣਾ ਸੀ। ਸ਼ਾਇਦ ਐਡਵਰਡ ਰੌਬਿਨ ਨਾਲ ਵੀ ਦੁਸ਼ਮਣੀ ਕਰਨ ਲਗਦਾ। ਕਾਫੀ ਕੁਝ ਤੋਂ ਰੌਬਿਨ ਨੂੰ ਰਾਹਤ ਮਿਲ ਗਈ ਸੀ। ਇਕ ਵਾਰ ਕਰਿਸਟਲ ਤੇ ਐਡਵੀਨਾ ਦਾ ਚਿਹਰਾ ਫਿਰ ਤੋਂ ਉਸ ਦੀਆਂ ਅੱਖਾਂ ਅੱਗੇ ਆਇਆ ਤੇ ਉਹ ਸੋਚੀਂ ਪੈ ਗਿਆ।

ਇਕ ਹੋਰ ਰੁੱਕਾ ਉਸ ਦੇ ਮੇਜ਼ 'ਤੇ ਆ ਗਿਆ। ਉਸ ਨੇ ਖੋਲ੍ਹ ਕੇ ਵੇਖਿਆ ਤਾਂ ਐਲਨ ਨੇ ਉਸ ਨੂੰ ਲੰਚ ਲਈ ਅਗਲੇ ਦਿਨ ਮਿਲਣ ਦੀ ਇੱਛਾ ਪ੍ਰਗਟ ਕੀਤੀ ਸੀ। ਰੌਬਿਨ ਨੇ ਤਰੁੰਤ ਰੁੱਕਾ ਲਿਖ ਕੇ ਦੁਪਹਿਰ ਇਕ ਵਜੇ ਐਲਨ ਨੂੰ 'ਵੈਸਟਮਨਿਸਟਰ ਬਰਿਜ' ਨੇੜੇ ਨਵੀਂ ਖੁੱਲ੍ਹੀ ਕਲੱਬ 'ਹੈਲੋ' ਵਿਚ ਮਿਲਣ ਲਈ ਲਿਖ ਦਿੱਤਾ।

ਅਗਲੇ ਦਿਨ ਰੌਬਿਨ ਇਕ ਵਜੇ 'ਹੈਲੋ' ਕਲੱਬ ਵਿਚ ਪਹੁੰਚ ਗਿਆ। ਐਲਨ ਪਹਿਲਾਂ ਹੀ ਪਹੁੰਚਿਆ ਹੋਇਆ ਸੀ। ਉਸ ਨੇ ਰੌਬਿਨ ਨਾਲ ਹੱਥ ਮਿਲਾਇਆ।

''ਚੰਗੀ ਥਾਂ ਐ। ਮੈਂ ਤਾਂ ਪਹਿਲੀ ਵਾਰ ਏਥੇ ਆਇਆਂ।'' ਐਲਨ ਨੇ ਕੁਰਸੀ 'ਤੇ ਬੈਠਦਿਆਂ ਕਲੱਬ ਦੀ ਤਾਰੀਫ਼ ਕੀਤੀ।

''ਹਾਂ ਮੇਰਾ ਖਿਆਲ ਐ ਇਹ ਲੰਡਨ ਦੀਆਂ ਸਭ ਤੋਂ ਚੰਗੀਆਂ ਕਲੱਬਾਂ ਵਿਚੋਂ ਇਕ ਐ।''

ਰੌਬਿਨ ਵੀ ਕੁਰਸੀ 'ਤੇ ਬੈਠ ਗਿਆ। ਉਹ ਥੇਮਜ਼ ਰਿਵਰ ਵਿਚ ਚਲਦੇ ਨੀਲੇ ਪਾਣੀ ਦੀ ਨਿਲੱਤਣ ਦਾ ਅਨੰਦ ਲੈਣ ਲੱਗੇ। ਰਿਵਰ ਵਿਚ ਚਲਦੇ ਸਮੁੰਦਰੀ ਜ਼ਹਾਜ਼ਾਂ ਦੀਆਂ ਵੱਡੀਆਂ ਤੇ ਕੰਨ ਪਾੜਨ ਵਾਲੀਆਂ ਸੀਟੀਆਂ ਉਹਨਾਂ ਦੇ ਕੰਨਾਂ ਵਿਚ ਪੈਂਦੀਆ ਤਾਂ ਪਲ ਭਰ ਲਈ ਉਹਨਾਂ ਨੂੰ ਚੁੱਪ ਕਰਨਾ ਪੈਂਦਾ। ਉਹ ਦੋਵੇਂ ਖਿੜਕੀ ਦੇ ਸ਼ੀਸੇ ਵਿਚੋਂ ਦੀ ਥੇਮਜ਼ ਦੇ ਵਹਿੰਦੇ ਪਾਣੀ ਅਤੇ ਵਗਦੀਆਂ ਕਿਸ਼ਤੀਆ ਵੱਲ ਵੇਖਣ ਲੱਗੇ। ਵੱਡੀਆਂ ਵੱਡੀਆਂ ਕਿਸ਼ਤੀਆਂ ਯੂਰਪ ਦੇ ਦੂਜੇ ਦੇਸ਼ਾਂ ਤੋਂ ਆਉਂਦੀਆਂ ਜਾਂਦੀਆਂ ਸਨ। ਥੇਮਜ਼ ਜਹਾਜ਼ਰਾਨੀ ਦਾ ਮੁੱਖ ਸਾਧਨ ਸੀ।

''ਸਰ---।'' ਬਹਿਰਾ ਹਲੀਮੀ ਨਾਲ ਕਾਫੀ ਝੁਕ ਗਿਆ ਸੀ ਜਿਵੇਂ ਜ਼ਮੀਨ ਨੂੰ ਛੋਹਣ ਲੱਗਾ ਹੋਵੇ।

''ਰੈਡ ਵਾਈਨ---।''

ਰੌਬਿਨ ਨੇ ਆਰਡਰ ਦਿੱਤਾ। ਕੁਝ ਦੇਰ ਬਾਅਦ ਬਹਿਰਾ ਉਹਨਾਂ ਦਾ ਆਰਡਰ ਲੈ ਆਇਆ ਤੇ ਵਾਈਨ ਗਲਾਸਾਂ ਵਿਚ ਪਾ ਕੇ ਚਲਾ ਗਿਆ। ਇਧਰ-ਉਧਰ ਦੀਆਂ ਗੱਲਾਂ ਕਰਨ ਬਾਅਦ ਐਲਨ ਆਪਣੀ ਅਸਲੀ ਗੱਲ ਵੱਲ ਆਇਆ।

''ਐਡਵੀਨਾ ਤੇ ਕਰਿਸਟਲ ਦਾ ਕੀ ਹਾਲ ਐ? ਕਾਫੀ ਦਿਨਾਂ ਤੋਂ ਮਿਲ ਨਹੀਂ ਹੋਇਆ।''

''ਠੀਕ ਐ। ਦੋਨੋ ਠੀਕ ਐ।'' ਰੌਬਿਨ ਨੇ ਠੰਡਾ ਜਿਹਾ ਜਵਾਬ ਦਿੱਤਾ।

''ਰੌਬਿਨ ਤੈਨੂੰ ਚੰਗਾ ਨਹੀਂ ਲੱਗਣਾ ਤੇ ਮੈਨੂੰ ਵੀ ਚੰਗਾ ਨਹੀਂ ਲਗਦਾ। ਪਰ ਇਹ ਗੱਲ ਮੇਰੇ ਲਈ ਕਰਨੀ ਜ਼ਰੂਰੀ ਐ।''

ਐਲਨ ਨੇ ਰੌਬਿਨ ਵੱਲ ਵੇਖਿਆ ਤੇ ਫਿਰ ਇਕ ਵਾਰ ਉਸ ਦੀਆਂ ਨਜ਼ਰਾਂ ਥੇਮਜ਼ ਵੱਲ ਨੂੰ ਮੁੜ ਗਈਆਂ।

ਰੌਬਿਨ ਚੁੱਪ ਉਸ ਵੱਲ ਵੇਖਦਾ ਰਿਹਾ।

''ਮੈਂ ਉਮੀਦ ਰਖਦਾਂ ਐਡਵੀਨਾ ਨਾਲ ਹੁਣ ਤੇਰਾ ਕੋਈ ਮਸਲਾ ਨਹੀਂ ਹੋਣਾ।''

ਰੌਬਿਨ ਨੇ ਗਲਾਸ ਚੁੱਕਿਆ ਅਤੇ ਬਿਨਾਂ ਘੁੱਟ ਭਰੇ ਤੋਂ ਫਿਰ ਟੇਬਲ 'ਤੇ ਰੱਖ ਦਿੱਤਾ। ਇਹ ਸੱਚ-ਮੁੱਚ ਬੇਸੁਆਦਾ ਅਤੇ ਔਖਾ ਸਵਾਲ ਸੀ। ਉਹ ਇਹ ਵੀ ਜਾਣਦਾ ਸੀ ਐਲਨ ਉਸ ਦਾ ਦੋਸਤ ਹੋਣ ਨਾਤੇ ਦਿਲੋਂ ਉਹਨਾਂ ਦੀ ਭਲਾਈ ਚਾਹੁੰਦਾ ਸੀ।

''ਐਲਨ ਇਹ ਗੱਲ ਕਦੇ ਵੀ ਮੇਰੇ ਮਨੋਂ ਬਾਹਰ ਨਹੀਂ ਨਿਕਲੀ। ਵੈਸੇ ਮੈਨੂੰ ਕਰਿਸਟਲ ਦੇ ਪਿਤਾ ਦਾ ਪਤਾ ਲੱਗ ਗਿਆ ਐ।''

ਹੁਣ ਥੇਮਜ਼ ਵੱਲ ਵੇਖਣ ਦੀ ਰੌਬਿਨ ਦੀ ਵਾਰੀ ਸੀ।

“ਰੌਬਿਨ ਜਦੋਂ ਤੁਸੀਂ ਕੁੜੀ ਨੂੰ ਗੋਦ ਲਿਆ ਸੀ ਤਾਂ ਉਦੋਂ ਉਸ ਦੇ ਮਾਂ ਪਿਉ ਬਾਰੇ ਤੂੰ ਪ੍ਰਵਾਹ ਨਹੀਂ ਸੀ ਕੀਤੀ। ਹੁਣ ਤੈਨੂੰ ਪਤਾ ਚਲ ਗਿਆ। ਘੱਟੋ ਘੱਟ ਕਰਿਸਟਲ ਦੀਆਂ ਨਸਾਂ ਵਿਚ ਅੱਧਾ ਖ਼ੂਨ ਤਾਂ ਐਡਵੀਨਾ ਦਾ ਵਗ ਹੀ ਰਿਹਾ ਐ। ਜੇ ਕੋਈ ਹੋਰ ਬੱਚਾ ਹੁੰਦਾ ਤਾਂ ਸਾਰੇ ਦਾ ਸਾਰਾ ਖ਼ੂਨ ਬੇਗਾਨਾ ਹੁਣਾ ਸੀ।”

“ਐਲਨ ਤੂੰ ਗੱਲ ਦੀ ਤਹਿ ਤੱਕ ਜਾਹ ਤਾਂ ਤੈਨੂੰ ਪਤਾ ਲੱਗੇ। ਐਡਵੀਨਾ ਨੇ ਮੇਰੇ ਕੋਲੋਂ ਸੱਚ ਲੁਕਾਇਆ ਐ ਤੇ ਮੈਨੂੰ ਧੋਖਾ ਦਿੱਤਾ।”

“ਰੌਬਿਨ ਤੂੰ ਐਡਵੀਨਾ ਦੀ ਉਸ ਸਮੇਂ ਦੀ ਮਜ਼ਬੂਰੀ ਤੋਂ ਅਣਜਾਣ ਐਂ। ਖ਼ਬਰਾ ਕਿਹੋ ਜਿਹੇ ਹਾਲਤਾਂ ਵਿਚ ਉਸ ਤੋਂ ਇਹ ਗਲਤੀ ਹੋ ਗਈ। ਹੁਣ ਤੂੰ ਜੇ ਇਸ ਗੱਲ ਨੂੰ ਭੁਲਣ ਦੀ ਕੋਸ਼ਿਸ਼ ਨਾ ਕੀਤੀ ਤਾਂ ਪਤਾ ਨਹੀਂ ਕਰਿਸਟਲ ’ਤੇ ਕੀ ਅਸਰ ਹੋਵੇ ਤੇ ਉਹ ਕਿਹੋ ਜਿਹੀ ਬੱਜਰ ਗਲਤੀ ਕਰ ਬੈਠੇ। ਐਡਵੀਨਾ ਨਾਲ ਤੂੰ ਸਬੰਧ ਤੋੜ ਵੀ ਸਕਦਾਂ ਤੇ ਉਸ ਨੂੰ ਘਰੋਂ ਵੀ ਕੱਢ ਸਕਦਾਂ। ਕਰਿਸਟਲ ਦਾ ਕੀ ਕਸੂਰ? ਸਭ ਤੋਂ ਔਖ ਉਸ ਨੂੰ ਹੋਵੇਗੀ। ਉਹ ਵੀ ਐਡਵੀਨਾ ਨੂੰ ਛੱਡ ਨਹੀਂ ਸਕੇਗੀ। ਮਾਪਿਆਂ ਦੀਆਂ ਗਲਤੀਆਂ ਦਾ ਹਰਜਾਨਾ ਬੱਚਿਆਂ ਨੂੰ ਭਰਨਾ ਪੈਂਦਾ। ਚੰਗਾ ਐ ਪੱਕੀ ਉਮਰ ਵਿਚ ਆਪਣੀ ਸ਼ਾਨਦਾਰ ਜ਼ਿੰਦਗੀ ਨੂੰ ਤਹਿਸ ਨਹਿਸ਼ ਨਾ ਕਰੇਂ।” ਐਲਨ ਥੋੜਾ ਭਾਵੁਕ ਵੀ ਹੋ ਗਿਆ ਸੀ।

ਰੌਬਿਨ ਨੇ ਸੱਚ ਹੀ ਇਸ ਮਸਲੇ ਨੂੰ ਸੋਚਦਿਆਂ ਕਦੀ ਕਰਿਸਟਲ ’ਤੇ ਪੈਣ ਵਾਲੇ ਅਸਰ ਬਾਰੇ ਸੋਚਿਆ ਹੀ ਨਹੀਂ ਸੀ। ਉਸ ਦੀਆਂ ਸੋਚਾਂ ਵਿਚ ਸਦਾ ਐਡਵੀਨਾ ਬੈਠੀ ਰਹਿੰਦੀ। ਉਸ ਦਾ ਝੂਠ ਤੇ ਬੇਵਫਾਈ। ਰੌਬਿਨ ਦਿਲੋਂ ਕਰਿਸਟਲ ਨੂੰ ਪਿਆਰਦਾ ਸੀ। ਐਲਨ ਦੀ ਦਲੀਲ ਨੇ ਉਸ ਨੂੰ ਨਵੇਂ ਸਿਰੇ ਤੋਂ ਸੋਚਣ ਲਈ ਮਜ਼ਬੂਰ ਕਰ ਦਿੱਤਾ।

ਕੁਝ ਦੇਰ ਬਾਅਦ ਉਹ ਖਾਣਾ ਖਾ ਕੇ ਆਪਣੇ ਆਪਣੇ ਰਾਹ ਪੈ ਗਏ।

ਸਾਰਾ ਦਿਨ ਰੌਬਿਨ ਦਾ ਕੰਮ ਵਿਚ ਮਨ ਨਾ ਲੱਗਾ ਤੇ ਉਹ ਸੋਚਾਂ ਦੀ ਘੁੰਮਣਘੇਰੀ ਵਿਚ ਫਸਿਆ ਬੈਠਾ ਰਿਹਾ। ਘਰ ਆ ਕੇ ਵੀ ਉਹ ਸਟੱਡੀ ਵਿਚ ਬੈਠ ਗਿਆ। ਹਮੇਸ਼ਾ ਵਾਂਗ ਨੌਕਰ ਨੂੰ ਸੱਦ ਕੇ ਆਪਣੇ ਲਈ ਕੁਝ ਖਾਣ-ਪੀਣ ਲਈ ਮੰਗਵਾਇਆ ਤੇ ਕੰਮ ਕਰਨ ਦਾ ਬਹਾਨਾ ਕਰਦਾ ਰਿਹਾ। ਅਜਿਹੀ ਹਾਲਤ ਹੀ ਤਿੰਨ ਚਾਰ ਦਿਨ ਚਲਦੀ ਰਹੀ ਤਾਂ ਐਡਵੀਨਾ ਇਕ ਸ਼ਾਮ ਸਟੱਡੀ ਵਿਚ ਪਹੁੰਚ ਗਈ।

“ਰੌਬਿਨ ਤੂੰ ਠੀਕ ਐਂ! ਤੂੰ ਘਰ ਆ ਕੇ ਵੀ ਘਰ ਨਹੀਂ ਹੁੰਦਾ।”

ਰੌਬਿਨ ਨੇ ਆਪਣੀ ਕੁਰਸੀ ਵਿਚ ਬੈਠਿਆਂ ਹੀ ਕੁਰਸੀ ਘੁਮਾ ਕੇ ਅਡਵੀਨਾ ਵੱਲ ਮੂੰਹ ਕੀਤਾ ਅਤੇ ਨੀਝ ਨਾਲ ਐਡਵੀਨਾ ਵੱਲ ਕੁਝ ਪਲ ਵੇਖਦਾ ਰਿਹਾ।

“ਐਡਵੀਨਾ ਮੈਂ ਕਰਿਸਟਲ ਦੇ ਪਿਉ ਨੂੰ ਮਿਲਿਆ ਸੀ---।” ਰੌਬਿਨ ਦੀਆਂ ਅੱਖਾਂ ਅਜੇ ਵੀ ਐਡਵੀਨਾ ਦੇ ਚਿਹਰੇ ’ਤੇ ਜੰਮੀਆਂ ਹੋਈਆਂ ਸਨ।

ਸੁਣ ਕੇ ਐਡਵੀਨਾ ਦਾ ਰੰਗ ਉੱਡ ਗਿਆ। ਉਸ ਨੇ ਆਪਣੇ ਹੱਥ ਕੁਰਸੀ ਦੀਆਂ ਬਾਂਹਾਂ ’ਤੇ ਰੱਖ ਲਏ ਜਿਵੇਂ ਉਹ ਰੌਬਿਨ ਦੀ ਥਾਂ ਕੁਰਸੀ ਦਾ ਸਹਾਰਾ ਲੈ ਰਹੀ ਹੋਵੇ। ਕੁਝ ਪਲਾਂ ਬਾਅਦ ਉਸ ਨੇ ਸੰਭਲਣ ਦਾ ਯਤਨ ਕੀਤਾ।

“ਰੌਬਿਨ ਮੈਂ ਤੇਰੇ ਕੋਲੋਂ ਤੇਰੇ ਕੁਆਰੇ ਭੂਤ ਬਾਰੇ ਕੁਝ ਨਹੀਂ ਪੁੱਛਿਆ ਤੇ ਨਾ ਹੀ ਤੂੰ ਮੈਨੂੰ ਕਦੀ ਕੋਈ ਸਵਾਲ ਕੀਤਾ। ਹੁਣ ਤੂੰ ਸਵਾਲ ਕੀਤਾ ਐ ਤਾਂ ਤੇਰੇ ਹਰ ਸਵਾਲ ਦਾ ਜਵਾਬ ਦੇਣ ਲਈ ਤਿਆਰ ਆਂ।” ਅਚਾਨਕ ਐਡਵੀਨਾ ਦਾ ਸਵੈ-ਵਿਸ਼ਵਾਸ਼ ਵਾਪਸ ਆ ਗਿਆ ਸੀ।

ਰੌਬਿਨ ਨੂੰ ਕੋਈ ਸਵਾਲ ਨਾ ਅਹੁੜਿਆ। ਐਡਵੀਨਾ ਨੂੰ ਸੱਚ ਹੀ ਉਸ ਨੇ ਕਦੀ ਕੁਝ ਪੁੱਛਿਆ ਨਹੀਂ ਸੀ ਤੇ ਨਾ ਹੀ ਐਡਵੀਨਾ ਨੇ ਕੋਈ ਘੋਖ ਪੜਤਾਲ ਕੀਤੀ ਸੀ। ਆਪਣੇ ਤੌਰ ’ਤੇ ਰੌਬਿਨ ਨੇ ਜਾਣਕਾਰੀ ਲੈ ਵੀ ਲਈ ਸੀ। ਹੁਣ ਐਡਵੀਨਾ ਨੂੰ ਉਹ ਕੀ ਪੁੱਛਦਾ? ਫਿਰ ਵੀ ਉਸ ਨੂੰ ਕੁਝ ਤਾਂ ਪੁੱਛਣਾ ਪੈਣਾ ਹੀ ਸੀ।

“ਗਰਲ ਫਰਿੰਡ ਜਾਂ ਬੁਆਏ ਫਰਿੰਡ ਦੀ ਗੱਲ ਹੋਰ ਐ। ਕਿਸੇ ਬੰਦੇ ਤੋਂ ਬੱਚਾ ਲੈਣਾ ਬਹੁਤ ਵੱਡੀ ਗੱਲ ਐ। ਨੈਤਿਕ ਪੱਖੋਂ---।”

“ਰੌਬਿਨ ਸੁਣ। ਨੈਤਿਕਤਾ ਕੀ ਹੁੰਦੀ ਐ? ਸੋਲਾਂ ਸਤਾਰਾਂ ਸਾਲਾ ਦੀ ਕੁੜੀ ਜਾਂ ਮੁੰਡੇ ਨੂੰ ਬਹੁਤਾ ਗਿਆਨ ਨਹੀਂ ਹੁੰਦਾ। ਜੇ ਬੱਚਾ ਮਾਂ- ਮਛੋਹਰ ਹੋਵੇ ਤਾਂ ਹੋਰ ਵੀ ਔਖਾ ਹੁੰਦਾ। ਅਣਜਾਣਤਾ ਤੇ ਅਗਿਆਣਤਾ ਕਰਕੇ ਹੀ ਸਭ ਹੋ ਗਿਆ। ਮੈਨੂੰ ਪਤਾ ਹੀ ਨਹੀ ਲੱਗਾ। ---ਤੈਨੂੰ ਕਰਿਸਟਲ ਦਾ ਜੰਮਣਾ ਤਾਂ ਦਿਸਦਾ। ਉਸ ਦੇ ਜਨਮ ਕਰਕੇ ਮੈਂ ਜਿਸ ਮਾਨਸਿਕ, ਸਰੀਰਕ ਤੇ ਸਮਾਜਿਕ ਅੱਗ ਦੇ ਸਮੁੰਦਰ ਵਿਚੋਂ ਦੀ ਲੰਘੀ ਉਸ ਬਾਰੇ ਤੈਨੂੰ ਭੋਰਾ ਪਤਾ ਨਹੀਂ। ਅਫ਼ਸੋਸ ਤੂੰ ਮੇਰੇ ਦਰਦ ਬਾਰੇ ਜਾਣਨ ਦੀ ਕੋਸ਼ਿਸ਼ ਵੀ ਨਹੀਂ ਕੀਤੀ। ਸੋਚ ਜੇ ਤੂੰ ਮੇਰੀ ਥਾਂ ਹੁੰਦਾ ਤਾਂ ਕਿਵੇਂ ਮਹਿਸੂਸ ਕਰਦਾ!”

ਐਡਵੀਨਾ ਦੇ ਮਨ ਵਿਚੋਂ ਹਰ ਡਰ ਮਨਫੀ ਹੋ ਗਿਆ ਸੀ ਤੇ ਰੌਬਿਨ ਉਸ ਦੇ ਭਵਿੱਖ ਬਾਰੇ ਕੀ ਫੈਸਲਾ ਲਵੇਗਾ ਇਹ ਵਿਚਾਰ ਵੀ ਉਸ ਦੇ ਮਨ ਵਿਚ ਬਿਲਕੁਲ ਭਾਰੂ ਨਹੀਂ ਸੀ। ਐਡਵੀਨਾ ਦੇ ਸ਼ਬਦਾਂ ਦੇ ਬਾਣ ਨੇ ਰੌਬਿਨ ਨੂੰ ਨਿਰ-ਉੱਤਰ ਕਰ ਦਿੱਤਾ ਸੀ।

ਐਡਵੀਨਾ ਤੋਂ ਰੌਬਿਨ ਨੂੰ ਅਜਿਹੀ ਬੇਬਾਕੀ ਅਤੇ ਨਿਡਰਤਾ ਦੀ ਉਮੀਦ ਨਹੀਂ ਸੀ। ਐਡਵੀਨਾ ਨੇ ਰੌਬਿਨ ਦੇ ਕਹਿਣ-ਪੁੱਛਣ ਤੋਂ ਬਿਨਾਂ ਹੀ ਆਪਣੀ ਸਾਰੀ ਕਹਾਣੀ ਇੰਨ-ਬਿੰਨ ਬਿਆਨ ਕਰ ਦਿੱਤੀ। ਐਡਵੀਨਾ ਦੇ ਸਵੈ-ਵਿਸ਼ਵਾਸ਼ ਨੇ ਰੌਬਿਨ ਨੂੰ ਆਪਣੇ ਬਚਾਅ ਵਾਲੇ ਕੋਨੇ ਵਿਚ ਪਰ੍ਹੇ ਧੱਕ ਦਿੱਤਾ ਸੀ।

ਐਡਵੀਨਾ ਦੀ ਕਹਾਣੀ ਖ਼ਤਮ ਹੋਈ ਤਾਂ ਉਹ ਰੌਬਿਨ ਦੀਆਂ ਅੱਖਾਂ ਵਿਚ ਅੱਖਾਂ ਪਾਈ ਖੜ੍ਹੀ ਰਹੀ। ਰੌਬਿਨ ਨੇ ਉਸ ਨੂੰ ਜੱਫੀ ਪਾ ਲਈ ਅਤੇ ਉਸ ਦੇ ਮੱਥੇ ਨੂੰ ਚੁੰਮ ਲਿਆ। ਐਡਵੀਨਾ ਦੀਆਂ ਅੱਖਾਂ ਵਿਚੋਂ ਪਾਣੀ ਪਰਲ ਪਰਲ ਵਗਣ ਲੱਗਾ। ਐਡਵੀਨਾ ਦੇ ਹੰਝੂਆਂ ਨੇ ਕਰਿਸਟਲ ਅਤੇ ਜੇਮਜ਼ ਦੀ ਤਸਵੀਰ ਉਸ ਦੀਆਂ ਅੱਖਾਂ ਵਿਚ ਬਣਾ ਦਿੱਤੀ ਸੀ।

## 32

ਸ਼ਾਮ ਦੇ ਸੱਤ ਵੱਜੇ ਸਨ ਤੇ ਕਰਿਸਟਲ ਆਪਣੇ ਕਮਰੇ ਦੀ ਖਿੜਕੀ ਦੇ ਸ਼ੀਸ਼ੇ ਵਿਚੋਂ ਬਾਹਰ ਸੜਕ ਵੱਲ ਵੇਖ ਰਹੀ ਸੀ। ਮਹਿਮਾਨਾਂ ਦੇ ਆਉਣ ਦੀ ਉਮੀਦ ਸਾਢੇ ਸੱਤ ਵਜੇ ਸੀ। ਕਰਿਸਟਲ ਦੀਆਂ ਅੱਖਾਂ ਵਿਚ ਜੇਮਜ਼ ਦਾ ਚਿਹਰਾ ਸਵੇਰ ਤੋਂ ਹੱਸ ਰਿਹਾ ਸੀ।

ਅੱਜ ਕਰਿਸਟਲ ਦਾ ਜਨਮ ਦਿਨ ਸੀ ਤੇ ਰੌਬਿਨ ਨੇ ਉਸ ਲਈ ਛੋਟੀ ਜਿਹੀ ਪਾਰਟੀ ਰੱਖੀ ਸੀ। ਅਜਿਹੀ ਪਾਰਟੀ ਕੋਈ ਪਹਿਲੀ ਨਹੀਂ ਸੀ। ਇਸ ਪਾਰਟੀ ਦਾ ਖਾਸ ਮੰਤਵ ਸੀ। ਰੌਬਿਨ ਐਡਵੀਨਾ ਨੂੰ ਅਹਿਸਾਸ ਕਰਵਾਉਣਾ ਚਾਹੁੰਦਾ ਸੀ ਕਿ ਉਹਨਾਂ ਵਿਚ ਹੋਈ-ਨਿਬੜੀ ਗੱਲ ਪਿੱਛੇ ਰਹਿ ਗਈ ਸੀ ਅਤੇ ਉਸ ਲਈ ਕਰਿਸਟਲ ਪਹਿਲਾਂ ਵਾਂਗ ਹੀ ਪਿਆਰੀ ਅਤੇ ਖਾਸ ਸੀ।

ਐਡਵੀਨਾ ਨੇ ਕਦੀ ਆਪਣਾ ਅੰਦਰ ਕਿਸੇ ਕੋਲ ਫਰੋਲਿਆ ਨਹੀਂ ਸੀ। ਇਕ ਆਹ ਉਸ ਦੇ ਮਨ ਵਿਚ ਸਦਾ ਘਰ ਕਰੀ ਰਖਦੀ। ਉਸ ਨੇ ਚਰਚ ਵਿਚ ਜਾ ਕੇ ਜੀਸਜ਼ ਅੱਗੇ ਇਕ ਬੱਚੇ ਲਈ ਪਤਾ ਨਹੀਂ ਕਿੰਨੀਆਂ ਅਰਦਾਸਾਂ ਕੀਤੀਆਂ ਸਨ। ਫਿਰ ਵੀ ਉਸ ਦੀ ਫੁਲਵਾੜੀ ਵਿਚ ਕੋਈ ਫੁੱਲ ਨਹੀਂ ਸੀ ਖਿੜਿਆ। ਡਾਕਟਰਾਂ ਦੀ ਰਾਇ ਵੀ ਲਈ ਸੀ। ਦਾਈਆਂ ਨੇ ਵੀ ਬੱਚੇਦਾਨੀ ਚੈਕ ਕੀਤੀ ਸੀ। ਪਰ ਵਿਰਾਨ ਧਰਤੀ ਵਿਰਾਨ ਹੀ ਰਹੀ।

ਐਡਵੀਨਾ ਨੂੰ ਪਤਾ ਸੀ ਰੌਬਿਨ ਦੋ-ਤਿੰਨ-ਚਾਰ ਬੱਚਿਆਂ ਦੀ ਇੱਛਾ ਰਖਦਾ ਸੀ। ਵੱਡੇ ਪਰਿਵਾਰਾਂ ਦਾ ਰਿਵਾਜ ਸੀ ਤੇ ਉਹਨਾਂ ਕੋਲ ਲੈ ਦੇ ਕੇ ਕਰਿਸਟਲ ਸੀ ਜਿਸ ਦੀਆਂ ਨਸਾਂ ਵਿਚ ਹੈਨਰੀ ਪਰਿਵਾਰ ਦਾ ਖੂਨ ਨਹੀਂ ਸੀ। ਰੌਬਿਨ ਬੈਂਕ ਵਿਚ ਆਪਣੇ ਨਾਲ ਆਪਣੇ ਬਾਅਦ ਆਪਣੇ ਬੇਟੇ ਨੂੰ ਵੇਖਣਾ ਚਾਹੁੰਦਾ ਸੀ। ਅਜਿਹੀ ਉਮੀਦ ਕਦੋਂ ਦੀ ਖ਼ਤਮ ਹੋ ਗਈ ਸੀ। ਹੁਣ ਉਹ ਅਚੇਤ ਹੀ ਕਰਿਸਟਲ ਨੂੰ ਮੁੰਡਿਆਂ ਵਾਂਗ ਪਾਲਣ ਦਾ ਯਤਨ ਕਰਦਾ। ਉਸ ਨੇ ਕਰਿਸਟਲ ਨੂੰ ਘੋੜ ਸਵਾਰੀ ਸਿਖਾਈ ਅਤੇ ਗੱਡੀ ਨੂੰ ਘੋੜੇ ਜੋੜ ਕੇ ਭਜਾਉਣਾ ਵੀ। ਕਰਿਸਟਲ ਕਦੀ ਕਦੀ ਗੱਡੀ ਲੈ ਕੇ ਇਕੱਲੀ ਸ਼ਹਿਰ ਦੀਆਂ ਸੜਕਾਂ 'ਤੇ ਚਲੀ ਜਾਂਦੀ। ਐਡਵੀਨਾ ਦਾ ਕਾਲਜਾ ਧੜਕਦਾ ਰਹਿੰਦਾ।

ਐਡਵੀਨਾ ਨੂੰ ਸਦਾ ਆਪਣਾ ਬਚਪਨ ਯਾਦ ਆਉਂਦਾ। ਕਰਿਸਟਲ ਦਾ ਜਨਮ ਯਾਦ ਆਉਂਦਾ। ਉਹ ਹਰ ਹਾਲਤ ਕਰਿਸਟਲ ਨੂੰ ਅਜਿਹੀ ਗਲਤੀ ਕਰਨ ਤੋਂ ਬਚਾਉਣਾ/ਵਰਜਣਾ ਚਾਹੁੰਦੀ ਸੀ। ਰੌਬਿਨ ਨੂੰ ਉਹ ਬਹੁਤਾ ਕੁਝ ਕਹਿ ਵੀ ਨਹੀਂ ਸਕਦੀ ਸੀ। ਉਹ ਜਾਣਦੀ ਸੀ ਰੌਬਿਨ ਦੀ ਜਾਇਦਾਦ ਸਾਂਭਣ ਲਈ ਬਹੁਪੱਖੀ ਸਖਸ਼ੀਅਤ ਦੀ ਲੋੜ ਸੀ ਤੇ ਕਰਿਸਟਲ ਘਰ ਦੀ ਚਾਰ ਦੀਵਾਰੀ ਵਿਚ ਰਹਿ ਕੇ ਅਜਿਹੀ ਸ਼ਖ਼ਸ਼ੀਅਤ ਦੀ ਮਾਲਕ ਨਹੀਂ ਸੀ ਬਣ ਸਕਦੀ। ਐਡਵੀਨਾ ਦੀਆਂ ਅੱਖਾਂ ਨੇ ਕਰਿਸਟਲ ਦੀ ਜੇਮਜ਼ ਵਿਚ ਦਿਲਚਸਪੀ ਨੂੰ ਪੜ੍ਹ ਲਿਆ ਸੀ। ਜੇਮਜ਼ ਉਸ ਨੂੰ ਵੀ ਪਸੰਦ ਸੀ। ਪਰ ਉਹ ਚਾਹੁੰਦੀ ਸੀ ਅਜੇ ਕਰਿਸਟਲ ਪਿਆਰ ਦੇ ਚੱਕਰ ਤੋਂ ਦੂਰ ਹੀ ਰਹੇ ਤਾਂ ਚੰਗਾ ਸੀ। ਉਹ ਬਹਾਨੇ ਬਣਾ ਕਰਿਸਟਲ ਨੂੰ ਸਮਝੌਤੀਆਂ ਦਿੰਦੀ ਰਹਿੰਦੀ। ਹੁਣ ਉਸ ਨੂੰ ਮਹਿਸੂਸ ਹੋ ਰਿਹਾ ਸੀ ਉਸ ਦੀਆਂ ਸਮਝੌਤੀਆਂ ਕੰਮ ਨਹੀਂ ਕਰ ਰਹੀਆਂ ਸਨ। ਐਡਵੀਨਾ ਨੂੰ ਸਦਾ ਫਿਕਰ ਲੱਗਾ ਰਹਿੰਦਾ।

ਸਾਢੇ ਸੱਤ ਵਜੇ ਐਲਨ ਦੀ ਗੱਡੀ ਆਈ ਤੇ ਜੇਮਜ਼ ਤੋਂ ਬਿਨਾ ਸਾਰਾ ਪਰਿਵਾਰ ਘਰ ਵਿਚ ਦਾਖਲ ਹੋਇਆ। ਕਰਿਸਟਲ ਦੀ ਹੈਰਾਨੀ ਅਤੇ ਪ੍ਰੇਸ਼ਾਨੀ ਉਸ ਨੂੰ ਆਪਣੇ ਕਮਰੇ ਵਿਚੋਂ ਮਹਿਮਾਨਾਂ ਤੱਕ ਲੈ ਆਈ। ਉਹ ਜੇਮਜ਼ ਬਾਰੇ ਜਾਣਨਾ ਚਾਹੁੰਦੀ ਸੀ। ਫਿਰ ਵੀ ਕਿਸੇ ਢੰਗ ਤਰੀਕੇ ਨਾਲ ਗੱਲ ਕਰਨ ਬਾਰੇ ਸੋਚ ਰਹੀ ਸੀ। ਸ਼ਾਇਦ ਰੌਬਿਨ ਹੀ ਐਲਨ ਤੋਂ ਪੁੱਛ ਲਵੇ! ਕਰਿਸਟਲ ਦੀ ਸੋਚ ਠੀਕ ਹੀ ਸੀ।

"ਕੀ ਗੱਲ ਜੇਮਜ਼ ਨਹੀਂ ਆਇਆ?" ਰੌਬਿਨ ਦੇ ਬੋਲ ਕਰਿਸਟਲ ਦੇ ਕੰਨਾਂ ਵਿਚ ਪਏ।
"ਉਹ ਅਲੀਜ਼ਾ ਨਾਲ ਆਉਣ ਵਾਲਾ ਈ ਐ। ਉਹਨਾਂ ਦੀ ਕੋਈ ਮੀਟਿੰਗ ਸੀ ਤੇ ਉਹ ਅੱਠ ਕੁ ਵਜੇ ਤੱਕ ਪਹੁੰਚਣਗੇ।" ਐਲਨ ਨੇ ਜਵਾਬ ਦਿੱਤਾ।

ਕੁਝ ਲੋਕ ਹੋਰ ਵੀ ਆ ਗਏ ਸਨ। ਆਦਮੀਆਂ ਅਤੇ ਔਰਤਾਂ ਦੇ ਗਰੁੱਪ ਬਣਨੇ ਸ਼ੁਰੂ ਹੋ ਗਏ ਸਨ। ਡਰਾਈਂਗ ਰੂਮ ਵਿਚ ਨੌਕਰ ਡਰਿੰਕ ਵਾਲੀਆਂ ਟਰੇਆਂ ਲੈ ਕੇ ਘੁੰਮਣ ਲੱਗੇ ਸਨ। ਗੱਲਾਂ ਦਾ ਸਿਲਸਲਾ ਸ਼ੁਰੂ ਹੋ ਗਿਆ ਸੀ। ਅੱਠ ਕੁ ਵਜੇ ਨੂੰ ਦਰਵਾਜ਼ਾ ਖੁੱਲਿਆ ਤੇ ਅਲੀਜ਼ਾ ਦੇ ਪਰਿਵਾਰ ਨਾਲ ਜੇਮਜ਼ ਵੀ ਹਾਜ਼ਰ ਹੋ ਗਿਆ। ਕਮਰਾ ਗੈਸ ਲਾਈਟਾਂ ਨਾਲ ਦਿਨ ਵਾਂਗ ਚਮਕ ਰਿਹਾ ਸੀ। ਜੇਮਜ਼ ਨੂੰ ਵੇਖ ਕੇ ਕਰਿਸਟਲ ਦੀਆਂ ਅੱਖਾਂ ਅਤੇ ਚਿਹਰੇ ਦੀ ਰੌਸ਼ਨੀ ਨੇ ਕਮਰੇ ਨੂੰ ਹੋਰ ਵੀ ਚਾਨਣ ਨਾਲ ਭਰ ਦਿੱਤਾ ਸੀ। ਇਹ ਰੌਸ਼ਨੀ ਹੋਰ ਕਿਸੇ ਨੂੰ ਦਿਸੀ ਜਾਂ ਨਹੀਂ, ਐਡਵੀਨਾ ਦੀਆਂ ਅੱਖਾਂ ਜ਼ਰੂਰ ਚੁੰਧਿਆ ਗਈਆਂ ਸਨ।

ਨੌਜਵਾਨ ਮੁੰਡੇ ਕੁੜੀਆਂ ਆਪਣੇ ਗਰੁੱਪ ਬਣਾ ਕੇ ਗੱਲਾਂ-ਬਾਤਾਂ ਕਰਨ ਲੱਗੇ ਸਨ। ਅਜਿਹੇ ਮੌਕੇ ਕਰਿਸਟਲ ਅਤੇ ਜੇਮਜ਼ ਦਿਲ ਭਰ ਕੇ ਇਕ ਦੂਜੇ ਨੂੰ ਵੇਖ ਵੀ ਰਹੇ ਸਨ ਅਤੇ ਕੁਝ ਨਾ ਕੁਝ ਸਾਂਝਾ ਵੀ ਕਰ ਰਹੇ ਸਨ। ਹੋਰ ਮੁੰਡੇ ਵੀ ਕਰਿਸਟਲ ਵਿਚ ਦਿਲਚਸਪੀ ਲੈ ਰਹੇ ਸਨ। ਉਹਨਾਂ ਵਿਚੋਂ ਕੁਝ ਤਾਂ ਚੰਗੇ ਵਪਾਰਕ ਘਰਾਂ ਨਾਲ ਸਬੰਧ ਰਖਦੇ ਸਨ। ਇਸ ਪਾਰਟੀ ਵਿਚ ਤਾਂ ਗਿਣਤੀ ਦੇ ਹੀ ਲੋਕ ਸਨ। ਫਿਰ ਵੀ ਕਰਿਸਟਲ ਨੂੰ ਮਹਿਸੂਸ ਹੋ ਰਿਹਾ ਸੀ ਮੁੰਡੇ ਜੇਮਜ਼ ਨਾਲ ਈਰਖਾ ਕਰਦੇ ਸਨ ਅਤੇ ਆਪਣੀ ਈਰਖਾ ਨੂੰ ਲੁਕਾਉਣ ਦਾ ਯਤਨ ਵੀ ਕਰ ਰਹੇ ਸਨ। ਉਹਨਾਂ ਵਿਚੋਂ ਕੋਈ ਵੀ ਜੇਮਜ਼ ਤੋਂ ਚੰਗਾ ਨਹੀਂ ਸੀ ਲੱਗ ਰਿਹਾ। ਉਹ ਹਰ ਕਿਸੇ ਦੀਆਂ ਗੱਲਾਂ ਦਾ ਜਵਾਬ ਦੇ ਕੇ ਫਿਰ ਤੋਂ ਜੇਮਜ਼ ਨਾਲ ਗੱਲੀਂ ਲੱਗ ਜਾਂਦੀ।

ਖਾਣੇ ਦਾ ਸੁਨੇਹਾ ਆਇਆ ਤਾਂ ਸਾਰੇ ਖਾਣੇ ਲਈ ਚੱਲ ਪਏ। ਆਪੋ ਆਪਣੀਆਂ ਸੀਟਾਂ 'ਤੇ ਬੈਠਦਿਆਂ ਵੀ ਗੱਲਾਂ ਦਾ ਸਿਲਸਲਾ ਚਲਦਾ ਰਿਹਾ। ਸਾਰਿਆਂ ਨੇ ਕਰਿਸਟਲ ਦੀ ਖੁਸ਼ੀ ਅਤੇ ਲੰਬੀ ਉਮਰ ਲਈ ਆਪਣੇ ਗਲਾਸ ਉੱਚੇ ਕੀਤੇ ਅਤੇ 'ਚੀਅਰਜ਼' ਕਹਿੰਦਿਆਂ ਗਲਾਸਾਂ ਵਿਚੋਂ ਘੁੱਟ ਭਰੀ। ਪਲੇਟਾਂ ਵਿਚ ਨੌਕਰ ਖਾਣਾ ਵਰਤਾਉਣ ਲੱਗੇ ਸਨ। ਅਲੀਜ਼ਾ, ਐਲਨ ਦੇ ਨਾਲ ਬੈਠੀ ਸੀ। ਉਹ ਆਪਸ ਵਿਚ ਪਰਿਵਾਰਕ ਗੱਲਾਂ ਵਿਚ ਉਲਝੇ ਹੋਏ ਸਨ। ਰੌਬਿਨ ਮੁੱਖ ਸੀਟ 'ਤੇ ਬੈਠਾ ਸੀ ਤੇ ਉਹ ਅਲੀਜ਼ਾ ਤੋਂ ਜੇਮਜ਼ ਦੀ ਕੰਮ ਵਿਚ ਸਫ਼ਲਤਾ ਬਾਰੇ ਜਾਣਨਾ ਚਾਹੁੰਦਾ ਸੀ। ਇਸ ਦੇ ਨਾਲ ਹੀ ਸਭ ਭਾਂਵੇ ਰਸਲ ਦੀ ਅਣਹੋਂਦ ਨੂੰ ਮਹਿਸੂਸ ਕਰ ਰਹੇ ਸਨ ਫਿਰ ਵੀ ਚੇਤਨ ਰੂਪ ਵਿਚ ਰਸਲ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕਰ ਰਹੇ ਸਨ। ਰੌਬਿਨ ਨੇ ਗੱਲਾਂ ਦਾ ਸਿਲਸਿਲਾ ਬਿਜਨਸ ਵੱਲ ਮੋੜਿਆ।
"ਜੇਮਜ਼ ਕਿਵੇਂ ਚਲਦਾ ਤੇਰਾ ਕੰਮ? ਆਪਣੀ ਤਾਂ ਗੱਲ ਹੀ ਨਹੀਂ ਹੋ ਸਕੀ ਕਾਫੀ ਦੇਰ ਤੋਂ।"
"ਰੌਬਿਨ ਅੰਕਲ ਮੈਂ ਤਾਂ ਖੁਸ਼ ਆਂ। ਅਸਲ ਜਵਾਬ ਤਾਂ ਅਲੀਜ਼ਾ ਅੰਟੀ ਹੀ ਦੇ ਸਕਦੇ ਐ।" ਜੇਮਜ਼ ਨੇ ਅਲੀਜ਼ਾ ਵੱਲ ਵੇਖਦਿਆਂ ਜਵਾਬ ਦਿੱਤਾ।

ਅਲੀਜ਼ਾ ਨੇ ਆਪਣਾ ਗਲਾਸ ਚੁੱਕ ਕੇ ਮੂੰਹ ਨੂੰ ਲਾਇਆ ਅਤੇ ਨੈਪਕਿਨ ਨਾਲ ਬੁੱਲ੍ਹ ਸਾਫ਼ ਕੀਤੇ। ਜੇਮਜ਼ ਵੱਲ ਧਿਆਨ ਨਾਲ ਵੇਖਿਆ ਤੇ ਫਿਰ ਆਪਣੀਆਂ ਨਜ਼ਰਾਂ ਰੌਬਿਨ ਵੱਲ ਘੁਮਾ ਲਈਆਂ।
"ਜੇਮਜ਼ ਬਹੁਤ ਤੇਜ਼ੀ ਨਾਲ ਸਿੱਖ ਰਿਹਾ ਐ। ਮੈਨੂੰ ਲਗਦਾ ਥੋੜਾ ਤੇਜ਼ ਚੱਲ ਰਿਹਾ ਐ।" ਅਲੀਜ਼ਾ ਦੇ ਮੂੰਹੋਂ ਸ਼ਬਦ ਨਿਕਲੇ ਤੇ ਉਸ ਨੂੰ ਅਫ਼ਸੋਸ ਹੋਇਆ ਕਿ ਉਸ ਦੇ ਸ਼ਬਦ ਜੇਮਜ਼ ਨੂੰ ਚੰਗੇ ਨਹੀਂ ਸਨ ਲਗਣੇ।

ਜੇਮਜ਼ ਮੁਸਕਰਾਇਆ ਪਰ ਉਸ ਨੇ ਕੁਝ ਨਾ ਕਿਹਾ। ਐਲਨ ਅਤੇ ਰੌਬਿਨ ਆਪਣੀ ਆਪਣੀ ਥਾਂ ਅਲੀਜ਼ਾ ਦੇ ਸ਼ਬਦਾਂ ਪਿੱਛੇ ਲੁਕੇ ਅਰਥਾਂ ਨੂੰ ਸਮਝਣ ਦਾ ਯਤਨ ਕਰ ਰਹੇ ਸਨ।
"ਅਲੀਜ਼ਾ, ਮੈਂ ਗੱਲ ਸਮਝਿਆ ਨਹੀਂ! ਕ੍ਰਿਪਾ ਕਰਕੇ ਗੱਲ ਸਪੱਸ਼ਟ ਕਰੋ।" ਰੌਬਿਨ ਨੇ ਛੁਰੀ ਕਾਂਟੇ ਨੂੰ ਪਲੇਟ ਦੇ ਕੋਨਿਆਂ ਤੇ ਟਿਕਾਇਆ ਤੇ ਅਲੀਜ਼ਾ ਵੱਲ ਵੇਖਣ ਲੱਗਾ।
"ਚੰਗਾ ਐ ਜੇਮਜ਼ ਹੀ ਸਾਰੀ ਗੱਲ ਸਾਫ਼ ਕਰ ਦੇਵੇ।" ਅਲੀਜ਼ਾ ਨੇ ਆਪਣਾ ਖਹਿੜਾ ਛੁਡਾਇਆ।

ਰੌਬਿਨ ਦੀ ਦਿਲਚਸਪੀ ਹੋਰ ਵੀ ਵਧ ਗਈ ਸੀ। ਕਰਿਸਟਲ ਦੀਆਂ ਅੱਖਾਂ ਵੀ ਜੇਮਜ਼ ਦੇ ਚਿਹਰੇ ਨੂੰ ਟਟੋਲ ਰਹੀਆਂ ਸਨ।
"ਜੇਮਜ਼ ----।" ਰੌਬਿਨ ਨੇ ਜੇਮਜ਼ ਦੇ ਚਿਹਰੇ 'ਤੇ ਅੱਖਾਂ ਗੱਡ ਦਿੱਤੀਆਂ।
"ਰੌਬਿਨ ਅੰਕਲ, ਮੇਰੇ ਖਿਆਲ ਵਿਚ ਸਮਾਂ ਬਦਲ ਗਿਆ ਐ। ਸਮੇਂ ਨਾਲ ਬਿਜਨਸ ਦੇ ਢੰਗ ਤਰੀਕੇ ਵੀ ਬਦਲਣੇ ਚਾਹੀਦੇ ਐ। ਜਦੋਂ ਇਸ ਸਦੀ ਦੇ ਸ਼ੁਰੂ ਵਿਚ ਇੰਡਸਟਰੀਅਲ ਰੈਵੋਲੂਸ਼ਨ ਸ਼ੁਰੂ ਹੋਇਆ ਸੀ ਤਾਂ ਆਮ ਜਿਹੀਆਂ ਮਸ਼ੀਨਾਂ ਜਾਂ ਹੱਥਾਂ ਨਾਲ ਹੀ ਬਹੁਤੀਆਂ ਚੀਜ਼ਾਂ ਬਣਦੀਆਂ ਸਨ। ਕਾਮਿਆਂ ਦੀਆਂ ਯੂਨੀਅਨਾਂ ਨਹੀਂ ਸਨ,

ਵਗੈਰਾ, ਬਹੁਤ ਕੁਝ ਅੱਜ ਤੋਂ ਵੱਖਰਾ ਸੀ। ਉਤਪਾਦਨ ਦੀ ਖਪਤ ਸੌਖੀ ਹੋ ਜਾਂਦੀ ਸੀ। ਫਿਰ ਦਿਨੋ ਦਿਨ ਚੰਗੀਆਂ ਮਸ਼ੀਨਾਂ ਬਣੀਆਂ ਤੇ ਫੈਕਟਰੀਆਂ ਵਿਚ ਵਾਧਾ ਹੋਇਆ ਤਾਂ ਉਤਪਾਦਨ ਦੀ ਖਪਤ ਦੀ ਸਮੱਸਿਆਂ ਖੜ੍ਹੀ ਹੋ ਗਈ। ਸਿੱਟੇ ਵਜੋਂ ਮੰਦਵਾੜੇ ਦੇ ਦੌਰ ਵੀ ਆਏ। ਪੱਛਮੀ ਯੂਰਪ ਦੇ ਹੋਰ ਦੇਸ਼ਾਂ ਵਿਚ ਵੀ ਫੈਕਟਰੀਆਂ ਲੱਗੀਆਂ ਤਾਂ ਉਤਪਾਦਨ ਹੋਰ ਵਧ ਗਿਆ। ਖਪਤ ਲਈ ਹੋਰ ਦੇਸ਼ਾਂ ਵਿਚ ਮੰਡੀਆਂ ਬਣਾਉਣੀਆਂ ਪਈਆਂ---।'' ਜੇਮਜ਼ ਨੇ ਸਾਰਿਆਂ ਵੱਲ ਵੇਖਿਆ। ਸਾਰੇ ਉਸ ਨੂੰ ਧਿਅਨ ਨਾਲ ਵੇਖ ਰਹੇ ਸਨ। ਕਰਿਸਟਲ ਤਾਂ ਜਿਵੇਂ ਉਸ ਦੇ ਸ਼ਬਦਾਂ ਨੂੰ ਪੀ ਰਹੀ ਹੋਵੇ।

''ਸਾਡੀ ਸਰਕਾਰ ਨੇ ਬ੍ਰਿਟੇਨ ਦੀਆਂ ਬਸਤੀਆਂ ਵਿਚ ਸਾਡਾ ਉਤਪਾਦਨ ਵੇਚਣ ਲਈ ਲੋੜੀਂਦੇ ਕਦਮ ਚੁੱਕੇ ਵੀ ਹਨ। ਫਿਰ ਵੀ ਉਹ ਕਾਫੀ ਨਹੀਂ। ਆਉਣ ਵਾਲੇ ਸਮੇਂ ਵਿਚ ਹੋਰ ਵੀ ਸਮੱਸਿਆਵਾਂ ਦਾ ਬਿਜਨਸ ਨੂੰ ਸਾਹਮਣਾ ਕਰਨਾ ਪੈ ਸਕਦਾ। ਮੇਰੇ ਖਿਆਲ ਵਿਚ ਸਾਨੂੰ ਉਸ ਲਈ ਤਿਆਰ ਰਹਿਣਾ ਚਾਹੀਦਾ। ਜੇ ਅਸੀਂ ਨਾ ਬਦਲੇ ਤਾਂ ਸ਼ਾਇਦ ਅਲੀਜ਼ਾ ਅੰਟੀ ਨੂੰ ਵੀ ਉਸ ਦਾ ਖਮਿਆਜ਼ਾ ਭੁਗਤਣਾ ਪੈ ਸਕਦਾ ਐ---।''

ਟੇਬਲ 'ਤੇ ਚੁੱਪ ਵਰਤ ਗਈ। ਜੇਮਜ਼ ਦੀਆਂ ਗੱਲਾਂ ਵਿਚ ਸੱਚ ਸੀ। ਬ੍ਰਿਟੇਨ ਦਾ ਅਫਰੀਕਾ ਅਤੇ ਇੰਡੀਆ 'ਤੇ ਰਾਜ ਕਰਕੇ ਇਥੋਂ ਦੀ ਇੰਡਸਟਰੀ ਕਾਫੀ ਤਰੱਕੀ 'ਤੇ ਸੀ। ਫਿਰ ਵੀ ਇਹ ਕਾਫੀ ਨਹੀਂ ਸੀ। ਲੋਕਾਂ ਵਿਚ ਔਰਤਾਂ ਦੇ ਹੱਕਾਂ ਦੀਆਂ ਗੱਲਾਂ ਵੀ ਹੋ ਰਹੀਆਂ ਸਨ। ਫਿਰ ਵੀ ਜੇਮਜ਼ ਨੇ ਇਸ ਦੇ ਹੱਲ ਬਾਰੇ ਅਜੇ ਕੋਈ ਗੱਲ ਨਹੀਂ ਕੀਤੀ ਸੀ।

''ਜੇਮਜ਼ ਇਹ ਤਾਂ ਸਭ ਠੀਕ ਐ। ਇਸ ਦਾ ਹੱਲ ਕੀ ਐ?'' ਰੌਬਿਨ ਨੇ ਛੁਰੀ ਕਾਂਟਾ ਹੱਥ ਵਿਚ ਲੈਂਦਿਆਂ ਪੁੱਛਿਆ ਤੇ ਨਾਲ ਹੀ ਖਾਣੇ ਵਾਲੀ ਪਲੇਟ ਵੱਲ ਧਿਆਨ ਦਿੱਤਾ।

'' ਅਜ਼ਾਰੇਦਾਰੀ---।''

ਸਾਰਿਆਂ ਦਾ ਇਕ ਵਾਰ ਫਿਰ ਧਿਆਨ ਜੇਮਜ਼ ਵੱਲ ਗਿਆ। ਕਈਆਂ ਨੂੰ ਤਾਂ ਪਤਾ ਹੀ ਨਹੀਂ ਸੀ ਇਹ ਕਿਸ ਬਲਾ ਦਾ ਨਾਂ ਸੀ।

''ਥੋੜ੍ਹਾ ਵਿਸਥਾਰ ਨਾਲ ਦੱਸ ਯਾਰ---।'' ਐਲਨ ਪਹਿਲੀ ਵਾਰ ਬੋਲਿਆ ਸੀ।

''ਮੇਰੇ ਖਿਆਲ ਵਿਚ ਆਉਣ ਵਾਲਾ ਸਮਾਂ ਅਜ਼ਾਰੇਦਾਰੀ ਦਾ ਐ। ਕਾਰਖਾਨੇਦਾਰ ਇਕੱਲਾ ਬਚ ਨਹੀਂ ਸਕੇਗਾ। ਮੈਂ ਸੌਖੇ ਜਿਹੇ ਸ਼ਬਦਾਂ ਵਿਚ ਗੱਲ ਕਰਨ ਦੀ ਕੋਸ਼ਿਸ਼ ਕਰਾਂਗਾ--।'' ਜੇਮਜ਼ ਨੇ ਗਲਾਸ ਵਿਚੋਂ ਘੁੱਟ ਭਰੀ ਤੇ ਰੌਬਿਨ ਵੱਲ ਵੇਖਿਆ।

''ਦੇਖੋ ਸਾਡਾ ਉਤਪਾਦਨ ਕੁਝ ਕੁ ਏਥੇ ਵਿਕਦਾ ਤੇ ਕੁਝ ਬਾਹਰ ਜਾਂਦਾ ਐ। ਬਾਕੀ ਫੈਕਟਰੀਆਂ ਦਾ ਵੀ ਇਹੋ ਹਾਲ ਐ। ਬਾਹਰ ਭੇਜਣ ਵਾਲੇ ਲੋਕ ਸਾਡੇ ਕੋਲੋਂ ਸਮਾਨ ਖਰੀਦ ਕੇ ਬਾਹਰ ਭੇਜਦੇ ਐ ਤੇ ਆਪਣੀ ਮਰਜ਼ੀ ਦਾ ਮੁੱਲ ਲੈਂਦੇ ਐ। ਜੇ ਅਸੀਂ ਆਪਣਾ ਮਾਲ ਆਪ ਬਾਹਰ ਵੇਚਣ ਦਾ ਪ੍ਰਬੰਧ ਕਰੀਏ ਤਾਂ ਅਸੀਂ ਚੰਗਾ ਮੁੱਲ ਲੈ ਸਕਦੇ ਆਂ। ਹੋਰ ਲੋਕਾਂ ਦਾ ਉਤਪਾਦਨ ਖਰੀਦ ਕੇ ਉਸ ਵਿਚੋਂ ਵੀ ਮੁਨਾਫਾ ਕਮਾ ਸਕਦੇ ਆਂ। ਆਪਣੇ ਮਾਲ ਨੂੰ ਪਹਿਲਾਂ ਵੇਚ ਕੇ ਵਾਧੂ ਉਤਪਾਦਨ ਵੀ ਕਰ ਸਕਦੇ ਆਂ। ਮਿਡਲ ਮੈਨ ਨੂੰ ਕੱਟ ਸਕਦੇ ਆਂ---।'' ਜੇਮਜ਼ ਆਪਣੀ ਪਲੈਨ ਦੇ ਫਾਇਦੇ ਗਿਣਾਉਂਦਾ ਰਿਹਾ।

''ਤੇਰੀ ਗੱਲ ਬਹੁਤ ਠੀਕ ਐ ਜੇਮਜ਼। ਅਲੀਜ਼ਾ ਤੈਨੂੰ ਖੁਸ਼ ਹੋਣਾ ਚਾਹੀਦਾ। ਇਹ ਤਾਂ ਬਹੁਤ ਪਤੇ ਦੀ ਗੱਲ ਐ।''

ਇਕ ਵਾਰ ਤਾਂ ਇੰਝ ਲੱਗਾ ਰੌਬਿਨ ਖੁਸ਼ੀ ਵਿਚ ਆਪਣੀ ਕੁਰਸੀ ਤੋਂ ਉੱਠ ਕੇ ਨੱਚਣ ਲਈ ਤਿਆਰ ਹੋ ਰਿਹਾ ਹੋਵੇ।

-------

ਅਲੀਜ਼ਾ ਮਮੂਲੀ ਜਿਹੀ ਘਬਰਾਹਟ ਮਹਿਸੂਸ ਕਰਦੀ ਹੋਈ ਰੌਬਿਨ ਨੂੰ ਮਿਲਣ ਜਾਣ ਲਈ ਤਿਆਰ ਹੋ ਰਹੀ ਸੀ। ਪਹਿਲਾਂ ਬੈਂਕ ਦਾ ਕੰਮ ਰਸਲ ਕਰਦਾ ਹੁੰਦਾ ਸੀ। ਪਹਿਲੀ ਵਾਰ ਅਲੀਜ਼ਾ ਨਵੇਂ ਬਿਜਨਸ ਲਈ ਬੈਂਕ ਤੋਂ ਕਰਜ਼ਾ ਲੈਣ ਲਈ ਰੌਬਿਨ ਨੂੰ ਮਿਲਣ ਲਈ ਜਾ ਰਹੀ ਸੀ। ਉਹ ਮਨੋ ਮਨ ਰੌਬਿਨ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਅਤੇ ਉਹਨਾਂ ਦੇ ਜਵਾਬਾਂ ਬਾਰੇ ਸੋਚ ਰਹੀ ਸੀ। ਰੌਬਿਨ ਭਾਵੇਂ ਉਹਨਾਂ ਦਾ ਰਿਸ਼ਤੇਦਾਰ ਤੇ ਦੋਸਤ ਸੀ ਫਿਰ ਵੀ ਬੈਂਕ ਵਿਚ ਤਾਂ ਉਹ ਬੈਂਕ ਦੇ ਭਲੇ ਨੂੰ ਹੀ ਮੁੱਖ ਰੱਖ ਕੇ ਕੰਮ ਕਰਦਾ ਸੀ। ਅਲੀਜ਼ਾ ਜਾਣਦੀ ਸੀ ਉਸ ਨੇ ਕੋਈ ਬਹੁਤੀ ਰਿਆਇਤ ਨਹੀਂ ਸੀ ਕਰਨੀ। ਸੋਚਦਿਆਂ,ਆਪਣੇ ਦਫ਼ਤਰ ਵਿਚੋਂ ਲੋੜੀਂਦੀ ਫਾਈਲ ਲੈ ਕੇ ਉਸ ਨੇ

ਡੂੰਘਾ ਸਾਹ ਲਿਆ ਅਤੇ ਜਾਣ ਲਈ ਉੱਠੀ। ਐਨ ਇਸੇ ਵਕਤ ਉਸ ਦਾ ਦਰਵਾਜ਼ਾ ਖੜਕਿਆ ਤੇ ਜੇਮਜ਼ ਅੰਦਰ ਆ ਗਿਆ।

"ਸ਼ੁਭ ਸਵੇਰ ਅਲੀਜ਼ਾ ਅੰਟੀ।"

"ਸ਼ੁਭ ਸਵੇਰ ਜੇਮਜ਼। ਤੇਰੇ ਕੋਲ ਕੁਝ ਸਮਾਂ ਹੈ?"

"ਤੁਸੀਂ ਦੱਸੋ। ਮੈਂ ਕੁਝ ਨਿੱਕੇ-ਮੋਟੇ ਕੰਮ ਕਰਨੇ ਐ, ਕੋਈ ਐਨੇ ਜ਼ਰੂਰੀ ਨਹੀਂ।"

"ਮੈਂ ਬੈਂਕ ਜਾ ਰਹੀ ਸੀ। ਜੇ ਤੂੰ ਮੇਰੇ ਨਾਲ ਚੱਲੇਂ ਤਾਂ ਚੰਗਾ ਐ। ਤੈਨੂੰ ਸਾਰੀ ਜਾਣਕਾਰੀ ਐ ਤੇ ਤੂੰ ਰੌਬਿਨ ਨੂੰ ਚੰਗੀ ਤਰ੍ਹਾਂ ਸਮਝਾ ਸਕਦੈਂ।"

"ਦੱਸੋ ਕਦੋਂ ਕੁ ਚਲਣੈਂ?"

"ਹੁਣੇ -ਬਾਹਰ ਗੱਡੀ ਤਿਆਰ ਖੜ੍ਹੀ ਐ।"

ਅਲੀਜ਼ਾ ਨੇ ਫਾਈਲ ਚੁੱਕੀ ਅਤੇ ਕਮਰੇ ਵਿਚੋਂ ਬਾਹਰ ਹੋ ਗਈ। ਜੇਮਜ਼ ਉਸ ਦੇ ਮਗਰੇ ਮਗਰ ਗੱਡੀ ਵੱਲ ਨੂੰ ਤੁਰ ਪਿਆ। ਗੱਡੀ ਵਿਚ ਬੈਠਦਿਆਂ ਜੇਮਜ਼ ਨੇ ਅਲੀਜ਼ਾ ਦੇ ਮੂੰਹ ਵੱਲ ਵੇਖਿਆ। ਕੁਝ ਫਿਕਰ ਦੇ ਚਿੰਨ੍ਹ ਉਸ ਨੂੰ ਅਲੀਜ਼ਾ ਦੇ ਮੂੰਹ 'ਤੇ ਮਹਿਸੂਸ ਹੋਏ। ਘੋੜੇ ਦੇ ਪੌੜਾਂ ਦੀ ਸੰਗੀਤਕ ਠਿੱਪ ਠਿੱਪ ਜੇਮਜ਼ ਨੂੰ ਸਦਾ ਹੀ ਚੰਗੀ ਲਗਦੀ। ਉਸ ਨੇ ਫੁੱਟਪਾਥ ਵੱਲ ਵੇਖਿਆ। ਦਿਨ ਦੇ ਉਸ ਵੇਲੇ ਕੋਈ ਬਹੁਤੀ ਗਹਿਮਾ-ਗਹਿਮੀ ਨਹੀਂ ਸੀ। ਸੜਕਾਂ 'ਤੇ ਕਾਫੀ ਸਾਰੀਆਂ ਗੱਡੀਆਂ ਐਧਰ ਉਧਰ ਆ ਜਾ ਰਹੀਆਂ ਸਨ। ਕੋਚਵਾਨ ਹੋਕਰੇ ਮਾਰਦੇ ਘੋੜਿਆਂ ਨੂੰ ਜਲਦੀ ਤੁਰਨ ਦਾ ਸੰਦੇਸ਼ ਦੇ ਰਹੇ ਸਨ। ਜੇਮਜ਼ ਨੇ ਵੇਖਿਆ ਘੋੜੇ ਫਿਰ ਵੀ ਆਪਣੀ ਚਾਲ ਹੀ ਜਾ ਰਹੇ ਸਨ। ਸ਼ਾਇਦ ਉਹ ਕੋਚਵਾਨਾਂ ਦੇ ਹੋਕਰਿਆਂ ਤੋਂ ਬੇਖ਼ਬਰ ਹੀ ਸਨ। ਜਦ ਕੋਈ ਕੋਚਵਾਨ ਆਪਣੇ ਘੋੜੇ ਦੀ ਪਿੱਠ 'ਤੇ ਸੋਟੀ ਘਸਾਉਂਦਾ ਤਾਂ ਘੋੜਾ ਥੋੜੀ ਰੇਸ ਫੜ ਲੈਂਦਾ। ਜੇਮਜ਼ ਨੇ ਆਪਣੇ ਹੱਥ ਵਿਚਲਾ ਅਖ਼ਬਾਰ ਸੀਟ 'ਤੇ ਰੱਖ ਦਿੱਤਾ।

"ਅਲੀਜ਼ਾ ਅੰਟੀ ਦੁਨੀਆਂ ਬਹੁਤ ਤੇਜ਼ੀ ਨਾਲ ਤਰੱਕੀ ਕਰ ਰਹੀ ਐ।"

"ਉਹ ਕਿਵੇ?" ਅਲੀਜ਼ਾ ਨੇ ਆਪਣਾ ਧਿਆਨ ਜੇਮਜ਼ ਵੱਲ ਕੀਤਾ।

"ਦੋ ਕੁ ਦਿਨ ਪਹਿਲਾਂ (ਜਨਵਰੀ 1878) ਅਲੈਗਜਾਂਡਰ ਗਰਾਹਮ ਬੈਲ ਨਾਂ ਦੇ ਬੰਦੇ ਨੇ ਮਹਾਰਾਣੀ ਵਿਕਟੋਰੀਆਂ ਨੂੰ ਟੈਲੀਫੋਨ ਦਾ ਪ੍ਰਦਰਸ਼ਨ ਕੀਤਾ। ਹੈ ਨਾ ਕਮਾਲ ਦੀ ਗੱਲ!"

"ਟੈਲੀਫੋਨ ---।" ਅਲੀਜ਼ਾ ਹੈਰਾਨ ਸੀ।

"ਹਾਂ ਅੰਟੀ ਜਿਵੇਂ ਆਪਾਂ ਹੁਣ ਤਾਰ ਭੇਜਦੇ ਆਂ ਹੋਰ ਕੁਝ ਸਾਲਾਂ ਵਿਚ ਟੈਲੀਫੋਨ ਜਦ ਚੱਲ ਪਿਆ ਤਾਂ ਤੁਸੀਂ ਆਪਣੇ ਦਫ਼ਤਰ ਵਿਚ ਬੈਠੇ ਹੀ ਰੌਬਿਨ ਅੰਕਲ ਜਾਂ ਕਿਸੇ ਨਾਲ ਵੀ ਗੱਲ-ਬਾਤ ਕਰ ਸਕੋਗੇ। ਕਿਸੇ ਨੂੰ ਸੁੱਖ ਸੁਨੇਹਾ ਦੇਣਾ ਜਾਂ ਕੋਈ ਗੱਲ ਪੁੱਛਣੀ ਹੋਵੇ ਤਾਂ ਉਸੇ ਸਮੇਂ ਦੂਜੇ ਪਾਸੇ ਤੋਂ ਜਵਾਬ ਮਿਲ ਸਕੇਗਾ ਤੇ ਤੁਸੀਂ ਸੁਣ ਸਕੋਗੇ।"

"ਕਮਾਲ ਦੀ ਗੱਲ ਐ ਜੇਮਜ਼। ਸੱਚੀਂ ਦੁਨੀਆਂ ਬਹੁਤ ਤੇਜ਼ੀ ਨਾਲ ਬਦਲ ਰਹੀ ਐ। ਕੁਝ ਦਿਨ ਪਹਿਲਾਂ ਮੈਂ ਅਖ਼ਬਾਰ ਵਿਚ ਪੜ੍ਹਿਆ ਸੀ ਕੁਝ ਕੰਪਨੀਆਂ ਮੋਟਰ ਕਾਰਾਂ ਬਣਾਉਣ ਦਾ ਯਤਨ ਕਰ ਰਹੀਆਂ ਤੇ ਉਹਨਾਂ ਨੂੰ ਬਹੁਤ ਸਾਰੀ ਸਫ਼ਲਤਾ ਵੀ ਮਿਲੀ ਐ...।"

"ਬਿਲਕੁਲ ਸਹੀ ਐ। ਆਹ ਘੋੜੇ ਤੇ ਗੱਡੀਆਂ, ਸਾਈਸ, ਚਾਰਾ ਮੰਡੀਆਂ, ਘੋੜਿਆਂ ਦੇ ਵਪਾਰੀ, ਗੱਡੀਆਂ ਬਣਾਉਣ ਅਤੇ ਸਜਾਉਣ ਵਾਲੇ ਬਹੁਤ ਸਾਰੇ ਲੋਕ ਬੇਕਾਰ ਹੋ ਜਾਣਗੇ। ਆਪਾਂ ਨੂੰ ਵੀ ਘੋੜਿਆਂ ਦੇ ਤਬੇਲਿਆਂ ਦੀ ਥਾਂ ਮੋਟਰ ਕਾਰ ਖੜ੍ਹੀ ਕਰਨ ਲਈ ਗੈਰਜਾਂ ਬਣਾਉਣੀਆਂ ਪੈਣਗੀਆਂ।"

"ਐਨੇ ਲੋਕ ਬੇਕਾਰ ਹੋ ਜਾਣਗੇ। ਉਹ ਵਿਚਾਰੇ ਕੀ ਕਰਨਗੇ? ਉਹਨਾਂ ਲਈ ਤਾਂ ਰੋਟੀ ਦੇ ਸਾਧਨ ਹੀ ਬੰਦ ਹੋ ਜਾਣਗੇ।" ਅਲੀਜ਼ਾ ਦਿਲੋਂ ਉਹਨਾਂ ਲੋਕਾਂ ਬਾਰੇ ਤਰਸ ਮਹਿਸੂਸ ਕਰ ਰਹੀ ਸੀ।

"ਮੈਂ ਅਰਥ-ਸ਼ਾਸ਼ਤਰ ਤੇ ਬਿਜਨਸ ਮੈਨੇਜਮੈਂਟ ਦੀ ਡਿਗਰੀ ਕੀਤੀ ਤਾਂ ਬਹੁਤ ਕੁਝ ਸਿਖਿਆ। ਜਿਵੇਂ ਜਿਵੇਂ ਨਵੀਆਂ ਤਕਨੀਕਾਂ ਆਉਂਦੀਆਂ ਤਾਂ ਕੰਮ ਵੀ ਬਦਲ ਜਾਂਦੇ ਐ। ਮੋਟਰ ਗੱਡੀਆਂ ਆਉਣਗੀਆਂ ਤਾਂ ਤੇਲ ਦੀਆਂ ਦੁਕਾਨਾਂ ਖੁੱਲ੍ਹਣਗੀਆਂ, ਮਕੈਨਿਕ, ਡਰਾਈਵਰ, ਰੰਗ ਰੋਗਨ ਕਰਨ ਵਾਲੇ ਵੀ ਚਾਹੀਦੇ ਹੋਣਗੇ। ਮੋਟਰਕਾਰਾਂ ਦੇ ਪੁਰਜੇ ਵੇਚਣ ਵਾਲੀਆਂ ਦੁਕਾਨਾਂ ਵੀ ਖੁੱਲ੍ਹਣਗੀਆਂ। ਕਾਰਾਂ ਵੇਚਣ ਲਈ ਵੀ ਵਪਾਰੀ ਚਾਹੀਦੇ ਹੋਣਗੇ---। ਗਲ ਕੀ ਜਿਹੜੇ ਲੋਕ ਸਮੇਂ ਦੇ ਨਾਲ ਬਦਲ ਜਾਣਗੇ ਤੇ ਨਵੇਂ ਬਿਜਨਸ ਅਤੇ ਕਿੱਤੇ ਅਪਣਾ ਲੈਣਗੇ ਉਹਨਾਂ ਲਈ

ਆਮਦਨ ਦੇ ਬਥੇਰੇ ਮੌਕੇ ਪੈਦਾ ਹੋਣਗੇ। ਫਿਰ ਵੀ ਕੁਝ ਬੰਦਿਆਂ ਲਈ ਬਦਲਣਾ ਸੌਖਾ ਨਹੀਂ ਹੁੰਦਾ ਤੇ ਕਈਆਂ ਦੀ ਉਮਰ ਇਜਾਜ਼ਤ ਨਹੀਂ ਦਿੰਦੀ ਉਹ ਜ਼ਰੂਰ ਨੁਕਸਾਨ ਵਿਚ ਰਹਿਣਗੇ।''

ਗੱਲਾਂ ਕਰਦੇ ਉਹ ਰੌਬਿਨ ਦੀ ਬੈਂਕ ਅੱਗੇ ਪਹੁੰਚ ਗਏ। ਅਲੀਜ਼ਾ ਸੋਚ ਰਹੀ ਸੀ ਨਵੇਂ ਖ਼ੂਨ ਲਈ ਨਵੇਂ ਪੈਦਾ ਹੋ ਰਹੇ ਮੌਕਿਆਂ ਨੂੰ ਅਪਣਾਉਣਾ ਸੌਖਾ ਐ ਤੇ ਸਾਡੇ ਲਈ ਬਹੁਤ ਔਖਾ। ਉਹ ਰੌਬਿਨ ਦੇ ਦਫ਼ਤਰ ਵਿਚ ਚਲੇ ਗਏ।

ਰੌਬਿਨ ਲਈ ਵੀ ਇਹ ਬਹੁਤ ਅਜ਼ੀਬ ਜਿਹਾ ਮੌਕਾ ਸੀ। ਰਸਲ ਨਾਲ ਉਹ ਹੋਰ ਕਿਸਮ ਦੀਆਂ ਗੱਲਾਂ ਕਰਦਾ ਹੁੰਦਾ ਸੀ। ਅਲੀਜ਼ਾ ਨਾਲ ਉਹ ਖੁੱਲ੍ਹ-ਖੇਡ ਨਹੀਂ ਲੈ ਸਕਦਾ ਸੀ। ਜੇਮਜ਼ ਦਾ ਉਸ 'ਤੇ ਚੰਗਾ ਪ੍ਰਭਾਵ ਸੀ। ਫਿਰ ਵੀ ਉਹ ਅਜੇ ਨਾ-ਤਜ਼ਰਬੇਕਾਰ ਸੀ। ਰੌਬਿਨ ਨੂੰ ਪਤਾ ਸੀ ਬਹੁਤ ਵਾਰ ਚੰਗੀ ਪਲੈਨ ਦੇ ਹੁੰਦਿਆਂ ਵੀ ਅਮਲ ਵਿਚ ਵਪਾਰ ਫੇਲ੍ਹ ਹੋ ਜਾਂਦੇ ਹਨ। ਫਿਰ ਵੀ ਕਰਜ਼ਾ ਦੇਣ ਅਤੇ ਲੈਣ ਲਈ ਚੰਗੀ ਪਲੈਨ ਦੀ ਜ਼ਰੂਰਤ ਹੁੰਦੀ ਹੈ।

ਕੌਫੀ ਦੇ ਕੱਪ ਆ ਗਏ। ਉਹ ਆਮ ਜਿਹੀਆਂ ਗੱਲਾਂ ਕਰਦੇ ਕੌਫੀ ਪੀਂਦੇ ਰਹੇ। ਕੌਫੀ ਖ਼ਤਮ ਹੋਈ ਤਾਂ ਰੌਬਿਨ ਜੇਮਜ਼ ਨੂੰ ਸੰਬੋਧਤ ਹੋਇਆ।

''ਜੇਮਜ਼ ਨਵੇਂ ਬਿਜਨਸ ਵਿਚ ਕੁਝ ਕੰਮ ਹੋਇਆ ਜਾਂ ਅਜੇ ਸ਼ੁਰੂ ਹੀ ਨਹੀਂ ਕੀਤਾ?''

''ਰੌਬਿਨ ਅੰਕਲ ਅਸੀਂ ਜਗਾਹ ਦੀ ਚੋਣ ਕਰ ਲਈ ਐ ਤੇ ਕਿਰਾਇਆ ਵੀ ਤਹਿ ਹੋ ਗਿਆ। ਉਸ ਜਗਾਹ ਨੂੰ ਅਸੀਂ ਪੰਜ ਸਾਲਾਂ ਵਾਸਤੇ ਲੈਣ ਦਾ ਫੈਸਲਾ ਕੀਤਾ ਐ। ਵਕੀਲ ਲੋੜੀਂਦੇ ਕਾਗਜ਼-ਪੱਤਰ ਤਿਆਰ ਕਰ ਰਹੇ ਐ। ਲੰਡਨ ਵਿਚ ਸਾਨੂੰ ਇਕ ਚੰਗਾ ਸੇਲਜ਼ ਏਜੰਟ ਮਿਲ ਗਿਆ। ਕੁਝ ਕੁ ਏਜੰਟਾਂ ਨਾਲ ਇੰਗਲੈਂਡ ਦੇ ਹੋਰ ਸ਼ਹਿਰਾਂ ਵਿਚ ਵੀ ਚਿੱਠੀ ਪੱਤਰ ਚੱਲ ਰਿਹਾ ਐ। ਵੱਡਾ ਕੰਮ ਇੰਡੀਆ, ਅਫਰੀਕਾ ਤੇ ਯੂਰਪ ਦੇ ਦੇਸ਼ਾਂ ਵਿਚ ਏਜੰਟ ਲੱਭਣ ਦਾ ਐ। ਸਭ ਤੋਂ ਪਹਿਲਾਂ ਇੰਡੀਆ ਲਈ ਇਕ ਆਪਣਾ ਅਦਮੀ ਭੇਜ ਰਹੇ ਆਂ ਤਾਂ ਕਿ ਬੰਬੇ ਜਾਂ ਕਲਕੱਤੇ ਵਿਚ ਮੁੱਖ ਦਫਤਰ ਖੋਲ੍ਹਿਆ ਜਾ ਸਕੇ ਤੇ ਇੰਡੀਆ ਵਿਚ ਸੇਲ ਦਾ ਕੰਮ ਉਸ ਦਫ਼ਤਰ ਦੀ ਨਿਗਰਾਨੀ ਹੇਠ ਹੋ ਸਕੇ----।''

ਰੌਬਿਨ ਸੁਣਦਾ ਰਿਹਾ। ਮਨੋ ਮਨ ਉਹ ਖੁਸ਼ ਸੀ ਜੇਮਜ਼ ਸਿਰਫ ਗੱਲਾਂ ਮਾਰਨ ਵਾਲਾ ਮੁੰਡਾ ਨਹੀਂ ਸੀ ਸਗੋਂ ਪਲੈਨ ਨੂੰ ਅਮਲ ਵਿਚ ਲਿਆਉਣ ਲਈ ਵੀ ਤੱਤਪਰ ਸੀ। ਰੌਬਿਨ ਨੇ ਕੁਝ ਕੁ ਲੋੜੀਂਦੀ ਜਾਣਕਾਰੀ ਹੋਰ ਲਈ ਅਤੇ ਕਰਜ਼ੇ ਲਈ ਹਾਂ ਕਰ ਦਿੱਤੀ। ਰੌਬਿਨ, ਐਲਨ ਕੋਲ ਜੇਮਜ਼ ਦੀ ਤਾਰੀਫ਼ ਕਰਨ ਬਾਰੇ ਵੀ ਸੋਚ ਰਿਹਾ ਸੀ।

## 33

ਐਲਨ ਨੇ ਸਾਰਾ ਹਫ਼ਤਾ ਛੁੱਟੀ ਕੀਤੀ ਸੀ। ਉਸ ਨੂੰ ਪਹਿਲਾਂ ਕੁਝ ਜ਼ੁਕਾਮ ਹੋਇਆ ਤੇ ਨਾਲ ਹੀ ਖੰਘ ਵੀ ਹੋ ਗਈ। ਸੁੱਕੀ ਜਿਹੀ ਖੰਘ ਨੇ ਉਸ ਦਾ ਬੁਰਾ ਹਾਲ ਕਰ ਦਿੱਤਾ। ਅਜਿਹੀ ਹਾਲਤ ਵਿਚ ਕੰਮ 'ਤੇ ਜਾਣਾ ਵੀ ਮੁਸ਼ਕਲ ਸੀ ਤੇ ਲੋਕਾਂ ਨੂੰ ਮਿਲਣ-ਗਿਲਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਘਰ ਆਰਾਮ ਕਰਨ ਬਿਨਾਂ ਉਸ ਕੋਲ ਹੋਰ ਕੋਈ ਰਾਹ ਨਹੀਂ ਸੀ। ਜੈਨੀਫਰ ਨੂੰ ਕਹਿ ਕੇ ਉਸ ਨੇ ਮਾਂ ਦੇ ਘਰੇਲੂ ਨੁਸਖੇ ਵਰਤਣੇ ਸ਼ੁਰੂ ਕਰ ਦਿੱਤੇ। ਤੀਜੇ ਕੁ ਦਿਨ ਉਸ ਨੂੰ ਕੁਝ ਕੁ ਆਰਾਮ ਮਹਿਸੂਸ ਹੋਣ ਲੱਗਾ। ਜੈਨੀਫਰ ਕੋਲ ਬੈਠਣ ਦਾ ਵੀ ਸਮਾਂ ਉਸ ਕੋਲ ਘੱਟ ਹੀ ਹੁੰਦਾ। ਥੋੜਾ ਠੀਕ ਹੋਇਆ ਤਾਂ ਉਸ ਨੇ ਆਪਣੀ ਕੋਈ ਫਾਈਲ ਜੈਨੀਫਰ ਨੂੰ ਲਿਆਉਣ ਲਈ ਕਿਹਾ।

''ਕੋਈ ਫਾਈਲ ਨੀ ਮਿਲਣੀ। ਚੁੱਪ ਕਰਕੇ ਆਰਾਮ ਕਰੋ।'' ਕਹਿ ਕੇ ਉਹ ਆਪਣੇ ਕੰਮ ਲੱਗ ਗਈ। ਐਲਨ ਨੂੰ ਉਸ ਦੀ ਪਿਆਰੀ ਜਿਹੀ ਝਿੜਕ ਚੰਗੀ ਲੱਗੀ ਤੇ ਉਹ ਸਿਰਹਾਣੇ 'ਤੇ ਸਿਰ ਸੁੱਟ ਕੇ ਪੈ ਗਿਆ।

ਮਈ ਦੇ ਸ਼ੁਰੂ ਵਿਚ ਹੀ ਉਸ ਦਿਨ ਵਾਹਵਾ ਗਰਮੀ ਸੀ। ਬੱਦਲਾਂ ਦਾ ਨਾਂ ਨਿਸ਼ਾਨ ਵੀ ਨਹੀਂ ਸੀ। ਸੂਰਜ ਦੀਆਂ ਕਿਰਨਾ ਬੇਰੋਕ ਧਰਤੀ ਨੂੰ ਨਿੱਘ ਪਹੁੰਚਾ ਰਹੀਆਂ ਸਨ। ਜੈਨੀਫਰ ਨੇ ਬਾਹਰ ਬਗੀਚੇ ਵਿਚ ਕੁਰਸੀਆਂ ਰੱਖ ਲਈਆਂ ਅਤੇ ਉਸ ਨੇ ਐਲਨ ਨੂੰ ਵੀ ਬਾਹਰ ਆਉਣ ਲਈ ਕਿਹਾ।

''ਬਾਹਰ ਐਨੀ ਸੁਹਣੀ ਧੁੱਪ ਐ ਸ਼ਾਮ ਤੱਕ ਸਾਰੀ ਬਿਮਾਰੀ ਦੂਰ ਹੋ ਜਾਣੀ ਐ।'' ਐਲਨ ਦਾ ਹੱਥ ਫੜ ਕੇ ਉਹ ਉਸ ਨੂੰ ਬਾਹਰ ਲੈ ਗਈ।

ਜੈਨੀਫਰ ਅੱਜ ਖੁਸ਼ ਸੀ। ਘੱਟੋ ਘੱਟ ਐਲਨ ਉਸ ਨਾਲ ਗੱਲਾਂ ਕਰ ਰਿਹਾ ਸੀ। ਉਹ ਦੋਵੇਂ ਧੁੱਪ ਇਸ਼ਨਾਨ ਕਰ ਰਹੇ ਸਨ। ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰ ਰਹੇ ਸਨ। ਇਕ ਅੱਧ ਵਾਰ ਉਹਨਾਂ ਨੂੰ ਊਂਘ ਵੀ ਆ ਗਈ

ਸੀ। ਐਨੀ ਸੁਹਣੀ ਧੁੱਪ ਤਾਂ ਭਰ ਗਰਮੀਆਂ ਵਿਚ ਜੁਲਾਈ ਅਗਸਤ ਦੇ ਮਹੀਨੇ ਵੀ ਕਦੀ ਕਦਾਈਂ ਹੁੰਦੀ। ਉਹਨਾਂ ਨੇ ਲੰਚ ਵੀ ਬਗੀਚੇ ਵਿਚ ਬੈਠ ਕੇ ਹੀ ਕੀਤਾ। ਜੈਨੀਫਰ ਨੇ ਸਲਾਦ ਕੱਟ ਕੇ ਉਸ ਵਿਚ ਠੰਡਾ ਮੀਟ ਮਿਲਾ ਦਿੱਤਾ ਸੀ ਅਤੇ ਨਾਲ ਕਣਕ ਦੀ ਬਰੈਡ ਟੋਸਟ ਕਰ ਕੇ ਰੱਖ ਦਿੱਤੀ। ਉਹਨਾਂ ਨੂੰ ਸਾਦੇ ਜਿਹੇ ਲੰਚ ਦਾ ਬੇਹੱਦ ਅਨੰਦ ਆਇਆ। ਲੰਚ ਬਾਅਦ ਆਦਤਨ ਜੈਨੀਫਰ ਨੇ ਕੌਫੀ ਦੇ ਦੋ ਕੱਪ ਲਿਆ ਧਰੇ।

ਅਜੇ ਉਹ ਕੌਫੀ ਦੀਆਂ ਚੁਸਕੀਆਂ ਹੀ ਲੈ ਰਹੇ ਸਨ ਕਿ ਨੌਕਰ ਨੇ ਉਹਨਾਂ ਅੱਗੇ ਟੈਲੀਗਰਾਮ ਲਿਆ ਰੱਖੀ। ਜੈਨੀਫਰ ਨੇ ਟੈਲੀਗਰਾਮ ਪੜ੍ਹੀ ਤਾਂ ਉਸ ਦੇ ਚਿਹਰੇ ਦਾ ਰੰਗ ਫਿੱਕਾ ਪੈ ਗਿਆ ਤੇ ਨਾਲ ਹੀ ਉਸ ਦੇ ਮੂੰਹੋਂ 'ਓਹ ਮਾਈ ਗੌਡ' ਨਿਕਲਿਆ।

"ਕੀ ਗੱਲ ਹੋਈ--?" ਐਲਨ ਨੇ ਫਿਕਰਮੰਦ ਹੁੰਦਿਆਂ ਪੁੱਛਿਆ।

"ਲਿੰਨ ਦੇ ਪੋਤਾ ਹੋਇਆ ਸੀ ਤੇ ਕੁਝ ਘੰਟਿਆਂ ਬਾਅਦ ਹੀ ਪੂਰਾ ਹੋ ਗਿਆ--।" ਜੈਨੀਫਰ ਨੇ ਟੈਲੀਗਰਾਮ ਵੀ ਐਲਨ ਨੂੰ ਫੜਾ ਦਿੱਤੀ।

ਐਲਨ ਚੁੱਪ ਚਾਪ ਟੈਲੀਗਰਾਮ ਨੂੰ ਵੇਖਦਾ ਰਿਹਾ। ਉਸ ਨੂੰ ਪੜ੍ਹਨ ਦੀ ਨਾ ਲੋੜ ਸੀ ਤੇ ਨਾ ਹੀ ਦਿਲ ਕੀਤਾ। ਲਿੰਨ ਦੇ ਇਕ ਪੋਤੀ ਪਿਛਲੇ ਸਾਲ ਹੋਈ ਸੀ ਤੇ ਤਿੰਨ ਕੁ ਮਹੀਨਿਆਂ ਵਿਚ ਉਹ ਵੀ ਮਰ ਗਈ ਸੀ। ਐਲਨ ਸੋਚ ਰਿਹਾ ਸੀ ਸ਼ਾਇਦ ਹੀ ਕੋਈ ਘਰ ਹੋਵੇ ਜਿਸ ਨੇ ਆਪਣੇ ਕਿਸੇ ਬੱਚੇ ਦਾ ਕਫ਼ਨ ਆਪਣੇ ਹੱਥੀਂ ਨਾ ਤਿਆਰ ਕੀਤਾ ਹੋਵੇ। ਉਹ ਦੋਵੇਂ ਆਪਣੇ ਦੋ ਬੱਚਿਆਂ ਦੀ ਮੌਤ ਦਾ ਦਰਦ ਇਕ ਵਾਰ ਫਿਰ ਤੋਂ ਆਪਣੇ ਮਨਾਂ ਵਿਚ ਹਰਾ ਹੋਇਆ ਮਹਿਸੂਸ ਕਰ ਰਹੇ ਸਨ। ਉਹਨਾਂ ਦਾ ਪਹਿਲਾ ਬੱਚਾ ਤਾਂ ਦੁਨੀਆਂ ਵਿਚ ਆਉਣ ਤੋਂ ਪਹਿਲਾਂ ਹੀ ਚਲਾ ਗਿਆ ਸੀ। ਜੈਨੀਫਰ ਢਾਈ ਕੁ ਮਹੀਨਿਆਂ ਦੀ ਗਰਭਵਤੀ ਸੀ। ਇਕ ਦਿਨ ਅਚਾਨਕ ਉਹ ਖ਼ੂਨ ਨਾਲ ਲੱਥ ਪੱਥ ਹੋਈ ਪਈ ਸੀ। ਉਹਦੀ ਸੱਸ ਜਿਲੀਅਨ ਨੇ ਹੀ ਜੈਨੀਫਰ ਦੀ ਦੇਖ ਭਾਲ ਕੀਤੀ। ਉਸ ਨੇ ਦਾਈ ਨੂੰ ਸੱਦਿਆ। ਦਾਈ ਨੇ ਲੋੜੀਂਦੀ ਦੇਖ ਭਾਲ ਕੀਤੀ। ਸਰੀਰਕ ਦੇਖ ਭਾਲ ਨਾਲੋਂ ਜੈਨੀਫਰ ਨੂੰ ਮਾਨਸਿਕ ਸਦਮਾ ਵੱਡਾ ਸੀ। ਜਿਲੀਅਨ ਸਭ ਸਮਝਦੀ ਸੀ।

"ਜੈਨੀਫਰ ਤੂੰ ਫਿਕਰ ਨਾ ਕਰ। ਇਹ ਕੋਈ ਅਣਹੋਣੀ ਨਹੀਂ। ਅਜਿਹਾ ਹੋ ਈ ਜਾਂਦਾ। ਰੱਬ 'ਤੇ ਭਰੋਸਾ ਰੱਖ।" ਉਹ ਜੈਨੀਫਰ ਦੇ ਮੱਥੇ ਨੂੰ ਸਹਿਲਾਉਂਦੀ ਰਹੀ।

ਉਹ ਜੈਨੀਫਰ ਨੂੰ ਗੱਲੀਂ ਲਾਈ ਰਖਦੀ। ਕੋਈ ਕੰਮ ਨਾ ਕਰਨ ਦਿੰਦੀ। ਐਲਨ ਵੀ ਉਸ ਲਈ ਇੰਤਹਾ ਪਿਆਰ ਦਾ ਇਜ਼ਹਾਰ ਕਰਦਾ। ਉਹਨਾਂ ਦੀ ਮਦਦ ਅਤੇ ਪਿਆਰ ਨੇ ਜੈਨੀਫਰ ਦਾ ਦਰਦ ਭੁਲਾ ਦਿੱਤਾ। ਜਿਲੀਅਨ ਨੇ ਉਸ ਨੂੰ ਬਹੁਤ ਸਾਰੀਆਂ ਔਰਤਾਂ ਦੀਆਂ ਕਹਾਣੀਆਂ ਸੁਣਾਈਆਂ ਜਿਹਨਾਂ ਦੇ ਬੱਚੇ ਜੰਮਣ ਤੋਂ ਪਹਿਲਾਂ ਹੀ ਵਿਛੜ ਗਏ ਸਨ।

ਫਿਰ ਉਹਨਾਂ ਦੇ ਚੰਦ ਵਰਗੀ ਕੁੜੀ ਨੇ ਜਨਮ ਲਿਆ। ਸਾਰੇ ਬਹੁਤ ਖ਼ੁਸ਼ ਸਨ। ਜਿਲੀਅਨ ਦਾ ਚਾਅ ਨਹੀਂ ਸੀ ਚੁੱਕਿਆ ਜਾਂਦਾ। ਉਹ ਦਾਦੀ ਬਣ ਗਈ ਸੀ। ਉਸ ਦਾ ਧਰਤੀ 'ਤੇ ਪੈਰ ਨਹੀਂ ਸੀ ਲਗਦਾ। ਅਜੇ ਕੁੜੀ ਨੇ ਦੂਜੇ ਸਾਲ ਵਿਚ ਪੈਰ ਰੱਖਿਆ ਸੀ ਉਸ ਨੂੰ ਹੈਜ਼ਾ ਹੋ ਗਿਆ। ਪਤਾ ਨਹੀਂ ਅਜਿਹੀ ਨਾਮੁਰਾਦ ਬਿਮਾਰੀ ਕਿਥੋਂ ਭੌਰਾ ਭਰ ਜੁਆਕੜੀ ਨੂੰ ਆ ਚਿੰਬੜੀ! ਮਲੂਕ ਜਿੰਦ ਰਾਤ ਵੀ ਪੂਰੀ ਨਾ ਕੱਟ ਸਕੀ। ਇਕ ਵਾਰ ਸਾਰੇ ਪਰਿਵਾਰ ਦਾ ਹੀ ਦਿਲ ਟੁੱਟ ਗਿਆ ਸੀ। ਉਦੋਂ ਉਹਨਾਂ ਦਾ ਸਹਾਰਾ ਹਮੇਸ਼ਾ ਵਾਂਗ ਸਮੈਂਥਾ ਬਣੀ ਸੀ। ਉਹ ਆਪਣੇ ਖੋਏ ਬੱਚਿਆਂ ਦੀਆਂ ਕਹਾਣੀਆਂ ਸੁਣਾਉਂਦੀ। ਇਕ ਦੀ ਮੌਤ ਅੱਠ ਸਾਲ ਦੀ ਉਮਰ ਵਿਚ ਚੇਚਕ ਨਾਲ ਹੋ ਗਈ ਸੀ। ਦੂਸਰੇ ਨੂੰ ਦਸਤ ਲੱਗੇ ਸਨ ਤੇ ਕਿਸੇ ਡਾਕਟਰ ਤੋਂ ਇਲਾਜ ਨਹੀਂ ਸੀ ਹੋਇਆ।

ਉਹ ਹੌਲੀ ਹੌਲੀ ਫਿਰ ਤੋਂ ਜ਼ਿੰਦਗੀ ਜਿਉਣ ਜੋਗੇ ਹੋਏ ਸਨ। ਜੈਨੀਫਰ ਦੇ ਮਨ ਵਿਚ ਦੇਰ ਤੱਕ ਡਰ ਬੈਠਾ ਰਿਹਾ ਕਿ ਜਿਹੜੇ ਹੋਰ ਬੱਚੇ ਵੀ ਹੋਣਗੇ ਸ਼ਾਇਦ ਉਹਨਾਂ ਨਾਲ ਵੀ ਕੋਈ ਅਜਿਹਾ ਹੀ ਭਾਣਾ ਵਰਤ ਜਾਏ!

"ਐਲਨ ਕਿਉਂ ਐਨੇ ਮਾਸੂਮ ਮਰ ਜਾਂਦੇ ਐ। ਪਤਾ ਨਹੀਂ ਰੱਬ ਦਾ ਉਹਨਾਂ ਨਾਲ ਕੀ ਵੈਰ ਐ? ਜੇ ਉਹਨਾਂ ਨੂੰ ਸਿਰੇ ਨਹੀਂ ਲਾਉਣਾ ਹੁੰਦਾ ਤਾਂ ਉਹਨਾਂ ਨੂੰ ਜਾਨ ਈ ਕਿਉਂ ਬਖਸ਼ਦਾ? ਅਜਿਹੇ ਮਾਸੂਮਾਂ ਨਾਲ ਉਹਨਾਂ ਦੇ ਮਾਪੇ ਵੀ ਸਾਰੀ ਉਮਰ ਦਾ ਰੋਗ ਕੱਟਦੇ ਐ।" ਜੈਨੀਫਰ ਹੌਲੀ ਹੌਲੀ ਬੋਲ ਰਹੀ ਸੀ ਜਿਵੇਂ ਆਪਣਾ ਰੰਜ ਰੱਬ 'ਤੇ ਕੱਢ ਰਹੀ ਹੋਵੇ।

"ਜੈਨੀਫਰ ਬਿਮਾਰੀਆਂ ਦੇ ਬਥੇਰੇ ਕਾਰਨ ਐ ਤੇ ਕੁਝ ਦੂਰ ਵੀ ਹੋ ਗਏ ਐ। ਪੀਣ ਵਾਲਾ ਸਾਫ਼ ਪਾਣੀ ਨਾ ਮਿਲਣਾ, ਖਾਣ-ਪੀਣ ਦੀਆਂ ਚੀਜ਼ਾਂ ਦੀ ਸਫ਼ਾਈ, ਇਕ ਨਿੱਕੇ ਘਰ ਵਿਚ ਬਹੁਤੇ ਲੋਕਾਂ ਦਾ ਰਹਿਣਾ, ਦਵਾਈਆਂ

ਦੀ ਘਾਟ, ਬਹੁਤੀ ਵਸੋਂ ਦਾ ਸ਼ਹਿਰਾਂ ਵਿਚ ਰਹਿਣਾ, ਸੀਵਰੇਜ ਸਿਸਟਮ, ਚਰਚ ਵਿਚ ਬਹੁਤੇ ਲੋਕਾਂ ਦੀਆਂ ਕਬਰਾਂ ਆਦਿ ਬਥੇਰੇ ਕਾਰਨ ਐ।''

''ਇਹਨਾਂ 'ਚੋਂ ਕਿਹੜੇ ਕਾਰਨ ਦੂਰ ਕੀਤੇ ਗਏ ਐ। ਮੈਨੂੰ ਤਾਂ ਨੀ ਲਗਦਾ ਕੋਈ ਫਰਕ ਪਿਆ?''

''ਲੰਡਨ ਦਾ ਸੀਵਰੇਜ ਸਿਸਟਮ ਚੰਗਾ ਬਣ ਗਿਆ ਤੇ ਗੰਦਗੀ ਘਟ ਗਈ ਐ। ਚਰਚ ਵਿਚ ਹੀ ਕਬਰਾਂ ਹੋਣ ਕਰਕੇ ਕਈ ਵਾਰ ਇਕ ਦੂਜੇ ਉੱਪਰ ਹੀ ਕਬਰ ਬਣ ਜਾਂਦੀ ਸੀ। ਹੱਡੀਆਂ ਕਬਰਾਂ ਵਿਚ ਖਿੰਡੀਆਂ ਫਿਰਦੀਆਂ ਰਹਿੰਦੀਆਂ ਸਨ। ਸਰਕਾਰ ਨੇ ਚਰਚ ਤੋਂ ਬਾਹਰ ਕਬਰਸਤਾਨ ਬਣਾਉਣ ਦੀ ਆਗਿਆ ਦਾ ਕਨੂੰਨ ਪਾਸ ਕਰ ਕੇ ਇਸ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਕੀਤਾ ਐ। ਫਿਰ ਸਰਕਾਰ ਨੇ ਤਿੰਨ ਵਾਰ ਕਨੂੰਨ ਵਿਚ ਤਬਦੀਲੀ ਕਰਕੇ ਬੱਚਿਆਂ ਦੇ ਚੇਚਕ ਦਾ ਟੀਕਾ ਲਗਵਾਉਣਾ ਜ਼ਰੂਰੀ ਕਰ ਦਿੱਤਾ। ਜਿਹੜਾ ਨਹੀਂ ਲਵਾਉਂਦਾ ਉਸ ਨੂੰ ਜ਼ੁਰਮਾਨਾ ਵੀ ਭਰਨਾ ਪੈਂਦਾ। ਇਹੋ ਜਿਹੀਆਂ ਕੋਸ਼ਿਸ਼ਾਂ ਸਰਕਾਰਾਂ ਵੱਲੋਂ ਕੀਤੀਆਂ ਗਈਆਂ ਤੇ ਹੋਰ ਵੀ ਹੋ ਰਹੀਆਂ।'' ਐਲਨ ਦਾ ਸਬੰਧ ਮਨਿਸਟਰੀ ਨਾਲ ਹੋਣ ਕਰਕੇ ਉਸ ਨੂੰ ਸਭ ਪਤਾ ਸੀ।

''ਫੇਰ ਵੀ ਅਜੇ ਬੱਚੇ ਮਰੀ ਜਾਂਦੇ ਐ ਤੇ ਮਾਪੇ ਭੁਗਤੀ ਜਾਂਦੇ ਐ।''

''ਜੈਨੀਫਰ ਕੁਝ ਵੀ ਇਕ ਦਿਨ ਵਿਚ ਨਹੀਂ ਹੋ ਸਕਦਾ। ਦਵਾਈਆਂ ਦੀ ਖੋਜ ਕਰਨ ਨੂੰ ਬਹੁਤ ਦੇਰ ਲਗਦੀ ਐ। ਕੁਝ ਸਾਲ ਪਹਿਲਾਂ ਜਦ ਕਦੀ ਲੋਕਾਂ ਦਾ ਆਪਰੇਸ਼ਨ ਕਰਨਾ ਹੁੰਦਾ ਜਾਂ ਕਿਸੇ ਦਾ ਕੋਈ ਅੰਗ ਕੱਟਣਾ ਪੈਂਦਾ ਤਾਂ ਬੰਦੇ ਨੂੰ ਬੇਹੋਸ਼ ਨਹੀਂ ਸੀ ਕੀਤਾ ਜਾ ਸਕਦਾ। ਉਸ ਨੂੰ ਕੁਝ ਨਸ਼ਾ ਪਿਲਾ ਦਿੱਤਾ ਜਾਂਦਾ। ਫਿਰ ਵੀ ਚਾਰ ਪੰਜ ਆਦਮੀ ਉਸ ਨੂੰ ਦੱਬ ਕੇ ਰਖਦੇ ਅਤੇ ਚੀਕਦੇ ਚਿਲਾਉਂਦੇ ਬੰਦੇ 'ਤੇ ਡਾਕਟਰ ਨੂੰ ਆਰੀ ਚਲਾਉਣੀ ਪੈਂਦੀ। ਕਈ ਬੰਦੇ ਤਾਂ ਆਪਰੇਸ਼ਨ ਦੇ ਡਰ ਨਾਲ ਹੀ ਮਰ ਜਾਂਦੇ। ਪਰ ਹੁਣ ਜਦੋਂ (ਉਨੀਵੀਂ ਸਦੀ ਦੇ ਮੱਧ ਵਿਚ) ਦੀ ਕਲੋਰੋਫਿਨ ਲੱਭੀ ਗਈ ਹੁਣ ਕਿੰਨਾ ਸੌਖਾ ਐ! ਬੰਦੇ ਨੂੰ ਬੇਹੋਸ਼ ਕਰਕੇ ਜੋ ਮਰਜ਼ੀ ਕਰੀ ਜਾਣ। ਉਸ ਨੂੰ ਕੋਈ ਤਕਲੀਫ਼ ਨੀ। ਇਵੇਂ ਈ ਚੇਚਕ ਦੇ ਟੀਕੇ ਬੱਚਿਆਂ ਦੇ ਲੱਗਣ ਲੱਗੇ ਐ ਚੇਚਕ 'ਤੇ ਵੀ ਕਾਬੂ ਹੋ ਰਿਹਾ। ਹੋਰ ਵੀ ਦਵਾਈਆਂ ਨਿਕਲੀ ਜਾਣਗੀਆਂ ਤੇ ਲੋਕਾਂ ਦੀਆਂ ਮੌਤਾਂ ਵਿਚ ਕਮੀ ਆਉਂਦੀ ਜਾਊ।''

''ਜਾਣੀ ਬੰਦਾ ਰੱਬ ਨਾਲ ਲੜਾਈ ਕਰ ਰਿਹਾ ਤੇ ਜਿੱਤ ਵੀ ਹਾਸਲ ਕਰੀ ਜਾਂਦਾ--।'' ਜੈਨੀਫਰ ਮੁਸਕਰਾਈ ਅਤੇ ਉਹ ਉੱਠ ਕੇ ਅੰਦਰ ਚਲੇ ਗਏ।

ਅਗਲੇ ਦਿਨ ਐਲਨ ਨੇ ਲਿੰਨ ਨੂੰ ਅਫ਼ਸੋਸ ਦੀ ਤਾਰ ਵੀ ਦੇ ਦਿੱਤੀ ਤੇ ਚਿੱਠੀ ਵੀ ਲਿਖੀ।

## 34

ਲਿੰਨ ਦੀ ਤਾਰ ਆਈ ਤਾਂ ਰੌਬਿਨ ਨੂੰ ਹੈਰਾਨੀ ਭਰੀ ਖੁਸ਼ੀ ਹੋਈ। ਲਿੰਨ ਨੇ ਹਫ਼ਤੇ ਦੇ ਅੰਤ 'ਤੇ ਆਉਣ ਬਾਰੇ ਜਾਣਕਾਰੀ ਦਿੱਤੀ ਸੀ। ਉਸ ਨੇ ਰੌਬਿਨ ਨੂੰ ਹੋਟਲ ਵੀ ਬੁੱਕ ਕਰਵਾਉਣ ਲਈ ਕਿਹਾ ਸੀ ਤੇ ਸਟੇਸ਼ਨ 'ਤੇ ਗੱਡੀ ਭੇਜਣ ਲਈ ਵੀ। ਲਿੰਨ ਹੁਣ ਬਹੁਤ ਘੱਟ ਆਉਂਦਾ। ਉਸ ਦੀ ਪਤਨੀ ਸਾਲ ਕੁ ਪਹਿਲਾਂ ਮਰ ਗਈ ਸੀ। ਲੰਡਨ ਵਾਲਾ ਘਰ ਉਸ ਨੇ ਵੇਚ ਦਿੱਤਾ। ਵਰਜੀਨੀਆ ਵਾਟਰ ਵਾਲਾ ਘਰ ਮਾਰਕ ਨੇ ਆਪਣੇ ਜਿਉਂਦੇ ਜੀਅ ਹੀ ਵੇਚ ਦਿੱਤਾ ਸੀ। ਬੱਚਿਆਂ ਦਾ ਲੰਡਨ ਨਾਲ ਕੋਈ ਬਹੁਤਾ ਮੋਹ ਨਹੀਂ ਸੀ ਰਿਹਾ। ਉਹ ਆਪਣੇ ਕੰਮ-ਧੰਦੇ ਵਿਚ ਉਲਝੇ ਰਹਿੰਦੇ ਸਨ। ਉਹਨਾਂ ਦੇ ਮਿੱਤਰ ਵੀ ਲੰਡਨ ਵਿਚ ਕੋਈ ਖਾਸ ਨਹੀਂ ਸਨ। ਉਮਰ ਨਾਲ ਬੰਦੇ ਦਾ ਆਉਣਾ ਜਾਣਾ ਵੀ ਘਟ ਜਾਂਦਾ ਹੈ। ਕਾਫੀ ਦੇਰ ਬਾਅਦ ਹੀ ਲਿੰਨ ਆ ਰਿਹਾ ਸੀ ਤੇ ਰਸਲ ਦੀ ਮੌਤ ਤੋਂ ਬਾਅਦ ਤਾਂ ਇਹ ਪਹਿਲੀ ਵਾਰ ਹੀ ਸੀ। ਉਹ ਸਾਰੇ ਰਸਲ ਦੀ ਘਾਟ ਬੁਰੀ ਤਰ੍ਹਾਂ ਮਹਿਸੂਸ ਕਰਨਗੇ। ਸੋਚਕੇ ਰੌਬਿਨ ਕੁਝ ਕੁ ਉਦਾਸ ਹੋ ਗਿਆ ਸੀ। ਉਸ ਨੇ ਐਲਨ ਨੂੰ ਸੁਨੇਹਾ ਭੇਜ ਦਿੱਤਾ ਸੀ।

ਰੌਬਿਨ ਘਰ ਆਇਆ ਤਾਂ ਉਸ ਨੇ ਲਿੰਨ ਦੇ ਆਉਣ ਦਾ ਜ਼ਿਕਰ ਐਡਵੀਨਾ ਨਾਲ ਕੀਤਾ। ਐਡਵੀਨਾ ਵੀ ਸੁਣ ਕੇ ਖੁਸ਼ ਹੋਈ। ਰੌਬਿਨ ਨੇ ਐਡਵੀਨਾ ਨੂੰ ਲਿੰਨ ਲਈ ਗੈਸਟ ਰੂਮ ਤਿਆਰ ਕਰਵਾਉਣ ਲਈ ਕਹਿ ਦਿੱਤਾ। ਉਸ ਨੂੰ ਹੋਟਲ ਵਿਚ ਰਹਿਣ ਦੇਣ ਦਾ ਮਨ ਰੌਬਿਨ ਦਾ ਨਹੀਂ ਸੀ। ਉਹ ਸਨਿਚਰਵਾਰ ਨੂੰ ਉਡੀਕਣ ਲੱਗਾ। ਉਸ ਨੇ ਆਪਣੀਆਂ ਮੀਟਿੰਗਾਂ ਵੀ ਲਿੰਨ ਦੇ ਉਸ ਕੋਲ ਠਹਿਰਣ ਦੇ ਹਿਸਾਬ ਨਾਲ ਬਦਲ ਲਈਆਂ ਸਨ। ਉਹ ਵੱਧ ਤੋਂ ਵੱਧ ਸਮਾਂ ਲਿੰਨ ਨਾਲ ਬਿਤਾਉਣਾ ਚਾਹੁੰਦਾ ਸੀ। ਰਸਲ ਵਾਂਗ ਪਤਾ ਨਹੀਂ ਕਦੋਂ ਕਿਸ ਦੀ ਵਾਰੀ ਆ ਜਾਵੇ!

ਐਲਨ ਨੂੰ ਚਿੱਠੀ ਮਿਲੀ ਤਾਂ ਉਸ ਦੇ ਮਨ ਵਿਚ ਇਕ ਵਾਰ ਫਿਰ ਲਿੰਨ ਨਾਲ ਆਪਣੇ ਰਿਸ਼ਤੇ ਦਾ ਖਿਆਲ ਆਇਆ। ਇਸ ਰਿਸ਼ਤੇ ਬਾਰੇ ਲਿੰਨ ਨੂੰ ਤਾਂ ਕੋਈ ਜਾਣਕਾਰੀ ਹੈ ਹੀ ਨਹੀਂ ਸੀ। ਕਦੇ ਕਦੇ ਐਲਨ ਨੂੰ ਇਕੱਲਿਆਂ

ਇਸ ਭੇਤ ਨੂੰ ਸਹਿਣ ਕਰਨਾ ਮੁਸ਼ਕਲ ਵੀ ਲਗਦਾ। ਇਕ ਵਾਰ ਫਿਰ ਉਸ ਦਾ ਮਨ ਕੀਤਾ ਕਿ ਲਿੰਨ ਨਾਲ ਉਹ ਇਸ ਭੇਤ ਨੂੰ ਸਾਂਝਾ ਕਰ ਲਵੇ। ਵੈਸੇ ਐਲਨ ਜਾਣਦਾ ਸੀ ਅਜਿਹਾ ਨਹੀਂ ਸੀ ਹੋ ਸਕਣਾ। ਲਿੰਨ ਨਾਲ ਹੁਣ ਜ਼ਿੰਦਗੀ ਦੇ ਇਸ ਪੜਾਅ 'ਤੇ ਅਜਿਹੀ ਗੱਲ ਕਰਨ ਦੀ ਕੋਈ ਤੁਕ ਨਹੀਂ ਸੀ। ਉਸ ਨੇ ਸਿਰ ਨੂੰ ਝਟਕਾ ਦੇ ਕੇ ਖਿਆਲ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕੀਤੀ।

ਲਿੰਨ ਨੂੰ ਸਟੇਸ਼ਨ ਤੋਂ ਲੈਣ ਲਈ ਰੌਬਿਨ ਆਪ ਆਪਣੀ ਗੱਡੀ ਲੈ ਕੇ ਗਿਆ। ਜਦੋਂ ਸਟੇਸ਼ਨ 'ਤੇ ਲਿੰਨ ਉੱਤਰਿਆ ਤਾਂ ਰੌਬਿਨ ਨੂੰ ਝਟਕਾ ਲੱਗਾ। ਲਿੰਨ ਬਹੁਤ ਕਮਜ਼ੋਰ ਹੋ ਗਿਆ ਸੀ। ਰੌਬਿਨ ਨੂੰ ਖਿਆਲ ਆਇਆ ਸ਼ਾਇਦ ਲਿੰਨ ਬਿਮਾਰ ਸੀ ਤੇ ਕਿਸੇ ਚੰਗੇ ਡਾਕਟਰ ਨੂੰ ਮਿਲਣ ਲਈ ਆਇਆ ਸੀ। ਰੌਬਿਨ ਨੇ ਅੱਗੇ ਵੱਧ ਕੇ ਲਿੰਨ ਨੂੰ ਜੀ ਆਇਆਂ ਕਿਹਾ ਤੇ ਆਪਣੇ ਚਿਹਰੇ 'ਤੇ ਕਿਸੇ ਕਿਸਮ ਦੇ ਫਿਕਰ ਦੇ ਭਾਵ ਨਾ ਆਉਣ ਦਿੱਤੇ। ਉਹ ਸਾਧਾਰਣ ਗੱਲਾਂ ਕਰਦੇ ਘਰ ਪਹੁੰਚ ਗਏ।

"ਲਿੰਨ ਜੇ ਅਰਾਮ ਕਰਨਾ ਤਾਂ ਤੇਰੇ ਲਈ ਕਮਰਾ ਤਿਆਰ ਐ। ਜਾ ਕੇ ਕੁਝ ਦੇਰ ਥਕੇਵਾਂ ਲਾਹ ਲੈ।" ਕੌਫੀ ਦਾ ਕੱਪ ਪੀਣ ਬਾਅਦ ਰੌਬਿਨ ਨੇ ਰਾਇ ਦਿੱਤੀ।

"ਮਿਹਰਬਾਨੀ। ਮੈਨੂੰ ਪਤਾ ਸੀ ਤੂੰ ਮੇਰਾ ਕਮਰਾ ਹੋਟਲ ਵਿਚ ਨਹੀਂ ਸੀ ਬੁਕ ਕਰਵਾਉਣਾ। ਠੀਕ ਐ ਕੁਝ ਕੁ ਦੇਰ ਮੈਂ ਆਰਾਮ ਕਰ ਲਵਾਂ। ਸ਼ਾਮ ਨੂੰ ਖਾਣੇ ਵੇਲੇ ਗੱਲਾਂ ਕਰਾਂਗੇ।" ਲਿੰਨ ਨੇ ਆਪਣੇ ਕਮਜ਼ੋਰ ਸਰੀਰ ਨੂੰ ਹੌਲੀ ਹੌਲੀ ਸਿੱਧਾ ਕੀਤਾ।

"ਸ਼ਾਮ ਨੂੰ ਐਲਨ ਵੀ ਆਏਗਾ ਤੇ ਅਲੀਜ਼ਾ ਵੀ। ਅਫ਼ਸੋਸ ਰਸਲ ----।" ਰੌਬਿਨ ਨੇ ਗੱਲ ਪੂਰੀ ਨਾ ਕੀਤੀ।

ਲਿੰਨ ਨੇ ਪਲ ਕੁ ਉਸ ਵੱਲ ਵੇਖਿਆ। ਉਹ ਕੁਝ ਕਹਿਣਾ ਚਾਹੁੰਦਾ ਸੀ। ਰੌਬਿਨ ਨੂੰ ਮਹਿਸੂਸ ਹੋਇਆ ਜਿਵੇਂ ਉਸ ਨੇ ਆਪਣਾ ਮਨ ਬਦਲ ਲਿਆ ਹੋਵੇ। ਲਿੰਨ ਨੂੰ ਨੌਕਰ ਉਸ ਦੇ ਕਮਰੇ ਵਿਚ ਲੈ ਗਿਆ।

ਦੋ ਕੁ ਘੰਟੇ ਬਾਅਦ ਲਿੰਨ ਉੱਠ ਕੇ ਆ ਗਿਆ। ਹੁਣ ਉਹ ਕੁਝ ਕੁ ਟਹਿਕ ਸਿਰ ਲਗਦਾ ਸੀ। ਉਹ ਰੌਬਿਨ ਕੋਲ ਆ ਬੈਠਾ ਤੇ ਐਡਵੀਨਾ ਵੀ ਉਹਨਾਂ ਕੋਲ ਆ ਗਈ। ਘਰੇਲੂ ਗੱਲਾਂ ਵਿਚ ਸਮਾਂ ਬੀਤਣ ਲੱਗਾ। ਘੰਟੀ ਵੱਜੀ ਤੇ ਅਲੀਜ਼ਾ ਅੰਦਰ ਆ ਗਈ। ਉਹ ਲਿੰਨ ਨੂੰ ਬਹੁਤ ਸਤਿਕਾਰ ਨਾਲ ਮਿਲੀ। ਹਾਲ-ਚਾਲ ਦੀ ਪੁੱਛ-ਗਿੱਛ ਤੋਂ ਬਾਅਦ ਇਕ ਚੁੱਪ ਛਾ ਗਈ। ਇਸ ਚੁੱਪ ਨੂੰ ਇਕ ਵਾਰ ਫਿਰ ਘੰਟੀ ਨੇ ਤੋੜਿਆ। ਐਲਨ 'ਤੇ ਜੈਨੀਫਰ ਆ ਗਏ ਸਨ। ਉਹਨਾਂ ਨਾਲ ਮੇਲ ਤੋਂ ਬਾਅਦ ਫਿਰ ਇਕ ਚੁੱਪ ਨੇ ਉਹਨਾਂ ਨੂੰ ਘੇਰ ਲਿਆ।

"ਰਸਲ ਬਿਨਾਂ ਮਹਿਫਲ ਸੁੰਨੀ ਸੁੰਨੀ ਲਗਦੀ ਐ।" ਲਿੰਨ ਨੇ ਚੁੱਪ ਨੂੰ ਤੋੜਿਆ ਤੇ ਉਸ ਦਾ ਮਨ ਵੀ ਭਾਰੀ ਹੋ ਗਿਆ ਸੀ।

ਫਿਰ ਰਸਲ ਦੀਆਂ ਗੱਲਾਂ ਹੋਣ ਲੱਗੀਆਂ। ਬਹੁਤ ਕੁਝ ਯਾਦਾਂ ਦੀ ਪਟਾਰੀ ਵਿਚੋਂ ਫਰੋਲਿਆ ਗਿਆ ਤੇ ਬਹੁਤ ਕੁਝ ਨੂੰ ਸਾਂਭਿਆ ਗਿਆ।

"ਟਰੇਨ ਸਮੇਂ ਸਿਰ ਸੀ ਲਿੰਨ ਜਾਂ ਲੇਟ ਸੀ?" ਐਲਨ ਨੇ ਵਿਸ਼ਾ ਬਦਲਿਆ।

"ਨਹੀਂ ਸਮੇਂ ਸਿਰ ਹੀ ਸੀ। ਹੁਣ ਤਾਂ ਟਰੇਨਾਂ ਸਮੇਂ ਸਿਰ ਹੀ ਹੁੰਦੀਆਂ। ਬਹੁਤੀ ਸਿਰ ਦਰਦੀ ਤਾਂ ਓਦੋਂ ਹੁੰਦੀ ਸੀ ਜਦੋਂ ਬਹੁਤੇ ਸ਼ਹਿਰਾਂ ਦੇ ਟਾਈਮ ਇਕ ਦੂਜੇ ਤੋਂ ਵੱਖਰੇ ਹੁੰਦੇ ਸੀ। ਮਾਨਚੈਸਟਰ ਤੇ ਲਿਵਰਪੂਲ ਨੇੜੇ ਨੇੜੇ ਈ ਆ। ਪਰ ਸਮਾਂ ਉਹਨਾਂ ਦੋਵਾਂ ਸ਼ਹਿਰਾਂ ਦਾ ਵੱਖ ਹੁੰਦਾ ਸੀ। ਲੋਕਾਂ ਨੂੰ ਪਤਾ ਈ ਨੀ ਸੀ ਲਗਦਾ ਕਦੋਂ ਟਰੇਨ ਨੇ ਆਉਣਾ। ਭਲਾ ਹੋਵੇ ਰੇਲ ਕੰਪਨੀਆਂ ਦਾ ਉਹਨਾਂ ਨੇ ਸਿਰ ਜੋੜ ਕੇ (1847) ਇਸ ਦਾ ਹੱਲ ਕੱਢਿਆ। ਯੂ ਕੇ ਦੇ ਸਾਰੇ ਸ਼ਹਿਰਾਂ ਦਾ ਰੇਲਵੇ ਟਾਈਮ ਗਰੈਨਿਚ ਸ਼ਹਿਰ ਦੇ ਸਮੇਂ ਅਨੁਸਾਰ ਇਕੋ ਕਰ ਦਿੱਤਾ।" ਲਿੰਨ ਨੇ ਪਤਲਾ ਜਿਹਾ ਵਾਈਨ ਦਾ ਘੁੱਟ ਭਰਿਆ।

"ਹੁਣ ਤਾਂ ਸਰਕਾਰ ਨੇ ਵੀ (1880) ਕਨੂੰਨ ਪਾਸ ਕਰ ਦਿੱਤਾ ਐ। ਹੁਣ ਤਾਂ ਸਰਕਾਰੀ ਤੌਰ 'ਤੇ ਹੀ ਸਾਰੇ ਦੇਸ਼ ਦਾ ਸਮਾਂ 'ਗਰੈਨਿਚ' ਦੇ ਸਮੇਂ ਅਨੁਸਾਰ ਇਕੋ ਹੀ ਹੋਵੇਗਾ।" ਐਲਨ ਨੇ ਉਹਨਾਂ ਦਿਨਾਂ ਵਿਚ ਹੀ ਪਾਸ ਹੋਏ ਕਨੂੰਨ ਦੀ ਜਾਣਕਾਰੀ ਦਿੱਤੀ।

"ਦੇਖੋ ਜੀ ਸਮੇਂ ਬਦਲ ਰਹੇ ਐ ਤੇ ਬਦਲੀ ਜਾਣੇ ਐ। ਪਹਿਲਾਂ ਲੋਕ ਦਿਨ ਚੜ੍ਹਨ ਤੋਂ ਦਿਨ ਛਿਪਣ ਤੱਕ ਕੰਮ ਕਰਦੇ ਸੀ। ਫਿਰ ਲੋਕਾਂ ਨੇ ਸਮੇਂ ਨਾਲ ਕੰਮ ਕਰਨਾ ਸ਼ੁਰੂ ਕੀਤਾ। ਉਹ ਸਮਾਂ ਵੀ ਘਟਦਾ ਘਟਦਾ ਅੱਠ ਘੰਟੇ 'ਤੇ ਆ ਗਿਆ। ਹੁਣ ਤਾਂ ਮਜ਼ਦੂਰ ਕੰਮ ਵੱਲ ਘੱਟ ਤੇ ਕਲਾਕ ਵੱਲ ਵੱਧ ਵੇਖਦੇ ਐ---।" ਲਿੰਨ ਦੇ ਬੋਲ ਸ਼ਕਾਇਤੀ ਸਨ।

ਕਿਸੇ ਨੇ ਵੀ ਉਸ ਦੀ ਗੱਲ ਨੂੰ ਕੱਟ ਕਰਨ ਦਾ ਯਤਨ ਨਾ ਕੀਤਾ। ਆਖ਼ਰ ਉਹ ਮਹਿਮਾਨ ਸੀ। ਗੱਲਾਂ ਦਾ ਸਿਲਸਿਲਾ ਬਿਜਨਸ ਤੋਂ ਹੁੰਦਾ ਹੋਇਆ ਸਿਆਸਤ ਵੱਲ ਨੂੰ ਮੋੜਾ ਕੱਟ ਗਿਆ ਤੇ ਫਿਰ ਸੌਣ ਦਾ ਵਕਤ ਹੋ ਗਿਆ।

------

ਅਲੀਜ਼ਾ ਖਾਣਾ ਖਾ ਕੇ ਜਲਦੀ ਹੀ ਚਲੀ ਗਈ ਸੀ। ਐਲਨ ਤੇ ਜੈਨੀਫਰ ਵੀ ਸਮੇਂ ਸਿਰ ਹੀ ਚਲੇ ਗਏ। ਜਦੋਂ ਤੱਕ ਉਹ ਬੈਠਾ ਰਿਹਾ ਉਸ ਦੇ ਮਨ ਵਿਚ ਲਿੰਨ ਨਾਲ ਆਪਣੇ ਰਿਸ਼ਤੇ ਬਾਰੇ ਦਵੰਦ ਚਲਦਾ ਰਿਹਾ। ਲਿੰਨ ਨਾਲ ਉਸ ਦਾ ਰਿਸ਼ਤਾ ਦੋਸਤੀ ਵਾਲਾ ਸੀ। ਖ਼ੂਨ ਦੇ ਰਿਸ਼ਤੇ ਕਰਕੇ ਉਹਨਾਂ ਵਿਚ ਕਦੇ ਕੋਈ ਸਬੰਧ ਬਣ ਹੀ ਨਹੀਂ ਸਕਿਆ ਸੀ। ਲਿੰਨ ਨੂੰ ਤਾਂ ਅਜੇ ਤੱਕ ਵੀ ਕੁਝ ਪਤਾ ਨਹੀਂ ਸੀ। ਲਿੰਨ ਨਾਲ ਦੋਸਤੀ ਨੇ ਹੀ ਐਲਨ ਦੇ ਮਨ ਵਿਚ ਉਸ ਦੀ ਮਾੜੀ ਸਿਹਤ ਲਈ ਤਰਸ ਭਰ ਦਿੱਤਾ ਸੀ। ਜਦੋਂ ਉਹ ਵਾਪਿਸ ਆਉਣ ਲੱਗਾ ਤਾਂ ਲਿੰਨ ਨੂੰ ਮੱਲੋਮੱਲੀ ਉਸ ਦੀ ਜੱਫੀ ਪੈ ਗਈ। ਲਿੰਨ ਵੀ ਥੋੜਾ ਭਾਵੁਕ ਹੋ ਗਿਆ ਸੀ।

ਅਗਲੇ ਦਿਨ ਨਾਸ਼ਤੇ ’ਤੇ ਲਿੰਨ ਰੌਬਿਨ ਦੇ ਪਰਿਵਾਰ ਨਾਲ ਬੈਠਾ ਸੀ। ਕਰਿਸਟਲ ਨਾਲ ਉਸ ਨੇ ਕਈ ਪੱਖਾਂ ਤੋਂ ਗੱਲਾਂ ਕੀਤੀਆਂ। ਕਰਿਸਟਲ ਆਮ ਕੁੜੀਆਂ ਵਰਗੀ ਕੁੜੀ ਨਹੀਂ ਸੀ। ਉਹ ਤਾਂ ਮੁੰਡਿਆਂ ਵਰਗੀ ਕੁੜੀ ਸੀ। ਉਸ ਦੀਆਂ ਦਿਲਚਸਪੀਆਂ ਵੀ ਮੁੰਡਿਆਂ ਵਰਗੀਆਂ ਸਨ। ਨਾਸ਼ਤਾ ਕਰਕੇ ਉਹ ਘੋੜ-ਸਵਾਰੀ ਲਈ ਚਲੀ ਗਈ।

“ਕਰਿਸਟਲ ਵੀ ਸ਼ਾਦੀ ਲਾਇਕ ਹੋ ਗਈ ਐ।” ਲਿੰਨ ਨੇ ਸੋਚਵਾਨ ਮੁਦਰਾ ਵਿਚ ਕਿਹਾ।

“ਹਾਂ—ਬੱਚੇ ਤਾਂ ਦਿਨਾਂ ਵਿਚ ਹੀ ਵੱਡੇ ਹੋ ਜਾਂਦੇ ਐ। ਵੈਸੇ ਇਹ ਐਲਨ ਦੇ ਵੱਡੇ ਮੁੰਡੇ ਜੇਮਜ਼ ਨੂੰ ਪਸੰਦ ਕਰਦੀ ਐ।”

“ਅੱਛਾ --। ਇਹ ਮੁੰਡਾ ਅਲੀਜ਼ਾ ਨਾਲ ਕੰਮ ਕਰਦਾ ਭਲਾ!” ਲਿੰਨ ਨੇ ਆਪਣੀ ਯਾਦ ਸ਼ਕਤੀ ਨੂੰ ਕੁਰੇਦਿਆ।

“ਹਾਂ--। ਹੁਣ ਉਸ ਨੇ ਅਲੀਜ਼ਾ ਨਾਲ ਮਿਲ ਕੇ ਨਵਾਂ ਬਿਜਨਸ ਸ਼ੁਰੂ ਕੀਤਾ। ਉਹ ਆਪਣਾ ਅਤੇ ਇਥੋਂ ਹੋਰ ਫੈਕਟਰੀਆਂ ਦਾ ਉਤਪਾਦਨ ਖਰੀਦ ਕੇ ਆਪਣੀ ਮਰਜ਼ੀ ਦੇ ਭਾਅ ਬਾਹਰ ਵੇਚਦਾ। ਸਮਝ ਲਉ ਕੁਝ ਕੁ ਚੀਜ਼ਾਂ ਵਿਚ ਤਾਂ ਉਹਦੀ ਅਜ਼ਾਰੇਦਾਰੀ ਐ। ਮੁੰਡਾ ਮਿਹਨਤੀ ਅਤੇ ਵੱਡੇ ਸੁਪਨੇ ਵੇਖਦਾ। ਉਹਨਾਂ ਸੁਪਨਿਆਂ ਨੂੰ ਪੂਰਾ ਕਰਨ ਦੀ ਉਸ ਵਿਚ ਲਗਨ ਵੀ ਹੈ---।” ਰੌਬਿਨ ਨੇ ਸੰਖੇਪ ਵਿਚ ਜੇਮਜ਼ ਬਾਰੇ ਦੱਸਿਆ।

“ਜੇ ਮੁੰਡਾ ਆਪਣਾ ਵੱਡਾ ਬਿਜਨਸ ਖੜ੍ਹਾ ਕਰਨ ਵਿਚ ਦਿਲਚਸਪੀ ਲੈ ਰਿਹਾ ਐ ਤਾਂ ਤੇਰੀ ਬੈਂਕ ਦਾ ਕੀ ਬਣੂੰਗਾ?”

ਲਿੰਨ ਨੇ ਕੁਝ ਦੇਰ ਸੋਚਦਿਆਂ ਸਵਾਲ ਕੀਤਾ।

ਉਹਦਾ ਇਹ ਸਵਾਲ ਵੀ ਸਹੀ ਸੀ। ਰੌਬਿਨ ਨੂੰ ਆਪਣੀ ਔਲਾਦ ਨਾ ਹੋਣ ਦਾ ਹੁਣ ਬਹੁਤ ਅਫਸੋਸ ਹੁੰਦਾ। ਪਹਿਲੀਆਂ ਵਿਚ ਤਾਂ ਉਹ ਐਡਵੀਨਾ ਦੇ ਪਿਆਰ ਵਿਚ ਹੀ ਬੱਝਿਆ ਹੋਇਆ ਸੀ। ਦੂਰ ਦੀਆਂ ਸਮੱਸਿਆਵਾਂ ਬਾਰੇ ਬਹੁਤਾ ਸੋਚਣ ਦਾ ਵਕਤ ਹੀ ਨਹੀਂ ਸੀ। ਜਦ ਬੱਚਾ ਕੁਝ ਸਾਲ ਨਾ ਹੋਇਆ ਤਾਂ ਕਰਿਸਟਲ ਨੂੰ ਗੋਦ ਲੈ ਲਿਆ। ਕੁੜੀ ਬੈਂਕ ਦਾ ਬਿਜਨਸ ਸਾਂਭ ਲਵੇਗੀ, ਇਹ ਸੋਚਣਾ ਵੀ ਮੁਸ਼ਕਲ ਸੀ। ਅਜਿਹੇ ਕੰਮ ਤਾਂ ਆਦਮੀ ਹੀ ਕਰਦੇ ਸਨ। ਰੌਬਿਨ ਨੂੰ ਆਪਣੀ ਸਾਰੀ ਕਮਾਈ ਅਜਾਂਈ ਜਾਂਦੀ ਲੱਗ ਰਹੀ ਸੀ। ਕਰਿਸਟਲ ਕੋਲ ਤਾਂ ਬਥੇਰਾ ਪੈਸਾ ਹੋ ਜਾਣਾ ਸੀ। ਰੌਬਿਨ ਸੋਚਦਾ ਇਕ ਦਿਨ ਬੈਂਕ ਦੇ ਸਾਰੇ ਸ਼ੇਅਰ ਉਸ ਨੂੰ ਵੇਚਣੇ ਪੈਣਗੇ। ਜੇ ਉਸ ਦਾ ਆਪਣਾ ਮੁੰਡਾ ਹੁੰਦਾ ਤਾਂ ਉਹ ਮਿਹਨਤ ਨਾਲ ਲੰਡਨ ਦੀਆਂ ਨਾਮਵਾਰ ਬੈਂਕਾਂ ਵਿਚ ਸ਼ੁਮਾਰ ਕੀਤੀ ਆਪਣੀ ਬੈਂਕ ਆਪਣੇ ਪ੍ਰੀਵਾਰ ਦੇ ਨਾਂ ਰੱਖ ਸਕਦਾ ਸੀ।

“ਇਹ ਸਮੱਸਿਆ ਤਾਂ ਹੈ। ਇਸ ਦਾ ਮੇਰੇ ਕੋਲ ਕੋਈ ਹੱਲ ਨਹੀਂ। ਕਰਿਸਟਲ ਦੀ ਖ਼ੁਸ਼ੀ ਵਿਚ ਹੀ ਸਾਡੀ ਖ਼ੁਸ਼ੀ ਐ।” ਰੌਬਿਨ ਦੇ ਬੋਲਾਂ ਵਿਚ ਉਦਾਸੀ ਦੀ ਝਲਕ ਸੀ।

“ਤੂੰ ਜੇਮਜ਼ ਨੂੰ ਬੈਂਕ ਦੇ ਕੰਮ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰ ਤੇ ਰਸਲ ਦਾ ਮੁੰਡਾ ਤੇ ਐਲਨ ਦਾ ਦੂਜਾ ਮੁੰਡਾ ਦੋਵੇਂ ਇਸ ਨਵੇਂ ਬਿਜਨਸ ਦਾ ਖਿਆਲ ਰੱਖ ਸਕਦੇ ਐ।” ਲਿੰਨ ਨੇ ਵਜ਼ਨਦਾਰ ਰਾਇ ਦਿੱਤੀ।

“ਹਾਂ ਇਹ ਵੀ ਹੋ ਸਕਦਾ---।” ਰੌਬਿਨ ਨੇ ਐਡਵੀਨਾ ਵੱਲ ਵੇਖਿਆ।

“ਲਿੰਨ ਸਾਡੀ ਦੋਵਾਂ ਦੀ ਇਸ ਬਾਰੇ ਰਾਇ ਵੱਖੋ ਵੱਖ ਐ। ਮੈਂ ਚਾਹੁੰਦੀ ਆਂ ਜੇਮਜ਼ ਨਾਲ ਵਿਆਹ ਤੋਂ ਪਹਿਲਾਂ ਗੱਲ ਕੀਤੀ ਜਾਵੇ ਤੇ ਉਸ ਤੋਂ ਵਾਇਦਾ ਲਿਆ ਜਾਵੇ ਕਿ ਉਹ ਬੈਂਕ ਦੇ ਕੰਮ ਵਿਚ ਸ਼ਾਮਲ ਹੋਵੇਗਾ। ਰੌਬਿਨ

ਸਮਝਦਾ ਵਿਆਹ ਤੋਂ ਬਾਅਦ ਹੌਲੀ ਹੌਲੀ ਜੇਮਜ਼ ਨੂੰ ਸਮਝਾਇਆ ਜਾਵੇ--।" ਐਡਵੀਨਾ ਜੋ ਹੁਣ ਤੱਕ ਸੁਣ ਹੀ ਰਹੀ ਸੀ, ਨੇ ਅਸਲੀ ਗੱਲ ਖੋਲ੍ਹ ਦਿੱਤੀ।

ਗੱਲਾਂ ਦੋਵੇਂ ਹੀ ਸਹੀ ਸਨ। ਲਿੰਨ ਵੀ ਸੋਚਣ ਲੱਗਾ। ਉਸ ਨੂੰ ਵੀ ਸਹੀ ਰਸਤਾ ਨਜ਼ਰ ਨਹੀਂ ਆ ਰਿਹਾ ਸੀ।

"ਲਿੰਨ ਸਭ ਤੋਂ ਵੱਡੀ ਗੱਲ ਕਰਿਸਟਲ ਦੀ ਖੁਸ਼ੀ ਐ। ਜੇ ਜੇਮਜ਼ ਨੂੰ ਹੁਣ ਤੋਂ ਹੀ ਮਜ਼ਬੂਰ ਕਰਨ ਦਾ ਯਤਨ ਕੀਤਾ ਗਿਆ ਤਾਂ ਸੰਭਵ ਐ ਉਹਨਾਂ ਦਾ ਰਿਸ਼ਤਾ ਹੀ ਦਾਅ 'ਤੇ ਲੱਗ ਜਾਵੇ। ਬਾਅਦ ਦੀ ਗੱਲ ਹੋਰ ਐ। ਪਹਿਲਾਂ ਢੰਗ ਨਾਲ ਦੂਸਰੇ ਦੋਵਾਂ ਮੁੰਡਿਆਂ ਨੂੰ ਉਸ ਨਾਲ ਕੰਮ ਕਰਨ ਲਾਇਆ ਜਾਵੇ ਤੇ ਹੌਲੀ ਹੌਲੀ ਜੇਮਜ਼ ਨੂੰ ਬੈਂਕ ਦੇ ਬਿਜਨਸ ਵੱਲ ਖਿੱਚਿਆ ਜਾਵੇ।" ਰੌਬਿਨ ਨੇ ਸੋਚੀ ਸਮਝੀ ਗੱਲ ਕਹਿ ਦਿੱਤੀ।

ਉਹਨਾਂ ਵਿਚ ਬਹਿਸ ਹੁੰਦੀ ਰਹੀ। ਲਿੰਨ ਸੁਣਦਾ ਰਿਹਾ। ਸਮੇਂ ਸਮੇਂ ਆਪਣੀ ਰਾਇ ਵੀ ਦਿੰਦਾ ਰਿਹਾ।

"ਮੇਰੇ ਖਿਆਲ ਵਿਚ ਇਕੱਲੀ ਪੈਸੇ ਦੀ ਬਹੁਲਤਾ ਖੁਸ਼ੀ ਦੀ ਗਰੰਟੀ ਨਹੀਂ ਦੇ ਸਕਦੀ। ਪ੍ਰੀਵਾਰਕ ਸੁਖ-ਸ਼ਾਂਤੀ ਬਹੁਤ ਵੱਡਾ ਰੋਲ ਅਦਾ ਕਰਦੀ ਐ। ਮੰਨ ਲਵੋ ਜੇ ਜੇਮਜ਼ ਬੈਂਕ ਦੇ ਕੰਮ ਵਿਚ ਨਾ ਵੀ ਆਵੇ ਤਾਂ ਵੀ ਬਹੁਤੀ ਵੱਡੀ ਗੱਲ ਨਹੀਂ। ਉਸ ਕੋਲ ਹੁਣ ਵੀ ਕਰਿਸਟਲ ਨੂੰ ਚੰਗੇ ਸੁੱਖ ਦੇਣ ਜੋਗਾ ਤਾਣ ਹੈਗਾ। ਬੈਂਕ ਦੇ ਸ਼ੇਅਰਾਂ ਦੀ ਆਮਦਨ ਤਾਂ ਇਹ ਜਦੋਂ ਤੱਕ ਚਾਹੇ ਲਈ ਜਾਵੇ----।"

ਰੌਬਿਨ ਦੀ ਗੱਲ ਵਿਚ ਤੰਤ ਸੀ ਲਿੰਨ ਉਸ ਨਾਲ ਸਹਿਮਤ ਸੀ। ਉਹ ਐਡਵੀਨਾ ਨੂੰ ਵੀ ਨਰਾਜ਼ ਨਹੀਂ ਕਰਨਾ ਚਾਹੁੰਦਾ ਸੀ। ਉਸ ਨੇ ਗੱਲ ਬਦਲੀ।

"ਚਾਰਲਸ ਅੱਜ ਕੱਲ੍ਹ ਕਿੱਥੇ ਹੁੰਦਾ ਐ?"

"ਉਹ ਤਾਂ ਵੇਚ ਵੱਟ ਕੇ ਅਮਰੀਕਾ ਚਲਾ ਗਿਆ ਐ। ਉਸ ਦੀ ਚਿੱਠੀ ਆ ਜਾਂਦੀ ਐ। ਉਸ ਨੇ ਵੀ ਆਪਣੀ ਜ਼ਿੰਦਗੀ ਕਿਸੇ ਪਾਸੇ ਨਹੀਂ ਲਾਈ। ਜਦੋਂ ਪਿਉ ਦੇ ਘਰ ਅੱਗੇ ਦੀ ਲੰਘਦੀ ਆਂ ਤਾਂ ਬਹੁਤ ਦੁੱਖ ਹੁੰਦਾ। ਚਾਰਲਸ ਨੇ ਉਹ ਘਰ ਵੀ ਵੇਚ ਦਿੱਤਾ ਐ।" ਐਡਵੀਨਾ ਨੇ ਆਪਣਾ ਦੁੱਖ ਸਾਂਝਾ ਕੀਤਾ।

"—ਤੇ ਰੌਬਿਨ ਉਹ ਬੰਦਾ ਅਜੇ ਵੀ ਜੇਲ੍ਹ 'ਚ ਈ ਐ?"

"ਬਿਲ ਬਰਾਊਨ। ਦੋ ਕੁ ਮਹੀਨੇ ਪਹਿਲਾਂ ਉਸ ਦੀ ਜੇਲ੍ਹ ਵਿਚ ਮੌਤ ਹੋ ਗਈ ਐ।"

ਉਹਨਾਂ ਨੇ ਬਹੁਤ ਸਾਰੀਆਂ ਗੱਲਾਂ ਕੀਤੀਆਂ। ਰੌਬਿਨ ਨੇ ਬੈਂਕ ਤੋਂ ਵਿਹਲ ਰੱਖੀ ਹੋਈ ਸੀ। ਲੰਚ ਦਾ ਸਮਾਂ ਹੋ ਰਿਹਾ ਸੀ ਤੇ ਲਿੰਨ ਨੂੰ ਰੌਬਿਨ ਨੇ ਤਿਆਰ ਹੋਣ ਲਈ ਕਿਹਾ।

ਲਿੰਨ ਨੂੰ ਲੰਡਨ ਆਉਣਾ ਬਹੁਤ ਚੰਗਾ ਲੱਗਾ ਸੀ। ਪੁਰਾਣੇ ਦੋਸਤਾਂ ਨਾਲ ਸਮਾਂ ਬਿਤਾਉਣ ਨਾਲ ਉਹ ਤਰੋਤਾਜ਼ਾ ਮਹਿਸੂਸ ਕਰ ਰਿਹਾ ਸੀ। ਚਾਰ ਦਿਨ ਰਹਿ ਕੇ ਉਹ ਵਾਪਿਸ ਚਲਾ ਗਿਆ। ਰੌਬਿਨ, ਕਰਿਸਟਲ ਅਤੇ ਜੇਮਜ਼ ਬਾਰੇ ਹੋਰ ਵੀ ਗਹਿਰਾਈ ਨਾਲ ਸੋਚਣ ਲੱਗਾ।

## 35

ਜੇਮਜ਼ ਅਤੇ ਕਰਿਸਟਲ ਦਾ ਵਿਆਹ ਬਹੁਤ ਧੂਮ-ਧਾਮ ਨਾਲ ਹੋਇਆ। ਰੌਬਿਨ ਨੇ ਆਪਣੇ ਦਾਇਰੇ ਦੇ ਮੰਨੇ-ਪ੍ਰਮੰਨੇ ਲੋਕਾਂ ਨੂੰ ਦਾਅਵਤ ਦਾ ਸੱਦਾ-ਪੱਤਰ ਭੇਜਿਆ ਅਤੇ ਐਲਨ ਨੇ ਆਪਣੇ ਸਿਆਸੀ ਭਾਈਚਾਰੇ ਵਿਚੋਂ ਚੁਣੀਂਦਾ ਲੋਕਾਂ ਨੂੰ ਬੁਲਾਇਆ। ਪ੍ਰਾਈਮ ਮਨਿਸਟਰ ਤੋਂ ਬਿਨਾਂ ਕਈ ਮਨਿਸਟਰ ਅਤੇ ਐਮ ਪੀ ਵੀ ਹਾਜ਼ਰ ਸਨ। 'ਪ੍ਰਿੰਸ ਆਫ ਵੇਲਜ਼' ਦਾ ਆਉਣਾ ਖਾਸ ਗੱਲ ਸੀ। ਬਹੁਤ ਸਾਰੇ ਲੋਕ ਹੈਰਾਨ ਸਨ। ਰੌਬਿਨ ਦੀ ਪਹੁੰਚ ਸ਼ਾਹੀ ਘਰਾਣੇ ਤੱਕ ਵੀ ਸੀ,ਇਸ ਗੱਲ ਦਾ ਬਹੁਤ ਘੱਟ ਲੋਕਾਂ ਨੂੰ ਅਨੁਮਾਨ ਸੀ। ਵਿਆਹ ਦੀ ਸਪੀਚ ਕਰਨ ਵੇਲੇ ਰੌਬਿਨ ਦੋ ਵਾਰ ਵਾਹਵਾ ਭਾਵੁਕ ਹੋਇਆ ਸੀ।

ਰੌਬਿਨ ਨੇ ਕਰਿਸਟਲ ਨੂੰ ਗਿਫਟ ਵਜੋਂ ਚੈਲਸੀ ਦੇ ਚੰਗੇ ਇਲਾਕੇ ਵਿਚ ਸੁਹਣਾ ਘਰ ਖਰੀਦ ਦਿੱਤਾ ਸੀ। ਵੈਸੇ ਤਾਂ ਜੇਮਜ਼ ਦੀ ਆਮਦਨ ਵੀ ਬਹੁਤ ਚੰਗੀ ਸੀ ਫਿਰ ਵੀ ਰੌਬਿਨ ਨੇ ਕਰਿਸਟਲ ਦੀ ਪਸੰਦ ਨੂੰ ਧਿਆਨ ਵਿਚ ਰੱਖਦਿਆਂ ਘਰ ਦੀ ਚੋਣ ਕੀਤੀ ਸੀ। ਜੇਮਜ਼ ਨੂੰ ਉਸ ਨੇ ਘਰ ਦੀ ਖਰੀਦ ਵਲੋਂ ਬੇਚਿੰਤ ਰਹਿਣ ਲਈ ਕਹਿ ਦਿੱਤਾ ਸੀ।

ਵਿਆਹ ਬਾਅਦ ਕਰਿਸਟਲ ਤੇ ਜੇਮਜ਼ ਆਪਣੇ ਨਵੇਂ ਘਰ ਵਿਚ ਚਲੇ ਗਏ ਸਨ। ਐਡਵੀਨਾ ਨੂੰ ਕਰਿਸਟਲ ਬਿਨਾਂ ਘਰ ਸੁੰਨਾ ਜਿਹਾ ਲਗਦਾ ਸੀ। ਰੌਬਿਨ ਨੇ ਬੋਲ ਕੇ ਕੁਝ ਨਹੀਂ ਸੀ ਕਿਹਾ ਵੈਸੇ ਉਹ ਵੀ ਕਰਿਸਟਲ ਬਿਨਾਂ ਅਧੂਰਾ ਜਿਹਾ ਹੀ ਮਹਿਸੂਸ ਕਰ ਰਿਹਾ ਸੀ। ਉਹ ਜਾਣਦਾ ਸੀ ਅਜਿਹੀ ਹਾਲਤ ਬਹੁਤ ਦਿਨਾਂ ਤੱਕ ਨਹੀਂ ਸੀ ਰਹਿਣੀ। ਬੰਦੇ ਦਾ ਮਨ ਸਮੇਂ ਅਤੇ ਹਾਲਾਤ ਨਾਲ ਸਮਝੌਤਾ ਕਰਨ ਦੀ ਸਮਰੱਥਾ ਰਖਦਾ ਹੈ ਤੇ

ਕਰ ਵੀ ਲੈਂਦਾ ਹੈ। ਉਸ ਦਾ ਧਿਆਨ ਜੇਮਜ਼ ਨੂੰ ਬੈਂਕ ਦੇ ਕੰਮ ਵਿਚ ਲੈ ਕੇ ਆਉਣ ਵੱਲ ਲੱਗਾ ਹੋਇਆ ਸੀ। ਅਜੇ ਤਾਂ ਬੱਚੇ ਅਮਰੀਕਾ ਨੂੰ ਹਨੀਮੂਨ ਮਨਾਉਣ ਲਈ ਜਾ ਰਹੇ ਸਨ। ਤਿੰਨ ਕੁ ਮਹੀਨੇ ਬਾਅਦ ਆਉਣਗੇ ਤਾਂ ਰੌਬਿਨ ਲਈ ਜੇਮਜ਼ ਨਾਲ ਗੱਲ ਕਰਨੀ ਸੌਖੀ ਹੋ ਜਾਣੀ ਸੀ।

ਆਪਣੀ ਸਕੀਮ ਅਨੁਸਾਰ ਰੌਬਿਨ ਨੇ ਉਹਨਾਂ ਲਈ ਅਮਰੀਕਾ ਦਾ ਹਨੀਮੂਨ ਬੁੱਕ ਕਰ ਦਿੱਤਾ ਸੀ। ਉਸ ਨੇ ਅਲੀਜ਼ਾ ਨੂੰ ਕਹਿ ਕੇ ਵਿਲੀਅਮ ਨੂੰ ਜੇਮਜ਼ ਨਾਲ ਕੰਮ ਕਰਨ ਲਈ ਲਗਾ ਦਿੱਤਾ। ਵਿਲੀਅਮ ਨੇ ਚਾਰ ਕੁ ਮਹੀਨੇ ਵਿਚ ਕੰਮ ਸਮਝ ਲਿਆ ਸੀ। ਇਹਨਾਂ ਦਿਨਾਂ ਵਿਚ ਹੀ ਰੌਬਿਨ ਨੇ ਐਲਨ ਨੂੰ ਕਹਿ ਕੇ ਜੇਮਜ਼ ਦੇ ਭਰਾ ਸਕੌਟ ਨੂੰ ਵੀ ਵਿਲੀਅਮ ਨਾਲ ਕੰਮ 'ਤੇ ਲਗਾ ਦਿੱਤਾ ਸੀ। ਜੇਮਜ਼ ਨੇ ਵੇਖਿਆ ਦੋਵੇਂ ਮੁੰਡੇ ਕੰਮ ਵਿਚ ਦਿਲਚਸਪੀ ਲੈਂਦੇ ਸਨ ਅਤੇ ਉਸ ਨੂੰ ਆਪਣੇ ਸਿਰ ਤੋਂ ਬੋਝ ਲਹਿ ਗਿਆ ਮਹਿਸੂਸ ਹੁੰਦਾ ਸੀ। ਰੌਬਿਨ ਮਨੋ ਮਨ ਖੁਸ਼ ਸੀ। ਉਸ ਨੂੰ ਆਪਣੀ ਸਕੀਮ ਦੀ ਕਾਮਯਾਬੀ ਦਾ ਵਿਸ਼ਵਾਸ਼ ਹੋਣ ਲੱਗਾ ਸੀ।

ਕਰਿਸਟਲ ਤੇ ਜੇਮਜ਼ ਦੋਵੇਂ ਹੀ ਜਿਵੇਂ ਹਵਾ ਵਿਚ ਉੱਡ ਰਹੇ ਸਨ। ਕਰਿਸਟਲ ਲਈ ਮਾਂ ਪਿਉ ਤੋਂ ਦੂਰ ਜਾਣਾ ਬਹੁਤ ਔਖਾ ਲਗਦਾ ਸੀ ਤੇ ਉਹ ਐਡਵੀਨਾ ਦਾ ਬਹੁਤ ਫਿਕਰ ਕਰਦੀ। ਜੇਮਜ਼ ਦੀਆਂ ਬਾਹਾਂ ਵਿਚ ਸਿਮਟ ਕੇ ਉਸ ਨੂੰ ਸਾਰੇ ਫਿਕਰ ਭੁੱਲ ਜਾਂਦੇ। ਅਮਰੀਕਾ ਦੇ ਸਫ਼ਰ ਦਾ ਉਹਨਾਂ ਨੇ ਬਹੁਤ ਅਨੰਦ ਮਾਣਿਆ ਸੀ। ਉਹਨਾਂ ਦੀ ਜ਼ਿੰਦਗੀ ਦੇ ਹੁਸੀਨ ਦਿਨ ਉਹਨਾਂ ਦੀਆਂ ਯਾਦਾਂ ਦੀ ਸਮਗਰੀ ਬਣ ਗਏ ਸਨ। ਅਮਰੀਕਾ ਤੋਂ ਵਾਪਿਸ ਆ ਕੇ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਰੁਟੀਨ ਨੂੰ ਫਿਰ ਤੋਂ ਨੇਮ-ਬੱਧ ਕੀਤਾ। ਜੇਮਜ਼ ਆਪਣੇ ਕੰਮ 'ਤੇ ਜਾਣ ਲੱਗਾ ਤੇ ਕਰਿਸਟਲ ਕਦੀ ਆਪਣੀ ਮਾਂ ਵੱਲ ਚਲੀ ਜਾਂਦੀ। ਕਦੀ ਰੌਬਿਨ ਦੇ ਦੋਸਤਾਂ ਦੀਆਂ ਘਰਵਾਲੀਆਂ ਨਾਲ ਚਾਹ ਪਾਰਟੀਆਂ ਵਿਚ ਰੁਝੀ ਰਹਿੰਦੀ।

ਅਮਰੀਕਾ ਤੋਂ ਵਾਪਿਸੀ ਜੇਮਜ਼ ਲਈ ਉੱਤਸੁਕਤਾ ਦੇ ਨਾਲ ਨਾਲ ਫਿਕਰਮੰਦੀ ਨਾਲ ਵੀ ਭਰੀ ਹੋਈ ਸੀ। ਸਕੌਟ ਅਤੇ ਵਿਲੀਅਮ ਨਾਲ ਉਸ ਨੇ ਸੰਪਰਕ ਕਾਇਮ ਰੱਖਿਆ ਸੀ। ਉਹਨਾਂ ਵਿਚ ਤਾਰਾਂ ਰਾਹੀ ਗੱਲ-ਬਾਤ ਲੋੜ ਅਨੁਸਾਰ ਚਲਦੀ ਰਹੀ ਸੀ। ਲੋੜ ਪੈਣ 'ਤੇ ਜੇਮਜ਼ ਉਹਨਾਂ ਨੂੰ ਆਪਣੀ ਰਾਇ ਦੇ ਦਿੰਦਾ। ਉਹਨਾਂ ਤੋਂ ਕੰਮ ਸਬੰਧੀ ਜਾਣਕਾਰੀ ਲੈ ਲੈਂਦਾ। ਸਾਰੀ ਗੱਲ-ਬਾਤ ਰਾਹੀਂ ਉਸ ਨੂੰ ਲਗਦਾ ਕੰਮ ਠੀਕ ਠਾਕ ਚੱਲ ਰਿਹਾ ਸੀ। ਫਿਰ ਵੀ ਉਸ ਦੇ ਮਨ ਵਿਚ ਧੁੜਕੂ ਲੱਗਾ ਰਹਿੰਦਾ। ਇਕ ਵਾਰ ਪੈਰੋਂ ਉੱਖੜਿਆ ਕੰਮ ਮੁੜ ਪੈਰਾਂ ਸਿਰ ਲਿਆਉਣਾ ਬਹੁਤ ਹੀ ਮੁਸ਼ਕਲ ਹੁੰਦਾ ਹੈ, ਜੇਮਜ਼ ਨੂੰ ਪਤਾ ਸੀ। ਘਰੇ ਉਹ ਬਾਅਦ ਦੁਪਹਿਰ ਪਹੁੰਚੇ ਸਨ ਅਤੇ ਉਹ ਅਗਲੇ ਦਿਨ ਸਵੇਰੇ ਅੱਠ ਵਜੇ ਦਫ਼ਤਰ ਪਹੁੰਚ ਗਿਆ। ਸਭ ਨੇ ਉਸ ਦਾ ਸਵਾਗਤ ਕੀਤਾ ਅਤੇ ਰਸਮੀ ਜਿਹੀ ਅਮਰੀਕਾ ਬਤਾਈਆਂ ਛੁੱਟੀਆਂ ਦੀ ਜਾਣਕਾਰੀ ਲਈ। ਸਕੌਟ ਨੂੰ ਮਿਲ ਕੇ ਉਸ ਨੂੰ ਬਹੁਤ ਖੁਸ਼ੀ ਹੋਈ ਅਤੇ ਉਸ ਨੇ ਬਾਕੀ ਦੇ ਪ੍ਰੀਵਾਰ ਦੀ ਸੁੱਖ ਸਾਂਦ ਪੁੱਛੀ। ਘੰਟੇ ਕੁ ਬਾਅਦ ਉਹ ਆਪਣੇ ਕੰਮ ਵਿਚ ਮਸਤ ਸੀ।

ਸਭ ਤੋਂ ਪਹਿਲਾਂ ਉਸ ਨੇ ਅਕਾਊਂਟੈਂਟ ਨੂੰ ਅਕਾਊਂਟ ਪੇਸ਼ ਕਰਨ ਲਈ ਕਿਹਾ। ਉਹ ਬੰਦ ਕਮਰੇ ਵਿਚ ਅਕਾਊਂਟੈਂਟ ਨਾਲ ਬੈਲੈਂਸ ਸ਼ੀਟ ਵੇਖਦਾ-ਘੋਖਦਾ ਰਿਹਾ। ਬਹੁਤ ਸਾਰੇ ਸਵਾਲ ਪੁੱਛਦਾ ਰਿਹਾ ਤੇ ਆਪਣੀ ਤਸੱਲੀ ਕਰਦਾ ਰਿਹਾ। ਅਕਾਊਂਟਸ ਦੀ ਹਾਲਤ ਸਿਹਤਮੰਦ ਸੀ। ਮੁੰਡਿਆਂ ਨੇ ਨਵੇਂ ਗਾਹਕ ਲੱਭੇ ਸਨ ਅਤੇ ਪੁਰਾਣਿਆਂ ਨਾਲ ਵੀ ਬਿਜ਼ਨਸ ਵਿਚ ਵਾਧਾ ਕੀਤਾ ਸੀ। ਬੇਸ਼ਕ ਇਹ ਵਾਧਾ ਬਹੁਤ ਜ਼ਿਕਰਯੋਗ ਨਹੀਂ ਸੀ। ਫਿਰ ਵੀ ਕੁਲ ਮਿਲਾ ਕੇ ਜੇਮਜ਼ ਸੰਤੁਸ਼ਟ ਸੀ। ਉਸ ਨੇ ਸਕੌਟ ਅਤੇ ਵਿਲੀਅਮ ਨਾਲ ਵੀ ਮੀਟਿੰਗ ਕੀਤੀ। ਉਹਨਾਂ ਨਾਲ ਗੱਲਾਂ ਕਰਕੇ ਉਹ ਖੁਸ਼ ਹੋ ਗਿਆ। ਮੁੰਡਿਆਂ ਦਾ ਸਵੈ-ਵਿਸ਼ਵਾਸ਼ ਵਧ ਗਿਆ ਸੀ। ਸਕੌਟ ਤਾਂ ਪਹਿਲਾਂ ਬਹੁਤ ਚੁੱਪ ਕੀਤਾ ਹੁੰਦਾ ਸੀ। ਹੁਣ ਉਹ ਕੰਮ ਵਿਚ ਹਰ ਕਿਸੇ ਨਾਲ ਲੋੜ ਗੋਚਰੀ ਵਾਰਤਾਲਾਪ ਕਰਦਾ ਜੇਮਜ਼ ਨੂੰ ਬਹੁਤ ਚੰਗਾ ਲੱਗ ਰਿਹਾ ਸੀ।

ਲੰਚ ਵੇਲੇ ਤੱਕ ਜੇਮਜ਼ ਪੂਰੀ ਤਸੱਲੀ ਕਰ ਚੁਕਿਆ ਸੀ ਤੇ ਉਹ ਵਿਲੀਅਮ ਤੇ ਸਕੌਟ ਨੂੰ ਨਾਲ ਲੈ ਕੇ ਕਲੱਬ ਵਿਚ ਲੰਚ ਕਰਨ ਚਲਾ ਗਿਆ। ਲੰਚ ਬਾਅਦ ਵਿਲੀਅਮ ਤੇ ਸਕੌਟ ਤਾਂ ਦਫ਼ਤਰ ਚਲੇ ਗਏ ਤੇ ਜੇਮਜ਼ ਮਾਂ ਨੂੰ ਮਿਲਣ ਘਰ ਚਲਾ ਗਿਆ। ਜੈਨੀਫਰ ਲਈ ਜਿਵੇਂ ਚੰਨ ਚੜ੍ਹ ਆਇਆ ਹੋਵੇ। ਐਲਨ ਘਰ ਨਹੀਂ ਸੀ। ਉਸ ਰਾਤ ਕਰਿਸਟਲ ਨੇ ਆਪਣੀ ਮਾਂ ਕੋਲ ਰਹਿਣਾ ਸੀ ਤੇ ਜੇਮਜ਼ ਨੇ ਆਪਣੇ ਮਾਪਿਆ ਦੇ ਘਰ। ਸੋ ਸ਼ਾਮ ਨੂੰ ਪ੍ਰੀਵਾਰਕ ਮਹਿਫਲ ਜੰਮ ਜਾਣੀ ਸੀ ਜਿਸ ਲਈ ਸਾਰੇ ਹੀ ਉੱਤਸੁਕ ਸਨ।

ਕਰਿਸਟਲ ਨੂੰ ਮਿਲ ਕੇ ਐਡਵੀਨਾ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਹ ਕਰਿਸਟਲ ਵੱਲ ਡੂੰਘੀਆਂ ਨਜ਼ਰਾਂ ਨਾਲ ਵੇਖ ਰਹੀ ਸੀ। ਅਸਲ ਵਿਚ ਉਹ ਜਾਣਨਾ ਚਾਹੁੰਦੀ ਸੀ ਕਿ ਕੀ ਉਹ ਨਾਨੀ ਬਣਨ ਵਾਲੀ ਸੀ ਜਾਂ ਨਹੀਂ? ਵਿਆਹ ਤੋਂ ਪਹਿਲਾਂ ਤੱਕ ਐਡਵੀਨਾ ਨੂੰ ਡਰ ਲੱਗਿਆ ਰਹਿੰਦਾ ਕਿਤੇ ਜੇਮਜ਼ ਅਤੇ ਕਰਿਸਟਲ

ਅਜਿਹੀ ਗਲਤੀ ਨਾ ਕਰ ਲੈਣ ਜਿਸ ਨਾਲ ਪ੍ਰੀਵਾਰ ਦੀ ਇੱਜ਼ਤ ’ਤੇ ਸਵਾਲ ਉੱਠਣ। ਉਹ ਕਰਿਸਟਲ ਨੂੰ ਆਨੀ-ਬਹਾਨੀ ਅਗਾਹ ਕਰਦੀ ਰਹਿੰਦੀ। ਜਦੋਂ ਕਦੀ ਜੇਮਜ਼ ਦੇਸ਼ ਤੋਂ ਬਾਹਰ ਜਾਂਦਾ ਤਾਂ ਐਡਵੀਨਾ ਨੂੰ ਸੁੱਖ ਦਾ ਸਾਹ ਆਉਂਦਾ। ਜਿਵੇਂ ਕਿਵੇਂ ਐਡਵੀਨਾ ਲਈ ਉਹ ਸਮਾਂ ਬੀਤ ਗਿਆ। ਕਰਿਸਟਲ ਨੇ ਆਪਣੀ ਪੜ੍ਹਾਈ ਪੂਰੀ ਕਰ ਲਈ ਅਤੇ ਜੇਮਜ਼ ਨੇ ਆਪਣਾ ਬਿਜ਼ਨਸ ਸੈਟ ਕਰ ਲਿਆ ਸੀ। ਹੁਣ ਉਹਨਾਂ ਦੇ ਵਿਆਹ ਵਿਚ ਕੋਈ ਅੜਚਨ ਨਹੀਂ ਸੀ। ਸੋ ਵਿਆਹ ਬਾਅਦ ਐਡਵੀਨਾ ਫਿਕਰ ਤੋਂ ਸੁਰਖਰੂ ਹੋ ਗਈ ਸੀ। ਹੁਣ ਐਡਵੀਨਾ ਆਪਣੀ ਬੇਟੀ ਦੀ ਕੁੱਖ ਭਰੀ ਵੇਖਣੀ ਚਾਹੁੰਦੀ ਸੀ। ਸਗੋਂ ਕਾਹਲੀ ਸੀ। ਉਹ ਕਰਿਸਟਲ ਨੂੰ ਪੁੱਛਣਾ ਚਾਹੁੰਦੀ ਸੀ ਪਰ ਕਰਿਸਟਲ ਨੂੰ ਵਾਰ ਵਾਰ ਦਿੱਤੀਆਂ ਨਸੀਹਤਾਂ ਉਸ ਨੂੰ ਰੋਕ ਰਹੀਆਂ ਸਨ। ਉਸ ਨੂੰ ਉਮੀਦ ਸੀ ਕਰਿਸਟਲ ਆਪ ਹੀ ਸਭ ਕੁਝ ਦੱਸ ਦੇਵੇਗੀ।

ਵੀਕਐਂਡ ਰੌਬਿਨ ਅਤੇ ਜੇਮਜ਼ ਦੋਵਾਂ ਦਾ ਵਿਹਲਾ ਸੀ। ਜੇਮਜ਼ ਨੂੰ ਉਹਨਾਂ ਨੇ ਵੀਕਐਂਡ ਉਹਨਾਂ ਨਾਲ ਬਿਤਾਉਣ ਦਾ ਸੱਦਾ ਦਿੱਤਾ। ਰੌਬਿਨ ਜੇਮਜ਼ ਨਾਲ ਗੱਲਾਂ ਬਾਤਾਂ ਕਰਕੇ ਉਸ ਦੇ ਮਨ ਨੂੰ ਟਟੋਲਣਾ ਚਾਹੁੰਦਾ ਸੀ।

## 35

ਰੌਬਿਨ ਆਪਣੇ ਨਿਸ਼ਾਨੇ ਪੂਰੇ ਕਰਨ ਵਿਚ ਸਫ਼ਲ ਹੋ ਗਿਆ ਸੀ। ਪਹਿਲਾਂ ਪਹਿਲਾਂ ਤਾਂ ਜੇਮਜ਼ ਬੈਂਕ ਵਿਚ ਹਿੱਸੇਦਾਰੀ ਲਈ ਤਿਆਰ ਨਹੀਂ ਸੀ। ਰੌਬਿਨ ਦੀ ਕਦਮ ਫੂਕ-ਫੂਕ ਕੇ ਰਖਣ ਵਾਲੀ ਪਾਲਸੀ ਨੇ ਉਸ ਨੂੰ ਸਫ਼ਲਤਾ ਦਿੱਤੀ ਸੀ। ਜੇਮਜ਼ ਨੂੰ ਰੌਬਿਨ ਨੇ ਪਹਿਲਾਂ ਉਸ ਨੂੰ ਹਫ਼ਤੇ ਵਿਚ ਇਕ ਦੋ ਦਿਨ ਕੰਮ ਕਰਨ ਲਈ ਮਨਾਇਆ। ਹੌਲੀ ਹੌਲੀ ਜੇਮਜ਼ ਬੈਂਕ ਦੇ ਕੰਮ ਵਿਚ ਦਿਲਚਸਪੀ ਲੈਣ ਲੱਗਾ। ਉਸ ਨੇ ਜੇਮਜ਼ ਨੂੰ ਨਵਾਂ ਦਫ਼ਤਰ ਦੇ ਦਿੱਤਾ ਤੇ ਉਹ ਪੂਰੀ ਤਰ੍ਹਾਂ ਬੈਂਕ ਦਾ ਬਣ ਕੇ ਰਹਿ ਗਿਆ। ਰੌਬਿਨ ਦੇ ਹਿੱਸੇਦਾਰ ਤਾਂ ਜਲਦੀ ਹੀ ਰੌਬਿਨ ਦੇ ਹਿੱਸੇ ਖਰੀਦ ਕੇ ਮੁੱਖ ਹਿੱਸੇਦਾਰ ਬਣਨ ਦੀ ਕੋਸ਼ਿਸ਼ ਵਿਚ ਸਨ। ਹੁਣ ਜਦੋਂ ਜੇਮਜ਼ ਆ ਗਿਆ ਸੀ ਤਾਂ ਉਹਨਾਂ ਨੂੰ ਪਤਾ ਲਗ ਗਿਆ ਕਿ ਹੁਣ ਤਾਂ ਜਦ ਵੀ ਰੌਬਿਨ ਚਾਹੇ ਜੇਮਜ਼ ਨੂੰ ਮੁੱਖ ਹਿੱਸੇਦਾਰ ਬਣਾ ਦੇਵੇਗਾ। ਉਸ ਨੇ ਆਪਣੇ ਸ਼ੇਅਰ ਜੇਮਜ਼ ਦੇ ਨਾਂ ਕਰਨੇ ਸਨ ਤੇ ਬੱਸ। ਹੌਲੀ ਹੌਲੀ ਜੇਮਜ਼ ਦੇ ਆਪਣੇ ਵਿਅੱਕਤੀਤਵ ਨੇ ਵੀ ਵੱਡਾ ਹਿੱਸਾ ਪਾਇਆ। ਉਹ ਬਹੁਤ ਮਿਹਨਤੀ ਅਤੇ ਦੂਰਦਰਸ਼ੀ ਸੀ। ਬੈਂਕ ਲਈ ਅਜਿਹੇ ਹੀ ਵਿਅੱਕਤੀਆਂ ਦੀ ਲੋੜ ਸੀ।

ਹੁਣ ਤੱਕ ਜੇਮਜ਼ ਇਕ ਬੱਚੇ ਦਾ ਬਾਪ ਵੀ ਬਣ ਗਿਆ ਸੀ। ਵਿਲੀਅਮ ਅਤੇ ਸਕੌਟ ਨੇ ਵੀ ਵਿਆਹ ਕਰ ਲਏ ਸਨ। ਲਿੰਨ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਸੀ। ਰੌਬਿਨ ਅਜੇ ਵੀ ਬੈਂਕ ਵਿਚ ਪੂਰੀ ਦਿਲਚਸਪੀ ਲੈਂਦਾ ਸੀ। ਐਲਨ ਸਿਆਸਤ ਵਿਚ ਪਹਿਲਾਂ ਨਾਲੋਂ ਘੱਟ ਧਿਆਨ ਦਿੰਦਾ ਸੀ। ਉਸ ਨੂੰ ਹੁਣ ਆਪਣੇ ਮੁੰਡਿਆਂ ਨੂੰ ਕਿਸੇ ਬਸਤੀ ਦਾ ਉੱਚ ਦਰਜੇ ਦਾ ਅਫ਼ਸਰ ਨਾ ਬਣਾ ਸਕਣ ਦਾ ਗਮ ਨਹੀਂ ਸੀ। ਦੋਵੇਂ ਮੁੰਡੇ ਹੀ ਐਨੇ ਪੈਸਿਆਂ ਦੇ ਮਾਲਕ ਸਨ ਜਿਸ ਦਾ ਐਲਨ ਨੇ ਕਦੀ ਸੁਪਨਾ ਵੀ ਨਹੀਂ ਲਿਆ ਸੀ।

ਹੁਣ ਵੀ ਉਹਨਾਂ ਦੀਆਂ ਮਹਿਫਲਾਂ ਲਗਦੀਆਂ ਰਹਿੰਦੀਆਂ ਸਨ। ਜੇਮਜ਼ ਦੇ ਮੁੰਡੇ ਹੈਰਿਸ ਦਾ ਜਨਮ ਦਿਨ ਕਰਕੇ ਅੱਜ ਵੀ ਸਾਰੇ ਮਹਿਫਲ ਵਿਚ ਸ਼ਾਮਲ ਸਨ। ਕੇਕ ਕੱਟਿਆ ਜਾ ਚੁੱਕਾ ਸੀ। ਆਪੋ ਆਪਣੇ ਗਲਾਸਾਂ ਨਾਲ ਉਹ ਟੋਲੀਆਂ ਵਿਚ ਬੈਠੇ/ਖੜ੍ਹੇ ਸਨ। ਕੁਝ ਦੇਰ ਬਾਅਦ ਡਿਨਰ ਦਾ ਸੁਨੇਹਾ ਆ ਗਿਆ ਤੇ ਸਾਰੇ ਆਪੋ ਆਪਣੀਆਂ ਕੁਰਸੀਆਂ ਮੱਲ ਕੇ ਬੈਠ ਗਏ।

“ਐਲਨ ਕੀ ਹਾਲ ਐ ਅੱਜ ਕੱਲ੍ਹ ਸਿਆਸਤ ਦਾ---?” ਰੌਬਿਨ ਆਪਣੇ ਮਨ ਭਾਉਂਦੇ ਵਿਸ਼ੇ ਵੱਲ ਆਇਆ। ਉਹ ਐਲਨ ਨੂੰ ਕਾਫੀ ਦੇਰ ਬਾਅਦ ਮਿਲਿਆ ਸੀ।

“ਸਭ ਤੋਂ ਵਧੀਆ ਗੱਲ ਐ ਸਰਕਾਰ ਨੂੰ 21 ਜੁਲਾਈ (1877) ਵਾਲੇ ਆਪਣੇ ਫੈਸਲੇ ਨੂੰ ਰੂਸ ’ਤੇ ਲਾਗੂ ਨਹੀਂ ਕਰਨਾ ਪਿਆ। ਰੂਸ ਅਤੇ ਤੁਰਕੀ ਦੀ ਲੜਾਈ ਵਿਚ ਸਰਕਾਰ ਨੇ ਫੈਸਲਾ ਲਿਆ ਸੀ ਜੇ ਰੂਸ ਤੁਰਕੀ ਦੇ ਸ਼ਹਿਰ ਕੰਸਟੈਂਟਨੋਪੋਲ ’ਤੇ ਕਬਜ਼ਾ ਕਰ ਲੈਂਦਾ ਹੈ ਤਾਂ ਬ੍ਰਿਟੇਨ ਰੂਸ ਦੇ ਖਿਲਾਫ ਜੰਗ ਦਾ ਐਲਾਨ ਕਰ ਦੇਵੇਗਾ। ਰੂਸ ਤੇ ਤੁਰਕੀ ਦੀ ਲੜਾਈ ਖਤਮ ਹੋ ਗਈ ਐ ਤੇ ਇਸ ਦੀ ਲੋੜ ਨਹੀਂ ਪਈ। ਦੇਸ਼ ਦਾ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਣੋ ਬਚ ਗਿਆ।”

“ਜਿਸ ਦੇਸ਼ ਨੇ ਦੁਨੀਆਂ ਦਾ ਐਡਾ ਵੱਡਾ ਹਿੱਸਾ ਆਪਣੇ ਕਬਜ਼ੇ ਹੇਠ ਕੀਤਾ ਹੋਇਆ ਹੋਵੇ ਉਹ ਦੇਸ਼ ਤਾਂ ਲੜਾਈ ਵਿਚ ਕਿਸੇ ਨਾ ਕਿਸੇ ਨਾਲ ਉਲਝਿਆ ਹੀ ਰਹੇਗਾ।”

ਇਹ ਜਵਾਬ ਰਸਲ ਦੀ ਬੇਟੀ ਮਾਰਗਰੇਟ ਨੇ ਦਿੱਤਾ ਸੀ ਜਿਸ ਨੂੰ ਸਾਰੇ ਮੈਗੀ ਕਹਿ ਕੇ ਬੁਲਾਉਂਦੇ ਸਨ। ਉਸ ਦੇ ਜਵਾਬ ਨੇ ਸਾਰਿਆਂ ਦੀਆਂ ਨਜ਼ਰਾਂ ਉਸ ਦੇ ਚਿਹਰੇ 'ਤੇ ਗੱਡਣ ਲਈ ਮਜ਼ਬੂਰ ਕਰ ਦਿੱਤਾ ਸੀ। ਕੁਝ ਪਲਾਂ ਲਈ ਚੁੱਪ ਵਰਤ ਗਈ। ਸਿਰਫ ਛੁਰੀ ਕਾਂਟਿਆਂ ਦੀ ਟੁਣਕਾਰ ਹੀ ਸੁਣ ਰਹੀ ਸੀ।

"ਉਹ ਤਾਂ ਪੁਰਾਣੀ ਗੱਲ ਹੋ ਗਈ ਐ। ਹੁਣ ਤਾਂ ਪਿਛਲੇ ਹਫ਼ਤੇ ਦੀ 'ਸਰਫਰਾਜੈਟ ਮੂਵਮੈਂਟ' ਦੀ ਅਮਰੀਕਨ ਲੀਡਰ ਵਿਕਟੋਰੀਆ ਵੁਡਹਲ ਦੀ ਔਰਤਾਂ ਦੇ ਹੱਕਾਂ ਬਾਰੇ ਦਿੱਤੀ ਸਪੀਚ ਬਾਰੇ ਸੋਚਣ ਦੀ ਲੋੜ ਐ। ਮੈਨੂੰ ਸਮਝ ਨਹੀਂ ਆਉਂਦਾ ਉਹ ਅਮਰੀਕਾ ਤੋਂ ਦੌੜ ਕੇ ਲੰਡਨ ਆ ਗਈ ਤੇ ਇਥੇ ਚੰਗੀ ਭਲੀ ਆਪਣੀ ਭੈਣ ਨਾਲ ਸੈਟ ਹੋ ਗਈ ਐ। ਸਰਕਾਰ ਨੂੰ ਉਸ ਦੇ ਪਿਛੋਕੜ ਦਾ ਪਤਾ ਸੀ ਫਿਰ ਵੀ ਉਸ ਨੂੰ ਰਹਿਣ ਦੀ ਇਜ਼ਾਜ਼ਤ ਦੇ ਦਿੱਤੀ ਤੇ ਹੁਣ ਉਹ ਐਥੇ ਵੀ ਔਰਤਾਂ ਨੂੰ ਭੜਕਾਉਣ ਲੱਗੀ ਐ।" ਜੇਮਜ਼ ਨੇ ਨਵਾਂ ਮੁੱਦਾ ਛੋਹ ਲਿਆ ਸੀ।

"ਜੇਮਜ਼ ਉਸ ਨੇ ਗਲਤ ਤਾਂ ਕੁਝ ਨਹੀਂ ਕਿਹਾ। ਉਹ ਤਾਂ ਸਿਰਫ਼ ਔਰਤਾਂ ਲਈ ਵੋਟ ਦਾ ਹੱਕ ਮੰਗਣ ਦੀ ਗੱਲ ਕਰਦੀ ਐ। ਜੇ ਮਰਦਾਂ ਨੂੰ ਵੋਟ ਦਾ ਹੱਕ ਐ ਤਾਂ ਕੋਈ ਕਾਰਣ ਨਹੀਂ ਔਰਤਾਂ ਨੂੰ ਵੋਟ ਦਾ ਅਧਿਕਾਰ ਨਾ ਹੋਵੇ।" ਮੈਗੀ ਨੇ ਫਿਰ ਠੋਕਵਾਂ ਜਵਾਬ ਦਿਤਾ।

ਰੌਬਿਨ ਨੇ ਇਕ ਵਾਰ ਫਿਰ ਕੁੜੀ ਵੱਲ ਵੇਖਿਆ। ਉਸ ਦੀਆਂ ਗੱਲਾਂ ਵਿਚੋਂ ਉਸ ਨੂੰ ਜਵਾਨੀ ਵੇਲੇ ਦਾ ਰਸਲ ਯਾਦ ਆਇਆ। ਉਸ ਨੇ ਕੋਈ ਜਵਾਬ ਦੇਣਾ ਠੀਕ ਨਾ ਸਮਝਿਆ।

"ਮੈਗੀ ਵੋਟ ਦੀ ਕੀਮਤ ਬਹੁਤ ਵੱਡੀ ਹੁੰਦੀ ਐ। ਉਸ ਵੋਟ ਨਾਲ ਤੁਸੀਂ ਸਰਕਾਰ ਨੂੰ ਚੁਣਦੇ ਹੋ। ਉਸ ਵੋਟ ਨਾਲ ਤੁਸੀਂ ਦੇਸ਼ ਦਾ, ਦੇਸ਼ ਦੇ ਲੋਕਾਂ ਦਾ ਭਵਿੱਖ ਤੈਅ ਕਰਦੇ ਹੋ। ਮੁਆਫ਼ ਕਰਨਾ ਔਰਤਾਂ ਕਿਉਂਕਿ ਘਰ ਵਿਚ ਹੀ ਬਹੁਤਾ ਰਹਿੰਦੀਆਂ ਨੇ ਇਸ ਲਈ ਉਹਨਾਂ ਨੂੰ ਸਿਆਸੀ ਮਾਮਲਿਆਂ ਬਾਰੇ ਕੋਈ ਬਹੁਤਾ ਪਤਾ ਨਹੀਂ ਹੁੰਦਾ। ਉਹ ਆਪਣੀ ਵੋਟ ਦਾ ਸਹੀ ਇਸਤੇਮਾਲ ਨਹੀਂ ਕਰ ਸਕਦੀਆਂ--।" ਜੇਮਜ਼ ਨੇ ਪ੍ਰਚਲਤ ਜਿਹੀ ਰਾਇ ਰੱਖੀ।

"ਔਰਤਾਂ ਨੂੰ ਘਰੇ ਬੰਦ ਕਰਨ ਵਾਲੇ ਵੀ ਮਰਦ ਈ ਐ। ਕੁਦਰਤ ਦਾ ਕੋਈ ਕਨੂੰਨ ਅਜਿਹਾ ਨਹੀਂ ਜੋ ਔਰਤ ਨੂੰ ਘਰ ਦੇ ਕੰਮਾਂ ਤੱਕ ਸੀਮਤ ਰਹਿਣ ਦਾ ਸੰਦੇਸ਼ ਦਿੰਦਾ ਹੋਵੇ। ਨਾਲੇ ਕਿੰਨੇ ਕੁ ਮਰਦ ਐ ਜਿਹਨਾਂ ਨੂੰ ਸਿਆਸਤ ਦਾ ਮਾੜਾ ਮੋਟਾ ਵੀ ਪਤੈ।"

ਮੈਗੀ ਨੇ ਬਹਿਸ ਨੂੰ ਭਖਾ ਦਿੱਤਾ ਸੀ। ਅਲੀਜ਼ਾ ਚਾਹੁੰਦੀ ਸੀ ਮੈਗੀ ਚੁੱਪ ਹੋ ਜਾਵੇ। ਉਸ ਨੂੰ ਇਹ ਵੀ ਪਤਾ ਸੀ ਉਹ ਮੈਗੀ ਨੂੰ ਚੁੱਪ ਨਹੀਂ ਕਰਵਾ ਸਕੇਗੀ। ਉਹ ਉਸ ਨੂੰ ਪਿਛਲੇ ਪੰਜ ਕੁ ਸਾਲ ਤੋਂ ਵਿਆਹ ਕਰਵਾਉਣ ਦਾ ਪਾਠ ਪੜ੍ਹਾ ਰਹੀ ਸੀ। ਪਰ ਮੈਗੀ ਨੇ ਕੋਈ ਦਿਲਚਸਪੀ ਨਹੀਂ ਸੀ ਲਈ। ਹੁਣ ਉਸ ਨੂੰ ਲਗਦਾ ਸੀ ਕਿਤੇ ਮੈਗੀ ਕਿਸੇ ਵਿਦਰੋਹੀ ਸੰਸਥਾ ਦੀ ਮੈਂਬਰ ਨਾ ਬਣ ਜਾਵੇ। ਅਲੀਜ਼ਾ ਚੁੱਪ ਸੀ ਪਰ ਬੇਹੱਦ ਫਿਕਰਮੰਦ।

ਰੌਬਿਨ ਦੀ ਪਲੇਟ 'ਤੇ ਛੁਰੀ ਕਾਂਟਿਆ ਦਾ ਖੜਾਕ ਜ਼ਿਆਦਾ ਹੋਣ ਲੱਗਾ ਸੀ। ਉਸ ਨੇ ਹਾਲਾਤ ਨੂੰ ਸਮਝਦਿਆਂ ਉੱਚਾ ਖੰਗੂਰਾ ਮਾਰਿਆ ਤੇ ਆਪਣਾ ਹੱਥ ਖੜ੍ਹਾ ਕੀਤਾ। ਸਾਰੇ ਜਣੇ ਚੁੱਪ ਹੋ ਗਏ।

"ਤੁਹਾਡੀ ਬਹਿਸ ਤਾਂ ਬਹੁਤ ਹੋ ਗਈ। ਮੇਰੇ ਖਿਆਲ ਵਿਚ ਸਾਨੂੰ ਹੰਢੇ ਵਰਤੇ ਸਿਆਸਤਦਾਨ ਐਲਨ ਦੀ ਰਾਇ ਵੀ ਜਾਣਨੀ ਚਾਹੀਦੀ ਐ।"

ਸਾਰੇ ਐਲਨ ਵੱਲ ਵੇਖਣ ਲੱਗੇ। ਐਲਨ ਨੇ ਮੈਗੀ ਵੱਲ ਵੇਖਿਆ ਜਿਹੜੀ ਉਸ ਦੇ ਤਕਰੀਬਨ ਸਾਹਮਣੇ ਬੈਠੀ ਸੀ। ਉਸ ਨੇ ਸਾਰਿਆਂ ਵੱਲ ਨਜ਼ਰ ਮਾਰੀ ਜਿਵੇਂ ਜਾਣਨਾ ਚਾਹੁੰਦਾ ਹੋਵੇ ਕਿ ਸਾਰੇ ਉਸ ਨੂੰ ਸੁਣਨ ਲਈ ਤਿਆਰ ਹਨ। ਉਸ ਨੇ ਵਾਈਨ ਦਾ ਘੁੱਟ ਭਰਿਆ ਤੇ ਗਲਾਸ ਮੁੜ ਟੇਬਲ 'ਤੇ ਰੱਖ ਦਿੱਤਾ। ਉਸ ਨੇ ਆਪਣਾ ਸਿਰ ਰਤਾ ਕੁ ਉਪਰ ਕੀਤਾ ਤੇ ਮੈਗੀ ਵੱਲ ਵੇਖਦਿਆਂ ਗੱਲ ਸ਼ੁਰੂ ਕੀਤੀ।

"ਇਕ ਗੱਲ ਤਾਂ ਪੱਕੀ ਐ ਔਰਤਾਂ ਨੂੰ ਵੋਟ ਦਾ ਹੱਕ ਮਿਲ ਕੇ ਰਹੇਗਾ।"

ਸੁਣ ਕੇ ਮੈਗੀ ਦੀਆਂ ਅੱਖਾਂ ਵਿਚ ਖੁਸ਼ੀ ਨੱਚਣ ਲੱਗੀ। ਉਸ ਦਾ ਚਿਹਰਾ ਖਿਲ ਉੱਠਿਆ।

"ਮੇਰੇ ਖਿਆਲ ਵਿਚ ਇਹ ਲੰਬੀ ਲੜਾਈ ਐ। ਜ਼ਰਾ ਸੋਚੋ ਜਾਗੀਰਦਾਰ ਲੋਕਾਂ ਨੇ ਦੇਰ ਤੱਕ ਰੌਬਿਨ ਤੇ ਲਿੰਨ ਵਰਗੇ ਸਰਮਾਏਦਾਰਾਂ ਨੂੰ ਵੋਟ ਦਾ ਹੱਕ ਨਹੀਂ ਸੀ ਲੈਣ ਦਿੱਤਾ। ਫਿਰ ਜਦੋਂ ਹਰ ਮਰਦ ਲਈ ਵੋਟ ਦੇ ਹੱਕ ਦੀ ਮੰਗ ਉੱਠੀ ਤਾਂ ਮੇਰਾ ਖਿਆਲ ਐ ਤਿੰਨ ਚਾਰ ਦਹਾਕੇ ਲੰਘਣ ਬਾਅਦ ਹੀ ਸਾਰੇ ਮਰਦਾਂ ਨੂੰ ਵੋਟ ਦਾ ਹੱਕ ਮਿਲ ਸਕਿਆ।"

ਮੈਗੀ ਦੇ ਚਿਹਰੇ ਅਤੇ ਅੱਖਾਂ ਵਿਚੋਂ ਜਿੱਤ ਵਰਗੀ ਖੁਸ਼ੀ ਉਡ-ਪੁੱਡ ਗਈ। ਉਸ ਨੂੰ ਲੱਗਿਆ ਐਲਨ ਜਾਣ-ਬੁਝ ਕੇ ਉਸ ਦਾ ਦਿਲ ਤੋੜਨ ਲਈ ਅਜਿਹਾ ਕਹਿ ਰਿਹਾ ਸੀ। ਉਸ ਨੇ ਬੋਲਣ ਤੋਂ ਪਹਿਲਾਂ ਐਲਨ ਨੂੰ ਸੁਣਨ ਦਾ ਫੈਸਲਾ ਕੀਤਾ।

"ਅਜੇ ਇਹ ਵਿਕਟੋਰੀਆ ਦੀ ਪਹਿਲੀ ਤਕਰੀਰ ਐ। ਤਕਰੀਰਾਂ ਨਾਲ ਕਦੇ ਇਨਕਲਾਬ ਨਹੀਂ ਆਉਂਦੇ। ਹਾਂ ਤਕਰੀਰਾਂ ਲੋਕਾਂ ਨੂੰ ਤਿਆਰ ਕਰਨ ਵਿਚ ਰੋਲ ਨਿਭਾਉਂਦੀਆਂ ਹਨ। ਸੋਚਣ ਵਾਲੀ ਗੱਲ ਐ, ਕਿੰਨੀਆਂ ਤਕਰੀਰਾਂ ਕਰਕੇ ਲੋਕ ਰਾਇ ਬਣੇਗੀ?"

ਐਲਨ ਨੇ ਇਕ ਵਾਰ ਫਿਰ ਸਾਰਿਆਂ ਵੱਲ ਨਜ਼ਰ ਮਾਰੀ। ਸਾਰੇ ਉਸ ਨੂੰ ਧਿਆਨ ਨਾਲ ਸੁਣ ਰਹੇ ਸਨ।

"ਅਜੇ ਤਾਂ ਬਹੁਤ ਸਾਰੀਆਂ ਔਰਤਾਂ ਨੇ ਵੋਟ ਦੇ ਹੱਕ ਬਾਰੇ ਸੋਚਿਆ ਹੀ ਨਹੀਂ, ਸੋਚਿਆ ਤਾਂ ਕੀ ਸੁਣਿਆ ਵੀ ਨਹੀਂ ਹੋਣਾ! ਅਜੇ ਸਾਰੇ ਕੰਨਾਂ ਵਿਚ ਇਹ ਆਵਾਜ਼ ਪਹੁੰਚਾਉਣ ਦੀ ਲੋੜ ਐ। ਅਸਲ ਵਿਚ ਇਨਕਲਾਬ ਉਦੋਂ ਹੁੰਦੇ ਐ ਜਦੋਂ ਲੋਕਾਂ ਦੇ ਮਨਾਂ ਵਿਚ ਉਹ ਵਿਚਾਰ ਘਰ ਕਰ ਜਾਣ। ਫਰਾਂਸ ਦਾ ਇਨਕਲਾਬ ਹੋਇਆ ਕਿਉਂਕਿ ਲੋਕ ਤਿਆਰ ਸਨ। ਤੁਸੀਂ ਸੋਚੋ ਕੀ ਔਰਤਾਂ ਆਪਣਾ ਹੱਕ ਲੈਣ ਲਈ ਤਿਆਰ ਐ? ਮੇਰੇ ਖਿਆਲ ਵਿਚ ਨਹੀਂ। ਅਜੇ ਤਾਂ ਸਿਆਸਤਦਾਨਾਂ ਨੇ ਬਥੇਰੇ ਅੜਿਕੇ ਡਾਹੁਣੇ ਐ---।"

ਐਲਨ ਨੇ ਬਹੁਤਾ ਕੁਝ ਕਹਿਣ ਦੀ ਥਾਂ ਸੰਖੇਪ ਵਿਚ ਹੀ ਆਪਣੀ ਗੱਲ ਕਰਕੇ ਵਈਨ ਦਾ ਗਲਾਸ ਬੁੱਲ੍ਹਾਂ ਨੂੰ ਲਗਾ ਲਿਆ ਜਿਵੇਂ ਬੋਲ ਕੇ ਉਸ ਨੂੰ ਪਿਆਸ ਲੱਗ ਗਈ ਹੋਵੇ। ਮੈਗੀ ਹੁਣ ਧਿਆਨ ਨਾਲ ਮਨੋ ਮਨ ਐਲਨ ਦੀ ਕਹੀ ਗੱਲ ਬਾਰੇ ਸੋਚ ਰਹੀ ਸੀ। ਉਸ ਨੂੰ ਐਲਨ ਦੀ ਗੱਲ ਵਿਚ ਤੰਤ ਲਗਦਾ ਸੀ। ਉਸ ਨੇ ਕੁਝ ਨਾ ਕਹਿਣਾ ਹੀ ਠੀਕ ਸਮਝਿਆ।

ਰੌਬਿਨ ਖੁਸ਼ ਸੀ ਤੇ ਜੇਮਜ਼ ਵੀ। ਉਹਨਾਂ ਨੂੰ ਲਗਦਾ ਸੀ 'ਵਿਦਰੋਹੀ ਵਿਕਟੋਰੀਆ' ਪਿੱਛੇ ਬਹੁਤੀਆਂ ਔਰਤਾਂ ਨੇ ਨਹੀਂ ਲਗਣਾ। ਨੇੜ ਭਵਿੱਖ ਵਿਚ ਉਹਨਾਂ ਨੂੰ ਕੋਈ ਖਤਰਾ ਮਹਿਸੂਸ ਨਹੀਂ ਸੀ ਹੋ ਰਿਹਾ। ਰੌਬਿਨ ਮੈਗੀ ਬਾਰੇ ਕੁਝ ਫਿਕਰਮੰਦ ਸੀ। ਜਦ ਸਾਰੇ ਆਪਣੇ ਆਪਣੇ ਗਲਾਸ ਲੈ ਕੇ ਖਾਣੇ ਵਾਲੇ ਮੇਜ਼ 'ਤੋਂ ਉੱਠ ਕੇ ਆਪਣੀਆਂ ਆਪਣੀਆਂ ਟੋਲੀਆਂ ਵਿਚ ਗੱਲਾਂ ਲਈ ਜੁਟ ਗਏ ਤਾਂ ਅਲੀਜ਼ਾ ਨੂੰ ਇਕੱਲੀ ਵੇਖ ਕੇ ਰੌਬਿਨ ਉਸ ਕੋਲ ਆਇਆ।

"ਅਲੀਜ਼ਾ ਮੇਰੇ ਖਿਆਲ ਵਿਚ ਮੈਗੀ ਦੇ ਵਿਆਹ ਬਾਰੇ ਸੋਚਣ ਦਾ ਸਮਾਂ ਆ ਗਿਆ ਹੈ।" ਰੌਬਿਨ ਨੇ ਸਰਸਰੀ ਜਿਹੀ ਬਣਾ ਕੇ ਗੱਲ ਕੀਤੀ।

"ਰੌਬਿਨ ਮੈਂ ਤਾਂ ਬਹੁਤ ਦੇਰ ਤੋਂ ਕੋਸ਼ਿਸ਼ ਕਰ ਰਹੀ ਆਂ। ਮੇਰੀ ਗੱਲ ਨੂੰ ਨਾਂ ਹਾਂ ਕਰਦੀ ਐ ਤੇ ਨਾ ਨਾਂਹ। ਬੱਸ ਘੁੱਟ ਕੇ ਮੈਨੂੰ ਜੱਫੀ ਵਿਚ ਲੈ ਕੇ ਕਹਿ ਦਿੰਦੀ ਐ ਤੁਸੀਂ ਫਿਕਰ ਨਾ ਕਰੋ। ਉਸ ਦਾ ਫਿਕਰ ਨਾ ਕਰੋ ਕਹਿਣਾ ਮੈਨੂੰ ਹੋਰ ਵੀ ਫਿਕਰਾਂ ਵਿਚ ਪਾ ਦਿੰਦਾ ਐ।" ਅਲੀਜ਼ਾ ਸੱਚ-ਮੁੱਚ ਫਿਕਰਮੰਦ ਸੀ।

"ਮੇਰੇ ਖਿਆਲ ਵਿਚ ਕਿਸੇ ਚੰਗੇ ਘਰਾਣੇ ਦਾ ਕੋਈ ਮੁੰਡਾ ਉਸ ਨੂੰ ਮਿਲਾ ਦੇਣਾ ਚਾਹੀਦਾ ਕਿਤੇ ਆਹ ਨਾ ਹੋਵੇ ਵਿਲੀਅਮ ਵਾਲੀ ਹੋਵੇ।"

ਰੌਬਿਨ ਨੇ ਕਹਿ ਤਾਂ ਦਿੱਤਾ ਪਰ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਨਾਲ ਹੀ ਹੋ ਗਿਆ। ਵਿਲੀਅਮ ਦੀ ਪਤਨੀ ਸਾਰਾਹ, ਵਿਲੀਅਮ ਦੇ ਮਨੇਜਰ ਦੀ ਕੁੜੀ ਸੀ। ਵੇਖਣ ਨੂੰ ਬਹੁਤ ਸ਼ੈਲ ਤੇ ਹਸਮੁੱਖ। ਘਰ ਦੇ ਕੰਮਾਂ ਵਿਚ ਪੂਰੀ ਤਰਾਂ ਨਿਪੁੰਨ। ਸ਼ਾਪਿੰਗ ਕਰਕੇ ਘਰ ਭਰਨ ਦਾ ਸ਼ੌਂਕ ਉਸਨੂੰ ਅਜੇ ਤੱਕ ਤਾਂ ਹੋਇਆ ਨਹੀਂ ਸੀ। ਪਰ ਜਿਸ ਮਹੌਲ ਵਿਚ ਰਹਿ ਰਹੀ ਸੀ, ਉਸ ਤੋਂ ਕਦੋਂ ਤੱਕ ਬਚੀ ਰਹਿ ਸਕੇਗੀ? ਕਹਿਣਾ ਮੁਸ਼ਕਲ ਸੀ। ਅਲੀਜ਼ਾ ਖੁਦ ਹੀ ਉਸ ਨੂੰ ਸ਼ਾਪਿੰਗ ਲਈ ਲੈ ਕੇ ਜਾਂਦੀ ਸੀ। ਅਲੀਜ਼ਾ ਦੇ ਕਹਿਣ 'ਤੇ ਵੀ ਉਹ ਸ਼ਾਪਿੰਗ ਖਾਸ ਨਹੀਂ ਕਰਦੀ ਸੀ। ਅਲੀਜ਼ਾ ਦੀਆਂ ਲੋੜਾਂ ਦਾ ਵੀ ਉਹ ਬਹੁਤ ਖਿਆਲ ਰਖਦੀ।

ਵਿਲੀਅਮ ਨੇ ਘਰ ਦੇ ਇਕ ਹਿੱਸੇ ਨੂੰ ਆਪਣੀ ਲੋੜ ਅਨੁਸਾਰ ਇਮਾਰਤੀ ਕੰਮ ਕਰਵਾ ਕੇ ਬਦਲ ਲਿਆ ਸੀ। ਹੁਣ ਉਹ ਹਿੱਸਾ ਘਰ ਦਾ ਇਕ ਹਿੱਸਾ ਵੀ ਸੀ ਤੇ ਉਹਨਾਂ ਲਈ ਉਹ ਪ੍ਰਾਈਵੇਟ ਵੀ ਸੀ। ਵਿਲੀਅਮ ਤਾਂ ਸਾਰਾਹ 'ਤੇ ਜਾਣ ਛਿੜਕਦਾ ਸੀ। ਪਤਾ ਨਹੀਂ ਉਹਨਾਂ ਵਿਚ ਐਨਾ ਮੋਹ ਕਿਵੇਂ ਬਣ ਗਿਆ ਸੀ।

"ਤੈਨੂੰ ਤਾਂ ਪਤਾ ਈ ਐ ਰੌਬਿਨ ਇਹ ਉਮਰ ਇਹੋ ਜਿਹੀ ਹੀ ਹੁੰਦੀ ਐ। ਮੋੜਿਆਂ ਵੀ ਨਹੀਂ ਮੁੜਦੀ। ਤੇਰਾ ਤਾਂ ਆਪਣਾ ਤਜ਼ਰਬਾ ਹੈਗਾ---।" ਅਲੀਜ਼ਾ ਮਾੜਾ ਜਿਹਾ ਮੁਸਕਰਾਈ।

ਰੌਬਿਨ ਨੂੰ ਆਪਣਾ ਸਮਾਂ ਯਾਦ ਆ ਗਿਆ ਸੀ। ਜੈਨੀਫਰ ਲਈ ਉਸ ਨੇ ਤਾਂ ਦੇਸ਼ ਛੱਡਣ ਦਾ ਫੈਸਲਾ ਕਰ ਲਿਆ ਸੀ। ਜੇ ਉਸ ਵੇਲੇ ਉਹ ਆਪਣੇ ਇਕ ਕਲਰਕ ਧੀ ਨੂੰ ਵਿਆਹੁਣ ਲਈ ਏਥੋਂ ਤੱਕ ਜਾਣ ਲਈ ਤਿਆਰ ਸੀ ਤਾਂ ਨਵੀਂ ਪੀੜ੍ਹੀ ਤਾਂ ਚਾਰ ਰੱਤੀਆਂ ਉੱਪਰ ਸੀ। ਰੌਬਿਨ ਆਪਣੇ ਖਿਆਲ ਵਿਚ ਸੋਚਦਾ ਖੜ੍ਹਾ ਰਿਹਾ।

"ਅਸਲ ਵਿਚ ਰੌਬਿਨ ਮੈਨੂੰ ਬਹੁਤਾ ਫਿਕਰ ਤਾਂ ਇਹ ਐ ਕਿ ਇਹ ਆਪਣੇ ਪਿਉ ਤੋਂ ਵੱਖਰੀ ਐ। ਰਸਲ ਗੱਲਾਂ ਕਰਦਾ ਸੀ। ਉਹਨੂੰ ਇਨਕਲਾਬੀ ਵਿਚਾਰ ਚੰਗੇ ਲਗਦੇ ਸਨ। ਪਰ ਉਹ ਗੱਲਾਂ ਤੱਕ ਹੀ ਸੀਮਤ ਸੀ। ਅਮਲ ਵਿਚ

ਖਾਸ ਕਰਨ ਜੋਗਾ ਨਹੀਂ ਸੀ। ਮੈਗੀ ਵਿਚ ਕੁਝ ਕਰਨ ਦੀ ਸਮਰੱਥਾ ਵੀ ਹੈਗੀ। ਉਹ ਗੱਲਾਂ ਹੀ ਨੀ ਕਰਦੀ ਗੱਲਾਂ ਦੇ ਨਾਲ ਵੀ ਤੁਰਦੀ ਐ। ਬੱਸ ਇਹੋ ਖਤਰਾ ਐ। ਕਿਤੇ ਉਹ ਉਹਨਾਂ ਲੋਕਾਂ ਦੇ ਨਾਲ ਹੀ ਨਾ ਚੱਲ ਪਵੇ!''

ਰੌਬਿਨ ਨੂੰ ਅਲੀਜ਼ਾ ਦੀਆਂ ਗੱਲਾਂ ਨਾਲ ਰਸਲ ਯਾਦ ਆਇਆ ਤੇ ਮੈਗੀ ਦੀ ਸ਼ਕਲ ਵੀ ਉਸ ਦੀਆਂ ਅੱਖਾਂ ਅੱਗੇ ਆ ਗਈ। ਉਸ ਨੂੰ ਵੀ ਮਹਿਸੂਸ ਹੋਇਆ ਅਲੀਜ਼ਾ ਸਹੀ ਕਹਿ ਰਹੀ ਸੀ। ਐਡਵੀਨਾ ਵੀ ਉਹਨਾਂ ਕੋਲ ਆ ਗਈ ਤਾ ਗੱਲਾਂ ਦਾ ਸਿਲਸਿਲਾ ਬਦਲ ਗਿਆ।

-------

ਸਾਲ ਕੁ ਬਾਅਦ ਬੈਂਕ ਦੇ ਬੋਰਡ ਦੀ ਮੀਟਿੰਗ ਰੌਬਿਨ ਦੀ ਪ੍ਰਧਾਨਗੀ ਹੇਠ ਹੋਈ। ਹੁਣ ਤੱਕ ਬੈਂਕ ਨੇ ਜੋ ਵੀ ਤਰੱਕੀ ਕੀਤੀ ਸੀ ਬਹੁਤ ਸੁਰੱਖਿਅਤ ਜਿਹੇ ਫੈਸਲੇ ਕਰਕੇ ਕੀਤੀ ਸੀ। ਰੌਬਿਨ ਆਪ ਵੀ ਤੇ ਬੈਂਕ ਦੇ ਕੁਝ ਹੋਰ ਹਿੱਸੇਦਾਰ ਵੀ ਉੱਤਰੀ ਅਮਰੀਕਾ ਜਾਣ ਵੇਲੇ ਦੱਖਣੀ ਅਮਰੀਕਾ ਦੇ ਦੇਸ਼ਾਂ ਵਿਚ ਜਾ ਕੇ ਵੀ ਬੈਂਕ-ਨਿਵੇਸ਼ ਕਰਨ ਬਾਰੇ ਆਪਣੀਆਂ ਰਿਪੋਰਟਾਂ ਤਿਆਰ ਕਰਦੇ ਰਹੇ ਸਨ। ਉੱਤਰੀ ਅਮਰੀਕਾ ਵਿਚ ਤਾਂ ਬੈਂਕ ਨੇ ਖੁੱਲ੍ਹ ਕੇ ਨਿਵੇਸ਼ ਕੀਤਾ ਭਾਵੇਂ ਉਥੇ ਫਾਇਦਾ ਗਿਣਿਆ-ਮਿਥਿਆ ਹੀ ਹੁੰਦਾ ਸੀ। ਪਰ ਬੈਂਕ ਦੇ ਪੈਸੇ ਮਰਨ ਦੇ ਖਤਰੇ ਬਹੁਤ ਘੱਟ ਸਨ। ਯੂ ਕੇ ਵਾਂਗ ਉੱਥੇ ਵੀ ਕਨੂੰਨ ਦੀ ਕਦਰ ਸੀ। ਇਸ ਦੇ ਉਲਟ ਦੱਖਣੀ ਅਮਰੀਕਾ ਦੇ ਦੇਸ਼ ਜਿਹਨਾਂ ਵਿਚ ਚਿਲੀ, ਅਰਜਨਟਾਈਨਾ, ਬਰਾਜ਼ੀਲ, ਪਰੂ, ਕੋਲੰਬੀਆ, ਵੈਂਜ਼ੂਐਲਾ ਵਰਗੇ ਦੇਸ਼ ਸਨ। ਇਥੇ ਨਿਵੇਸ਼ ਕਰਕੇ ਵੱਡੇ ਫਾਇਦੇ ਹੋ ਸਕਣ ਦੇ ਮੌਕੇ ਸਨ। ਦੂਜੇ ਪਾਸੇ ਅਮਨ ਕਨੂੰਨ ਨਾਂ ਦੀ ਕੋਈ ਚੀਜ਼ ਨਹੀਂ ਸੀ। ਅਫਸਰਾਂ ਵਿਚ ਬਹੁਤ ਵੱਡੇ ਪੱਧਰ 'ਤੇ ਕੁਰੱਪਸ਼ਨ ਸੀ। ਹਰ ਵਾਰ ਹੀ ਬੈਂਕ ਨੇ ਅਜਿਹੇ ਦੇਸ਼ਾਂ ਵਿਚ ਨਿਵੇਸ਼ ਕਰਨ ਤੋਂ ਗੁਰੇਜ਼ ਕੀਤਾ ਸੀ। ਜੇ ਕੀਤਾ ਵੀ ਤਾਂ ਹੋਰ ਬੈਂਕਾਂ ਨਾਲ ਮਿਲ ਕੇ ਹੀ ਕੀਤਾ ਜਿਥੇ ਆਪਣਾ ਹਿੱਸਾ ਸੀਮਤ ਰੱਖਿਆ। ਬੈਂਕ ਨੇ ਆਪਣਾ ਨਿਵੇਸ਼ ਬ੍ਰਿਟੇਨ ਦੀਆਂ ਕਲੋਨੀਆਂ ਵਿਚ ਹੀ ਕੀਤਾ ਜਿਥੇ ਉਹਨਾਂ ਦਾ ਸਰਮਾਇਆ ਸੁਰੱਖਿਅਤ ਸੀ।

ਇਕ ਵਾਰ ਫਿਰ ਬੈਂਕ ਦੀ ਨਿਵੇਸ਼ ਪਾਲਸੀ 'ਤੇ ਵਿਚਾਰ ਹੋਈ ਤੇ ਬੈਂਕ ਨੇ ਪਹਿਲੀ ਪਾਲਸੀ ਨੂੰ ਹੀ ਕਾਇਮ ਰੱਖਿਆ। ਮੀਟਿੰਗ ਵਿਚ ਬੈਂਕ ਦੇ ਹੋਰ ਏਜੰਡੇ ਵੀ ਵਿਚਾਰੇ ਗਏ। ਜਦ ਮੀਟਿੰਗ ਵਿਚ ਸਾਰੇ ਏਜੰਡੇ ਵਿਚਾਰੇ ਗਏ ਤੇ ਮੀਟਿੰਗ ਖਤਮ ਹੋਣ ਵਾਲੀ ਸੀ ਤਾਂ ਜੇਮਜ਼ ਨੇ ਆਪਣੀ ਗੱਲ ਸ਼ੁਰੂ ਕੀਤੀ।

''ਮੁਆਫ਼ ਕਰਨਾ ਇਹ ਮੁੱਦਾ ਏਜੰਡੇ 'ਤੇ ਨਹੀਂ ਹੈ। ਪਰ ਮੇਰੇ ਖਿਆਲ ਵਿਚ ਇਸ ਨੂੰ ਧਿਆਨ ਵਿਚ ਲਿਆਉਣਾ ਜ਼ਰੂਰੀ ਹੈ। ਜੇ ਇਜਾਜ਼ਤ ਹੋਵੇ ਤਾਂ ਮੈਂ ਆਪਣੀ ਗੱਲ ਕਰਾਂ।''

ਸਾਰੇ ਮੈਂਬਰ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ ਤੇ ਅਖ਼ੀਰ ਰੌਬਿਨ ਵੱਲ। ਰੌਬਿਨ ਨੇ ਸਿਰ ਹਿਲਾ ਕੇ ਇਜ਼ਾਜ਼ਤ ਦੇ ਦਿੱਤੀ।

''ਕੁਝ ਮਹੀਨੇ ਪਹਿਲਾਂ 'ਅਲੈਗਜੈਂਡਰ ਗਰਾਹਮ ਬਿਲ' ਨੇ ਟੈਲੀਫੋਨ ਕੰਪਨੀ ਰਜਿਸਟਰ ਕਰਵਾਈ ਸੀ ਜਿਸ ਕੋਲ 150 ਟੈਲੀਫੋਨ ਲਾਈਨਾਂ ਦੀ ਸਮਰੱਥਾ ਸੀ। ਕੁਝ ਕੁ ਲਾਈਨਾ ਚਾਲੂ ਵੀ ਹੋਈਆਂ। ਹੁਣ ਇਕ ਅਮਰੀਕਨ 'ਫਰਾਂਸਿਜ਼ ਬਲੇਕ' ਨੇ ਇਕ ਟਰਾਂਸਮੀਟਰ ਈਜ਼ਾਦ ਕੀਤਾ ਐ ਤੇ ਉਸ ਨੇ ਬਿਲ ਨੂੰ ਕੰਟਰੈਕਟ ਦੇ ਦਿੱਤਾ ਐ। ਇਸ ਨਾਲ ਟੈਲੀਫੋਨ ਦੀ ਸਰਵਿਸ ਬਹੁਤ ਚੰਗੀ ਹੋ ਜਾਵੇਗੀ। ਪਤਾ ਲੱਗਾ ਹੈ ਇਸ ਟਰਾਂਸਮੀਟਰ ਜ਼ਰੀਏ 'ਕੈਨਨ ਸਟਰੀਟ ਲੰਡਨ' ਤੋਂ 'ਨੌਰਿਚ' ਤੱਕ ਦੇ 115 ਮੀਲ ਦੇ ਫਾਸਲੇ 'ਤੇ ਗੱਲ-ਬਾਤ ਕੀਤੀ ਗਈ ਹੈ। ਸਪੱਸ਼ਟ ਹੈ ਟੈਲੀਫੋਨ ਸਰਵਿਸ ਆਉਣ ਵਾਲੇ ਦਿਨਾਂ ਵਿਚ ਬਹੁਤ ਫਾਇਦੇਮੰਦ ਸਾਬਿਤ ਹੋਵੇਗੀ। ਮੈਂ ਬੋਰਡ ਨੂੰ ਬੈਂਕ ਦੀਆਂ ਸਾਰੀਆਂ ਬ੍ਰਾਂਚਾਂ ਵਿਚ ਟੈਲੀਫੋਨ ਲਾਈਨਾ ਲਈ ਬਿਨਾਂ ਦੇਰੀ ਅਪਲਾਈ ਕਰਨ ਦੀ ਰਾਇ ਦਿੰਦਾ ਹਾਂ --।''

ਜੇਮਜ਼ ਨੇ ਆਪਣੀ ਗੱਲ ਰੱਖੀ ਤਾਂ ਬੋਰਡ ਦੀ ਮੀਟਿੰਗ ਖਤਮ ਕਰ ਕੇ ਜਾਣ ਲਈ ਤਿਆਰ ਮੈਂਬਰਾਂ ਨੇ ਜਾਣਕਾਰੀ ਲਈ ਜੇਮਜ਼ 'ਤੇ ਸਵਾਲਾਂ ਦੀ ਝੜੀ ਲਗਾ ਦਿੱਤੀ। ਨਾਲੋ ਨਾਲ ਹੀ ਆਪਣੀ ਹੈਰਾਨੀ ਵੀ ਜ਼ਾਹਰ ਕਰਦੇ ਰਹੇ। ਘੰਟਾ ਭਰ ਹੋਰ ਲੰਬੀ ਚੱਲੀ ਮੀਟਿੰਗ ਵਿਚ ਸਰਬਸੰਮਤੀ ਨਾਲ ਜੇਮਜ਼ ਦੀ ਰਾਇ ਨੂੰ ਮੰਨ ਲਿਆ ਗਿਆ ਤੇ ਜੇਮਜ਼ ਦਾ ਅਕਸ ਹੋਰ ਵੀ ਨਿਖਰ ਆਇਆ।

## 36

ਮੈਗੀ ਘਰ ਆਏ ਮਹਿਮਾਨਾਂ ਦਾ ਪੂਰਾ ਖਿਆਲ ਰੱਖ ਰਹੀ ਸੀ। ਵਿਲੀਅਮ, ਜੇਮਜ਼ ਤੇ ਸਕੌਟ ਇਕ ਕੋਨੇ ਵਿਚ ਖੜ੍ਹੇ ਡਰਿੰਕ ਦੇ ਨਾਲ ਕੁਝ ਗੱਲਾਂ-ਬਾਤਾਂ ਦਾ ਅਨੰਦ ਵੀ ਲੈ ਰਹੇ ਸਨ। ਮੈਗੀ ਦਾ ਬਹੁਤਾ ਧਿਆਨ ਆਪਣੀ

ਮਾਂ ਅਲੀਜ਼ਾ ਵਿਚ ਸੀ। ਪਿਛਲੇ ਕੁਝ ਸਮੇਂ ਤੋਂ ਉਹ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਗਈ ਸੀ। ਮੈਗੀ ਉਸ ਦਾ ਬਹੁਤ ਖਿਆਲ ਰਖਦੀ। ਫੈਕਟਰੀ ਅਤੇ ਬਿਜਨਸ ਦੀਆਂ ਜ਼ਿੰਮੇਵਾਰੀਆਂ ਤਾਂ ਹੁਣ ਵਿਲੀਅਮ ਹੀ ਵੇਖਦਾ ਸੀ। ਸਾਰਿਆਂ ਦੀ ਉਮੀਦ ਤੋਂ ਵੱਧ ਵਿਲੀਅਮ ਜ਼ਿੰਮੇਵਾਰ ਅਤੇ ਕੰਮ ਪ੍ਰਤੀ ਸੁਹਿਰਦ ਨਿਕਲਿਆ ਸੀ। ਉਸ ਤੋਂ ਵੀ ਵੱਡੀ ਗੱਲ ਉਹ ਪ੍ਰੀਵਾਰਕ ਜ਼ਿੰਮੇਵਾਰੀਆਂ ਪ੍ਰਤੀ ਵੀ ਬਹੁਤ ਸੁਚੇਤ ਸੀ। ਅਲੀਜ਼ਾ ਅਜੇ ਅਪਣੇ ਕਮਰੇ ਵਿਚ ਹੀ ਸੀ। ਮੈਗੀ ਉਸ ਨੂੰ ਲੈ ਕੇ ਆਉਣ ਲਈ ਜਾਣ ਹੀ ਲੱਗੀ ਸੀ ਕਿ ਐਲਨ, ਜੈਨੀਫਰ ਦਾ ਹੱਥ ਫੜੀ ਦਾਖਲ ਹੋਇਆ ਅਤੇ ਕੁਝ ਮਿੰਟਾਂ ਦੇ ਫਰਕ ਨਾਲ ਰੌਬਿਨ ਅਤੇ ਐਡਵੀਨਾ ਵੀ ਆ ਗਏ।

''ਅਲੀਜ਼ਾ ਨਹੀਂ ਦਿਸਦੀ--।'' ਐਲਨ ਨੇ ਫਿਕਰਮੰਦੀ ਨਾਲ ਮੈਗੀ ਨੂੰ ਪੁੱਛਿਆ।

''ਐਲਨ ਅੰਕਲ, ਮੈਂ ਬੱਸ ਮਦਰ ਨੂੰ ਲੈਣ ਹੀ ਚੱਲੀ ਸੀ।''

''ਉਸ ਦੀ ਸਿਹਤ ਕਿਵੇਂ ਐ ਹੁਣ? ਮੈਨੂੰ ਉਸ ਦਾ ਬਹੁਤ ਫਿਕਰ ਐ!''

''ਠੀਕ ਐ, ਫਿਕਰ ਵਾਲੀ ਤਾਂ ਕੋਈ ਗੱਲ ਨਹੀਂ।''

ਮੈਗੀ, ਅਲੀਜ਼ਾ ਨੂੰ ਲੈਣ ਚਲੀ ਗਈ। ਉਹ ਸੋਚ ਰਹੀ ਸੀ ਐਲਨ ਕਿੰਨਾ ਖਿਆਲ ਰਖਦਾ ਹੈ ਤੇ ਉਹ ਦਿਲੋਂ ਅਲੀਜ਼ਾ ਲਈ ਫਿਕਰਮੰਦ ਹੈ। ਇਸ ਦਾ ਮੈਗੀ ਨੂੰ ਵਿਸ਼ਵਾਸ਼ ਸੀ। ਮੈਗੀ ਨੂੰ ਸਮਝ ਨਹੀਂ ਸੀ ਆ ਰਿਹਾ ਕਿਵੇਂ ਕਈ ਰਿਸ਼ਤੇ ਐਨੇ ਪਿਆਰੇ ਤੇ ਗੂੜ੍ਹੇ ਹੋ ਜਾਂਦੇ ਐ!

ਅਲੀਜ਼ਾ ਆਪਣੇ ਕਮਰੇ ਵਿਚ ਅਰਾਮ ਕੁਰਸੀ 'ਤੇ ਬੈਠੀ ਸੀ। ਅਰਾਮ ਕੁਰਸੀ ਹੌਲੀ ਹੌਲੀ ਹਿੱਲ ਰਹੀ ਸੀ। ਅਲੀਜ਼ਾ ਨੂੰ ਜਿਵੇਂ ਉਹ ਹਲਕੇ ਝੂਟੇ ਬਚਪਨ ਦੀ ਯਾਦ ਕਰਾ ਰਹੇ ਸਨ। ਕਦੀ ਉਸ ਦੀ ਮਾਂ ਉਸ ਨੂੰ ਲੱਤਾਂ 'ਤੇ ਬਿਠਾ ਕੇ ਇਸੇ ਤਰ੍ਹਾ ਝੂਟੇ ਦਿੰਦੀ ਹੁੰਦੀ ਸੀ। ਉਹ ਖਿੜਕੀ ਦੇ ਸ਼ੀਸ਼ੇ ਵਿਚੋਂ ਦੀ ਬਾਹਰ ਵੇਖਣ ਲੱਗੀ। ਘਰਾਂ ਦੀਆਂ ਚਿਮਨੀਆਂ ਤੇ ਉਸ ਤੋਂ ਵੱਧ ਫੈਕਟਰੀਆਂ ਦੀਆਂ ਚਿਮਨੀਆਂ ਦੇ ਧੂੰਏਂ ਨੇ ਸਾਰੇ ਲੰਡਨ ਨੂੰ ਢਕਿਆ ਹੋਇਆ ਸੀ। ਜਦ ਅਲੀਜ਼ਾ ਛੋਟੀ ਹੁੰਦੀ ਸੀ ਤਾਂ ਉਹ ਲੰਡਨ ਵਿਚ ਫੈਕਟਰੀਆਂ ਦੀਆਂ ਚਿਮਨੀਆਂ ਗਿਣਿਆ ਕਰਦੀਆਂ ਸਨ। ਫਿਰ ਐਨੀਆਂ ਚਿਮਨੀਆਂ ਹੋ ਗਈਆਂ ਸਨ ਕਿ ਗਿਣਤੀ ਕਰਨੀ ਔਖੀ ਹੋ ਗਈ ਸੀ ਤੇ ਨਾ ਗਿਣਤੀ ਵਿਚ ਦਿਲਚਸਪੀ ਰਹੀ ਸੀ। ਹੁਣ ਲੋਕ ਧੂੰਏਂ ਤੋਂ ਕਿਵੇ ਨਾ ਕਿਵੇਂ ਖਹਿੜਾ ਛੁਡਾਉਣ ਲਈ ਅਰਦਾਸਾਂ ਕਰਦੇ ਸਨ ਪਰ ਧੂੰਆਂ ਤਾਂ ਚੌਵੀ ਘੰਟੇ ਹੀ ਉਹਨਾਂ ਦੇ ਸਾਹਾਂ ਦਾ ਹਿੱਸਾ ਬਣ ਗਿਆ ਸੀ। ਬਹੁਤ ਸਾਰੇ ਲੋਕ ਧੂੰਏਂ ਨਾਲ ਸਬੰਧਤ ਬਿਮਾਰੀਆਂ ਦਾ ਸ਼ਿਕਾਰ ਹੋ ਕੇ ਮਰਨ ਲੱਗੇ ਸਨ। ਫੈਕਟਰੀਆਂ ਬਿਨਾਂ ਪੈਸਾ ਨਹੀਂ ਸੀ ਬਣ ਸਕਦਾ ਤੇ ਧੂੰਏਂ ਬਿਨਾਂ ਫੈਕਟਰੀਆਂ ਨਹੀਂ ਸਨ ਚੱਲ ਸਕਦੀਆਂ। ਧੂੰਏਂ ਨਾਲ ਸਬੰਧਤ 'ਮੌਤ' ਨਾਲ ਸਭ ਨੇ ਸਮਝੌਤਾ ਕਰ ਲਿਆ ਸੀ।

''ਮਦਰ ਚੱਲੀਏ, ਸਭ ਮਹਿਮਾਨ ਪਹੁੰਚ ਗਏ ਐ!'' ਮੈਗੀ ਨੇ ਪਿਆਰ ਨਾਲ ਅਲੀਜ਼ਾ ਦੇ ਹੱਥ ਨੂੰ ਸਹਿਲਾਇਆ ਤੇ ਅਲੀਜ਼ਾ ਮਰੀਅਲ ਜਿਹੀ ਮੁਸਕਰਾਹਟ ਨਾਲ ਕੁਰਸੀ ਤੋਂ ਉੱਠ ਖੜ੍ਹੀ ਹੋਈ। ਮੈਗੀ ਨੇ ਉਸ ਦਾ ਹੱਥ ਫੜ ਲਿਆ ਤੇ ਉਹ ਮਹਿਮਾਨਖਾਨੇ ਵੱਲ ਨੂੰ ਚੱਲ ਪਈਆਂ।

ਸਭ ਨੇ ਅਲੀਜ਼ਾ ਨੂੰ ਬਹੁਤ ਪਿਆਰ ਅਤੇ ਸਤਿਕਾਰ ਨਾਲ ਜੀ ਆਇਆਂ ਕਿਹਾ। ਐਲਨ ਅਲੀਜ਼ਾ ਕੋਲ ਕਾਫੀ ਦੇਰ ਬੈਠਾ ਰਿਹਾ। ਸਭ ਨੂੰ ਪਤਾ ਸੀ ਐਲਨ ਨੂੰ ਵੇਖ ਕੇ ਅਲੀਜ਼ਾ ਬਹੁਤ ਖੁਸ਼ ਹੁੰਦੀ ਸੀ। ਉਹ ਪਤਾ ਨਹੀਂ ਕੀ ਗੱਲਾਂ ਕਰਦੇ ਸਨ, ਉਹਨਾਂ ਦੀਆਂ ਗੱਲਾਂ ਕਦੀ ਮੁੱਕਣ ਦਾ ਨਾਂ ਹੀ ਨਹੀਂ ਲੈਂਦੀਆਂ ਸਨ।

ਖਾਣੇ ਦਾ ਸੱਦਾ ਆਇਆ ਤਾਂ ਸਭ ਡਾਈਨਿੰਗ ਰੂਮ ਵੱਲ ਨੂੰ ਚੱਲ ਪਏ ਤੇ ਆਪੋ ਆਪਣੀਆ ਕੁਰਸੀਆਂ ਮੱਲ ਕੇ ਬੈਠ ਗਏ। ਅਲੀਜ਼ਾ ਮੁੱਖ ਚੇਅਰ ਤੇ ਬੈਠੀ ਸੀ ਤੇ ਬਾਕੀ ਸਾਰੇ ਉਸ ਨਾਲ ਖਾਣਾ ਖਾ ਰਹੇ ਸਨ। ਐਲਨ ਦੀ ਕੁਰਸੀ ਸਦਾ ਵਾਂਗ ਅਲੀਜ਼ਾ ਦੇ ਸੱਜੇ ਹੱਥ ਨਾਲ ਵਾਲੀ ਸੀ।

''ਜੈਨੀਫਰ, ਤੂੰ ਕੀ ਖਾਂਦੀ ਐਂ ਤੇ ਕਿਵੇਂ ਅਜੇ ਵੀ ਕੁੜੀ-ਚਿੜੀ ਜਿਹੀ ਲਗਦੀ ਐਂ? ਮੈਨੂੰ ਇਹ ਰਾਜ਼ ਦੱਸ।''

ਅਚਾਨਕ ਐਡਵੀਨਾ ਨੇ ਸਵਾਲ ਕੀਤਾ ਤਾਂ ਜੈਨੀਫਰ ਹੱਸਣ ਲੱਗੀ ਅਤੇ ਉਸ ਦਾ ਚਿਹਰਾ ਸ਼ਰਮ ਨਾਲ ਲਾਲ ਹੋ ਗਿਆ। ਰੌਬਿਨ ਨੇ ਜੈਨੀਫਰ ਵੱਲ ਧਿਆਨ ਨਾਲ ਵੇਖਿਆ। ਉਸ ਦੇ ਇਕਸਾਰ ਚਿੱਟੇ ਦੰਦਾਂ ਦੀ ਮੁਸਕਰਾਹਟ ਉਸ ਨੂੰ ਸਦਾ ਵਾਂਗ ਬਹੁਤ ਹੀ ਪਿਆਰੀ ਲੱਗੀ। ਜੈਨੀਫਰ ਦੇ ਤਿੱਖੇ ਨਕਸ਼, ਸਲੀਕੇ ਨਾਲ ਵਾਹੇ ਵਾਲ, ਉਸ ਦਾ ਸ਼ਰਮ ਦੀ ਲਾਲੀ ਨਾਲ ਭਾਅ ਮਾਰਦਾ ਚਿਹਰਾ ਰੌਬਿਨ ਨੂੰ ਕਈ ਸਾਲ ਪਿੱਛੇ ਆਪਣੇ ਜੈਨੀਫਰ ਲਈ ਇਸ਼ਕ ਵਾਲੇ ਸਮੇਂ ਵਿਚ ਲੈ ਗਏ। ਜੈਨੀਫਰ ਸੱਚੀਂ ਬਹੁਤਾ ਨਹੀਂ ਸੀ ਬਦਲੀ। ਰੌਬਿਨ ਨੇ ਐਡਵੀਨਾ ਵੱਲ ਵੇਖਿਆ। ਉਸ ਦਾ ਚਿਹਰਾ ਭਾਂਵੇਂ ਅਜੇ ਵੀ ਸੁੰਦਰ ਸੀ ਪਰ ਉਸ ਦੇ ਚਿਹਰੇ ਅਤੇ ਬਾਕੀ ਦੇ ਸਰੀਰ 'ਤੇ

ਢਿਲਕਦਾ ਮਾਸ ਉਸ ਦੇ ਬੁਢਾਪੇ ਨੂੰ ਹੋਰ ਵੀ ਬੁੱਢਾ ਕਰ ਰਿਹਾ ਸੀ। ਰੌਬਿਨ ਨੂੰ ਇਕ ਵਾਰ ਐਲਨ ਨਾਲ ਮਾੜੀ ਜਿਹੀ ਈਰਖਾ ਹੋਈ ਤੇ ਆਪਣੀ ਕਿਸਮਤ 'ਤੇ ਤਰਸ ਆਇਆ।

ਐਲਨ ਦੀ ਸਿਹਤ ਵੀ ਠੀਕ ਸੀ। ਉਹ ਅਜੇ ਵੀ ਸਿਆਸਤ ਵਿਚ ਲੋੜ ਅਨੁਸਾਰ ਸਰਗਰਮ ਸੀ। ਉਹ ਤਕਰੀਬਨ ਹਰ ਗੱਲ ਜੈਨੀਫਰ ਨਾਲ ਸਾਂਝੀ ਕਰਦਾ। ਜੈਨੀਫਰ ਨੂੰ ਸਿਆਸਤ ਵਿਚ ਵਾਪਰਦੀਆਂ ਘਟਨਾਵਾਂ ਦਾ ਤਕਰੀਬਨ ਪਤਾ ਹੁੰਦਾ। ਸਿਆਸੀ ਤਿਲਕਣਬਾਜੀ ਦੀ ਭਾਂਵੇਂ ਜੈਨੀਫਰ ਮਾਹਰ ਨਹੀਂ ਸੀ ਫਿਰ ਵੀ ਕਦੀ ਕਦੀ ਉਸ ਦੀ ਰਾਇ ਐਲਨ ਲਈ ਬਹੁਤ ਲਾਹੇਬੰਦ ਸਾਬਤ ਹੁੰਦੀ। ਐਲਨ ਜੈਨੀਫਰ ਨੂੰ ਮਸਕਾ ਲਾਉਂਦਾ–

"ਤੈਨੂੰ ਵੀ ਸਿਆਸਤ ਵਿਚ ਹਿੱਸਾ ਲੈਣਾ ਚਾਹੀਦਾ।"

"ਔਰਤਾਂ ਨੂੰ ਤਾਂ ਤੁਸੀਂ ਮਰਦ ਵੋਟ ਦਾ ਹੱਕ ਵੀ ਦੇਣ ਨੂੰ ਤਿਆਰ ਨਹੀਂ, ਸਿਆਸਤ ਵਿਚ ਕਿਥੋਂ ਉਹਨਾਂ ਨੂੰ ਥਾਂ ਦੇਵੋਗੇ!" ਐਲਨ ਸੁਣ ਕੇ ਚੁੱਪ ਹੋ ਜਾਂਦਾ।

ਖਾਣਾ ਖਾਂਦਿਆਂ ਔਰਤਾਂ ਦੇ ਹੱਕ ਵਿਚ ਐਲਨ ਬੋਲਿਆ ਤੇ ਪੂਰੇ ਦਿਲ ਨਾਲ। ਮੈਗੀ ਆਪਣੀ ਥਾਂ 'ਤੇ ਬਹੁਤ ਖੁਸ਼ ਸੀ। ਉਹ ਇਸ ਮਸਲੇ 'ਤੇ ਕੁਝ ਬੋਲ ਨਹੀਂ ਸੀ ਰਹੀ। ਉਹ ਜਾਣਦੀ ਸੀ ਅਲੀਜ਼ਾ ਦੇ ਮਨ 'ਤੇ ਚੰਗਾ ਅਸਰ ਨਹੀਂ ਸੀ ਪੈਂਦਾ। ਉਹ ਮੈਗੀ ਨੂੰ ਅਜਿਹੇ ਮਸਲਿਆਂ 'ਤੇ ਗੱਲ ਕਰਦਿਆਂ ਸੁਣ ਕੇ ਫਿਕਰਮੰਦ ਹੋ ਜਾਂਦੀ ਸੀ ਤੇ ਡਾਕਟਰਾਂ ਅਨੁਸਾਰ ਅਲੀਜ਼ਾ ਦੀ ਬਿਮਾਰੀ ਦਾ ਸ਼ਾਇਦ ਹੋਰ ਕਾਰਨਾਂ ਵਿਚੋਂ ਇਹ ਵੀ ਇਕ ਕਾਰਨ ਸੀ। ਸੰਭਵ ਸੀ ਬਹੁਤ ਵੱਡਾ ਕਾਰਨ ਹੋਵੇ। ਉਸ ਤੋਂ ਬਾਅਦ ਮੈਗੀ ਨੇ ਅਲੀਜ਼ਾ ਦੇ ਸਾਹਮਣੇ ਅਜਿਹੀ ਕੋਈ ਵੀ ਗੱਲ ਨਾ ਕਰਨ ਦਾ ਫੈਸਲਾ ਕਰ ਲਿਆ।

ਖਾਣਾ ਖਤਮ ਹੋਇਆ ਤਾਂ ਡਰਿੰਕ ਦਾ ਦੌਰ ਸ਼ੁਰੂ ਹੋ ਗਿਆ। ਸਭ ਮੌਜ ਮਸਤੀ ਦੇ ਮੂਡ ਵਿਚ ਸਨ। ਅਲੀਜ਼ਾ ਨੂੰ ਵੀ ਸਭ ਚੰਗਾ ਲੱਗ ਰਿਹਾ ਸੀ ਤੇ ਉਹ ਖੁਸ਼ ਸੀ। ਹਰ ਕੋਈ ਉਸ ਕੋਲ ਆਪਣੀ ਹਾਜ਼ਰੀ ਲਗਾ ਰਿਹਾ ਸੀ ਤੇ ਉਸ ਨੂੰ ਉਸ ਦੀ ਮਹੱਤਤਾ ਦਾ ਅਹਿਸਾਸ ਕਰਵਾ ਕੇ ਚੰਗੀ ਸਿਹਤ ਦੀ ਦੁਆ ਕਰ ਰਿਹਾ ਸੀ। ਮੈਗੀ ਕਮਰੇ ਵਿਚੋਂ ਨਿਕਲੀ ਤਾਂ ਰੌਬਿਨ ਨੇ ਉਸ ਨੂੰ ਲੌਬੀ ਵਿਚ ਰੋਕ ਲਿਆ।

"ਮੈਗੀ ਮੁਆਫ ਕਰਨਾ ਮੈਂ ਅਲੀਜ਼ਾ ਲਈ ਬਹੁਤ ਫਿਕਰਮੰਦ ਆਂ। ਅੱਜ ਮੈਨੂੰ ਰਸਲ ਦੀ ਬਹੁਤ ਯਾਦ ਆ ਰਹੀ ਐ।" ਰੌਬਿਨ ਨੇ ਆਪਣੇ ਹੱਥ ਵਿਚਲੇ ਵਾਈਨ ਦੇ ਗਲਾਸ ਵੱਲ ਇੰਝ ਵੇਖਿਆ ਜਿਵੇਂ ਉਹ ਮੈਗੀ ਵੱਲ ਵੇਖਣ ਤੋਂ ਡਰਦਾ ਹੋਵੇ।

"ਬਹੁਤ ਮਿਹਰਬਾਨੀ ਰੌਬਿਨ ਅੰਕਲ। ਮਦਰ ਹੁਣ ਬਹੁਤ ਠੀਕ ਐ। ਤੁਹਾਨੂੰ ਫਿਕਰ ਨਹੀਂ ਕਰਨਾ ਚਾਹੀਦਾ।"

"ਰਸਲ ਮੇਰਾ ਕਜ਼ਨ ਹੀ ਨਹੀਂ ਸਗੋਂ ਮੇਰਾ ਬਹੁਤ ਚੰਗਾ ਦੋਸਤ ਵੀ ਸੀ। ਕਦੀ ਕਦੀ ਮੈਨੂੰ ਮਹਿਸੂਸ ਹੁੰਦਾ ਐ, ਮੈਂ ਉਸ ਦੀਆਂ ਜ਼ਿੰਮੇਵਾਰੀਆਂ ਵੱਲ ਬਹੁਤਾ ਧਿਆਨ ਨਹੀਂ ਦੇ ਸਕਿਆ। ਕੰਮ ਵਿਚ ਹੀ ਸਮਾਂ ਨਹੀਂ ਲਗਦਾ।"

ਮੈਗੀ ਨੂੰ ਸਮਝ ਨਹੀਂ ਸੀ ਆ ਰਹੀ ਆਖ਼ਰ ਰੌਬਿਨ ਕੀ ਕਹਿਣਾ ਚਾਹੁੰਦਾ ਸੀ? ਉਹ ਹੈਰਾਨੀ ਤੇ ਉੱਤਸੁਕਤਾ ਨਾਲ ਉਸ ਨੂੰ ਸੁਣਨ ਲੱਗੀ।

"ਮੇਰੇ ਖਿਆਲ ਵਿਚ ਅਲੀਜ਼ਾ ਦੀ ਬਿਮਾਰੀ ਦਾ ਵੱਡਾ ਕਾਰਨ ਤੇਰਾ ਜ਼ਿੰਦਗੀ ਵਿਚ ਸੈਟ ਨਾ ਹੋਣਾ ਐ। ਮੈਂ ਇਸ ਬਾਰੇ ਬਹੁਤ ਗੰਭੀਰਤਾ ਨਾਲ ਸੋਚ ਰਿਹਾ ਸੀ ਤੇ ਮੈਂ ਦਿਲੋਂ ਮਦਦ ਕਰਨੀ ਚਾਹੁੰਦਾ ਹਾਂ।" ਰੌਬਿਨ ਨੇ ਵਾਈਨ ਦਾ ਨਿੱਕਾ ਜਿਹਾ ਘੁੱਟ ਭਰਿਆ ਤੇ ਮੈਗੀ ਦੇ ਜਵਾਬ ਦੀ ਉਡੀਕ ਕਰਨ ਲੱਗਾ।

"ਮੈਂ ਸਮਝੀ ਨਹੀਂ ਅੰਕਲ ਰੌਬਿਨ!"

"ਮੇਰਾ ਇਕ ਕਲਾਇੰਟ ਹੈ ਅਤੇ ਉਹ ਸਾਡਾ ਪ੍ਰੀਵਾਰਕ ਦੋਸਤ ਵੀ ਐ। ਬਹੁਤ ਚੰਗੀ ਫੈਮਲੀ ਐ। ਟੌਮ ਪੜ੍ਹਿਆ ਲਿਖਿਆ ਵੀ ਐ ਤੇ ਵੱਡੀ ਗੱਲ ਆਪਣੇ ਬਿਜਨਸ ਵਿਚ ਬਹੁਤ ਨਿਪੁੰਨ ਐ। ਮੈਂ ਚਾਹੁੰਦਾ ਸੀ ਤੂੰ ਉਸ ਨੂੰ ਮਿਲ ਲਵੇਂ। ਜੇ ਤੁਹਾਨੂੰ ਚੰਗਾ ਲੱਗੇ ਤਾਂ ਸ਼ਾਇਦ ਗੱਲ ਅੱਗੇ ਵੱਧ ਸਕਦੀ ਐ।"

ਰੌਬਿਨ ਮੈਗੀ ਨੂੰ ਨਿਹਾਰ ਰਿਹਾ ਸੀ ਤੇ ਮੈਗੀ ਲੌਬੀ ਵਿਚੋਂ ਮਹਿਮਾਨਖਾਨੇ ਵੱਲ ਵੇਖ ਰਹੀ ਸੀ। ਅਸਲ ਵਿਚ ਉਹ ਕੋਈ ਢੁਕਵਾਂ ਜਵਾਬ ਸੋਚ ਰਹੀ ਸੀ।

"ਰੌਬਿਨ ਅੰਕਲ, ਤੁਹਾਡੀ ਬਹੁਤ ਮਿਹਰਬਾਨੀ ਤੁਸੀਂ ਮੇਰੇ ਫਾਦਰ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਵੀ ਸੁਹਿਰਦ ਓ। ਮੈਨੂੰ ਪਤਾ ਮੇਰਾ ਫਾਦਰ ਇਕ ਅਦਰਸ਼ਵਾਦੀ ਇਨਸਾਨ ਸੀ। ਬਹੁਤੇ ਲੋਕਾਂ ਕੋਲ ਆਦਰਸ਼ ਸਿਰਫ ਸ਼ਬਦਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦੇ ਐ। ਧਰਾਮਿਕ ਗਰੰਥਾਂ ਵਿਚ ਬਹੁਤ ਆਦਰਸ਼ ਭਰੇ ਹੋਏ ਨੇ। ਬਹੁਤ ਲੋਕ ਹਰ ਰੋਜ਼ ਚਰਚ ਜਾਂਦੇ ਐ। ਪਰ ਅਫ਼ਸੋਸ ਉਹ ਉਹਨਾਂ ਆਦਰਸ਼ਾਂ ਨੂੰ ਕਦੇ ਅਮਲ ਵਿਚ ਨਹੀਂ ਲਿਆਉਂਦੇ। ਆਦਰਸ਼ਾਂ ਦਾ ਇਤਿਹਾਸ ਇਸ ਗੱਲ ਦਾ ਗਵਾਹ ਐ ਤੇ ਮੇਰੇ ਫਾਦਰ ਵੀ ਸੋਸ਼ਲਿਸਟ ਖਿਆਲਾਂ ਵਾਲੇ

ਅਦਰਸ਼ਵਾਦੀ ਸਨ ਜਿਹਨਾਂ ਨੇ ਅਮਲ ਵਿਚ ਆਪਣੇ ਕਿਸੇ ਆਦਰਸ਼ ਨੂੰ ਨਹੀਂ ਲਿਆਂਦਾ। ਮੈਂ ਉਸ ਤੋਂ ਉਲਟ ਆਂ। ਮੈਂ ਜੋ ਠੀਕ ਸਮਝਦੀ ਆਂ ਉਹ ਅਮਲ ਵਿਚ ਲਿਆਉਣ ਲਈ ਵਚਨ-ਵੱਧ ਆਂ। ਮੈਂ ਵਿਆਹ ਬਾਰੇ ਖੁੱਲ੍ਹਾ ਦਿਲ ਰਖਦੀ ਆਂ। ਵਿਆਹ ਲਈ ਮੈਨੂੰ ਕੋਈ ਬਹੁਤ ਅਮੀਰ ਬੰਦਾ ਨਹੀਂ ਚਾਹੀਦਾ। ਮੈਨੂੰ ਉਹ ਬੰਦਾ ਚਾਹੀਦਾ ਜੋ ਹਰ ਫੈਸਲੇ ਵਿਚ ਮੇਰੀ ਰਾਇ ਦਾ ਧਿਆਨ ਰੱਖੇ। ਜੋ ਮੈਨੂੰ ਬਰਾਬਰ ਸਮਝੇ ਤੇ ਇਕ ਇਨਸਾਨ ਵਜੋਂ ਸਤਿਕਾਰ ਦੇਵੇ। ਅੱਜ ਕੱਲ੍ਹ ਬੰਦੇ ਹਰ ਫੈਸਲਾ ਖੁਦ ਕਰਦੇ ਹਨ ਚਾਹੇ ਉਹ ਸਿਆਸੀ ਹੋਵੇ, ਧਾਰਮਿਕ ਹੋਵੇ ਜਾਂ ਘਰੇਲੂ ਹੋਵੇ। ਮੈਂ ਆਪਣੀ ਮਰਜ਼ੀ ਅਤੇ ਆਜ਼ਾਦੀ ਨਾਲ ਜ਼ਿੰਦਗੀ ਗੁਜਾਰਣੀ ਚਾਹੁੰਦੀ ਹਾਂ ਤੇ ਉਹ ਬੰਦਾ ਮੈਨੂੰ ਇਸ ਦੀ ਆਜ਼ਾਦੀ ਦੇ ਸਕੇ। ਜੇ ਕੋਈ ਅਜਿਹਾ ਬੰਦੇ ਤੁਹਾਡੇ ਖਿਆਲ ਵਿਚ ਐ ਤਾਂ ਮੈਂ ਸੋਚ ਸਕਦੀ ਆਂ। ਮੁਆਫ ਕਰਨਾ ਮੈਂ ਹੁਣੇ ਆਈ।''

ਮੈਗੀ ਤਾਂ ਚਲੀ ਗਈ। ਰੌਬਿਨ ਹੈਰਾਨੀ ਨਾਲ ਉਸ ਦੀ ਪਿੱਠ ਵੱਲ ਵੇਖਦਾ ਰਿਹਾ। ਉਸ ਨੂੰ ਮੈਗੀ ਤੋਂ ਅਜਿਹੇ ਉੱਤਰ ਦੀ ਉਮੀਦ ਨਹੀਂ ਸੀ।

-------

ਮੈਗੀ ਨੇ ਐਨੀ ਬੇਸੈਂਟ ਨੂੰ ਉਸ ਦੇ ਦਫ਼ਤਰ ਦੇ ਦਰਵਾਜ਼ੇ ਵਿਚੋਂ ਵੇਖਿਆ। ਐਨੀ ਕੁਝ ਪੜ੍ਹ ਰਹੀ ਸੀ ਤੇ ਉਸ ਨੂੰ ਮੈਗੀ ਦੇ ਦਰਵਾਜ਼ੇ ਵਿਚ ਖੜ੍ਹੇ ਹੋਣ ਦਾ ਅਹਿਸਾਸ ਵੀ ਨਹੀਂ ਸੀ। ਮੈਗੀ ਨੇ ਪਹਿਲੀ ਵਾਰ ਐਨੀ ਨੂੰ ਮਿਲਣਾ ਸੀ। ਐਨੀ ਬੇਸੈਂਟ ਬਾਰੇ ਮੈਗੀ ਨੂੰ ਕਾਫੀ ਕੁਝ ਪਤਾ ਸੀ। ਐਨੀ ਇਕ ਲੇਖਕ, ਸੋਸ਼ਲਿਸਟ ਵਿਚਾਰਾਂ ਵਾਲੀ ਅਤੇ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਔਰਤ ਸੀ। ਉਸ ਦਾ ਵਿਆਹ ਇਕ ਧਾਰਮਿਕ ਵਿਅੱਕਤੀ ਨਾਲ ਹੋਇਆ ਸੀ। ਉਹਨਾਂ ਦੇ ਦੋ ਬੱਚੇ ਵੀ ਸਨ। ਐਨੀ ਧਾਰਮਿਕ ਵਿਚਾਰਾਂ ਵਾਲੀ ਔਰਤ ਨਹੀਂ ਸੀ। ਉਹਨਾਂ ਦੇ ਵੱਖਰੇ ਵੱਖਰੇ ਰਸਤਿਆਂ 'ਤੇ ਚੱਲਣ ਕਾਰਨ ਉਹਨਾਂ ਦਾ ਤਲਾਕ ਹੋ ਗਿਆ ਸੀ ਤੇ ਐਨੀ ਤਨੋ-ਮਨੋ ਭਾਰਤ ਅਤੇ ਆਇਰਲੈਂਡ ਦੇ ਹੋਮ ਰੂਲ ਦੇ ਹੱਕ ਵਿਚ ਬੋਲਦੀ ਤੇ ਲਿਖਦੀ ਸੀ। ਮੈਗੀ ਦੇ ਦਿਲ ਵਿਚ ਐਨੀ ਲਈ ਬਹੁਤ ਸਤਿਕਾਰ ਸੀ। ਉਹ ਐਨੀ ਨੂੰ ਕੁਝ ਦੇਰ ਸਤਿਕਾਰ ਨਾਲ ਵੇਖਦੀ ਰਹੀ ਤੇ ਫਿਰ ਉਸ ਨੇ ਹਲਕਾ ਜਿਹਾ ਬੂਹੇ 'ਤੇ ਖੜਾਕ ਕੀਤਾ। ਐਨੀ ਨੇ ਦਰਵਾਜ਼ੇ ਵੱਲ ਵੇਖਿਆ ਤੇ ਮੁਸਕਰਾਹਟ ਨਾਲ ਮੈਗੀ ਨੂੰ ਜੀ ਆਇਆਂ ਕਿਹਾ ਭਾਂਵੇਂ ਉਹ ਮੈਗੀ ਨੂੰ ਬਿਲਕੁਲ ਜਾਣਦੀ ਨਹੀਂ ਸੀ।

''ਮੇਰਾ ਨਾਂ ਮਾਰਗਰੇਟ ਹੈ ਤੇ ਸਾਰੇ ਮੈਨੂੰ ਮੈਗੀ ਕਹਿੰਦੇ ਐ। ਮੈਂ ਤੁਹਾਡਾ ਵੀਕਲੀ ਪਰਚਾ 'ਦਾ ਲਿੰਕ' ਪੜ੍ਹਦੀ ਰਹਿੰਦੀ ਹਾਂ---।'' ਮੈਗੀ ਨੇ ਆਪਣੀ ਜਾਣ-ਪਛਾਣ ਕਰਵਾਈ।

''ਬਹੁਤ ਖੁਸ਼ੀ ਹੋਈ ਮੈਗੀ ਤੈਨੂੰ ਮਿਲ ਕੇ।''

ਐਨੀ ਫਿਰ ਤੋਂ ਆਪਣੀ ਕੁਰਸੀ 'ਤੇ ਜਾ ਬੈਠੀ ਅਤੇ ਮੈਗੀ ਨੂੰ ਵੀ ਕੁਰਸੀ 'ਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ।

''---ਸਾਲਵੇਸ਼ਨ ਆਰਮੀ ਨੇ ਸੀਖਾਂ ਅਤੇ ਡੱਬੀਆਂ ਬਣਾਉਣ ਦੀ ਫੈਕਟਰੀ ਖੋਲ੍ਹ ਕੇ ਚੰਗਾ ਕੰਮ ਕੀਤਾ ਐ। ਸੁਣਿਆ ਉਹ ਖਤਰਨਾਕ ਚਿੱਟੇ ਫਾਸਫੋਰਸ ਦੀ ਥਾਂ ਘੱਟ ਖਤਰਨਾਕ ਲਾਲ ਫਾਸਫੋਰਸ ਦੀ ਵਰਤੋਂ ਕਰਦੇ ਐ। ਲਾਲ ਫਾਸਫੋਰਸ ਕਹਿੰਦੇ ਐ ਤਿੰਨ ਗੁਣਾਂ ਮਹਿੰਗਾ ਐ ਫਿਰ ਵੀ ਉਹ ਸੀਖਾਂ ਵਾਲੀਆਂ ਡੱਬੀਆਂ ਸਸਤੀਆਂ ਕਿਵੇਂ ਵੇਚ ਲੈਂਦੇ ਐ?''

ਕੁਝ ਰਸਮੀ ਗੱਲਾਂ ਕਰਨ ਬਾਅਦ ਮੈਗੀ ਨੇ ਆਪਣੇ ਸ਼ੰਕੇ ਨਵਿਰਤ ਕਰਨ ਲਈ ਗੱਲ ਛੋਹੀ।

''ਪਹਿਲੀ ਗੱਲ ਤਾਂ ਸਾਲਵੇਸ਼ਨ ਆਰਮੀ ਇਕ ਕਰਿਸਚੀਅਨ ਚੈਰੀਟੇਬਲ ਸੰਸਥਾ ਐ ਤੇ ਉਹਨਾਂ ਦਾ ਮਕਸਦ ਪੈਸਾ ਬਣਾਉਣਾ ਨਹੀਂ। ਫਿਰ ਵੀ ਉਹਨਾਂ ਨੂੰ ਕੰਮ ਚਲਾਉਣ ਲਈ ਮੁਨਾਫੇ ਦੀ ਲੋੜ ਤਾਂ ਹੈ ਈ। ਉਹਨਾਂ ਨੇ ਮਸ਼ੀਨਾਂ ਦੀ ਵਰਤੋਂ ਨਾਲ ਸੀਖਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਤੇ ਇੰਝ ਕਰਨ ਨਾਲ ਖਰਚਾ ਘਟ ਹੋ ਗਿਆ। ਸੀਖਾਂ ਨੂੰ ਡੱਬੀਆਂ ਵਿਚ ਪੈਕ ਕਰਨ ਲਈ ਅਜੇ ਵੀ ਉਹ ਔਰਤ ਵਰਕਰਾਂ ਦੀ ਵਰਤੋਂ ਕਰਦੇ ਐ।''

ਐਨੀ ਬੇਸੈਂਟ ਨੂੰ ਲੱਗਾ ਜਿਵੇਂ ਕੁੜੀ ਕੋਈ ਪੱਤਰਕਾਰ ਹੋਵੇ ਤੇ ਉਸ ਦੀ ਇੰਟਰਵਿਊ ਲੈ ਰਹੀ ਹੋਵੇ।

''ਪਰ ਬਹੁਤ ਸਾਰੇ ਵਰਕਰਾਂ ਨੂੰ ਕੰਮ ਤੋਂ ਜਵਾਬ ਵੀ ਮਿਲ ਗਿਆ ਹੋਵੇਗਾ ਤੇ ਉਹਨਾਂ ਦੀ ਰੋਜ਼ੀ-ਰੋਟੀ ਨੂੰ ਲੱਤ ਵੱਜੀ ਹੋਵੇਗੀ?'' ਮੈਗੀ ਦਾ ਸਵਾਲ ਟੇਢਾ ਸੀ।

''ਸ਼ਾਇਦ -ਵੱਡੀ ਗੱਲ ਲੋਕਾਂ ਦੀਆਂ ਜ਼ਿੰਦਗੀਆਂ ਮਹਿਫੂਜ ਰੱਖ ਸਕਣ ਦੀ ਐ। ਕੰਮ ਤਾਂ ਤਦ ਹੀ ਹੋ ਸਕਦਾ ਜਦ ਕੋਈ ਸਿਹਤਮੰਦ ਹੋਵੇ।''

ਮੈਗੀ ਨੇ ਸਿਰ ਹਿਲਾ ਕੇ ਹਾਮੀ ਭਰੀ। ਪਰ ਉਹ ਐਨੀ ਵੱਲ ਵੇਖਦੀ ਰਹੀ ਜਿਵੇਂ ਅਜੇ ਉਸ ਦੀ ਤਸੱਲੀ ਨਹੀਂ ਸੀ ਹੋਈ।

"ਚਿੱਟਾ ਫਾਸਫੋਰਸ ਤਾਂ ਲਿਵਰ ਦੀਆਂ ਬਿਮਾਰੀਆਂ ਤੇ 'ਫੌਸੀ ਜਾਅ' (ਇਕ ਜਬਾੜੇ ਦੀ ਬਿਮਾਰੀ ਜਿਹੜੀ ਚਿੱਟੇ ਫਾਸਫੋਰਸ ਨਾਲ ਆਮ ਹੁੰਦੀ ਸੀ) ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਕਾਰਨ ਬਣ ਜਾਂਦਾ ਐ। ਬਹੁਤ ਲੋਕ ਇਹਨਾਂ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਸਨ ਤੇ ਖਾਸ ਕਰਕੇ ਬੱਚੇ ਵੀ। ਭਲਾ ਹੋਵੇ 'ਬਰਾਇੰਟ ਤੇ ਮੇਅ' ਮੈਨੇਜਮੈਂਟ ਦਾ ਜਿਹਨਾਂ ਨੇ ਇਕ ਵਰਕਰ ਨੂੰ (ਜੁਲਾਈ 1888) ਕੰਮ ਤੋਂ ਕੱਢ ਦਿੱਤਾ ਸੀ।" ਐਨੀ ਦੇ ਬੁੱਲਾਂ ਤੇ ਇਕ ਰਾਜ਼ਦਾਰ ਮੁਸਕਰਾਹਟ ਆਈ।

"ਇਸ ਵਿਚ ਭਲੇ ਵਾਲੀ ਕਿਹੜੀ ਗੱਲ ਹੋਈ ਮੈਂ ਸਮਝੀ ਨਹੀਂ!" ਮੈਗੀ ਹੈਰਾਨ ਸੀ।

"ਵੇਖ ਜੇ ਉਹ ਉਸ ਵਰਕਰ ਨੂੰ ਨਾ ਕਢਦੇ ਤਾਂ ਸ਼ਾਇਦ ਹੜਤਾਲ ਨਾ ਹੀ ਹੁੰਦੀ। ਉਹਨਾਂ ਨੇ ਵਰਕਰ ਨੂੰ ਕੱਢਿਆ ਤੇ ਕੁੜੀਆਂ 'ਕੱਠੀਆਂ ਹੋ ਕੇ ਮੈਨੇਜਮੈਂਟ ਦੇ ਦਫ਼ਤਰ ਅੱਗੇ ਜਾ ਖੜ੍ਹੀਆਂ ਹੋਈਆਂ। ਮੈਨੇਜਮੈਂਟ ਨੇ ਵਰਕਰ ਨੂੰ ਵਾਪਿਸ ਲੈਣ ਦਾ ਵਾਇਦਾ ਕਰ ਲਿਆ। ਕਰਨਾ ਹੀ ਪੈਣਾ ਸੀ!" ਇਕ ਵਾਰ ਫਿਰ ਐਨੀ ਮੈਗੀ ਵੱਲ ਵੇਖਣ ਲੱਗੀ।

"ਉਹ ਕਿਉਂ? ਮੈਨੇਜਮੈਂਟਾਂ ਤਾਂ ਬਹੁਤੀ ਵਾਰ ਅੱਖੜ ਹੀ ਹੁੰਦੀਆਂ।"

"ਫੈਕਟਰੀ ਦਾ ਮਾਲਕ ਬਰਾਇੰਟ ਇਕ ਜਾਣਿਆ-ਪਛਾਣਿਆ ਲਿਬਰਲ ਪਾਰਟੀ ਦਾ ਲੀਡਰ ਸੀ। ਉਸ ਨੂੰ ਡਰ ਸੀ ਕਿਤੇ ਪਬਲਿਕ ਵਿਚ ਉਹਦੀ ਭੰਡੀ ਨਾ ਹੋ ਜਾਵੇ। ਸੋ ਉਹਨਾਂ ਨੇ ਵਰਕਰ ਨੂੰ ਵਾਪਿਸ ਲੈਣ ਦੀ ਹਾਂ ਕਰ ਦਿੱਤੀ। ਵਰਕਰਾਂ ਨੇ ਘੱਟ ਤਨਖਾਹ, ਚੌਦਾਂ ਘੰਟੇ ਲੰਬੇ ਦਿਨ ਅਤੇ ਕੰਮ ਦੀਆਂ ਭੈੜੀਆਂ ਹਾਲਤਾਂ ਨੂੰ ਧਿਆਨ ਵਿਚ ਰਖਦਿਆਂ ਆਪਣੀਆਂ ਹੋਰ ਮੰਗਾਂ ਰੱਖ ਦਿੱਤੀਆਂ। ਕੁਝ ਦਿਨ ਗੱਲ ਬਾਤ ਚਲਦੀ ਰਹੀ। ਗੱਲ ਕਿਸੇ ਸਿਰੇ ਨਾ ਲੱਗੀ ਤਾਂ 6 ਜੁਲਾਈ ਨੂੰ 1400 ਵਰਕਰਾਂ ਨੇ ਹੜਤਾਲ ਕਰ ਦਿੱਤੀ।"

"ਮੈਂ ਸੁਣਿਆ ਤੁਸੀਂ ਉਹਨਾਂ ਨੂੰ ਹੜਤਾਲ ਲਈ ਉਕਸਇਆ?" ਮੈਗੀ ਮੁਸਕਰਾਈ।

"ਨਹੀਂ ਇਹ ਗੱਲ ਨਹੀਂ। 6 ਜੁਲਾਈ ਨੂੰ 100 ਦੇ ਕਰੀਬ ਕੁੜੀਆਂ ਮੇਰੇ ਕੋਲ ਆਈਆਂ ਤੇ ਹੜਤਾਲ ਵਿਚ ਮਦਦ ਮੰਗੀ। ਮੇਰੀ ਹਮਦਰਦੀ ਉਹਨਾਂ ਨਾਲ ਹੀ ਹੋ ਸਕਦੀ ਸੀ ਸੋ ਮੈਂ ਹਾਂ ਕਰ ਦਿੱਤੀ। ਮੈਂ 'ਦਾ ਲਿੰਕ' ਵਿਚ ਪੂਰੇ ਜ਼ੋਰਦਾਰ ਸ਼ਬਦਾਂ ਵਿਚ ਹੜਤਾਲ ਦੇ ਹੱਕ ਵਿਚ ਲੇਖ ਲਿਖੇ। ਉਹਨਾਂ ਨੂੰ ਆਪਣੀ ਸੋਚ ਅਨੁਸਾਰ ਰਾਇ ਵੀ ਦਿੱਤੀ। ਉਹ ਮੈਂਬਰ ਆਫ ਪਾਰਲੀਮੈਂਟ ਨੂੰ ਵੀ ਮਿਲੀਆਂ ਤੇ ਪਾਰਲੀਮੈਂਟ ਵਿਚ ਵੀ ਚਾਰਲਸ ਬਰੈਡਲਾਹ ਐਮ ਪੀ ਨੇ ਉਹਨਾਂ ਦਾ ਕੇਸ ਰੱਖਿਆ। ਬਹੁਤ ਸਾਰੀ ਪਬਲੀਸਿਟੀ ਤੋਂ ਬਾਅਦ 16 ਜੁਲਾਈ ਨੂੰ ਮੈਨੇਜਮੈਂਟ ਨਾਲ ਫੈਸਲਾ ਹੋਇਆ। ਸਾਰੇ ਜੁਰਮਾਨੇ ਮੁਆਫ਼ ਕਰ ਦਿੱਤੇ ਗਏ ਤੇ ਅੱਗੇ ਤੋਂ ਮੈਨੇਜਮੈਂਟ ਨੇ ਵਰਕਰਾਂ ਨੂੰ ਆਪਣੇ ਦੁੱਖ ਤਕਲੀਫ਼ ਸਿੱਧੇ ਮੈਨੇਜਮੈਂਟ ਅੱਗੇ ਰੱਖਣ ਲਈ ਕਿਹਾ। ਹੁਣ ਤਾਂ (1891) ਬਰਾਇੰਟ ਤੇ ਮੇਅ ਫੈਕਟਰੀ ਨੇ ਵੀ ਚਿੱਟੀ ਫਾਸਫੋਰਸ ਵਰਤਣੀ ਬੰਦ ਕਰ ਦਿੱਤੀ ਐ।"

ਐਨੀ ਨੇ ਵਿਸਥਾਰ ਨਾਲ ਹੜਤਾਲ ਦੀ ਜਾਣਕਾਰੀ ਦਿੱਤੀ।

"ਮੈਨੂੰ ਸਮਝ ਨਹੀਂ ਲਗਦੀ ਮੈਨੇਜਮੈਂਟ ਹੜਤਾਲ ਬਾਅਦ ਹੀ ਕਿਉਂ ਮੰਨਦੀ ਐ? ਉਹ ਵਰਕਰਾਂ ਦੇ ਦੁੱਖ ਤਕਲੀਫ਼ਾਂ, ਲੋੜਾਂ ਦਾ ਖਿਆਲ ਪਹਿਲਾਂ ਹੀ ਕਿਉਂ ਨਹੀਂ ਕਰਦੀ?"

"ਕਿਉਂਕਿ ਉਹ ਸਿਰਫ਼ ਆਪਣੇ ਮੁਨਾਫ਼ੇ ਨੂੰ ਵੇਖਦੇ ਐ। ਵੈਸੇ ਵੀ ਅਸੀਂ ਸਤਿਯੁਗ ਵਿਚ ਨਹੀਂ ਰਹਿ ਰਹੇ। ਵੈਸੇ ਤਾਂ ਸ਼ਾਇਦ ਸਤਿਯੁਗ ਵੀ ਕਦੇ ਨਹੀਂ ਸੀ। ਇਹ ਵੀ ਮਨੁੱਖ ਦੀ ਕਲਪਨਾ ਈ ਐ। ਅਸੀਂ ਤਾਂ ਪੈਸੇ, ਲਾਲਚ ਤੇ ਖੁਦਗਰਜ਼ੀ ਦੇ ਯੁੱਗ ਵਿਚ ਰਹਿ ਰਹੇ ਆਂ।" ਐਨੀ ਨੇ ਸੋਚਵਾਨ ਹੁੰਦਿਆਂ ਜਵਾਬ ਦਿੱਤਾ।

ਕੁਝ ਦੇਰ ਬਾਅਦ ਮੈਗੀ ਨੇ ਐਨੀ ਤੋਂ ਵਿਦਾ ਲਈ। ਉਸ ਨੇ ਆਉਣ ਤੋਂ ਪਹਿਲਾਂ ਇਕ ਲਫਾਫੇ ਵਿਚ ਕੁਝ ਮਦਦ ਵਜੋਂ ਪੈਸੇ ਪਾ ਕੇ ਐਨੀ ਦੀ ਮੇਜ਼ 'ਤੇ ਪਈ ਫਾਈਲ ਹੇਠ ਰੱਖ ਦਿੱਤਾ ਸੀ। ਮੈਗੀ ਨੂੰ ਐਨੀ ਨੇ ਦੱਸਿਆ ਨਹੀਂ ਸੀ ਕਿ ਉਸ ਨੇ ਇੰਡੀਆਂ ਜਾ ਕੇ ਸੈਂਟਰਲ ਹਿੰਦੂ ਕਾਲਜ (1898) ਦੀ ਸਥਾਪਨਾ ਵਿਚ ਉੱਘਾ ਰੋਲ ਨਿਭਾਇਆ ਸੀ।

ਉਦੋਂ ਤਾਂ ਐਨੀ ਨੂੰ ਖੁਦ ਵੀ ਪਤਾ ਨਹੀ ਸੀ, ਉਸ ਨੇ (1922) ਵਿਚ ਹੈਦਰਾਬਾਦ ਨੈਸ਼ਨਲ ਕੌਲਜੀਏਟ ਬੋਰਡ (ਬੰਬਈ) ਦੀ ਸਥਾਪਨਾ ਵਿਚ ਵੀ ਵੱਡਾ ਹਿੱਸਾ ਪਾਉਣਾ ਹੈ। ਹੋਰ ਲੋਕ ਭਲਾਈ ਅਤੇ ਸਿਆਸੀ ਕੰਮਾਂ ਦੇ ਨਾਲ ਉਹ ਪਹਿਲੀ ਵੱਡੀ ਜੰਗ ਦੇ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਵਿਚ ਵੀ ਹਿੱਸਾ ਲਵੇਗੀ ਅਤੇ ਹੋਮ ਰੂਲ ਲੀਗ ਦੀ ਸਥਾਪਤੀ ਕਰਕੇ ਇੰਡੀਆ ਲਈ ਬ੍ਰਿਟਿਸ਼ ਰਾਜ ਹੇਠ ਹੀ ਡੁਮੀਨੀਅਨ ਦੇ ਹੱਕ ਲਈ ਭਾਰਤ ਵਿਚ

ਲਹਿਰ ਚਲਾਏਗੀ। ਨਾ ਹੀ ਉਸ ਨੇ ਨਵੰਬਰ 1887 ਵਿਚ ਬਲੱਡੀ ਸੰਡੇ ਨਾਲ ਜਾਣੀ ਜਾਂਦੀ ਹੜਤਾਲ ਵਿਚ ਪਾਏ ਯੋਗਦਾਨ ਦੀ ਗੱਲ ਕੀਤੀ ਸੀ।

ਮੈਗੀ, ਜੇਮਜ਼ ਦੇ ਐਨੀ ਬਾਰੇ ਸੰਭਵ ਵਿਚਾਰਾਂ ਬਾਰੇ ਸੋਚਦੀ ਘਰ ਨੂੰ ਚੱਲ ਪਈ।

## 37

ਕਰਿਸਟਲ ਨੇ ਵੀਕ ਐਂਡ ਆਪਣੇ ਪੇਕੇ ਘਰ ਵਿਚ ਮਨਾਉਣ ਲਈ ਜੇਮਜ਼ ਨਾਲ ਗੱਲ ਕੀਤੀ ਤਾਂ ਜੇਮਜ਼ ਖੁਸ਼ੀ ਖੁਸ਼ੀ ਸਹਿਮਤ ਹੋ ਗਿਆ। ਦਰਅਸਲ ਜੇਮਜ਼ ਵੀ ਆਪਣੇ ਮਾਪਿਆਂ ਨਾਲ ਲੰਬੇ ਸਮੇਂ ਤੋਂ ਇਕ ਅੱਧ ਰਾਤ ਵੀ ਨਹੀਂ ਰਹਿ ਸਕਿਆ ਸੀ। ਉਸ ਨੇ ਵੀਕ ਐਂਡ ਲਈ ਆਪਣੇ ਲੋੜੀਂਦੇ ਕੱਪੜੇ ਲਏ ਤੇ ਕਰਿਸਟਲ ਅਤੇ ਦੋਵਾਂ ਬੱਚਿਆਂ ਹੈਰਿਸ ਤੇ ਲਿਲੀਅਨ ਨੂੰ ਰੌਬਿਨ ਦੇ ਘਰ ਛੱਡ ਕੇ ਬਿਨਾਂ ਸਮਾਂ ਬਰਬਾਦ ਕੀਤਿਆਂ ਆਪਣੇ ਘਰ ਨੂੰ ਚੱਲ ਪਿਆ। ਉਸ ਨੂੰ ਮਾਂ ਦੀ ਬਹੁਤ ਯਾਦ ਆ ਰਹੀ ਸੀ। ਮਾਂ ਦਾ ਨਿਰਛਲ ਪਿਆਰ ਅਤੇ ਉਸ ਦੀ ਮਰੀਅਮ ਵਰਗੀ ਪਵਿੱਤਰ ਹਾਸੀ ਉਸ ਨੂੰ ਬਹੁਤ ਵਾਰ ਯਾਦ ਆਉਂਦੀ ਰਹੀ ਸੀ। ਉਹਨਾਂ ਨੂੰ ਜੇਮਜ਼ ਦੇ ਆਉਣ ਅਤੇ ਉਹਨਾਂ ਨਾਲ ਦੋ ਰਾਤਾਂ ਬਿਤਾਉਣ ਬਾਰੇ ਕੋਈ ਜਾਣਕਾਰੀ ਨਹੀਂ ਸੀ। ਕੁਦਰਤੀ ਜਦ ਉਹ ਅਛੋਪਲੇ ਜਿਹੇ ਹੀ ਘਰ ਦੇ ਅੰਦਰ ਗਿਆ ਤਾਂ ਜੈਨੀਫਰ ਨੇ ਉਸ ਨੂੰ ਘੁੱਟ ਕੇ ਛਾਤੀ ਨਾਲ ਲਾਇਆ ਅਤੇ ਉਸ ਨੂੰ ਨਿੱਘੇ ਪਿਆਰ ਨਾਲ ਮਾਲੋ-ਮਾਲ ਕਰ ਦਿੱਤਾ।

ਸ਼ਾਮ ਦਾ ਵਕਤ ਸੀ। ਜੈਨੀਫਰ ਨੇ ਉਸ ਨਾਲ ਬੱਚਿਆਂ ਦੀਆਂ ਗੱਲਾਂ ਕੀਤੀਆਂ। ਉਹਨਾਂ ਦਾ ਹਾਲ-ਚਾਲ ਪੁੱਛਿਆ ਤੇ ਉਸ ਦਾ ਮਨ ਬੱਚਿਆਂ ਨਾਲ ਕੁਝ ਸਮਾਂ ਬਿਤਾਉਣ ਲਈ ਮਚਲਣ ਲੱਗਾ।

''ਕਿੰਨਾ ਚੰਗਾ ਹੁੰਦਾ ਜੇ ਕਰਿਸਟਲ ਤੇ ਬੱਚੇ ਵੀ ਤੂੰ ਨਾਲ ਹੀ ਲੈ ਆਉਂਦਾ। ਤੁਹਾਡੇ ਆਉਣ ਨਾਲ ਹੀ ਇਸ ਘਰ ਵਿਚ ਰੌਣਕ ਹੁੰਦੀ ਐ ਨਹੀਂ ਤਾਂ ਅਸੀਂ ਦੋਵੇਂ ਜਾਣੇ ਕਿਸੇ ਵੀ ਕੋਨੇ ਵਿਚ ਬੈਠ ਕੇ ਸਮਾਂ ਬਤੀਤ ਕਰ ਲੈਂਦੇ ਆਂ।''

ਜੈਨੀਫਰ ਨੂੰ ਬੱਚਿਆਂ ਤੋਂ ਦੂਰ ਰਹਿਣ ਦੀ ਪੀੜ ਤਕਲੀਫ਼ ਦੇ ਰਹੀ ਸੀ। ਉਹ ਜਾਣਦੀ ਸੀ ਉਹਦੇ ਹੱਥ-ਵੱਸ ਬਹੁਤਾ ਕੁਝ ਨਹੀਂ ਸੀ। ਬੱਚਿਆਂ ਨੇ ਤਾਂ ਆਪਣੇ ਕੰਮਾਂ ਕਾਰਾਂ ਅਤੇ ਪ੍ਰੀਵਾਰਾਂ ਵਿਚ ਰੁੱਝੇ ਰਹਿਣਾ ਹੀ ਸੀ। ਉਸ ਨੂੰ ਖੁਸ਼ੀ ਸੀ ਐਲਨ ਨੇ ਕਦੀ ਆਪਣੀ ਮਾਂ ਨੂੰ ਇਕੱਲਾ ਨਹੀਂ ਸੀ ਛੱਡਿਆ। ਉਦੋਂ ਹਾਲਾਤ ਹੀ ਵੱਖਰੇ ਸਨ।

''ਉਹ ਆਪਣੀ ਮਾਂ ਨਾਲ ਕੁਝ ਸਮਾਂ ਬਿਤਾਉਣਾ ਚਾਹੁੰਦੀ ਸੀ ਮੈਂ ਸੋਚਿਆ ਮੈਂ ਆਵਦੀ ਮਾਂ ਨਾਲ ਕੁਝ ਸਮਾਂ ਬਿਤਾ ਲਵਾਂ।'' ਜੇਮਜ਼ ਨੇ ਮਾਂ ਨੂੰ ਚੁੰਮਦਿਆਂ ਕਿਹਾ।

ਏਨੇ ਨੂੰ ਐਲਨ ਘਰ ਆ ਗਿਆ। ਉਸ ਨੂੰ ਵੀ ਬਹੁਤ ਖੁਸ਼ੀ ਹੋਈ। ਐਲਨ ਲਈ ਜੇਮਜ਼ ਇਕ ਵਧੀਆਂ ਸਾਥ ਸੀ। ਜੇਮਜ਼ ਨਾਲ ਬੈਠ ਕੇ ਵਾਈਨ ਦੇ ਗਲਾਸ ਦਾ ਸਵਾਦ ਵੱਖਰਾ ਹੀ ਹੁੰਦਾ। ਵਾਈਨ ਦੇ ਨਾਲ ਨਾਲ ਸਿਆਸਤ ਬਾਰੇ ਵੀ ਗੱਲਾਂ ਹੁੰਦੀਆਂ। ਜੇਮਜ਼ ਕਿਸੇ ਪਾਰਟੀ ਨਾਲ ਸਬੰਧਤ ਨਹੀਂ ਸੀ। ਉਸ ਨੂੰ ਸਿਆਸੀ ਸਰਗਰਮੀਆਂ ਬਾਰੇ ਕਾਫੀ ਜਾਣਕਾਰੀ ਹੁੰਦੀ। ਕਈ ਵਾਰ ਤਾਂ ਐਲਨ ਨੂੰ ਹੈਰਾਨੀ ਹੁੰਦੀ ਮੁੰਡਾ ਐਨਾ ਕੁਝ ਕਰ ਕਿਵੇਂ ਲੈਂਦਾ ਸੀ!

ਇਕ ਦੂਜੇ ਤੋਂ ਰਸਮੀ ਜਿਹੀ ਜਾਣਕਾਰੀ ਬਾਅਦ ਐਲਨ ਨੇ ਸ਼ੈਮਪੇਨ ਦੀ ਬੋਤਲ ਖੋਲ੍ਹ ਲਈ। ਜੇਮਜ਼ ਦੀ ਪਸੰਦ ਦਾ ਉਸ ਨੂੰ ਪਤਾ ਹੀ ਸੀ। ਉਹਨਾਂ ਨੇ ਗਲਾਸਾਂ ਵਿਚ ਸ਼ੈਮਪੇਨ ਪਾਈ। ਜੈਨੀਫਰ ਨੂੰ ਵੀ ਉਹ ਭੁੱਲੇ ਨਹੀਂ ਸਨ। ਤਿੰਨਾਂ ਨੇ ਚੀਅਰਜ਼ ਕੀਤੀ ਤੇ ਨਿੱਕੀਆਂ ਨਿੱਕੀਆਂ ਘੁੱਟਾਂ ਭਰੀਆਂ। ਘਰੇਲੂ ਗੱਲਾਂ ਤੋਂ ਗੱਲ-ਬਾਤ ਆਪਣੀ ਤੋਰ ਤੁਰਦੀ ਸਿਆਸੀ ਅਤੇ ਦੇਸ਼ ਦੇ ਆਰਥਿਕ ਮੁੱਦਿਆਂ ਤੇ ਆ ਪਹੁੰਚੀ।

''ਜੇਮਜ਼ ਤੇਰੀ ਬੈਂਕ ਦੇ ਕੰਮ ਦਾ ਕੀ ਹਾਲ ਚਾਲ ਐ?'' ਐਲਨ ਨੇ ਸੁਭਾਵਕ ਜਿਹੀ ਗੱਲ ਕੀਤੀ।

''ਬੈਂਕ ਦਾ ਹਾਲ ਤਾਂ ਦੇਸ਼ ਦੀ ਆਰਥਿਕਤਾ ਨਾਲ ਹੀ ਬੱਝਾ ਹੁੰਦਾ ਐ। ਦੇਸ਼ ਦੀ ਆਰਥਿਕ ਹਾਲਤ ਪਿਛਲੇ ਪੰਜ ਸੱਤ ਸਾਲ ਤੋਂ ਮਾੜੀ ਈ ਐ ਤੇ ਬੈਂਕ ਦਾ ਹਾਲ ਵੀ ਉਹੋ ਜਿਹਾ ਐ।'' ਜੇਮਜ਼ ਦਾ ਸਰਸਰੀ ਜਿਹਾ ਜਵਾਬ ਸੀ।

''ਮੇਰੇ ਖਿਆਲ ਵਿਚ ਆਰਥਿਕ ਹਾਲਤ ਸੁਧਰਨ ਦੇ ਕੋਈ ਆਸਾਰ ਨਜ਼ਰ ਨਹੀਂ ਆਉਂਦੇ।'' ਐਲਨ ਦੇ ਬੋਲਾਂ ਵਿਚ ਫਿਕਰ ਸੀ।

''ਬਿਲਕੁਲ ਸਹੀ। ਖਤਰਾ ਤਾਂ 'ਬਲੱਡੀ ਸੰਡੇ' (13 ਨਵੰਬਰ 1887) ਵਰਗੀਆਂ ਘਟਨਾਵਾਂ ਭਵਿੱਖ ਵਿਚ ਵੀ ਘਟ ਸਕਣ ਦਾ ਹੈ। ਬੇਰੁਜ਼ਗਾਰੀ ਦਾ ਬੁਰਾ ਹਾਲ ਐ। ਲੋਕਾਂ ਲਈ ਕੁੱਲੀ, ਜੁੱਲੀ, ਗੁੱਲੀ ਸਮੱਸਿਆ ਬਣੀ ਹੋਈ ਐ। ਬਲੱਡੀ ਸੰਡੇ ਵਾਲੇ ਹਾਲਾਤ ਅਜੇ ਵੀ ਨਹੀਂ ਬਦਲੇ---।''

"ਲੋਕ ਤਾਂ ਉਦੋਂ ਸਾਰੀਆਂ ਗਰਮੀਆਂ ਬੇਰੁਜ਼ਗਾਰੀ ਨੂੰ ਲੈ ਕੇ ਟਰਫਾਲਗਰ ਸਕੁਐਰ ਵਿਚ ਅੱਡੇ ਗੱਡੀ ਬੈਠੇ ਰਹੇ ਸਨ। ਹਰ ਰੋਜ਼ ਲੋਕ ਉਥੇ ਹੀ ਫੁਹਾਰਿਆਂ ਹੇਠ ਮੂੰਹ ਹੱਥ ਧੋਂਦੇ, ਉਥੇ ਹੀ ਸੌਂਦੇ। ਪ੍ਰੈਸ ਨੇ ਅਖਬਾਰਾਂ ਵਿਚ ਲੋਕਾਂ ਦੇ ਇਸ ਕਰਮ ਨੂੰ ਗਲਤ ਕਿਹਾ ਤਾਂ ਲਗਦਾ ਐ ਪੁਲੀਸ ਨੇ ਲੋਕਾਂ ਨੂੰ ਖਦੇੜਨ ਦਾ ਮਨ ਬਣਾ ਲਿਆ ਸੀ। 17 ਅਕਤੂਬਰ ਨੂੰ ਲੋਕਾਂ ਨੂੰ ਸਕੁਐਰ ਖਾਲੀ ਕਰਨ ਦਾ ਹੁਕਮ ਚਾੜ੍ਹ ਦਿੱਤਾ। ਬਲੱਡੀ ਸੰਡੇ ਤਾਂ ਲੋਕਾਂ ਅਤੇ ਪੁਲੀਸ ਵਿਚਲੇ ਟਕਰਾਅ ਦਾ ਸਿਖਰ ਸੀ।" ਐਲਨ ਉਹਨਾਂ ਘਟਨਾਵਾਂ ਨੂੰ ਯਾਦ ਕਰਦਿਆਂ ਦੁਹਰਾ ਰਿਹਾ ਸੀ।

"ਫਾਦਰ, ਪੁਲੀਸ ਹੀ ਨਹੀਂ ਫੌਜ ਨੇ ਵੀ ਆਪਣੇ ਡੇਰੇ ਲਾਏ ਹੋਏ ਸਨ। ਹੋਰ ਵੀ ਗਾਰਡ ਬਗੈਰਾ ਹਾਜ਼ਰ ਸਨ। ਪਰ ਲੋਕਾਂ ਦੇ ਰੋਹ ਨੂੰ ਰੋਕ ਨਹੀਂ ਸਕੇ। ਹਰ ਪਾਸਿਉਂ ਹਜ਼ਾਰਾਂ ਲੋਕ ਨਾਹਰੇ ਮਾਰਦੇ ਆ ਰਹੇ ਸਨ। ਪੁਲੀਸ ਅਤੇ ਫੌਜ ਦੀ ਅਸਾਵੀਂ ਤਾਕਤ ਨੇ ਸੈਂਕੜੇ ਲੋਕਾਂ ਨੂੰ ਜ਼ਖਮੀ ਕੀਤਾ ਤੇ ਦੋ ਤਿੰਨ ਮੁਜ਼ਾਹਰਾਕਾਰੀ ਮਰ ਗਏ। ਹੁਣ ਲੋਕ ਉਹਨਾਂ ਨੂੰ 'ਸ਼ਹੀਦਾਂ' ਦਾ ਦਰਜਾ ਦਿੰਦੇ ਐ। ਡਰ ਐ ਇਹ ਹਾਲਾਤ ਫਿਰ ਨਾ ਦੁਹਰਾਈ ਜਾਵੇ।"

"ਇਹਦੇ ਲਈ ਤਾਂ ਪ੍ਰਾਈਮ ਮਨਿਸਟਰ ਸੋਲਜ਼ਬਰੀ (ਕੰਜ਼ਰਵੇਟਿਵ) ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ। ਲੋਕਾਂ ਨਾਲ ਪੁਲੀਸ ਨੇ ਵਾਧੂ ਧੱਕਾ ਕੀਤਾ ਸੀ।"

"ਉਹਨਾਂ ਹਾਲਤਾਂ ਨੂੰ ਪੈਦਾ ਕਰਨ ਲਈ ਗਲੈਡਸਟੋਨ (ਲਿਬਰਲ ਪਾਰਟੀ ਦਾ ਪ੍ਰਾਈਮ ਮਨਿਸਟਰ) ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ। ਦੋ ਸਾਲ ਪਹਿਲਾਂ ਤੱਕ ਉਹ ਪ੍ਰਾਈਮ ਮਨਿਸਟਰ ਸੀ ਤੇ ਉਸ ਦੇ ਸਮੇਂ ਵਿਚ ਹੀ ਅਜਿਹੇ ਹਾਲਾਤ ਪੈਦਾ ਹੋਏ ਸਨ।"

ਐਲਨ ਸਮਝਦਾ ਸੀ। ਅਸਲ ਵਿਚ ਕੋਈ ਵੀ ਇਕ ਵਿਅੱਕਤੀ ਜਾਂ ਇਕ ਪਾਰਟੀ ਜ਼ਿੰਮੇਵਾਰ ਨਹੀਂ ਸੀ। ਗਲੋਬਲ ਹਾਲਤ ਹੀ ਕੁਝ ਅਜਿਹੀ ਬਣ ਗਈ ਸੀ। ਫੈਕਟਰੀ ਉਤਪਾਦਨ ਬਥੇਰਾ ਸੀ ਪਰ ਵੇਚਣ ਲਈ ਮੰਡੀਆਂ ਨਹੀਂ ਸਨ। ਲੋਕਾਂ ਵਿਚ ਖਰੀਦ-ਸ਼ਕਤੀ ਘਟ ਗਈ ਸੀ। ਕੋਈ ਵੀ ਪਾਰਟੀ ਆਪਣੇ ਸਿਰ ਜ਼ਿੰਮੇਵਾਰੀ ਨਹੀਂ ਲੈਣਾ ਚਾਹੁੰਦੀ ਸੀ।

"ਸਿਆਸਤ ਨੂੰ ਪਾਸੇ ਛੱਡ ਕੇ ਤੇਰੇ ਖਿਆਲ ਵਿਚ ਆਰਥਿਕਤਾ ਨੂੰ ਸੁਧਾਰਣ ਲਈ ਸਰਕਾਰ ਨੂੰ ਕੀ ਕਰਨਾ ਚਾਹੀਦਾ?" ਐਲਨ ਨੂੰ ਜੇਮਜ਼ ਤੋਂ ਕਿਸੇ ਹੱਲ ਦੀ ਉਮੀਦ ਸੀ।

ਜੇਮਜ਼ ਕੁਝ ਦੇਰ ਖੜ੍ਹਾ ਰਿਹਾ। ਉਸ ਦੇ ਬੁੱਲ੍ਹਾਂ 'ਤੇ ਮਹੀਨ ਜਿਹੀ ਸ਼ਰਾਰਤੀ ਮੁਸਕਰਾਹਟ ਸੀ।

"ਸਹੀ ਹੱਲ ਤਾਂ ਲੋਕਾਂ ਨੂੰ ਸਰਕਾਰ ਤੇ ਫੈਕਟਰੀ ਮਾਲਕ ਵੱਧ ਪੈਸੇ ਦੇਣ। ਲੋਕਾਂ ਦੀ ਜੇਬ ਵਿਚ ਪੈਸੇ ਹੋਣਗੇ ਤਾਂ ਉਹ ਖਰਚਣਗੇ ਹੀ। ਅਜਿਹਾ ਨਾ ਸਰਕਾਰ ਨੇ ਕਰਨਾ ਤੇ ਨਾ ਹੀ ਫੈਕਟਰੀ ਮਾਲਕਾਂ ਨੇ।"

ਐਲਨ ਸੋਚਣ ਲੱਗਾ। ਉਸ ਨੂੰ ਕੋਈ ਹੋਰ ਰਾਹ ਨਹੀਂ ਸੀ ਦਿਸ ਰਿਹਾ।

"ਖਾਣਾ ਟੇਬਲ 'ਤੇ ਲੱਗ ਗਿਆ।" ਜੈਨੀਫਰ ਨੇ ਆਵਾਜ਼ ਦਿੱਤੀ। ਐਲਨ ਨੇ ਵਾਈਨ ਗਲਾਸ ਚੁੱਕਿਆ ਤੇ ਜੇਮਜ਼ ਦੇ ਗਲਾਸ ਵਿਚ ਥੋੜੀ ਵਾਈਨ ਹੋਰ ਪਾਈ। ਉਹ ਖਾਣੇ ਵਾਲੀ ਮੇਜ਼ ਵੱਲ ਤੁਰ ਪਏ।

"ਮੈਂ ਸਿਆਸਤ ਵਿਚ ਸਰਗਰਮ ਹੋਣ ਦਾ ਫੈਸਲਾ ਕੀਤਾ ਐ।" ਜੇਮਜ਼ ਨੇ ਅਚਾਨਕ ਵਾਈਨ ਦਾ ਘੁੱਟ ਭਰਦਿਆਂ ਅਨਾਊਂਸ ਕੀਤਾ।

ਜੈਨੀਫਰ ਤੇ ਐਲਨ ਦੋਵੇਂ ਹੀ ਹੈਰਾਨੀ ਨਾਲ ਉਸ ਵੱਲ ਵੇਖਣ ਲੱਗੇ।

"ਜੇਮਜ਼ ਤੇਰੇ ਕੋਲ ਸਮਾਂ ਈ ਕਿਥੇ ਐ ਤੇ ਤੈਨੂੰ ਕਿਹੜੀ ਲੋੜ ਐ ਸਿਆਸੀ ਪੰਗੇ ਵਿਚ ਪੈਣ ਦੀ?" ਪਹਿਲਾਂ ਜੈਨੀਫਰ ਨੇ ਟਿੱਪਣੀ ਕੀਤੀ।

"ਮਾਂ ਸਮਾਂ ਤਾਂ ਸਭ ਕੋਲ ਇਕੋ ਜਿਹਾ ਈ ਐ। ਸਮਾਂ ਤਾਂ ਕੁਝ ਕਰਨ ਲਈ ਕੱਢਣਾ ਪੈਂਦਾ।"

"ਬਿਜਨਸ ਤੇ ਸਿਆਸਤ ਦੋਵੇਂ ਹੀ ਸਮਾਂ ਮੰਗਦੇ ਐ।"

ਐਲਨ ਨੇ ਸਵਾਲ ਖੁੱਲ੍ਹਾ ਛੱਡ ਦਿੱਤਾ। ਉਹ ਜੇਮਜ਼ ਨੂੰ ਉਸ ਦੇ ਬਿਜਨਸ ਨਾਲ ਸਿਆਸਤ ਵਿਚ ਆਉਣ ਬਾਰੇ ਫਿਰ ਤੋਂ ਸੋਚਣ ਦਾ ਇਸ਼ਾਰਾ ਕਰ ਰਿਹਾ ਸੀ।

"ਬਿਜਨਸ ਤੇ ਸਿਆਸਤ ਦੋਵੇਂ ਹੀ ਇਕ ਦੂਜੇ 'ਤੇ ਨਿਰਭਰ ਕਰਦੇ ਐ। ਡੈਮੋਕਰੇਸੀ ਵਿਚ ਲੋਕ ਤਾਂ ਸਿਰਫ਼ ਵੋਟਾਂ ਪਾਉਂਦੇ ਐ। ਕਾਨੂੰਨ ਉਹੋ ਜਿਹੇ ਹੀ ਬਣਦੇ ਐ ਜਿਹੋ ਜਿਹੇ ਸਰਮਾਏਦਾਰਾਂ ਨੂੰ ਲਾਭ ਪਹੁੰਚਾਉਂਦੇ ਹੋਣ ਤੇ ਮੇਰੇ ਖਿਆਲ ਵਿਚ ਦੇਸ਼ ਨੂੰ ਚਲਾਉਣ ਲਈ ਜ਼ਰੂਰੀ ਵੀ ਹੈ।"

ਇਹ ਇਕ ਹੋਰ ਬਹਿਸ ਦਾ ਵਿਸ਼ਾ ਸੀ। ਐਲਨ ਬੇਸ਼ਕ ਮਜ਼ਦੂਰ ਜਮਾਤ ਦੇ ਹੱਕਾਂ ਲਈ ਲੜਨ ਵਾਲਾ ਮਸੀਹਾ ਨਹੀਂ ਸੀ। ਫਿਰ ਵੀ ਉਸ ਦੀ ਲਿਬਰਲ ਪਾਰਟੀ ਮਜ਼ਦੂਰਾਂ ਦੇ ਹੱਕ ਲਈ ਲੜਨ ਦਾ ਲੋਕਾਂ ਵਿਚ ਭਰਮ

ਪਾਲਦੀ ਸੀ। ਪਾਰਟੀ ਦੀ ਨੀਤੀ 'ਤੇ ਪਹਿਰਾ ਦੇਣਾ ਜ਼ਰੂਰੀ ਸੀ। ਕੋਈ ਹੋਰ ਸਮਾਂ ਹੁੰਦਾ ਤਾਂ ਐਲਨ ਜੇਮਜ਼ ਨਾਲ ਬਹਿਸ ਕਰਦਾ। ਪਰ ਉਸ ਵੇਲੇ ਉਹ ਜੇਮਜ਼ ਦੇ ਸਿਆਸੀ ਭਵਿੱਖ ਬਾਰੇ ਸੋਚ ਰਿਹਾ ਸੀ।

"ਜੇਮਜ਼ ਜੇ ਤੂੰ ਸਿਆਸਤ ਵਿਚ ਸਰਗਰਮ ਹੋਣ ਦਾ ਨਿਸ਼ਚਾ ਕਰ ਲਿਆ ਐ ਤਾਂ ਤੂੰ ਮੇਰੇ ਵਾਲੀ ਸੀਟ ਲੈ ਸਕਦਾਂ। ਮੈਂ ਤਾਂ ਹੁਣ ਰਟਿਾਇਰ ਹੋਣ ਬਾਰੇ ਸੋਚ ਰਿਹਾ ਸੀ। ਇਹ ਲਿਬਰਲ ਦੀ ਪੱਕੀ ਸੀਟ ਐ ਤੇ ਪਾਰਟੀ ਵਰਕਰ ਵੀ ਛੇਤੀ ਤੈਨੂੰ ਅਪਣਾ ਲੈਣਗੇ।"

"ਤੁਸੀਂ ਗਲਤ ਸੋਚ ਰਹੇ ਓ। ਮੈਂ ਕੰਜ਼ਰਵੇਟਿਵ ਜੰਮਿਆ ਸੀ। ਕੰਜ਼ਰਵੇਟਿਵ ਹਾਂ ਤੇ ਕੰਜ਼ਰਵੇਟਿਵ ਰਹਾਂਗਾ। ਤੁਹਾਡੀ ਮਿਹਰਬਾਨੀ। ਮੈਂ ਸਮਝਦਾਂ ਜੇ ਇਸ ਦੇਸ਼ ਦਾ ਭਲਾ ਕੋਈ ਪਾਰਟੀ ਕਰ ਸਕਦੀ ਐ ਤਾਂ ਉਹ ਕੰਜ਼ਰਵੇਟਿਵ ਈ ਐ। ਸੋ ਮੈਂ ਆਪਣੀ ਥਾਂ ਆਪ ਬਣਾਵਾਂਗਾ ਤੇ ਕੰਜ਼ਰਵੇਟਿਵ ਪਾਰਟੀ ਦਾ ਉਮੀਦਵਾਰ ਬਣਾਂਗਾ।"

ਐਲਨ ਅਤੇ ਜੈਨੀਫਰ ਦੋਵੇਂ ਹੀ ਜੇਮਜ਼ ਦੇ ਧਮਾਕੇ ਨਾਲ ਚਿੱਤ ਹੋਏ ਬੈਠੇ ਸਨ।

------

ਸੌਣ ਤੋਂ ਪਹਿਲਾਂ ਐਲਨ ਆਪਣੇ ਬਿਸਤਰੇ ਵਿਚ ਅੱਧ-ਲੇਟਿਆ ਜਿਹਾ ਪਿਆ ਸੀ। ਜੈਨੀਫਰ ਉਸ ਦੀ ਹਾਲਤ ਨੂੰ ਸਮਝਦੀ ਸੀ।

"ਕੀ ਸੋਚ ਰਹੇ ਐਂ?" ਜੈਨੀਫਰ ਨੇ ਐਲਨ ਦਾ ਮੱਥਾ ਚੁੰਮਿਆ।

"ਸੋਚਦਾਂ ਹਾਲਤ ਥੋੜੀ ਅਜੀਬ ਜਿਹੀ ਬਣ ਗਈ ਐ। ਮੈਂ ਲਿਬਰਲ ਤੇ ਬੇਟਾ ਕੰਜ਼ਰਵੇਟਿਵ। ਜੇ ਕਿਤੇ ਉਸ ਨੇ ਵੀ ਮੇਰੇ ਚੋਣ ਹਲਕੇ ਵਿਚੋਂ ਕਾਗਜ਼ ਦਾਖਲ ਕਰ ਦਿੱਤੇ ਤਾਂ ਹਾਲਤ ਹੋਰ ਵੀ ਹਾਸੋਹੀਣੀ ਬਣ ਜਾਵੇਗੀ।

"ਤੁਸੀਂ ਤਾਂ ਸ਼ਾਇਦ ਇਕ ਹੋਰ ਚੋਣ ਲੜੋ ਜਾਂ ਨਾ। ਜੇਮਜ਼ ਦੀ ਸਾਰੀ ਉਮਰ ਪਈ ਐ। ਉਹ ਸਫ਼ਲ ਵੀ ਹੋ ਜਾਊਗਾ। ਹੋ ਸਕਦਾ ਮੰਤਰੀ ਵੀ ਬਣ ਜਾਵੇ।"

"ਹਾਂ ਇਹ ਤਾਂ ਤੇਰੀ ਗੱਲ ਠੀਕ ਐ।" ਐਲਨ ਅਜੇ ਵੀ ਸੋਚਵਾਨ ਸੀ।

"ਮੈਂ ਇਕ ਰਾਇ ਦੇਵਾਂ। ਸ਼ਾਇਦ ਤੁਹਾਨੂੰ ਚੰਗੀ ਨਾ ਲੱਗੇ। ਫਿਰ ਵੀ ਵਿਚਾਰ ਕਰਨ ਵਿਚ ਕੋਈ ਹਰਜ਼ ਵੀ ਨਹੀਂ।"

ਜੈਨੀਫਰ ਭਾਵਪੂਰਨ ਨਜ਼ਰਾਂ ਨਾਲ ਉਸ ਵੱਲ ਵੇਖਣ ਲੱਗੀ। ਐਲਨ ਨੇ ਵੀ ਅੱਖਾਂ ਚੁੱਕ ਕੇ ਉਸ ਦੇ ਮੂੰਹ ਵੱਲ ਵੇਖਿਆ ਜਿਵੇਂ ਕਹਿ ਰਿਹਾ ਹੋਵੇ—ਦੱਸ।

"ਮੇਰੇ ਖਿਆਲ ਵਿਚ ਤੁਹਾਨੂੰ ਰਿਟਾਇਰ ਹੋ ਜਾਣਾ ਚਾਹੀਦਾ। ਜ਼ਰੂਰੀ ਤਾਂ ਨਹੀਂ ਐਮ ਪੀ ਬਣਨਾ ਐ। ਹੋਰ ਵੀ ਬਥੇਰੇ ਸਿਆਸੀ ਕੰਮ ਕੀਤੇ ਜਾ ਸਕਦੇ ਐ। ਸੱਚ ਪੁੱਛੋ ਤਾਂ ਤੁਹਾਨੂੰ ਚਾਹੀਦਾ ਹੁਣ ਮੈਨੂੰ ਤੁਸੀਂ ਆਪਣਾ ਸਾਰਾ ਸਮਾਂ ਦੇਵੋ।" ਜੈਨੀਫਰ ਮੁਸਕਰਾ ਰਹੀ ਸੀ।

ਐਲਨ ਉੱਠ ਕੇ ਬੈਠ ਗਿਆ। ਜੈਨੀਫਰ ਨੇ ਕਦੇ ਘੱਟ ਹੀ ਕੋਈ ਸ਼ਕਾਇਤ ਕੀਤੀ ਸੀ। ਘੱਟ ਹੀ ਕਦੀ ਉਸ ਨੇ ਕੋਈ ਮੰਗ ਮੰਗੀ ਸੀ। ਐਲਨ ਨੇ ਸਦਾ ਕੰਮ ਨੂੰ ਪਹਿਲ ਦਿੱਤੀ ਸੀ। ਜੈਨੀਫਰ ਨੇ ਕਦੀ ਮੱਥੇ ਵੱਟ ਨਹੀਂ ਸੀ ਪਾਇਆ। ਐਲਨ ਨੂੰ ਮਹਿਸੂਸ ਹੋਇਆ ਜੈਨੀਫਰ ਅੱਜ ਉਸ ਤੋਂ ਆਪਣੀ ਉਮਰ ਦੀ ਚੁੱਪ ਦਾ ਮੁੱਲ ਮੰਗ ਰਹੀ ਸੀ ਤੇ ਉਹ ਵੀ ਆਪਣੇ ਵਾਸਤੇ ਨਹੀਂ ਸਗੋਂ ਜੇਮਜ਼ ਲਈ।

ਕੁਝ ਦੇਰ ਕਮਰੇ ਵਿਚ ਚੁੱਪ ਵਰਤੀ ਰਹੀ। ਐਲਨ ਕੁਝ ਦੇਰ ਸੋਚਦਾ ਰਿਹਾ। ਧਿਆਨ ਨਾਲ ਸੋਚਣ ਤੇ ਐਲਨ ਨੂੰ ਲੱਗਿਆ ਇਸ ਸਮੱਸਿਆ ਦਾ ਇਕੋ ਇਕ ਹੱਲ ਸੀ ਜੋ ਜੈਨੀਫਰ ਨੇ ਸੁਝਾਇਆ ਸੀ। ਉਹਨੇ ਪਿਆਰ ਨਾਲ ਜੈਨੀਫਰ ਵੱਲ ਵੇਖਿਆ ਤੇ ਉਸ ਨੂੰ ਚੁੰਮ ਲਿਆ।

"ਜਿਵੇਂ ਤੂੰ ਕਹੇਂ---।"

ਜੈਨੀਫਰ ਨੂੰ ਚੈਨ ਮਿਲ ਗਿਆ। ਉਸ ਦੇ ਮਨ ਤੋਂ ਬੋਝ ਲਹਿ ਗਿਆ ਤੇ ਅਚਾਨਕ ਉਸ ਨੇ ਐਲਨ ਨੂੰ ਜੱਫੀ ਪਾ ਲਈ।

"ਜੈਨੀਫਰ ਤੇਰੇ ਖਿਆਲ ਵਿਚ ਜੇਮਜ਼ ਦੀ ਵਿਲੀਅਮ, ਸਕੌਟ ਤੇ ਰੌਬਿਨ ਮਦਦ ਕਰਨਗੇ?"

ਜੈਨੀਫਰ ਕੁਝ ਪਲ ਸੋਚਦੀ ਰਹੀ। ਇਕ ਵਾਰ ਫਿਰ ਉਸ ਦੀਆਂ ਅੱਖਾਂ ਮੁਸਕਰਾਉਣ ਲੱਗੀਆਂ।

"ਸ਼ਾਇਦ ਕਰਨਗੇ। ਪਰ ਇਕ ਗੱਲ ਪੱਕੀ ਐ, ਮੈਗੀ ਨਹੀਂ ਕਰਨ ਲੱਗੀ--।"

ਅਲੀਜ਼ਾ ਦੀ ਹਾਲਤ ਦਿਨੋ ਦਿਨ ਖ਼ਰਾਬ ਹੁੰਦੀ ਗਈ। ਪਹਿਲਾਂ ਉਸ ਦੇ ਖ਼ੂਨ ਦਾ ਦਬਾਅ ਕਾਫੀ ਵਧ ਗਿਆ ਸਿੱਟੇ ਵਜੋਂ ਉਸ ਦੀਆਂ ਕਿਡਨੀਆਂ ਬਹੁਤ ਜ਼ਿਆਦਾ ਨੁਕਸਾਨੀਆਂ ਗਈਆਂ ਸਨ। ਕਿਡਨੀਆਂ ਖਰਾਬ ਹੋਈਆਂ ਤਾਂ ਉਸ ਨਾਲ ਕੋਈ ਨਾ ਕੋਈ ਅਹੁਰ ਪਈ ਰਹਿੰਦੀ। ਦਿਨੋ ਦਿਨ ਸਿਹਤ ਡਿਗਦੀ ਗਈ। ਮੈਗੀ ਨੇ ਉਸ ਦੀ ਬਹੁਤ ਦੇਖ-ਭਾਲ ਕੀਤੀ। ਮੈਗੀ ਨੇ ਇਕ ਨਰਸ ਪੱਕੀ ਰੱਖ ਲਈ। ਅਲੀਜ਼ਾ ਨੂੰ ਦਵਾਈ ਉਹ ਆਪ ਦਿੰਦੀ। ਅਲੀਜ਼ਾਂ ਸੌਂਦੀ ਤਾਂ ਮੈਗੀ ਸੌਂ ਜਾਂਦੀ। ਜਦ ਅਲੀਜ਼ਾ ਜਾਗਦੀ ਤਾਂ ਨਰਸ ਮੈਗੀ ਨੂੰ ਦੱਸ ਜਾਂਦੀ ਤੇ ਮੈਗੀ ਇਕ ਦਮ ਅਲੀਜ਼ਾ ਦੇ ਕਮਰੇ ਵਿਚ ਪਹੁੰਚ ਜਾਂਦੀ। ਉਸ ਦਾ ਹੱਥ ਫੜਦੀ ਤੇ ਨਿੱਕੀਆਂ ਨਿੱਕੀਆਂ ਗੱਲਾਂ ਕਰਦੀ। ਅਲੀਜ਼ਾ ਨੂੰ ਲਗਦੀ ਵਾਹ ਖੁਸ਼ ਰੱਖਣ ਦਾ ਯਤਨ ਕਰਦੀ।

ਇਕ ਦਿਨ ਅਲੀਜ਼ਾ ਨੂੰ ਦਿਲ ਦਾ ਦੌਰਾ ਪਿਆ ਤੇ ਉਹ ਬਿਨਾਂ ਕਿਸੇ ਤਕਲੀਫ਼ ਪਲਾਂ ਵਿਚ ਮੁੱਕਤ ਹੋ ਗਈ। ਮੈਗੀ ਲਈ ਇਹ ਬਹੁਤ ਹੀ ਔਖਾ ਸਮਾਂ ਸੀ। ਉਸ ਨੂੰ ਅਲੀਜ਼ਾ ਦੇ ਇੰਝ ਪਲਾਂ ਵਿਚ ਚਲੇ ਜਾਣ ਦਾ ਚਿੱਤ ਚੇਤਾ ਵੀ ਨਹੀਂ ਸੀ। ਉਸ ਲਈ ਇਹ ਬਹੁਤ ਵੱਡਾ ਸਦਮਾ ਸੀ।

ਹਫ਼ਤੇ ਕੁ ਵਿਚ ਹੀ ਅਲੀਜ਼ਾ ਦੀਆਂ ਸਾਰੀਆਂ ਆਖਰੀ ਰਸਮਾ ਪੂਰੀਆਂ ਹੋ ਗਈਆਂ। ਮੈਗੀ ਹੋਰ ਵੀ ਇਕੱਲ ਦਾ ਸ਼ਿਕਾਰ ਹੋ ਗਈ। ਮੈਗੀ ਦੇ ਕਰਨ ਲਈ ਕੁਝ ਵੀ ਬਾਕੀ ਨਹੀਂ ਸੀ ਰਿਹਾ। ਉਹ ਅਲੀਜ਼ਾ ਦੇ ਕਮਰੇ ਵਿਚ ਘੰਟਿਆਂ ਬੱਧੀ ਬੈਠੀ ਰਹਿੰਦੀ। ਉਸ ਨੂੰ ਲਗਦਾ ਜਿਵੇਂ ਕਿਤੇ ਨਾ ਕਿਤੇ ਉਹ ਆਪਣੀ ਮਾਂ ਦੀ ਮੌਤ ਦੀ ਜ਼ਿੰਮੇਵਾਰ ਸੀ।

ਵਿਲੀਅਮ ਤਾਂ ਬਹੁਤਾ ਕੰਮ 'ਤੇ ਰਹਿੰਦਾ ਸੀ। ਜਦੋਂ ਕੰਮ ਤੇ ਹਾਲਾਤ ਮਾੜੇ ਹੋਣ ਤਾਂ ਉਸ ਵੇਲੇ ਕੰਮ ਬਾਰੇ ਜ਼ਿਆਦਾ ਸੋਚਣ ਦੀ ਮਜ਼ਬੂਰੀ ਬਣ ਜਾਂਦੀ ਹੈ। ਵਿਲੀਅਮ ਲਈ ਹਰ ਰੋਜ਼ ਨਵੀਆਂ ਸਮੱਸਿਆਵਾਂ ਸਿਰ ਚੁੱਕੀ ਖੜ੍ਹੀਆਂ ਹੁੰਦੀਆਂ ਤੇ ਉਹ ਸੁਲਝਾਉਣ ਲਈ ਪੂਰੀ ਵਾਹ ਲਾਉਂਦਾ। ਖਾਣਾ ਤਾਂ ਉਹ ਸਦਾ ਇਕੱਠੇ ਹੀ ਖਾਂਦੇ। ਉਸ ਸਮੇਂ ਮੈਗੀ ਆਮ ਵਰਗਾ ਵਰਤਾਅ ਕਰਨ ਦੀ ਕੋਸ਼ਿਸ਼ ਕਰਦੀ ਜਾਂ ਸ਼ਾਇਦ ਵਿਲੀਅਮ ਨੂੰ ਹੀ ਅਜਿਹਾ ਲਗਦਾ। ਸਾਰਾਹ ਘਰ ਵਿਚ ਰਹਿੰਦੀ ਹੋਣ ਕਰਕੇ ਮੈਗੀ ਬਾਰੇ ਵੱਧ ਜਾਣਕਾਰੀ ਰਖਦੀ ਸੀ। ਉਹ ਮੈਗੀ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਦਾ ਯਤਨ ਕਰਦੀ। ਉਸ ਨੂੰ ਬਾਹਰ ਕਿਧਰੇ ਲਿਜਾਣ ਦੀ ਕੋਸ਼ਿਸ਼ ਕਰਦੀ। ਬਹੁਤੀ ਵਾਰ ਮੈਗੀ ਨਾਂਹ ਕਰ ਦਿੰਦੀ। ਅਖੀਰ ਸਾਰਾਹ ਨੇ ਵਿਲੀਅਮ ਨਾਲ ਗੱਲ ਕਰਨ ਦਾ ਮਨ ਬਣਾ ਲਿਆ। ਅਜੇ ਤੱਕ ਉਹ ਵਿਲੀਅਮ ਨੂੰ ਘਰੇਲੂ ਸਮੱਸਿਆਵਾਂ ਤੋਂ ਦੂਰ ਹੀ ਰੱਖਣ ਦਾ ਯਤਨ ਕਰਦੀ ਆਈ ਸੀ।

ਵਿਲੀਅਮ ਨਾਲ ਸਾਰਾਹ ਨੇ ਗੱਲ ਕੀਤੀ ਤਾਂ ਵਿਲੀਅਮ ਵੀ ਫਿਕਰਮੰਦ ਹੋ ਗਿਆ। ਸਾਰਾਹ 'ਤੇ ਵਿਲੀਅਮ ਦੇਰ ਤੱਕ ਸਮੱਸਿਆ ਨੂੰ ਸੁਲਝਾਉਣ ਬਾਰੇ ਗੱਲਾਂ ਕਰਦੇ ਰਹੇ। ਵਿਲੀਅਮ ਨਹੀਂ ਸੀ ਚਾਹੁੰਦਾ ਮੈਗੀ ਨੂੰ ਬਿਨਾਂ ਸੋਚੇ ਸਮਝੇ ਕੁਝ ਕਹਿ ਦੇਵੇ ਤੇ ਉਸ ਦਾ ਫ਼ਾਇਦਾ ਹੋਣ ਦੀ ਥਾਂ ਨੁਕਸਾਨ ਹੋ ਜਾਵੇ। ਸਾਰਾਹ ਨਾਲ ਵਿਚਾਰ ਕਰਕੇ ਉਹਨਾਂ ਨੇ ਠੰਢੇ ਮਨ ਅਤੇ ਬਹਾਨੇ ਨਾਲ ਮੈਗੀ ਨੂੰ ਥੋੜਾ ਬਦਲਣ ਦਾ ਯਤਨ ਕਰਨ ਦੀ ਕੋਸ਼ਿਸ਼ ਕੀਤੀ।

ਇਕ ਸ਼ਾਮ ਵਿਲੀਅਮ ਘਰ ਆਇਆ ਤਾਂ ਮੈਗੀ ਅਤੇ ਸਾਰਾਹ ਵੀ ਉਸ ਦੇ ਨਾਲ ਹੀ ਬੈਠ ਗਈਆਂ। ਬੱਚਿਆਂ ਨੂੰ ਸਾਰਾਹ ਨੇ ਹਮੇਸ਼ਾ ਵਾਂਗ ਮੇਡ ਨਾਲ ਸੌਣ-ਕਮਰਿਆਂ ਵਿਚ ਭੇਜ ਦਿੱਤਾ ਸੀ। ਹੁਣ ਉਹ ਆਰਾਮ ਨਾਲ ਐਧਰ-ਉਧਰ ਦੀਆਂ ਗੱਲਾਂ ਕਰਨ ਲੱਗੇ।

''ਮੈਗੀ ਤੈਨੂੰ ਪਤਾ ਐ ਜੇਮਜ਼ ਕੈਨਜਿੰਗਟਿਨ ਤੋਂ ਐਮ ਪੀ ਲਈ ਉਮੀਦਵਾਰ ਬਣ ਗਿਆ।''

''ਅੱਛਾ--! ਮੈਨੂੰ ਤਾਂ ਹੈਰਾਨੀ ਹੋਈ ਐ। ਤੇਰੇ ਖਿਆਲ ਵਿਚ ਕੈਨਜਿੰਗਟਿਨ ਤੋਂ ਲਿਬਰਲ ਪਾਰਟੀ ਦੇ ਜਿੱਤਣ ਦੀ ਕਿੰਨੀ ਕੁ ਉਮੀਦ ਐ?'' ਮੈਗੀ ਦਾ ਸਾਰਾ ਧਿਆਨ ਇਸ ਮਸਲੇ ਵੱਲ ਸੀ।

''ਅਸਲ 'ਚ ਜੇਮਜ਼ ਕੰਜ਼ਰਵੇਟਿਵ ਪਾਰਟੀ ਦਾ ਉਮੀਦਵਾਰ ਐ।'' ਵਿਲੀਅਮ ਨੇ ਮੁਸਕਰਾਉਂਦਿਆਂ ਕਿਹਾ।

''ਕੀਅ—ਪਰ ਅੰਕਲ ਐਲਨ ਨੇ ਤਾਂ ਸਾਰੀ ਉਮਰ ਲਿਬਰਲ ਪਾਰਟੀ ਵਿਚ ਗੁਜ਼ਾਰ ਦਿੱਤੀ।''

''ਮੈਗੀ, ਸਮਾਂ ਬਦਲ ਗਿਆ ਐ। ਜ਼ਰੂਰੀ ਨਹੀਂ ਬੱਚਿਆਂ ਦੇ ਵਿਚਾਰ ਵੀ ਮਾਪਿਆਂ ਨਾਲ ਮੇਲ ਖਾਣ। ਜੇਮਜ਼ ਨੇ ਐਲਨ ਅੰਕਲ ਨੂੰ ਸਾਫ਼ ਦੱਸ ਦਿੱਤਾ ਸੀ ਕਿ ਉਹ ਟੋਰੀ ਪਾਰਟੀ ਵੱਲੋਂ ਉਮੀਦਵਾਰ ਬਣੇਗਾ।''

ਮੈਗੀ ਨੇ ਮਾੜਾ ਜਿਹਾ ਸਹਿਮਤੀ ਵਿਚ ਸਿਰ ਹਿਲਾ ਦਿੱਤਾ -''ਇਹ ਤਾਂ ਠੀਕ ਐ ਪਰ ਕੀ ਉਹ ਜਿੱਤ ਜਾਵੇਗਾ?''

''ਜੇ ਇੰਡੀਆ ਤੋਂ ਆ ਕੇ ਡਾਡਾਬਾਈ ਨਾਰੋਜੀ (ਦਾਦਾਭਾਈ ਨਾਰੋਜੀ) ਲਿਬਰਲ ਪਾਰਟੀ ਦੀ ਸੀਟ 'ਤੇ ਚੋਣ ਲੜ ਸਕਦਾ ਤੇ ਜਿੱਤ ਸਕਦਾ (1892) ਤਾਂ ਜੇਮਜ਼ ਭਲਾ ਕਿਉਂ ਨੀ ਜਿੱਤ ਸਕਦਾ।''

ਮੈਗੀ ਨੇ ਵਿਲੀਅਮ ਵੱਲ ਵੇਖਿਆ। ਉਸ ਨੂੰ ਸਿਆਸਤ ਵਿਚ ਖਾਸ ਦਿਲਚਸਪੀ ਨਹੀਂ ਸੀ। ਪਰ ਦਾਦਾਭਾਈ ਨਾਰੋਜੀ ਬਾਰੇ ਗੱਲ ਕਰਕੇ ਉਸ ਨੇ ਮੈਗੀ ਨੂੰ ਹੈਰਾਨ ਕਰ ਦਿੱਤਾ ਸੀ।

"ਇਹ ਡਾਡਾਬਾਈ ਬਾਰੇ ਤੈਨੂੰ ਹਰੋ ਕੀ ਪਤੈ?" ਮੈਗੀ ਨੇ ਸਵਾਲ ਕੀਤਾ।

"ਇਹ ਕੋਈ ਪਾਰਸੀ ਐ ਬੰਬੇ ਤੋਂ ਤੇ 1885 ਵਿਚ ਏਥੇ 'ਕਾਮਾ ਐਂਡ ਕੰਪਨੀ' ਦਾ ਪਾਰਟਨਰ ਬਣ ਕੇ ਆਇਆ ਸੀ। ਹੋਰ ਵੀ ਉਹਦੇ ਬਿਜਨਿਸ ਹੈਗੇ ਆ। ਉਹ ਯੂਨੀਵਰਸਟੀ ਕਾਲਜ ਲੰਡਨ ਵਿਚ ਨੌਂ ਸਾਲ {1856-1865) ਗੁਜਰਾਟੀ (ਗੁਜਰਾਤੀ) ਦਾ ਪ੍ਰੋਫੈਸਰ ਵੀ ਰਿਹਾ ਸੀ। ਫੇਰ ਵਾਪਿਸ ਚਲਾ ਗਿਆ ਸੀ ਤੇ 1885 ਵਿਚ ਫੇਰ ਲੰਡਨ ਆ ਗਿਆ। ਉਹਨੂੰ ਇੰਡੀਆ ਦਾ 'ਗਰੈਂਡ ਓਲਡ ਮੈਨ' ਵੀ ਕਹਿੰਦੇ ਐ।"

"ਅੱਛਾ ਫੇਰ ਤਾਂ ਉਹ ਕਾਫੀ ਤਕੜੀ ਚੀਜ਼ ਲਗਦਾ। ਇੰਗਲੈਂਡ ਵਿਚ ਕਿਸੇ ਇੰਡੀਅਨ ਦਾ ਐਮ ਪੀ ਬਣ ਜਾਣਾ ਬਹੁਤ ਵੱਡੀ ਗੱਲ ਐ।" ਮੈਗੀ ਸੱਚੀਂ ਹੈਰਾਨ ਸੀ।

"ਵੱਡਾ ਸਵਾਲ ਤਾਂ ਇਹ ਐ ਕਿ ਕੀ ਟੋਰੀ ਜਾਂ ਲਿਬਰਲ ਦੇਸ਼ ਦੇ ਆਰਥਿਕ ਹਾਲਤਾਂ ਨੂੰ ਚੰਗਾ ਬਣਾ ਸਕਦੇ ਐ?" ਵਿਲੀਅਮ ਨੇ ਉਹੀ ਸਵਾਲ ਦੁਹਰਾ ਦਿੱਤਾ ਜੋ ਹਰ ਕਿਸੇ ਦੀ ਜ਼ੁਬਾਨ 'ਤੇ ਸੀ।

ਵਿਲੀਅਮ ਨੇ ਸ਼ੈਮਪੇਨ ਦੀ ਬੋਤਲ ਚੁੱਕੀ ਅਤੇ ਗਲਾਸਾਂ ਵਿਚ ਪਾ ਕੇ ਸਾਰਾਹ ਤੇ ਮੈਗੀ ਅੱਗੇ ਰੱਖ ਦਿੱਤੀ। ਉਹਨਾਂ ਨੇ ਧੰਨਵਾਦ ਕਿਹਾ ਤੇ ਵਿਲੀਅਮ ਨੇ ਆਪਣਾ ਗਲਾਸ ਵੀ ਭਰ ਲਿਆ।

"ਵਿਲੀਅਮ ਮੇਰਾ ਪੀਣ ਦਾ ਮਨ ਨਹੀਂ।" ਮੈਗੀ ਨੇ ਗਲਾਸ ਥੋੜਾ ਪਰ੍ਹੇ ਧੱਕ ਦਿੱਤਾ।

ਵਿਲੀਅਮ ਨੇ ਸਾਰਾਹ ਵੱਲ ਵੇਖਿਆ। ਉਹਨਾਂ ਦੀਆਂ ਅੱਖਾਂ ਮਿਲੀਆਂ। ਵਿਲੀਅਮ ਆਪਣੀ ਕੁਰਸੀ ਤੋਂ ਉੱਠ ਖੜ੍ਹਾ ਹੋਇਆ ਤੇ ਮੈਗੀ ਦੀ ਕੁਰਸੀ ਪਿੱਛੇ ਚਲਾ ਗਿਆ। ਉਸ ਨੇ ਮੈਗੀ ਦੇ ਮੋਢਿਆਂ 'ਤੇ ਨਰਮੀ ਨਾਲ ਹੱਥ ਰੱਖਿਆ ਤੇ ਉਸ ਦੇ ਸਿਰ ਨੂੰ ਚੁੰਮਿਆ।

"ਮੈਗੀ ਮਾਂ ਦੀ ਜਿੰਨੀ ਤੈਂ ਦੇਖ ਭਾਲ ਕੀਤੀ ਮੈਂ ਉਸ ਲਈ ਜਿੰਨੀ ਵੀ ਤੇਰੀ ਸਰਾਹਣਾ ਕਰਾਂ ਥੋੜੀ ਐ।" ਵਿਲੀਅਮ ਮੁੜ ਆਪਣੀ ਕੁਰਸੀ 'ਤੇ ਆ ਬੈਠਾ ਤੇ ਉਸ ਨੇ ਆਪਣੇ ਹੱਥ ਵਿਚ ਮੈਗੀ ਦਾ ਹੱਥ ਲੈ ਲਿਆ।

"ਬਿਮਾਰ ਮਾਂ ਲਈ ਇਸ ਤੋਂ ਵੱਧ ਤੂੰ ਹੋਰ ਕੁਝ ਵੀ ਨਹੀਂ ਸੀ ਕਰ ਸਕਦੀ। ਹਰ ਕਿਸੇ ਨੇ ਇਕ ਦਿਨ ਜਾਣਾ ਈ ਐ। ਵੱਡੀ ਤਸੱਲੀ ਵਾਲੀ ਗੱਲ ਐ, ਉਸ ਨੇ ਕੋਈ ਦੁਖ ਨਹੀਂ ਭਰਿਆ।"

ਮੈਗੀ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਸਾਰਾਹ ਵੀ ਉਸ ਕੋਲ ਆ ਗਈ ਤੇ ਉਸ ਦੇ ਹੱਥ ਨੂੰ ਪਲੋਸਣ ਲੱਗੀ।

"ਤੈਨੂੰ ਤਾਂ ਪਤਾ ਈ ਐ, ਆਪਣੇ ਕਿਸੇ ਪਿਆਰੇ ਨੂੰ ਤੁਸੀਂ ਰੋ ਕੇ ਵੀ ਯਾਦ ਕਰ ਸਕਦੇ ਓ ਜਾਂ ਫਿਰ ਉਸ ਦੇ ਮੋਹ-ਪਿਆਰ ਨੂੰ ਯਾਦ ਕਰਕੇ ਖੁਸ਼ੀ ਨਾਲ ਵੀ ਯਾਦ ਕਰ ਸਕਦੇ ਓ। ਮੇਰੇ ਖਿਆਲ ਵਿਚ ਦੂਜਾ ਢੰਗ ਵਧੀਆ ਐ।"

"ਪਤਾ ਨਹੀਂ ਕਿਉਂ ਮੈਂ ਭੁਲਣਾ ਚਾਹੁੰਦੀ ਆਂ ਪਰ ਭੁੱਲ ਨਹੀਂ ਸਕਦੀ।" ਕੁਝ ਪਲਾਂ ਲਈ ਚੁੱਪ ਵਰਤ ਗਈ।

"ਜ਼ਰੂਰੀ ਐ ਤੂੰ ਆਪਣੇ ਆਪ ਨੂੰ ਕਿਸੇ ਤਰ੍ਹਾਂ ਵਿਅੱਸਤ ਰੱਖੇਂ। ਜਦ ਵੀ ਕੋਈ ਬਿਜਨਸ ਦੀ ਸਮੱਸਿਆ ਹੁੰਦੀ ਮੈਂ ਮਾਂ ਨਾਲ ਗੱਲ ਕਰ ਲੈਂਦਾ। ਉਹ ਮੈਨੂੰ ਰਾਇ ਵੀ ਦੇ ਦਿੰਦੀ ਤੇ ਲੋੜ ਅਨੁਸਾਰ ਮੇਰੇ ਕੰਮ ਵਿਚ ਵੀ ਮਦਦ ਕਰ ਦਿੰਦੀ। ਅੱਜ ਕੱਲ੍ਹ ਬਹੁਤ ਔਖੀ ਹਾਲਤ ਵਿਚੋਂ ਲੰਘ ਰਹੇ ਆਂ। ਮੈਨੂੰ ਮਾਂ ਦੀ ਬਹੁਤ ਘਾਟ ਮਹਿਸੂਸ ਹੁੰਦੀ ਐ। ਜੇ ਤੂੰ ਥੋੜਾ ਸਮਾਂ ਦਫ਼ਤਰ ਆ ਜਾਇਆਂ ਕਰੇ ਤਾਂ ਮੈਨੂੰ ਮਾਂ ਦੀ ਘਾਟ ਪੂਰੀ ਹੋ ਗਈ ਲੱਗੂ।"

ਵਿਲੀਅਮ ਦਾ ਗਲਾ ਵੀ ਭਾਵਨਾਵਾਂ ਦੇ ਭਾਰ ਨਾਲ ਭਾਰਾ ਹੋ ਗਿਆ ਸੀ।

"ਮੈਂ ਦਫ਼ਤਰ ਆ ਕੇ ਕਰੂੰ ਕੀ?"

"ਬਹੁਤ ਕੁਝ। ਸਾਰੀਆਂ ਫੈਕਟਰੀਆਂ ਨੇ ਕੁਝ ਨਾ ਕੁਝ ਮਜ਼ਦੂਰਾਂ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਐ। ਆਪਾਂ ਇਹ ਨੀ ਕੀਤਾ। ਉਤਪਾਦਨ ਤਾਂ ਘਟਾਉਣਾ ਹੀ ਪੈਣਾ ਸੀ ਜਦ ਅੱਗੇ ਵਿਕਰੀ ਨਹੀਂ। ਆਪਾਂ ਸਾਰੇ ਕਾਮਿਆਂ ਨੂੰ ਵਾਰੀ ਸਿਰ ਕੰਮ ਦੇਣ ਦਾ ਵਾਇਦਾ ਕੀਤਾ ਐ ਜਿਹੜੇ ਵੀ ਕਰਨਾ ਚਾਹੁਣ। ਇੰਝ ਸਾਰਿਆਂ ਨੂੰ ਹੀ ਥੋੜੀ-ਬਹੁਤ ਆਮਦਨ ਹੋ ਜਾਂਦੀ ਐ। ਉਹਨਾਂ ਦੀਆਂ ਸ਼ਿਫਟਾਂ ਬਣਾਉਣਾ, ਉਹਨਾਂ ਨਾਲ ਗੱਲ ਬਾਤ ਕਰਨਾ, ਉਹਨਾਂ ਨੂੰ ਉਜਰਤ ਦੇਣਾ ਸਭ ਕਰਨ ਵਾਲੇ ਕੰਮ ਐ ਤੇ ਤੂੰ ਵਧੀਆ ਢੰਗ ਨਾਲ ਕਰ ਸਕਦੀ ਐ। ਜ਼ਰੂਰਤ ਵੀ ਹੈ ਕਿਉਂਕਿ ਦਫ਼ਤਰ ਵਿਚੋਂ ਵੀ ਬਹੁਤ ਸਟਾਫ ਘੱਟ ਕਰਨਾ ਪਿਆ ਐ--।"

ਸਾਰੀ ਗੱਲ-ਬਾਤ ਦਾ ਨਤੀਜਾ ਸਹੀ ਨਿਕਲਿਆ ਤੇ ਮੈਗੀ ਨੇ ਕੰਮ 'ਤੇ ਜਾਣ ਲਈ ਸਹਿਮਤੀ ਦੇ ਦਿੱਤੀ।

-----

ਕੁਝ ਦਿਨਾਂ ਬਾਅਦ ਇਕ ਡਿਨਰ ਡਾਨਸ ਦਾ ਵਿਲੀਅਮ ਨੂੰ ਸੱਦਾ ਆਇਆ। ਉਸ ਵਿਚ ਸਾਰੇ ਹੀ ਜਾਣੇ-ਪਛਾਣੇ ਲੋਕ ਆ ਰਹੇ ਸਨ। ਮੈਗੀ ਦੇ ਨਾਂਹ ਨੁੱਕਰ ਕਰਦਿਆਂ ਵੀ ਵਿਲੀਅਮ ਨੇ ਉਸ ਨੂੰ ਨਾਲ ਚੱਲਣ ਲਈ ਮਨਾ ਲਿਆ।

ਬਿਜਲੀ ਦੀਆਂ ਲਾਈਟਾਂ ਨਾਲ ਹਾਲ ਜਗਮਗਾ ਰਿਹਾ ਸੀ। ਕੁਝ ਕੁ ਗੈਸ ਲੈਂਪ ਵੀ ਅਜੇ ਰੱਖੇ ਹੋਏ ਸਨ। ਵਿਲੀਅਮ ਨੂੰ ਆਪਣੇ ਘਰ ਵਿਚ ਵੀ ਬਿਜਲੀ ਦੀ ਫਿਟਿੰਗ ਕਰਵਾਉਣ ਦਾ ਫਿਰ ਤੋਂ ਖਿਆਲ ਆਇਆ। ਹੁਣ ਤੱਕ ਉਹ ਘੌਲ ਹੀ ਕਰੀ ਜਾ ਰਿਹਾ ਸੀ। ਰੌਬਿਨ ਨੇ ਤਾਂ ਖਾਸ ਖਾਸ ਕਮਰਿਆਂ ਵਿਚ ਬਿਜਲੀ ਦਾ ਪ੍ਰਬੰਧ ਕਰ ਵੀ ਲਿਆ ਸੀ।

ਉਹ ਆਪਣੀਆਂ ਸੀਟਾਂ 'ਤੇ ਜਾ ਬੈਠੇ। ਉਹਨਾਂ ਦੇ ਨਾਲ ਹੀ ਕੁਝ ਜਾਣੇ-ਪਛਾਣੇ ਤੇ ਕੁਝ ਅਣਜਾਣੇ ਲੋਕ ਵੀ ਬੈਠੇ ਸਨ। ਸਭ ਦਾ ਧਿਆਨ ਡਾਨਸ ਫਲੋਰ ਵੱਲ ਸੀ। ਸਾਰਾਹ ਤੇ ਵਿਲੀਅਮ ਤਾਂ ਡਾਨਸ ਕਰਨ ਦਾ ਮੌਕਾ ਹੀ ਭਾਲਦੇ ਸਨ। ਉਹ ਦੋਵੇਂ ਹੀ ਚੰਗੇ ਡਾਂਸਰ ਮੰਨੇ ਜਾਂਦੇ ਸਨ। ਹਾਲ ਦੇ ਖੁਸ਼ੀ ਅਤੇ ਅਨੰਦ ਭਰੇ ਮਹੌਲ ਨੇ ਮੈਗੀ ਨੂੰ ਉਦਾਸ ਨਾ ਹੋਣ ਦਿੱਤਾ। ਡਾਨਸ ਸ਼ੁਰੂ ਹੋਇਆ ਤਾਂ ਜੋੜੇ ਇਕ ਦੂਜੇ ਦੀਆਂ ਬਾਂਹਾ ਵਿਚ ਲਿਪਟੇ ਫਲੋਰ 'ਤੇ ਥਿਰਕਣ ਲੱਗੇ। ਸਾਰਾਹ ਤੇ ਵਿਲੀਅਮ ਵੀ ਫਲੋਰ 'ਤੇ ਚਲੇ ਗਏ। ਉਹਨਾਂ ਨੂੰ ਵੇਖ ਕੇ ਮੈਗੀ ਖੁਸ਼ ਹੋਣ ਲੱਗੀ। ਅਚਾਨਕ ਕੋਈ ਚੀਜ਼ ਉਸ ਦੇ ਪੈਰਾਂ ਵਿਚ ਡਿੱਗੀ। ਮੈਗੀ ਦਾ ਧਿਆਨ ਫਲੋਰ ਵੱਲੋਂ ਹਟ ਕੇ ਆਪਣੇ ਪੈਰਾਂ ਵੱਲ ਚਲਾ ਗਿਆ।

"ਮੁਆਫ ਕਰਨਾ ਮਿੱਸ। ਇਹ ਖਿਡਾਉਣਾ ਉਸ ਬੱਚੇ ਨੇ ਸੁੱਟਿਆ ਐ।"

ਇਕ ਨੌਜਵਾਨ ਨੇ ਉਸ ਤੋਂ ਨਿਮਰਤਾ ਅਤੇ ਸਲੀਕੇ ਨਾਲ ਮੁਆਫੀ ਮੰਗੀ ਪਰ ਉਸ ਦੀਆਂ ਅੱਖਾਂ ਵਿਚ ਸ਼ਰਾਰਤੀ ਮੁਸਕਰਾਹਟ ਸੀ। ਮੈਗੀ ਨੇ ਉਧਰ ਵੇਖਿਆ ਜਿਧਰ ਉਸ ਨੌਜਵਾਨ ਨੇ ਇਸ਼ਾਰਾ ਕੀਤਾ ਸੀ। ਇਕ ਪੰਦਰਾਂ ਸੋਲਾਂ ਸਾਲ ਦਾ ਮੁੰਡਾ ਉਸ ਵੱਲ ਵੇਖਦਾ ਹੱਸ ਰਿਹਾ ਸੀ। ਹੋਰ ਕੋਈ ਬੱਚਾ ਉਥੇ ਨਹੀਂ ਸੀ।

"ਓਅਅ --ਤਾਂ ਇਹ ਖਿਲਾਉਣਾ ਉਸ ਬੇਬੀ ਦਾ ਐ।"

ਕਹਿੰਦਿਆਂ ਮੈਗੀ ਨੇ ਉਸ ਮੁੰਡੇ ਵੱਲ ਇਸ਼ਾਰਾ ਕੀਤਾ ਤੇ ਉਸ ਦਾ ਹਾਸਾ ਨਿਕਲ ਗਿਆ। ਮੈਗੀ ਅਤੇ ਨੌਜਵਾਨ ਦੋਵੇਂ ਚੰਗੇ ਮੂਡ ਵਿਚ ਹੱਸਣ ਲੱਗੇ। 'ਬੇਬੀ' ਸ਼ਬਦ ਨੇ ਮੂਡ ਨੂੰ ਥੋੜਾ ਹਲਕਾ ਅਤੇ ਖੁਸ਼ਗਵਾਰ ਬਣਾ ਦਿੱਤਾ ਸੀ।

"ਸੌਰੀ ਮੈਡਮ ਗੁੱਸਾ ਨਾ ਕਰਨਾ । ਜੇ ਮੈਂ ਗਲਤ ਨਹੀਂ ਤਾਂ ਵਿਲੀਅਮ ਜ਼ਰੂਰ ਤੁਹਾਡਾ ਕੋਈ ਨੇੜਲਾ ਰਿਸ਼ਤੇਦਾਰ ਜਾਂ ਦੋਸਤ ਐ।"

"ਵਿਲੀਅਮ ਮੇਰਾ ਭਰਾ ਐ। ਤੁਸੀਂ ਉਸ ਨੂੰ ਜਾਣਦੇ ਓ!"

"ਮੈਂ ਸੋਲਿਸਟਰ (ਵਕੀਲ) ਆਂ ਤੇ ਸਾਡੀ ਫਰਮ ਹੀ ਵਿਲੀਅਮ ਦੇ ਕਨੂੰਨੀ ਕੰਮ-ਧੰਦੇ ਕਰਦੀ ਐ।"

"ਤਾਂ ਤੁਸੀਂ 'ਫਰੈਡ ਐਂਡ ਸਨਜ਼ ਸੋਲਿਸਟਰਜ਼' ਨਾਲ ਕੰਮ ਕਰਦੇ ਓ।" ਮੈਗੀ ਨੂੰ ਉਸ ਫਰਮ ਦਾ ਪਤਾ ਸੀ।

"ਜੀ ਹਾਂ, ਮੇਰੇ ਪਿਤਾ ਜੀ ਉਸ ਫਰਮ ਦੇ ਮਾਲਕ ਨੇ।"

ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਚੁਕਿਆ ਸੀ। ਹੁਣ ਤੱਕ ਵਿਲੀਅਮ ਤੇ ਸਾਰਾਹ ਵੀ ਡਾਨਸ ਫਲੋਰ ਤੋਂ ਵਾਪਿਸ ਆ ਚੁੱਕੇ ਸਨ। ਵਿਲੀਅਮ ਨੇ ਆਉਣ ਸਾਰ ਮੁੰਡੇ ਨਾਲ ਹੱਥ ਮਿਲਾਇਆ।

"ਹੈਲੋ ਯੂਨੀਅਰ, ਮੈਂ ਤਾਂ ਪਹਿਲਾਂ ਤੈਨੂੰ ਵੇਖਿਆ ਹੀ ਨਹੀਂ। ਕੀ ਹਾਲ ਐ ਤੇਰੇ ਫਾਦਰ ਦਾ?"

"ਬਹੁਤ ਚੰਗਾ, ਮਿਹਰਬਾਨੀ।"

"ਮੈਗੀ ਇਹ ਫਰੈਡ ਯੂਨੀਅਰ ਐ ਆਪਣੀ ਫਰਮ ਦੇ ਸੋਲਿਸਟਰਜ਼।"

"ਹਾਂ, ਮੈਂ ਇਹਨਾਂ ਨੂੰ ਮਿਲ ਚੁੱਕੀ ਆਂ। ਇਹ ਵਿਚਾਰੇ ਦਫ਼ਤਰ ਵਿਚ ਕਲਾਇੰਟਾਂ ਦੀ ਦੇਖ ਭਾਲ ਕਰਦੇ ਐ ਤੇ ਏਥੇ 'ਬੇਬੀ' ਦੀ ਸੰਭਾਲ ਕਰਦੇ ਐ।"

ਮੈਗੀ ਨੇ ਹੱਸਦਿਆਂ ਉਸ ਪੰਦਰਾਂ ਸੋਲਾਂ ਸਾਲਾਂ ਦੇ ਮੁੰਡੇ ਵੱਲ ਇਸ਼ਾਰਾ ਕੀਤਾ। ਇਕ ਵਾਰ ਫਿਰ ਹਾਸਾ ਫੁੱਟ ਪਿਆ। ਵਿਲੀਅਮ ਨੂੰ ਸਾਰੀ ਗੱਲ ਦੱਸੀ ਤਾਂ ਉਹ ਵੀ ਹੱਸਣ ਲੱਗਾ।

ਫਰੈਡ ਤੇ ਵਿਲੀਅਮ ਨੇ ਵਾਈਨ ਦਾ ਆਰਡਰ ਕਰ ਦਿੱਤਾ ਤੇ ਉਹ ਕੁਝ ਦੇਰ ਗੱਲਾਂ ਕਰਕੇ ਆਪਣੇ ਆਪਣੇ ਟੇਬਲਾਂ 'ਤੇ ਆ ਬੈਠੇ। ਮੈਗੀ ਦੇ ਮਨ ਵਿਚ ਕੁਝ ਅਦਲ-ਬਦਲ ਹੋ ਗਈ ਸੀ। ਉਸ ਦਾ ਮਨ ਕਰਦਾ ਸੀ ਫਰੈਡ ਇਕ ਵਾਰ ਫਿਰ ਆਵੇ ਤੇ ਪਹਿਲਾਂ ਵਾਂਗ ਗੱਲਾਂ ਕਰੇ। ਉਹ ਕਿਸੇ ਬਹਾਨੇ ਮੁੜ ਕੇ ਉਸ ਵੱਲ ਵੇਖਣਾ ਚਾਹੁੰਦੀ ਸੀ। ਉਸ ਨੇ ਆਪਣੇ ਆਪ ਨੂੰ ਬਹੁਤ ਮੁਸ਼ਕਲ ਨਾਲ ਰੋਕੀ ਰੱਖਿਆ।

ਜਦ ਉਸ ਸ਼ਾਮ ਉਹ ਘਰ ਮੁੜੇ ਤਾਂ ਮੈਗੀ ਬਹੁਤ ਖੁਸ਼ ਸੀ। ਸਾਰਾਹ ਤੇ ਵਿਲੀਅਮ ਨੂੰ ਮੈਗੀ ਦੇ ਫਿਰ ਤੋਂ ਆਪਣੇ ਅਸਲੀ ਮੂਡ ਵੱਲ ਪਰਤਣ ਦੀ ਝਲਕ ਨਾਲ ਤਸੱਲੀ ਮਹਿਸੂਸ ਹੋ ਰਹੀ ਸੀ।

--------

ਇਕ ਦਿਨ ਫਰੈਡ ਉਹਨਾਂ ਦੇ ਦਫ਼ਤਰ ਆਇਆ ਤੇ ਆ ਕੇ ਵਿਲੀਅਮ ਨੂੰ ਮਿਲਿਆ। ਉਸ ਨੂੰ ਕੁਝ ਜ਼ਰੂਰੀ ਕਾਗਜ਼ਾਂ 'ਤੇ ਵਿਲੀਅਮ ਦੇ ਦਸਖ਼ਤ ਚਾਹੀਦੇ ਸਨ। ਦੂਸਰਾ ਕੁਝ ਲੇਬਰ ਕਾਨੂੰਨ ਵਿਚ ਤਬਦੀਲੀਆਂ ਹੋਈਆਂ ਸਨ। ਇਹ ਤਬਦੀਲੀਆਂ ਬਹੁਤ ਖਾਸ ਤਾਂ ਨਹੀਂ ਸਨ ਫਿਰ ਵੀ ਵਕੀਲ ਹੋਣ ਕਰਕੇ ਫਰਮ ਨੂੰ ਉਹਨਾਂ ਤਬਦੀਲੀਆਂ ਬਾਰੇ ਜਾਣੂੰ ਕਰਾਉਣਾ ਉਸ ਦੀ ਜ਼ਿੰਮੇਵਾਰੀ ਸੀ। ਵਿਲੀਅਮ ਨੇ ਦਸਖ਼ਤ ਕਰ ਦਿੱਤੇ ਤੇ ਉਹ ਕਿਸੇ ਹੋਰ ਮੀਟਿੰਗ ਵਿਚ ਜਾਣ ਲਈ ਲੇਟ ਹੋ ਰਿਹਾ ਸੀ।

"ਵਿਲੀਅਮ, ਆਹ ਕੁਝ ਲੇਬਰ ਕਨੂੰਨ ਵਿਚ ਮਾਮੂਲੀ ਜਿਹੀਆਂ ਤਬਲੀਆਂ ਹੋਈਆਂ। ਕਿਸੇ ਵੇਲੇ ਕੁਝ ਸਮਾਂ ਕੱਢ ਕੇ ਇਹਨਾਂ ਬਾਰੇ ਗੱਲ ਕਰਨੀ ਜ਼ਰੂਰੀ ਐ।"

"ਲੇਬਰ ਦੀ ਬਹੁਤੀ ਜ਼ਿੰਮੇਵਾਰੀ ਅੱਜ ਕੱਲ੍ਹ ਮੈਗੀ ਦੀ ਐ। ਤੂੰ ਉਸ ਨੂੰ ਹੀ ਸਮਝਾ ਦੇਵੇਂ ਤਾਂ ਚੰਗਾ ਐ। ਜੇ ਕੋਈ ਉਸ ਨੂੰ ਖਾਸ ਗੱਲ ਲੱਗੀ ਤਾਂ ਉਹ ਮੇਰੇ ਨਾਲ ਗੱਲ ਕਰ ਲਵੇਗੀ।" ਵਿਲੀਅਮ ਨੇ ਫਰੈਡ ਨਾਲ ਵਾਚਮੈਨ ਨੂੰ ਮੈਗੀ ਦੇ ਕਮਰੇ ਵੱਲ ਭੇਜ ਦਿੱਤਾ।

"ਹੈਲੋ, ਫਰੈਡ। ਅੱਜ ਇਕੱਲੇ ਈ। 'ਬੇਬੀ' ਨੂੰ ਕਿਸ ਦੀ ਨਿਗਰਾਨੀ ਵਿਚ ਛੱਡ ਆਏ ਓ?"

"ਮੈਗੀ ਮੁਆਫ਼ ਕਰਨਾ। ਉਹ ਤਾਂ ਐਵੇਂ ਸ਼ੁਗਲ ਸੀ।" ਫਰੈਡ ਨੂੰ ਮੈਗੀ ਦਾ ਹਾਸਾ ਚੰਗਾ ਲੱਗਾ।

ਉਹ ਲੇਬਰ ਕਨੂੰਨ ਦੀਆਂ ਮੱਦਾਂ ਬਾਰੇ ਸਮਝਾਉਣ ਲੱਗਾ ਤੇ ਮੈਗੀ ਧਿਆਨ ਨਾਲ ਸੁਣਦੀ/ ਪੁੱਛਦੀ ਰਹੀ। ਇਸ ਵਿਚਕਾਰ ਫਰੈਡ ਤੇ ਮੈਗੀ ਨੇ ਕੌਫੀ ਪੀਤੀ ਤੇ ਕੁਝ ਕੁ ਗੱਲਾਂ ਬਾਤਾਂ ਆਮ ਜਿਹੀਆਂ ਵੀ ਹੋਈਆਂ। ਵਿਲੀਅਮ ਵੀ ਮੈਗੀ ਦੇ ਕਮਰੇ ਵਿਚ ਆ ਗਿਆ ਉਸ ਦੀ ਮੀਟਿੰਗ ਜਲਦੀ ਹੀ ਖਤਮ ਹੋ ਗਈ ਸੀ।

"ਮੈਂ ਸੁਣਿਆ ਇੰਡੀਅਨ ਬਲੈਕ ਪ੍ਰਿੰਸ ਦੀ ਮੌਤ (22 ਅਕਤੂਬਰ 1893) ਹੋ ਗਈ ਐ।" ਵਿਲੀਅਮ ਨੇ ਆਉਂਦਿਆਂ ਹੀ ਖ਼ਬਰ ਸੁਣਾਈ।

"ਅਖਬਾਰਾਂ ਅਨੁਸਾਰ ਤਾਂ ਉਹ ਕਾਫੀ ਦੇਰ ਤੋਂ ਪੈਰਿਸ ਵਿਚ ਸੀ।" ਫਰੈਡ ਨੇ ਸੁਭਾਵਿਕ ਹੀ ਕਿਹਾ।

"ਫਰਾਂਸ ਤੇ ਰੂਸ ਤੋਂ ਮਦਦ ਲੈ ਕੇ ਉਹ ਆਪਣਾ ਰਾਜਭਾਗ ਵਾਪਿਸ ਲੈਣ ਦੀ ਕੋਸ਼ਿਸ਼ ਵਿਚ ਸੀ।" ਵਿਲੀਅਮ ਨੇ ਟਾਂਚ ਜਿਹੀ ਨਾਲ ਕਿਹਾ।

"ਅਖ਼ਬਾਰ ਵਿਚ ਵੀ ਉਸ ਨੇ ਕੁਝ ਆਪਣੇ ਹੱਕਾਂ ਬਾਰੇ ਲਿਖਿਆ ਸੀ। ਰਾਜਭਾਗ ਵਾਪਿਸ ਮਿਲਣਾ ਤਾਂ ਔਖਾ ਈ ਹੁੰਦਾ।" ਫਰੈਡ ਨੇ ਆਪਣੀ ਰਾਇ ਦਿੱਤੀ।

ਕਾਫੀ ਲੰਬੀ ਗੱਲ-ਬਾਤ ਹੁੰਦੀ ਰਹੀ। ਗੱਲਾਂ ਵਿਚ ਮੈਗੀ ਤੇ ਵਿਲੀਅਮ ਦੀਆਂ ਦਲੀਲਾਂ ਇਕ ਦੂਸਰੇ ਦੇ ਵਿਰੋਧ ਵਿਚ ਸਨ। ਮੈਗੀ ਦੀ ਦਲੀਲ ਕਿ ਈਸਟ ਇੰਡੀਆ ਕੰਪਨੀ ਨੇ ਬਹੁਤ ਸਾਰੇ ਹੱਥ ਕੰਡੇ ਵਰਤ ਕੇ ਉਸ ਦਾ ਰਾਜ ਹਥਿਆਇਆ ਤੇ ਇੰਡੀਆ ਦੇ ਲੋਕਾਂ ਨੂੰ ਗੁਲਾਮ ਬਣਾਇਆ ਹੋਇਆ। ਈਸਟ ਇੰਡੀਆ ਕੰਪਨੀ ਤੇ ਫਿਰ ਬ੍ਰਿਟਿਸ਼ ਸਰਕਾਰ ਵੀ ਲੋਕਾਂ ਦੀ ਲੁੱਟ ਕਰਦੀ ਐ। ਯੂ ਕੇ ਵਿਚ ਉਸ ਪੈਸੇ ਦਾ ਫਾਇਦਾ ਸਿਰਫ ਵੱਡੀਆਂ ਕੰਪਨੀਆਂ ਤੇ ਅਮੀਰ ਲੋਕਾਂ ਨੂੰ ਹੀ ਹੁੰਦਾ ਹੈ। ਗਰੀਬ ਜਨਤਾ ਨੂੰ ਤਾਂ ਉਸ ਲੁੱਟੇ ਪੈਸੇ ਦਾ ਕੋਈ ਫਾਇਦਾ ਨਹੀਂ ਹੁੰਦਾ। ਵਿਲੀਅਮ ਅਨੁਸਾਰ ਯੂ ਕੇ ਦੇ ਲੋਕਾਂ ਨੂੰ ਨੌਕਰੀਆਂ ਤਾਂ ਹੀ ਮਿਲ ਰਹੀਆਂ ਸਨ ਕਿਉਂਕਿ ਇੰਡੀਆ ਤੋਂ ਸਸਤਾ ਕੱਚਾ ਸਮਾਨ ਮਿਲਦਾ ਤੇ ਇੰਗਲੈਂਡ ਦੇ ਕਾਰਖਾਨਿਆਂ ਵਿਚ ਤਿਆਰ ਹੋਇਆ ਮਾਲ ਇੰਡੀਆ ਵਿਚ ਵਿਕ ਰਿਹਾ ਸੀ। ਕਾਰਖਾਨੇ ਚਲਦੇ ਸਨ ਤਾਂ ਹੀ ਲੋਕਾਂ ਕੋਲ ਕੰਮ ਅਤੇ ਨੌਕਰੀਆਂ ਸਨ। ਕੁਝ ਦੇਰ ਗੱਲਾਂ ਕਰ ਕੇ ਵਿਲੀਅਮ ਆਪਣੇ ਦਫ਼ਤਰ ਚਲਾ ਗਿਆ।

"ਮੈਗੀ ਕੀ ਮੈਂ ਤੈਨੂੰ ਇਕ ਦਿਨ ਲੰਚ ਵਾਸਤੇ ਸੱਦਾ ਦੇ ਸਕਦਾਂ।" ਫਰੈਡ ਨੇ ਬੇਯਕੀਨੀ ਜਿਹੀ ਨਾਲ ਕਿਹਾ।

"ਵਿਚਾਰ ਮਾੜਾ ਨਹੀਂ। ਮੈਨੂੰ ਆਪਣੀ ਡਾਇਰੀ ਵੇਖਣੀ ਪਵੇਗੀ।"

ਮੈਗੀ ਨੇ ਆਪਣੀ ਡਾਇਰੀ ਵੇਖ ਕੇ ਉਸ ਨਾਲ ਲੰਚ ਦਾ ਸਮਾਂ ਨਿਯਤ ਕਰ ਲਿਆ। ਫਰੈਡ ਵੀ ਖੁਸ਼ ਸੀ ਤੇ ਮੈਗੀ ਵੀ।

------

ਮੈਗੀ ਕੋਈ ਖਾਸ ਬਾਹਰ ਅੰਦਰ ਜਾਣ ਵਾਲੀ ਕੁੜੀ ਨਹੀਂ ਸੀ। ਮੈਗੀ ਨੇ ਫਰੈਡ ਨੂੰ ਲੰਚ ਲਈ ਹਾਂ ਤਾਂ ਕਰ ਦਿੱਤੀ ਸੀ। ਫਿਰ ਵੀ ਉਹ ਸੋਚਦੀ ਰਹੀ ਐਹੋ ਜਿਹੀ ਕਿਹੜੀ ਗੱਲ ਐ ਕਿ ਉਸ ਨੂੰ ਨਾਂਹ ਨਾ ਕਰ ਸਕੀ। ਕਿਤੇ ਨਾ ਕਿਤੇ ਕੋਈ ਤਾਰ ਉਹਨਾਂ ਵਿਚ ਮਿਲਦੀ ਜ਼ਰੂਰ ਸੀ ਜਿਸ ਬਾਰੇ ਮੈਗੀ ਨੂੰ ਖਿਆਲ ਨਹੀਂ ਸੀ।

ਲੰਚ 'ਤੇ ਜਾਣ ਲਈ ਮੈਗੀ ਆਮ ਨਾਲੋਂ ਥੋੜਾ ਵੱਧ ਉਚੇਚ ਨਾਲ ਤਿਆਰ ਹੋਈ। ਮਿਥੇ ਸਮੇਂ ਤੇ ਸਥਾਨ 'ਤੇ ਪਹੁੰਚਣ ਲਈ ਉਸ ਕੋਲ ਠੀਕ ਸਮਾਂ ਸੀ। ਫਰੈਡ ਉਸ ਦੀ ਪਹਿਲਾਂ ਹੀ ਉਡੀਕ ਕਰ ਰਿਹਾ ਸੀ। ਉਹ ਉਚੇਚ ਨਾਲ ਰੈਸਟੋਰੈਂਟ ਦੇ ਦਰਵਾਜ਼ੇ ਤੱਕ ਆਇਆ ਤੇ ਮੈਗੀ ਨੂੰ ਸਤਿਕਾਰ ਨਾਲ ਅੰਦਰ ਲੈ ਕੇ ਗਿਆ। ਕੁਰਸੀ ਪਿੱਛੇ ਨੂੰ ਖਿੱਚੀ ਤੇ ਮੈਗੀ ਦੇ ਬੈਠਣ ਤੱਕ ਉਹ ਉਸ ਦੇ ਪਿੱਛੇ ਹੀ ਖੜ੍ਹਾ ਰਿਹਾ। ਮੈਗੀ ਨੂੰ ਉਸ ਦੀ ਆਉ-ਭਗਤ ਬਹੁਤ ਚੰਗੀ ਲੱਗੀ।

ਖਾਣੇ ਦਾ ਆਰਡਰ ਕਰ ਕੇ ਉਹ ਗੱਲਾਂ ਕਰਨ ਲੱਗੇ।

ਫਰੈਡ ਦੀ ਨਾ ਸਿਆਸਤ ਵਿਚ, ਨਾ ਹੀ ਧਰਮ ਵਿਚ ਤੇ ਨਾ ਹੀ ਕਿਸੇ ਹੋਰ ਖਾਸ ਕਿਸਮ ਦੀ ਦਿਲਚਸਪੀ ਸੀ। ਮੈਗੀ ਨੂੰ ਹੈਰਾਨੀ ਹੋਈ।

''ਤਾਂ ਫੇਰ ਸਮਾਂ ਕਿਵੇਂ ਬੀਤਦਾ ਤੇਰਾ?'' ਮੈਗੀ ਨੇ ਪੁੱਛਿਆ।

''ਪੰਜ ਦਿਨ ਤਾਂ ਦਫ਼ਤਰ ਵਿਚ ਹੀ ਫਸੇ ਰਹੀਦਾ। ਸਨਿਚਰਵਾਰ ਨੂੰ ਲੇਟ ਤੱਕ ਸੌਂਈਦਾ। ਚਾਰ ਪੰਜ ਘੰਟੇ ਜ਼ਰੂਰੀ ਫਾਈਲਾਂ 'ਤੇ ਕੰਮ ਕਰਨ ਵਿਚ ਲੰਘ ਜਾਂਦੇ ਐ। ਸ਼ਾਮ ਨੂੰ ਕੁਝ ਦੋਸਤਾਂ ਨਾਲ ਸਮਾਂ ਬੀਤ ਜਾਂਦਾ। ਐਤਵਾਰ ਘੋੜ ਸਵਾਰੀ ਲਈ ਰੱਖਿਆ ਹੋਇਆ। ਕਦੇ ਕਦਾਈਂ ਚਰਚ ਵੀ ਜਾਂਦਾ ਆਂ। ਬੱਸ ਸਮੇਂ ਦਾ ਤਾਂ ਪਤਾ ਈ ਨੀ ਲਗਦਾ।'' ਫਰੈਡ ਨੇ ਸੰਖੇਪ ਵਿਚ ਜਾਣਕਾਰੀ ਦਿੱਤੀ।

''ਦੁਨੀਆਂ ਵਿਚ ਕਿੰਨਾ ਕੁਝ ਵਾਪਰਦਾ ਤੇ ਤੈਨੂੰ ਉਸ ਨਾਲ ਕੋਈ ਮਤਲਬ ਨਹੀਂ?'' ਮੈਗੀ ਨੇ ਇਕ ਵਾਰ ਫਿਰ ਸਵਾਲ ਕੀਤਾ।

''ਦੁਨੀਆਂ ਵਿਚ ਜੋ ਵੀ ਵਾਪਰਦਾ ਮੈਂ ਉਸ ਵਿਚ ਕੀ ਕਰ ਸਕਦਾਂ? ਮੇਰੇ ਸੋਚਣ ਨਾਲ ਜਾਂ ਜਾਣਨ ਨਾਲ ਚੰਗੇ ਨੇ ਮਾੜਾ ਨਹੀਂ ਬਣਨਾ ਤੇ ਮਾੜੇ ਨੇ ਚੰਗੇ ਵਿਚ ਨੀ ਬਦਲਣਾ।'' ਫਰੈਡ ਨੇ ਮੋਢੇ ਮਾਰੇ।

''ਫਰੈਡ, ਔਰਤਾਂ ਵੋਟ ਦੇ ਹੱਕ ਲਈ ਲੜਾਈ ਲੜ ਰਹੀਆਂ। ਅਜੇ ਇਹ ਲੜਾਈ ਵੱਡੀ ਲਹਿਰ ਨੀ ਬਣੀ। ਜ਼ਰੂਰ ਇਕ ਦਿਨ ਬਣੇਗੀ, ਮੇਰਾ ਪੱਕਾ ਯਕੀਨ ਐ। ਤੇਰੇ ਖਿਆਲ ਵਿਚ ਤੈਨੂੰ ਇਸ ਨਾਲ ਕੋਈ ਫਰਕ ਨਹੀਂ ਪੈਣਾ ਤੇ ਤੇਰਾ ਇਸ ਬਾਰੇ ਕੋਈ ਵਿਚਾਰ ਨਹੀਂ! ਮੈਂ ਨਹੀਂ ਮੰਨ ਸਕਦੀ---।'' ਮੈਗੀ ਦੀ ਹੈਰਾਨੀ ਅਜੇ ਵੀ ਕਾਇਮ ਸੀ।

ਉਹ ਕੁਝ ਦੇਰ ਸੋਚਦਾ ਰਿਹਾ। ਉਸ ਨੂੰ ਕੋਈ ਪਤਾ ਨਹੀਂ ਸੀ ਲੱਗ ਰਿਹਾ ਔਰਤਾਂ ਨੂੰ ਵੋਟ ਦਾ ਹੱਕ ਮਿਲਣ ਨਾਲ ਕੀ ਫਰਕ ਪੈ ਸਕਦਾ ਸੀ! ਵੈਸੇ ਉਸ ਨੂੰ ਪਹਿਲੀ ਵਾਰ ਆਪਣਾ ਆਪ ਛੋਟਾ ਮਹਿਸੂਸ ਹੋਇਆ।

''ਸਰਕਾਰ ਨੇ ਜੋ ਵੀ ਫੈਸਲਾ ਕੀਤਾ ਉਹ ਠੀਕ ਈ ਹੋਊ।'' ਉਹਨੂੰ ਕੋਈ ਹੋਰ ਜਵਾਬ ਨਾ-ਅਹੁੜਿਆ।

ਮੈਗੀ ਆਪਣੇ ਆਪ ਵਿਚ ਸੋਚ ਰਹੀ ਸੀ। ਫਰੈਡ ਦੇ ਅਜੇ ਕੋਈ ਵਿਚਾਰ ਨਹੀਂ ਸਨ। ਉਹ ਕੋਰੇ ਕਾਗਜ਼ ਵਾਂਗ ਸੀ। ਉਸ 'ਤੇ ਕੁਝ ਵੀ ਲਿਖਿਆ ਜਾ ਸਕਦਾ ਸੀ।

''ਫਰੈਡ ਤੂੰ ਚਰਚ ਜਾਂਦਾ ਐਂ। ਰੱਬ ਨੇ ਤਾਂ ਸਾਰੇ ਲੋਕ ਇਕੋ ਜਿਹੇ ਬਣਾਏ ਐ। ਉਸ ਨੇ ਔਰਤਾਂ-ਮਰਦਾਂ, ਗੋਰਿਆਂ-ਕਾਲਿਆਂ ਵਿਚ ਕੋਈ ਫਰਕ ਨਹੀਂ ਰੱਖਿਆ ਹੋਣਾ। ਇਸ ਦੁਨੀਆਂ ਦੇ ਹੀ ਕੁਝ ਲੋਕਾਂ ਨੇ ਦੁਨੀਆਂ ਦੇ ਵਸ਼ਿੰਦਿਆਂ ਵਿਚ ਆਰਥਿਕ, ਸਮਾਜਿਕ ਤੇ ਧਾਰਮਿਕ ਪਾੜੇ ਪਾ ਕੇ ਨਾ-ਬਰਾਬਰਤਾ ਪੈਦਾ ਕੀਤੀ ਐ। ਸਾਡਾ ਫਰਜ਼ ਲੋਕਾਂ ਨੂੰ ਬਰਾਬਰਤਾ ਦਿਵਾਉਣ ਲਈ ਕੰਮ ਕਰਨ ਦਾ ਐ। ਮੈਂ ਔਰਤਾਂ ਲਈ ਵੋਟ ਦੇ ਹੱਕ ਲਈ ਪੂਰੀ ਸਰਗਰਮ ਆਂ।''

''ਅੱਛਾ--।'' ਫਰੈਡ ਨੂੰ ਹੈਰਾਨੀ ਹੋਈ।

ਕੁਝ ਦੇਰ ਹੋਰ ਗੱਲਾਂ ਕਰਕੇ ਉਹ ਘਰਾਂ ਨੂੰ ਚਲੇ ਗਏ।

------

ਮੈਗੀ ਦਾ ਦਿਲ ਦਿਨੋ ਦਿਨ ਕਿਸੇ ਕਾਰਨ ਫਰੈਡ ਵੱਲ ਖਿਚਿਆ ਜਾ ਰਿਹਾ ਸੀ। ਉਹ ਆਪਣੇ ਆਪ 'ਤੇ ਖਿਝਦੀ ਅਤੇ ਆਪਣੇ ਆਪ ਨੂੰ ਲੱਖ ਰੋਕਣ ਦਾ ਯਤਨ ਕਰਦੀ। ਜਦ ਵੀ ਫਰੈਡ ਦਾ ਮਿਲਣ ਲਈ ਸੁਨੇਹਾ ਆਉਂਦਾ ਉਹ ਰਹਿ ਨਾ ਸਕਦੀ। ਦਿਨੋ ਦਿਨ ਉਹਨਾਂ ਵਿਚ ਨੇੜਤਾ ਵਧਦੀ ਗਈ।

ਮੈਗੀ ਨੇ ਫਰੈਡ ਨੂੰ ਆਪਣੇ ਵਿਚਾਰਾਂ ਨਾਲ ਸਹਿਮਤ ਕਰ ਲਿਆ ਸੀ। ਉਹ ਆਪਣੇ ਪਿਤਾ ਦੇ ਰੋਕਣ-ਟੋਕਣ ਦੇ ਬਾਵਜੂਦ ਮੈਗੀ ਦੇ ਦਿਖਾਏ ਰਾਹ 'ਤੇ ਚੱਲਣ ਲੱਗਾ ਸੀ। 'ਸਰਫਰਾਜੈਟ ਮੂਵਮੈਂਟ'(ਔਰਤਾਂ ਲਈ ਵੋਟ ਦੇ ਹੱਕ ਬਾਰੇ ਲਹਿਰ) ਦਾ ਉਹ ਹੁਣ ਇਕ ਚੰਗਾ ਸਮਰਥਕ ਬਣ ਗਿਆ ਸੀ। ਮੈਗੀ ਲਈ ਉਸ ਦੇ ਮਨ ਵਿਚ ਬਹੁਤ ਵੱਡੀ ਥਾਂ ਬਣ ਗਈ ਸੀ। ਹੁਣ ਉਹ ਫਰੈਡ ਨਾਲ ਸ਼ਾਦੀ ਬਾਰੇ ਸੋਚਣ ਲੱਗੀ ਸੀ।

ਇਕ ਦਿਨ ਫਰੈਡ ਨੇ ਮੈਗੀ ਨੂੰ ਦਫ਼ਤਰ ਵਿਚ ਰੁੱਕਾ ਭੇਜਿਆ, ਲਿਖਿਆ ਸੀ ਐਤਵਾਰ ਗਿਆਰਾਂ ਵਜੇ ਤਿਆਰ ਰਹਿਣਾ ਮੈਂ ਤੁਹਾਨੂੰ ਇਕ ਖਾਸ ਕੰਮ ਲਈ ਕਿਧਰੇ ਲੈ ਕੇ ਜਾਣਾ ਚਾਹੁੰਦਾ ਹਾਂ। ਮੈਗੀ ਨੂੰ ਥੋੜੀ ਹੈਰਾਨੀ ਹੋਈ ਤੇ ਥੋੜੀ ਖੁਸ਼ੀ ਵੀ। ਐਤਵਾਰ ਨੂੰ ਉਹ ਵੇਲੇ ਸਿਰ ਤਿਆਰ ਹੋ ਗਈ ਤੇ ਫਰੈਡ ਨੇ ਵੀ ਪੂਰੇ ਗਿਆਰਾਂ ਵਜੇ ਆ ਦਰਵਾਜ਼ਾ ਖੜਕਾਇਆ। ਨੌਕਰ ਨੇ ਦਰਵਾਜ਼ਾ ਖੋਲ੍ਹਿਆ। ਖੁੱਲ੍ਹੇ ਦਰਵਾਜ਼ੇ ਵਿਚੋਂ ਦੀ ਫਰੈਡ ਨੇ ਅੰਦਰ ਵੇਖਿਆ। ਮੈਗੀ ਬਣੀ ਸੰਵਰੀ ਤਿਆਰ ਹੋਈ ਬਾਹਰ ਨੂੰ ਆ ਰਹੀ ਸੀ। ਉਹਨਾਂ ਨੇ ਦੂਰੋਂ ਹੀ ਮੁਸਕਰਾਹਟ ਨਾਲ ਇਕ ਦੂਜੇ ਨੂੰ 'ਹੈਲੋ' ਕਿਹਾ ਤੇ ਅੱਖਾਂ ਨੇ ਇਕ ਦੂਜੇ ਨੂੰ ਰੁਮਾਂਟਿਕ ਅਦਾ ਨਾਲ ਵੇਖਿਆ। ਮੈਗੀ ਬਾਹਰ ਖੜ੍ਹੀ ਬੱਘੀ ਵੱਲ ਵੇਖ ਕੇ ਹੈਰਾਨ ਹੋਣੋ ਨਾ ਰਹਿ ਸਕੀ।

ਬੱਘੀ ਚਾਰ ਘੋੜਿਆਂ ਵਾਲੀ ਸੀ ਤੇ ਬਹੁਤ ਹੀ ਮਾਡਰਨ ਦਿੱਖ ਦੀ। ਬੱਘੀ ਦੇ ਕੈਬਿਨ ਨੂੰ ਪੂਰੀ ਤਰ੍ਹਾਂ ਪਰਦਿਆਂ ਨਾਲ ਢਕਿਆ ਹੋਇਆ ਸੀ। ਖਿੜਕੀ ਦੇ ਉਪਰਲੇ ਅੱਧ ਤੱਕ ਸ਼ੀਸ਼ੇ ਲੱਗੇ ਹੋਏ ਸਨ ਜਿਹਨਾਂ 'ਤੇ ਪਰਦੇ ਤਣੇ ਹੋਏ ਸਨ। ਘੋੜਿਆਂ ਨੂੰ ਪੂਰੀ ਤਰ੍ਹਾਂ ਸ਼ਿੰਗਾਰਿਆ ਹੋਇਆ ਸੀ। ਹੋਰ ਤਾਂ ਹੋਰ ਚਾਲਕ ਵੀ ਸਾਫ਼ ਸੁਥਰੇ ਕੱਪੜਿਆਂ ਵਿਚ ਲਿਸ਼ਕਿਆ-ਪੁਸ਼ਕਿਆ ਹੋਇਆ ਸੀ। ਮੈਗੀ ਨੇ ਹੈਰਾਨੀ ਨਾਲ ਇਕ ਵਾਰ ਫਿਰ ਤੋਂ ਫਰੈਡ ਵੱਲ ਵੇਖਿਆ ਤੇ ਅੱਖਾਂ ਰਾਹੀਂ ਹੀ ਸਵਾਲ ਕੀਤਾ। ਹੁਣ ਤੱਕ ਚਾਲਕ ਨੇ ਕੈਬਿਨ ਦਾ ਦਰਵਾਜ਼ਾ ਖੋਲ੍ਹ ਦਿੱਤਾ ਸੀ ਤੇ ਫਰੈਡ ਨੇ ਮੈਗੀ ਨੂੰ ਆਪਣਾ ਹੱਥ ਦੇ ਕੇ ਬੱਘੀ ਵਿਚ ਚੜ੍ਹਾਇਆ ਤੇ ਫਿਰ ਆਪ ਬੈਠ ਗਿਆ। ਬੱਘੀ ਦੀਆਂ ਸੀਟਾਂ ਬਹੁਤ ਹੀ ਅਰਾਮ-ਦਾਇਕ ਸਨ। ਬੈਠਦਿਆਂ ਮੈਗੀ ਦੀ ਨਜ਼ਰ ਬੱਘੀ ਵਿਚ ਵਿਛੇ ਗਲੀਚੇ ਵੱਲ ਗਈ। ਏਨਾ ਸੁੰਦਰ ਗਲੀਚਾ ਉਸ ਨੇ ਪਹਿਲਾਂ ਸ਼ਾਇਦ ਹੀ ਕਿਸੇ ਗੱਡੀ ਵਿਚ ਵੇਖਿਆ ਹੋਵੇ।

"ਫਰੈਡ, ਇਹ ਕੀ ਮਾਜ਼ਰਾ ਐ? ਤੂੰ ਮੈਨੂੰ ਕਿਥੇ ਲੈ ਕੇ ਜਾ ਰਿਹਾ ਏਂ?" ਮੈਗੀ ਹੈਰਾਨ ਵੀ ਸੀ ਤੇ ਚਹਿਕ ਵੀ ਰਹੀ ਸੀ।

"ਅੱਜ ਮੈਂ ਤੈਨੂੰ ਲੰਡਨ ਦੀ ਸੈਰ ਕਰਵਾਉਣ ਚੱਲਿਆਂ।"

"ਕੀ ਕੋਈ ਖਾਸ ਦਿਨ ਐ?"

"ਮੇਰੇ ਲਈ ਤਾਂ ਖਾਸ ਈ ਐ ਕਿਉਂਕਿ ਤੂੰ ਮੇਰੇ ਨਾਲ ਐਂ।" ਫਰੈਡ ਦੀ ਮੁਸਕਰਾਹਟ ਮੱਲੋ-ਮੱਲੀ ਸਾਰੀ ਬੱਘੀ ਵਿਚ ਖਿਲਰ ਰਹੀ ਸੀ।

ਬੱਘੀ ਲੰਡਨ ਦੀਆਂ ਸੜਕਾਂ 'ਤੇ ਪਾਣੀ ਵਿਚ ਤਰਦੀ ਮੱਛੀ ਵਾਂਗ ਜਾ ਰਹੀ ਸੀ। ਜਦੋਂ ਮੈਗੀ ਨੇ ਥੋੜਾ ਜਿਹਾ ਪਰਦਾ ਹਟਾ ਕੇ ਬਾਹਰ ਦੇਖਿਆ ਤਾਂ ਉਹ ਹੈਮਰਸਮਿਥ ਲੰਘ ਚੁੱਕੇ ਸਨ।

"ਫਰੈਡ, ਲੰਡਨ ਤਾਂ ਪਿੱਛੇ ਰਹਿ ਗਿਆ ਤੇ ਤੂੰ ਮੈਨੂੰ ਲੰਡਨ ਦੀ ਸੈਰ ਕਰਾਉਣੀ ਸੀ!"

"ਮੇਰਾ ਮਨ ਬਦਲ ਗਿਆ ਹੁਣ ਮੈਂ ਤੈਨੂੰ ਮਹਾਰਾਣੀ ਵਿਕਟੋਰੀਆ ਦਾ ਵਿੰਡਜ਼ਰ ਵਾਲਾ ਮਹਿਲ ਵਿਖਾਉਣਾ ਚਾਹੁੰਨਾ।"

ਮੈਗੀ ਸਮਝ ਗਈ ਸੀ। ਫਰੈਡ ਨੇ ਸਭ ਕੁਝ ਪਹਿਲਾਂ ਹੀ ਪਲੈਨ ਕੀਤਾ ਹੋਇਆ ਸੀ ਤੇ ਉਹ ਮੈਗੀ ਨੂੰ ਕੁਝ ਵੀ ਨਹੀਂ ਦੱਸੇਗਾ। ਸੋ ਮੈਗੀ ਨੇ ਹੋਰ ਸਵਾਲ ਪੁੱਛਣ ਤੋਂ ਗੁਰੇਜ਼ ਹੀ ਕੀਤਾ।

ਵਿੰਡਜ਼ਰ ਦੀਆਂ ਪਥਰੀਲੀਆਂ ਸੜਕਾਂ 'ਤੇ ਦੌੜਦੇ ਘੋੜਿਆਂ ਦੀ ਸੁਰ-ਤਾਲ ਨਾਲ ਹੁੰਦੀ ਟਿੱਪ-ਟਿੱਪ ਮੈਗੀ ਨੂੰ ਬਹੁਤ ਸੁਰੀਲੀ ਲੱਗੀ। ਲੰਡਨ ਤੋਂ ਬਾਹਰ ਆ ਕੇ ਖੁੱਲ੍ਹੇ ਖੇਤਾਂ ਦੀ ਸਾਫ਼ ਤੇ ਸਵੱਛ ਹਵਾ ਨਾਲ ਵੈਸੇ ਵੀ ਉਸ ਦੇ ਮਨ ਨੂੰ ਸ਼ਾਂਤੀ ਜਿਹੀ ਮਿਲੀ। ਮਹਿਲ ਦੇ ਮੁੱਖ ਗੇਟ ਤੋਂ ਥੋੜਾ ਪਿੱਛੇ ਹੀ ਡਰਾਈਵਰ ਨੇ ਗੱਡੀ ਰੋਕ ਲਈ ਤੇ ਉਸ ਨੇ ਬੱਘੀ ਦਾ ਦਰਵਾਜ਼ਾ ਖੋਲ੍ਹਿਆ। ਫਰੈਡ ਛਾਲ ਮਾਰ ਕੇ ਬਾਹਰ ਨਿਕਲਿਆ ਤੇ ਉਸ ਨੇ ਮੈਗੀ ਨੂੰ ਆਪਣਾ ਹੱਥ ਦੇ ਕੇ ਬਾਹਰ ਨਿਕਲਣ ਵਿਚ ਮਦਦ ਕੀਤੀ। ਮੈਗੀ ਦਾ ਹੱਥ ਫੜੀ ਉਹ ਗੇਟ ਵੱਲ ਨੂੰ ਵਧਿਆ। ਕੁਝ ਲੋਕ ਛੁੱਟੀ ਵਾਲੇ ਦਿਨ ਦੀ ਵਿਹਲ ਦਾ ਅਨੰਦ ਮਾਣ ਰਹੇ ਸਨ। ਗੇਟ ਦੇ ਐਨ ਸਾਹਮਣੇ ਲਾਲ ਕੋਟ ਅਤੇ ਉੱਚਾ ਲੰਬਾ ਟੋਪ ਪਹਿਨੀ ਗਾਰਡ ਖੜ੍ਹਾ ਸੀ। ਉਸ ਤੋਂ ਥੋੜੀ ਵਿੱਥ 'ਤੇ ਐਡੀ ਖੜ੍ਹ ਗਿਆ। ਉਸ ਨੇ ਮੈਗੀ ਦੀਆਂ ਅੱਖਾਂ ਵਿਚ ਵੇਖਿਆ ਤੇ ਆਪਣੇ ਗੋਡਿਆਂ ਨੂੰ ਧਰਤੀ 'ਤੇ ਟਿਕਾ ਕੇ ਉਹ ਮੈਗੀ ਸਾਹਮਣੇ ਗੋਡਿਆਂ ਪਰਨੇ ਝੁਕ ਗਿਆ।

"ਮੈਗੀ ਮੈਂ ਤੇਰੇ ਨਾਲ ਆਪਣੀ ਸਾਰੀ ਜ਼ਿੰਦਗੀ ਗੁਜ਼ਾਰਨੀ ਚਾਹੁੰਦਾ ਹਾਂ। ਕੀ ਤੂੰ ਮੇਰੀ ਇਹ ਇੱਛਾ ਪੂਰੀ ਕਰੇਂਗੀ ਤੇ ਮੇਰੇ ਨਾਲ ਵਿਆਹ ਕਰੇਂਗੀ?"

ਮੈਗੀ ਭਾਵੁਕ ਹੋਏ ਬਿਨਾਂ ਨਾ ਰਹਿ ਸਕੀ। ਉਸ ਦੀਆਂ ਅੱਖਾਂ ਵਿਚ ਖੁਸ਼ੀ ਦੇ ਹੰਝੂ ਆ ਗਏ। ਆਸੇ ਪਾਸੇ ਜਾਂਦੇ ਲੋਕ ਸਭ ਰੁਕ ਕੇ ਉਹਨਾਂ ਵੱਲ ਵੇਖ ਰਹੇ ਸਨ। ਕੁਝ ਕੁ ਤਾਂ ਉਹਨਾਂ ਦੇ ਬਹੁਤ ਹੀ ਨੇੜੇ ਆ ਗਏ ਸਨ। ਫਰੈਡ ਦੀਆਂ ਬੇਨਤੀ ਕਰਦੀਆਂ ਅੱਖਾਂ ਮੈਗੀ ਦੇ ਮੂੰਹ ਵੱਲ ਵੇਖ ਰਹੀਆਂ ਸਨ, ਗਾਰਡ ਵੀ ਉੱਤਸੁਕਤਾ ਨਾਲ ਉਹਨਾਂ ਵੱਲ ਵੇਖ ਰਿਹਾ ਸੀ। ਭਾਵੇਂ ਉਹ ਆਪਣੇ ਸਰੀਰ ਦੇ ਕਿਸੇ ਹਿੱਸੇ ਨੂੰ ਹਿਲਾ ਨਹੀਂ ਸੀ ਸਕਦਾ। ਅੱਖਾਂ ਦੀਆਂ ਪੁਤਲੀਆਂ ਜ਼ਰੂਰ ਹਿਲ ਰਹੀਆਂ ਸਨ। ਵਕਤ ਜਿਵੇਂ ਰੁਕ ਗਿਆ ਸੀ। ਮੈਗੀ ਕੁਝ ਦੇਰ ਸੋਚਦੀ ਰਹੀ। ਉਸ ਨੂੰ ਫਰੈਡ ਵੱਲੋਂ ਵਿਆਹ ਦੇ ਪ੍ਰਸਤਾਵ ਦੀ ਉਮੀਦ ਤਾਂ ਸੀ ਹੀ। ਪਰ ਉਹ ਅਜਿਹੇ ਰੁਮਾਂਟਿਕ ਢੰਗ ਨਾਲ ਪ੍ਰਸਤਾਵ ਰੱਖੇਗਾ, ਇਸ ਦੀ ਉਮੀਦ ਨਹੀਂ ਸੀ।

"ਹਾਂ ---।"

ਜਿਉਂ ਹੀ ਲੋਕਾਂ ਨੇ ਮੈਗੀ ਦੀ ਹਾਂ ਸੁਣੀ ਤਾਂ ਲੋਕਾਂ ਨੇ ਖੁਸ਼ੀ ਵਿਚ ਉਹਨਾਂ ਨੂੰ ਵਧਾਈਆਂ ਦਿੰਦਿਆਂ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਗਾਰਡ ਵੀ ਮੁਸਕਰਾਇਆ ਤੇ ਉਸ ਨੇ ਵੀ ਆਪਣੀ ਖੁਸ਼ੀ ਸਾਂਝੀ ਕੀਤੀ।

ਉਹਨਾਂ ਦੋਵਾਂ ਲਈ ਹੀ ਇਹ ਖੁਸ਼ੀ ਭਰਿਆ ਦਿਨ ਸੀ।

ਵਿਲੀਅਮ ਵੀ ਉਹਨਾਂ ਵਿਚਲੇ ਰਿਸ਼ਤੇ ਤੋਂ ਅਣਜਾਣ ਨਹੀਂ ਸੀ। ਉਸ ਨੂੰ ਅਜੇ ਫਰੈਡ ਦਾ 'ਵਿਦਰੋਹੀ ਅਨਸਰ' ਨਾਲ ਮਿਲੇ ਹੋਣ ਦਾ ਪਤਾ ਨਹੀਂ ਸੀ। ਦਿਲੋਂ ਉਹ ਉਸ ਨਾਲ ਮੈਗੀ ਦਾ ਵਿਆਹ ਹੋਇਆ ਵੇਖਣ ਦਾ ਇੱਛੁਕ ਸੀ।

-----

ਇਕ ਦਿਨ ਫਰੈਡ ਤੇ ਮੈਗੀ ਲੰਚ ਕਰ ਰਹੇ ਸੀ। ਮੈਗੀ ਨੇ ਇਕ ਮੋਟਰ ਕਾਰ ਵੇਖੀ ਜਿਹੜੀ ਸਟੀਮ ਇੰਜਨ 'ਤੇ ਚੱਲਦੀ ਸੀ। ਅਖ਼ਬਾਰਾਂ ਵਿਚ ਤਾਂ ਉਸ ਨੇ ਪਹਿਲਾਂ ਵੀ ਸੁਣਿਆ ਹੋਇਆ ਸੀ। ਇਕ ਆਦਮੀ ਲਾਲ ਝੰਡੀ ਲੈ ਕੇ ਕਾਰ ਦੇ ਅੱਗੇ ਚੱਲ ਰਿਹਾ ਸੀ। ਕਾਰ ਵਿਚ ਸਿਰਫ ਡਰਾਈਵਰ ਸੀ। ਕੀੜੀ ਦੀ ਤੋਰ ਤੁਰਦੀ ਕਾਰ ਦੀ ਇਕੋ ਇਕ ਦਿਲਚਸਪੀ ਬਿਨਾਂ ਘੋੜਿਆਂ ਤੋਂ ਆਪਣੇ ਆਪ ਚੱਲਣ ਦੀ ਸੀ। ਲੋਕ ਅਜਿਹੀ ਕਾਰ ਜਿਹੜੀ ਇੰਜਨ ਨਾਲ ਚੱਲ ਰਹੀ ਸੀ, ਨੂੰ ਵੇਖ ਕੇ ਹੈਰਾਨ ਹੋ ਰਹੇ ਸਨ। ਮੈਗੀ ਵੀ ਹੈਰਾਨ ਹੋਣੋ ਨਾ ਰਹਿ ਸਕੀ।

"ਫਰੈਡ, ਇਹ ਬੰਦਾ ਝੰਡੀ ਲੈ ਕੇ ਅੱਗੇ ਅੱਗੇ ਕਿਉਂ ਤੁਰ ਰਿਹਾ ਐ?"

"ਸਰਕਾਰ ਨੇ ਕਨੂੰਨ ਬਣਾਇਆ ਸਵੈ-ਚਾਲਕ ਗੱਡੀਆਂ ਅੱਗੇ ਲਾਲ ਝੰਡੀ ਲੈ ਕੇ ਤੁਰਨਾ ਜ਼ਰੂਰੀ ਐ ਤੇ ਵੱਧ ਤੋਂ ਵੱਧ ਪ੍ਰਤੀ ਘੰਟਾ ਸਪੀਡ ਚਾਰ ਮੀਲ ਐ।"

"ਇਹ ਤਾਂ ਗਲਤ ਗੱਲ ਐ। ਇਕ ਬੰਦਾ ਐਵੇਂ ਕਾਠ ਮਾਰਿਆ ਹੋਇਆ ਤੇ ਗੱਡੀ ਨਾਲੋਂ ਤਾਂ ਬੰਦਾ ਤੁਰ ਕੇ ਛੇਤੀ ਪਹੁੰਚ ਜਾਵੇ।"

"ਮੈਗੀ ਇਹ ਸਪੀਡ ਵੀ ਸਦਾ ਨਹੀਂ ਰਹਿਣੀ ਤੇ ਝੰਡੀ ਵਾਲੀ ਗੱਲ ਵੀ ਨੀ ਚੱਲਣੀ। ਜਦੋਂ ਮੋਟਰ ਕਾਰਾਂ ਤੇਜ਼ ਚੱਲਣ ਵਾਲੀਆਂ ਆ ਗਈਆਂ ਤਾਂ ਸਪੀਡ ਵੀ ਬਦਲ ਜਾਣੀ ਐ।" (1896 ਵਿਚ ਨਵੇਂ ਕਨੂੰਨ ਅਨੁਸਾਰ ਮੋਟਰ ਕਾਰਾਂ ਦੀ ਪ੍ਰਤੀ ਘੰਟਾ ਸਪੀਡ ਬਾਰਾਂ ਮੀਲ ਕਰ ਦਿੱਤੀ ਗਈ ਸੀ।)

"ਆਪਾਂ ਤਾਂ ਫੇਰ ਉਦੋਂ ਈ ਮੋਟਰ ਕਾਰ ਲਵਾਂਗੇ ਜਦੋਂ ਇਹ ਘੱਟੋ ਘੱਟ ਘੋੜਾ ਗੱਡੀਆਂ ਤੋਂ ਤਾਂ ਤੇਜ਼ ਚੱਲਣ ਵਾਲੀ ਹੋ ਗਈ।" ਕਹਿੰਦਿਆਂ ਮੈਗੀ ਉੱਠ ਖਲੋਈ ਤੇ ਉਸ ਨੇ ਆਪਣੇ ਜਾਣ ਦੀ ਮਜ਼ਬੂਰੀ ਦੱਸੀ। ਫਰੈਡ ਜਾਂਦੀ ਮੈਗੀ ਨੂੰ ਪਿਆਰ ਨਾਲ ਵੇਖਦਾ ਰਿਹਾ।

## 39

ਉੱਨੀਵੀਂ ਸਦੀ ਦਾ ਆਖ਼ਰੀ ਸੂਰਜ ਛਿਪ ਰਿਹਾ ਸੀ ਤੇ ਵੀਹਵੀਂ ਸਦੀ ਦਾ ਪਹਿਲਾ ਸੂਰਜ ਨਿਕਲਣ ਵਿਚ ਕੁਝ ਘੰਟੇ ਬਾਕੀ ਸਨ। ਕੁਝ ਲੋਕਾਂ ਲਈ ਤਾਂ ਇਹ ਇਕ ਆਮ ਵਰਤਾਰਾ ਸੀ। ਉਹਨਾਂ ਲਈ ਨਵੀਂ ਸਦੀ ਨੇ ਵੀ ਕੁਝ ਨਹੀਂ ਬਦਲਣਾ ਸੀ। ਕੁਝ ਕੁ ਲੰਡਨ ਦੇ ਪੜ੍ਹੇ-ਲਿਖੇ ਅਤੇ ਅਮੀਰ ਲੋਕਾਂ ਦੇ ਦਿਲਾਂ ਵਿਚ ਇਕ ਵੱਖਰਾ ਜਿਹਾ ਉਮਾਹ ਸੀ। ਮਜ਼ਦੂਰ ਲੋਕ ਆਪਣੇ ਕੰਮਾਂ ਅਤੇ ਫਿਕਰਾਂ ਵਿਚ ਉਲਝੇ ਇਹਨਾਂ ਘੰਟਿਆਂ ਨੂੰ ਵੀ ਆਮ

ਵਾਂਗ ਹੀ ਬਿਤਾ ਰਹੇ ਸਨ। ਉਹਨਾਂ ਨੂੰ ਪਤਾ ਸੀ ਨਵੀਂ ਸਦੀ ਜਾਂ ਨਵੇਂ ਸਾਲ ਨੇ ਵੀ ਉਹਨਾਂ ਨੂੰ ਖਾਸ ਨਵਾਂ ਨਹੀਂ ਦੇਣਾ।

ਮਲਕਾ ਵਿਕਟੋਰੀਆ ਯੂ ਕੇ ਦੀ ਸਭ ਤੋਂ ਲੰਬਾ ਸਮਾਂ ਗੱਦੀ 'ਤੇ ਰਹਿਣ ਵਾਲੀ ਰਾਣੀ ਬਣ ਗਈ ਸੀ। ਹੁਣ ਉਸ ਦੀ ਉਮਰ 80 ਸਾਲ ਹੋ ਗਈ ਸੀ ਤੇ ਉਹ ਹੁਣ ਕੋਈ ਖਾਸ ਸ਼ਾਹੀ ਡਿਊਟੀਆਂ ਨਹੀਂ ਸੀ ਨਿਭਾ ਰਹੀ। ਬ੍ਰਿਟੇਨ ਦੇ ਲੋਕ ਉਸ ਨੂੰ ਅਜੇ ਵੀ ਪਿਆਰ-ਸਤਿਕਾਰ ਦੇ ਰਹੇ ਸਨ। ਰਾਣੀ ਦਾ ਵੱਡਾ ਲੜਕਾ ਪ੍ਰਿੰਸ ਅਲਬਰਟ ਐਡਵਰਡ ਹੀ ਡਿਊਟੀਆਂ ਨਿਭਾਉਂਦਾ ਸੀ ਜਿਸ ਨੇ ਰਾਣੀ ਤੋਂ ਬਾਅਦ ਬ੍ਰਿਟੇਨ ਦਾ ਰਾਜਾ ਬਣਨਾ ਸੀ।

ਐਲਨ, ਜੈਨੀਫਰ, ਰੌਬਿਨ ਅਤੇ ਐਡਵੀਨਾ ਆਪਣੀ ਉਮਰ ਭੋਗ ਕੇ ਜਾ ਚੁੱਕੇ ਸਨ। ਜੇਮਜ਼ ਬੈਂਕ ਦਾ ਮੁੱਖ ਹਿੱਸੇਦਾਰ ਅਤੇ ਚੇਅਰਮੈਨ ਬਣ ਗਿਆ ਸੀ। ਉਹ ਰੌਬਿਨ ਵਾਲੇ ਘਰ ਵਿਚ ਰਹਿਣ ਲੱਗੇ ਸਨ। ਫਰੈਡ ਤੇ ਮੈਗੀ ਵਿਆਹ ਤੋਂ ਬਾਅਦ ਬਹੁਤ ਖੁਸ਼ ਸਨ। ਅਜੇ ਉਹਨਾਂ ਦੇ ਕੋਈ ਬੱਚਾ ਨਹੀਂ ਸੀ। ਫਰੈਡ ਜਨਾਨੀਆਂ ਲਈ ਵੋਟ ਦਾ ਹੱਕ ਲੈਣ ਵਾਲੀਆਂ ਔਰਤਾਂ ਦਾ ਵਕੀਲ ਸੀ ਤੇ ਕਿਸੇ ਤੋਂ ਕੋਈ ਫੀਸ ਨਹੀਂ ਸੀ ਲੈਂਦਾ।

ਵਿਲੀਅਮ ਦਾ ਕੰਮ ਵੀ ਚੰਗਾ ਚੱਲ ਪਿਆ ਸੀ। ਮੰਦਵਾੜੇ ਦੇ ਬੱਦਲ ਕੁਝ ਕੁ ਛਟ ਗਏ ਸਨ ਅਤੇ ਵਪਾਰੀਆਂ ਨੂੰ ਆਉਣ ਵਾਲਾ ਸਮਾਂ ਚੰਗਾ ਲੱਗ ਰਿਹਾ ਸੀ। ਸਕੌਟ ਦਾ ਕੰਮ ਤਾਂ ਵਧੀਆਂ ਸੀ ਪਰ ਆਪਣੀ ਪਤਨੀ ਨੂੰ ਉਸ ਨੇ ਤਲਾਕ ਦੇ ਦਿੱਤਾ ਸੀ। ਉਸ ਦੀ ਆਪਣੀ ਪਤਨੀ ਨਾਲ ਗੜਬੜ ਲਈ ਉਸ ਦਾ ਹੀ ਇਕ ਦੋਸਤ ਨਾਈਜਲ ਜ਼ਿੰਮੇਵਾਰ ਸੀ ਜਿਸ ਨੂੰ ਸਕੌਟ ਨੇ ਆਪਣੇ ਨਾਲ ਕੰਮ 'ਤੇ ਰੱਖਿਆ ਸੀ। ਸਕੌਟ ਦੀ ਪਤਨੀ ਦੇ ਉਸ ਨਾਲ ਸਬੰਧ ਬਣ ਗਏ ਸਨ ਤੇ ਸਕੌਟ ਨੇ ਉਹਨਾਂ ਨੂੰ ਰੰਗੇ ਹੱਥੀਂ ਫੜ ਲਿਆ ਸੀ।

ਜੇਮਜ਼ ਸਭ ਤੋਂ ਵੱਧ ਭੱਜ-ਨੱਠ ਵਿਚ ਰਹਿੰਦਾ ਸੀ। ਉਹ ਐਮ ਪੀ ਵੀ ਸੀ ਤੇ ਗੌਰਮਿੰਟ ਵਿਚ ਉਸ ਦੀ ਚੰਗੀ ਥਾਂ ਬਣੀ ਹੋਈ ਸੀ। ਬੈਂਕ ਦਾ ਕੰਮ ਹੁਣ ਬਹੁਤਾ ਕਰਿਸਟਲ ਵੇਖਦੀ ਸੀ ਫਿਰ ਵੀ ਜੇਮਜ਼ ਹਰ ਗੱਲ ਦਾ ਪਤਾ ਰਖਦਾ। ਨਵੇਂ ਸਾਲ ਤੇ ਨਵੀ ਸਦੀ ਦੀ ਸ਼ਾਮ ਨੂੰ ਉਸ ਨੇ ਆਪਣੇ ਘਰ ਵਿਚ ਆਪਣੇ ਖਾਸ ਦੋਸਤਾਂ ਤੇ ਰਿਸ਼ਤੇਦਾਰਾਂ ਦੀ ਪਾਰਟੀ ਰੱਖੀ ਸੀ। ਉਸ ਤੋਂ ਪਹਿਲਾਂ ਉਸ ਨੇ ਇਕ ਸਿਆਸੀ ਮੀਟਿੰਗ ਨੂੰ ਸੰਬੋਧਨ ਕਰਨਾ ਸੀ। ਉਸ ਤੋਂ ਬਾਅਦ ਹੀ ਉਸ ਨੇ ਘਰ ਪਹੁੰਚਣਾ ਸੀ। ਸਕੌਟ ਨੂੰ ਉਸ ਨੇ ਮਹਿਮਾਨਾਂ ਦੀ ਦੇਖ ਭਾਲ ਦੀ ਡਿਊਟੀ ਲਾ ਦਿੱਤੀ ਸੀ। ਕਰਿਸਟਲ ਨੇ ਤਾਂ ਘਰ ਹੁਣਾ ਹੀ ਸੀ। ਮਹਿਮਾਨ ਨੌਂ ਕੁ ਵਜੇ ਤੱਕ ਪਹੁੰਚ ਗਏ ਸਨ ਪਰ ਜੇਮਜ਼ ਦਸ ਵਜੇ ਆਪਣੀ ਨਵੀ 'ਡੇਮਲਰ' ਕੰਪਨੀ ਦੀ ਮੋਟਰਕਾਰ ਵਿਚ ਘਰ ਪਹੁੰਚਿਆ ਜਿਸ ਨੂੰ ਉਹ ਖੁਦ ਚਲਾ ਰਿਹਾ ਸੀ। ਲੰਡਨ ਵਿਚ ਮੋਟਰਕਾਰਾਂ ਕੁਝ ਕੁ ਲੋਕਾਂ ਕੋਲ ਹੀ ਸਨ ਅਤੇ ਜੇਮਜ਼ ਇਹ ਕਾਰ ਲੈ ਕੇ ਆਪਣੇ ਆਪ 'ਤੇ ਮਾਣ ਮਹਿਸੂਸ ਕਰ ਰਿਹਾ ਸੀ। ਇਸ ਕਾਰ ਦੇ ਪਹੀਏ ਪਤਲੇ ਪਤਲੇ ਅਤੇ ਛੋਟੇ ਸਨ। ਉਸ ਦੇ ਆਉਣ ਤੱਕ ਪਾਰਟੀ ਠੰਡੀ ਜਿਹੀ ਹੀ ਚੱਲ ਰਹੀ ਸੀ। ਉਸ ਦੇ ਆਉਣ ਦੀ ਦੇਰ ਸੀ ਖਾਣਾ ਟੇਬਲ 'ਤੇ ਲਗਾ ਦਿੱਤਾ ਗਿਆ ਤੇ ਮਹਿਮਾਨ ਕੁਰਸੀਆਂ ਤੇ ਸਜ ਗਏ। ਸਦਾ ਵਾਂਗ ਖਾਣੇ ਬਾਅਦ ਗੱਲਾਂ-ਬਾਤਾਂ ਅਤੇ ਸ਼ਰਾਬ ਦਾ ਦੌਰ ਸ਼ੁਰੂ ਹੋਣਾ ਸੀ।

ਖਾਣਾ ਖਾਣ ਬਾਅਦ ਜੇਮਜ਼ ਆਪਣੀ ਕੁਰਸੀ ਤੋਂ ਉੱਠਿਆ ਜਿਸ 'ਤੇ ਕਦੇ ਰੌਬਿਨ ਅਤੇ ਉਸ ਤੋਂ ਪਹਿਲਾਂ ਜੋਰਡਨ ਤੇ ਸਰ ਹੈਨਰੀ ਬੈਠਦੇ ਰਹੇ ਸਨ ਤੇ ਉਸ ਨੇ ਸਾਰਿਆਂ ਦਾ ਧੰਨਵਾਦ ਕੀਤਾ। ਆਪਣੀ ਗੱਲ ਉਸ ਨੇ ਤਾੜੀਆਂ ਦੇ ਸ਼ੋਰ ਵਿਚ ਵੀ ਜ਼ਾਰੀ ਰੱਖੀ।

"ਉਨੀਵੀਂ ਸਦੀ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ। ਇਸ ਸਦੀ ਨੇ ਬ੍ਰਿਟੇਨ ਨੂੰ ਬਹੁਤ ਅਮੀਰ ਕੀਤਾ ਹੈ ਤੇ ਦੁਨੀਆਂ ਵਿਚ ਬ੍ਰਿਟੇਨ ਨੂੰ ਬਹੁਤ ਮਾਣ ਮਿਲਿਆ ਹੈ। ਬੇਸ਼ਕ ਸਾਰੇ ਯੂਰਪ ਤੇ ਅਮਰੀਕਾ ਨੇ ਵੀ ਇੰਡਸਰਟੀ ਵਿਚ ਤਰੱਕੀ ਕੀਤੀ ਪਰ ਮੋਹਰੀ ਬ੍ਰਿਟੇਨ ਹੀ ਰਿਹਾ ਹੈ। ਦੂਸਰੇ ਦੇਸ਼ਾਂ ਦੇ ਵਪਾਰ ਵਿਚ ਆਉਣ ਨਾਲ ਬ੍ਰਿਟੇਨ ਨੂੰ ਆਪਣਾ ਉਤਪਾਦਨ ਵੇਚਣ ਵਿਚ ਬਹੁਤ ਜਦੋਜਹਿਦ ਵੀ ਕਰਨੀ ਪਈ।"

"ਆਉਣ ਵਾਲਾ ਸਮਾਂ ਹੋਰ ਵੀ ਔਖਾ ਹੋ ਸਕਦਾ ਹੈ। ਬ੍ਰਿਟੇਨ ਦੀਆਂ ਕਲੋਨੀਆਂ ਵਿਚ ਆਜ਼ਾਦੀ ਦੀ ਤਾਂਘ ਜਾਗ ਪਈ ਹੈ। ਰੂਸ ਵਿਚ ਜ਼ਾਰ ਦੇ ਵਿਰੁੱਧ ਸੋਸ਼ਲਿਸਟ ਖੜ੍ਹੇ ਹੋ ਰਹੇ ਹਨ। ਭਾਂਵੇਂ ਅਜੇ ਕੋਈ ਵੱਡਾ ਖਤਰਾ ਨਹੀ ਫਿਰ ਵੀ ਸਾਨੂੰ ਚੇਤਨ ਰਹਿਣ ਦੀ ਲੋੜ ਹੈ। ਇਸ ਦੇਸ਼ ਵਿਚ ਵੀ ਵੱਧ ਅਧਿਕਾਰਾਂ ਅਤੇ ਔਰਤਾਂ ਨੂੰ ਵੋਟ ਦੇ ਹੱਕ ਲਈ ਲਹਿਰਾਂ ਚੱਲ ਰਹੀਆਂ ਹਨ।" ਉਸ ਨੇ ਵਾਈਨ ਦਾ ਘੁੱਟ ਭਰਿਆ ਤੇ ਗੱਲ ਜਾਰੀ ਰੱਖੀ।

"ਸਭ ਤੋਂ ਵੱਡਾ ਖਤਰਾ ਯੂਰਪ ਵਿਚ ਅੰਦਰੇ ਅੰਦਰ ਮੰਡੀਆਂ ਲਈ ਸੁਲਗਦੀ ਅੱਗ ਹੈ। ਇਹ ਅੱਗ ਯੂਰਪ ਨੂੰ ਜੰਗ ਦੀ ਲਪੇਟ ਵਿਚ ਲੈ ਸਕਦੀ ਹੈ। ਅਜਿਹੀ ਹਾਲਤ ਵਿਚ ਬ੍ਰਿਟੇਨ ਦਾ ਮਾਲੀ ਅਤੇ ਜਾਨੀ ਨੁਕਸਾਨ ਅੰਦਾਜ਼ੇ ਤੋਂ ਵੱਧ ਹੋ ਸਕਦਾ ਹੈ। ਅੱਜ ਦੀ ਸਰਕਾਰ ਹਰ ਕੋਸ਼ਿਸ਼ ਕਰ ਰਹੀ ਹੈ ਕਿ ਜੰਗ ਨਾ ਹੋਵੇ-----।"

ਆਪਣੇ ਭਾਸ਼ਨ ਵਿਚ ਉਸ ਨੇ ਭਵਿੱਖ ਬਾਰੇ ਆਰਥਿਕ ਤੇ ਸਿਆਸੀ ਪੱਖ ਪੇਸ਼ ਕੀਤੇ ਜਿਹਨਾਂ ਨਾਲ ਬਹੁਤੇ ਮਹਿਮਾਨ ਫ਼ਿਕਰਮੰਦ ਵੀ ਹੋ ਗਏ।

''ਦੋਸਤੋ ਬਹੁਤਾ ਫ਼ਿਕਰਮੰਦ ਨਾ ਹੋਵੋ। ਜੇ ਜੰਗ ਲੱਗ ਵੀ ਜਾਂਦੀ ਹੈ ਤਾਂ ਜੰਗ ਵੀ ਸਾਡੇ ਲਈ ਪੈਸਾ ਕਮਾਉਣ ਦੇ ਨਵੇਂ ਮੌਕੇ ਪੈਦਾ ਕਰੇਗੀ। ਸਿਰਫ਼ ਉਹਨਾਂ ਮੌਕਿਆਂ ਨੂੰ ਅਸੀਂ ਸਾਂਭਣਾ ਹੋਵੇਗਾ--।''

ਜੇਮਜ਼ ਵੱਲ ਮੈਗੀ ਨੇ ਸਵਾਲੀਆਂ ਨਜ਼ਰਾਂ ਨਾਲ ਵੇਖਿਆ। ਉਹ ਉਸ ਨੂੰ ਸਵਾਲ ਕਰਨਾ ਚਾਹੁੰਦੀ ਸੀ ਪਰ ਉਸ ਨੇ ਚੁੱਪ ਰਹਿਣਾ ਹੀ ਬੇਹਤਰ ਸਮਝਿਆ। ਫਰੈਡ ਵੀ ਉਸ ਨਾਲ ਖੜ੍ਹਾ ਸੀ। ਉਹ ਵੀ ਹੁਣ ਕਾਫੀ ਸਿਆਸੀ ਮੁਹਾਰਤ ਹਾਸਲ ਕਰ ਚੁੱਕਿਆ ਸੀ।

ਰਾਤ ਦੇ ਬਾਰਾਂ ਵੱਜਣ ਵਿਚ ਦੋ ਕੁ ਮਿੰਟ ਰਹਿੰਦੇ ਸਨ। ਸਾਰੇ ਜਾਣੇ ਮਹਿਮਾਨ ਖਾਨੇ ਵਿਚ ਇਕੱਠੇ ਹੋ ਗਏ। ਘੜੀ ਦੀ ਸੂਈ ਜਿਵੇਂ ਜਿਵੇਂ ਬਾਰਾਂ ਦੇ ਹਿੰਦਸੇ ਵੱਲ ਸਰਕ ਰਹੀ ਸੀ ਸਾਰਿਆਂ ਦੇ ਚਿਹਰਿਆਂ 'ਤੇ ਰੌਣਕ ਅਤੇ ਉੱਤਸੁਕਤਾ ਵਧ ਰਹੀ ਸੀ। ਬਾਰਾਂ ਵੱਜੇ ਤੇ ਸਾਰਿਆਂ ਨੇ ਉੱਚੀ ਆਵਾਜ਼ ਵਿਚ 'ਨਵਾਂ ਸਾਲ ਅਤੇ ਨਵੀ ਸਦੀ' ਸਭ ਨੂੰ ਮੁਬਾਰਕ ਕਿਹਾ। ਸਾਰੇ ਇਕ ਦੂਜੇ ਨੂੰ ਜੱਫੀਆਂ ਪਾ ਕੇ ਵਧਾਈਆਂ ਦੇ ਰਹੇ ਸਨ ਅਤੇ ਇਕ ਦੂਜੇ ਨੂੰ ਚੁੰਮਣਾਂ ਨਾਲ ਖੁਸ਼ੀ ਦਾ ਇਜ਼ਹਾਰ ਕਰ ਰਹੇ ਸਨ। ਵਧਾਈਆਂ ਅਤੇ ਚੁੰਮਣਾਂ ਦੇ ਆਦਾਨ-ਪ੍ਰਦਾਨ ਤੋਂ ਬਾਅਦ ਸਾਰਿਆਂ ਨੇ ਨਵੇਂ ਸਾਲ ਦੀ ਖੁਸ਼ੀ ਵਿਚ ਪੈਗ ਪਾਏ ਅਤੇ ਗਲਾਸ ਉੱਚੇ ਕੀਤੇ। ਤਿੰਨ ਕੁ ਵਜੇ ਤੱਕ ਮਹੌਲ ਏਵੇਂ ਹੀ ਬਣਿਆ ਰਿਹਾ। ਉਸ ਵੇਲੇ ਮਹਿਮਾਨਾਂ ਨੇ ਘਰਾਂ ਨੂੰ ਜਾਣਾ ਸ਼ੁਰੂ ਕੀਤਾ ਤੇ ਚਾਰ ਕੁ ਵਜੇ ਤੱਕ ਰੌਬਿਨ ਅਤੇ ਕਰਿਸਟਲ ਆਪਣੇ ਸੌਣ ਕਮਰੇ ਵਿਚ ਚਲੇ ਗਏ।

------

ਫਰਵਰੀ ਦੇ ਮਹੀਨੇ ਇਕ ਦਿਨ ਅਖ਼ਬਾਰਾਂ ਦੀਆਂ ਮੋਟੀਆਂ ਸੁਰਖੀਆਂ ਨੇ ਸਭ ਦਾ ਧਿਆਨ ਖਿੱਚਿਆ ਹੋਇਆ ਸੀ-

'ਨਵੀਂ ਸਦੀ ਲਈ ਨਵੀਂ ਪਾਰਟੀ ਦਾ ਸੰਗਠਨ— ਲੇਬਰ ਰੀਪਰਸੈਂਟੇਸ਼ਨ ਕਮੇਟੀ'

'ਮਜ਼ਦੂਰਾਂ ਅਤੇ ਕਾਮਿਆਂ ਦੀ ਪਾਰਟੀ—ਲੇਬਰ ਪਾਰਟੀ'

ਹਰ ਅਖ਼ਬਾਰ ਨੇ ਲੇਬਰ ਪਾਰਟੀ ਦੇ ਜਨਮ ਸਬੰਧੀ ਵਿਸਥਾਰ ਨਾਲ ਲੇਖ ਲਿਖੇ ਅਤੇ ਸੰਪਾਦਕੀ ਵਿਚ ਨਵੀਂ ਪਾਰਟੀ ਬਾਰੇ ਆਪਣੇ ਆਪਣੇ ਵਿਚਾਰ ਦਿਤੇ। ਟੋਰੀਆਂ ਅਤੇ ਲਿਬਰਲ ਪਾਰਟੀ ਲਈ ਇਹ ਖ਼ਬਰ ਚਿੰਤਾਜਨਕ ਸੀ। ਨਵੀਂ ਪਾਰਟੀ ਦੀਆਂ ਕਿਉਂਕਿ ਮਜ਼ਦੂਰਾਂ ਦੀਆਂ ਜਥੇਬੰਦੀਆਂ ਅਤੇ ਟਰੇਡ ਯੂਨੀਅਨਾ ਵਿਚ ਜੜ੍ਹਾਂ ਸਨ ਅਤੇ ਉਸ ਦਾ ਬਹੁਤਾ ਆਧਾਰ ਇਹਨਾਂ ਲੋਕਾਂ ਵਿਚ ਹੀ ਸੀ। ਦੋਵੇਂ ਪੁਰਾਣੀਆਂ ਪਾਰਟੀਆਂ ਅੰਦਰੇ ਅੰਦਰ ਇਸ ਪਾਰਟੀ ਦੇ ਪੈਦਾ ਹੋਣ ਨਾਲ ਆਪਣੀ ਆਪਣੀ ਵੋਟ ਬੈਂਕ ਦੇ ਸੰਭਵ ਖੋਰੇ ਦੇ ਅੰਦਾਜ਼ੇ ਲਗਾ ਰਹੀਆਂ ਸਨ। ਜੇਮਜ਼ ਵਾਸਤੇ ਵੀ ਇਹ ਫਿਕਰਮੰਦੀ ਵਾਲੀ ਗੱਲ ਸੀ।

ਸਤੰਬਰ 1900 ਵਿਚ ਜਨਰਲ ਇਲੈਕਸ਼ਨ ਵਿਚ 'ਲੇਬਰ ਰੀਪਰਸੈਂਟੇਸ਼ਨ ਕਮੇਟੀ' ਜਿਹੜੀ ਬਾਅਦ ਵਿਚ ਲੇਬਰ ਪਾਰਟੀ ਦੇ ਨਾਂ ਨਾਲ ਜਾਣੀ ਜਾਣ ਲੱਗੀ, ਦੋ ਸੀਟਾਂ 'ਤੇ ਜਿੱਤ ਪ੍ਰਾਪਤ ਕਰ ਗਈ ਸੀ। ਪਾਰਟੀ ਬਣਨ ਦੇ ਕੁਝ ਮਹੀਨਿਆਂ ਵਿਚ ਹੀ ਅਜਿਹੀ ਸਫ਼ਲਤਾ ਉਹਨਾਂ ਲਈ ਬਹੁਤ ਉਤਸ਼ਾਹ ਵਾਲੀ ਗੱਲ ਸੀ। ਜੇਮਜ਼ ਵੀ ਐਮ ਪੀ ਚੁਣਿਆ ਗਿਆ ਸੀ ਅਤੇ ਉਹ ਹੁਣ ਹੋਰ ਵੀ ਰੁੱਝਾ ਰਹਿੰਦਾ ਸੀ।

-----

ਨਵੀਂ ਟੋਰੀਆਂ ਦੀ ਸਰਕਾਰ ਵਿਚ ਜੇਮਜ਼ ਨੂੰ ਚੀਫ-ਵਿੱਪ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਇਹਨਾਂ ਦਿਨਾਂ ਵਿਚ ਹੀ ਕੁਝ ਐਮ ਪੀ ਵਫਦ ਲੈ ਕੇ ਆਇਰਲੈਂਡ ਗਏ ਸਨ ਜਿਸ ਦੀ ਅਗਵਾਈ ਜੇਮਜ਼ ਕਰ ਰਿਹਾ ਸੀ। ਵਫਦ ਆਇਰਲੈਂਡ ਦੀ ਆਰਥਿਕ ਤਰੱਕੀ ਸਬੰਧੀ ਜਾਇਜ਼ਾ ਲੈਣ ਗਿਆ ਸੀ। ਜੇਮਜ਼ ਨੂੰ ਅਚਾਨਕ ਕਰਿਸਟਲ ਦਾ ਫੋਨ ਆਇਆ।

''ਜੇਮਜ਼ ਤੇਰਾ ਫੋਨ ਬਹੁਤ ਮੁਸ਼ਕਲ ਨਾਲ ਮਿਲਿਆ ਐ। ਮੈਂ ਤਾਂ ਦੋ ਤਿੰਨ ਘੰਟੇ ਤੋਂ ਕੋਸ਼ਿਸ਼ ਕਰ ਰਹੀ ਆਂ।'' ਕਰਿਸਟਲ ਦੀ ਆਵਾਜ਼ ਵਿਚ ਘਬਰਾਹਟ ਨੂੰ ਜੇਮਜ਼ ਨੇ ਮਹਿਸੂਸ ਕਰ ਲਿਆ ਸੀ ਤੇ ਉਸ ਨੂੰ ਵੀ ਫਿਕਰ ਹੋ ਗਿਆ।

''ਕਰਿਸਟਲ ਡਾਰਲਿੰਗ, ਅਰਾਮ ਨਾਲ ਗੱਲ ਦੱਸ ਕੀ ਐ?''

''ਤੂੰ ਜਲਦੀ ਵਾਪਿਸ ਆ। ਏਥੇ ਤਾਂ ਕਹਿਰ ਵਾਪਰ ਗਿਆ।'' ਕਰਿਸਟਲ ਦੀ ਆਵਾਜ਼ ਕੰਬ ਰਹੀ ਸੀ।

''ਤੂੰ ਗੱਲ ਤਾਂ ਦੱਸ।''

"ਸਕੌਟ ਨੂੰ ਪੁਲੀਸ ਨੇ ਨਾਈਜਲ ਦੇ ਕਤਲ ਦੇ ਇਲਜ਼ਾਮ ਵਿਚ ਫੜ ਲਿਆ ਐ। ਮੈਨੂੰ ਸਮਝ ਨਹੀਂ ਲਗਦੀ ਮੈਂ ਕੀ ਕਰਾਂ? ਮੈਂ ਸੋਲਿਸਟਰਾਂ ਨੂੰ ਤਾਂ ਸਾਰੀ ਗੱਲ ਦੱਸ ਦਿੱਤੀ ਐ--।" ਕਰਿਸਟਲ ਬੋਲ ਰਹੀ ਸੀ ਤੇ ਜੇਮਜ਼ ਜਿਵੇਂ ਸੁੰਨ ਹੋ ਗਿਆ ਸੀ।

"ਤੂੰ ਫਿਕਰ ਨਾ ਕਰ ਕਰਿਸਟਲ। ਸਕੌਟ ਕਤਲ ਨਹੀਂ ਕਰ ਸਕਦਾ। ਜ਼ਰੂਰ ਕੋਈ ਗਲਤ ਫਹਿਮੀ ਹੋਈ ਹੈ ਤੇ ਪੁਲੀਸ ਆਪਣੀ ਡਿਊਟੀ ਕਰ ਰਹੀ ਐ। ਮੈਂ ਵੇਖਦਾ ਕੀ ਕਰ ਸਕਦਾਂ।"

ਜੇਮਜ਼ ਨੇ ਕਰਿਸਟਲ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਭਾਵੇਂ ਉਸ ਦਾ ਆਪਣਾ ਮਨ ਬਹੁਤ ਅਸ਼ਾਂਤ ਸੀ।

ਜੇਮਜ਼ ਕਿਵੇਂ ਨਾ ਕਿਵੇਂ ਤੀਜੇ ਦਿਨ ਲੰਡਨ ਪਹੁੰਚ ਗਿਆ। ਉਸ ਨੇ ਸਕੌਟ ਬਾਰੇ ਪਤਾ ਕੀਤਾ। ਉਸ ਨੂੰ ਨਾਈਟਸਬਰਿਜ ਥਾਣੇ ਵਿਚ ਹੋਣ ਦੀ ਜਾਣਕਾਰੀ ਉਪਲਬਧ ਹੋ ਗਈ ਤੇ ਉਹ ਖੁਸ਼ ਹੋ ਗਿਆ। ਉਥੇ ਦਾ ਇਕ ਪੁਲੀਸ ਅਫ਼ਸਰ ਉਸ ਨਾਲ ਚੰਗੀ ਜਾਣ-ਪਛਾਣ ਵਾਲਾ ਸੀ। ਜੇਮਜ਼ ਆਪਣੀ ਮੋਟਰਕਾਰ ਵਿਚ ਨਾਈਟਸਬਰਿਜ ਨੂੰ ਚੱਲ ਪਿਆ।

ਥਾਣੇ ਅੱਗੇ ਕਾਰ ਖੜ੍ਹੀ ਕਰਕੇ ਉਹ ਅੰਦਰ ਚਲਾ ਗਿਆ। ਉਸ ਨੇ ਆਪਣੀ ਜਾਣ-ਪਛਾਣ ਦੇ ਕੇ ਹੈਡ ਕਾਂਸਟੇਬਲ ਨਾਲ ਮੀਟਿੰਗ ਲਈ ਬੇਨਤੀ ਕੀਤੀ। ਕੁਝ ਮਿੰਟਾਂ ਬਾਅਦ ਉਹ ਹੈਡ ਕਾਂਸਟੇਬਲ ਦੇ ਦਫ਼ਤਰ ਵਿਚ ਬੈਠਾ ਸੀ। ਉਸ ਨੇ ਕੁਝ ਕੁ ਏਧਰ ਉਧਰ ਦੀਆਂ ਗੱਲਾਂ ਕਰਕੇ ਅਸਲੀ ਗੱਲ ਕੀਤੀ।

"ਆਫੀਸਰ ਮੇਰੇ ਭਰਾ ਸਕੌਟ ਨੂੰ ਤੁਸੀਂ ਕਤਲ ਦੇ ਸ਼ੱਕ ਵਿਚ ਫੜਿਆ ਹੋਇਆ ਤੇ ਮੈਂ ਉਸ ਨਾਲ ਮੁਲਾਕਾਤ ਕਰਨੀ ਚਾਹੁੰਨਾ।"

"ਸਰ ਅਜਿਹਾ ਤਾਂ ਸੰਭਵ ਨਹੀਂ। ਪੁਲੀਸ ਕੇਸ ਦੀ ਜਾਂਚ ਕਰ ਰਹੀ ਐ ਤੇ ਕਿਸੇ ਨੂੰ ਮੁਲਾਕਾਤ ਦੀ ਇਜਾਜ਼ਤ ਨਹੀਂ ਮਿਲ ਸਕਦੀ।" ਆਫ਼ੀਸਰ ਨੇ ਸਿਰ ਮਾਰ ਦਿੱਤਾ।

"ਆਫ਼ੀਸਰ ਤੁਸੀਂ ਮੈਨੂੰ ਜਾਣਦੇ ਐਂ। ਮੈਂ ਕੋਈ ਸਾਧਾਰਣ ਆਦਮੀ ਨਹੀਂ ਆਂ। ਮੈ ਰੂਲਿੰਗ ਪਾਰਟੀ ਦਾ ਜਾਣਿਆ ਪਛਾਣਿਆ ਐਮ ਪੀ ਹਾਂ। ਮੈਂ ਉਮੀਦ ਕਰਦਾਂ ਮੈਨੂੰ ਆਪਣੇ ਭਰਾ ਨੂੰ ਮਿਲਣ ਦੀ ਆਗਿਆ ਦੇਣ ਵਿਚ ਤੁਸੀਂ ਕੋਈ ਢਿੱਲ ਨਹੀਂ ਕਰੋਗੇ।" ਜੇਮਜ਼ ਦਾ ਅੰਦਾਜ਼ ਕੁਝ ਖੁਰਦਰਾ ਸੀ ਭਾਵੇਂ ਉਸ ਨੇ ਨਰਮੀ ਦੀ ਪੁਸ਼ਾਕ ਵਿਚ ਕੱਜਣ ਦੀ ਕੋਸ਼ਿਸ਼ ਕੀਤੀ ਸੀ।

"ਨਹੀਂ ਅਸੰਭਵ ਹੈ—ਮੁਆਫ਼ ਕਰਨਾ।" ਕਹਿ ਕੇ ਆਫ਼ੀਸਰ ਅੰਦਰ ਚਲਾ ਗਿਆ।

ਜੇਮਜ਼ ਹੈਰਾਨ ਬੈਠਾ ਉਸ ਦੀ ਪਿੱਠ ਵੱਲ ਵੇਖਦਾ ਰਿਹਾ ਤੇ ਕੁਝ ਦੇਰ ਬਾਅਦ ਨਿਮੋਝੂਣਾ ਘਰ ਨੂੰ ਪਰਤ ਗਿਆ।

ਅਗਲੇ ਦਿਨ ਦੇ ਅਖ਼ਬਾਰਾਂ ਵਿਚ ਜੇਮਜ਼ ਦੇ ਪੁਲੀਸ ਆਫ਼ੀਸਰ ਨੂੰ ਧਮਕਾਉਣ ਦੀਆਂ ਖ਼ਬਰਾਂ ਸਨ। ਵਿਰੋਧੀ ਪਾਰਟੀਆਂ ਨੇ ਇਸ ਬਾਤ ਦਾ ਬਤੰਗੜ ਬਣਾਉਣ ਵਿਚ ਢਿੱਲ ਨਾ ਕੀਤੀ। ਜੇਮਜ਼ 'ਤੇ ਆਪਣੀ ਸਿਆਸੀ ਤਾਕਤ ਨੂੰ ਨਜਾਇਜ਼ ਵਰਤਣ ਦੇ ਦੋਸ਼ ਲੱਗ ਰਹੇ ਸਨ। ਉਸ ਦੀ ਆਪਣੀ ਪਾਰਟੀ ਦੇ ਕੁਝ ਐਮ ਪੀ ਵੀ ਉਸ ਦੇ ਖਿਲਾਫ਼ ਬੋਲ ਰਹੇ ਸਨ। ਕੁਝ ਐਮ ਪੀ ਉਸ ਤੋਂ ਅਸਤੀਫਾ ਮੰਗ ਰਹੇ ਸਨ।

ਸਕੌਟ ਨੂੰ ਬਚਾਉਣ ਗਿਆ ਜੇਮਜ਼ ਆਪ ਫਸ ਗਿਆ ਸੀ। ਘਰ ਬੈਠ ਕੇ ਜਦ ਕਰਿਸਟਲ ਨਾਲ ਗੱਲਾਂ ਕਰ ਰਿਹਾ ਸੀ ਤਾਂ ਉਸ ਨੂੰ ਆਪਣੀ ਕੀਤੀ ਬੇਵਕੂਫੀ 'ਤੇ ਯਕੀਨ ਨਾ ਆਇਆ। ਕੁਝ ਦਿਨਾਂ ਬਾਅਦ ਉਸ ਨੂੰ ਅਸਤੀਫਾ ਦੇਣਾ ਪਿਆ।

ਪੁਲੀਸ ਨੇ ਨਾਈਜਲ ਨੂੰ ਕਤਲ ਕਰਨ ਦੇ ਦੋਸ਼ ਵਿਚ ਸਕੌਟ ਨੂੰ ਚਾਰਜ ਕਰ ਲਿਆ ਸੀ।

## 40

ਸਕੌਟ ਨੇ ਕੰਮ ਵਧਾਉਣ ਨੂੰ ਖਿਆਲ ਵਿਚ ਰਖਦਿਆਂ ਔਰਤਾਂ ਦੇ ਜੁੱਤੇ ਯੂਰਪ ਅਤੇ ਏਸ਼ੀਆ ਦੀ ਮਾਰਕਿਟ ਵਿਚ ਭੇਜਣ ਬਾਰੇ ਸੋਚਿਆ। ਜਦ ਉਸ ਨੇ ਪੁੱਛ-ਪੜਤਾਲ ਕੀਤੀ ਤਾਂ ਉਸ ਨੂੰ ਨੌਰਥਹੈਂਪਟਨ ਸ਼ਹਿਰ ਵਿਚ ਜਾਣਾ ਪਿਆ। ਉਥੇ ਉਸ ਨੂੰ ਚੰਗੇ ਡੀਜ਼ਾਇਨ ਬਣਾਉਣ ਵਾਲੀ ਫੈਕਟਰੀ ਦੀ ਦੱਸ ਪਈ ਤੇ ਨਾਈਜਲ ਉਸ ਫੈਕਟਰੀ ਵਿਚ ਸੇਲਜ਼ ਮੈਨੇਜਰ ਵਜੋਂ ਕੰਮ ਕਰਦਾ ਸੀ।

ਪਹਿਲੀ ਮੁਲਕਾਤ ਵਿਚ ਹੀ ਸਕੌਟ ਨੂੰ ਔਰਤਾਂ ਦੇ ਜੁੱਤਿਆਂ ਦੇ ਫੈਸ਼ਨ ਅਤੇ ਡੀਜ਼ਾਈਨ ਬਾਰੇ ਨਾਈਜਲ ਕੋਲ ਵਸੀਹ ਗਿਆਨ ਦਾ ਭੰਡਾਰ ਹੋਣ ਦਾ ਅਹਿਸਾਸ ਹੋਇਆ। ਸਕੌਟ ਨੇ ਨਾਈਜਲ ਨੂੰ ਲੰਚ ਲਈ ਕਿਸੇ ਰੈਸਟੋਰੈਂਟ ਜਾਣ ਦਾ ਸੱਦਾ ਦਿੱਤਾ ਤੇ ਨਾਈਜਲ ਉਸ ਨਾਲ ਤੁਰ ਪਿਆ। ਗੱਲਾਂ-ਬਾਤਾਂ ਵਿਚ ਨਾਈਜਲ ਨੇ

ਆਪਣੇ ਫੈਕਟਰੀ ਦੇ ਮਾਲਕ ਬਾਰੇ ਬਹੁਤ ਸਾਰੀਆਂ ਸ਼ਕਾਇਤਾਂ ਦਾ ਜ਼ਿਕਰ ਵੀ ਕੀਤਾ। ਉਹਨਾਂ ਵਿਚੋਂ ਇਕ ਵੱਡੀ ਸ਼ਕਾਇਤ ਉਸ ਨੂੰ ਆਜ਼ਾਦੀ ਨਾਲ ਕੰਮ ਨਾ ਕਰਨ ਦੇਣ ਸੀ। ਨਾਈਜਲ ਸਮਝਦਾ ਸੀ ਉਹ ਫਰਮ ਨੂੰ ਹੋਰ ਵੀ ਮੁਨਾਫਾ ਕਮਾ ਕੇ ਦੇ ਸਕਦਾ ਸੀ ਜੇ ਉਸ ਨੂੰ ਆਪਣੇ ਢੰਗ ਨਾਲ ਕੰਮ ਕਰਨ ਦਿੱਤਾ ਜਾਵੇ। ਸਕੌਟ ਨੇ ਉਸ ਨੂੰ ਆਪਣੀ ਮਰਜ਼ੀ ਨਾਲ ਕੰਮ ਕਰਨ ਦੀ ਸ਼ਰਤ 'ਤੇ ਲੰਡਨ ਆਉਣ ਦਾ ਪ੍ਰਸਤਾਵ ਰੱਖਿਆ ਤਾਂ ਨਾਈਜਲ ਨੇ ਝੱਟ ਮੰਨ ਲਿਆ ਤੇ ਇਕ ਮਹੀਨੇ ਵਿਚ ਲੰਡਨ ਆ ਕੇ ਕੰਮ ਸੰਭਾਲਣ ਦਾ ਵਾਇਦਾ ਕਰ ਲਿਆ।

ਮਹੀਨੇ ਬਾਅਦ ਨਾਈਜਲ ਲੰਡਨ ਆ ਗਿਆ। ਸਕੌਟ ਨੇ ਉਸ ਨੂੰ ਲੰਡਨ ਵਿਚ ਘਰ ਦਾ ਪ੍ਰਬੰਧ ਕਰ ਦਿੱਤਾ ਅਤੇ ਕੰਮ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਕੁਝ ਮਹੀਨਿਆਂ ਵਿਚ ਹੀ ਨਾਈਜਲ ਨੇ ਨਵੇਂ ਕੰਮ ਨੂੰ ਪੈਰਾਂ ਸਿਰ ਕਰ ਦਿੱਤਾ। ਸਕੌਟ ਅਤੇ ਵਿਲੀਅਮ ਦੇ ਨਾਲ ਜੇਮਜ਼ ਵੀ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕਿਆ। ਸਕੌਟ ਦਾ ਨਾਈਜਲ ਨਾਲ ਖਾਸ ਦੋਸਤਾਨਾ ਬਣ ਗਿਆ ਤੇ ਉਹ ਨਾਈਜਲ ਨੂੰ ਆਪਣੇ ਘਰ ਵੀ ਕਦੇ-ਕਦਾਈਂ ਖਾਣੇ ਲਈ ਜਾਂ ਡਰਿੰਕ ਲਈ ਸੱਦ ਲੈਂਦਾ।

ਸਕੌਟ ਦੇ ਵਿਆਹ ਹੋਏ ਨੂੰ ਕਾਫੀ ਸਮਾਂ ਹੋ ਚੁੱਕਾ ਸੀ। ਪਰ ਅਜੇ ਤੱਕ ਉਹਨਾਂ ਦੇ ਕੋਈ ਬੱਚਾ ਨਹੀਂ ਸੀ ਹੋਇਆ। ਸਕੌਟ ਦੀ ਪਤਨੀ ਡੋਰੀਨ ਬਹੁਤ ਪ੍ਰੇਸ਼ਾਨ ਰਹਿੰਦੀ ਸੀ। ਉਹਨਾਂ ਨੇ ਜੋ ਵੀ ਸੰਭਵ ਸੀ ਡਾਕਟਰਾਂ ਤੇ ਹੋਰ ਮਾਹਰਾਂ ਦੀ ਰਾਇ ਲਈ। ਸਭ ਕੁਝ ਦੇ ਬਾਵਜੂਦ ਉਹਨਾਂ ਦੇ ਮਿਹਨਤ ਪੱਲੇ ਨਹੀ ਸੀ ਪਈ।

ਨਾਈਜਲ ਜਦ ਵੀ ਸਕੌਟ ਦੇ ਘਰ ਜਾਂਦਾ ਤਾਂ ਡੋਰੀਨ ਲਈ ਨਵੇਂ ਡੀਜਾਈਨ ਦੇ ਜੁੱਤੇ ਜ਼ਰੂਰ ਲੈ ਕੇ ਜਾਂਦਾ। ਹੌਲੀ ਹੌਲੀ ਡੋਰੀਨ ਕੋਲ ਜੁੱਤਿਆਂ ਦਾ ਵੱਡਾ ਭੰਡਾਰ ਇਕੱਠਾ ਹੋ ਗਿਆ ਸੀ ਤੇ ਉਸ ਵਰਗੇ ਡੀਜ਼ਾਈਨ ਕਿਸੇ ਹੋਰ ਕੋਲ ਨਹੀ ਸਨ। ਸਕੌਟ ਨੂੰ ਬਿਲਕੁਲ ਪਤਾ ਨਾ ਲੱਗਾ ਕਦੋਂ ਡੌਰੀਨ ਅਤੇ ਨਾਈਜਲ ਵਿਚ ਨੇੜਤਾ ਬਣ ਗਈ ਸੀ।

ਇਕ ਦਿਨ ਵਿਲੀਅਮ ਨੇ ਨਾਈਜਲ ਅਤੇ ਡੋਰੀਨ ਨੂੰ ਇਕ ਰੈਸਟੋਰੈਂਟ ਵਿਚ ਜਾਂਦਿਆਂ ਵੇਖ ਲਿਆ ਸੀ। ਉਹ ਇਕ ਦੂਜੇ ਦਾ ਹੱਥ ਫੜੀ ਰੁਮਾਂਟਿਕ ਹਾਲਤ ਵਿਚ ਤੁਰ ਰਹੇ ਸਨ। ਵਿਲੀਅਮ ਰੈਸਟੋਰੈਂਟ ਦੇ ਦਰਵਾਜ਼ੇ ਤੱਕ ਗਿਆ। ਉਸ ਵੇਲੇ ਨਾਈਜਲ, ਡੋਰੀਨ ਲਈ ਕੁਰਸੀ ਖਿੱਚ ਕੇ ਉਸ ਨੂੰ ਬੈਠਣ ਲਈ ਕਹਿ ਰਿਹਾ ਸੀ। ਡੋਰੀਨ ਦੇ ਚਿਹਰੇ 'ਤੇ ਚਮਕ ਅਤੇ ਰੁਮਾਂਟਿਕ ਮੁਸਕਰਾਹਟ ਸੀ। ਵਿਲੀਅਮ ਕੁਝ ਸੋਚਕੇ ਵਾਪਿਸ ਮੁੜ ਆਇਆ।

ਸਾਰੀ ਰਾਤ ਉਹ ਇਸ ਨਵੇਂ ਉਪਜੇ ਹਾਲਤ ਬਾਰੇ ਸੋਚਦਾ ਰਿਹਾ। ਜੇ ਉਹ ਸਕੌਟ ਨੂੰ ਸਪੱਸ਼ਟ ਗੱਲ ਦੱਸ ਦਿੰਦਾ ਤਾਂ ਉਹਨਾਂ ਦਾ ਘਰ ਟੁੱਟ ਜਾਣਾ ਸੀ। ਵਿਲੀਅਮ ਨੂੰ ਪਤਾ ਸੀ ਸਕੌਟ, ਡੋਰੀਨ ਨੂੰ ਬਹੁਤ ਪਿਆਰ ਕਰਦਾ ਸੀ। ਇਹ ਸਦਮਾ ਉਸ ਲਈ ਸਹਿਣਾ ਸੌਖਾ ਨਹੀਂ ਸੀ ਹੋਣਾ। ਜੇ ਉਹ ਡੋਰੀਨ ਨਾਲ ਗੱਲ ਕਰਦਾ ਤਾਂ ਡੋਰੀਨ ਸ਼ਾਇਦ ਉਸ 'ਤੇ ਹੀ ਝੂਠ ਬੋਲਣ ਦਾ ਇਲਜ਼ਾਮ ਲਗਾ ਸਕਦੀ ਸੀ। ਅਖ਼ੀਰ ਸੋਚਕੇ ਉਸ ਨੇ ਫੈਸਲਾ ਕਰ ਲਿਆ।

ਅਗਲੇ ਦਿਨ ਉਹ ਸਕੌਟ ਨੂੰ ਮਿਲਣ ਲਈ ਉਸ ਦੇ ਦਫ਼ਤਰ ਚਲਾ ਗਿਆ।

"---ਸਕੌਟ ਮੇਰੇ ਖਿਆਲ ਵਿਚ ਜੁੱਤਿਆਂ ਵਾਲਾ ਵੇਅਰ ਹਾਊਸ ਤੇ ਦਫ਼ਤਰ ਆਪਾਂ ਮਾਨਚੈਸਟਰ ਸ਼ਹਿਰ ਵਿਚ ਬਦਲ ਦੇਈਏ। ਉਥੋਂ ਸਮੁੰਦਰ ਦੇ ਰਾਹ ਮਾਲ ਬਾਹਰ ਭੇਜਣ ਵਿਚ ਸੌਖ ਰਹੇਗੀ ਤੇ ਸਸਤਾ ਵੀ ਪਵੇਗਾ----।" ਵਿਲੀਅਮ ਨੇ ਸੋਚੀ ਸਮਝੀ ਗੱਲ ਸਕੌਟ ਨਾਲ ਸਾਂਝੀ ਕੀਤੀ। ਸਕੌਟ ਸੋਚਣ ਲੱਗਾ।

"ਵਿਲੀਅਮ ਮੇਰੇ ਖਿਆਲ ਵਿਚ ਅਜਿਹਾ ਕਰਕੇ ਕੁਝ ਫ਼ਾਇਦਾ ਵੀ ਹੋਵੇਗਾ ਤੇ ਕੁਝ ਨੁਕਸਾਨ ਵੀ। ਹੁਣ ਕੰਮ ਆਪਣੀ ਨਜ਼ਰ ਹੇਠ ਐ। ਮਾਨਚੈਸਟਰ ਆਪਾਂ ਨੂੰ ਚੱਕਰ ਲਗਾਉਣੇ ਪਿਆ ਕਰਨਗੇ। ਨਾਈਜਲ ਵੀ ਸ਼ਾਇਦ ਮਾਨਚੈਸਟਰ ਸ਼ਿਫਟ ਨਾ ਹੋਣਾ ਚਾਹੇ। ਕੁਝ ਏਜੰਟ ਵੀ ਸ਼ਾਇਦ ਕੰਮ ਛੱਡ ਜਾਣ --।"

ਵਿਲੀਅਮ ਨੇ ਇਹਨਾਂ ਚੀਜ਼ਾਂ ਨੂੰ ਬਹੁਤਾ ਧਿਆਨ ਨਾਲ ਸੋਚਿਆ ਨਹੀਂ ਸੀ। ਉਸ ਦਾ ਮਕਸਦ ਤਾਂ ਨਾਈਜਲ ਨੂੰ ਲੰਡਨ ਤੋਂ ਬਾਹਰ ਭੇਜਣ ਦਾ ਸੀ। ਡੋਰੀਨ ਨਾਲ ਉਸ ਦੇ ਸਬੰਧ ਖਤਮ ਕਰਕੇ ਉਹ ਚੁੱਪ ਚਾਪ ਸਕੌਟ ਦੀ ਮਦਦ ਕਰਨਾ ਚਾਹੁੰਦਾ ਸੀ। ਸਕੌਟ ਦੀ ਦਲੀਲ ਨੂੰ ਕਾਟ ਕਰਨ ਲਈ ਉਸ ਕੋਲ ਕੋਈ ਦਲੀਲ ਨਹੀਂ ਸੀ। ਵਿਲੀਅਮ ਚੁੱਪ ਕਰ ਗਿਆ। ਉਸ ਤੋਂ ਬਾਅਦ ਵਿਲੀਅਮ ਨੇ ਨਾਈਜਲ ਨਾਲ ਬਹੁਤ ਘੱਟ ਹੀ ਬੋਲ-ਚਾਲ ਦਾ ਸਬੰਧ ਰੱਖਿਆ।

ਸਕੌਟ ਦਾ ਸੁਭਾਅ ਕੰਮ ਪ੍ਰਤੀ ਬਹੁਤ ਜ਼ਿੰਮੇਵਾਰੀ ਵਾਲਾ ਸੀ। ਉਹ ਨਾਸ਼ਤਾ ਕਰਕੇ ਕੰਮ 'ਤੇ ਜਾਂਦਾ ਤੇ ਸ਼ਾਮ ਨੂੰ ਵਾਪਿਸ ਆਉਂਦਾ। ਦਿਨ ਵੇਲੇ ਡੋਰੀਨ ਕੋਲ ਖਾਲੀ ਸਮਾਂ ਹੁੰਦਾ। ਉਹ ਨਾਈਜਲ ਨਾਲ ਲੋੜ ਅਨੁਸਾਰ ਮੇਲ-ਜੋਲ ਦਾ ਢੰਗ ਤਰੀਕਾ ਲੱਭ ਲੈਂਦੀ। ਕਦੀ ਉਹ ਬਾਹਰ ਚਲੇ ਜਾਂਦੇ ਤੇ ਕਦੀ ਘਰ ਵਿਚ ਹੀ ਰੰਗਰਲੀਆਂ

ਮਨਾ ਲੈਂਦੇ। ਨੌਕਰਾਂ ਨੂੰ ਡੋਰੀਨ ਦੋ ਚਾਰ ਘੰਟੇ ਲਈ ਛੁੱਟੀ ਦੇ ਦਿੰਦੀ ਜਾਂ ਉਹਨਾਂ ਨੂੰ ਬਾਹਰ ਅੰਦਰ ਦੇ ਕੰਮ ਕਰਨ ਲਈ ਭੇਜ ਦਿੰਦੀ।

ਇਕ ਦਿਨ ਸਕੌਟ ਨੂੰ ਤੇਜ਼ ਬੁਖਾਰ ਆ ਗਿਆ। ਉਹ ਡਾਕਟਰ ਤੋਂ ਦਵਾਈ ਲੈ ਕੇ ਘਰ ਆ ਗਿਆ। ਘਰ ਤੋਂ ਥੋੜਾ ਹਟਵੀਂ ਨਾਈਜਲ ਦੀ ਘੋੜਾ-ਗੱਡੀ ਖੜ੍ਹੀ ਵੇਖ ਕੇ ਉਸ ਨੂੰ ਹੈਰਾਨੀ ਹੋਈ। ਉਸ ਨੇ ਕੋਚਵਾਨ ਨੂੰ ਨਾਈਜਲ ਬਾਰੇ ਪੁੱਛਿਆ ਤਾਂ ਉਹ ਕੰਬਣ ਲੱਗਾ। ਸਕੌਟ ਦਾ ਸ਼ੱਕ ਆਪਣੇ ਘਰ ਦੀਆਂ ਕੰਧਾਂ ਅੰਦਰ ਵਾਪਰ ਰਹੇ ਕਿਸੇ ਜੁਰਮ ਵੱਲ ਚਲਾ ਗਿਆ। ਉਹ ਘਰ ਦੇ ਅੰਦਰ ਦਾਖਲ ਹੋਇਆ ਤੇ ਆਪਣੇ ਸੌਣ ਕਮਰੇ ਵੱਲ ਤੇਜ਼ੀ ਨਾਲ ਗਿਆ। ਉਸ ਨੇ ਨਾਈਜਲ ਅਤੇ ਡੋਰੀਨ ਨੂੰ ਜਿਹੋ ਜਿਹੀ ਹਾਲਤ ਵਿਚ ਵੇਖਿਆ, ਉਹ ਆਪੇ ਤੋਂ ਬਾਹਰ ਹੋ ਗਿਆ। ਉਹ ਨਾਈਜਲ ’ਤੇ ਝਪਟਿਆ ਪਰ ਨਾਈਜਲ ਦੌੜ ਗਿਆ। ਸਕੌਟ ਦਾ ਬਿਮਾਰ ਜਿਸਮ ਉਸ ਦਾ ਪਿੱਛਾ ਨਾ ਕਰ ਸਕਿਆ।

ਡੋਰੀਨ ਨੇ ਕਮਰਾ ਬੰਦ ਕਰ ਲਿਆ। ਉਹ ਡਰ ਨਾਲ ਕੰਬ ਰਹੀ ਸੀ। ਕੋਈ ਨੌਕਰ ਵੀ ਘਰ ਨਹੀਂ ਸੀ। ਸਕੌਟ ਅਜਿਹੀ ਹਾਲਤ ਵਿਚ ਕਿਹੋ ਜਿਹਾ ਸਲੂਕ ਕਰੇਗਾ, ਉਸ ਬਾਰੇ ਉਸ ਨੂੰ ਪੱਕਾ ਪਤਾ ਨਹੀਂ ਸੀ। ਉਹ ਕਮਰਾ ਬੰਦ ਕਰਕੇ ਆਪਣੇ ਆਪ ਨੂੰ ਸੁਰੱਖਿਅਤ ਸਮਝਦੀ ਸੀ।

ਸਕੌਟ ਲਈ ਇਹ ਜ਼ਿੰਦਗੀ ਦਾ ਸਭ ਤੋਂ ਵੱਡਾ ਸਦਮਾ ਸੀ। ਉਹ ਮਨੋ ਡੋਰੀਨ ਨੂੰ ਪਿਆਰ ਕਰਦਾ ਸੀ ਤੇ ਉਸ ਨੂੰ ਉਸ ’ਤੇ ਪੂਰਨ ਵਿਸ਼ਵਾਸ਼ ਸੀ। ਗੁੱਸੇ ਵਿਚ ਉਹ ਕੰਧਾਂ ਨੂੰ ਮੁੱਕੀਆਂ ਮਾਰ ਰਿਹਾ ਸੀ। ਉਹ ਪੌੜੀਆਂ ਕੋਲ ਖੜ੍ਹਾ ਉਪਰ ਕਮਰੇ ਵੱਲ ਨੂੰ ਵੇਖ ਰਿਹਾ ਸੀ ਜਿਥੇ ਡੋਰੀਨ ਨੇ ਆਪਣੇ ਆਪ ਨੂੰ ਬੰਦ ਕੀਤਾ ਹੋਇਆ ਸੀ। ਉਹ ਦੁਚਿੱਤੀ ਵਿਚ ਖੜ੍ਹਾ ਸੀ। ਇਕ ਮਨ ਕਰਦਾ ਸੀ ਉਹ ਉੱਪਰ ਜਾ ਕੇ ਡੋਰੀਨ ਦਾ ਸਾਹਮਣਾ ਕਰੇ ਅਤੇ ਉਸ ਨੂੰ ਕੀਤੇ ਦੀ ਖੁਦ ਸਜ਼ਾ ਦੇਵੇ। ਉਸ ਅੰਦਰ ਇਕ ਹੋਰ ਸਕੌਟ ਬੈਠਾ ਸੀ। ਉਹ ਸਕੌਟ ਕਹਿ ਰਿਹਾ ਸੀ ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਆਖ਼ਰ ਉਹਨਾਂ ਦੇ ਰਿਸ਼ਤੇ ਵਿਚ ਕਿਹੜੀ ਘਾਟ ਸੀ ਜੋ ਡੋਰੀਨ ਨੂੰ ਸਕੌਟ ਦੀਆਂ ਬਾਹਾਂ ਵਿਚ ਲੈ ਗਈ। ਕੁੱਟ ਮਾਰ ਤਾਂ ਸੌਖਾ ਕੰਮ ਸੀ। ਅਸਲੀਅਤ ਦੀ ਜੜ੍ਹ ਤੱਕ ਜਾਣਾ ਔਖਾ ਸੀ।

ਕੁਝ ਦੇਰ ਸਕੌਟ ਸਿਰ ਫੜੀ ਪੌੜੀਆਂ ਦੇ ਦੂਜੇ ਸਟੈਪ ’ਤੇ ਬੈਠਾ ਰਿਹਾ। ਕੁਝ ਦੇਰ ਬਾਅਦ ਬਟਲਰ ਆ ਗਿਆ। ਉਸ ਨੇ ਸਕੌਟ ਨੂੰ ਹੈਰਾਨੀ ਨਾਲ ਵੇਖਿਆ ਤਾਂ ਸਕੌਟ ਆਪਣੇ ਆਪ ਵਿਚ ਆਇਆ। ਉਹ ਚੁੱਪ ਚਾਪ ਘਰੋਂ ਬਾਹਰ ਆ ਗਿਆ। ਗੱਡੀ ਵਿਚ ਕੋਚਵਾਨ ਬੈਠਾ ਸੀ, ਉਸ ਵੱਲ ਬਿਨਾਂ ਧਿਆਨ ਦਿੱਤਿਆਂ ਉਹ ਤੁਰਦਾ ਗਿਆ ਤੇ ਮੁੱਖ ਸੜਕ ’ਤੇ ਆ ਗਿਆ। ਮੁੱਖ ਸੜਕ ’ਤੇ ਘੋੜਾ-ਗੱਡੀਆਂ, ਘੋੜਾ-ਬੱਸਾਂ, ਕੋਈ ਕੋਈ ਮੋਟਰਕਾਰ ਤੇ ਬਹੁਤ ਸਾਰੇ ਪੈਦਲ ਲੋਕਾਂ ਦਾ ਸਮੁੰਦਰ ਸੀ। ਸਕੌਟ ਕੁਝ ਦੇਰ ਖੜ੍ਹਾ ਰਿਹਾ। ਥੋੜੀ ਦੂਰ ਇਕ ਬੱਸ ਸਟਾਪ ਸੀ। ਉਹ ਬੱਸ ਸਟਾਪ ਕੋਲ ਚਲਾ ਗਿਆ। ਕੁਝ ਦੇਰ ਬਾਅਦ ਇਕ ਬੱਸ ਨੂੰ ਖਿੱਚਦੇ ਘੋੜੇ ਉਸ ਦੇ ਕੋਲ ਆ ਕੇ ਰੁੱਕੇ ਤਾਂ ਉਸ ਦਾ ਧਿਆਨ ਬੱਸ ਵੱਲ ਗਿਆ। ਪਤਾ ਨਹੀਂ ਕਿੰਨੇ ਸਾਲ ਹੋ ਗਏ ਸਨ ਉਸ ਨੇ ਕਦੇ ਬੱਸ ਵਿਚ ਸਫ਼ਰ ਨਹੀਂ ਸੀ ਕੀਤਾ। ਉਹ ਵੀ ਬਾਕੀ ਦੀਆਂ ਸਵਾਰੀਆਂ ਨਾਲ ਬੱਸ ਵਿਚ ਬੈਠ ਗਿਆ।

ਬੱਸ ਖਚਾਖਚ ਭਰੀ ਹੋਈ ਸੀ। ਉਸ ਨੇ ਕੰਡਕਟਰ ਨੂੰ ਪੈਸੇ ਫੜਾਏ ਤੇ ਪਾਰਲੀਮੈਂਟ ਸਕੁਐਰ ਦੀ ਟਿਕਟ ਲੈ ਲਈ। ਬੱਸ ਸਵਾਰੀਆਂ ਨੂੰ ਉਤਾਰਦੀ ਤੇ ਚੜ੍ਹਾਉਂਦੀ ਪਾਰਲੀਮੈਂਟ ਹਾਊਸ ਕੋਲ ਪਹੁੰਚ ਗਈ। ਸਕੌਟ ਬੱਸ ਵਿਚੋਂ ਉੱਤਰ ਕੇ ਪਾਰਲੀਮੈਂਟ ਹਾਊਸ ਵੱਲ ਵੇਖਣ ਲੱਗਾ। 1834 ਵਿਚ ਇਸ ਨੂੰ ਅੱਗ ਲੱਗ ਗਈ ਸੀ ਤੇ 1844 ਵਿਚ ਨਵੀਂ ਬਿਲਡਿੰਗ ਬਣਾਉਣ ਦਾ ਫੈਸਲਾ ਹੋਇਆ ਸੀ। ਸਕੌਟ ਸੋਚ ਰਿਹਾ ਸੀ ਪਾਰਲੀਮੈਂਟ ਹਾਊਸ ਤਾਂ ਫਿਰ ਬਣ ਗਿਆ ਸੀ ਤੇ ਪਹਿਲਾਂ ਨਾਲੋਂ ਵੀ ਸੁਹਣਾ। ਅੱਜ ਉਸ ਦੀ ਜ਼ਿੰਦਗੀ ਨੂੰ ਲੱਗੀ ਅੱਗ ਕਦੇ ਬੁਝ ਵੀ ਸਕੇਗੀ? ਕਦੇ ਇਹ ਝੁਲਸੀ ਹੋਈ ਜ਼ਿੰਦਗੀ ਪਾਰਲੀਮੈਂਟ ਹਾਊਸ ਵਾਂਗ ਫਿਰ ਤੋਂ ਮੁਸਕਰਾ ਸਕੇਗੀ? ਉਸ ਨੇ ਆਪਣਾ ਸਿਰ ਝਟਕਿਆ ਤੇ ਉਹ ਥੇਮਜ਼ ਵੱਲ ਨੂੰ ਚੱਲ ਪਿਆ।

‘ਬਿਗ ਬਿਨ’ ਨੂੰ ਉਸ ਨੇ ਵੇਖਿਆ। 10 ਅਪਰੈਲ 1858 ਨੂੰ ‘ਬਿਗ ਬੈਨ’ ਨੇ ਪਹਿਲੀ ਘੰਟੀ ਵਜਾਈ ਸੀ। ਪਲ ਕੁ ਲਈ ਉਹ ਸਭ ਭੁਲ-ਭੁਲਾ ਕੇ ਬਿਗ ਬੈਨ ਦੀਆਂ ਵਿਸ਼ਾਲ ਸੂਈਆਂ ਵੱਲ ਵੇਖਣ ਲੱਗਾ ਜੋ ਹਰ ਮਿੰਟ ਬਿਨਾਂ ਆਰਾਮ ਅੱਗੇ ਸਰਕ ਜਾਂਦੀਆਂ ਹਨ। ਸਕੌਟ ਨੂੰ ਖਿਆਲ ਆਇਆ ਬਿਗ ਬੈਨ ਦੀ ਮਹਾਨਤਾ ਇਸ ਵਿਚ ਹੈ ਕਿ ਇਹ ਹਰ ਸਮੇਂ ਹਰ ਮੌਸਮ ਵਿਚ ਚਲਦਾ ਹੀ ਰਹਿੰਦਾ ਹੈ। ਉਹ ਥੇਮਜ਼ ਰਿਵਰ ਵੱਲ ਨੂੰ ਚੱਲ ਪਿਆ ’ਤੇ ਬਿਗ ਬੈਨ ਵੱਲ ਪਿੱਠ ਕਰਕੇ ਥੇਮਜ਼ ਦੇ ਕੰਢੇ ਤੁਰਨ ਲੱਗਾ। ਬਹੁਤ ਸਾਰੇ ਲੋਕ ਤੁਰੇ ਜਾ ਰਹੇ ਸਨ। ਕੋਈ ਸੈਰ ਕਰ ਰਿਹਾ ਸੀ ਤੇ ਕੋਈ ਸ਼ਾਇਦ ਕਿਸੇ ਕੰਮ ਧੰਦੇ ਲਈ ਜਾ ਰਿਹਾ ਸੀ। ਸਕੌਟ ਸੋਚ ਰਿਹਾ ਸੀ ਆਖਰ ਉਹ ਕਿਥੇ ਜਾ ਰਿਹਾ ਸੀ ਤੇ ਕਿਉ? ਉਹ ਕੁਝ ਦੂਰ ਜਾ ਕੇ ਰੁਕ ਗਿਆ।

ਸ਼ਾਮ ਹੋ ਗਈ ਸੀ ਤੇ ਪਾਰਲੀਮੈਂਟ ਹਾਊਸ ਬਿਜਲੀ ਦੀਆਂ ਬੱਤੀਆਂ ਨਾਲ ਨਹਾ ਰਿਹਾ ਸੀ। ਸਕੌਟ ਨੇ ਇਕ ਘੋੜਾ-ਗੱਡੀ ਨੂੰ ਕਿਰਾਏ ’ਤੇ ਲਿਆ ਅਤੇ ਜੇਮਜ਼ ਦੇ ਘਰ ਦਾ ਪਤਾ ਦੇ ਕੇ ਚੱਲਣ ਲਈ ਕਿਹਾ। ਟਰਫਾਲਗਰ ਸਕੁਐਰ ਦੇ ਸਤੰਭ ਕੋਲ ਦੀ ਲੰਘ ਕੇ ਗੱਡੀ ਬੁਕਿੰਘਮ ਪੈਲਸ ਨੂੰ ਜਾਂਦੀ ਚੌੜੀ ਸੜਕ ’ਤੇ ਚੱਲਣ ਲੱਗੀ। ਸੜਕ ਦੇ ਦੋਵੇਂ ਪਾਸੀ ਘਾਹ ਦਾ ਮੈਦਾਨ ਸੁੰਦਰ ਲੱਗ ਰਿਹਾ ਸੀ। ਪੈਲਸ ਆਪਣੀ ਪੂਰੀ ਸ਼ਾਨ ਨਾਲ ਚਮਕ-ਦਮਕ ਰਿਹਾ ਸੀ। ਪੈਲਸ ਅਤੇ ਉਸ ਦੀ ਸੁੰਦਰਤਾ ਨੇ ਵੀ ਸਕੌਟ ਦੀ ਮਨੋ-ਅਵਸਥਾ ’ਤੇ ਕੋਈ ਅਸਰ ਨਾ ਪਾਇਆ। ਉਹ ਸਾਊਥ ਕੈਨਜ਼ਿੰਗਟਨ ਵਾਲੀ ਵੱਡੀ ਸੜਕ ’ਤੇ ਪਹੁੰਚ ਗਏ। ਘੋੜਾ ਗੱਡੀਆਂ ਦੀਆਂ ਲਾਲਟਣਾ ਤੇ ਲੈਂਪਾਂ ਦਾ ਚਾਨਣ ਪੈਦਲ ਚਲਦੇ ਲੋਕਾਂ ਦੇ ਮੂੰਹ ’ਤੇ ਪੈਂਦਾ ਤੇ ਲੋਕਾਂ ਦੇ ਮੂੰਹਾਂ ਦੀ ਪਛਾਣ ਵੀ ਹੋ ਜਾਂਦੀ। ਸਕੌਟ ਨੂੰ ਕੋਈ ਜਾਣਿਆ-ਪਛਾਣਿਆ ਚਿਹਰਾ ਨਹੀ ਸੀ ਦਿਸਿਆ।

ਸਕੌਟ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਗੱਡੀ ਹੈਨਰੀ ਹਾਊਸ ਅੱਗੇ ਜਾ ਰੁਕੀ। ਸਕੌਟ ਆਪਣੇ ਆਪ ਵਿਚ ਆਇਆ ਤੇ ਘਰ ਦੀ ਘੰਟੀ ਦੀ ਸੰਗਲੀ ਖਿੱਚ ਦਿੱਤੀ। ਡੋਰਮੈਨ ਨੇ ਦਰਵਾਜ਼ਾ ਖੋਲ੍ਹਿਆ ਅਤੇ ਮਾਮੂਲੀ ਜਿਹਾ ਸਿਰ ਝੁਕਾਉਂਦਿਆਂ ਦਰਵਾਜ਼ੇ ਦੇ ਇਕ ਪਾਸੇ ਹੋ ਗਿਆ। ਸਕੌਟ ਅੱਗੇ ਲੰਘ ਗਿਆ ਤੇ ਬਟਲਰ ਨੇ ਉਸ ਨੂੰ ਜੀ ਆਇਆਂ ਕਿਹਾ।

“ਜੇਮਜ਼ ਘਰ ਈ ਆ?” ਸਕੌਟ ਨੇ ਬੁਝੀ ਜਿਹੀ ਆਵਾਜ਼ ਵਿਚ ਮਾੜੀ ਜਿਹੀ ਖੁਸ਼ੀ ਭਰਨ ਦਾ ਨਿਸਫ਼ਲ ਯਤਨ ਕੀਤਾ।

“ਜੀ ਸਰ। ਉਹ ਮੈਡਮ ਨਾਲ ਸਟੱਡੀ ਵਿਚ ਬੈਠੇ ਹਨ।”

ਸਟੱਡੀ ਵਿਚ ਕਿਸੇ ਨੂੰ ਜਾਣ ਦੀ ਆਗਿਆ ਨਹੀਂ ਸੀ ਹੁੰਦੀ। ਬਹੁਤ ਖਾਸ ਸੁਨੇਹੇ ਲਈ ਸਿਰਫ ਬਟਲਰ ਹੀ ਸਟੱਡੀ ਦਾ ਦਰਵਾਜ਼ਾ ਖੜਕਾ ਸਕਦਾ ਸੀ। ਸਕੌਟ ਦੇ ਜ਼ਿਹਨ ਵਿਚ ਇਹ ਸਭ ਕੁਝ ਨਹੀਂ ਸੀ। ਬਟਲਰ ਉਸ ਨੂੰ ਸਟੱਡੀ ਵੱਲ ਜਾਦੇ ਨੂੰ ਵੇਖ ਰਿਹਾ ਸੀ ਪਰ ਉਸ ਨੂੰ ਰੋਕ ਨਹੀਂ ਸੀ ਸਕਦਾ। ਸਕੌਟ ਨੇ ਦਰਵਾਜ਼ਾ ਖੜਕਾਇਆ ਤੇ ਪਲ ਕੁ ਉਡੀਕ ਕੇ ਅੰਦਰ ਲੰਘ ਗਿਆ।

ਜੇਮਜ਼ ਤੇ ਕਰਿਸਟਲ ਰੁਮਾਂਟਿਕ ਮੂਡ ਵਿਚ ਬੈਠੇ ਗੱਲਾਂ ਕਰ ਰਹੇ ਸਨ। ਸਕੌਟ ਦੇ ਉੱਤਰੇ ਮੂੰਹ ਨੂੰ ਵੇਖ ਕੇ ਉਹ ਦੋਵੇਂ ਫਿਕਰਮੰਦੀ ਨਾਲ ਉਸ ਵੱਲ ਵੇਖਣ ਲੱਗੇ। ਜੇਮਜ਼ ਨੇ ਉੱਠ ਕੇ ਉਸ ਨਾਲ ਹੱਥ ਮਿਲਾਇਆ ਤੇ ਕਰਿਸਟਲ ਨੇ ਉਸ ਦੀ ਗੱਲ੍ਹ ’ਤੇ ‘ਜੀ ਆਇਆਂ’ ਕਹਿੰਦਾ ਚੁੰਮਣ ਦਿੱਤਾ। ਸਕੌਟ ਅਰਾਮ ਕੁਰਸੀ ਵਿਚ ਜਿਵੇਂ ਡਿੱਗ ਪਿਆ ਸੀ।

“ਸਕੌਟ ਤੂੰ ਠੀਕ ਤਾਂ ਹੈਂ?” ਜੇਮਜ਼ ਦੇ ਬੋਲਾਂ ਵਿਚ ਫ਼ਿਕਰ ਸੀ।

ਸਕੌਟ ਨੇ ਕੁਰਸੀ ਦੀ ਢੋਅ ’ਤੇ ਆਪਣਾ ਸਿਰ ਸੁੱਟਿਆ ਹੋਇਆ ਸੀ। ਉਸ ਦੀਆਂ ਅੱਖਾਂ ਬੰਦ ਸਨ। ਆਵਾਜ਼ ਉਸ ਦੇ ਕੰਨੀ ਪੈ ਰਹੀ ਸੀ। ਉਸ ਦਾ ਮਨ ਗੱਲ ਕਰਨ ਲਈ ਨਹੀਂ ਸੀ ਕਰਦਾ। ਉਸ ਨੇ ਸਿਰਫ ਆਪਣਾ ਸਿਰ ਖੱਬੇ ਸੱਜੇ ਹਿਲਾਇਆ। ਕਰਿਸਟਲ ਉੱਠ ਕੇ ਸਕੌਟ ਕੋਲ ਚਲੀ ਗਈ।

“ਸਕੌਟ—ਪਲੀਜ਼ ਗੱਲ ਦੱਸ ਕੀ ਐ?” ਕਰਿਸਟਲ ਦੀਆਂ ਉਂਗਲਾਂ ਸਕੌਟ ਦੇ ਵਾਲਾਂ ਵਿਚ ਫਿਰ ਰਹੀਆਂ ਉਸ ਨੂੰ ਚੰਗੀਆਂ ਲੱਗ ਰਹੀਆਂ ਸਨ। ਉਸ ਨੇ ਅੱਖਾਂ ਖੋਲ੍ਹੀਆਂ।

“ਡੋਰੀਨ ਤੇ ਨਾਈਜਲ------।” ਉਸ ਨੇ ਸਾਰੀ ਕਹਾਣੀ ਬਿਆਨ ਕਰ ਦਿੱਤੀ।

ਕਰਿਸਟਲ ਤੇ ਜੇਮਜ਼ ਇਕ ਦੂਜੇ ਵੱਲ ਵੇਖ ਰਹੇ ਸਨ ਜਿਵੇਂ ਪੁੱਛ ਰਹੇ ਹੋਣ ਕੀ ਇਹ ਗੱਲ ਸੱਚ ਹੋ ਸਕਦੀ ਹੈ?

ਕਰਿਸਟਲ ਕਮਰੇ ਵਿਚੋਂ ਬਾਹਰ ਨਿਕਲ ਗਈ। ਉਸ ਨੇ ਬਟਲਰ ਨੂੰ ਸਕੌਟ ਲਈ ਬਰਾਂਡੀ ਦਾ ਪੈਗ ਲਿਜਾਣ ਲਈ ਕਿਹਾ ਤੇ ਆਪ ਆਪਣੇ ਕਮਰੇ ਵਿਚ ਚਲੀ ਗਈ। ਉਸ ਨੇ ਸਕੌਟ ਦੇ ਘਰ ਦਾ ਨੰਬਰ ਘੁਮਾਇਆ ਤੇ ਰਸੀਵਰ ਕੰਨ ਨੂੰ ਲਾ ਕੇ ਬੇਸਬਰੀ ਨਾਲ ਜਵਾਬ ਉਡੀਕਣ ਲਗੀ। ਕੁਝ ਦੇਰ ਬਾਅਦ ਡੋਰੀਨ ਨੇ ਫੋਨ ’ਤੇ ਹੈਲੋ ਕਹੀ।

“ਡੋਰੀਨ ਤੂੰ ਠੀਕ ਐਂ ? ਸਕੌਟ ਐਥੇ ਆ।”

“ਮੈਨੂੰ ਬਹੁਤ ਅਫ਼ਸੋਸ ਐ ਕਰਿਸਟਲ।---ਇਹ ਸਭ ਪਤਾ ਨਹੀਂ ਕਿਵੇਂ ਹੋ ਗਿਆ?” ਕਹਿ ਕੇ ਉਹ ਡੁਸਕਣ ਲੱਗੀ।

“ਡੋਰੀਨ ਤੂੰ ਕੁਝ ਖਾ ਕੇ ਸੌਂ ਜਾਹ। ਅਸੀਂ ਸਕੌਟ ਨੂੰ ਅੱਜ ਐਥੇ ਰੱਖ ਲਵਾਂਗੇ। ਕੋਸ਼ਿਸ਼ ਕਰੋ ਜ਼ਿੰਦਗੀ ਫਿਰ ਤੋਂ ਆਮ ਵਾਂਗ ਹੋ ਜਾਵੇ---।”

ਉਸ ਰਾਤ ਸਕੌਟ ਉਥੇ ਹੀ ਰਿਹਾ ਤੇ ਅਗਲੇ ਦਿਨ ਕੰਮ 'ਤੇ ਵੀ ਉਥੋਂ ਹੀ ਚਲਾ ਗਿਆ। ਨਾਈਜਲ ਵਾਲੇ ਦਫ਼ਤਰ ਵਿਚ ਜਾ ਕੇ ਉਸ ਨੇ ਸਾਰਾ ਅਕਾਊਂਟ ਅਤੇ ਸਟੌਕ ਚੈਕ ਕਰਨ ਦਾ ਹੁਕਮ ਦਿਤਾ। ਨਾਈਜਲ ਨੇ ਤਾਂ ਆਉਣਾ ਹੀ ਕੀ ਸੀ। ਹੁਣ ਤੱਕ ਉਹ ਨਾਈਜਲ 'ਤੇ ਪੂਰਾ ਯਕੀਨ ਕਰਦਾ ਆਇਆ ਸੀ ਤੇ ਸਭ ਕੁਝ ਉਸ 'ਤੇ ਹੀ ਛੱਡੀ ਰੱਖਿਆ ਸੀ। ਸ਼ਾਮ ਤੱਕ ਉਸ ਨੂੰ ਰਿਪੋਰਟ ਪਹੁੰਚ ਗਈ। ਨਾਈਜਲ ਨੇ ਕਾਗਜ਼ਾਂ ਵਿਚ ਸਟੌਕ ਪੂਰਾ ਦਿਖਾਇਆ ਸੀ ਪਰ ਵੇਅਰ ਹਾਊਸ ਵਿਚ ਸਟੌਕ ਘੱਟ ਸੀ ਤੇ ਉਹ ਵੀ ਮਹਿੰਗੇ ਜੁੱਤਿਆਂ ਦਾ।

ਸਕੌਟ ਸ਼ਾਮ ਨੂੰ ਵਿਲੀਅਮ ਕੋਲ ਚਲਾ ਗਿਆ ਤੇ ਉਸ ਨੂੰ ਸਾਰੀ ਗੱਲ ਦੱਸੀ।

"ਸਕੌਟ ਮੈਂ ਤੈਨੂੰ ਇਸ਼ਾਰਾ ਤਾਂ ਕੀਤਾ ਸੀ ਪਰ ਤੂੰ ਮੰਨਿਆ ਨਹੀਂ। ਬੰਦਾ ਸਭ ਕੁਝ ਤਬਾਹ ਕਰ ਗਿਆ। ਹੁਣ ਕੀ ਕਰੀਏ?"

"ਇਹੋ ਤਾਂ ਮੈਂ ਤੈਨੂੰ ਪੁੱਛਣ ਆਇਆਂ--।" ਸਕੌਟ ਨਿਮੋਝੂਣਾ ਬੈਠਾ ਸੋਚ ਰਿਹਾ ਸੀ।

"ਪਹਿਲੀ ਗੱਲ ਤਾਂ ਜੇ ਸੰਭਵ ਐ ਤਾਂ ਡੋਰੀਨ ਨਾਲ ਸੁਲਾਹ-ਸਫ਼ਾਈ ਬਾਰੇ ਮਨ ਵਿਚ ਵਿਚਾਰ ਕਰ। ਜਿਥੋਂ ਤੱਕ ਨਾਈਜਲ ਦੀ ਗੱਲ ਐ ਉਸ ਦੀ ਚੋਰੀ ਬਾਰੇ ਪੁਲੀਸ ਨੂੰ ਰਿਪੋਰਟ ਕਰੀਏ ਤਾਂ ਚੰਗਾ ਹੈ।"

ਵਿਲੀਅਮ ਨੇ ਕੁਝ ਚਿਰ ਵਿਚਾਰ ਕਰਨ ਬਾਅਦ ਰਾਇ ਦਿੱਤੀ। ਕੁਝ ਦੇਰ ਬਾਅਦ ਸਕੌਟ ਨੇ ਉਸ ਤੋਂ ਛੁੱਟੀ ਲਈ ਤੇ ਗੱਡੀ ਵਿਚ ਆ ਬੈਠਾ। ਉਸ ਦੀ ਵੱਢੀ ਰੂਹ ਘਰ ਜਾਣ ਨੂੰ ਨਹੀਂ ਸੀ ਕਰਦੀ। ਡੋਰੀਨ ਦੇ ਮੱਥੇ ਲੱਗਣ ਨੂੰ ਵੀ ਮਨ ਨਹੀਂ ਸੀ ਮੰਨਦਾ। ਘਰ ਜਾਣ ਬਿਨਾਂ ਕੋਈ ਹੋਰ ਚਾਰਾ ਵੀ ਨਹੀਂ ਸੀ।

ਘਰ ਗਿਆ ਤਾਂ ਨੌਕਰ ਨੇ ਉਸ ਨੂੰ ਇਕ ਚਿੱਠੀ ਫੜਾਈ। ਚਿੱਠੀ ਡੋਰੀਨ ਦੀ ਸੀ।

ਹਾਇ ਸਕੌਟ,

ਜੋ ਕੁਝ ਵੀ ਹੋਇਆ ਮੈਨੂੰ ਉਸ ਦਾ ਬਹੁਤ ਅਫ਼ਸੋਸ ਹੈ। ਤੇਰਾ ਦਿਲ ਦਿਖਾਉਣ ਦਾ ਮੇਰਾ ਕੋਈ ਇਰਾਦਾ ਨਹੀਂ ਸੀ। ਤੇਰੇ ਦਿਲ ਦੁਖਾਉਣ ਲਈ ਮੁਆਫ਼ੀ ਚਾਹੁੰਦੀ ਹਾਂ। ਮੈਂ ਆਪਣਾ ਸਮਾਨ ਲੈ ਕੇ ਆਪਣੇ ਪੇਕੇ ਘਰ ਰਹਿਣ ਲਈ ਚੱਲੀ ਹਾਂ।

ਕ੍ਰਿਪਾ ਕਰਕੇ ਆਪਣਾ ਖਿਆਲ ਰੱਖਣਾ।

ਡੋਰੀਨ

ਚਿੱਠੀ ਪੜ੍ਹ ਕੇ ਸਕੌਟ ਨੂੰ ਮਿਲੀਆਂ-ਜੁਲੀਆਂ ਭਾਵਨਾਵਾਂ ਨੇ ਘੇਰ ਲਿਆ। ਇਕ ਪਾਸੇ ਡੋਰੀਨ ਦੇ ਮੱਥੇ ਲੱਗਣ ਤੋਂ ਬਚਾ ਹੋ ਗਿਆ ਸੀ। ਦੂਜੇ ਪਾਸੇ ਉਹ ਆਪਣੇ ਆਪ ਨੂੰ ਇਕੱਲਾ ਤੇ ਗੁਆਚਿਆ ਜਿਹਾ ਸਮਝ ਰਿਹਾ ਸੀ। ਉਸ ਦੇ ਮਨ ਵਿਚ ਸਵਾਲਾਂ-ਜਵਾਬਾਂ ਦਾ ਘਮਸਾਨ ਚੱਲ ਰਿਹਾ ਸੀ। ਡੋਰੀਨ ਵੱਲੋਂ ਚੁੱਕਿਆ ਕਦਮ ਉਸ ਨੂੰ ਪ੍ਰੇਸ਼ਾਨ ਵੀ ਕਰ ਰਿਹਾ ਸੀ। ਸ਼ਾਇਦ ਡੋਰੀਨ ਨਾਈਜਲ ਨਾਲ ਰਹਿਣ ਲਈ ਚਲੀ ਜਾਵੇ?

ਪੁਲੀਸ ਨਾਈਜਲ ਨੂੰ ਲੱਭ ਰਹੀ ਸੀ ਪਰ ਉਸਦਾ ਕੋਈ ਪਤਾ ਨਹੀਂ ਸੀ ਲੱਗਿਆ। ਹੌਲੀ ਹੌਲੀ ਗੱਲ ਠੰਡੀ ਹੁੰਦੀ ਗਈ। ਸਕੌਟ ਨੇ ਨਵਾਂ ਮੈਨੇਜਰ ਰੱਖ ਲਿਆ ਸੀ। ਹੁਣ ਉਹ ਸਮੇਂ ਸਮੇਂ ਆਪ ਵੀ ਧਿਆਨ ਦਿੰਦਾ ਰਹਿੰਦਾ ਸੀ।

ਕਦੀ ਕਦੀ ਉਹ ਡੋਰੀਨ ਨੂੰ ਵੀ ਮਿਲ ਲੈਂਦਾ। ਉਹਨਾਂ ਵਿਚ ਕੁਝ ਟੁੱਟ ਗਿਆ ਸੀ। ਅਸਲ ਵਿਚ ਕੁਝ ਮਰ ਗਿਆ ਸੀ ਜਿਸ ਨੂੰ ਸਜੀਵ ਕਰਨ ਦੀ ਕੋਸ਼ਿਸ਼ ਸਫ਼ਲ ਨਹੀਂ ਸੀ ਹੋ ਰਹੀ। ਪਿਆਰ ਦੀ ਚਿਣਗ 'ਤੇ ਪਾਣੀ ਦੇ ਛੱਟੇ ਪੈ ਗਏ ਸਨ ਤੇ ਉਹ ਸ਼ਾਇਦ ਪੱਕੀ ਤਰ੍ਹਾਂ ਬੁੱਝ ਗਈ ਸੀ। ਵੈਸੇ ਡੋਰੀਨ ਨੂੰ ਨਾਈਜਲ ਨੇ ਮਿਲਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਸੀ ਤੇ ਸਕੌਟ ਨੂੰ ਲਗਦਾ ਸੀ ਡੋਰੀਨ ਦਾ ਨਾਈਜਲ ਕੋਲ ਜਾਣ ਦਾ ਕੋਈ ਵਿਚਾਰ ਨਹੀਂ ਸੀ।

ਕੁਝ ਮਹੀਨਿਆ ਬਾਅਦ ਅਚਾਨਕ ਨਾਈਜਲ ਦਾ ਸਕੌਟ ਨੂੰ ਪੱਤਰ ਮਿਲਿਆ। ਉਸ ਨੇ ਸਕੌਟ ਤੋਂ ਮੁਆਫੀ ਮੰਗੀ ਸੀ ਤੇ ਉਸ ਨੂੰ ਮਿਲਣਾ ਚਾਹੁੰਦਾ ਸੀ। ਉਹ ਸਕੌਟ ਨਾਲ ਸਮਝੌਤਾ ਕਰਨ ਦਾ ਚਾਹਵਾਨ ਸੀ। ਉਸ ਨੇ ਬੇਨਤੀ ਕੀਤੀ ਸੀ ਕਿ ਉਸ ਨੂੰ ਮਿਲੇ ਬਗੈਰ ਸਕੌਟ ਪੁਲੀਸ ਨੂੰ ਉਸ ਦਾ ਐਡਰੈਸ ਨਾ ਦੱਸੇ ਜਿਹੜਾ ਉਸ ਨੇ ਚਿੱਠੀ ਵਿਚ ਲਿਖ ਦਿੱਤਾ ਸੀ। ਜੇ ਸਮਝੌਤਾ ਨਾ ਹੋ ਸਕਿਆ ਤਾਂ ਉਹ ਖ਼ੁਦ ਪੇਸ਼ ਹੋ ਜਾਵੇਗਾ।

ਸਕੌਟ ਕੁਝ ਦਿਨ ਸੋਚਦਾ ਰਿਹਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਨਾਈਜਲ ਆਖ਼ਰ ਚਾਹੁੰਦਾ ਕੀ ਸੀ? ਉਸ ਨੇ ਸਕੌਟ 'ਤੇ ਐਨਾ ਵਿਸ਼ਵਾਸ਼ ਕਿਵੇਂ ਕਰ ਲਿਆ ਸੀ? ਹੁਣ ਸਕੌਟ ਉਸ ਦਾ ਮਿੱਤਰ ਨਹੀਂ ਸੀ। ਸਕੌਟ ਪੁਲੀਸ ਨਾਲ ਸੰਪਰਕ ਕਰਨ ਸਬੰਧੀ ਵੀ ਦੁਚਿੱਤੀ ਵਿਚ ਸੀ।

ਅਚਾਨਕ ਇਕ ਦਿਨ ਪੁਲੀਸ ਨੇ ਉਸ ਨੂੰ ਆ ਘੇਰਿਆ ਤੇ ਉਸ ਦੇ ਦਫ਼ਤਰ ਦੀ ਤਲਾਸ਼ੀ ਲਈ। ਪੁਲੀਸ ਨੂੰ ਨਾਈਜਲ ਦਾ ਪੱਤਰ ਮਿਲ ਗਿਆ। ਪੁਲੀਸ ਸਕੌਟ ਨੂੰ ਪੁੱਛ-ਗਿੱਛ ਲਈ ਪੁਲੀਸ ਸਟੇਸ਼ਨ ਲੈ ਗਈ ਜਿਥੇ ਜਾ ਕੇ ਪੁਲੀਸ ਉਸ ਤੋਂ ਨਾਈਜਲ ਦੇ ਕਤਲ ਬਾਰੇ ਪੁੱਛ ਪੜਤਾਲ ਕਰਨ ਲੱਗੀ।

ਸਕੌਟ ਤੋਂ ਬਿਨਾਂ ਪੁਲੀਸ ਕੋਲ ਨਾਈਜਲ ਦੇ ਕਤਲ ਦਾ ਹੋਰ ਕਿਸੇ 'ਤੇ ਸ਼ੱਕ ਕਰਨ ਦਾ ਕੋਈ ਕਾਰਨ ਨਹੀ ਸੀ। ਪੁਲੀਸ ਨੇ ਇਸ ਨੂੰ ਜਾਤੀ ਦੁਸ਼ਮਣੀ ਤੇ ਰੰਜ ਦਾ ਰੂਪ ਦਿੱਤਾ ਸੀ। ਕੋਈ ਹੋਰ ਸੁਰਾਗ ਨਾ ਹੋਣ ਕਰਕੇ ਸ਼ੱਕ ਦੀ ਸੂਈ ਸਕੌਟ 'ਤੇ ਰੁਕ ਗਈ ਸੀ। ਪੁਲੀਸ ਕੋਲ ਕੋਈ ਪੁਖਤਾ ਸਬੂਤ ਨਹੀਂ ਸਨ। ਨਾਈਜਲ ਦੇ ਪੱਤਰ 'ਤੇ ਉਸ ਦਾ ਪਤਾ, ਤੇ ਪੁਲੀਸ ਤੋਂ ਪਤੱਰ ਦਾ ਲੁਕਾ ਰੱਖਣ ਦਾ ਕਾਰਨ ਨਾਈਜਲ ਨੂੰ ਸਕੌਟ ਵੱਲੋਂ ਕਤਲ ਕਰਨ ਦਾ ਸਬੂਤ ਸਮਝਿਆ ਗਿਆ।

ਕੋਰਟ ਵਿਚ ਕੇਸ ਗਿਆ ਤਾਂ ਸਕੌਟ ਨੂੰ ਬਰੀ ਕਰ ਦਿੱਤਾ ਗਿਆ।

ਜਿਸ ਦਿਨ ਕੋਰਟ ਵਿਚੋਂ ਸਕੌਟ ਬਰੀ ਹੋ ਕੇ ਆਇਆ ਉਸ ਦਿਨ ਹੀ (22 ਜਨਵਰੀ1901) ਮਹਾਂਰਾਣੀ ਵਿਕਟੋਰੀਆ ਦੀ ਮੌਤ ਹੋ ਗਈ ਸੀ। ਉਸ ਦੇ ਵੱਡੇ ਬੇਟੇ ਅਲਬਰਟ ਐਡਵਰਡ ਜਾਣੀ ਪ੍ਰਿੰਸ ਆਫ ਵੇਲਜ਼ ਨੂੰ ਗੱਦੀ 'ਤੇ ਬੈਠਾਇਆ ਗਿਆ।

## 41

ਫਰੈਡ ਤੇ ਮੈਗੀ ਨੇ ਅਮਰੀਕਾ ਛੁੱਟੀਆਂ ਕੱਟਣ ਦਾ ਪ੍ਰੋਗਰਾਮ ਬਣਾਇਆ। ਇਹ ਉਹਨਾਂ ਦੀਆਂ ਲੰਬੀਆਂ ਛੁੱਟੀਆਂ ਸਨ। ਉਹਨਾਂ ਨਾਲ ਅੱਠ ਕੁ ਸਾਲ ਦਾ ਔਲੀਵਰ ਵੀ ਸੀ।

ਕੁਝ ਮਹੀਨੇ ਪਹਿਲਾ ਉਹ ਇਕ ਨਿੱਘੀ ਸ਼ਾਮ ਨੂੰ ਸਥਾਨਕ ਮਾਰਕਿਟ ਵਿਚ ਘੁੰਮ ਰਹੇ ਸਨ। ਮੈਗੀ ਨੇ ਕੁਝ ਦੇਰ ਬੈਠਣ 'ਤੇ ਕੁਝ ਖਾਣ-ਪੀਣ ਦਾ ਪ੍ਰਸਤਾਵ ਰੱਖਿਆ ਤਾਂ ਫਰੈਡ ਝੱਟ ਇਕ ਰੈਸਟੋਰੈਂਟ ਦੇ ਬਾਹਰ ਰੱਖੀਆਂ ਕੁਰਸੀਆਂ 'ਤੇ ਬੈਠ ਗਿਆ। ਉਸ ਨੇ ਬੀਅਰ ਦਾ ਆਰਡਰ ਕਰ ਦਿੱਤਾ ਅਤੇ ਮੈਗੀ ਨੇ ਪਾਣੀ। ਅਚਾਨਕ ਉਹਨਾਂ ਤੋਂ ਕੁਝ ਦੂਰੀ 'ਤੇ ਬੈਠੇ ਦੋਂਹ ਬੰਦਿਆਂ ਵਿਚ ਲੜਾਈ ਹੋ ਗਈ। ਪਲਾਂ ਵਿਚ ਉਹਨਾਂ ਦੇ ਚਿਹਰੇ ਲਹੂ-ਲੁਹਾਣ ਹੋ ਗਏ। ਨੱਕ ਵਿਚੋਂ ਖ਼ੂਨ ਵਗਣ ਲੱਗਾ। ਲੜਾਈ ਦੇ ਕਾਰਨ ਦਾ ਕਿਸੇ ਨੂੰ ਕੁਝ ਪਤਾ ਨਹੀਂ ਸੀ। ਲੋਕ ਇਕੱਠੇ ਹੋ ਗਏ ਤੇ ਹਾਤ-ਹੂਤ ਕਰਦੇ ਸੁਆਦ ਲੈਣ ਲੱਗੇ।

ਉਹਨਾਂ ਵਿਚੋਂ ਇਕ ਨੇ ਦੂਸਰੇ ਨੂੰ ਧੱਕਾ ਮਾਰਿਆ ਤੇ ਉਹ ਕੁਝ ਕੁ ਦੂਰ ਖੜ੍ਹੇ ਇਕ ਮੁੰਡੇ ਵਿਚ ਵੱਜਿਆ। ਉਸ ਮੁੰਡੇ ਦਾ ਸਿਰ ਕੰਧ ਨਾਲ ਲੱਗਾ ਤੇ ਮੁੰਡਾ ਢਹਿ-ਢੇਰੀ ਹੋ ਗਿਆ। ਈਗੋ ਅਤੇ ਮੈਂ ਦੀ ਸ਼ਕਤੀ ਨੇ ਤਰਸ ਅਤੇ ਜ਼ਿੰਮੇਵਾਰੀ ਦੀ ਭਾਵਨਾਂ ਨੂੰ ਕਿਤੇ ਬਹੁਤ ਡੂੰਘਾ ਲਤਾੜ ਦਿੱਤਾ ਸੀ। ਉਹ ਮੁੰਡੇ ਦੀ ਹਾਲਤ ਤੋਂ ਬੇਫਿਕਰ ਲੜਦੇ ਰਹੇ ਤੇ ਲੋਕ ਵੀ ਮੁੰਡੇ ਦੀ ਦੇਖ-ਭਾਲ ਦੀ ਥਾਂ ਉਹਨਾਂ ਨੂੰ ਵੇਖਦੇ ਤੇ ਉਕਸਾਉਂਦੇ ਰਹੇ।

ਮੈਗੀ ਨੇ ਮੁੰਡੇ ਨੂੰ ਵੇਖਿਆ ਤੇ ਉਹ ਭੱਜ ਕੇ ਉਸ ਕੋਲ ਚਲੀ ਗਈ। ਫਰੈਡ ਵੀ ਉਸ ਪਿੱਛੇ ਹੀ ਸੀ। ਮੁੰਡੇ ਦੇ ਸਿਰ ਵਿਚੋਂ ਲਹੂ ਵਗ ਰਿਹਾ ਸੀ ਤੇ ਮੁੰਡਾ ਬੇਹੋਸ਼ ਸੀ। ਉਹਨਾਂ ਨੇ ਆਸੇ ਪਾਸੇ ਲੋਕਾਂ ਤੋਂ ਉਸ ਦੇ ਮਾਂ ਬਾਪ ਬਾਰੇ ਪੁੱਛਿਆ ਪਰ ਕੁਝ ਪਤਾ ਨਾ ਲੱਗਾ। ਉਹ ਇਕ ਦੁਕਾਨਦਾਰ ਨੂੰ ਆਪਣਾ ਪਤਾ ਦੇ ਕੇ ਬੱਚੇ ਨੂੰ ਡਾਕਟਰ ਕੋਲ ਲੈ ਗਏ। ਡਾਕਟਰ ਦੀ ਕੁਝ ਦੇਰ ਦੀ ਭੱਜ-ਨੱਠ ਬਾਅਦ ਮੁੰਡਾ ਹੋਸ਼ ਵਿਚ ਆ ਗਿਆ ਤੇ ਨਰਸ ਨੇ ਉਸ ਦੇ ਸਿਰ 'ਤੇ ਪੱਟੀ ਬੰਨ੍ਹ ਦਿੱਤੀ।

"ਬੱਚੇ ਤੇਰਾ ਨਾਂ ਕੀ ਐ?" ਮੈਗੀ ਨੇ ਮੁੰਡੇ ਦੇ ਮੱਥੇ 'ਤੇ ਹੱਥ ਫੇਰਦਿਆਂ ਪੁੱਛਿਆ। ਉਸ ਨੂੰ ਮੁੰਡਾ ਬਹੁਤ ਪਿਆਰਾ ਲੱਗ ਰਿਹਾ ਸੀ।

"ਪਤਾ ਨੀ ਸਾਰੇ ਮੈਨੂੰ ਔਲੀਵਰ ਈ ਕਹਿੰਦੇ ਐ।"

ਮੈਗੀ ਤੇ ਫਰੈਡ ਨੇ ਇਕ ਦੂਜੇ ਵੱਲ ਵੇਖਿਆ।

"ਤੇਰੇ ਮਾਂ ਪਿਓ---?"

"ਹੈ ਨੀ।"

"ਤੂੰ ਕਿਸ ਕੋਲ ਰਹਿਨਾਂ ਫੇਰ?"

"ਜਿਥੇ ਕਿਤੇ ਥਾਂ ਮਿਲ ਜੇ। ਮੈਂ ਅੰਕਲ ਕੋਲ ਰਹਿੰਦਾ ਸੀ ਉਹਨਾਂ ਨੇ ਮੈਨੂੰ ਘਰੋਂ ਕੱਢ 'ਤਾ।"

ਮੈਗੀ ਤੇ ਫਰੈਡ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਮੁੰਡਾ ਅਨਾਥ ਸੀ। ਉਸ ਦੇ ਕਿਸੇ ਰਿਸ਼ਤੇਦਾਰ ਨੇ ਉਸ ਦੀ ਦੇਖ-ਭਾਲ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ। ਬਹੁਤ ਸੰਭਵ ਆਰਥਿਕ ਤੰਗੀ-ਤੁਰਸ਼ੀ ਨੇ ਉਹਨਾਂ ਨੂੰ ਬੱਚੇ ਤੋਂ ਖਹਿੜਾ ਛੁਡਾਉਣਾ ਪਿਆ ਹੋਵੇਗਾ। ਉਸ ਦੇ ਪਾਏ ਹੋਏ ਕੱਪੜੇ ਵੀ ਉਸ ਦੇ ਮੇਚ ਦੇ ਨਹੀਂ ਸਨ ਤੇ ਪੈਰਾਂ ਵਿਚ ਬੂਟਾਂ ਦੇ ਦੋਵੇਂ ਪੈਰ ਵੱਖ-ਵੱਖ ਸਾਈਜ਼ ਤੇ ਰੰਗ ਦੇ ਸਨ।

ਬ੍ਰਿਟੇਨ ਦੀ ਗਰੀਬੀ ਦੀ ਹਾਲਤ ਏਨੀ ਤਰੱਕੀ ਬਾਅਦ ਵੀ ਨਹੀਂ ਬਦਲੀ ਸੀ। ਮਜ਼ਦੂਰ ਲੋਕਾਂ ਦੀ ਹਾਲਤ ਮਾੜੀ ਹੀ ਰਹੀ ਸੀ ਤੇ ਅਜੇ ਵੀ ਸੀ। ਬਿਮਾਰੀਆਂ ਨਾਲ ਲੋਕ ਇਕ ਸਦੀ ਪਹਿਲਾਂ ਵੀ ਲੜਦੇ ਹਾਰ ਜਾਂਦੇ ਸਨ ਤੇ ਅਜੇ ਵੀ ਹਾਰ ਰਹੇ ਸਨ। ਉਹਨਾਂ ਕੋਲ ਬਿਮਾਰੀਆਂ ਤੋਂ ਖਹਿੜਾ ਛੁਡਾਉਣ ਲਈ ਪੈਸੇ ਹੀ ਨਹੀਂ ਸਨ।

"ਫਰੈਡ ਹੁਣ ਕੀ ਕਰੀਏ? ਆਪਾਂ ਇਹਨੂੰ ਆਏਂ ਤਾਂ ਛੱਡ ਨੀ ਸਕਦੇ!"

"ਆਪਾਂ ਇਹਨੂੰ ਘਰ ਲੈ ਚਲਦੇ ਆਂ ਜਦੋਂ ਠੀਕ ਹੋ ਗਿਆ ਫੇਰ ਵੇਖੀ ਜਾਊ।" ਇਹੋ ਮੈਗੀ ਚਾਹੁੰਦੀ ਸੀ। ਉਹ ਔਲੀਵਰ ਨੂੰ ਲੈ ਕੇ ਘਰ ਚਲੇ ਗਏ।

ਅਗਲੇ ਦਿਨਾਂ ਵਿਚ ਚੰਗੀ ਖੁਰਾਕ ਅਤੇ ਦੇਖ-ਭਾਲ ਨਾਲ ਮੁੰਡਾ ਠੀਕ ਹੋ ਗਿਆ। ਉਸ ਨੂੰ ਆਪਣੇ ਮਾਪਿਆਂ ਦੇ ਘਰ ਜਾਂ ਅੰਕਲ ਬਾਰੇ ਉਸ ਨੂੰ ਕੁਝ ਯਾਦ ਨਹੀਂ ਸੀ। ਜਦ ਔਲੀਵਰ ਨੇ ਦੱਸਿਆ ਕਿ ਉਹ ਲੋਕਾਂ ਦੇ ਸੁੱਟੇ ਖਾਣੇ ਨੂੰ ਖਾ ਕੇ ਢਿੱਡ ਭਰਦਾ ਸੀ। ਬਹੁਤ ਵਾਰ ਖਾਣ ਨੂੰ ਕੁਝ ਮਿਲਦਾ ਵੀ ਨਹੀਂ ਸੀ। ਉਸ ਵਰਗੇ ਕਈ ਬੱਚੇ ਚੋਰੀਆਂ ਵੀ ਕਰਦੇ ਤੇ ਫੜੇ ਜਾਂਦੇ। ਉਹ ਵੀ ਕਦੀ ਉਹਨਾਂ ਨਾਲ ਰਲ ਜਾਂਦਾ। ਬਹੁਤ ਵਾਰ ਦੁਕਾਨਦਾਰਾਂ ਤੋਂ ਕੁੱਟ ਪੈ ਜਾਂਦੀ। ਮੈਗੀ ਤੇ ਫਰੈਡ ਬੇਸਹਾਰਾ ਬੱਚਿਆਂ ਦੀ ਜ਼ਿੰਦਗੀ ਤੋਂ ਅਣਜਾਣ ਨਹੀਂ ਸਨ।

ਉਹਨਾਂ ਨੇ ਔਲੀਵਰ ਲਈ ਨਵੇਂ ਕੱਪੜੇ ਤੇ ਜੁੱਤੇ ਖਰੀਦ ਦਿੱਤੇ। ਉਸ ਨੂੰ ਪੜ੍ਹਨ ਪਾ ਦਿੱਤਾ। ਕੁਝ ਮਹੀਨੇ ਲੰਘ ਗਏ। ਔਲੀਵਰ ਬਹੁਤ ਪਿਆਰਾ ਬੱਚਾ ਸੀ। ਉਹ ਉਹਨਾਂ ਨਾਲ ਹਿਲ-ਮਿਲ ਗਿਆ ਤੇ ਮੈਗੀ ਨੇ ਔਲੀਵਰ ਨੂੰ ਗੋਦ ਲੈਣ ਦਾ ਪ੍ਰਸਤਾਵ ਰੱਖਿਆ। ਫਰੈਡ ਖੁਸ਼ੀ-ਖੁਸ਼ੀ ਸਹਿਮਤ ਹੋ ਗਿਆ ਤੇ ਉਹਨਾਂ ਨੇ ਅਖ਼ਬਾਰ ਵਿਚ ਨੋਟਿਸ ਦੇ ਕੇ ਉਸ ਨੂੰ ਗੋਦ ਲੈ ਲਿਆ।

ਹੁਣ ਉਹ ਔਲੀਵਰ ਨੂੰ ਨਾਲ ਲੈ ਕੇ ਅਮਰੀਕਾ ਜਾ ਰਹੇ ਸਨ। ਇਥੇ ਹੀ ਉਹਨਾਂ ਨੇ ਖ਼ਬਰ ਸੁਣੀ ਕਿ 19 ਜਨਵਰੀ 1903 ਨੂੰ ਪਹਿਲੀ ਵਾਰ ਅਮਰੀਕਾ ਤੋਂ ਬ੍ਰਿਟੇਨ ਨੂੰ ਰੇਡੀਓ ਬਰਾਡਕਾਸਟ ਹੋਈ ਸੀ। ਇਹ ਖ਼ਬਰ ਵੀ ਸੁਣੀ ਕਿ 'ਰਾਈਟ ਭਰਾਵਾਂ' ਨੇ ਪਹਿਲੀ ਹਵਾਈ ਉਡਾਨ 17 ਦਸੰਬਰ 1903 ਨੂੰ ਅਮਰੀਕਾ (ਨੋਰਥ ਕੈਰੋਲੀਨਾ) ਵਿਚ ਭਰੀ। ਉਹਨਾਂ ਲਈ ਇਹ ਅਚੰਭਾ ਹੀ ਸੀ।

ਅਮਰੀਕਾ ਦਾ ਸਫ਼ਰ ਹੁਣ ਨਵੇਂ ਸਮੁੰਦਰੀ ਜਹਾਜ਼ਾਂ ਨਾਲ ਪਹਿਲਾਂ ਜਿੰਨੇ ਲੰਬੇ ਸਮੇਂ ਦਾ ਨਹੀਂ ਸੀ। ਨਵੇਂ ਸਟੀਮ-ਸ਼ਿਪ ਕਾਫੀ ਤੇਜ਼ ਚਲਦੇ ਸਨ ਤੇ ਉਹਨਾਂ ਵਿਚ ਬਣੇ ਕੈਬਿਨ ਵੀ ਅਰਾਮਦਾਇਕ ਤੇ ਖੁੱਲ੍ਹੇ ਸਨ। ਉਹ ਡੈਕ 'ਤੇ ਆ ਖੜ੍ਹਦੇ ਤੇ ਦੇਰ ਤੱਕ ਸਮੁੰਦਰ ਦੀ ਵਿਸ਼ਾਲਤਾ ਦਾ ਅਨੰਦ ਮਾਣਦੇ ਰਹਿੰਦੇ।

"ਫਰੈਡ, ਰੂਸ ਵਿਚ ( 1904) ਨਵੀਂ ਸੋਸ਼ਲਿਸਟ ਪਾਰਟੀ ਬਣੀ ਐ। ਮੈਨੂੰ ਸੋਸ਼ਲਿਜ਼ਮ ਬਾਰੇ ਬਹੁਤਾ ਗਿਆਨ ਤਾਂ ਨਹੀਂ। ਰੂਸ ਵਿਚ ਜ਼ਾਰਸ਼ਾਹੀ ਦਾ ਲੋਕਾਂ 'ਤੇ ਦਮਨ ਦਾ ਚੱਕਰ ਚਲਦਾ ਈ ਰਹਿੰਦਾ। ਮੈਨੂੰ ਲਗਦਾ ਸ਼ਾਇਦ ਸੋਸ਼ਲਿਸਟ ਉਸ ਨਾਲੋਂ ਤਾਂ ਚੰਗੇ ਹੀ ਹੋਣਗੇ।"

"ਮੈਗੀ ਉਹਨਾਂ ਦਾ ਸਫਲ ਹੋਣਾ ਬਹੁਤ ਮੁਸ਼ਕਲ ਐ। ਜ਼ਾਰ ਦੀ ਤਾਕਤ ਅੱਗੇ ਉਹਨਾਂ ਦਾ ਕੀ ਬਣਨਾ?"

"ਹੂੰ --- ਕੀ ਪਤੈ!"

"ਹੁਣ ਆਪਾਂ ਅਮਰੀਕਾ ਚੱਲੇ ਆਂ। ਉਥੇ ਵੀ ਮਿਸਟਰ ਫੋਰਡ ਨੇ ਨਵੀਂ ਕਾਰਾਂ ਦੀ ਫੈਕਟਰੀ (2004) ਲਾਈ ਐ। ਆਪਾਂ ਇਸ ਨਵੀਂ ਫੈਕਟਰੀ ਨੂੰ ਜ਼ਰੂਰ ਵੇਖਣਾ ਐ। ਅਖ਼ਬਾਰਾਂ ਵਿਚ ਆਇਆ ਉਹਦੀਆਂ ਕਾਰਾਂ ਦੀ ਕੀਮਤ ਬਾਕੀ ਕਾਰਾਂ ਨਾਲੋਂ ਮਸਾਂ ਤੀਜਾ ਹਿੱਸਾ ਐ।"(ਬਾਅਦ ਵਿਚ ਫੋਰਡ ਨੇ ਕਾਰਾਂ ਬਣਾਉਣ ਲਈ ਉਤਪਾਦਨ ਲਾਈਨ ਸਿਸਟਮ ਸ਼ੁਰੂ ਕੀਤਾ ਤਾਂ ਕਾਰਾਂ ਉਸ ਤੋਂ ਵੀ ਅੱਧੀ ਕੀਮਤ ਜਾਣੀ 400 ਡਾਲਰ ਦੀਆਂ ਰਹਿ ਗਈਆਂ ਸਨ)

"ਆਟੋਮੋਬਾਈਲ ਵਿਚ ਤਾਂ ਇਹਨੂੰ ਇਨਕਲਾਬ ਈ ਸਮਝਣਾ ਚਾਹੀਦਾ। ਪਤਾ ਨੀ ਦੁਨੀਆਂ ਵਿਚ ਹੋਰ ਕੀ ਕੁਝ ਹੋਣ ਵਾਲਾ ਐ।"

ਉਹ ਗੱਲਾਂ ਕਰਦੇ ਔਲੀਵਰ ਨੂੰ ਪਿਆਰ ਨਾਲ ਵੇਖਦੇ। ਫਰੈਡ ਉਸ ਨਾਲ ਖੇਡਦਾ। ਮੈਗੀ ਉਸ ਨੂੰ ਪੜ੍ਹਾਉਣ ਲਿਖਾਉਣ ਵਿਚ ਮਦਦ ਕਰਦੀ। ਅਜਿਹਾ ਸੁਹਿਰਦ ਵਾਤਾਵਰਣ ਔਲੀਵਰ ਨੂੰ ਪਹਿਲੀ ਵਾਰ ਮਿਲਿਆ ਸੀ। ਉਸ ਦਾ ਵਿਅੱਕਤੀਤਵ ਦਿਨੋ ਦਿਨ ਨਿਖਰ ਰਿਹਾ ਸੀ।

''ਔਲੀਵਰ ਵਰਗੇ ਹੋਰ ਵੀ ਕਿੰਨੇ ਬੱਚੇ ਐ ਜਿਹਨਾਂ ਨੂੰ ਮਦਦ ਦੀ ਲੋੜ ਐ। ਅਸਲ 'ਚ ਘਰ ਦੀ ਲੋੜ ਐ, ਪ੍ਰੀਵਾਰ ਦੀ ਲੋੜ ਐ।'' ਮੈਗੀ ਦੇ ਬੋਲ ਜਿਵੇਂ ਉਸ ਦੇ ਮਨ ਦੀਆਂ ਡੂੰਘਾਣਾ ਵਿਚੋਂ ਆ ਰਹੇ ਸਨ।
''ਹਾਂ ਮੈਗੀ-ਇਹ ਸ਼ਰਮ ਵਾਲੀ ਗੱਲ ਐ, ਐਨੈ ਬੱਚਿਆਂ ਦਾ ਬਚਪਨ ਰੁਲ ਰਿਹਾ ਤੇ ਬਹੁਤ ਸਾਰੇ ਉਹਨਾਂ ਵਿਚੋਂ ਅਪਰਾਧੀ ਲੋਕਾਂ ਦੇ ਚੁੰਗਲ ਵਿਚ ਫਸ ਕੇ ਅਪਰਾਧੀ ਬਣਨ ਵਲ ਜਾ ਰਹੇ ਐ। ਸਰਕਾਰ ਦਾ ਇਧਰ ਕੋਈ ਧਿਆਨ ਨਹੀਂ ਤੇ ਇਕ ਅਪਰਾਧੀ ਵਰਗ ਪੈਦਾ ਹੋ ਰਿਹਾ ਐ।'' ਫਰੈਡ ਵੀ ਗੰਭੀਰ ਸੀ।
''ਸਵਾਲ ਤਾਂ ਇਹ ਐ ਬਈ ਆਪਾਂ ਕਰ ਕੀ ਸਕਦੇ ਆਂ?''
''ਮੈਗੀ ਤੇਰੇ ਮਨ ਵਿਚ ਕੀ ਐ? ਸ਼ਾਇਦ ਤੂੰ ਅਨਾਥ ਆਸ਼ਰਮ ਖੋਲ੍ਹਣ ਬਾਰੇ ਸੋਚਦੀ ਹੋਵੇਂ!'' ਉਸ ਨੂੰ ਪਤਾ ਸੀ ਮੈਗੀ ਦੇ ਮਨ ਵਿਚ ਜ਼ਰੂਰ ਕੋਈ ਵਿਚਾਰ ਘਰ ਕਰ ਗਿਆ ਸੀ।
''ਨਹੀਂ, ਮੈਂ ਸੋਚਦੀ ਆਂ ਇਹਨਾਂ ਬੱਚਿਆਂ ਨੂੰ ਪ੍ਰੀਵਾਰ ਮਿਲਣੇ ਚਾਹੀਦੇ ਐ।''
''ਮੈਗੀ ਆਪਣੀ ਗੱਲ ਹੋਰ ਸੀ। ਕਿਸੇ ਬੱਚੇ ਨੂੰ ਭਲਾ ਬੱਚਿਆਂ ਵਾਲਾ ਪਰਿਵਾਰ ਕਿਉਂ ਅਪਣਾਊ? ਜੇ ਅਪਣਾ ਵੀ ਲਵੇ ਤਾਂ ਭਲਾ ਬੱਚੇ ਆਪਸ ਵਿਚ ਘੁਲ-ਮਿਲ ਜਾਣਗੇ? ਬਹੁਤ ਔਖਾ। ਮੇਰਾ ਨੀ ਖਿਆਲ ਇਹ ਸੰਭਵ ਹੋਵੇਗਾ?''
''ਨਹੀਂ ਮੇਰੇ ਖਿਆਲ ਵਿਚ ਕੁਝ ਕੁ ਜਾਣੇ-ਪਛਾਣੇ ਲੋਕਾਂ ਦੀ ਮਦਦ ਨਾਲ ਪਹਿਲਾਂ ਇਹਨਾਂ ਨੂੰ ਸਕੂਲਾਂ ਵਿਚ ਦਾਖਲ ਕਰਾਇਆ ਜਾਵੇ ਤੇ ਇਹਨਾਂ ਦਾ ਖਰਚ ਉਹ ਲੋਕ ਕਰਨ। ਛੁੱਟੀਆਂ ਵਿਚ ਇਹਨਾਂ ਨੂੰ ਉਹ ਆਪਣੇ ਘਰ ਵਿਚ ਕੁਝ ਸਮੇਂ ਲਈ ਰੱਖ ਲੈਣ ਜਾਂ ਕਿਤੇ ਛੁਟੀਆਂ ਕੱਟਣ ਲਈ ਲੈ ਜਾਣ। ਜਿਹੜੇ ਬੱਚੇ ਪਰਿਵਾਰ ਦੇ ਬੱਚਿਆਂ ਨਾਲ ਘੁੱਲ-ਮਿਲ ਜਾਣ ਉਹਨਾਂ ਨੂੰ ਘਰਾਂ ਵਿਚ ਥਾਂ ਮਿਲ ਜਾਵੇ ਬਾਕੀ ਪੜ੍ਹਾਈ ਤੋਂ ਬਾਅਦ ਕੰਮਾਂ 'ਤੇ ਲੱਗ ਜਾਣ।'' ਮੈਗੀ ਨੇ ਸੋਚੀ ਸਮਝੀ ਗੱਲ ਕਰ ਦਿੱਤੀ।
''ਮੇਰੇ ਖਿਆਲ ਵਿਚ ਮਸਲਾ ਗੰਭੀਰ ਵਿਚਾਰ-ਚਰਚਾ ਦੀ ਮੰਗ ਕਰਦਾ!'' ਫਰੈਡ ਦੇ ਗੱਲ ਪੂਰੀ ਮਨ ਨਹੀਂ ਲੱਗੀ ਸੀ।

-----

ਅਮਰੀਕਾ ਤੋਂ ਵਾਪਿਸ ਆਏ ਤਾਂ ਕਿਸੇ ਵਕੀਲ ਦਾ ਆਇਆ ਪੱਤਰ ਉਹਨਾਂ ਨੂੰ ਹੈਰਾਨ ਕਰ ਗਿਆ। ਉਸ ਵਿਚ ਔਲੀਵਰ ਦੇ ਕਿਸੇ 'ਅੰਕਲ' ਨੇ ਉਸ ਨੂੰ ਘਰ ਲਿਜਾਣ ਦੀ ਮੰਗ ਕੀਤੀ ਸੀ। ਫਰੈਡ ਨੇ ਸਮੱਸਿਆ ਬਾਰੇ ਗੰਭੀਰਤਾ ਨਾਲ ਸੋਚਿਆ। ਉਹ ਔਲੀਵਰ ਦੇ ਅੰਕਲ ਦੇ ਘਰ ਸਿੱਧਾ ਹੀ ਚਲਾ ਗਿਆ। ਇਹ ਬਹੁਤ ਛੋਟਾ ਜਿਹਾ ਤੇ ਗਰੀਬੀ ਮਾਰਿਆ ਘਰ ਸੀ। ਫਰੈਡ ਨੇ ਚਾਰੇ ਪਾਸੇ ਵੇਖਿਆ। ਉਸ ਲਈ ਇਕ ਪੁਰਾਣੀ ਤੇ ਟੁੱਟੀ ਜਿਹੀ ਕੁਰਸੀ ਬੰਦੇ ਨੇ ਹਾਜ਼ਰ ਕੀਤੀ।
''ਤਾਂ ਤੁਸੀਂ ਔਲੀਵਰ ਦੇ ਅੰਕਲ ਐਂ?''
''ਆਹੋ--।'' ਬੰਦਾ ਬੇਅਰਾਮ ਜਿਹਾ ਬੈਠਾ ਸੀ।
''ਕਿਸ ਰਿਸ਼ਤੇ 'ਚੋਂ?
''ਮੇਰੇ ਭਰਾ ਦਾ ਮੁੰਡਾ ਐ।''
''ਪਿਛਲੀ ਵਾਰ ਤੁਸੀਂ ਉਸ ਨੂੰ ਕਦੋਂ ਵੇਖਿਆ ਸੀ?'' ਫਰੈਡ ਇੰਝ ਸਵਾਲ ਕਰ ਰਿਹਾ ਸੀ ਜਿਵੇਂ ਅਦਾਲਤ ਵਿਚ ਖੜ੍ਹਾ ਹੋਵੇ।
''ਉਹ ਕੁਝ ਦੇਰ ਐਥੇ ਰਿਹਾ ਸੀ ਤੇ ਫੇਰ ਭੱਜ ਗਿਆ। ਸ਼ੈਤ ਦੋ ਕੁ ਸਾਲਾਂ ਦੀ ਗੱਲ ਹੋਊ।'' ਬੰਦੇ ਦਾ ਮਾੜਾ ਮੋਟਾ ਬਾਕੀ ਰਹਿੰਦਾ ਵਿਸ਼ਵਾਸ਼ ਵੀ ਕਿਰ ਰਿਹਾ ਸੀ।
''ਔਲੀਵਰ ਦੇ ਭੱਜਣ ਦੀ ਪੁਲੀਸ ਨੂੰ ਰਿਪੋਰਟ ਕੀਤੀ ਸੀ?''
''ਨਈਂ---।''
''ਹੁਣ ਫੇਰ ਉਸ ਦੀ ਕਿਵੇਂ ਯਾਦ ਆ ਗਈ?'' ਫਰੈਡ ਨੇ ਸਖ਼ਤ ਨਜ਼ਰਾਂ ਨਾਲ ਬੰਦੇ ਵੱਲ ਵੇਖਿਆ।
''ਆਵਦੇ ਖੂਨ ਨੂੰ ਕਿਸੇ ਦੇ ਘਰ ਨੀ ਛੱਡ ਸਕਦਾ ਮੈਂ।'' ਬੰਦਾ ਬੁੜਬੜਾਇਆ।
''ਬੱਚੇ ਨੂੰ ਚੋਰਾਂ ਬਦਮਾਸ਼ਾਂ, ਭੁੱਖ-ਨੰਗ, ਠੰਡ ਦੇ ਸਪੁਰਦ ਤਾਂ ਕਰ ਸਕਦਾਂ ਐਂ ਨਾ।''
ਬੰਦਾ ਚੁੱਪ ਸੀ। ਫਰੈਡ ਮਸਲੇ ਦੀ ਤਹਿ ਤੱਕ ਜਾਣਾ ਚਾਹੁੰਦਾ ਸੀ। ਆਖਰ ਬੰਦੇ ਨੇ ਹੁਣ ਉਸ ਨੂੰ ਵਕੀਲ ਰਾਹੀਂ ਕਿਉਂ ਪਹੁੰਚ ਕੀਤੀ ਸੀ?

"ਤੂੰ ਚਾਹੁੰਨਾ ਕੀ ਐਂ? ਔਲੀਵਰ ਨੂੰ ਤਾਂ ਅੱਗੇ ਵੀ ਨੀ ਰੱਖ ਸਕਿਆ ਤੇ ਹੁਣ ਵੀ ਤੇਰੀ ਹਾਲਤ ਕੋਈ ਬਹੁਤੀ ਚੰਗੀ ਨੀ ਲਗਦੀ।"

"ਸਰ ਤੁਸੀਂ ਅਮੀਰ ਆਦਮੀ ਐਂ। ਮੈਨੂੰ ਔਲੀਵਰ ਦੀ ਲੋੜ ਨੀ। ਮੈਂ ਬਹੁਤ ਗਰੀਬ ਆਦਮੀ ਆਂ। ਮੇਰੀ ਪਤਨੀ ਬਿਮਾਰ ਆ ਤੇ ਜੇ ਹੋ ਸਕੇ ਤੁਸੀਂ ਮੇਰੀ ਕੁਝ ਮਦਦ ਕਰ ਦੇਵੋ।" ਬੰਦੇ ਨੇ ਬੇਨਤੀ ਕੀਤੀ। ਉਸ ਦੀਆਂ ਅੱਖਾਂ ਵਿਚ ਅੱਥਰੂਆਂ ਨੇ ਫਰੈਡ ਨੂੰ ਭਾਵੁਕ ਕਰ ਦਿੱਤਾ ਸੀ।

"ਤੂੰ ਆਵਦੇ ਵਕੀਲ ਕੋਲ ਜਾਹ ਤੇ ਕੇਸ ਵਾਪਿਸ ਲੈ ਲੈ। ਵੈਸੇ ਵੀ ਅਦਾਲਤ ਵਿਚ ਤੇਰਾ ਕੇਸ ਤੇਰੇ ਚਾਰ ਪੈਸੇ ਹੀ ਬਰਬਾਦ ਕਰੂ।"

ਫਰੈਡ ਨੇ ਉਸ ਨੂੰ ਕੁਝ ਪੈਸੇ ਦੇ ਦਿੱਤੇ ਅਤੇ ਉਸ ਨੇ ਲਿਖਤੀ ਰੂਪ ਵਿਚ ਔਲੀਵਰ ਨੂੰ ਫਰੈਡ ਦਾ ਪੁੱਤਰ ਮੰਨ ਲਿਆ।

-----

ਮੈਗੀ ਬਹੁਤ ਦਿਲਚਸਪੀ ਨਾਲ ਆਪਣੇ ਦੋਸਤਾਂ ਅਤੇ ਸੁਹਿਰਦ ਲੋਕਾਂ ਨਾਲ ਇਸ ਸਮੱਸਿਆ ਬਾਰੇ ਗੱਲ ਕਰ ਰਹੀ ਸੀ। ਮਸਲੇ ਦੀ ਗੰਭੀਰਤਾ ਨੂੰ ਤਹਿ ਤੱਕ ਸਮਝਣ ਲਈ ਉਹ ਪੁਲੀਸ ਨਾਲ ਵੀ ਗੱਲ-ਬਾਤ ਕਰਦੀਆਂ। ਕੁਝ ਕੁ ਦਿਨਾਂ ਵਿਚ ਹੀ ਉਹਨਾਂ ਨੇ ਇਕ ਨਿੱਕੀ ਜਿਹੀ ਵਰਕਿੰਗ ਕਮੇਟੀ ਬਣਾ ਲਈ। ਬੱਚਿਆਂ ਨੂੰ ਕਿਵੇਂ ਸਾਂਭਿਆ ਜਾਵੇ? ਇਸ ਸਬੰਧੀ ਵੀ ਉਹਨਾਂ ਨੇ ਬਹੁਤ ਖੁੱਲ੍ਹ ਕੇ ਵਿਚਾਰ ਕੀਤੀ।

ਇਕ ਬਿਲਡਿੰਗ ਕਿਰਾਏ 'ਤੇ ਲੈ ਕੇ ਉਸ ਵਿਚ ਦੋ ਕੁ ਟੀਚਰ ਰੱਖ ਲਏ ਤੇ ਇਕ ਔਰਤ ਖਾਣਾ ਬਣਾਉਣ ਲਈ ਰੱਖ ਲਈ। ਟੀਚਰ ਦਿਨੇ ਬੱਚਿਆਂ ਨੂੰ ਪੜ੍ਹਾਉਂਦੇ। ਰਸੋਈਆ ਖਾਣਾ ਬਣਾ ਕੇ ਖਿਲਾ ਦਿੰਦਾ। ਰਾਤ ਨੂੰ ਬੱਚਿਆਂ ਦੇ ਸੌਣ ਦਾ ਪ੍ਰਬੰਧ ਵੀ ਉਥੇ ਹੀ ਕਰ ਦਿੱਤਾ। ਇੰਝ ਉਹ ਵੀਹ ਕੁ ਬੱਚਿਆਂ ਨੂੰ ਸੰਭਾਲ ਰਹੇ ਸਨ। ਪੁਲੀਸ ਦੀ ਮਦਦ ਨਾਲ ਅਤੇ ਕੁਝ ਬੱਚਿਆਂ ਦੇ ਵਰਤਾਅ ਨੂੰ ਸਮਝਦਿਆਂ ਉਨਾਂ ਨੇ ਸ਼ਰਾਰਤੀ ਤੇ ਖਰਾਬ ਕਰਨ ਵਾਲੇ ਬੱਚੇ ਸ਼ਾਮਲ ਨਾ ਕੀਤੇ। ਬਾਕੀ ਹੌਲੀ-ਹੌਲੀ ਸੈਟ ਹੋਣ ਲੱਗੇ।

ਹਰ ਸਾਲ ਉਹ ਕੁਝ ਬੱਚਿਆਂ ਨੂੰ ਵੱਡੇ ਸਕੂਲ ਭੇਜ ਦਿੰਦੇ ਤੇ ਨਵੇਂ ਬੱਚਿਆਂ ਨੂੰ ਸ਼ਾਮਲ ਕਰ ਲੈਂਦੇ। ਵੇਖੋ ਵੇਖ ਹੋਰ ਲੋਕ ਵੀ ਮਦਦ ਦੇਣ ਲੱਗੇ ਤੇ ਇਹ ਸੈਂਟਰ ਦਿਨੋ ਦਿਨ ਤਰੱਕੀ ਕਰਨ ਲੱਗਾ। ਮੈਗੀ ਕੋਲ ਹੁਣ ਰੁਝੇਵਾਂ ਸੀ ਤੇ ਰਹਿੰਦਾ-ਖੂੰਹਦਾ ਸਮਾਂ ਉਹ ਔਰਤਾਂ ਦੇ ਹੱਕਾਂ ਲਈ ਲੜਨ ਵਾਲੀ ਜਥੇਬੰਦੀ ਨਾਲ ਬਿਤਾਉਂਦੀ।

## 42

ਮਈ ਮਹੀਨੇ ਦੀ ਸੁਹਣੀ ਧੁਪੀਲੀ ਸਵੇਰ ਨੂੰ ਮੈਗੀ, ਫਰੈਡ ਤੇ ਔਲੀਵਰ ਬਗੀਚੇ ਵਿਚ ਬੈਠੇ ਨਾਸ਼ਤਾ ਕਰ ਰਹੇ ਸਨ। ਔਲੀਵਰ ਨੇ ਸਕੂਲ ਜਾਣਾ ਸੀ ਤੇ ਉਹ ਜਲਦੀ ਹੀ ਖਾਣਾ ਖਾ ਕੇ ਗੱਡੀ ਵਿਚ ਸਕੂਲ ਨੂੰ ਚਲਾ ਗਿਆ। ਫਰੈਡ ਨੇ ਵੀ ਹੁਣ ਮੋਟਰ ਕਾਰ ਲੈ ਲਈ ਸੀ। ਵੈਸੇ ਉਸ ਕੋਲ ਬੱਘੀ ਅਜੇ ਵੀ ਸੀ। ਬਹੁਤ ਸਾਰੇ ਅਮੀਰ ਲੋਕਾਂ ਕੋਲ ਹੁਣ ਮੋਟਰਕਾਰਾਂ ਵੀ ਸਨ ਤੇ ਬੱਘੀਆਂ ਵੀ। ਭਾਵੇਂ ਬੱਘੀਆਂ ਦੀ ਸੰਖਿਆ ਦਿਨੋ ਦਿਨ ਘਟ ਤੇ ਮੋਟਰ ਕਾਰਾਂ ਦੀ ਵਧ ਰਹੀ ਸੀ। ਮੋਟਰ ਕਾਰਾਂ ਵਿਚ ਨਵੇਂ ਮਾਡਲ ਆ ਰਹੇ ਸਨ। ਘੋੜਿਆਂ ਲਈ ਤਬੇਲਾ ਰੱਖਣ ਅਤੇ ਘੋੜੇ ਦੀ ਖਾਧ ਖੁਰਾਕ ਆਦਿ ਦਾ ਪੜਤਾ ਲਾਉਣ ਲੱਗੇ ਲੋਕ ਮੋਟਰ ਕਾਰਾਂ ਦੇ ਹੱਕ ਵਿਚ ਫੈਸਲਾ ਕਰ ਲੈਂਦੇ। ਮੋਟਰ ਕਾਰ ਨੂੰ ਤਾਂ ਚਾਅ ਨਾਲ ਹੀ ਅਮੀਰ ਬੰਦੇ ਆਪ ਚਲਾ ਲੈਂਦੇ ਸਨ। ਬੱਘੀਆਂ ਲਈ ਤਾਂ ਡਰਾਇਵਰ ਦੀ ਲੋੜ ਪੈਂਦੀ ਸੀ। ਔਲੀਵਰ ਨੂੰ ਫਰੈਡ ਦਾ ਡਰਾਇਵਰ ਮੋਟਰ ਕਾਰ ਵਿਚ ਸਕੂਲ ਛੱਡਣ ਜਾ ਰਿਹਾ ਸੀ ਤੇ ਫਰੈਡ ਕਾਰ ਨੂੰ ਮਾਣਮੱਤੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ।

"ਕੱਲ੍ਹ (12 ਮਈ 1905) ਲੰਡਨ ਵਿਚ ਤੁਹਾਡੇ ਵੱਲੋਂ ਕੱਢੇ ਗਏ ਜਲੂਸ ਦਾ ਸਾਰੀਆਂ ਅਖ਼ਬਾਰਾਂ ਵਿਚ ਲੰਬਾ ਚੌੜਾ ਜ਼ਿਕਰ ਐ।" ਫਰੈਡ ਨੇ ਅਖ਼ਬਾਰ ਦੇ ਸਫ਼ੇ ਪਲਟਦਿਆਂ ਮੈਗੀ ਨੂੰ ਕਿਹਾ।

"ਕੱਲ੍ਹ ਤਾਂ ਜਲੂਸ ਵਿਚ ਬਹੁਤ ਹੀ ਵੱਡੀ ਨਫਰੀ ਸ਼ਰੀਕ ਹੋਈ ਸੀ। ਸੜਕਾਂ ਔਰਤਾਂ ਨਾਲ ਭਰੀਆਂ ਪਈਆਂ ਸਨ। ਕੁਝ ਆਦਮੀ ਵੀ ਸ਼ਮਲ ਹੋਏ ਸਨ ਪਰ ਥੋੜੇ ਸਨ। ਅੱਧੀ ਸੜਕ ਔਰਤਾਂ ਨੇ ਜਲੂਸ ਲਈ ਰੱਖੀ ਹੋਈ ਸੀ ਤੇ ਬਾਕੀ ਦੀ ਅੱਧੀ ਸੜਕ 'ਤੇ ਟਰੈਫਿਕ ਚੱਲ ਰਿਹਾ ਸੀ।"

ਮੈਗੀ ਜਲੂਸ ਵਿਚ ਸ਼ਾਮਲ ਹੋਈ ਤੇ ਉਹ ਕੁਝ ਕੁ ਅਗਵਾਈ ਕਰਨ ਵਾਲੀਆਂ ਔਰਤਾਂ ਵਿਚੋਂ ਇਕ ਸੀ। ਐਮਲੀਨ ਪੈਂਕਹਰਸਟ ਨੇ ਪੰਜ ਹੋਰ ਔਰਤਾਂ ਨਾਲ ਮਿਲ ਕੇ 'ਵੋਮਨਜ ਸੋਸ਼ਲ ਤੇ ਪੁਲੀਟੀਕਲ ਯੂਨੀਅਨ' 10 ਅਕਤੂਬਰ 1903 ਨੂੰ ਬਣਾਈ ਸੀ। ਇਹਨਾਂ ਵਿਚੋਂ ਇਕ ਉਸ ਦੀ ਭੈਣ ਵੀ ਸੀ। ਇਸ ਜਲੂਸ ਦਾ ਪ੍ਰਬੰਧ ਉਸ ਸੰਸਥਾ ਵੱਲੋਂ ਹੀ ਕੀਤਾ ਗਿਆ ਸੀ।

ਐਮਲੀਨ ਦਾ ਜਨਮ ਤਾਂ ਮਾਨਚੈਸਟਰ ਵਿਚ ਹੋਇਆ ਸੀ। ਉਸ ਦੇ ਮਾਪੇ ਸਮਾਜਵਾਦੀ ਵਿਚਾਰਾਂ ਦੇ ਧਾਰਨੀ ਸਨ। ਉਹਨਾਂ ਨੇ ਪਹਿਲਾਂ ਤੋਂ ਹੀ ਐਮਲੀਨ ਅਤੇ ਬਾਕੀ ਬੱਚਿਆਂ ਨੂੰ ਆਪਣੇ ਵਿਚਾਰਾਂ ਤੋਂ ਜਾਣੂੰ ਕਰਵਾ ਦਿੱਤਾ ਸੀ। ਸਮੇਂ ਨਾਲ ਉਹ ਵੀ ਉਹੋ ਜਿਹੇ ਹੀ ਵਿਚਾਰਾਂ ਨੂੰ ਪ੍ਰਣਾਏ ਗਏ ਸਨ।

"ਫਰੈਡ, ਫੁਟਪਾਥ 'ਤੇ ਖੜ੍ਹੇ ਲੋਕ ਅਚੰਭੇ ਨਾਲ ਜਲੂਸ ਵੱਲ ਵੇਖ ਰਹੇ ਸਨ। ਭਾਵੇਂ ਔਰਤਾਂ ਵੱਲੋਂ ਆਪਣੇ ਲਈ ਵੋਟ ਦੇ ਹੱਕ ਲਈ ਸੰਘਰਸ਼ ਬਹੁਤ ਦੇਰ ਤੋਂ ਚੱਲ ਰਿਹਾ ਸੀ ਪਰ ਸਰਕਾਰ ਦੇ ਕੰਨਾਂ 'ਤੇ ਜੂੰ ਵੀ ਨਹੀਂ ਸਰਕੀ ਸੀ। ਔਰਤਾਂ ਦੀਆਂ ਲੀਡਰਾਂ ਨੂੰ ਪਤਾ ਸੀ ਸਰਕਾਰ ਨੇ ਆਦਮੀਆਂ ਨੂੰ ਵੀ ਵੋਟ ਦਾ ਹੱਕ ਕਿਸ਼ਤਾਂ ਵਿਚ ਹੀ ਦਿੱਤਾ ਸੀ। ਉਹਨਾਂ ਨੂੰ ਇਹ ਵੀ ਪਤਾ ਸੀ ਔਰਤਾਂ ਵੱਲੋਂ ਲੜਾਈ ਸਿਰਫ ਬ੍ਰਿਟੇਨ ਵਿਚ ਹੀ ਨਹੀਂ ਸਗੋਂ ਅਮਰੀਕਾ, ਆਸਰਟੇਲੀਆਂ 'ਤੇ ਹੋਰ ਯੂਰਪ ਦੇ ਦੇਸ਼ਾਂ ਵਿਚ ਵੀ ਲੜੀ ਜਾ ਰਹੀ ਸੀ।

"ਐਮਲੀਨ ਨੇ ਵੈਸਟ ਮਨਿਸਟਰ ਸਾਹਮਣੇ ਬਹੁਤ ਜੋਸ਼ ਨਾਲ ਭਾਸ਼ਣ ਦਿੱਤਾ ਸੀ। ਉਸ ਨੇ ਕਿਹਾ ਜੇ ਔਰਤਾਂ ਤੋਂ ਸਰਕਾਰ ਅਮੀਰਾਂ ਵਾਂਗ ਹੀ ਟੈਕਸ ਲੈਂਦੀ ਐ ਤਾਂ ਫੇਰ ਔਰਤਾਂ ਨੂੰ ਵੋਟ ਦਾ ਹੱਕ ਵੀ ਬਰਾਬਰ ਹੀ ਹੁਣਾ ਚਾਹੀਦਾ। ਜੇ ਔਰਤ ਮਰਦਾਂ ਵਾਂਗ ਵਾਧੂ ਸਮਾਂ ਫੈਕਟਰੀਆਂ ਵਿਚ ਕੰਮ ਕਰ ਸਕਦੀ ਐ ਤਾਂ ਫਿਰ ਵੋਟ ਕਿਉਂ ਨੀ ਪਾ ਸਕਦੀ? ਸਰਕਾਰ ਨੂੰ ਸਮਝ ਲੈਣਾ ਚਾਹੀਦਾ ਭਵਿੱਖ ਔਰਤਾਂ ਦਾ ਹੈ। ਅੱਜ ਦੀ ਔਰਤ ਵੋਟ ਦੇ ਹੱਕ ਲਈ ਲੜ ਰਹੀ ਐ। ਕੱਲ੍ਹ ਦੀ ਔਰਤ ਨੇ ਬਾਕੀ ਕੰਮਾਂ ਵਿਚ ਵੀ ਮਰਦਾਂ ਨੂੰ ਮਾਤ ਦੇਣੀ ਹੈ-----।"

"ਹਾਂ ਅਖ਼ਬਾਰ ਵਿਚ ਵੀ ਇਹੋ ਕੁਝ ਲਿਖਿਆ ਹੋਇਆ। ਕੁਝ ਲੋਕਾਂ ਨੇ ਐਮਲੀਨ ਨੂੰ ਬਹੁਤਾ ਪਸੰਦ ਨਹੀਂ ਕੀਤਾ।"

"ਫਰੈਡ, ਦਕੀਆਨੂਸੀ ਆਦਮੀ ਜਿਹੜੇ ਔਰਤ ਨੂੰ 'ਡੋਰ ਮੈਟ' ਬਣਾ ਕੇ ਰੱਖਣਾ ਚਾਹੁੰਦੇ ਐ ਤੇ ਗੁਲਾਮਾਂ ਵਾਂਗ ਉਸ ਨੂੰ ਵਾਹੁਣਾ ਚਾਹੁੰਦੇ ਐ ਉਹ ਭਲਾ ਐਮਲੀਨ ਨੂੰ ਕਿਵੇਂ ਪਸੰਦ ਕਰਨਗੇ? ਐਮਲੀਨ ਨੇ ਕਿਹਾ ਕਿ ਉਹ ਗੁਲਾਮ ਹੋਣ ਨਾਲੋਂ ਬਾਗੀ ਬਣਨ ਨੂੰ ਪਹਿਲ ਦੇਵੇਗੀ।"

"ਹਾਂ ਮੈਗੀ ਤੇ ਉਹਨੇ ਇਹ ਵੀ ਕਿਹਾ ਸਾਨੂੰ ਅਜੇ ਅੱਧੀ ਮਾਨਵਤਾ ਨੂੰ ਆਜ਼ਾਦ ਕਰਨ ਦੀ ਲੋੜ ਐ, ਜਾਣੀ ਔਰਤਾਂ ਨੂੰ, ਤਾਂ ਜੋ ਉਹ ਬਾਕੀਆਂ ਨੂੰ ਵੀ ਆਜ਼ਾਦ ਕਰਨ ਵਿਚ ਮਦਦ ਕਰ ਸਕਣ।"

"ਕੀ ਇਹ ਅਖ਼ਬਾਰ ਵਿਚ ਲਿਖਿਆ ਹੋਇਆ?"

"ਹਾਂ ਉਸ ਦੀ ਜ਼ਿੰਦਗੀ ਬਾਰੇ ਵੀ ਲਿਖਿਆ, ਉਸ ਨੇ ਆਪਣੀ ਉਮਰ ਤੋਂ ਵੀਹ ਸਾਲ ਵੱਡੇ ਵਕੀਲ ਨਾਲ ਵਿਆਹ ਕੀਤਾ ਜਿਸ ਨੇ ਐਮਲੀਨ ਦੇ ਸਮਾਜਿਕ ਕੰਮਾਂ ਵਿਚ ਉਸ ਦੀ ਮਦਦ ਕੀਤੀ। 1898 ਵਿਚ ਰਿਚਰਡ ਪੈਂਕਹਰਸਟ ਦੀ ਮੌਤ ਹੋ ਗਈ। ਉਸ ਦੀਆਂ ਧੀਆਂ ਕਰਿਸਟਾਬਲ ਤੇ ਸਿਲਵੀਆ ਵੀ ਉਹਦੇ ਨਾਲ ਹੀ ਅੰਦੋਲਨ ਵਿਚ ਕੰਮ ਕਰਦੀਆਂ।"

ਉਹ ਅਜੇ ਗੱਲਾਂ ਹੀ ਕਰ ਰਹੇ ਸਨ ਇਕ ਔਰਤ ਉਹਨਾਂ ਵੱਲ ਆਉਂਦੀ ਦਿਸੀ। ਉਹ ਵੇਖਣ ਨੂੰ ਕੋਈ ਘਰੇਲੂ ਨੌਕਰ ਲਗਦੀ ਸੀ।

------

ਫਰੈਡ 'ਤੇ ਮੈਗੀ ਹੈਰਾਨੀ ਜਿਹੀ ਨਾਲ ਔਰਤ ਵੱਲ ਵੇਖ ਰਹੇ ਸਨ। ਜਦ ਉਹ ਨੇੜੇ ਆਈ ਤਾਂ ਉਹਨਾਂ ਨੇ ਉਸ ਨੂੰ ਪਛਾਣ ਲਿਆ ਸੀ। ਉਹ ਸਕੌਟ ਦੀ ਪਤਨੀ ਡੋਰੀਨ ਦੇ ਮਾਪਿਆਂ ਦੇ ਘਰ ਦਾ ਸਾਰਾ ਕੰਮ ਕਰਨ ਵਾਲੀ ਨੌਕਰ ਸੀ। ਮੈਗੀ ਨੇ ਕੋਲ ਪਏ ਸਟੂਲ 'ਤੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ। ਅਸਲ ਵਿਚ ਉਹ ਉਸ ਔਰਤ ਦਾ ਨਾਂ ਯਾਦ ਕਰਨ ਦੀ ਕੋਸ਼ਿਸ਼ ਕਰ ਰਹੀ ਸੀ।

"ਮੁਆਫ ਕਰਨਾ ਮੈਂ ਤੇਰਾ ਨਾਂ ਭੁੱਲ ਗਈ।" ਮੈਗੀ ਨੇ ਪੁੱਛਿਆ।

"ਮੈਂ ਲਿਜ਼ਾ—ਡੋਰੀਨ ਦੇ ਮਾਪਿਆਂ ਦੀ ਘਰੇਲੂ ਨੌਕਰ।"

"ਹਾਂ ਦੱਸ ਕਿਵੇਂ ਆਈ ਐਂ?"

"ਮੈਡਮ ਮੈਂ ਮਾਲਕਾਂ ਤੋਂ ਕੱਲ੍ਹ ਦੀ ਛੁੱਟੀ ਲਈ ਸੀ। ਮੈਂ ਮੁਜ਼ਾਹਰੇ ਵਿਚ ਸ਼ਾਮਲ ਹੋਣਾ ਚਾਹੁੰਦੀ ਸੀ। ਮੈਂ ਉਹਨਾਂ ਨੂੰ ਦੱਸੇ ਬਗੈਰ ਮੁਜ਼ਾਹਰੇ ਵਿਚ ਸ਼ਾਮਲ ਹੋ ਗਈ ਸੀ ਤੇ ਕਿਸੇ ਨੇ ਮੇਰੇ ਮਾਲਕਾਂ ਕੋਲ ਚੁਗਲੀ ਕਰ ਦਿੱਤੀ। ਅੱਜ ਉਹਨਾਂ ਨੇ ਮੈਨੂੰ ਕੰਮ ਤੋਂ ਜਵਾਬ ਦੇ ਦਿੱਤਾ।" ਔਰਤ ਇਕੋ ਸਾਹ ਸਭ ਕੁਝ ਕਹਿ ਗਈ।

"ਇਹ ਤਾਂ ਬਹੁਤ ਬੇ-ਇਨਸਾਫੀ ਐ।" ਮੈਗੀ ਨੇ ਹੌਲੀ ਜਿਹੇ ਜਵਾਬ ਦਿੱਤਾ।

"ਦੇਖੋ ਮੈਡਮ ਮੈਂ ਸਵੇਰੇ ਛੇ ਵਜੇ ਉਠਦੀ ਆਂ। ਮਾਲਕ ਦੇ ਜੁੱਤੇ ਪਾਲਿਸ਼ ਕਰਨੇ, ਕੱਪੜੇ ਪ੍ਰੈਸ ਕਰਨੇ, ਨਾਸ਼ਤਾ ਤਿਆਰ ਕਰਨਾ। ਬੱਚਿਆਂ ਦੇ ਸਕੂਲ ਵਾਲੇ ਕੱਪੜੇ ਤਿਆਰ ਕਰਨੇ ਤੇ ਬੱਚਿਆਂ ਨੂੰ ਤਿਆਰ ਕਰਨਾ। ਫੇਰ

ਉਹਨਾਂ ਨੂੰ ਸਕੂਲ ਛੱਡਣਾ। ਘਰ ਆ ਕੇ ਨਾਸ਼ਤੇ ਵਾਲੇ ਭਾਂਡੇ ਧੋਣੇ ਉਹ ਵੀ ਠੰਡੇ ਪਾਣੀ ਨਾਲ। ਫੇਰ ਕਿਚਨ ਦੀ ਸਫ਼ਾਈ। ਫੇਰ ਪੂਰੇ ਘਰ ਦੀ ਸਫ਼ਾਈ। ਸਫ਼ਾਈ ਦਾ ਕੰਮ ਅਜੇ ਮੁਕਿਆ ਨੀ ਹੁੰਦਾ ਤੇ ਲੰਚ ਤਿਆਰ ਕਰਨਾ। ਲੰਚ ਤਿਆਰ ਕਰਕੇ ਮਾਲਕਾਂ ਦੇ ਖਾਣੇ ਵਾਲੇ ਮੇਜ਼ 'ਤੇ ਪਰੋਸਣਾ। ਉਥੋਂ ਈ ਉਹ ਮੇਰੇ ਲਈ ਪਲੇਟ 'ਚ ਮਰਜ਼ੀ ਨਾਲ ਜੋ ਚਾਹੁਣ ਪਾ ਦਿੰਦੇ ਐ। ਮੈਂ ਸਿੰਕ ਕੋਲ ਖੜ੍ਹ ਕੇ ਫਟਾ ਫਟ ਖਾ ਲੈਂਦੀ ਆਂ। ਨਹੀਂ ਤਾਂ ਖਾਣਾ ਠੰਡਾ ਹੋ ਜਾਂਦਾ। ਮੈਨੂੰ ਪਤਾ ਹੁੰਦਾ ਘੰਟੀ ਵੱਜੀ ਕੁ ਵੱਜੀ। ਉਹਨਾਂ ਨੇ ਕੁਝ ਮਿੱਠਾ ਮੰਗਣਾ ਹੁੰਦਾ। ਮਿੱਠਾ ਖਤਮ ਕਰਕੇ ਉਹ ਭਾਂਡੇ ਚੁੱਕਣ ਲਈ ਬੈਲ ਵਜਾ ਦਿੰਦੇ ਐ। ਫੇਰ ਭਾਂਡੇ ਸਾਫ਼ ਕਰਨੇ। ਕੱਪੜੇ ਧੋਣੇ ਤੇ ਪਹਿਲੇ ਦਿਨ ਦੇ ਸੁੱਕੇ ਕੱਪੜੇ ਪ੍ਰੈੱਸ ਕਰਨੇ। ਐਨੇ ਨੂੰ ਡਿਨਰ ਬਣਾਉਣ ਦਾ ਸਮਾਂ ਹੋ ਜਾਂਦਾ। ਡਿਨਰ ਖਿਲਾ ਕੇ ਫੇਰ ਭਾਂਡੇ ਧੋਣ ਦਾ ਕੰਮ। ਸਾਰੇ ਸੌਂ ਜਾਂਦੇ ਐ ਜਦੋਂ ਸਾਰਾ ਕੰਮ ਮੁਕਾ ਕੇ ਮੈਂ ਵਿਹਲੀ ਹੁੰਦੀ ਆਂ। ਸਾਰੇ ਦਿਨ ਦੇ ਮਸਾਂ ਪੰਜ ਸ਼ਲਿੰਗ ਦਿੰਦੇ ਐ। (ਇਕ ਸ਼ਲਿੰਗ ਪੰਜ ਪੈਨੀਆਂ ਦੇ ਬਰਾਬਰ)।'' ਲਗਦਾ ਸੀ ਲਿਜ਼ਾ ਆਪਣੇ ਮਨ ਦੀ ਭੜਾਸ ਕੱਢ ਰਹੀ ਸੀ।

''ਤੂੰ ਕਿਸੇ ਫੈਕਟਰੀ 'ਚ ਕੰਮ ਲੱਭ ਲੈ।'' ਮੈਗੀ ਨੇ ਸੁਝਾਅ ਦਿੱਤਾ।

''ਮੈਡਮ ਫੈਕਟਰੀਆਂ 'ਚ ਵੀ ਇਹੋ ਹਾਲ ਐ। ਮੇਰੇ ਘਰ ਵਾਲਾ ਮੈਨੂੰ ਫੈਕਟਰੀ 'ਚ ਕੰਮ ਨੀ ਕਰਨ ਦਿੰਦਾ ਕਹਿੰਦਾ ਆਏਂ ਪਰਿਵਾਰ ਦੀ ਬੇਇੱਜਤੀ ਹੁੰਦੀ ਐ।''

''ਪਰ ਫੇਰ ਗੁਜ਼ਾਰਾ ਕਿਵੇਂ ਹੁੰਦਾ ਐ?'' ਮੈਗੀ ਪ੍ਰੇਸ਼ਾਨ ਦਿਸ ਰਹੀ ਸੀ।

''ਸਾਡੇ ਪੱਲੇ ਤਾਂ ਮਸਾਂ ਪੌਂਡ ਕੁ ਪੈਂਦਾ ਹਫ਼ਤੇ ਦਾ। ਸਾਡੇ ਚਾਰ ਬੱਚੇ ਐ ਤੇ ਦੋ ਜੀ ਅਸੀਂ ਆਪ ਆਂ। ਸੱਤ ਸ਼ਲਿੰਗ ਕਿਰਾਏ ਦੇ ਨਿਕਲ ਜਾਂਦੇ ਐ। ਉਹ ਵੀ ਘਰ ਵਿਚੋਂ ਸਲ੍ਹਾਬ ਦਾ ਮੁਸ਼ਕ ਮਾਰਦਾ। ਬਾਕੀ ਦੇ ਬਾਰਾਂ ਸ਼ਲਿੰਗਾਂ ਨਾਲ ਕੋਲਾ, ਗੈਸ, ਅੰਤਿਮ ਸੰਸਕਾਰ ਦਾ ਬੀਮਾ, ਕੱਪੜੇ ਤੇ ਬਾਕੀ ਸਭ ਖਰਚ।''

ਮੈਗੀ ਹੈਰਾਨੀ ਨਾਲ ਉਸ ਵੱਲ ਵੇਖ ਰਹੀ ਸੀ। ਉਸ ਨੂੰ ਮਜ਼ਦੂਰਾਂ ਦੀਆਂ ਔਖੀਆਂ ਜ਼ਿੰਦਗੀਆਂ ਬਾਰੇ ਪਤਾ ਸੀ ਪਰ ਏਨੀ ਸਪੱਸ਼ਟਤਾ ਨਾਲ ਕਦੇ ਕਿਸੇ ਨੇ ਬਿਆਨ ਨਹੀਂ ਸੀ ਕੀਤਾ। ਉਹ ਲਿਜ਼ਾ ਵੱਲ ਵੇਖ ਰਹੀ ਸੀ ਜਿਵੇਂ ਉਸ ਤੋਂ ਕੁਝ ਹੋਰ ਸੁਣਨ ਦੀ ਖਾਹਿਸ਼ ਰਖਦੀ ਹੋਵੇ।

''ਮੈਡਮ ਔਰਤਾਂ ਦੀ ਜ਼ਿੰਦਗੀ ਬਹੁਤ ਔਖੀ ਐ। ਸਕੂਲ ਵਿਚ ਵੀ ਪੜ੍ਹਾਈ ਤੋਂ ਵੱਧ ਘਰੇਲੂ ਕੰਮਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਮੈਂ ਸੋਚਿਆ ਇਹ ਕੁਸ ਤਾਂ ਮੇਰੀ ਮਾਂ ਹੀ ਸਿਖਾ ਦਿੰਦੀ ਐ। ਮੈਂ 14 ਦੀ ਥਾਂ 12 ਸਾਲ ਦੀ ਉਮਰ 'ਚ ਹੀ ਸਕੂਲ ਛੱਡ ਦਿੱਤਾ ਸੀ। ਉਦੋਂ ਤੋਂ ਹੀ ਇਹੋ ਘਰੇਲੂ ਨੌਕਰਾਣੀ ਦਾ ਕੰਮ ਕਰਦੀ ਆਂ।''

''ਲਿਜ਼ਾ ਸ਼ਾਇਦ ਫੈਕਟਰੀ ਵਿਚ ਕੰਮ ਐਨਾ ਮਾੜਾ ਨਾ ਹੋਵੇ। ਬਹੁਤ ਸਾਲ ਪਹਿਲਾਂ ਤਾਂ ਸੁਣਿਆ 14-14 ਘੰਟੇ ਕੰਮ ਲੈਂਦੇ ਸੀ। ਜੇ ਕੋਈ ਲੇਟ ਹੋ ਜਾਂਦਾ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਂਦਾ ਸੀ। ਕਈ ਵਾਰ ਤਾਂ ਮਜ਼ਦੂਰ ਆਵਦੀ ਸਾਰੀ ਤਨਖਾਹ ਜੁਰਮਾਨੇ 'ਚ ਹੀ ਗੁਆ ਬਹਿੰਦਾ ਸੀ।''

''ਮੈਡਮ ਹਾਲ ਹੁਣ ਵੀ ਬਹੁਤਾ ਚੰਗਾ ਨੀ। ਆਦਮੀਆਂ ਨਾਲੋਂ ਔਰਤਾਂ ਨੂੰ ਘੱਟ ਪੈਸੇ ਮਿਲਦੇ ਐ। ਫੈਕਟਰੀਆਂ ਵਾਲੇ ਬਹੁਤ ਵਾਰ ਆਦਮੀਆਂ ਨੂੰ ਕੰਮ ਤੋਂ ਜਵਾਬ ਦੇ ਕੇ ਔਰਤਾਂ ਨੂੰ ਰੱਖ ਲੈਂਦੇ ਐ। ਕੰਮ ਤਾਂ ਓਨਾ ਈ ਲੈਂਦੇ ਤੇ ਤਨਖਾਹ ਅੱਧੀ। ਹੋਰ ਹੇਰਾ-ਫੇਰੀ ਵੀ ਹੁੰਦੀ ਐ। ਬੱਚਿਆਂ ਨੂੰ ਕੰਮ 'ਤੇ ਰੱਖ ਕੇ ਉਹਨਾਂ ਨੂੰ ਹੋਰ ਵੀ ਘੱਟ ਤਨਖਾਹ ਦਿੰਦੇ ਐ। ਜਦੋਂ ਬੱਚੇ ਬਾਲਗ ਹੋ ਜਾਂਦੇ ਐ ਤਾਂ ਕੰਮ ਤੋਂ ਛੁੱਟੀ ਕਰ ਦਿੰਦੇ ਐ।''

''ਮੈਂ ਤਾਂ ਸੋਚਿਆ ਹੁਣ ਕਨੂੰਨ ਸਖ਼ਤ ਐ ਇਹੋ ਜਿਹਾ ਕੁਛ ਨਹੀਂ ਹੁੰਦਾ ਹੋਣਾ।''

''ਮਾਲਕਣ ਉਹਨਾਂ ਨੂੰ ਪੈਸਾ ਚਾਹੀਦਾ। ਉਹ ਮਜ਼ਦੂਰਾਂ ਦਾ ਖੂਨ ਚੂਸ ਕੇ ਵੀ ਰਜਦੇ ਨੀ। ਮੈਂ ਪੈਂਕਹਰਸਟ ਦੀ ਗੱਲ ਨਾਲ ਸਹਿਮਤ ਆਂ। ਜਦੋਂ ਤੱਕ ਔਰਤਾਂ ਨੂੰ ਆਦਮੀਆਂ ਬਰਾਬਰ ਹੱਕ ਨੀ ਮਿਲਦੇ ਓਦੋਂ ਤੱਕ ਔਰਤਾਂ ਦਾ ਹਾਲ ਮਾੜਾ ਈ ਰਹੂ।''

ਲਿਜ਼ਾ ਮਜ਼ਦੂਰਾਂ ਦੀ ਜ਼ਿੰਦਗੀ ਦਾ ਸੱਚ ਬਿਆਨਦੀ ਰਹੀ। ਮੈਗੀ ਨੂੰ ਉਸ 'ਤੇ ਤਰਸ ਆਇਆ ਪਰ ਉਹ ਬਹੁਤਾ ਕੁਝ ਕਰ ਨਹੀਂ ਸੀ ਸਕਦੀ।

''ਲਿਜ਼ਾ ਕੋਈ ਕਨੂੰਨ ਨਹੀਂ ਐ ਜਿਸ ਨਾਲ ਆਪਾਂ ਉਹਨਾਂ ਨੂੰ ਫਿਰ ਤੋਂ ਤੈਨੂੰ ਕੰਮ ਦੇਣ ਲਈ ਮਜ਼ਬੂਰ ਕਰ ਸਕੀਏ। ਮੈਂ ਕੁਝ ਜਾਣ ਪਛਾਣ ਵਾਲੇ ਲੋਕਾਂ ਨੂੰ ਪੁੱਛ ਲੈਨੀ ਆਂ ਤੇ ਤੂੰ ਇਕ ਅੱਧੇ ਦਿਨ ਵਿਚ ਆ ਕੇ ਪਤਾ ਕਰ ਲਵੀਂ। ਤੇਰੇ ਲਈ ਕੰਮ ਲਭਣ ਦੀ ਪੂਰੀ ਕੋਸ਼ਿਸ਼ ਕਰਾਂਗੀ।'' ਮੈਗੀ ਨੇ ਦਿਲੋਂ ਉਸ ਨਾਲ ਵਾਇਦਾ ਕੀਤਾ ਤੇ ਲਿਜ਼ਾ ਆਸਵੰਦ ਹੋ ਕੇ ਚਲੀ ਗਈ।

-------

ਔਰਤਾਂ ਦੀ ਜਥੇਬੰਦੀ ਦੀਆਂ ਗਤੀਵਿਧੀਆਂ ਤੇਜ਼ ਹੋ ਗਈਆਂ ਸਨ। ਹੁਣ ਉਹ ਕੁਝ ਖਾੜਕੂ ਲਾਈਨ ਲੈਣ ਲੱਗੀਆਂ ਸਨ। ਅਕਤੂਬਰ 1905 ਵਿਚ ਕਰਿਸਟਬਲ ਪੈਂਕਹਰਸਟ ਨੇ ਇਕ ਪੁਲੀਸ ਅਫ਼ਸਰ ’ਤੇ ਥੁੱਕ ਦਿੱਤਾ। ਪੁਲੀਸ ਲਈ ਅਜਿਹਾ ਪਹਿਲਾ ਤਜ਼ਰਬਾ ਸੀ। ਪੁਲੀਸ ਨੇ ਉਸ ਨੂੰ ਗਰਿਫ਼ਤਾਰ ਕਰ ਲਿਆ। ਇਹ ਵੋਮਨਜ਼ ਸੋਸ਼ਲ ਤੇ ਪੁਲੀਟਕਲ ਯੂਨੀਅਨ ਦਾ ਪਹਿਲਾ ਖਾੜਕੂ ਕਾਰਨਾਮਾ ਸੀ। ਫਿਰ 1906 ਵਿਚ ਪਾਰਲੀਮੈਂਟ ਦੇ ਬਾਹਰ ਮੁਜ਼ਾਹਰਾ ਕਰਦੀਆਂ ਐਡੀਲਾ ਤੇ ਸਿਲਵੀਆ ਵੀ ਪੁਲੀਸ ਨੇ ਫੜ ਕੇ ਜੇਲ੍ਹ ਵਿਚ ਡੱਕ ਦਿੱਤੀਆਂ।

ਐਮਲੀਨ ਪੈਂਕਹਰਸਟ ਨੇ (ਫਰਵਰੀ 1908) ਪਾਰਲੀਮੈਂਟ ਦੇ ਅੰਦਰ ਜ਼ਬਰੀ ਜਾਣ ਦੀ ਕੋਸ਼ਿਸ਼ ਕੀਤੀ ਤੇ ਪ੍ਰਾਈਮ ਮਨਿਸਟਰ ਨੂੰ ਮੰਗ ਪੱਤਰ ਦੇਣ ਲਈ ਉਹ ਆਪਣੇ ਹੱਥ ਵਿਚ ਪੱਤਰ ਨੂੰ ਫੜੀ ਨਾਹਰੇ ਮਾਰ ਰਹੀ ਸੀ। ਪੁਲੀਸ ਨੇ ਉਸ ਨੂੰ ਜ਼ਬਰੀ ਦਾਖਲ ਹੋਣ ਦੀ ਕੋਸ਼ਿਸ਼ ਦੇ ਗੁਨਾਹ ਵਿਚ ਗਰਿਫ਼ਤਾਰ ਕਰ ਕੇ ਅਦਾਲਤ ਵਿਚ ਪੇਸ਼ ਕੀਤਾ ਤੇ ਐਮਲੀਨ ਨੂੰ ਛੇ ਹਫ਼ਤੇ ਦੀ ਜੇਲ੍ਹ ਹੋ ਗਈ। ਗੱਲ ਏਥੇ ਹੀ ਨਾ ਨਿਬੜੀ। (1909) ਫੇਰ ਉਹਨੇ ਪੁਲੀਸ ਅਫਸਰ ਦੇ ਦੋ ਘਸੁੰਨ ਜੜ ਦਿੱਤੇ। ਅਸਲ ਵਿਚ ਉਹ ਚਾਹੁੰਦੀ ਸੀ ਕਿ ਉਸ ਨੂੰ ਗਰਿਫ਼ਤਾਰ ਕੀਤਾ ਜਾਵੇ। ਇੰਝ ਔਰਤਾਂ ਦੇ ਹੱਕਾਂ ਲਈ ਲੜਾਈ ਦਾ ਪ੍ਰਚਾਰ ਹੁੰਦਾ ਸੀ। ਪੁਲੀਸ ਨੇ ਉਸ ਨੂੰ ਫੜ ਲਿਆ। ਉਸ ਨੂੰ ਕੈਦ ਹੋ ਗਈ। ਇਹ ਸਿਲਸਿਲਾ ਚਲਦਾ ਰਿਹਾ। ਉਸ ਨੂੰ ਨੌਂ ਵਾਰ ਜੇਲ੍ਹ ਜਾਣਾ ਪਿਆ। ਜੇਲ੍ਹ ਵਿਚ ਉਹ ਭੁੱਖ ਹੜਤਾਲ ਕਰ ਦਿੰਦੀਆਂ ਤੇ ਉਹਨਾਂ ਨੂੰ ਜਬਰੀ ਖਾਣਾ ਖਿਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ। ਇਹ ਜਦੋਜੋਹਿਦ ਹਰ ਵਾਰ ਹੀ ਏਵੇਂ ਹੀ ਹੁੰਦੀ।

21 ਜੂਨ 1908 ਨੂੰ ਹਾਈਡ ਪਾਰਕ ਲੰਡਨ ਵਿਚ ਔਰਤਾਂ ਦੇ ਹੱਕਾਂ ਲਈ ਰੈਲੀ ਦਾ ਸੱਦਾ ਦਿੱਤਾ ਗਿਆ ਤਾਂ ਪੰਜ ਲੱਖ ਦੇ ਕਰੀਬ ਲੋਕ ਹਾਜ਼ਰ ਹੋਏ। ਏਨੀ ਵੱਡੀ ਰੈਲੀ ਕਦੀ ਘੱਟ ਹੀ ਹੋਈ ਸੀ। ਹਾਈਡ ਪਾਰਕ ਵਿਚ ਸਪੀਚਾਂ ਤੋਂ ਬਾਅਦ ‘ਪਾਰਲੀਮੈਂਟ ਸਕੁਐਰ’ ਵਿਚ ਜਾ ਕੇ ਔਰਤਾਂ ਨੇ ਸਪੀਚਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਏਥੇ 12 ਔਰਤਾਂ ਨੂੰ ਗਰਿਫ਼ਤਾਰ ਕਰ ਲਿਆ ਗਿਆ।

ਸਭ ਤੋਂ ਦਿਲਚਸਪ ਗੱਲ ‘ਕਾਲੀ ਰਾਜਕੁਮਾਰੀ’ ਦੇ ਨਾਂ ਨਾਲ ਜਾਣੀ ਜਾਂਦੀ ਸੋਫੀਆ ਦਲੀਪ ਸਿੰਘ ਵੀ ਇਸ ਲਹਿਰ ਦੀ ਸਰਗਰਮ ਮੈਂਬਰ ਸੀ। ਉਹ ਲਹਿਰ ਲਈ ਉਸ ਨੂੰ ਮਿਲਦੇ ਸਰਕਾਰੀ ਭੱਤੇ ਵਿਚੋਂ ਫੰਡ ਦਿੰਦੀ ਤੇ ਹੋਰ ਫੰਡ ਵੀ ਇਕੱਠਾ ਕਰਕੇ ਦਿੰਦੀ। ਉਸ ਨੇ ਆਪਣਾ ਟੈਕਸ ਜਮ੍ਹਾਂ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਜਦ ਉਸ ਨੂੰ ਮਜਿਸਟਰੇਟ ਦੇ ਪੇਸ਼ ਕੀਤਾ ਗਿਆ ਤਾਂ ਉਸ ਨੇ ਜਵਾਬ ਦਿੱਤਾ, “ਜੇ ਔਰਤਾਂ ਨੂੰ ਵੋਟ ਦਾ ਹੱਕ ਨਹੀਂ ਤਾਂ ਟੈਕਸ ਵੀ ਨਹੀਂ।”

ਕਾਲੇ ਸ਼ੁਕਰਵਾਰ (ਬਲੈਕ ਫਰਾਈਡੇ ਮਾਰਚ 1910) ਵਾਲੇ ਦਿਨ ਉਸ ਨੇ ਜਲੂਸ ਦੀਆਂ ਮੂਹਰਲੀਆਂ ਸਫਾਂ ਵਿਚ ਸ਼ਾਮਲ ਹੋ ਕੇ ਅਗਵਾਈ ਕੀਤੀ। ਅਗਲੀ ਕਾਰਵਾਈ ਨੇ ਤਾਂ ਸਰਕਾਰ ਅਤੇ ਬਾਕੀ ਲੋਕਾਂ ਨੂੰ ਵੀ ਹੈਰਾਨ ਕਰ ਦਿੱਤਾ। ਸੋਫੀਆ ਨੇ ਪ੍ਰਾਈਮ ਮਨਿਸਟਰ ਦੀ ਕਾਰ ਅੱਗੇ ਛਾਲ ਮਾਰ ਦਿੱਤੀ। ਚੰਗੇ ਭਾਗੀਂ ਕਾਰ ਹੌਲੀ ਸੀ ਤੇ ਰੁਕ ਗਈ। ਸੋਫੀਆ ਨੂੰ ਕੋਈ ਨੁਕਸਾਨ ਨਾ ਹੋਇਆ। ਪਰ ਸਾਰੇ ਇੰਗਲੈਂਡ ਵਿਚ ਤਰਥੱਲੀ ਮੱਚ ਗਈ। ਇੰਝ ਸੋਫੀਆ ਆਮ ਲੋਕਾਂ ਵਿਚ ਖਾਸ ਕਰਕੇ ਔਰਤਾਂ ਵਿਚ ਕਾਫੀ ਜਾਣੀ ਜਾਣ ਲੱਗੀ ਸੀ।

ਜਿਥੇ ਔਰਤਾਂ ਦੇ ਹੱਕਾਂ ਦੀ ਲੜਾਈ ਜ਼ੋਰਾਂ ’ਤੇ ਸੀ ਉਥੇ ਲੋਕਾਂ ਵਿਚ ਯੂਰਪ ਵਿਚ ਜੰਗ ਬਾਰੇ ਵੀ ਗੱਲਾਂ ਹੋਣ ਲੱਗੀਆਂ ਸਨ। 1913 ਤੱਕ ਜੰਗ ਦੀ ਹਵਾ ਦਾ ਮੁਸ਼ਕ ਸਾਰੇ ਯੂਰਪ ਹੀ ਨਹੀਂ ਸਗੋਂ ਦੁਨੀਆਂ ਵਿਚ ਫੈਲ ਗਿਆ ਸੀ। ਕੁਝ ਲੋਕਾਂ ਨੂੰ ਲਗਦਾ ਸੀ ਜੰਗ ਹਰ ਹਾਲਤ ਵਿਚ ਹੋਵੇਗੀ। ਅਜਿਹੀ ਹਾਲਤ ਵਿਚ ਇੰਡੀਆ ਤੋਂ ਲਿਆਂਦੀਆਂ ‘ਆਇਆ’(ਨੈਨੀ) ਤੇ ਚੀਨੀ ‘ਅੰਮਾ’ ਵਾਸਤੇ ਹਲਾਤ ਹੋਰ ਵੀ ਔਖੇ ਹੋਣ ਦੀ ਸੰਭਾਵਨਾ ਸੀ।

-------

ਮੈਗੀ ਅਖਬਾਰ ਵਿਚ ਖੁੱਭੀ ਬੈਠੀ ਸੀ। ਲੰਡਨ ਸਿਟੀ ਮਿਸ਼ਨ ‘ਆਇਆ ਹੋਮ’ ਬਾਰੇ ਉਹ ਪੜ੍ਹ ਰਹੀ ਸੀ। ਫਰੈਡ ਨੇ ਆ ਕੇ ਉਸ ਦੇ ਸਿਰ ’ਤੇ ਚੁੰਮਣ ਦਿੱਤਾ।

“ਕੀ ਪੜ੍ਹ ਰਹੀ ਏਂ?”

“ਈਸਟ ਲੰਡਨ ਵਿਚ ਆਇਆ ਹੋਮ ਬਾਰੇ ਪੜ੍ਹ ਰਹੀ ਸੀ।”

“ਆਇਆ ਹੋਮ ਉਹ ਕੀ?”

“ਈਸਟ ਇੰਡੀਆ ਕੰਪਨੀ ਦੇ ਇੰਡੀਆ ਵਿਚ ਕੰਮ ਕਰਨ ਤੋਂ ਹੀ ਬ੍ਰਿਟੇਨ ਵਿਚੋਂ ਬਹੁਤ ਸਾਰੇ ਲੋਕਾਂ ਨੂੰ ਇੰਡੀਆ ਵਿਚ ਨੌਕਰੀਆਂ ਮਿਲ ਜਾਂਦੀਆਂ। ਯੂ ਕੇ ਵਿਚ ਨੌਕਰ ਰੱਖਣਾ ਇੰਡੀਆ ਵਿਚ ਨੌਕਰ ਰੱਖਣ ਤੋਂ ਅੱਠ ਗੁਣਾ ਮਹਿੰਗਾ ਪੈਂਦਾ ਸੀ। ਇੰਡੀਆ ਜਾ ਕੇ ਲੋਕ ਕਈ ਨੌਕਰ ਰੱਖਣ ਦੇ ਕਾਬਿਲ ਹੁੰਦੇ ਐ। ਬੱਚਿਆਂ ਨੂੰ ਪਾਲਣ

ਲਈ 'ਆਇਆ'(ਨੈਨੀ) ਦੀ ਤਾਂ ਤਕਰੀਬਨ ਹਰ ਘਰ ਵਿਚ ਹੀ ਲੋੜ ਹੁੰਦੀ ਐ। ਇੰਡੀਆ ਦੀਆਂ ਗਰਮੀਆਂ ਤੋਂ ਬਚਣ ਲਈ ਜਿਸ ਲਈ ਵੀ ਸੰਭਵ ਹੁੰਦਾ ਉਹ ਯੂ ਕੇ ਗਰਮੀਆਂ ਕੱਟ ਜਾਂਦਾ। ਰਸਤੇ ਵਿਚ ਬੱਚਿਆਂ ਤੇ ਮੇਮ ਸਾਹਿਬਾਂ ਦੀ ਦੇਖ ਭਾਲ ਲਈ ਆਇਆ ਨੂੰ ਉਹ ਲੈ ਆਉਂਦੇ ਐ। ਬਹੁਤ ਵਾਰ ਰਿਟਾਇਰ ਹੋਣ ਵਾਲੇ ਲੋਕ ਵੀ ਆਪਣੇ ਨਾਲ ਰਾਹ ਵਿਚ ਸੌਖ ਲਈ ਆਇਆ ਨੂੰ ਲੈ ਆਉਂਦੇ।" ਫਰੈਡ ਧਿਆਨ ਨਾਲ ਸੁਣ ਰਿਹਾ ਸੀ।

"ਕੁਝ ਤਾਂ ਆਇਆ ਨੂੰ ਵਾਪਿਸ ਨਾਲ ਲੈ ਜਾਂਦੇ। ਪਰ ਕੁਝ ਅਜਿਹੇ ਵੀ ਹੁੰਦੇ ਐ ਜਿਹੜੇ ਆਇਆ ਨੂੰ ਸੜਕ 'ਤੇ ਹੀ ਛੱਡ ਦਿੰਦੇ। ਉਹਨਾਂ ਕੋਲ ਵਿਚਾਰੀਆਂ ਕੋਲ ਕੋਈ ਖਾਸ ਪੈਸੇ ਵੀ ਨਹੀਂ ਹੁੰਦੇ। ਅਜਿਹੀ ਹਾਲਤ ਵਿਚ ਬਹੁਤ ਵਾਰ 'ਆਇਆ' ਵਾਪਿਸ ਜਾਣ ਲਈ ਬੰਦਰਗਾਹ 'ਤੇ ਵਾਪਿਸ ਜਾਣ ਵਾਲੇ ਪ੍ਰੀਵਾਰ ਦੀ ਭਾਲ ਕਰਦੀਆਂ। ਕੋਈ ਸਫ਼ਲ ਵੀ ਹੋ ਜਾਂਦੀ ਹੋਵੇਗੀ ਤੇ ਕਈ ਵਿਚਾਰੀਆਂ ਭੁੱਖ ਦੁਖੋਂ ਤੇ ਵਾਪਿਸ ਜਾਣ ਲਈ ਕਿਰਾਇਆ ਇਕੱਠਾ ਕਰਨ ਲਈ ਮੰਗਣ ਲੱਗ ਜਾਂਦੀਆਂ।"

"ਇਹ ਤਾਂ ਬਹੁਤ ਮਾੜੀ ਗੱਲ ਐ।"

"ਹੈਕਨੀ (ਈਸਟ ਲੰਡਨ) ਵਿਚ ਚੈਰਟੀ ਵੱਲੋਂ ਕਈ ਸਾਲ ਪਹਿਲਾਂ ਇਕ ਆਇਆ ਹੋਮ ਖੋਲ੍ਹਿਆ ਗਿਆ ਜਿਥੇ ਅਜਿਹੀਆਂ ਆਇਆ ਰਹਿ ਸਕਦੀਆਂ ਹਨ। ਜਦੋਂ ਉਹਨਾਂ ਨੂੰ ਵਾਪਿਸ ਜਾਣ ਲਈ ਨੌਕਰੀ ਮਿਲ ਜਾਂਦੀ ਐ ਤਾਂ ਵਾਪਿਸ ਚਲੀਆਂ ਜਾਂਦੀਆਂ। ਨਹੀਂ ਤਾਂ ਉਹ ਹੋਰ ਆਪਣੇ ਵਰਗੀਆਂ ਨਾਲ ਰਹੀ ਜਾਂਦੀਆਂ ਐ।" ਮੈਗੀ ਨੇ ਵਿਸਥਾਰ ਨਾਲ ਦੱਸਿਆ।

"ਪਰ ਉਹ ਏਥੇ ਆਉਂਦੀਆਂ ਈ ਕਿਉਂ ਐ?" ਫਰੈਡ ਨੇ ਸਵਾਲ ਕੀਤਾ।

"ਆਹ ਕਿਸੇ 'ਆਇਆ' ਦੀ ਇੰਟਰਵਿਊ ਐ। ਉਹ ਜਿਹੜੇ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪਾਲ ਰਹੀ ਸੀ ਉਹਨਾਂ ਨਾਲ ਉਸ ਨੂੰ ਬਹੁਤ ਮੋਹ ਸੀ। ਦੂਜਾ ਕਾਰਨ ਉਹ ਮਾਲਕਾਂ ਨਾਲ ਵੀ ਵਫ਼ਾਦਾਰ ਸੀ। ਉਸ ਨੂੰ ਉਮੀਦ ਨਹੀਂ ਸੀ ਉਸ ਦੇ ਮਾਲਕ ਉਸ ਨੂੰ ਘਰੋਂ ਬਾਹਰ ਕਰ ਦੇਣਗੇ। ਹੁਣ ਉਹ ਵਿਚਾਰੀ ਰੁਲ-ਖੁਲ ਕੇ ਆਇਆ ਹੋਮ ਪਹੁੰਚੀ ਐ।"

"ਮੈਗੀ ਤੈਨੂੰ ਯਾਦ ਹੁਣਾ ਤੂੰ ਇਕ ਕਿਤਾਬ ਪੜ੍ਹ ਰਹੀ ਸੀ। ਉਸ ਵਿਚ ਇੰਡੀਆ ਤੋਂ ਆਏ ਜਹਾਜ਼ਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਬਾਰੇ ਲਿਖਿਆ ਗਿਆ ਸੀ। ਜਹਾਜ਼ਾਂ ਦੇ ਮਾਲਕ ਇੰਡੀਆ ਤੋਂ ਜਹਾਜ਼ ਵਿਚ ਕੰਮ ਕਰਨ ਲਈ ਕਾਮੇ ਲੈ ਆਉਂਦੇ। ਵਾਪਿਸੀ ਤੇ ਉਹਨਾਂ ਨੂੰ ਬਹੁਤ ਵਾਰ ਘੱਟ ਮਜ਼ਦੂਰਾਂ ਦੀ ਲੋੜ ਹੁੰਦੀ। ਉਹ ਵਾਧੂ ਮਜ਼ਦੂਰਾਂ ਨੂੰ ਵਾਪਿਸ ਲਿਜਾਣ ਦੀ ਥਾਂ ਏਥੇ ਛੱਡ ਜਾਂਦੇ। ਬੰਦਰਗਾਹਾਂ ਦੇ ਨੇੜੇ ਵਸੇ ਸ਼ਹਿਰਾਂ ਵਿਚ ਅਜਿਹੇ ਬਹੁਤ ਇੰਡੀਅਨ ਢਿੱਡ ਭਰਨ ਲਈ ਮੰਗਦੇ ਫਿਰਦੇ ਹੁੰਦੇ।"

"ਹਾਂ ਬਾਅਦ ਵਿਚ ਸਰਕਾਰ ਨੇ ਕਨੂੰਨ ਬਣਾ ਦਿੱਤਾ ਸੀ ਕਿ ਜਿਹੜਾ ਮਾਲਕ ਜਿੰਨੇ ਕਾਮੇ ਲੈ ਕੇ ਆਵੇ ਓਨੇ ਵਾਪਿਸ ਲੈ ਕੇ ਜਾਵੇ। ਤਾਂ ਜਾ ਕੇ ਉਸ ਸਮੱਸਿਆ ਨੂੰ ਕੁਝ ਠੱਲ ਪਈ ਸੀ। ਮੇਰੇ ਖਿਆਲ 'ਚ ਆਇਆ ਸਬੰਧੀ ਵੀ ਕੋਈ ਕਨੂੰਨ ਬਣਨਾ ਚਾਹੀਦਾ।"

"ਪਰ ਸਰਕਾਰ ਕਨੂੰਨ ਓਦੋਂ ਬਣਾਉਂਦੀ ਐ ਜਦੋਂ ਸਮੱਸਿਆ ਕਰਕੇ ਸਰਕਾਰ 'ਤੇ ਮਾੜਾ ਅਸਰ ਪਵੇ।"

ਫਰੈਡ ਅਖ਼ਬਾਰ ਵਿਚ ਆਇਆ ਹੋਮ ਦੇ ਦਰਵਾਜ਼ੇ 'ਤੇ ਖੜ੍ਹੀਆਂ ਭਾਰਤੀ ਔਰਤਾਂ ਦੀ ਫੋਟੋ ਅਖ਼ਬਾਰ ਵਿਚ ਵੇਖਣ ਲੱਗਾ। ਨਾਲ ਹੀ ਉਸ ਦੀ ਨਜ਼ਰ ਮਜ਼ਦੂਰਾਂ ਦੀ ਹੜਤਾਲ ਵਾਲੀ ਖ਼ਬਰ 'ਤੇ ਪਈ।

## 43

"ਹੜਤਾਲਾਂ ਨੇ ਤਾਂ ਨੱਕ 'ਚ ਦਮ ਕੀਤਾ ਹੋਇਆ।" ਵਿਲੀਅਮ ਆਪਣੀ ਫੈਕਟਰੀ ਵਿਚ ਨਵੀਂ ਹੋਈ ਹੜਤਾਲ ਕਾਰਣ ਔਖਾ ਸੀ।

"1910 ਤੋਂ ਈ ਇਹ ਕੰਮ ਚੱਲੀ ਜਾਂਦਾ। ਹੜਤਾਲਾਂ ਨੇ ਲੋਕਾਂ ਦਾ ਜਿਉਣਾ ਦੁਭਰ ਕੀਤਾ ਹੋਇਆ।" ਸਕੌਟ ਬੋਲਿਆ।

"ਤੁਹਾਨੂੰ ਚਾਹੀਦਾ ਮਸਲੇ ਦੀ ਤਹਿ ਤੱਕ ਜਾਵੋ। ਅਸਲ ਕਾਰਨਾਂ ਨੂੰ ਸਮਝੋ।" ਜੇਮਜ਼ ਗੰਭੀਰ ਸੀ।

"ਤਹਿ ਤੱਕ ਤਾਂ ਪਤਾ ਈ ਐ। ਮਜ਼ਦੂਰ ਹਫੜਾ-ਤਫੜੀ ਪਾਈ ਬੈਠੇ ਐ।" ਵਿਲੀਅਮ ਨੇ ਕਿਹਾ।

"ਅਸਲ 'ਚ ਮਜ਼ਦੂਰਾਂ ਦੀਆਂ ਆਪਣੀਆਂ ਸਮੱਸਿਆਵਾਂ ਐ ਤੇ ਸਰਮਾਏਦਾਰਾਂ ਦੀਆਂ ਆਪਣੀਆਂ।"

"ਜੇਮਜ਼ ਜੇ ਮਜ਼ਦੂਰ ਬੰਦਿਆਂ ਵਾਂਗ ਟਿਕ ਕੇ ਕੰਮ ਕਰਨ ਤਾਂ ਸਮੱਸਿਆਵਾਂ ਖਤਮ।"
"ਨਹੀਂ ਵਿਲੀਅਮ, ਸਰਮਾਏਦਾਰ ਦਾ ਨਿਸ਼ਾਨਾ ਹੁੰਦਾ ਹੋਰ ਪੈਸਾ ਪੈਦਾ ਕਰਨ ਦਾ। ਹੋਰ ਪੈਸਾ ਪੈਦਾ ਕਰਨ ਲਈ ਹੋਰ ਉਤਪਾਦਨ ਦੀ ਲੋੜ ਹੁੰਦੀ ਐ। ਉਤਪਾਦਨ ਨੂੰ ਮੁਨਾਫੇ 'ਤੇ ਵੇਚਣ ਲਈ ਕਾਰਖਾਨੇਦਾਰ ਨੂੰ ਗਾਹਕ ਪੈਦਾ ਕਰਨੇ ਪੈਂਦੇ ਐ।" ਜੇਮਜ਼ ਆਪਣੀ ਕੁਰਸੀ ਤੋਂ ਉੱਠਿਆ ਤੇ ਖੜ੍ਹਾ ਹੋ ਗਿਆ।
"ਇਕ ਸਮਾਂ ਸੀ ਇੰਗਲੈਂਡ ਦੁਨੀਆਂ ਦਾ ਮੋਹਰੀ ਉਤਪਾਦਕ ਦੇਸ਼ ਸੀ। ਇਸ ਦਾ ਸਾਰਾ ਉਤਪਾਦਨ ਵਿਕ ਜਾਂਦਾ ਸੀ। ਫਿਰ ਬਾਕੀ ਯੂਰਪੀ ਦੇਸ਼ਾਂ ਨੇ ਵੀ ਕਾਰਖਾਨੇ ਲਾ ਲਏ। ਮੁਕਾਬਲਾ ਵਧ ਗਿਆ। ਉਤਪਾਦਨ ਵਧ ਗਿਆ। ਪਰ ਗਾਹਕ ਓਨੇ ਹੀ ਸਨ। ਯੂ ਕੇ ਵਿਚ ਮੰਦਾ ਆ ਗਿਆ। ਸਾਰਾ ਯੂਰਪ ਵੀ ਮੰਦੇ ਦਾ ਸ਼ਿਕਾਰ ਹੋ ਗਿਆ। ਕਦੇ ਥੋੜ੍ਹਾ ਵਕਤੀ ਤੇਜ਼ੀ ਆ ਜਾਂਦੀ ਤੇ ਫਿਰ ਮੰਦਾ। ਮਜ਼ਦੂਰਾਂ ਦੀਆਂ ਤਨਖਾਹਾਂ ਘਟ ਗਈਆਂ। ਮਜ਼ਦੂਰਾਂ ਦੀਆਂ ਲੋੜਾਂ ਪੂਰੀਆਂ ਨਾ ਹੋਣ ਕਰਕੇ ਉਹਨਾਂ ਵਿਚ ਅਸ਼ਾਂਤੀ ਫੈਲ ਗਈ।" ਜੇਮਜ਼ ਰੁਕਿਆ ਤੇ ਸਕੌਟ ਬੋਲਿਆ।
"ਬੈਂਕਾਂ 'ਤੇ ਵੀ ਇਸ ਹਾਲਤ ਦਾ ਮਾੜਾ ਅਸਰ ਪਿਆ ਕਿ ਨਹੀਂ?"
"ਜੇ ਸਰਮਾਏਦਾਰ ਦੀ ਹਾਲਤ ਮਾੜੀ ਐ ਤਾਂ ਬੈਂਕਾਂ ਦੀ ਹਾਲਤ ਵੀ ਚੰਗੀ ਨੀ ਹੋ ਸਕਦੀ।"
"ਇਸ ਸਭ ਦਾ ਇਲਾਜ ਕੀ ਐ?" ਵਿਲੀਅਮ ਨੇ ਸਵਾਲ ਕੀਤਾ।
"ਸਰਮਾਏਦਾਰ ਤਾਂ ਹੀ ਬਚ ਸਕਦਾ ਜੇ ਉਹ ਲਗਾਤਾਰ ਹੋਰ ਪੈਸਾ ਪੈਦਾ ਕਰਦਾ ਰਹੇ। ਪੈਸਾ ਪੈਦਾ ਕਰਨ ਲਈ ਜ਼ਰੂਰੀ ਐ, ਜਾਂ ਤਾਂ ਮਜ਼ਦੂਰੀ ਸਸਤੀ ਹੋਵੇ ਜਾਂ ਨਵੀਂ ਮਸ਼ੀਨਰੀ ਈਜ਼ਾਦ ਕੀਤੀ ਜਾਵੇ ਜਿਸ ਨਾਲ ਸਸਤਾ ਉਤਪਾਦਨ ਹੋ ਸਕੇ। ਮਜ਼ਦੂਰੀ ਸਸਤੀ ਹੋਰ ਹੋ ਨਹੀਂ ਸਕਦੀ। ਮਜ਼ਦੂਰ ਤਾਂ ਪਹਿਲਾਂ ਹੀ ਮਸਾਂ ਡੰਗ ਟਪਾ ਰਹੇ ਐ। ਮਸ਼ੀਨਾਂ ਈਜ਼ਾਦ ਹੋ ਸਕਦੀਆਂ। ਸਮੱਸਿਆ ਐ ਅਜੇ ਮਜ਼ਦੂਰ ਨੂੰ ਡਰ ਐ ਜੇ ਮਸ਼ੀਨਾਂ ਦੀ ਵਰਤੋਂ ਵਧ ਗਈ ਤਾਂ ਉਹਨਾਂ ਨੂੰ ਨੌਕਰੀ ਤੋਂ ਜਵਾਬ ਮਿਲ ਜਾਣਾ।"
"ਪਰ ਯਾਰ ਮਸ਼ੀਨਾਂ ਲਾਉਣੀਆਂ ਜਾਂ ਮਜ਼ਦੂਰ ਰੱਖਣੇ ਜਾਂ ਨਾ ਰੱਖਣ ਦਾ ਫੈਸਲਾ ਕੀਹਦਾ ਹੁਣਾ ਚਾਹੀਦਾ, ਮਜ਼ਦੂਰਾਂ ਦਾ ਜਾਂ ਕਾਰਖਾਨੇਦਾਰਾਂ ਦਾ?" ਵਿਲੀਅਮ ਬੋਲਿਆ।
"ਆਹੀ ਗੱਲ ਐ। ਮਜ਼ਦੂਰ ਸਮਝਦੇ ਐ ਹੁਣ ਤੱਕ ਉਹਨਾਂ ਦੇ ਲੀਡਰਾਂ ਨੇ ਵੀ ਉਹਨਾਂ ਦੇ ਮਸਲੇ ਹੱਲ ਕਰਨ ਦੀ ਥਾਂ ਸਿਰਫ ਗੱਲਾਂ-ਬਾਤਾਂ ਹੀ ਕੀਤੀਆਂ। ਹੁਣ ਉਹ ਆਪਣੇ ਲੀਡਰਾਂ ਦੀ ਵੀ ਨੀ ਸੁਣਦੇ। ਦੇਸ਼ ਵਿਚ 'ਸਿੰਡੀਕੇਟ' ਬਣਾ ਕੇ ਉਹ ਫੈਕਟਰੀਆਂ ਨੂੰ ਖੁਦ ਚਲਾਉਣ ਲਈ ਕੰਟਰੋਲ ਕਰਨ ਦਾ ਯਤਨ ਕਰ ਰਹੇ ਐ। ਫੈਕਟਰੀਆਂ ਵਿਚ ਖਾੜਕੂ ਕਿਸਮ ਦਾ ਖਤਰਨਾਕ ਰੁਝਾਨ ਪੈਦਾ ਹੋ ਗਿਆ ਐ। ਬੰਦਰਗਾਹਾਂ ਦੇ ਕਾਮਿਆਂ ਨੇ ਵੀ ਯੂਨੀਅਨਾਂ ਬਣਾ ਲਈਆਂ। ਸਮੁੰਦਰੀ ਕਾਮਿਆਂ ਦੀ ਹੜਤਾਲ ਨੂੰ ਰੋਕਣ ਲਈ ਲਿਬਰਲ ਗੌਰਮਿੰਟ ਨੂੰ 'ਮਰਸੀ ਰਿਵਰ' ਵਿਚ ਦੋ ਲੜਾਕੇ ਜਹਾਜ਼ ਭੇਜਣੇ ਪਏ। ਰੇਲਵੇ ਹੜਤਾਲ ਦਾ ਵੀ ਇਹੋ ਹਾਲ ਹੋਇਆ। ਹਰ ਥਾਂ ਮਜ਼ਦੂਰ ਖੜ੍ਹੇ ਹੋ ਰਹੇ ਐ। ਲਿਬਰਲ ਗੌਰਮਿੰਟ ਦਾ 'ਲੋਕ ਬੱਜਟ' ਵੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕਰ ਸਕਿਆ।"
"ਪਰ ਕੀ ਮਜ਼ਦੂਰ ਸੱਚੀਂ ਕਬਜ਼ੇ ਕਰ ਕੇ ਫੈਕਟਰੀਆਂ ਚਲਾ ਸਕਦੇ ਐ?" ਸਕੌਟ ਦੀ ਆਵਾਜ਼ ਵਿਚ ਫਿਕਰ ਸੀ।
"ਰੂਸ ਵਿਚ ਸੋਸ਼ਲਿਸਟ, ਬਾਲਸ਼ਵਿਕ, ਮੈਨਸ਼ਵਿਕ ਤੇ ਹੋਰ ਬਥੇਰੇ ਗਰੁੱਪ ਬਣੇ ਹੋਏ ਐ ਜਿਹੜੇ ਜ਼ਾਰ ਨੂੰ ਪਾਸੇ ਕਰ ਕੇ ਮਜ਼ਦੂਰਾਂ ਦਾ ਰਾਜ ਲਿਆਉਣ ਦਾ ਯਤਨ ਕਰ ਰਹੇ ਐ। ਉਹਨਾਂ ਕੋਲ ਲੈਨਿਨ ਨਾਂ ਦਾ ਚੰਗਾ ਲੀਡਰ ਵੀ ਐ। ਉਹ ਲੋਕਾਂ ਨੂੰ ਜਿਥੋਂ ਤੱਕ ਸੰਭਵ ਐ ਰਾਜਸੀ ਪੱਖੋਂ ਵੀ ਤਿਆਰ ਕਰ ਰਹੇ ਐ। ਸਾਡੇ ਮਜ਼ਦੂਰਾਂ ਦਾ ਅਜੇ ਤੱਕ ਰਾਜਸੀ ਤਾਕਤ ਵੱਲ ਖਿਆਲ ਨੀ ਗਿਆ। ਇਹੋ ਗੱਲ ਸਾਡੇ ਭਲੇ ਵਿਚ ਐ। ਰਾਜਸੀ ਤਾਕਤ ਬਿਨਾਂ ਮਜ਼ਦੂਰ ਫੈਕਟਰੀਆਂ 'ਤੇ ਕਬਜ਼ੇ ਨਹੀਂ ਕਰ ਸਕਦੇ। ਸਰਕਾਰ ਨੇ ਪਹਿਲਾਂ ਹੀ ਫੌਜੀ ਤਾਕਤ ਭੇਜ ਕੇ ਸਰਮਾਏਦਾਰੀ ਦੀ ਮਦਦ ਦਾ ਇਸ਼ਾਰਾ ਕਰ ਦਿੱਤਾ ਐ। ਫਿਰ ਵੀ ਬਹੁਤ ਸਾਰੇ ਜੌਹਨ ਮਕਲੀਨ ਵਰਗੇ ਮਾਰਕਸਵਾਦੀ ਲੀਡਰ ਹੈਗੇ ਐ ਜਿਹਨਾਂ ਤੋਂ ਖਤਰਾ ਹੋ ਸਕਦਾ।" ਜ਼ੇਮਜ਼ ਨੇ ਆਪਣੀ ਰਾਇ ਦਿੱਤੀ।
"ਯਾਰ ਔਰਤਾਂ ਦੀ ਕੋਈ ਯੂਨੀਅਨ ਵੀ ਨੀ ਉਹ ਵੀ ਸੜਕਾਂ 'ਤੇ ਆ ਗਈਆਂ। ਹੁਣ ਕੰਮ ਕਿਵੇਂ ਚੱਲੂ?" ਸਕੌਟ ਨੇ ਸਵਾਲ ਕੀਤਾ।
ਜੇਮਜ਼ ਨੇ ਸਾਰਿਆਂ ਵੱਲ ਵੇਖਿਆ। ਕੁਝ ਦੇਰ ਬਾਅਦ ਬੋਲਿਆ।
"ਯੂਰਪੀ ਦੇਸ਼ਾਂ ਵਿਚ ਅੰਦਰੇ ਅੰਦਰ ਅੱਗ ਸੁਲਗ ਰਹੀ ਐ। ਸਾਰੇ ਦੇਸ਼ਾਂ ਦੇ ਆਪਣੇ ਆਪਣੇ ਗੁੱਟ ਬਣੇ ਹੋਏ ਐ। ਬ੍ਰਿਟੇਨ, ਫਰਾਂਸ, ਜਰਮਨੀ ਵਰਗੇ ਦੇਸ਼ਾਂ ਕੋਲ ਬਸਤੀਆਂ ਹੈਗੀਆਂ ਤੇ ਦੂਜੇ ਦੇਸ਼ ਬਸਤੀਆਂ 'ਤੇ ਕਬਜ਼ੇ

ਕਰਨ ਲਈ ਪਰ ਤੋਲ ਰਹੇ ਐ। ਮੰਡੀਆਂ ਦੀ ਭਾਲ ਲਈ ਲੜਾਈ ਹੋ ਕੇ ਰਹੇਗੀ। ਸਿਰਫ ਇਕ ਚੰਗਿਆੜੀ ਦੀ ਲੋੜ ਐ।"

"ਲੜਾਈ ਲੱਗਣ ਨਾਲ ਤਾਂ ਹੋਰ ਵੀ ਬਹੁਤਾ ਨੁਕਸਾਨ ਹੋਊ!" ਸਕੌਟ ਨੇ ਸਵਾਲ ਕੀਤਾ।

"ਲੜਾਈ ਵਿਚ ਜਾਨੀ ਨੁਕਸਾਨ ਤਾਂ ਹੋਊ ਉਹ ਵੀ ਉਹਨਾਂ ਦਾ ਜਿਹਨਾਂ ਨੇ ਲੜਾਈ ਲੜਨੀ ਐ। ਮੈਂ ਤੂੰ ਲੜਾਈ ਨੀ ਲੜਨੀ ਸੋ ਆਪਾਂ ਨੂੰ ਇਹਦਾ ਫਿਕਰ ਨਹੀਂ। ਲੜਾਈ ਬਿਜਨੈਸ ਦੇ ਮੌਕੇ ਵੀ ਪੈਦਾ ਕਰਦੀ ਐ। ਬ੍ਰਿਟੇਨ ਨੂੰ ਤਾਂ ਬਹੁਤ ਸਾਰੇ ਸਿਪਾਹੀ ਏਸ਼ੀਅਨ ਦੇਸ਼ਾਂ ਤੋਂ ਹੀ ਮਿਲ ਜਾਣੇ ਐ। ਇਹ ਹੜਤਾਲਾਂ ਵੀ ਸ਼ਾਇਦ ਖਤਮ ਹੋ ਜਾਣ। ਲੋਕਾਂ ਵਿਚ ਦੇਸ਼ ਪਿਆਰ ਤੇ ਕੌਮੀਅਤ ਦੀ ਭਾਵਨਾ ਪੈਦਾ ਹੋ ਜਾਂਦੀ ਐ। ਸੋ ਕੁਲ ਮਿਲਾ ਕੇ ਹਾਲਤ ਸ਼ਾਇਦ ਏਨੇ ਮਾੜੇ ਨੀ ਹੋਣ ਲੱਗੇ।"

-------------

ਫਰੈਡ ਬੈਂਕ ਗਿਆ ਤਾਂ ਬੈਂਕ ਵਿਚ ਆਮ ਨਾਲੋਂ ਵੱਧ ਤਣਾਅ ਦਾ ਮਹੌਲ ਸੀ। ਬਹੁਤੇ ਬੈਂਕ ਕਾਮਿਆਂ ਦੇ ਮੂੰਹ ਕੱਸੇ ਹੋਏ ਸਨ। ਉਸ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ। ਉਹ ਜੇਮਜ਼ ਤੇ ਕਰਿਸਟਲ ਦੇ ਦਫ਼ਤਰ ਵੱਲ ਗਿਆ ਤੇ ਉਸ ਨੇ ਚਪੜਾਸੀ ਨੂੰ ਰੁੱਕਾ ਦੇ ਕੇ ਜੇਮਜ਼ ਕੋਲ ਭੇਜ ਦਿੱਤਾ।

"ਫਰੈਡ, ਕੀ ਹਾਲ ਐ ਤੇਰਾ?" ਜੇਮਜ਼ ਕੁਝ ਦੇਰ ਬਾਅਦ ਬਾਹਰ ਆਇਆ ਤੇ ਉਹ ਲੰਚ ਲਈ ਚਲੇ ਗਏ।

"ਮੇਰਾ ਹਾਲ ਤਾਂ ਠੀਕ ਐ ਪਰ ਬੈਂਕ ਵਿਚ ਕੁਝ ਠੀਕ ਨਹੀਂ ਲਗਦਾ।"

"ਤੈਨੂੰ ਪਤਾ ਈ ਆਸਟਰੀਆ-ਹੰਗਰੀ ਦੇ ਸਰਬੀਆ 'ਤੇ ਹਮਲਾ ਕਰਨ ਬਾਅਦ ਹੋਰ ਦੇਸ਼ ਵੀ ਲੜਾਈ ਵਿਚ ਕੁੱਦ ਪਏ ਐ। ਸੋ ਬੈਂਕ ਆਪਣੇ ਨਿਵੇਸ਼ ਨੂੰ ਨਵੇਂ ਸਿਰੇ ਤੋਂ ਹਾਲਾਤ ਨੂੰ ਧਿਆਨ ਵਿਚ ਰਖਦਿਆਂ ਜਾਂਚ ਰਿਹਾ ਹੈ।"

"ਪਰ ਇਹ ਯੁੱਧ ਕਿਵੇਂ ਸ਼ੁਰੂ ਹੋਇਆ?"

"ਫਰੈਡ ਤੈਨੂੰ ਪਤੈ ਈ ਆ ਸਰਬੀਆ ਦੀ ਰਾਜਧਾਨੀ ਸਾਰਾਜੀਵੋ ਵਿਚ 28 ਜੂਨ 1914 ਨੂੰ ਆਸਟਰੀਆ-ਹੰਗਰੀ ਦੇ ਰਾਜਕੁਮਾਰ ਦਾ ਕਤਲ ਹੋ ਗਿਆ ਸੀ। ਕਤਲ ਤੋਂ ਬਾਅਦ ਹਾਲਤ ਨੂੰ ਸਾਵਾਂ ਬਣਾਈ ਰੱਖਣ ਲਈ ਆਸਟਰੀਆ-ਹੰਗਰੀ ਨੇ ਦਸ ਸ਼ਰਤਾਂ ਰੱਖੀਆਂ ਜਿਹਨਾਂ ਵਿਚੋਂ ਸਰਬੀਆ ਨੇ ਨੌਂ ਮੰਨ ਲਈਆਂ ਸਨ। ਦਸਵੀਂ ਸ਼ਰਤ ਮੰਨੀ ਨਹੀਂ ਜਾ ਸਕਦੀ ਸੀ। ਆਸਟਰੀਆ-ਹੰਗਰੀ ਨੇ ਜੰਗ ਦਾ ਐਲਾਨ ਕਰ ਦਿੱਤਾ।"

"ਇਹ ਆਸਟਰੀਆ-ਹੰਗਰੀ ਦੀ ਕੀ ਕਹਾਣੀ ਐ?" ਫਰੈਡ ਨੂੰ ਇਤਿਹਾਸ ਦਾ ਘੱਟ ਹੀ ਪਤਾ ਸੀ।

"ਆਸਟਰੀਆ-ਹੰਗਰੀ ਦੇ ਰਾਜ ਘਰਾਣਿਆਂ ਨੇ ਕਾਫੀ ਦੇਰ ਪਹਿਲਾਂ ਇਕ ਸੰਧੀ ਅਧੀਨ ਰਾਜ ਘਰਾਣੇ ਨੂੰ ਇਕ ਕਰ ਲਿਆ ਸੀ। ਦੋਵਾਂ ਦੇਸ਼ਾਂ ਦਾ ਸਾਂਝਾ ਨਾਂ ਆਸਟਰੀਆ-ਹੰਗਰੀ ਰੱਖ ਲਿਆ। ਇਸ ਰਾਜ ਕੁਮਾਰ ਨੇ ਗੱਦੀ 'ਤੇ ਬੈਠਣਾ ਸੀ। ਇਸ ਦੇ ਕਤਲ ਨੇ ਲੜਾਈ ਦਾ ਮੁੱਢ ਬੰਨ੍ਹ ਦਿੱਤਾ। ਯੂਰਪ ਦੇ ਦੇਸ਼ਾਂ ਦੀਆਂ ਆਪਸ ਵਿਚ ਸੰਧੀਆਂ ਕੀਤੀਆਂ ਹੋਈਆਂ। ਫਰਾਂਸ, ਰੂਸ, ਬ੍ਰਿਟੇਨ, ਇਟਲੀ, ਜਪਾਨ ਆਦਿ ਇਕ ਗਰੁੱਪ 'ਚ ਐ। ਔਟੋਮਨ ਸਾਮਰਾਜ ਦੇ ਦੇਸ਼ ਜਿਵੇਂ ਆਸਟਰੀਆ-ਹੰਗਰੀ,ਟਰਕੀ, ਬੋਸਨੀਆ, ਸਰਬੀਆ, ਚੈਕ੍, ਜੋਰਜੀਆ ਤੇ ਜਰਮਨੀ, ਬੁਲਗਾਰੀਆ ਇਕ ਗੁੱਟ 'ਚ ਐ। ਲੜਾਈ ਨਾਲ ਸਾਰੇ ਦੇਸ਼ਾਂ ਦੀਆਂ ਫੌਜਾਂ 'ਚ ਹਿੱਲ-ਜੁਲ ਸ਼ੁਰੂ ਹੋ ਗਈ ਐ। ਜਰਮਨੀ ਨੇ ਰੂਸ ਨੂੰ ਆਪਣੀਆਂ ਫੌਜਾਂ ਨੂੰ ਹਰਕਤ ਵਿਚ ਨਾ ਆਉਣ ਲਈ ਕਿਹਾ ਤਾਂ ਰੂਸ ਨੇ ਮੰਨਣ ਤੋਂ ਨਾਂਹ ਕਰ ਦਿੱਤੀ। ਜਰਮਨੀ ਨੇ ਫਰਾਂਸ 'ਤੇ ਹਮਲਾ ਕਰ ਦਿੱਤਾ ਤੇ ਬ੍ਰਿਟੇਨ ਨੇ ਫਰਾਂਸ ਦੀ ਮਦਦ ਦਾ ਐਲਾਨ ਕਰ ਦਿੱਤਾ। ਬੱਸ ਹੁਣ ਇਹ ਸੰਸਾਰ ਜੰਗ 28 ਜੁਲਾਈ ਨੂੰ ਸ਼ੁਰੂ ਹੋ ਗਈ ਐ। ਉਦੋਂ ਤੋਂ ਬੈਂਕ ਵਿਚ ਬਹੁਤ ਕੰਮ ਐ।" ਜੇਮਜ਼ ਨੇ ਦੱਸਿਆ।

"ਤੇਰੇ ਖਿਆਲ 'ਚ ਲੜਾਈ ਕਿੰਨ੍ਹਾ ਕੁ ਚਿਰ ਚੱਲ ਸਕਦੀ ਐ?" ਫਰੈਡ ਨੇ ਸਵਾਲ ਕੀਤਾ।

"ਕਹਿਣਾ ਮੁਸ਼ਕਲ ਐ। ਬਹੁਤਿਆਂ ਸਿਆਸੀ ਪੰਡਤਾਂ ਦਾ ਖਿਆਲ ਤਾਂ ਦਸੰਬਰ ਤੱਕ ਲੜਾਈ ਖਤਮ ਹੋ ਜਾਣ ਦਾ ਐ। ਅੱਗੇ ਵੇਖੋ!" ਉਹਨਾਂ ਨੇ ਲੰਚ ਖਤਮ ਕਰ ਲਿਆ ਸੀ ਤੇ ਉਹ ਆਪਣੇ ਆਪਣੇ ਦਫ਼ਤਰਾਂ ਨੂੰ ਚਲੇ ਗਏ।

ਦਿਨੋ ਦਿਨ ਹਾਲਾਤ ਬਦਲਦੇ ਗਏ। ਬ੍ਰਿਟੇਨ ਦੀ ਸਰਕਾਰ ਨੇ ਟਰੇਡ ਯੂਨੀਅਨ ਦੇ ਲੀਡਰਾਂ ਨਾਲ ਗੱਲ-ਬਾਤ ਕੀਤੀ ਤੇ ਉਹਨਾਂ ਨੂੰ ਰਾਸ਼ਟਰਵਾਦ ਦਾ ਵਾਸਤਾ ਪਾਇਆ। ਬਹੁਤ ਸਾਰੀਆਂ ਟਰੇਡ ਯੂਨੀਅਨਾਂ ਨੇ ਆਪਣੇ ਲੀਡਰਾਂ ਦੀ ਗੱਲ ਮੰਨ ਕੇ ਹੜਤਾਲਾਂ ਬੰਦ ਕਰਨ ਦਾ ਐਲਾਨ ਕਰ ਦਿੱਤਾ। ਪੈਂਕਹਰਸਟ, ਜਿਸ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ ਸੀ, ਨੇ ਵੀ ਆਪਣੀ ਜਥੇਬੰਦੀ ਨੂੰ ਹੜਤਾਲਾਂ ਅਤੇ ਮੁਜ਼ਾਹਾਰੇ ਕਰਨ ਦੀ ਥਾਂ ਲੜਾਈ

ਵਿਚ ਉਲਝੀ ਸਰਕਾਰ ਦਾ ਸਾਥ ਦੇਣ ਲਈ ਮੀਟਿੰਗਾਂ ਕੀਤੀਆਂ। ਬਹੁਤ ਸਾਰੇ ਮਾਰਕਸਵਾਦੀ ਸੋਚ ਵਾਲੇ ਅਤੇ ਕੁਝ ਹੋਰ ਜਥੇਬੰਦੀਆਂ ਲੜਾਈ ਦਾ ਵਿਰੋਧ ਕਰ ਰਹੀਆਂ ਸਨ।

ਜਿਹੜੇ ਰੀਜ਼ਰਵ ਫੈਕਟਰੀਆਂ ਵਿਚ ਕੰਮ ਕਰਦੇ ਸਨ ਉਹਨਾਂ ਸਭ ਨੂੰ ਫੌਜ ਵਿਚ ਬੁਲਾ ਲਿਆ ਤੇ ਫੈਕਟਰੀਆਂ ਵਿਚ ਕੰਮ ਕਰਨ ਲਈ ਔਰਤਾਂ ਭਰਤੀ ਕਰਨ ਲੱਗੇ। ਔਰਤਾਂ ਨੂੰ ਘਰੇਲੂ ਨੌਕਰੀਆਂ ਕਰਨ ਨਾਲੋਂ ਫੈਕਟਰੀਆਂ ਵਿਚ ਵੱਧ ਪੈਸੇ ਮਿਲਦੇ ਸਨ। ਬਹੁਤੀਆਂ ਔਰਤਾਂ ਦੇ ਪਤੀ ਫੌਜ ਵਿਚ ਸਨ ਸੋ ਘਰ ਚਲਾਉਣ ਲਈ ਉਹਨਾਂ ਲਈ ਕੰਮ ਕਰਨਾ ਹੋਰ ਵੀ ਜ਼ਰੂਰੀ ਬਣ ਗਿਆ ਸੀ। ਲੜਾਈ ਦੇ ਦਿਨਾਂ ਵਿਚ ਫੌਜੀ ਸਮਾਨ ਬਣਾਉਣ ਵਾਲੀਆਂ ਫੈਕਟਰੀਆਂ ਬਹੁਤ ਵਿਅੱਸਤ ਸਨ।

ਕੁਝ ਫੌਜੀਆਂ ਨੂੰ ਅੱਗੇ ਪਿੱਛੇ ਜਾਣ ਅਤੇ ਸੁਨੇਹੇ ਲੈ ਜਾਣ ਵਰਗੇ ਕੰਮਾਂ ਲਈ ਸਾਈਕਲ ਦਿੱਤੇ ਗਏ। ਉਸ ਤੋਂ ਬਾਅਦ ਤਾਂ ਲੜਾਈ ਦੇ ਖ਼ਤਮ ਹੋਣ ਤੋਂ ਪਹਿਲਾਂ ਮੋਟਰਸਾਈਕਲ ਤੇ ਮੋਟਰ ਗੱਡੀਆਂ ਵੀ ਫੌਜ ਨੂੰ ਦਿੱਤੀਆਂ ਗਈਆਂ ਸਨ। ਬੱਘੀਆਂ ਤੇ ਘੋੜਾ ਗੱਡੀਆਂ ਤਾਂ ਪਹਿਲਾਂ ਹੀ ਸਨ। ਫੌਜੀਆਂ ਦੇ ਮਰਨ ਅਤੇ ਜ਼ਖਮੀ ਹੋਣ ਦੀਆਂ ਖ਼ਬਰਾਂ ਆਉਣ ਲੱਗੀਆਂ। ਜਿਸ ਨੂੰ ਵੀ ਖ਼ਬਰ ਦਾ ਪਤਾ ਲਗਦਾ ਉਹ ਹੀ ਉਦਾਸ ਹੋ ਜਾਂਦਾ। ਦਿਨੋ ਦਿਨ ਲੋਕਾਂ ਦੇ ਚਿਹਰਿਆਂ 'ਤੇ ਉਦਾਸੀ ਛਾਉਣ ਲੱਗੀ।

1914 ਦੀ ਕ੍ਰਿਸਮਸ ਬਹੁਤ ਉਦਾਸ ਸੀ। ਲੋਕਾਂ ਨੇ ਕ੍ਰਿਸਮਸ ਨੂੰ ਲੜਾਈ ਖਤਮ ਹੋਣ ਦੀਆਂ ਅਰਦਾਸਾਂ ਕੀਤੀਆਂ। ਜਿਹਨਾਂ ਦੇ ਪੁੱਤ, ਪਤੀ ਜਾਂ ਭਰਾ ਲੜਾਈ ਦੀ ਭੇਂਟ ਚੜ੍ਹ ਗਏ ਸਨ ਉਹਨਾਂ ਦੇ ਘਰਾਂ ਵਿਚ ਭਾਂਵੇਂ ਮਾੜਾ ਮੋਟਾ ਚਾਨਣ ਸੀ ਪਰ ਉਹਨਾਂ ਦੇ ਦਿਲਾਂ ਅਤੇ ਜ਼ਿੰਦਗੀਆਂ ਵਿਚ ਕਦੇ ਵੀ ਨਾ-ਛਟਣ ਵਾਲਾ ਹਨ੍ਹੇਰਾ ਛਾਅ ਗਿਆ ਸੀ। ਕੁਝ ਬੱਚੇ ਅਜਿਹੇ ਸਨ ਜਿਹਨਾਂ ਨੇ ਆਪਣੇ ਪਿਤਾ ਨੂੰ ਮੁੜ ਕਦੇ ਨਹੀਂ ਸੀ ਵੇਖਣਾ। ਬਹੁਤੇ ਲੋਕਾਂ ਨੂੰ ਪਤਾ ਨਹੀਂ ਸੀ ਲਗਦਾ ਆਖਰ ਇਹ ਲੜਾਈ ਕਿਉਂ ਹੋ ਰਹੀ ਸੀ? ਲੋਕਾਂ ਦੀ ਉਮੀਦ ਦੇ ਉਲਟ ਆਉਣ ਵਾਲਾ ਸਮਾਂ ਹੋਰ ਵੀ ਭਿਆਨਕ ਸੀ।

-----------

1915 ਦਾ ਨਵਾਂ ਸਾਲ ਹੋਰ ਵੀ ਮਾੜੀਆਂ ਖਬਰਾਂ ਲੈ ਕੇ ਆਇਆ। 19 ਜਨਵਰੀ ਨੂੰ ਜਰਮਨੀ ਨੇ ਬ੍ਰਿਟੇਨ ਦੇ ਸ਼ਹਿਰ 'ਗਰੇਟ ਯਾਰਮਥ' ਅਤੇ ਕਿੰਗਜ਼ ਲਿੰਨ 'ਤੇ ਹਵਾਈ ਹਮਲਾ ਕੀਤਾ। ਜਰਮਨੀ ਦੇ ਬਣੇ ਦੋ ਜਹਾਜ਼ 60 ਮੀਲ ਪ੍ਰਤੀ ਘੰਟੇ ਦੀ ਗਤੀ ਨਾਲ ਬ੍ਰਿਟੇਨ ਪਹੁੰਚੇ। ਸ਼ਾਮ ਦੇ ਸਾਢੇ ਕੁ ਅੱਠ ਵਜੇ 'ਗਰੇਟ ਯਾਰਮਥ' ਦੇ ਲੋਕ ਸੜਕਾਂ 'ਤੇ ਵੱਡੀ ਗਿਣਤੀ ਵਿਚ ਸਨ। ਪਹਿਲਾਂ ਕਿਸੇ ਨੇ ਹਵਾਈ ਜਹਾਜ਼ ਘੱਟ ਹੀ ਵੇਖਿਆ ਸੀ। ਲੋਕਾਂ ਦੇ ਹਜੂਮ 'ਤੇ ਬੰਬ ਸੁੱਟੇ ਗਏ। ਇਕ ਬਿਜਲੀ ਦੇ ਇੰਜਨੀਅਰ ਨੇ ਸਾਰੀਆਂ ਬੱਤੀਆਂ ਬੰਦ ਕਰ ਦਿੱਤੀਆਂ ਸਨ ਜਿਸ ਨਾਲ ਨੁਕਸਾਨ ਘੱਟ ਹੋਇਆ। ਕੁਝ ਬੰਬ ਫਟਣ ਤੋਂ ਇਨਕਾਰੀ ਹੋ ਗਏ ਸਨ। ਫਿਰ ਵੀ ਜਿਹੜੇ ਫਟੇ ਉਹ ਤਿੰਨ ਕੁ ਜ਼ਿੰਦੜੀਆਂ ਦਾ ਨੁਕਸਾਨ ਕਰ ਗਏ। ਇਸ ਨਾਲ ਲੋਕਾਂ ਦੇ ਦਿਲਾਂ ਵਿਚ ਹਵਾਈ ਹਮਲੇ ਦਾ ਸਹਿਮ ਜ਼ਰੂਰ ਬਣ ਗਿਆ। 22 ਅਪ੍ਰੈਲ ਨੂੰ ਜਰਮਨੀ ਨੇ ਪਹਿਲੀ ਵਾਰ ਲੜਾਈ ਵਿਚ ਜ਼ਹਿਰੀਲੀ ਗੈਸ (ਕਲੋਰੀਨ) ਦਾ ਪ੍ਰਯੋਗ ਕੀਤਾ।

ਮਈ ਦੇ ਮਹੀਨੇ ਲਿਬਰਲ ਸਰਕਾਰ ਟੁੱਟ ਗਈ ਪਰ ਕੰਜ਼ਰਵਟਿਵ ਆਪਣੀ ਸਰਕਾਰ ਨਾ ਬਣਾ ਸਕੇ। ਲਿਬਰਲ ਤੇ ਕੰਜ਼ਰਵੇਟਿਵ ਨੇ ਸਾਂਝੀ ਸਰਕਾਰ ਬਣਾਈ ਜਿਸ ਵਿਚ ਮੁੱਖ ਭੂਮਿਕਾ ਲਿਬਰਲ ਦੀ ਹੀ ਰਹੀ।

"ਸਕੌਟ ਆਪਣਾ ਪਾਸਪੋਰਟ ਨਵਾਂ ਬਣਾ ਲੈ ਹੁਣ ਪਾਸਪੋਰਟ 'ਤੇ ਪਹਿਲੀ ਫਰਵਰੀ (1915) ਤੋਂ ਫੋਟੋ ਲਾਉਣੀ ਜ਼ਰੂਰੀ ਹੋ ਗਈ ਹੈ।" ਜੇਮਜ਼ ਨੇ ਸਕੌਟ ਨੂੰ ਫੋਨ 'ਤੇ ਗੱਲ ਕਰਦਿਆਂ ਕਿਹਾ।

"ਜੇਮਜ਼ ਅੱਜ ਅਖ਼ਬਾਰ 'ਚ ਐ ਬਈ ਇੰਡੀਆ ਨੂੰ ਆਜ਼ਾਦ ਕਰਾਉਣ ਲਈ ਬਹੁਤ ਸਾਰੇ ਹਿੰਦੀ ਕਨੈਡਾ ਤੇ ਅਮਰੀਕਾ ਤੋਂ ਵਾਪਿਸ ਜਾ ਰਹੇ ਐ। ਇਹ ਤਾਂ ਖਤਰੇ ਵਾਲੀ ਗੱਲ ਐ।"

"ਸਕੌਟ, ਅਮਰੀਕਾ ਕੈਨੇਡਾ ਹੀ ਨਹੀਂ ਜਪਾਨ, ਚੀਨ ਤੇ ਹੋਰ ਦੇਸ਼ਾ ਤੋਂ ਵੀ ਇਹ ਲੋਕ ਜਾ ਰਹੇ ਐ। ਇਹਨਾਂ ਨੇ ਗਦਰ ਪਾਰਟੀ ਬਣਾਈ ਐ ਸਰਕਾਰ ਨਾਲ ਲੜਾਈ ਕਰਕੇ ਅਜ਼ਾਦੀ ਲੈਣੀ ਚਾਹੁੰਦੇ ਐ। ਪਰ ਸਰਕਾਰ ਇਹਨਾਂ ਨੂੰ ਜਹਾਜ਼ੋਂ ਉਤਰਦਿਆਂ ਨੂੰ ਫੜ ਲੈਂਦੀ ਐ। ਬਹੁਤੇ ਫਿਕਰ ਵਾਲੀ ਗਲ ਨਹੀਂ ਲਗਦੀ। ਸਰਕਾਰ ਦੀ ਸਖ਼ਤੀ ਬਹੁਤ ਐ।" ਘਰੇਲੂ ਗੱਲਾਂ ਦੇ ਨਾਲ ਹੀ ਲੋਕ ਅਜਿਹੀਆਂ ਗੱਲਾਂ ਵੀ ਸਾਂਝੀਆਂ ਕਰ ਲੈਂਦੇ।

ਸਾਰਾ ਸਾਲ ਲੜਾਈ ਦੀਆਂ ਜਿੱਤਾਂ-ਹਾਰਾਂ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ। ਲੋਕ ਖ਼ਬਰ ਅਨੁਸਾਰ ਹੀ ਖੁਸ਼ੀ 'ਤੇ ਗਮੀ ਦਾ ਇਜ਼ਹਾਰ ਕਰਦੇ ਰਹਿੰਦੇ।

ਮੈਗੀ ਨੇ ਇਕ ਦਿਨ ਵਿਲੀਅਮ ਤੇ ਸਕੌਟ ਦੇ ਨਾਲ ਹੀ ਜੇਮਜ਼ ਦੇ ਪਰਿਵਾਰ ਨੂੰ ਵੀ ਖਾਣੇ 'ਤੇ ਸੱਦਿਆ। ਗੱਲਾਂ ਦਾ ਸਿਲਸਲਾ ਚੱਲਣ ਲੱਗਾ।

"ਮੈਗੀ ਤੇਰੀ ਜਥੇਬੰਦੀ ਦੀਆਂ ਅੱਧੀਆਂ ਗੱਲਾਂ ਤਾਂ ਸਰਕਾਰ ਨੇ ਮੰਨ ਹੀ ਲਈਆਂ। ਹੁਣ ਤਾਂ ਔਰਤਾਂ ਨੂੰ ਖ਼ੁਸ਼ ਹੋਣਾ ਚਾਹੀਦਾ।" ਜੇਮਜ਼ ਨੇ ਵਾਈਨ ਦਾ ਘੁੱਟ ਭਰਦਿਆਂ ਕਿਹਾ।

"ਕਿਹੜੀਆਂ ਮੰਗਾਂ ਜੇਮਜ਼?" ਮੈਗੀ ਨੇ ਹੈਰਾਨੀ ਜ਼ਾਹਰ ਕਰਦਿਆਂ ਪੁੱਛਿਆ।

"ਔਰਤਾਂ ਨੂੰ ਫੈਕਟਰੀਆਂ 'ਚ ਆਦਮੀਆਂ ਦੇ ਬਰਾਬਰ ਤਨਖਾਹ ਦਾ ਬਿਲ ਵੀ ਗੌਰਮਿੰਟ ਨੇ ਪਾਸ ਕਰ ਦਿੱਤਾ ਐ। 20 ਅਕਤੂਬਰ ਤੋਂ ਜਨਾਨੀਆਂ ਕਨੂੰਨੀ ਬੱਸ ਤੇ ਟਰਾਮ ਕੰਡਕਟਰ ਦੀ ਨੌਕਰੀ ਕਰ ਸਕਦੀਆਂ।" ਜੇਮਜ਼ ਨੇ ਮੁਸਕਰਾਉਂਦਿਆਂ ਕਿਹਾ।

"ਜੇਮਜ਼, ਫੈਕਟਰੀਆਂ ਵਿਚ ਆਦਮੀਆਂ ਬਰਾਬਰ ਤਨਖਾਹ ਦਾ ਕਨੂੰਨ ਤਾਂ ਸਿਰਫ ਲੜਾਈ ਦੌਰਾਨ ਹੀ ਲਾਗੂ ਹੋ ਰਿਹਾ। ਲੜਾਈ ਤੋਂ ਬਾਅਦ ਫੇਰ ਗੱਲ ਪਹਿਲਾਂ ਵਾਲੀ ਬਣ ਜਾਣੀ ਐ। ਕੰਡਕਟਰ ਵਾਲੀ ਗੱਲ ਤਾਂ ਜਦ ਨੌਕਰੀਆਂ ਲਈ ਬੰਦੇ ਨਹੀਂ ਤਾਂ ਕੰਮ ਚਲਾਉਣ ਲਈ ਔਰਤਾਂ ਨੂੰ ਅੱਗੇ ਲਿਆਂਦਾ। ਅਸਲ 'ਚ ਧਿਆਨ ਦੇਣ ਵਾਲੀ ਗੱਲ ਐ ਕਿ ਮਾਲਕ ਮਕਾਨਾਂ ਨੇ ਲੜਾਈ ਦੌਰਾਨ ਘਰਾਂ ਦੇ ਕਿਰਾਏ ਅਸਮਾਨੀ ਚਾੜ੍ਹ ਦਿੱਤੇ ਐ। ਇਕ ਪਾਸੇ ਉਹ ਦੇਸ਼ ਭਗਤੀ ਦੀਆਂ ਟਾਹਰਾਂ ਮਾਰਦੇ ਐ ਦੂਜੇ ਪਾਸੇ 'ਕੱਲੀਆਂ ਔਰਤਾਂ ਨੂੰ ਕਿਰਾਏ ਦੇਣੇ ਮੁਸ਼ਕਲ ਹੋਏ ਪਏ ਐ ਜਿਹਨਾਂ ਦੇ ਪਤੀ ਲੜਾਈ ਵਿਚ ਜਾਨਾਂ ਦੀਆਂ ਕੁਰਬਾਨੀਆਂ ਦੇ ਰਹੇ ਐ।" ਮੈਗੀ ਦੇ ਬੁੱਲ੍ਹਾਂ 'ਤੇ ਤਾਅਨੇ ਵਾਲੀ ਮੁਸਕਰਾਹਟ ਸੀ।

ਅਜੇ ਉਹ ਗੱਲਾਂ ਹੀ ਕਰ ਰਹੇ ਸਨ ਜਿਹਨਾਂ ਦਾ ਜੇਮਜ਼ ਕੋਲ ਕੋਈ ਜਵਾਬ ਨਹੀਂ ਸੀ, ਏਨੇ ਨੂੰ ਵਿਲੀਅਮ ਆ ਗਿਆ।

"ਸਰਕਾਰ ਨੇ ਘਰਾਂ ਦੇ ਕਿਰਾਏ ਲੜਾਈ ਤੋਂ ਪਹਿਲਾਂ ਵਾਲੇ ਲੈਵਲ 'ਤੇ ਹੀ ਪੱਕੇ ਕਰ ਦਿੱਤੇ ਐ ਤੇ ਲੜਾਈ ਦੌਰਾਨ ਕਿਰਾਏ ਵਧਾਏ ਨਹੀਂ ਜਾ ਸਕਣਗੇ।" ਵਿਲੀਅਮ ਇਸ ਕਨੂੰਨ ਨਾਲ ਖੁਸ਼ ਨਹੀਂ ਸੀ ਲਗਦਾ।

"ਮਾਲਕ ਮਕਾਨਾਂ ਨੇ ਵੀ ਲਾਲਚ ਦਾ ਕੋਈ ਹੱਦ ਬੰਨਾ ਨਹੀਂ ਰਹਿਣ ਦਿੱਤਾ। ਅਸਲ 'ਚ ਫਰਵਰੀ ਵਿਚ ਗਲਾਸਗੋ ਦੇ ਮਕਾਨ ਮਾਲਕਾਂ ਨੇ ਕਿਰਾਏ ਚੌਥਾ ਹਿੱਸਾ ਵਧਾ ਦਿੱਤੇ। ਲੋਕਾਂ ਨੇ ਮੀਟਿੰਗਾਂ ਵਿਚ ਕਿਰਾਏ ਨਾ ਦੇਣ ਦਾ ਮਤਾ ਪਾਸ ਕਰ ਦਿਤਾ। 'ਮੇਰੀ ਬਾਰਬਰ' ਨੂੰ ਆਮ ਘਰੇਲੂ ਔਰਤਾਂ ਦੀ ਕਮੇਟੀ ਨੇ ਚੇਅਰਮੈਨ ਚੁਣ ਲਿਆ। ਜਿਸ ਘਰ ਦਾ ਕਿਰਾਇਆ ਵਧਾਇਆ ਜਾਂਦਾ ਤੇ ਘਰ ਖਾਲੀ ਕਰਨ ਦਾ ਨੋਟਿਸ ਦਿੱਤਾ ਜਾਂਦਾ ਤਾਂ ਔਰਤਾਂ ਉਥੇ ਜਾ ਕੇ ਧਰਨਾ ਮਾਰ ਦਿੰਦੀਆਂ। ਅਖ਼ਬਾਰਾਂ 'ਚ ਰੌਲਾ ਪੈ ਗਿਆ। ਅਸਲ ਪੰਗਾ ਤਾਂ ਉਦੋਂ ਪਿਆ ਜਦੋਂ ਇਕ ਫੌਜੀ ਦੀ ਪਤਨੀ ਦਾ ਕਿਰਾਇਆ ਵਧਾਇਆ ਤੇ ਸਾਰੀ ਸਟਰੀਟ ਔਰਤਾਂ ਅਤੇ ਮਰਦਾਂ ਨੇ ਬੱਚਿਆਂ ਦੀਆਂ ਬੱਘੀਆਂ ਨਾਲ ਭਰ ਦਿੱਤੀ। ਹਰ ਬੱਘੀ ਵਿਚ ਘੱਟੋ ਘੱਟ ਇਕ ਬੱਚਾ ਜ਼ਰੂਰ ਸੀ ਤੇ ਸਾਰੀ ਗਲੀ ਰੋਕ ਲਈ। ਕੁਰਕੀ ਕਰਨ ਲਈ ਆਏ ਅਫਸਰਾਂ ਨੂੰ ਬੇਰੰਗ ਮੁੜਨਾ ਪਿਆ। ਲੋਕਲ ਮਜ਼ਦੂਰ ਯੂਨੀਅਨਾਂ ਨੇ ਵੀ ਹੜਤਾਲ ਦਾ ਡਰਾਵਾ ਦਿੱਤਾ ਤਾਂ ਸਰਕਾਰ ਨੂੰ ਕਨੂੰਨ ਬਣਾਉਣਾ ਪਿਆ।" ਮੈਗੀ ਨੇ ਵਿਸਥਾਰ ਨਾਲ ਦੱਸਿਆ। ਬਾਕੀ ਸਾਰੇ ਚੁੱਪ ਸੁਣਦੇ ਰਹੇ।

"ਜੇ ਸੋਚੋ ਤਾਂ ਸਾਰਾ ਸਮਾਜ ਹੀ ਬਦਲ ਗਿਆ। ਸਰਕਾਰ ਨੇ ਕਨੂੰਨ ਹੀ ਅਜਿਹੇ ਲਾਗੂ ਕਰ ਦਿੱਤੇ ਐ।" ਮੈਗੀ ਨੇ ਗੱਲ ਅੱਗੇ ਤੋਰੀ।

"ਹਾਂ ਇਹ ਤਾਂ ਠੀਕ ਐ," ਜੇਮਜ਼ ਨੇ ਪ੍ਰੋੜਤਾ ਕੀਤੀ, "ਹੁਣ ਤਾਂ ਸਰਕਾਰ ਜਦ ਚਾਹੇ ਜਿਹੜੀ ਵੀ ਚਾਹੇ ਫੈਕਟਰੀ 'ਤੇ ਕਬਜ਼ਾ ਕਰ ਸਕਦੀ ਐ। ਆਮ ਲੋਕਾਂ ਵਿਚ ਮਿਲਟਰੀ ਬਾਰੇ ਕੋਈ ਗੱਲ ਨਹੀਂ ਕਰ ਸਕਦੇ। ਕਰਫਿਊ ਤੇ ਸੈਂਸਰਸ਼ਿਪ ਲਗਾ ਦਿੱਤੀ ਐ। ਪੱਬ ਖੁੱਲ੍ਹਣ ਦੇ ਸਮੇਂ ਵਿਚ ਕਟੌਤੀ ਕਰ ਦਿੱਤੀ ਐ। ਬਹੁਤ ਫ਼ਰਕ ਪੈ ਗਿਆ।"

"ਜੇਮਜ਼ ਜਿਹੜੇ ਇਮੀਗਰੈਂਟ ਦਹਾਕਿਆਂ ਤੋਂ ਏਥੇ ਰਹਿ ਰਹੇ ਐ ਉਹਨਾਂ ਲਈ ਰਜਿਸਟਰ ਹੋਣਾ ਤੇ ਜੇ ਉਹ ਪੰਜ ਮੀਲ ਦੇ ਏਰੀਏ ਤੋਂ ਬਾਹਰ ਜਾਣਾ ਚਾਹੁੰਦੇ ਐ ਤਾਂ ਉਹਨਾਂ ਲਈ ਪਰਮਿਟ ਲੈਣਾ ਜ਼ਰੂਰੀ ਐ। ਕੁਝ ਏਰੀਏ ਅਜਿਹੇ ਨੇ ਜਿਥੇ ਉਹ ਜਾ ਹੀ ਨਹੀਂ ਸਕਦੇ। ਹੋਰ ਤਾਂ ਹੋਰ ਜੇ ਕੋਈ ਲੜਾਈ ਦੇ ਵਿਰੁੱਧ ਗੱਲ ਕਰਦਾ ਤਾਂ ਉਹਨੂੰ 'ਜਰਮਨ ਜਸੂਸ' ਦਾ ਠੱਪਾ ਲਾ ਦਿੱਤਾ ਜਾਂਦਾ ਐ। ਲੋਕਾਂ ਦੀਆਂ ਆਮ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ।" ਮੈਗੀ ਨੇ ਦਲੀਲ ਦਿੱਤੀ।

"ਪਰ ਸਰਕਾਰ ਨੇ ਬਹੁਤੇ ਟੈਕਸ ਨਹੀਂ ਲਾਏ। ਚੀਜ਼ਾਂ ਦਾ ਵੀ ਐਨਾ ਮਾੜਾ ਹਾਲ ਨੀ ਜਿੰਨਾ ਜਰਮਨੀ ਤੇ ਫਰਾਂਸ ਵਿਚ ਐ।" ਵਿਲੀਅਮ ਬੋਲਿਆ।

ਮੈਗੀ ਕਿਚਨ ਵਿਚ ਖਾਣੇ ਦਾ ਪਤਾ ਕਰਨ ਚਲੀ ਗਈ।

44

11 ਨਵੰਬਰ 1918 ਵਿਚ ਲੜਾਈ ਬੰਦ ਹੋ ਗਈ। ਨੱਬੇ ਲੱਖ ਫੌਜੀ ਜਵਾਨ ਤੇ ਇਕ ਕਰੋੜ ਵੀਹ ਲੱਖ ਸਿਵਲੀਅਨ ਲੜਾਈ ਵਿਚ ਮਾਰੇ ਗਏ ਸਨ। ਦੋ ਕਰੋੜ ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਦਸ ਲੱਖ ਦੇ ਕਰੀਬ ਤਾਂ ਬ੍ਰਿਟੇਨ ਦੇ ਫੌਜੀ ਹੀ ਮਾਰੇ ਗਏ ਸਨ।

ਇਸ ਲੜਾਈ ਨੇ 208 ਬਿਲੀਅਨ ਡਾਲਰ ਡਕਾਰ ਲਏ ਸਨ ਤੇ ਮੰਦਵਾੜਾ ਸਿਰਾਂ 'ਤੇ ਲਹਿਰਾ ਰਿਹਾ ਸੀ। ਏਨੀ ਵੱਡੀ ਰਕਮ ਨਾਲ ਆਮ ਲੋਕਾਂ ਦੀਆਂ ਜ਼ਿੰਦਗੀਆਂ ਬਹੁਤ ਹੱਦ ਤੱਕ ਸੁਧਰ ਸਕਦੀਆਂ ਸਨ। 6 ਅਪ੍ਰੈਲ 1917 ਨੂੰ ਅਮਰੀਕਾ ਵੀ ਜੰਗ ਵਿਚ ਸ਼ਾਮਲ ਹੋ ਗਿਆ ਸੀ ਤੇ ਬ੍ਰਿਟੇਨ ਅਤੇ ਫਰਾਂਸ ਦੇ ਹੱਕ ਵਿਚ ਆ ਗਿਆ ਸੀ। ਬ੍ਰਿਟੇਨ ਨੇ ਲੋਕਾਂ 'ਤੇ ਬਹੁਤੇ ਸਿੱਧੇ ਟੈਕਸ ਲਾਉਣ ਦੀ ਥਾਂ ਅਮਰੀਕਾ ਤੋਂ ਕਰਜ਼ਾ ਲਿਆ ਸੀ। ਫਰਾਂਸ ਵੀ ਅਮਰੀਕਾ ਦਾ ਕਰਜ਼ਈ ਸੀ। ਜੰਗ ਨੇ ਫਰਾਂਸ, ਜਰਮਨੀ ਅਤੇ ਰੂਸ ਦੇ ਉਤਪਾਦਨ ਦਰ ਵਿਚ ਤਕਰੀਬਨ 27% ਕਮੀ ਲਿਆਂਦੀ। ਬ੍ਰਿਟੇਨ ਦਾ ਉਤਪਾਦਨ 7% ਵਧ ਗਿਆ ਸੀ।

ਜੰਗ ਦੇ ਬੰਦ ਹੁੰਦਿਆਂ ਹੀ ਲੇਬਰ ਪਾਰਟੀ ਕੁਲੀਸ਼ਨ ਸਰਕਾਰ ਤੋਂ ਬਾਹਰ ਆ ਗਈ ਤੇ ਸਰਕਾਰ ਟੁੱਟ ਗਈ। 14 ਦਸੰਬਰ ਵਿਚ ਨਵੀਆਂ ਚੋਣਾ ਹੋਣ ਦਾ ਐਲਾਨ ਹੋ ਗਿਆ। ਪਹਿਲੀ ਵਾਰ ਬ੍ਰਿਟੇਨ ਵਿਚ ਔਰਤਾਂ ਨੂੰ ਵੋਟ ਦਾ ਹੱਕ ਮਿਲਿਆ ਤੇ ਪਹਿਲੀ ਵਾਰ ਹੀ ਔਰਤਾਂ ਨੂੰ ਪਾਰਲੀਮੈਂਟ ਦੀ ਚੋਣ ਲੜਨ ਦਾ ਅਧਿਕਾਰ ਮਿਲਿਆ। ਲੋਕਾਂ ਲਈ ਜ਼ਿੰਦਗੀ ਬਹੁਤ ਔਖੀ ਹੋ ਗਈ ਸੀ। ਜੰਗ ਤੋਂ ਵਾਪਿਸ ਆਏ ਰੀਜਰਵ ਫੌਜੀਆਂ ਲਈ ਨੌਕਰੀਆਂ ਪਹਿਲ 'ਤੇ ਅਧਾਰ 'ਤੇ ਦਿੱਤੀਆਂ ਜਾ ਰਹੀਆਂ ਸਨ। ਮੰਦਵਾੜੇ ਦੇ ਅਸਾਰ ਕੋਈ ਲੁਕੇ ਛਿਪੇ ਨਹੀਂ ਸਨ। ਕਾਰਖਾਨੇਦਾਰਾਂ ਨੇ ਔਰਤਾਂ ਨੂੰ ਕੰਮਾਂ ਤੋਂ ਜਵਾਬ ਦੇ ਕੇ ਆਦਮੀਆਂ ਨੂੰ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ।

ਲਿਬਰਲ ਪਾਰਟੀ ਨੂੰ ਉਸ ਵੇਲੇ ਪਤਾ ਨਹੀਂ ਸੀ ਕਿ ਪਿਛਲੀ ਸਰਕਾਰ ਉਸ ਦੀ ਆਖ਼ਰੀ ਸਰਕਾਰ ਹੋ ਨਿਬੜੇਗੀ ਤੇ ਲਿਬਰਲ ਦੀ ਥਾਂ ਲੇਬਰ ਦੀ ਤੂਤੀ ਬੋਲਣੀ ਸ਼ੁਰੂ ਹੋ ਜਾਵੇਗੀ। ਸਮਾਜ ਅਤੇ ਦੇਸ਼ ਵਿਚ ਬਹੁਤ ਕੁਝ ਬਦਲ ਗਿਆ ਸੀ। ਔਰਤਾਂ ਨੇ ਫਰਵਰੀ 1917 ਵਿਚ 'ਵੋਮਨ ਲੈਂਡ ਆਰਮੀ' ਬਣਾ ਲਈ ਸੀ। ਇਹ ਔਰਤਾਂ ਘਰਾਂ ਜਾਂ ਫੈਕਟਰੀਆਂ ਦੀ ਥਾਂ ਫਾਰਮਾਂ ਵਿਚ ਕੰਮ ਕਰਨ ਲੱਗੀਆਂ ਸਨ। ਫਾਰਮਾਂ ਵਿਚ ਲੇਬਰ ਦੀ ਘਾਟ ਸੀ ਤੇ ਔਰਤਾਂ ਫ਼ਲ ਤੋੜਣ ਤੇ ਗਊਆਂ ਦਾ ਦੁੱਧ ਚੋਣ ਵਰਗੇ ਕੰਮ ਕਰਦੀਆਂ।

ਇਸੇ ਸਮੇਂ ਰੂਸ ਦੀ ਸਰਕਾਰ ਬੁਰੀ ਤਰ੍ਹਾਂ ਨਾਲ ਘਿਰੀ ਹੋਈ ਸੀ। ਬਾਹਰ ਉਸ ਨੂੰ ਜੰਗ ਲੜਨੀ ਪੈ ਰਹੀ ਸੀ ਤੇ ਅੰਦਰ ਮਜ਼ਦੂਰ ਬਗਾਵਤ ਸਿਰ ਚੁੱਕੀ ਖੜ੍ਹੀ ਸੀ। ਰੂਸ ਦੀ ਸਰਕਾਰ ਨੂੰ ਬਾਲਸ਼ਵਿਕਾਂ ਦੀ ਵਧ ਰਹੀ ਤਾਕਤ ਦਾ ਖ਼ਤਰਾ ਸੀ। ਰੂਸ ਦੀ ਸਰਕਾਰ ਅੰਦਰੂਨੀ ਬਗਾਵਤ ਦੀ ਹਾਲਤ ਵਿਚ ਜ਼ਾਰ ਨੂੰ ਕਿਸੇ ਸੁਰੱਖਿਅਤ ਦੇਸ਼ ਵਿਚ ਪਨਾਹ ਦੀ ਭਾਲ ਕਰ ਰਹੀ ਸੀ। ਰੂਸ ਦਾ ਜ਼ਾਰ ਅਤੇ ਬ੍ਰਿਟੇਨ ਦਾ ਰਾਜਾ 'ਜੋਰਜ ਪੰਚਮ' ਰਿਸ਼ਤੇ ਵਿਚੋਂ ਭਰਾ ਸਨ ਅਤੇ ਦੋਵਾਂ ਦੀ ਸ਼ਕਲ ਵੀ ਬਹੁਤ ਮਿਲਦੀ ਸੀ। ਰੂਸ ਦੀ ਸਰਕਾਰ ਨੇ ਜ਼ਾਰ ਦੀ ਪਨਾਹ ਲਈ ਬੇਨਤੀ ਕੀਤੀ ਤਾਂ ਜੋਰਜ ਪੰਚਮ ਨੇ ਨਾਂਹ ਕਰ ਦਿੱਤੀ। ਉਸ ਨੂੰ ਡਰ ਸੀ ਕਿਤੇ ਲੋਕ ਉਸ ਦੇ ਖ਼ਿਲਾਫ ਨਾ ਹੋ ਜਾਣ। 17 ਜੁਲਾਈ 1917 ਨੂੰ ਜੋਰਜ ਪੰਚਮ ਨੇ ਐਲਾਨ ਕਰ ਦਿੱਤਾ ਕਿ ਰਾਜ ਘਰਾਣੇ ਦੇ ਸਾਰੇ ਮੈਂਬਰ ਆਪਣਾ ਗੋਤ 'ਵਿੰਡਜ਼ਰ' ਵਰਤਣਗੇ।

ਜੁਲਾਈ ਵਿਚ ਹੀ ਬ੍ਰਿਟੇਨ ਦੀਆਂ 57 ਔਰਤਾਂ ਨੂੰ ਰਸੋਈਏ ਵਜੋਂ ਫੌਜ ਵਿਚ ਕੰਮ ਕਰਨ ਲਈ ਭੇਜਿਆ ਗਿਆ ਤੇ ਬਾਅਦ ਵਿਚ ਮੈਡੀਕਲ ਸਹਾਇਤਾ ਲਈ ਵੀ ਔਰਤਾਂ ਫੌਜ ਵਿਚ ਭਰਤੀ ਹੋਣ ਲੱਗੀਆਂ।

ਲੰਡਨ ਇਹਨਾਂ ਦਿਨਾਂ ਵਿਚ ਦੋ ਵਾਰ ਦਿਨ ਦਿਹਾੜੇ ਜਰਮਨੀ ਦੀ ਹਵਾਈ ਬੰਬਾਰੀ ਦਾ ਸ਼ਿਕਾਰ ਹੋਇਆ। 25 ਮਈ ਨੂੰ ਮਰਨ ਵਾਲਿਆਂ ਦੀ ਸੰਖਿਆ 95 ਤੇ 13 ਜੂਨ ਨੂੰ 162 ਸੀ।

ਫਰਵਰੀ 1917 ਤੋਂ ਹੀ ਰੂਸ ਵਿਚ ਬਾਲਸ਼ਵਿਕਾਂ ਦਾ ਪ੍ਰਭਾਵ ਬਹੁਤ ਹੱਦ ਤੱਕ ਵਧ ਗਿਆ ਸੀ। ਅਕਤੂਬਰ ਵਿਚ ਬਾਲਸ਼ਵਿਕਾਂ ਦੇ ਹੱਥ ਵਿਚ ਤਾਕਤ ਆ ਗਈ ਤੇ ਸੋਵੀਅਤ ਯੂਨੀਅਨ ਦੀ ਸ਼ੁਰੂਆਤ ਹੋਈ। ਭਾਂਵੇਂ ਬਾਲਸ਼ਵਿਕਾਂ ਦੀ ਲਾਲ ਫੌਜ ਨੂੰ ਅਗਲੇ ਕਈ ਸਾਲਾਂ ਤੱਕ ਚਿੱਟੀ ਜ਼ਾਰ ਪੱਖੀ ਫੌਜ ਨਾਲ ਲੜਾਈ ਲੜਨੀ ਪਈ। ਅਕਤੂਬਰ ਇਨਕਲਾਬ ਨੇ ਯੂਰਪ ਦੀਆਂ ਸਰਕਾਰਾਂ ਨੂੰ ਵੀ ਕੰਬਣੀ ਛੇੜ ਦਿੱਤੀ ਸੀ। ਜ਼ਾਰ ਨੂੰ ਉਸ ਦੇ ਪਰਿਵਾਰ ਦੇ ਕੁਝ ਮੈਂਬਰਾਂ ਸਮੇਤ 1918 ਵਿਚ ਕਤਲ ਕਰ ਦਿੱਤਾ ਗਿਆ ਸੀ ਤੇ ਇਸ ਤਰ੍ਹਾਂ ਰੂਸ ਵਿਚ ਜਾਰਸ਼ਾਹੀ ਦਾ ਅੰਤ ਅਤੇ ਸੋਵੀਅਤ ਯੂਨੀਅਨ ਦੀ ਸ਼ੁਰੂਆਤ ਹੋ ਗਈ ਸੀ।

29 ਨਵੰਬਰ ਨੂੰ ਔਰਤਾਂ ਦੀ ਸਮੁੰਦਰੀ ਬੇੜੇ ਵਿਚ ਭਰਤੀ ਲਈ 'ਵੋਮਨ ਰੋਇਲ ਨੇਵਲ ਸਰਵਿਸਜ਼' ਹੋਂਦ ਵਿਚ ਆਈ।

1918 ਵੀ ਅਜਿਹੀਆਂ ਹੀ ਘਟਨਾਵਾਂ ਦਾ ਸ਼ਿਕਾਰ ਸੀ। 29 ਜਨਵਰੀ ਨੂੰ ਲੰਡਨ 'ਤੇ ਇਕ ਵਾਰ ਫਿਰ ਬੰਬਾਂ ਦੀ ਵਰਖਾ ਹੋਈ। ਵੱਡੀ ਘਟਨਾ ਤਾਂ ਪੁਲੀਸ ਦੀ ਹੜਤਾਲ ਸੀ ਜਿਸ ਵਿਚ 30 ਅਗਸਤ ਨੂੰ ਲੰਡਨ ਦੇ ਵੀਹ ਹਜ਼ਾਰ ਪੁਲੀਸ ਕਰਮਚਾਰੀਆਂ ਨੇ ਹਿੱਸਾ ਲਿਆ। ਇਹ ਪੁਲੀਸ ਨੂੰ ਯੂਨੀਅਨ ਬਣਾਉਣ ਦਾ ਹੱਕ ਅਤੇ ਤਨਖਾਹ ਵਿਚ ਵਾਧੇ ਦੀ ਮੰਗ ਕਰ ਰਹੇ ਸਨ। ਸਿੱਟੇ ਵਜੋਂ ਸਰਕਾਰ ਨੇ ਕਨੂੰਨ ਬਣਾ ਕੇ ਪੁਲੀਸ ਕਰਮਚਾਰੀਆਂ ਨੂੰ ਯੂਨੀਅਨ ਬਣਾਉਣ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਗਿਆ।

ਲੋਕਾਂ ਲਈ ਸਭ ਤੋਂ ਵੱਡੀ ਖੁਸ਼ੀ 11ਨਵੰਬਰ ਨੂੰ ਮਿਲੀ ਜਦੋਂ ਇਕ ਸੰਧੀ ਅਧੀਨ ਜੰਗ ਦਾ ਅੰਤ ਹੋ ਗਿਆ ਸੀ। ਬਹੁਤੇ ਸਿਆਸੀ ਹਲਕਿਆਂ ਵਿਚ ਇਹ ਜੰਗ ਬੰਦੀ ਅਸਲ ਵਿਚ ਦੂਜੀ ਜੰਗ ਦੀ ਤਿਆਰੀ ਸੀ।

45

ਸਕੌਟ ਕੋਲ ਜੰਗ ਦੇ ਦਰਮਿਆਨ ਆਰਮੀ ਲਈ ਜੁੱਤੇ ਬਣਾਉਣ ਦਾ ਵੱਡਾ ਆਰਡਰ ਸੀ। ਜੰਗ ਖ਼ਤਮ ਹੋ ਗਈ ਤੇ ਨਾਲ ਹੀ ਰੀਜ਼ਰਵ ਫੌਜੀਆਂ ਨੂੰ ਘਰ ਭੇਜ ਦਿੱਤਾ ਸੀ। ਸਕੌਟ ਕੋਲ ਆਰਡਰ ਸੁੰਗੜ ਗਿਆ। ਮੰਦੇ ਦੇ ਅਸਾਰ ਹਰ ਰੋਜ਼ ਹੋਰ ਸਪੱਸ਼ਟ ਹੋ ਰਹੇ ਸਨ। ਵੈਸੇ ਬਹੁਤ ਸਾਰੇ ਲੋਕਾਂ ਨੇ ਬਥੇਰਾ ਪੈਸਾ ਬਣਾਇਆ ਸੀ। ਹਾਲਾਤ ਨੂੰ ਵੇਖਦਿਆਂ ਸਕੌਟ ਫੈਕਟਰੀ ਵਿਚੋਂ ਕੁਝ ਵਰਕਰਾਂ ਦੀ ਛਾਂਟੀ ਕਰ ਰਿਹਾ ਸੀ।

ਲਿਜ਼ੀ ਦੀ ਮੈਗੀ ਨੇ ਸਿਫਾਰਸ਼ ਕੀਤੀ ਸੀ ਤੇ ਉਹ ਸਕੌਟ ਦੀ ਫੈਕਟਰੀ ਵਿਚ ਹੀ ਕੰਮ ਕਰ ਰਹੀ ਸੀ। ਲੜਾਈ ਵਿਚ ਉਸ ਦਾ ਪਤੀ ਮਾਰਿਆ ਗਿਆ ਸੀ ਤੇ ਲਿਜ਼ੀ ਨੂੰ ਘਰ ਚਲਾਉਣ ਲਈ ਔਖ ਆ ਰਹੀ ਸੀ। ਕੁਝ ਦੇਰ ਦੀ ਜਦੋਜਹਿਦ ਬਾਅਦ ਉਹ ਆਪਣੇ ਸਹੁਰੇ ਤੇ ਸੱਸ ਨਾਲ ਰਹਿਣ ਲਈ ਚਲੀ ਗਈ। ਲਿਜ਼ੀ ਕੰਮ ਕਰਦੀ, ਉਸ ਦੀ ਸੱਸ ਘਰ ਦਾ ਅਤੇ ਬੱਚਿਆਂ ਦਾ ਖਿਆਲ ਰਖਦੀ। ਉਸ ਦਾ ਸਹੁਰਾ ਵੀ ਟੁੱਟਵੇਂ ਜਿਹੇ ਕੰਮ ਕਰਕੇ ਕੁਝ ਨਾ ਕੁਝ ਕਮਾ ਲਿਆਉਂਦਾ। ਜ਼ਿੰਦਗੀ ਨੂੰ ਧੱਕਾ ਦੇਣ ਲਈ ਉਹ ਰਲ ਮਿਲ ਕੇ ਕੋਸ਼ਿਸ਼ ਕਰ ਰਹੇ ਸਨ

ਸਕੌਟ ਨੇ ਲਿਜ਼ੀ ਤੋਂ ਪਿੱਛੋਂ ਆਏ ਸਾਰੇ ਵਰਕਰ ਕਢ ਦਿੱਤੇ ਸਨ। ਅਜੇ ਉਸ ਨੂੰ ਹੋਰ ਛਾਂਟੀ ਦੀ ਲੋੜ ਸੀ। ਲਿਜ਼ੀ ਨੂੰ ਉਹ ਕੱਢਣਾ ਨਹੀਂ ਸੀ ਚਾਹੁੰਦਾ। ਜੇ ਲਿਜ਼ੀ ਨੂੰ ਰੱਖ ਕੇ ਉਸ ਤੋਂ ਪੁਰਾਣੇ ਵਰਕਰਾਂ ਨੂੰ ਕੱਢਦਾ ਤਾਂ ਯੂਨੀਅਨ ਦੇ ਰੌਲੇ ਦਾ ਡਰ ਸੀ। ਉਸ ਨੇ ਲਿਜ਼ੀ ਨੂੰ ਸਮਝਾ ਦਿੱਤਾ ਤੇ ਮੈਨੇਜਰ ਨੂੰ ਇਕ ਵਾਰ ਉਸ ਨੂੰ ਘਰ ਭੇਜਣ ਲਈ ਕਹਿ ਦਿੱਤਾ। ਉਸ ਨੂੰ ਹਫ਼ਤੇ ਦੋ ਹਫ਼ਤੇ ਬਾਅਦ ਫਿਰ ਤੋਂ ਕੰਮ 'ਤੇ ਰੱਖ ਲੈਣ ਦਾ ਲਿਜ਼ੀ ਨਾਲ ਵਾਇਦਾ ਕਰ ਲਿਆ।

ਸਕੌਟ ਦੇ ਫ਼ੋਨ ਦੀ ਘੰਟੀ ਵੱਜੀ ਤੇ ਉਹ ਆਪਣੇ ਦਫ਼ਤਰ ਵਿਚ ਫ਼ੋਨ ਸੁਣਨ ਲਈ ਚਲਾ ਗਿਆ। ਫ਼ੋਨ ਉਸ ਦੀ ਪਤਨੀ ਡੋਰੀਨ ਦਾ ਸੀ। ਭਾਂਵੇਂ ਉਹਨਾਂ ਦਾ ਤਲਾਕ ਹੋ ਚੁੱਕਿਆ ਸੀ ਪਰ ਉਹ ਕਦੇ ਕਦਾਂਈ ਮਿਲਦੇ ਰਹਿੰਦੇ ਸਨ। ਉਸ ਨੇ ਡੋਰੀਨ ਨੂੰ ਇਕ ਦੋ ਵਾਰ ਫਿਰ ਤੋਂ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਸੁਝਾਅ ਦਿੱਤਾ ਸੀ ਪਰ ਡੋਰੀਨ ਨੇ ਨਾਂਹ ਕਰ ਦਿੱਤੀ ਸੀ। ਸਕੌਟ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਨਾ ਤਾਂ ਕਿਸੇ ਹੋਰ ਨੂੰ ਮਿਲ ਰਹੀ ਸੀ ਤੇ ਨਾ ਹੀ ਉਸ ਨਾਲ ਮੁੜ ਰਹਿਣ ਲਈ ਤਿਆਰ ਸੀ।

ਪਿਛਲੇ ਕੁਝ ਸਮੇਂ ਤੋਂ ਡੋਰੀਨ ਦੀ ਤਬੀਅਤ ਚੰਗੀ ਨਹੀਂ ਸੀ। ਹੁਣ ਉਹ ਉਮਰ ਦੇ ਬੁਢਾਪੇ ਨੂੰ ਹੰਢਾ ਰਹੀ ਸੀ। ਸਕੌਟ ਉਸ ਦੇ ਮੁਕਾਬਲੇ ਜਵਾਨ ਲਗਦਾ ਸੀ ਉਹਦਾ ਸਰੀਰ ਥੱਕਿਆ ਰਹਿੰਦਾ। ਸਿਰ ਵਿਚ ਦਰਦ ਰਹਿੰਦਾ ਤੇ ਕਈ ਵਾਰ ਬੁਖ਼ਾਰ ਵੀ ਹੋ ਜਾਂਦਾ। ਸਕੌਟ ਨੇ ਉਸ ਨੂੰ ਚੰਗੇ ਡਾਕਟਰਾਂ ਨੂੰ ਦਿਖਾਇਆ ਸੀ ਪਰ ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਹੀ। ਉਹ ਦਿਨੋਂ ਦਿਨ ਕਮਜ਼ੋਰ ਹੋ ਰਹੀ ਸੀ। ਡਾਕਟਰ ਨੂੰ ਉਸ ਦੇ ਸਿਰ ਵਿਚ ਫੋੜਾ ਜਾਂ ਰਸੌਲੀ ਹੋਣ ਦਾ ਡਰ ਸੀ। ਵੈਸੇ ਐਕਸ-ਰੇਅ ਦੀ ਕਾਢ ਤਾਂ 1895 ਵਿਚ ਹੀ ਹੋ ਗਈ ਸੀ। ਲੜਾਈ ਦੇ ਦੌਰਾਨ ਵੀ ਐਕਸਰੇ ਨੇ ਬਹੁਤ ਚੰਗਾ ਰੋਲ ਨਿਭਾਇਆ ਸੀ। ਪਰ ਡੋਰੀਨ ਦੀ ਹਾਲਤ ਅਜਿਹੀ ਸੀ ਕਿ ਡਾਕਟਰ ਉਸ ਦੇ ਸਿਰ ਦਾ ਅਪ੍ਰੇਸ਼ਨ ਨਹੀਂ ਕਰ ਸਕਦੇ ਸਨ। ਉਸ ਨੂੰ ਸਿਰ ਦਰਦ ਵਧ ਜਾਂਦਾ ਤਾਂ ਦਵਾਈਆਂ ਨਾਲ ਦਰਦ ਨੂੰ ਕੰਟਰੋਲ ਕਰਨ ਦਾ ਯਤਨ ਕੀਤਾ ਜਾਂਦਾ। ਡਾਕਟਰ ਨੇ ਸਕੌਟ ਨੂੰ ਦੱਸ ਦਿਤਾ ਸੀ ਕਿ ਡੋਰੀਨ ਦੇ ਠੀਕ ਹੋਣ ਦੀ ਕੋਈ ਉਮੀਦ ਨਹੀਂ ਸੀ ਤੇ ਮਾੜਾ ਸਮਾਂ ਕਿਸੇ ਵੇਲੇ ਵੀ ਆ ਸਕਦਾ ਸੀ। ਹੁਣ ਡੋਰੀਨ ਦੇ ਫ਼ੋਨ ਨੇ ਸਕੌਟ ਨੂੰ ਘਬਰਾਹਟ ਵਿਚ ਪਾ ਦਿੱਤਾ ਸੀ। ਉਹ ਕਾਰ ਲੈ ਕੇ ਉਸੇ ਵਕਤ ਡੋਰੀਨ ਦੇ ਘਰ ਨੂੰ ਚੱਲ ਪਿਆ।

ਜਦ ਉਹ ਡੋਰੀਨ ਕੋਲ ਪਹੁੰਚਿਆ ਤਾਂ ਉਸ ਦੀ ਨਰਸ ਉਸ ਦਾ ਖਿਆਲ ਰਖ ਰਹੀ ਸੀ। ਉਸ ਨੇ ਨਰਸ ਨੂੰ ਬਾਹਰ ਭੇਜ ਦਿੱਤਾ ਤੇ ਸਕੌਟ ਨੂੰ ਆਪਣੇ ਨੇੜੇ ਬੈਠਣ ਲਈ ਕਿਹਾ।

"ਸੌਰੀ ਸਕੌਟ ਮੈਂ ਤੈਨੂੰ ਬਹੁਤ ਦੁੱਖ ਦਿੱਤੇ ਹਨ। ਮੇਰੇ ਕਰਕੇ ਤੈਨੂੰ ਜੇਲ੍ਹ ਵੀ ਜਾਣਾ ਪਿਆ। ਮੇਰੇ ਮਨ 'ਤੇ ਬਹੁਤ ਬੋਝ ਐ ਤੇ ਇਹ ਬੋਝ ਲਾਹੇ ਬਿਨਾਂ ਮੈਂ ਮਰ ਨਹੀਂ ਸਕਾਂਗੀ।" ਡੋਰੀਨ ਦੀ ਆਵਾਜ਼ ਬਹੁਤ ਧੀਮੀ ਸੀ।

"ਕੀ ਤੂੰ ਕਮਲ ਮਾਰੀ ਜਾਨੀ ਐਂ! ਉਹ ਇਕ ਮਾੜਾ ਸਮਾਂ ਸੀ ਤੇ ਬੀਤ ਗਿਆ। ਬੀਤੀਆਂ ਗੱਲਾਂ ਨੂੰ ਦਿਲ 'ਤੇ ਨਹੀਂ ਲਾਈਦਾ।"

"ਨਹੀਂ ਸਕੌਟ, ਪਲੀਜ਼ ਮੇਰੀ ਗੱਲ ਸੁਣ, ਮੇਰੇ ਕੋਲੋਂ ਬਹੁਤ ਬੋਲ ਨਹੀਂ ਹੁਣਾ। ਬੱਸ ਟੋਕ ਟਕਾਈ ਨਾ ਕਰੀਂ।" ਸਕੌਟ ਨੇ ਉਸ ਦਾ ਹੱਥ ਫੜ ਲਿਆ ਅਤੇ ਉਸ ਦੇ ਨੇੜੇ ਹੋ ਕੇ ਬੈਠ ਗਿਆ।

"ਨਾਈਜ਼ਲ ਬਹੁਤ ਘਟੀਆ ਬੰਦਾ ਸੀ। ਮੈਨੂੰ ਨੀ ਪਤਾ ਮੈਂ ਕਿਵੇਂ ਉਹਦੇ ਨਾਲ---ਸ਼ਾਇਦ ਮੈਨੂੰ ਬੱਚੇ ਦੀ ਤਾਂਘ ਸੀ। ਮੈਂ ਆਪਣੇ ਆਪ ਨੂੰ ਕਦੇ ਮੁਆਫ਼ ਨਹੀਂ ਕਰ ਸਕੀ।" ਸਕੌਟ ਨੇ ਉਸ ਦਾ ਹੱਥ ਚੁੰਮ ਲਿਆ ਜਿਵੇਂ ਉਸ ਨੂੰ ਮੁਆਫ਼ ਕਰਨ ਦਾ ਸਰਟੀਫਿਕੇਟ ਦੇ ਰਿਹਾ ਹੋਵੇ।

"ਜਦੋਂ ਤੈਨੂੰ ਉਸ ਦੀ ਹੇਰਾ ਫੇਰੀ ਦਾ ਪਤਾ ਲੱਗਾ ਤਾਂ ਉਸ ਨੇ ਮੈਨੂੰ ਉਸ ਦੀ ਜ਼ਿੰਮੇਵਾਰੀ ਲੈਣ ਲਈ ਜ਼ੋਰ ਪਾਇਆ। ਮੈਂ ਜਵਾਬ ਦੇ ਦਿੱਤਾ ਤਾਂ ਉਸ ਨੇ ਸਾਡੀਆਂ ਕੁਝ ਇਤਰਾਜ਼ਯੋਗ ਫੋਟੋ ਕੱਢ ਕੇ ਟੇਬਲ 'ਤੇ ਰੱਖ ਦਿੱਤੀਆਂ ਤੇ ਮੈਨੂੰ ਬਰਬਾਦ ਕਰਨ ਦਾ ਡਰਾਵਾ ਦੇਣ ਲੱਗਾ। ਮੇਰੀਆਂ ਤਾਂ ਲੱਤਾਂ ਕੰਬਣ ਲੱਗੀਆਂ ਸਨ।" ਡੋਰੀਨ ਨੇ ਸਾਹ ਲਿਆ। ਸਕੌਟ ਹੈਰਾਨੀ ਨਾਲ ਉਸ ਵੱਲ ਵੇਖ ਰਿਹਾ ਸੀ।

"ਉਸ ਦਿਨ ਮੈਂ ਫਿਰ ਮਿਲਣ ਦਾ ਵਾਇਦਾ ਕਰਕੇ ਚਲੀ ਗਈ। ਕਈ ਦਿਨ ਸੋਚਦੀ ਰਹੀ। ਹਰ ਦਿਨ ਮੇਰਾ ਉਸ ਪ੍ਰਤੀ ਗੁੱਸਾ ਤੇ ਨਫ਼ਰਤ ਪ੍ਰਚੰਡ ਹੁੰਦਾ ਗਿਆ। ਇਕ ਦਿਨ ਮੈਂ ਫੈਸਲਾ ਕਰਕੇ ਉਸ ਨੂੰ ਮਿਲਣ ਲਈ ਰੁੱਕਾ ਭੇਜ ਦਿੱਤਾ।" ਸਕੌਟ ਨੇ ਡੋਰੀਨ ਨੂੰ ਪਾਣੀ ਦਾ ਘੁੱਟ ਪਿਲਾਇਆ ਤੇ ਉਹ ਕੁਝ ਦੇਰ ਲਈ ਚੁੱਪ ਹੋ ਗਈ।

"ਮੈਂ ਆਪਣੇ ਮਨ ਵਿਚ ਬੁਰਾ ਮਿਥ ਲਿਆ ਸੀ। ਮੇਰੀ ਜ਼ਿੰਦਗੀ ਤਾਂ ਉਸ ਕਰਕੇ ਬਰਬਾਦ ਹੋ ਹੀ ਗਈ ਸੀ। ਮੈਂ ਉਸ ਦੇ ਘਰ ਗਈ ਤਾਂ ਉਹ ਬਹੁਤ ਖੁਸ਼ ਸੀ। ਉਸ ਨੇ ਸਾਰੀ ਸਕੀਮ ਮੇਰੇ ਸਾਹਮਣੇ ਰੱਖ ਦਿੱਤੀ ਤੇ ਵਾਈਨ ਦੇ ਗਲਾਸ ਭਰ ਦਿੱਤੇ। ਮੈਂ ਘੁੱਟ ਭਰੀ ਤਾਂ ਮੈਨੂੰ ਲੱਗਿਆ ਜਿਵੇਂ ਮੈਂ ਜ਼ਹਿਰ ਦੀ ਘੁੱਟ ਭਰੀ ਹੋਵੇ। ਮੈਂ ਮੌਕਾ ਤਕਾਉਣ ਲੱਗੀ।" ਸਕੌਟ ਤਾਂ ਸਾਹ ਰੋਕ ਕੇ ਸੁਣ ਰਿਹਾ ਸੀ ਤੇ ਉਸ ਨੂੰ ਯਕੀਨ ਨਹੀਂ ਸੀ ਆ ਰਿਹਾ।

"ਟੇਬਲ 'ਤੇ ਮੀਟ ਕੱਟਣ ਵਾਲੀ ਛੁਰੀ ਪਈ ਸੀ। ਉਹ ਛੁਰੀ ਮੈਂ ਚੁੱਕੀ ਤੇ ਜਦ ਉਹ ਦੂਜਾ ਗਲਾਸ ਭਰ ਕੇ ਮੇਰੇ ਸਾਹਮਣੇ ਆਇਆ ਤਾਂ ਮੈਂ ਛੁਰੀ ਉਸ ਦੇ ਢਿੱਡ ਵਿਚ ਖੋਭ ਦਿੱਤੀ। ਉਹ ਡਿੱਗ ਪਿਆ ਤੇ ਮੈਂ ਸ਼ਾਮ ਦੇ ਘੁਸ ਮੁਸੇ ਵਿਚ ਦਰਵਾਜ਼ਾ ਬੰਦ ਕਰਕੇ ਸੜਕ 'ਤੇ ਆ ਗਈ। ਨਿੱਕੀ ਕਣੀ ਦਾ ਮੀਂਹ ਪੈ ਰਿਹਾ ਸੀ। ਸੜਕ 'ਤੇ ਕੋਈ ਮੈਨੂੰ ਮਿਲਿਆ ਨਹੀਂ ਸੀ ਤੇ ਵੱਡੀ ਸੜਕ ਤੋਂ ਟੈਕਸੀ ਲੈ ਕੇ ਮੈਂ ਘਰ ਵੱਲ ਚੱਲ ਪਈ। ਮੈਂ ਰਾਹ ਵਿਚ ਉੱਤਰ ਕੇ ਟੈਕਸੀ ਬਦਲ ਲਈ।" ਸਕੌਟ ਦੀਆਂ ਅੱਖਾਂ ਚੌੜੀਆਂ ਖੁੱਲ੍ਹੀਆਂ ਸਨ। ਉਸ ਨੂੰ ਲਗਦਾ ਸੀ ਜਿਵੇਂ ਡੌਰੀਨ ਨਹੀਂ ਕੋਈ ਹੋਰ ਰੂਹ ਉਸ ਦੇ ਅੰਦਰ ਸਮਾਈ ਹੋਵੇ।

"ਜਦ ਤੈਨੂੰ ਪੁਲੀਸ ਨੇ ਫੜ ਲਿਆ ਤਾਂ ਮੈਨੂੰ ਬਹੁਤ ਦੁੱਖ ਹੋਇਆ। ਮੈਨੂੰ ਯਕੀਨ ਸੀ ਤੈਂ ਸਬੂਤ ਨਾ ਹੋਣ ਕਰਕੇ ਬਰੀ ਹੋ ਜਾਣਾ। ਜੇ ਤੈਨੂੰ ਕੈਦ ਕਰ ਦਿੰਦੇ ਤਾਂ ਮੈਂ ਆਪਣਾ ਜੁਰਮ ਕਬੂਲ ਕਰ ਲੈਣਾ ਸੀ। ਮੈਨੂੰ ਮੁਆਫ਼ ਕਰੀਂ।"

ਸਕੌਟ ਨੂੰ ਯਕੀਨ ਨਹੀਂ ਸੀ ਆ ਰਿਹਾ। ਡੋਰੀਨ ਕਿਸੇ ਦਾ ਕਤਲ ਕਿਵੇਂ ਕਰ ਸਕਦੀ ਸੀ! ਸ਼ਾਇਦ ਉਹ ਉਸ ਤੋਂ ਪਹਿਲਾਂ ਖੁਦ ਕਤਲ ਹੋ ਚੁੱਕੀ ਸੀ!

ਸਕੌਟ ਨੇ ਉਸ ਦਾ ਮੱਥਾ ਚੁੰਮਿਆ। ਉਹ ਕੁਝ ਕਹਿਣਾ ਚਾਹੁੰਦਾ ਸੀ ਪਰ ਕੀ ਕਹਿੰਦਾ?

"ਡੋਰੀਨ, ਬੱਸ ਤੂੰ ਇਹ ਗੱਲ ਕਿਸੇ ਹੋਰ ਨਾਲ ਨਾ ਕਰੀਂ।"

"ਸਕੌਟ ਤੂੰ ਮੈਨੂੰ ਫਿਰ ਤੋਂ ਜ਼ਿੰਦਗੀ ਸ਼ੁਰੂ ਕਰਨ ਲਈ ਕਹਿ ਰਿਹਾ ਸੀ ਨਾ। ਮੇਰਾ ਵੀ ਦਿਲ ਕਰਦਾ ਸੀ। ਪਰ ਜੇ ਮੇਰੇ ਜਿਉਂਦੇ ਜੀਅ ਪੁਲੀਸ ਨੂੰ ਭਿਣਕ ਪੈ ਜਾਂਦੀ ਤੇ ਮੇਰੇ ਗੁਨਾਹ ਦਾ ਪਤਾ ਲੱਗ ਜਾਂਦਾ ਤਾਂ ਤੇਰੀ ਹੋਰ ਵੀ ਬਹੁਤੀ ਬੇਇਜ਼ੱਤੀ ਹੋ ਜਾਣੀ ਸੀ।" ਡੋਰੀਨ ਦੀਆਂ ਅੱਖਾਂ ਵਿਚੋਂ ਪਾਣੀ ਵਗਣ ਲੱਗਾ।

ਸਕੌਟ ਨੇ ਗੱਲ ਬਦਲ ਕੇ ਡਾਕਟਰ ਨੂੰ ਸੱਦਣ ਦਾ ਪ੍ਰਸਤਾਵ ਰੱਖਿਆ ਤਾਂ ਡੋਰੀਨ ਨੇ ਸਿਰ ਮਾਰ ਦਿੱਤਾ।

"ਸਵੇਰੇ ਮਿਲ ਜਾਂਵੀਂ ਜੇ ਹੋ ਸਕਿਆ ਤਾਂ ਤੇ ਮੇਰੇ ਪਿਆਰ ਨੂੰ ਕਦੇ ਨਾ ਭੁੱਲੀਂ।"

ਉਦਾਸ ਮਨ ਨਾਲ ਸਕੌਟ ਘਰ ਆ ਗਿਆ। ਫੈਕਟਰੀ ਜਾਣ ਨੂੰ ਉਹਦਾ ਦਿਲ ਨਾ ਕੀਤਾ। ਸ਼ਾਮ ਦੇ ਸੱਤ ਕੁ ਵਜੇ ਨਰਸ ਦਾ ਫ਼ੋਨ ਆਇਆ। ਉਹ ਬਹੁਤ ਘਬਰਾਈ ਹੋਈ ਸੀ। ਡੋਰੀਨ ਦਾ ਪ੍ਰਾਣ-ਪੰਖੇਰੂ ਉੱਡ ਗਿਆ ਸੀ।

ਅਪ੍ਰੈਲ 1919 ਦੇ ਅੱਧ ਵਿਚ ਅਖ਼ਬਾਰਾਂ ਦੀਆਂ ਮੁੱਖ ਖ਼ਬਰਾਂ ਇੰਗਲੈਂਡ ਦੀ ਥਾਂ ਪੰਜਾਬ ਤੋਂ ਆ ਰਹੀਆਂ ਸਨ। ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੇ ਜੱਲਿਆਂ ਵਾਲੇ ਬਾਗ ਵਿਚ ਇਕੱਠੇ ਹੋਏ ਲੋਕਾਂ 'ਤੇ ਕਰਨਲ ਰੈਜੀਨਲਡ ਡਾਇਰ ਦੇ ਹੁਕਮ ਨਾਲ ਸਿੱਖ ਰੈਜੀਮੈਂਟ ਅਤੇ ਡੋਗਰਾ ਰੈਜਮੈਂਟ ਦੇ ਸਿਪਾਹੀਆਂ ਨੇ ਨਿਹੱਥੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਸਰਕਾਰ ਅਨੁਸਾਰ 379 ਮੌਤਾਂ ਤੇ 1000 ਕੁ ਜ਼ਖ਼ਮੀ ਹੋਏ ਜਿਹਨਾਂ ਵਿਚ ਬੱਚੇ, ਬੁੱਢੇ ਔਰਤਾਂ ਤੇ ਨੌਜਵਾਨ ਸਨ। ਪਰ ਗੈਰ ਸਰਕਾਰੀ ਅੰਦਾਜ਼ੇ ਅਨੁਸਾਰ ਇਹ ਗਿਣਤੀ ਕਿਤੇ ਵੱਧ ਸੀ। ਦੁਨੀਆਂ ਭਰ ਦੀਆਂ ਅਖ਼ਬਾਰਾਂ ਵਿਚ ਇਸ ਕਤਲਿਆਮ ਦਾ ਰੌਲਾ ਰੱਪਾ ਪਿਆ ਹੋਇਆ ਸੀ। ਬ੍ਰਿਟਿਸ਼ ਗੌਰਮਿੰਟ ਨੂੰ ਇਸ ਦੁਰਘਟਨਾ ਦੇ ਦੂਰ-ਰਸ ਸਿੱਟਿਆਂ ਦਾ ਅੰਦਾਜ਼ਾ ਸੀ।

ਬ੍ਰਿਟੇਨ ਵਿਚ ਹਰ ਕੋਈ ਆਪਣੀ ਸੋਚ ਅਨੁਸਾਰ ਗੱਲ ਕਰ ਰਿਹਾ ਸੀ। ਕੁਝ ਲੋਕ ਬਗਾਵਤ ਨੂੰ ਦਬਾਉਣ ਲਈ ਇਸ ਐਕਸ਼ਨ ਨੂੰ ਠੀਕ ਸਮਝਦੇ ਸਨ। ਉਹਨਾਂ ਨੇ ਇਕ ਹਜ਼ਾਰ ਪਾਊਂਡ ਇਕੱਠੇ ਕਰਕੇ ਕਰਨਲ ਡਾਇਰ ਨੂੰ ਇਨਾਮ ਵਜੋਂ ਦਿੱਤੇ ਸਨ। ਹਾਊਸ ਆਫ ਲਾਰਡਜ ਨੇ ਕਰਨਲ ਡਾਇਰ ਦਾ ਧੰਨਵਾਦ ਵੀ ਕੀਤਾ ਸੀ।

ਦੂਜੇ ਪਾਸੇ ਸੰਤੁਲਤ ਸੋਚ ਵਾਲੇ ਲੋਕਾਂ ਨੇ ਇਸ ਦੁਰਘਟਨਾ ਨੂੰ ਬ੍ਰਿਟਿਸ਼ ਸਰਕਾਰ ਦੇ ਮੱਥੇ 'ਤੇ ਦਾਗ ਕਿਹਾ। ਕਿਸੇ ਵੀ ਹਾਲਤ ਵਿਚ ਸਰਕਾਰ ਦੇ ਮੱਥੇ ਤੋਂ ਇਹ ਦਾਗ ਧੋਤਾ ਨਹੀਂ ਸੀ ਜਾ ਸਕਣਾ। ਉਹਨਾਂ ਅਨੁਸਾਰ ਸੰਸਾਰ ਜੰਗ ਵਿਚ ਪੰਜਾਬੀਆਂ ਦੀ ਕੀਤੀ ਕੁਰਬਾਨੀ ਨਾਲ ਦਗਾ ਕਮਾਇਆ ਗਿਆ ਸੀ। ਬ੍ਰਿਟੇਨ ਦੀ ਫੌਜ ਦਾ ਵੱਡਾ ਹਿੱਸਾ ਤਾਂ ਸਿੱਖਾਂ ਤੇ ਪੰਜਾਬੀਆਂ ਦਾ ਸੀ ਤੇ ਬਹੁਤੀਆਂ ਕੁਰਬਾਨੀਆਂ ਇਹਨਾਂ ਲੋਕਾਂ ਦੀਆਂ ਹੀ ਸਨ ਜਿਹਨਾਂ ਨੇ ਯੂਰਪ ਵਿਚ ਆ ਕੇ ਵੀ ਜੰਗ ਲੜੀ ਸੀ।

ਸਰਕਾਰ ਦੇ ਤੌਖਲੇ ਵੱਖਰੇ ਸਨ। ਮਹਾਤਮਾ ਗਾਂਧੀ ਨੇ ਜੰਗ ਵਿਚ ਸਰਕਾਰ ਦੀ ਪੂਰੀ ਤਨਦੇਹੀ ਨਾਲ ਮਦਦ ਕੀਤੀ ਸੀ। ਉਸ ਦੀ ਅਤੇ ਬਾਕੀ ਇੰਡੀਅਨ ਲੋਕਾਂ ਦੀ ਮਦਦ ਬਿਨਾਂ ਜੰਗ ਜਿੱਤਣੀ ਬਹੁਤ ਔਖੀ ਹੋਣੀ ਸੀ। ਇਸ ਦੁਰਘਟਨਾ ਨੇ ਸਰਕਾਰ ਅਤੇ ਭਾਰਤੀ ਸਮਝੌਤਾ ਪ੍ਰਸਤ ਲੀਡਰਾਂ ਵਿਚ ਵੀ ਦਰਾਰ ਖੜੀ ਕਰ ਦਿੱਤੀ ਸੀ। ਹੁਣ ਉਹ ਪੂਰਨ ਅਜ਼ਾਦੀ ਦੀ ਮੰਗ ਕਰਨ ਲੱਗੇ ਸਨ। ਇਸ ਤੋਂ ਬਿਨਾਂ ਸੰਸਾਰ ਵਿਚ ਇਸ ਕਤਲਿਆਮ ਦੀ ਬਹੁਤ ਨਿੰਦਾ ਵੀ ਹੋ ਰਹੀ ਸੀ।

ਸੰਸਾਰ ਅਤੇ ਭਾਰਤੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਸਰਕਾਰ ਨੇ ਹੰਟਰ ਕਮਿਸ਼ਨ ਨਿਯੁਕਤ ਕਰ ਦਿੱਤਾ। ਕਮਿਸ਼ਨ ਦੀ ਰਿਪੋਰਟ ਆਉਣ ਨੂੰ ਪਤਾ ਨਹੀਂ ਕਿੰਨਾ ਸਮਾਂ ਲਗਣਾ ਸੀ? ਤਦ ਤੱਕ ਸਰਕਾਰ ਇਸ ਦਾ ਸਹਾਰਾ ਲੈ ਕੇ ਲੋਕਾਂ ਨੂੰ ਭੰਬਲ ਭੂਸੇ ਵਿਚ ਪਾ ਸਕਦੀ ਸੀ। ਇਸ ਨਾਲ ਸਰਕਾਰ 'ਤੇ ਹੋ ਰਹੀ ਨੁਕਤਾਚੀਨੀ ਵੀ ਘਟਣ ਦੀ ਉਮੀਦ ਸੀ। ਪਰ ਇਕ ਗੱਲ ਸਪੱਸ਼ਟ ਸੀ ਸਰਕਾਰ ਨਾਲ ਹੁਣ ਪੰਜਾਬੀਆਂ ਦਾ ਮੋਹ ਪਹਿਲਾਂ ਵਾਲਾ ਨਹੀਂ ਸੀ ਰਿਹਾ। ਸਾਰੇ ਭਾਰਤ ਵਿਚ ਲੋਕਾਂ ਸਾਹਮਣੇ ਸਰਕਾਰ ਦਾ ਚਿਹਰਾ ਨੰਗਾ ਹੋ ਗਿਆ ਸੀ।

--------------

ਜਿਥੇ ਭਾਰਤ ਵਿਚ ਅਜ਼ਾਦੀ ਦੀ ਲੜਾਈ ਤੇਜ਼ ਹੋ ਰਹੀ ਸੀ ਉਥੇ ਜੰਗ ਬਾਅਦ ਬ੍ਰਿਟੇਨ ਵਿਚ ਵੀ ਸਮਾਜ ਵਿਚ ਬਹੁਤ ਤਬਦੀਲੀਆਂ ਆ ਰਹੀਆਂ ਸਨ। ਨਵੀਆਂ ਕਲੱਬਾਂ, ਨਾਈਟ ਕਲੱਬਾਂ ਤੇ ਕੌਂਕਟੇਲ ਬਾਰਾਂ ਖੁੱਲ੍ਹ ਰਹੀਆਂ ਸਨ। ਨੌਜਵਾਨ ਔਰਤਾਂ ਹੁਣ ਪਹਿਲਾਂ ਵਾਂਗ ਘਰ ਵਿਚ ਹੀ ਬੰਦ ਨਹੀਂ ਸਨ ਰਹਿੰਦੀਆਂ। ਉਹ ਹੁਣ ਪਹਿਲਾਂ ਨਾਲੋ ਆਜ਼ਾਦ ਹੋ ਗਈਆਂ ਸਨ। ਨਵੇਂ ਫੈਸ਼ਨ ਦਾ ਜ਼ਮਾਨਾ ਸੀ। ਔਰਤਾਂ ਛੋਟੇ ਵਾਲ ਰਖਦੀਆਂ, ਛੋਟੇ ਡਰੈਸ ਪਾਉਂਦੀਆਂ। ਹੁਣ ਉਹ ਸ਼ਰੇਆਮ ਸਿਗਰਟਾਂ ਵੀ ਪੀਣ ਲੱਗੀਆਂ ਸਨ। ਮੋਟਰ ਕਾਰਾਂ ਚਲਾਉਣ ਲੱਗੀਆਂ ਸਨ ਤੇ ਸ਼ਰਾਬ ਦੀ ਵਰਤੋਂ ਆਮ ਕਰਨ ਲੱਗੀਆਂ ਸਨ।

ਵਿਆਹੀਆਂ ਤੇ ਬਾਲ-ਬੱਚੇਦਾਰ ਔਰਤਾਂ ਦੀ ਜ਼ਿੰਦਗੀ ਪਹਿਲਾਂ ਵਰਗੀ ਹੀ ਸੀ। ਉਹਨਾਂ ਨੂੰ ਬਦਲਣਾ ਔਖਾ ਲਗਦਾ ਸੀ ਤੇ ਉਹ ਨੌਜਵਾਨ ਔਰਤਾਂ ਦੀ ਨੁਕਤਾਚੀਨੀ ਕਰਦੀਆਂ ਰਹਿੰਦੀਆਂ ਸਨ। ਮੱਧ ਵਰਗ ਦੀਆਂ ਔਰਤਾਂ ਅਜੇ ਵੀ ਬੱਚਿਆਂ ਨੂੰ ਜਨਮ ਘਰਾਂ ਵਿਚ ਦਿੰਦੀਆਂ ਸਨ। ਉਹ ਬੱਚੇ ਦੇ ਜਨਮ ਤੋਂ ਪਹਿਲਾਂ ਨਰਸ ਨੂੰ ਘਰੇ ਰਖਦੀਆਂ ਤੇ ਮਹੀਨਾ ਕੁ ਬਾਅਦ ਤੱਕ ਵੀ ਰੱਖੀ ਰਖਦੀਆਂ।

ਸਰਕਾਰ ਦੇ ਨਵੇਂ ਕਨੂੰਨ ਅਨੁਸਾਰ ਤੀਹ ਸਾਲ ਦੀ ਉਮਰ ਤੋਂ ਵੱਧ ਔਰਤਾਂ ਨੂੰ ਵੋਟ ਦਾ ਹੱਕ ਮਿਲ ਗਿਆ ਸੀ ਤੇ 1921 ਤੋਂ ਬੱਚਿਆਂ ਲਈ ਪ੍ਰਾਇਮਰੀ ਤੱਕ ਦੀ ਪੜ੍ਹਾਈ ਮੁਫ਼ਤ ਕਰ ਦਿੱਤੀ ਗਈ ਸੀ।

-------

"ਡੈਡ ਸਰਕਾਰ ਨੇ ਤੁਹਾਡੇ ਲਈ ਹੋਰ ਖਰਚਾ ਖੜ੍ਹਾ ਕਰ ਦਿੱਤਾ, ਕਾਰਾਂ 'ਤੇ ਪਹਿਲੀ ਜਨਵਰੀ (1921) ਤੋਂ ਕਾਰ ਟੈਕਸ ਡਿਸਕ ਲਾਉਣੀ ਪਿਆ ਕਰਨੀ ਐ।" ਹੈਰਿਸ ਨੇ ਜੇਮਜ਼ ਨੂੰ ਕਿਹਾ।

ਹੈਰਿਸ ਹੁਣ ਅਮਰੀਕਾ ਪੜ੍ਹ ਰਿਹਾ ਸੀ ਤੇ ਲਿਲੀਅਨ ਨੂੰ ਲੰਡਨ ਵਿਚ ਹੀ ਪੜ੍ਹਾਈ ਕਰਨਾ ਪਸੰਦ ਸੀ। ਉਹਨਾਂ ਦਾ ਸਾਲ ਕੁ ਦਾ ਉਮਰ ਦਾ ਫ਼ਰਕ ਸੀ। ਕਰਿਸਟਲ ਵੀ ਲਿਲੀਅਨ ਨੂੰ ਅੱਖਾਂ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦੀ।

"ਇਕ ਨਵੀਂ ਗੱਲ ਡੈਡ ਕੱਲ੍ਹ (26 ਅਪ੍ਰੈਲ 1921) ਲੰਡਨ ਵਿਚ ਪੁਲੀਸ ਨੇ ਮੋਟਰ ਸਾਈਕਲਾਂ 'ਤੇ ਪੈਟਰੋਲ ਕੀਤੀ। ਹੁਣ ਤਾਂ ਮਾੜੀ ਜਿਹੀ ਪੁਲੀਸ ਦੀ ਲੋੜ ਪਈ ਤਾਂ ਫੋਨ ਕਰੋ, ਪੁਲੀਸ ਮੋਟਰਸਾਈਕਲ 'ਤੇ ਮਿੰਟਾਂ ਵਿਚ ਪਹੁੰਚ ਜਾਇਆ ਕਰੇਗੀ।" ਹੈਰਿਸ ਦੀ ਗੱਲ ਨੂੰ ਜੇਮਜ਼ ਨਾਲੋਂ ਵੀ ਵੱਧ ਰੌਬਿਨ ਸੁਣ ਰਿਹਾ ਸੀ।

ਰੌਬਿਨ ਦੀ ਸਿਹਤ ਬਹੁਤ ਕਮਜ਼ੋਰ ਹੋ ਗਈ ਸੀ। ਉਸ ਨੂੰ ਲਿਵਰ ਦੀ ਕੋਈ ਬਿਮਾਰੀ ਸੀ। ਜੇਮਜ਼ ਤੇ ਕਰਿਸਟਲ ਨੇ ਉਸ ਨੂੰ ਲੰਡਨ ਦੇ ਚੰਗੇ ਤੋਂ ਚੰਗੇ ਡਾਕਟਰਾਂ ਨੂੰ ਦਿਖਾਇਆ ਸੀ। ਪਰ ਉਸ ਦੀ ਬਿਮਾਰੀ ਵਿਚ ਵਾਧਾ ਰੁਕਿਆ ਨਹੀਂ ਸੀ। ਉਹ ਹੈਰਿਸ ਨਾਲ ਗੱਲਾਂ ਕਰਕੇ ਬਹੁਤ ਖੁਸ਼ ਹੁੰਦਾ।

"ਹੈਰਿਸ, ਅਪਰਾਧੀ ਪੁਲੀਸ ਤੋਂ ਸਦਾ ਦੋ ਕਦਮ ਅੱਗੇ ਈ ਹੁੰਦੇ ਐ।" ਰੌਬਿਨ ਨੇ ਜਵਾਬ ਦਿੱਤਾ।

"ਗਰੈਂਡ ਡੈਡ ਤੁਸੀਂ ਦੱਸੋ ਸਿਹਤ ਕਿਵੇਂ ਐ ਅੱਜ?" ਉਹ ਰੌਬਿਨ ਕੋਲ ਆ ਬੈਠਾ ਤੇ ਉਹ ਨਿੱਕੀਆਂ ਨਿਕੀਆਂ ਗੱਲਾਂ ਕਰਨ ਲੱਗੇ।

" ਤੂੰ ਕਦੋਂ ਜਾਣਾ ਅਮਰੀਕਾ?"

"ਮੈਂ ਮਈ ਵਿਚ ਜਾਣਾ ਬੱਸ ਕੁਝ ਕੁ ਦਿਨ ਹੋਰ।"

"ਮੈਂ ਚਾਹੁੰਦਾ ਸੀ ਜਦੋਂ ਤੂੰ ਵਾਪਿਸ ਆਵੇਂ ਤਾਂ ਬੈਂਕ ਦੇ ਦਫ਼ਤਰ ਵਿਚ ਮੈਂ ਤੈਨੂੰ ਖੁਦ ਬਿਠਾਵਾਂ। ਲਗਦਾ ਨੀ ਮੇਰੀ ਇਹ ਇੱਛਾ ਪੂਰੀ ਹੋ ਸਕੇਗੀ। ਮੈਨੂੰ ਯਕੀਨ ਐ ਤੂੰ ਬੈਂਕ ਦੇ ਬਿਜਨਸ ਵਿਚ ਬਹੁਤ ਸਫ਼ਲ ਹੋਵੇਂਗਾ।"

"ਥੈਂਕ ਯੂ ਗਰੈਂਡ ਡੈਡ।" ਹੈਰਿਸ ਨੇ ਉਸ ਦਾ ਹੱਥ ਘੁੱਟਿਆ।

ਰੌਬਿਨ ਕੁਝ ਭਾਵੁਕ ਜਿਹਾ ਹੋ ਗਿਆ ਲਗਦਾ ਸੀ। ਅੱਜ ਕੱਲ੍ਹ ਉਸ ਨਾਲ ਅਜਿਹਾ ਆਮ ਹੀ ਵਾਪਰਦਾ। ਹੈਰਿਸ ਨੂੰ ਵੀ ਪਤਾ ਸੀ। ਉਹ ਚਾਹ ਪੀਣ ਦਾ ਬਹਾਨਾ ਬਣਾ ਕੇ ਉਥੋਂ ਚਲਾ ਗਿਆ ਸੀ।

-----

ਮਜ਼ਦੂਰਾਂ ਦੀ ਤਨਖਾਹ ਨਾਲ ਉਹਨਾਂ ਦੇ ਚੁੱਲ੍ਹੇ ਮਸਾਂ ਹੀ ਤਪਦੇ ਸਨ। ਚੀਜ਼ਾਂ ਦੇ ਭਾਅ ਵਧ ਰਹੇ ਸਨ। ਲੜਾਈ ਤੋਂ ਪਹਿਲਾਂ ਨਾਲੋਂ ਜ਼ਿੰਦਗੀ ਬਹੁਤ ਬਦਲ ਗਈ ਸੀ। ਹਾਲਾਤ ਨੇ ਮਜ਼ਦੂਰਾਂ ਨੂੰ ਆਪਣੀਆਂ ਤਨਖਾਹਾਂ ਵਧਾਉਣ ਦੀ ਮੰਗ ਲਈ ਮਜ਼ਬੂਰ ਕਰ ਦਿੱਤਾ ਸੀ। ਸਰਕਾਰ ਵੀ ਫੈਕਟਰੀ ਮਾਲਕਾਂ ਵਾਂਗ ਬਹਾਨੇ ਹੀ ਲਗਾ ਰਹੀ ਸੀ।

15 ਜੂਨ ਨੂੰ ਬ੍ਰਿਟੇਨ ਦੇ 20 ਲੱਖ ਮਜ਼ਦੂਰਾਂ ਨੇ ਹੜਤਾਲ ਕੀਤੀ ਤਾਂ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੁਝ ਕੁ ਫੈਕਟਰੀਆਂ ਨੇ ਆਮ ਵਾਂਗ ਹੜਤਾਲ ਤੋੜਨ ਦੀ ਕੋਸ਼ਿਸ਼ ਕੀਤੀ ਤੇ ਕੁਝ ਨੇ ਸਮਝੌਤਾ ਕਰ ਲਿਆ। ਮਜ਼ਦੂਰਾਂ ਵਿਚ ਫੈਲੀ ਅਸੰਤੁਸ਼ਟਤਾ ਜੱਗ ਜ਼ਾਹਰ ਹੋ ਗਈ ਸੀ।

ਇਸੇ ਦਿਨ ਹੀ ਰੌਬਿਨ ਦਾ ਦਿਹਾਂਤ ਹੋ ਗਿਆ ਸੀ।

------

6 ਦਸੰਬਰ 1923 ਨੂੰ ਆਮ ਚੋਣਾਂ ਹੋਈਆਂ। ਇਹਨਾਂ ਚੋਣਾਂ ਵਿਚ ਸਰਕਾਰ ਤਾਂ ਕਨਜ਼ਰਵੇਟਿਵ ਪਾਰਟੀ ਦੀ ਬਣ ਗਈ ਸੀ। ਨਵੀਂ ਗੱਲ ਇਹ ਸੀ ਬ੍ਰਿਟਿਸ਼ ਬਰਾਡਕਾਸਟਿੰਗ ਕੰਪਨੀ (ਬੀ ਬੀ ਸੀ) ਨੇ ਚੋਣਾਂ ਬਾਰੇ ਗੱਲ ਬਾਤ ਕੀਤੀ। ਇਸ ਕੰਪਨੀ ਨੂੰ ਰਜਿਸਟਰ ਤਾਂ 18 ਅਕਤੂਬਰ 1922 ਨੂੰ ਕੀਤਾ ਗਿਆ ਸੀ ਤੇ ਪਹਿਲੀ ਬਰਾਡਕਾਸਟਿੰਗ ਗਲਾਸਗੋ ਤੋਂ 6 ਮਾਰਚ 1923 ਵਿਚ ਹੋਈ ਸੀ।

ਫਰਵਰੀ ਦੇ ਅਖ਼ੀਰ ਵਿਚ ਹੀ ਜੇਮਜ਼ ਨੇ ਇਕ ਰੇਡੀਓ ਖਰੀਦ ਲਿਆ ਸੀ। ਇਹ ਵੱਡੇ ਸਾਰੇ ਲੱਕੜ ਦੇ ਡੱਬੇ ਵਰਗਾ ਸੀ ਤੇ ਇਸ ਦੀ ਬੈਟਰੀ ਵੀ ਤਕਰੀਬਨ ਓਨੀ ਹੀ ਵੱਡੀ ਸੀ। ਜਦ ਪਹਿਲੇ ਦਿਨ ਉਹਨਾਂ ਨੇ ਰੇਡੀਓ ਲਗਾਇਆ ਤਾਂ ਸਾਰੇ ਨੌਕਰ ਚਾਕਰ ਵੀ ਅਚੰਭੇ ਨਾਲ ਡੱਬੇ ਵਿਚੋਂ ਨਿਕਲਦੀ ਆਵਾਜ਼ ਨੂੰ ਸੁਣ ਕੇ ਇਕ ਦੂਜੇ ਦੇ ਮੂੰਹ ਵੱਲ ਵੇਖ ਰਹੇ ਸਨ। ਜਦ ਜੇਮਜ਼ ਨੇ ਖ਼ਬਰਾਂ ਵਿਚ ਕਨਜ਼ਰਵੇਟਿਵ ਪਾਰਟੀ ਦੀ ਜਿੱਤ ਦੀ ਖ਼ਬਰ ਸੁਣੀ ਤਾਂ ਉਹ ਬਹੁਤ ਖੁਸ਼ ਹੋਇਆ ਤੇ ਉਸ ਨੇ ਵਿਲੀਅਮ ਤੇ ਸਕੌਟ ਵਰਗੇ ਦੋਸਤਾਂ ਨਾਲ ਟੈਲੀਫ਼ੋਨ 'ਤੇ ਖ਼ਬਰ ਸਾਂਝੀ ਕੀਤੀ। ਉਹਨਾਂ ਨੂੰ ਲੱਗਾ ਜਿਵੇਂ ਦੁਨੀਆਂ ਬਹੁਤ ਛੋਟੀ ਹੋ ਗਈ ਹੋਵੇ।

-------

ਬ੍ਰਿਟੇਨ ਵਿਚ ਪਹਿਲੀ ਲੇਬਰ ਸਰਕਾਰ ਰੈਮਜ਼ੀ ਮੈਕਡੋਨਲਡ ਦੀ ਅਗਵਾਈ ਹੇਠ ਜਨਵਰੀ 1924 ਵਿਚ ਬਣੀ। ਮਜ਼ਦੂਰਾਂ ਨੂੰ ਲੇਬਰ ਤੋਂ ਬਹੁਤ ਉਮੀਦਾਂ ਸਨ। ਲਿਬਰਲ ਬਹੁਤ ਪਿੱਛੇ ਰਹਿ ਗਏ ਸਨ ਤੇ ਸਰਕਾਰ ਬਣਾ ਸਕਣ ਦਾ ਸੁਪਨਾ ਉਹਨਾਂ ਦਾ ਚਕਨਾਚੂਰ ਹੋ ਗਿਆ ਸੀ।

ਪਹਿਲੀ ਫਰਵਰੀ ਨੂੰ ਅਮਰੀਕਾ ਨੇ ਸੋਵੀਅਤ ਯੂਨੀਅਨ ਆਫ ਰਸ਼ੀਆ ਨੂੰ ਮਾਨਤਾ ਦਿੱਤੀ ਤਾਂ ਖ਼ਬਰ ਸੁਣ ਕੇ ਬਹੁਤ ਲੋਕਾਂ ਨੂੰ ਹੈਰਾਨੀ ਹੋਈ। ਸੋਵੀਅਤ ਯੂਨੀਅਨ ਨਾਲ ਭਾਂਵੇਂ ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਦੇ ਸਬੰਧ ਚੰਗੇ ਨਹੀਂ ਸਨ ਤੇ ਉਹ ਸੋਵੀਅਤ ਯੂਨੀਅਨ ਨੂੰ ਟੁੱਟਿਆ-ਭੱਜਿਆ ਵੇਖਣਾ ਚਾਹੁੰਦੇ ਸਨ, ਪਰ ਉਹਨਾਂ ਦੀਆਂ ਆਪਣੀਆਂ ਲੋੜਾਂ ਖ਼ਾਤਰ ਮਾਨਤਾ ਦੇਣੀ ਪਈ ਸੀ।

47

ਹੈਰਿਸ ਨੇ ਹੈਨਰੀ ਹਾਊਸ ਨੂੰ ਬਿਲਕੁਲ ਹੀ ਬਦਲ ਦਿੱਤਾ ਸੀ। ਉਸ ਨੇ ਚੀਨ ਤੋਂ ਸਿਲਕ ਗਲੀਚੇ ਮੰਗਵਾਏ ਸਨ। ਪੌੜੀਆਂ ਖੁੱਲ੍ਹੀਆਂ ਕੀਤੀਆਂ। ਬੈਡਰੂਮ ਵੀ ਨਵੇਂ ਜ਼ਮਾਨੇ ਅਨੁਸਾਰ ਵੱਡੇ ਕਰ ਲਏ ਸਨ। ਭਾਰੇ ਪਰਦੇ ਲਗਾਏ ਜਿਹਨਾਂ ਵਿਚ ਹਲਕਾ ਹਰਾ ਰੰਗ ਭਾਰੂ ਸੀ। ਕਿਚਨ ਵਿਚ ਕਾਲੀਆਂ ਚਿੱਟੀਆਂ ਟਾਈਲਾਂ ਲਗਵਾਈਆਂ ਸਨ। ਪਰ ਬਾਹਰੀ ਦਿੱਖ ਹੈਨਰੀ ਹਾਊਸ ਦੀ ਉਹੋ ਰਹੀ ਸੀ।

ਕ੍ਰਿਸਟਲ ਸਾਲ ਕੁ ਪਹਿਲਾਂ ਮਰ ਗਈ ਸੀ। ਜੇਮਜ਼ ਦੀ ਹਾਲਤ ਵੀ ਹੁਣ ਬੱਸ ਅੱਜ ਭਲਕ ਵਾਲੀ ਸੀ। ਵਿਲੀਅਮ, ਸਾਰਾਹ ਅਤੇ ਫਰੈਡ ਵੀ ਆਪਣਾ ਸਫ਼ਰ ਪੂਰਾ ਕਰ ਗਏ ਸਨ। ਮੈਗੀ ਅਜੇ ਜਿਉਂਦੀ ਸੀ ਪਰ ਬਾਹਰ ਅੰਦਰ ਜਾਣ ਜੋਗੀ ਨਹੀਂ ਸੀ। ਔਲੀਵਰ ਨੇ ਫਰੈਡ ਦੀ ਕੰਪਨੀ ਸੰਭਾਲ ਲਈ ਸੀ। ਵੈਸੇ ਔਲੀਵਰ ਦੀ ਦਿਲਚਸਪੀ ਬਿਜਨਸ ਵਿਚ ਸੀ। ਮੈਗੀ ਤੇ ਫਰੈਡ ਦੀ ਇੱਛਾ ਅਨੁਸਾਰ ਉਸ ਨੇ ਕਨੂੰਨ ਦੀ ਪੜ੍ਹਾਈ ਕਰ ਲਈ ਸੀ। ਹੁਣ ਉਸ ਕੋਲ ਪਹਿਲਾਂ ਨਾਲੋਂ ਵੱਧ ਸਟਾਫ ਸੀ ਤੇ ਉਹ ਹਰ ਸਾਲ ਫਰੈਡ ਅਤੇ ਮੈਗੀ ਦਾ ਜਨਮ ਦਿਨ ਮਨਾਉਂਦਾ।

ਬੈਂਕ ਦਾ ਕੰਮ ਹੈਰਿਸ ਵੇਖਦਾ ਸੀ। 1925 ਵਿਚ ਵਿਨਸਟਨ ਚਰਚਿਲ ਨੇ ਗੋਲਡ ਸਟੈਂਡਰਡ (ਕਰੰਸੀ ਨੂੰ ਸੋਨੇ ਨਾਲ ਸਬੰਧਤ ਕਰਕੇ ਜਿੰਨਾ ਕਿਸੇ ਦੇਸ਼ ਕੋਲ ਸੋਨਾ ਉਸ ਅਨੁਪਾਤ ਅਨੁਸਾਰ ਹੀ ਕਰੰਸੀ ਛਾਪੀ ਜਾਂਦੀ ਹੈ) ਨੂੰ ਫਿਰ ਤੋਂ ਸ਼ੁਰੂ ਕੀਤਾ ਸੀ। ਜਿਸ ਨਾਲ ਵਿਆਜ ਦਰ ਉਚੇ ਹੋ ਗਏ ਸਨ ਤੇ ਬ੍ਰਿਟੇਨ ਦੀਆਂ ਵਸਤਾਂ ਵੀ ਬਾਹਰ ਮਹਿੰਗੀਆਂ ਹੋਣ ਕਰਕੇ ਮੰਗ ਘਟ ਗਈ ਸੀ। ਕੋਲੇ ਦਾ ਉਤਪਾਦਨ ਵੀ ਘਟ ਗਿਆ ਤੇ ਕੋਲਾ ਬਾਹਰੋਂ ਮੰਗਵਾਉਣਾ ਪੈ ਰਿਹਾ ਸੀ।

ਹੈਰਿਸ ਨੂੰ ਬੈਂਕ ਦੀ ਪਾਲਸੀ ਵਿਚ ਤਬਦੀਲੀ ਕਰਨੀ ਪਈ। ਜਰਮਨੀ ਤੇ ਫਰਾਂਸ ਦੀ ਆਰਥਿਕ ਹਾਲਤ ਮਾੜੀ ਸੀ। ਪਹਿਲੀ ਜੰਗ ਵੇਲੇ ਜਰਮਨੀ ਨੇ ਬ੍ਰਿਟੇਨ ਨੂੰ ਮੁਆਵਜ਼ਾ ਦੇਣਾ ਕਬੂਲ ਕੀਤਾ ਸੀ। ਲੋਕ ਸਮਝਦੇ ਸਨ ਸਰਕਾਰ ਨੇ ਬਹੁਤ ਵੱਡੀ ਰਕਮ ਦੇਣ ਦਾ ਵਾਇਦਾ ਕਰਕੇ ਦੇਸ਼ ਦੇ ਹਾਲਾਤ ਖ਼ਰਾਬ ਕੀਤੇ ਸਨ। ਕੁਝ ਇਲਾਕਿਆਂ ਵਿਚ ਸਮਾਜਵਾਦੀਆਂ ਨੇ ਆਪਣੀ ਸਰਕਾਰ ਬਣਾ ਲਈ ਸੀ। ਫਿਰ ਉਹਨਾਂ ਨੂੰ ਗੈਰ-ਸਮਾਜਵਾਦੀ ਤਾਕਤਾਂ ਨੇ ਹਰਾ ਦਿੱਤਾ ਸੀ। ਇਹੋ ਜਿਹੀਆਂ ਲੜਾਈਆਂ ਚਲਦੀਆਂ ਸਨ ਤੇ ਲੋਕਾਂ ਦਾ ਮਹਿੰਗਾਈ ਨੇ ਬੁਰਾ ਹਾਲ ਕੀਤਾ ਹੋਇਆ ਸੀ।

ਹੈਰਿਸ ਪਹਿਲਾਂ ਵੀ 'ਜੈਕ ਜਿਊ' ਨੂੰ ਮਿਲ ਚੁੱਕਿਆ ਸੀ। ਉਹਦੀ ਬੈਂਕ ਵੀ ਪੁਰਾਣੀ ਤੇ ਜਾਣੀ ਪਛਾਣੀ ਬੈਂਕ ਸੀ। ਜੈਕ ਜਿਊ ਭਾਂਵੇ ਜਵਾਨ ਨਹੀਂ ਸੀ ਪਰ ਗੱਲਾਂ ਬਾਤਾਂ ਨੂੰ ਉਹ ਜਵਾਨ ਹੀ ਸੀ। ਹੈਰਿਸ ਵੀ ਉਸ ਨੂੰ ਪਸੰਦ ਕਰਦਾ ਸੀ ਤੇ ਉਹ ਵੀ ਹੈਰਿਸ ਤੋਂ ਬਹੁਤ ਪ੍ਰਭਾਵਤ ਸੀ। ਅੱਜ ਫਿਰ ਹੈਰਿਸ ਦੀ ਜੈਕ ਨਾਲ ਮੀਟਿੰਗ ਸੀ।

ਡਰਾਇਵਰ ਨੇ ਉਸ ਨੂੰ ਮੋਟਰ ਕਾਰ ਵਿਚ 'ਨਿਊ ਬੈਂਕ ਆਫ ਲੰਡਨ' ਦੇ ਦਫ਼ਤਰ ਅੱਗੇ ਲਾਹ ਦਿੱਤਾ ਤੇ ਡਰਾਇਵਰ ਕਾਰ ਵਿਚ ਬੈਠਾ ਰਿਹਾ। ਉਹ ਅੰਦਰ ਚਲਾ ਗਿਆ। ਰਿਸੈਪਸ਼ਨ 'ਤੇ ਬੈਠੀ ਕੁੜੀ ਨਾਲ ਇਕ ਹੋਰ ਬਹੁਤ ਹੀ ਸੁੰਦਰ ਕੁੜੀ ਖੜ੍ਹੀ ਗੱਲਾਂ ਕਰ ਰਹੀ ਸੀ। ਹੈਰਿਸ ਮੁਸਕਰਾਇਆ।

"ਮੇਰੀ ਜੈਕ ਜਿਊ ਨਾਲ ਮੀਟਿੰਗ ਹੈ। ਮੈਂ ਹੈਰਿਸ---ਹੈਰਿਸ ਹੈਨਰੀ।"

"ਆਉ ਮੇਰੇ ਨਾਲ। ਮਿਸਟਰ ਜਿਊ ਤੁਹਾਡੀ ਉਡੀਕ ਕਰ ਰਹੇ ਹਨ।" ਕੁੜੀ ਅੱਗੇ ਚੱਲ ਪਈ।

"ਵੈਸੇ ਮਿਸਟਰ ਜਿਊ ਐਨੀਆਂ ਸੁਹਣੀਆਂ ਕੁੜੀਆਂ ਲਭਦੇ ਕਿਥੋਂ ਐ?" ਹੈਰਿਸ ਮੁਸਕਰਾਇਆ ਤੇ ਕੁੜੀ ਵੀ ਆਪਣੀ ਤਰੀਫ਼ ਸੁਣ ਕੇ ਮੁਸਕਰਾਈ।

“ਤੁਸੀਂ ਮਿਸਟਰ ਜਿਊ ਦੀ ਤਰੀਫ਼ ਕਰ ਰਹੇ ਆਂ ਜਾਂ ਕੁੜੀ ਦੀ!” ਕੁੜੀ ਨੇ ਹੱਸਦਿਆਂ ਦਰਵਾਜ਼ਾ ਖੋਲ੍ਹਿਆ ਤੇ ਉਹ ਜੈਕ ਦੇ ਦਫ਼ਤਰ ਵਿਚ ਦਾਖਲ ਹੋ ਗਿਆ।

“ਹੈਲੋ ਹੈਨਰੀ। ਕੀ ਹਾਲ ਐ ਨੌਜਵਾਨ? ਅੱਜ ਮੈਂ ਖੁਸ਼ ਹਾਂ ਘੱਟੋ ਘੱਟ ਕਿਸੇ ਨੌਜਵਾਨ ਨਾਲ ਤਾਂ ਸਮਾਂ ਬੀਤੇਗਾ।” ਜੈਕ ਨੇ ਉਸ ਨਾਲ ਹੱਥ ਮਿਲਾਉਂਦਿਆਂ ਉਸ ਨੂੰ ਸੋਫੇ ’ਤੇ ਬੈਠਣ ਦਾ ਇਸ਼ਾਰਾ ਕੀਤਾ।

ਕੁਝ ਦੇਰ ਦੀਆਂ ਆਮ ਜਿਹੀਆਂ ਗੱਲਾਂ ਮਗਰੋਂ ਜੈਕ ਨੇ ਸ਼ੈਮਪੇਨ ਦੇ ਗਲਾਸ ਭਰੇ ਤੇ ਇਕ ਹੈਰਿਸ ਤੇ ਇਕ ਆਪਣੇ ਸਾਹਮਣੇ ਰੱਖ ਲਿਆ।

“ਤਾਂ ਹੈਰਿਸ ਆਪਾਂ ਕੰਮ ਦੀ ਗੱਲ ਵੱਲ ਆਈਏ। ਦੱਸ ਤੂੰ ਕੀ ਕਹਿਣਾ ਚਾਹੁੰਨਾ?”

“ਸਰ ਮੈਂ ਵੁਲਵਰਹੈਂਪਟਨ ਗਿਆ ਸੀ ਤੇ ਆਟੋਮੈਟਿਕ ਟ੍ਰੈਫ਼ਿਕ ਲਾਈਟਾਂ (5 ਨਵੰਬਰ 1927) ਮੈਂ ਚਲਦੀਆਂ ਵੇਖੀਆਂ।” ਹੈਰਿਸ ਨੇ ਗੱਲ ਸ਼ੁਰੂ ਕਰਨ ਦਾ ਮਹੌਲ ਬਣਾਉਣਾ ਚਾਹਿਆ।

“ਹਾਂ ਮੈਂ ਪਹਿਲਾਂ ਵੀ ਸੁਣਿਆ।” ਜੈਕ ਉੱਠਿਆ ਤੇ ਇਕ ਮੋਟੀ ਸਾਰੀ ਕਿਤਾਬ ਹੈਰਿਸ ਨੂੰ ਲਿਆ ਫੜਾਈ, “ਹੈਰਿਸ ਇਹ ਪਹਿਲੀ ਆਕਸਫੋਰਡ ਡਿਕਸ਼ਨਰੀ (15 ਫਰਵਰੀ 1928) ਐ ਤੇ ਇਹਨੂੰ ਪੂਰਾ ਕਰਨ ਵਿਚ 70 ਸਾਲ ਲੱਗੇ ਐ। ਹੈ ਨਾ ਹੋਰ ਵੀ ਹੈਰਾਨੀ ਦੀ ਗੱਲ।” ਹੈਰਿਸ ਹੈਰਾਨੀ ਨਾਲ ਕਿਤਾਬ ਨੂੰ ਫਰੋਲਦਾ ਰਿਹਾ।

“ਹੈਰਾਨ ਕਰਨ ਵਾਲਾ ਤਾਂ ਦੁਨੀਆਂ ਵਿਚ ਬਹੁਤ ਕੁਝ ਐ। ਲੜਾਈ ਤੋਂ ਪਹਿਲਾਂ ਇਕ ਡਾਲਰ ਦੇ ਸਾਢੇ ਚਾਰ ਮਾਰਕ (ਜਰਮਨੀ ਦੀ ਕਰੰਸੀ) ਦਾ ਰੇਟ ਸੀ। 1922 ਵਿਚ 7600 ਮਾਰਕ ਤੇ 1923 ਵਿਚ 600 ਬਿਲੀਅਨ ਮਾਰਕ ਇਕ ਡਾਲਰ ਦੇ ਮਿਲਣ ਲੱਗੇ। ਜਰਮਨੀ ਜੰਗ ਤੋਂ ਪਹਿਲਾਂ ਦੁਨੀਆਂ ਦੀ ਤੀਜੀ ਵੱਡੀ ਆਰਥਿਕਤਾ ਸੀ। ਜੰਗ ਤੋਂ ਬਾਅਦ ਤਾਂ ਉਹਨਾਂ ਨੂੰ ਨੋਟ ਛਾਪਣੇ ਹੀ ਔਖੇ ਹੋ ਗਏ। ਇਕ ਕਿਲੋ ਘਿਉ ਲਈ 250 ਬਿਲੀਅਨ।”

“ਹੈਰਿਸ ਵਾਲ ਸਟਰੀਟ ਦੇ ਕਰੈਸ਼ ਹੋਣ ਨਾਲ (22 ਅਪ੍ਰੈਲ 1929) ਅਮਰੀਕਾ ਵਿਚ ਤਾਂ ਮੰਦਵਾਵਾਂ ਆਉਣਾ ਹੀ ਸੀ। ਸਾਰੀ ਦੁਨੀਆਂ ’ਤੇ ਹੀ ਇਸ ਦਾ ਅਸਰ ਪਿਆ ਐ। ਅਜੇ ਪਤਾ ਨਹੀਂ ਲੋਕਾਂ ਨੇ ਕਿਹੋ ਜਿਹੇ ਦਿਨ ਵੇਖਣੇ ਐ।”

ਕੁਝ ਦੇਰ ਉਹ ਜੰਗ ਦੇ ਲੋਕਾਂ ’ਤੇ ਪੈ ਰਹੇ ਅਸਰ ਬਾਰੇ ਗੱਲਾ ਕਰਦੇ ਰਹੇ।

“ਖੈਰ ਸਰ ਮੈਂ ਤੁਹਾਡੇ ਕੋਲ ਇਕ ਤਜ਼ਵੀਜ਼ ਲੈ ਕੇ ਆਇਆਂ ਹਾਂ-।” ਹੈਰਿਸ ਨੇ ਜੈਕ ਵੱਲ ਧਿਆਨ ਨਾਲ ਵੇਖਿਆ। ਜੈਕ ਉਸ ਦੇ ਮੂੰਹ ’ਤੇ ਨਜ਼ਰਾਂ ਗੱਡੀ ਸੁਣਨ ਦੀ ਉਡੀਕ ਕਰ ਰਿਹਾ ਸੀ।

“ਹਾਲਾਤ ਬਹੁਤ ਤੇਜ਼ੀ ਨਾਲ ਬਦਲ ਰਹੇ ਐ। ਬ੍ਰਿਟੇਨ ਨੇ ਜੰਗ ਤੋਂ ਪਹਿਲਾਂ ਤੋਂ ਲੈ ਕੇ ਹੀ ਇੰਡਸਟਰੀ ਨੂੰ ਬੇਹਤਰ ਬਣਾਉਣ ਲਈ ਖਾਸ ਨਿਵੇਸ਼ ਨਹੀਂ ਕੀਤਾ। ਉਹੀ ਪੁਰਾਣੀਆਂ ਮਸ਼ੀਨਾਂ ਤੇ ਉਹੀ ਪੁਰਾਣਾ ਕੰਮ ਢੰਗ। ਸ਼ਿੱਪ-ਯਾਰਡ, ਖਾਨਾਂ ਤੇ ਕੱਪੜੇ ਦੀ ਇੰਡਸਟਰੀ ਦਾ ਹਾਲ ਮਾੜਾ ਐ। ਉੱਤੋਂ ਹੁਣ ਮੰਦਾ ਆ ਗਿਆ ਐ। ਪਰ ਕੁਝ ਨਵੇਂ ਰਾਹ ਵੀ ਖੁੱਲ੍ਹੇ ਹਨ। ਜੰਗ ਤੋਂ ਬਾਅਦ ਵਿਕਟੋਰੀਅਨ ਜ਼ਮਾਨੇ ਦੇ ਘਰਾਂ ਦੀ ਥਾਂ ਨਵੇਂ ਘਰ ਬਣਨ ਲੱਗੇ ਐ। ਨਵੀਆਂ ਬਿਲਡਿੰਗਾਂ ਬਣ ਰਹੀਆਂ। ਮੈਂ ਪ੍ਰਾਪਰਟੀ ਵਿਚ ਕਾਫੀ ਨਿਵੇਸ਼ ਕੀਤਾ ਐ। ਵੈਸੇ ਤਾਂ ਹਰ ਘਰ ਨੂੰ ਬਿਜਲੀ, ਗੈਸ ਤੇ ਪਾਣੀ ਦਾ ਕਨੈਕਸ਼ਨ ਦਿੱਤਾ ਜਾਂਦਾ ਤੇ ਇਹ ਕੰਪਨੀਆਂ ਵੀ ਵਧ ਫੁਲ ਰਹੀਆਂ। ਮੇਰੇ ਖਿਆਲ ਵਿਚ ਇਕ ਹੋਰ ਕੰਮ ਐ ਜੋ ਆਪਾਂ ਦੋਵੇਂ ਮਿਲ ਕੇ ਕਰ ਸਕਦੇ ਹਾਂ ਜੇ ਤੁਸੀਂ ਚਾਹੋ ਤਾਂ--।” ਉਹ ਰੁਕਿਆ ਤੇ ਉਸ ਨੇ ਜੈਕ ਵੱਲ ਦੇਖਿਆ।

“ਮੈਂ ਸੁਣ ਰਿਹਾਂ ਹੈਰਿਸ।”

“ਸਰ ਹਵਾਈ ਜ਼ਹਾਜ਼ ਦਾ ਕੰਮ ਨਵਾਂ ਐ ਪਰ ਤੇਜ਼ੀ ਨਾਲ ਵਧ ਰਿਹਾ। ਮੈਂ ਸੋਚਦਾ ਸੀ ਆਪਾਂ ਇਕ ਹਵਾਈ ਕੰਪਨੀ ਬਣਾ ਲਈਏ। ਆਉਣ ਵਾਲੇ ਸਮੇਂ ਵਿਚ ਮੇਰਾ ਖਿਆਲ ਐ ਹਵਾਈ ਸਫ਼ਰ ਬਹੁਤ ਵਧੇਗਾ।” ਉਸ ਨੂੰ ਪਤਾ ਸੀ ਜੈਕ ਨੂੰ ਇਸ਼ਾਰਾ ਹੀ ਕਾਫੀ ਸੀ। ਉਹ ਬਹੁਤ ਚੁਸਤ ਦਿਮਾਗ ਬੰਦਾ ਸੀ।

“ਗੱਲ ਤੇਰੀ ਮੇਰੇ ਮਨ ਲਗਦੀ ਐ। ਮੈਂ ਤੇਰੇ ਨਾਲ ਕੰਮ ਕਰਨ ਲਈ ਤਿਆਰ ਹਾਂ।” ਉਹਨਾਂ ਨੇ ਹੱਥ ਮਿਲਾਇਆ। ਬਾਕੀ ਦਾ ਕੰਮ ਤਾਂ ਸਮੇਂ ਸਮੇਂ ਅੱਗੇ ਵਧਣਾ ਸੀ।

ਦੋ ਕੁ ਸਾਲ ਦੀ ਮਿਹਨਤ ਬਾਅਦ ਹੈਰਿਸ ਤੇ ਜੈਕ ਨੇ ‘ਨੇਟਿਵ ਏਰਵੇਜ਼’ ਦੀ ਲੰਡਨ ਤੋਂ ਪੈਰਿਸ ਜਾਣ ਵਾਲੀ ਪਹਿਲੀ ਉਡਾਨ ਦਾ ਉਦਘਾਟਨ ਕੀਤਾ।

--------

ਵੀਕ ਐਂਡ ਹੈਰਿਸ ਦਾ ਵਿਹਲਾ ਹੁੰਦਾ। ਉਸ ਨੇ ਵਿਆਹ ਕਰਵਾਇਆ ਸੀ ਤੇ ਦੋ ਸਾਲ ਬਾਅਦ ਉਸ ਨੇ ਤਲਾਕ ਦੇ ਦਿੱਤਾ। ਐਨ ਚੰਗੇ ਘਰ ਦੀ ਕੁੜੀ ਸੀ। ਉਸ ਦਾ ਪਿਉ ਵੀ ਪ੍ਰਾਪਰਟੀ ਬਿਜਨਸ ਵਿਚ ਸੀ। ਐਨ ਨੂੰ

ਕਲੱਬਾਂ ਵਿਚ ਜਾਣ ਦਾ ਸ਼ੌਕ ਸੀ। ਹੈਰਿਸ ਵੀ ਕਲੱਬ ਜਾਂਦਾ ਪਰ ਉਹ ਐਨ ਵਾਂਗ ਪੀਂਦਾ ਨਹੀਂ ਸੀ। ਐਨ ਤਾਂ ਹਫ਼ਤੇ ਵਿਚ ਤਿੰਨ ਚਾਰ ਵਾਰ ਵੀ ਕਲੱਬ ਚਲੀ ਜਾਂਦੀ ਤੇ ਜਦ ਵਾਪਿਸ ਆਉਂਦੀ ਉਦੋਂ ਤੱਕ ਹੈਰਿਸ ਆਪਣੇ ਬੈਡ ਰੂਮ ਵਿਚ ਪਿਆ ਹੁੰਦਾ। ਅਕਸਰ ਉਹ ਸ਼ਰਾਬੀ ਹੁੰਦੀ। ਉਸ ਨੂੰ ਘੱਟ ਹੀ ਯਾਦ ਹੁੰਦਾ ਉਹ ਕਲੱਬ ਤੋਂ ਕਿਸ ਨਾਲ ਤੇ ਕਿਵੇਂ ਘਰ ਪਹੁੰਚੀ ਸੀ। ਹੈਰਿਸ ਨੇ ਉਸ ਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਕੋਈ ਅਸਰ ਨਾ ਹੋਇਆ। ਗੱਲ ਲੜਾਈ ਝਗੜੇ ਤੱਕ ਚਲੀ ਗਈ ਤੇ ਹੈਰਿਸ ਨੇ ਤਲਾਕ ਦੇ ਦਿੱਤਾ।

ਤਲਾਕ ਦੇਣਾ ਕਿਹੜਾ ਸੌਖਾ ਸੀ! ਜੰਗ ਤੋਂ ਪਹਿਲਾਂ ਤਾਂ ਤਲਾਕ ਨੂੰ ਗੁਨਾਹ ਵਾਂਗ ਸਮਝਿਆ ਜਾਂਦਾ ਸੀ। ਜੰਗ ਬਾਅਦ ਸਮਾਜ ਬਦਲ ਗਿਆ ਸੀ। ਪਹਿਲਾਂ ਸਿਰਫ ਆਦਮੀ ਤਲਾਕ ਦੇ ਸਕਦੇ ਸਨ। ਜੰਗ ਬਾਅਦ ਔਰਤਾਂ ਨੂੰ ਵੀ ਤਲਾਕ ਦਾ ਹੱਕ ਮਿਲ ਗਿਆ ਸੀ। ਪਰ ਤਲਾਕ ਲਈ ਵਿਭਚਾਰ ਦਾ ਸਬੂਤ ਦੇਣਾ ਪੈਂਦਾ ਸੀ। ਇਹ ਕਨੂੰਨ ਵੀ 1923 ਵਿਚ ਬਣਿਆ ਸੀ। ਹੈਰਿਸ ਨੇ ਇਕ ਪ੍ਰਾਈਵੇਟ ਡਿਟੈਕਟਿਵ ਨੂੰ ਕਹਿ ਕੇ ਲੋੜੀਂਦੀਆਂ ਫੋਟੋ ਖਿੱਚ ਲਈਆਂ ਸਨ। ਵੈਸੇ ਐਨ ਉਸ ਨਾਲੋਂ ਵੱਖ ਹੋਣ ਨੂੰ ਤਿਆਰ ਸੀ। ਹੈਰਿਸ ਤਲਾਕ ਲੈ ਕੇ ਆਜ਼ਾਦ ਹੋਣਾ ਚਾਹੁੰਦਾ ਸੀ। ਤਲਾਕ ਲੈਣ ਲਈ ਉਹਨਾਂ ਨੂੰ ਕਾਫੀ ਮਾਨਸਿਕ ਮੁਸ਼ੱਕਤ ਵਿਚੋਂ ਦੀ ਲੰਘਣਾ ਪਿਆ ਸੀ।

ਹੈਰਿਸ ਲਈ ਘਰ ਸਮਾਂ ਬਿਤਾਉਣਾ ਬਹੁਤ ਔਖਾ ਸੀ। ਦੋਸਤਾਂ ਮਿੱਤਰਾਂ ਨਾਲ ਬਾਹਰ ਚਲਾ ਜਾਂਦਾ। ਹੁਣ ਫੈਸ਼ਨ ਦੀਆਂ ਬਥੇਰੀਆਂ ਦੁਕਾਨਾਂ ਖੁੱਲ੍ਹ ਗਈਆਂ ਸਨ। ਹੈਰਿਸ ਸਮਾਂ ਬਿਤਉਣ ਲਈ ਕਿਸੇ ਨਾ ਕਿਸੇ ਪਾਸੇ ਚਲਾ ਜਾਂਦਾ। ਜੈਕ ਜਿਊ ਨਾਲ ਮੀਟਿੰਗ ਤੋਂ ਦੋ ਤਿੰਨ ਹਫ਼ਤੇ ਬਾਅਦ ਉਹ ਨਾਈਟਸ ਬਰਿਜ ਦੀ ਹਾਈ ਸਟਰੀਟ 'ਤੇ ਘੁੰਮ ਰਿਹਾ ਸੀ। ਜੈਕ ਜਿਊ ਦੇ ਦਫ਼ਤਰ ਵਾਲੀ ਕੁੜੀ ਨੂੰ ਉਸ ਨੇ 'ਹੈਰਡਜ਼' ਸਟੋਰ ਵਿਚ ਜਾਂਦਿਆਂ ਵੇਖ ਲਿਆ ਸੀ। ਚਾਰਲਸ ਹੈਨਰੀ ਹੈਰੋਡ ਨੇ ਇਹ ਸਟੋਰ 1849 ਵਿਚ ਸਥਾਪਤ ਕੀਤਾ ਸੀ। ਹੈਰਿਸ ਦਾ ਇਹ ਮਨ ਭਾਉਂਦਾ ਸਟੋਰ ਸੀ। ਹੈਰਿਸ ਵੀ ਕੁੜੀ ਦੇ ਪਿੱਛੇ ਸਟੋਰ ਵਿਚ ਚਲਾ ਗਿਆ। ਉਸ ਨੇ ਜਲਦੀ ਹੀ ਕੁੜੀ ਨੂੰ ਢੂੰਡ ਲਿਆ। ਉਸ ਵੇਲੇ ਉਹ ਆਦਮੀਆਂ ਵਾਲੇ ਹਿੱਸੇ ਵਿਚ ਕੁਝ ਵੇਖ ਰਹੀ ਸੀ।

"ਹੈਲੋ ਮਿਸ---।" ਹੈਰਿਸ ਨੇ ਆਪਣਾ ਹੱਥ ਮਿਲਾਉਣ ਲਈ ਅੱਗੇ ਕੀਤਾ।

"ਓਹ ਮਿਸਟਰ ਹੈਨਰੀ। ਤੁਸੀਂ ਏਥੇ ਕਿਵੇਂ?" ਕੁੜੀ ਨੇ ਹੈਰਾਨੀ ਨਾਲ ਹੈਰਿਸ ਵੱਲ ਵੇਖਦਿਆਂ ਆਪਣਾ ਹੱਥ ਅੱਗੇ ਕੀਤਾ।

"ਮੈਂ ਆਪਣੀ ਕਾਰ 'ਤੇ ਆਇਆਂ। ਹੋਰ ਕੋਈ ਮੇਰੇ ਕੋਲ ਏਥੇ ਆਉਣ ਲਈ ਸਾਧਨ ਨਹੀਂ ਸੀ।" ਹੈਰਿਸ ਨੇ ਮੁਸਕਰਾਉਂਦਿਆਂ ਉਹੋ ਜਿਹਾ ਹੀ ਜਵਾਬ ਦਿੱਤਾ ਜਿਹੋ ਜਿਹਾ ਕੁੜੀ ਨੇ ਉਸ ਦਿਨ ਉਸ ਨੂੰ ਦਿੱਤਾ ਸੀ।

"ਮੈਂ ਸੋਚਿਆ ਸ਼ਾਇਦ ਸਟੋਰ ਦੇ ਮਾਲਕ ਤੋਂ ਕਰਜ਼ੇ ਦੀ ਵਸੂਲੀ ਕਰਨ ਆਏ ਹੋਵੋ।" ਕੁੜੀ ਖੁੱਲ੍ਹ ਕੇ ਹੱਸੀ।

"ਕੀ ਮੈਂ ਤੁਹਾਡਾ ਨਾਂ ਜਾਣ ਸਕਦਾਂ?"

"ਮੀਰੀਅਮ---।"

"ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ ਐ।"

"ਮਿਹਰਬਾਨੀ।" ਕੁੜੀ ਨੇ ਸੰਖੇਪ ਜਿਹਾ ਜਵਾਬ ਦਿੱਤਾ।

"ਚੰਗਾ ਹੋਇਆ ਤੁਸੀਂ ਮਿਲ ਗਏ, ਮੈਂ ਦੋ ਕੁ ਕਮੀਜ਼ਾਂ ਲੈਣੀਆਂ ਸੀ ਤੇ ਮੈਨੂੰ ਪਸੰਦ ਕਰਨੀਆਂ ਬਹੁਤ ਔਖੀਆਂ ਲਗਦੀਆਂ। ਮੇਰੀ ਮਦਦ ਕਰੋ ਪਲੀਜ਼।" ਹੈਰਿਸ ਨੇ ਬੇਨਤੀ ਕੀਤੀ।

"ਮੈਨੂੰ ਕਿਹੜਾ ਆਦਮੀਆਂ ਦੀਆਂ ਚੀਜ਼ਾਂ ਖਰੀਦਣ ਦਾ ਤਜ਼ਰਬਾ ਐ। ਚਲੋ ਮੈਂ ਵੀ ਕੁਝ ਸਿੱਖ ਲਊਂ।"

ਉਹ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਸਟੋਰ ਵਿਚ ਫਿਰਦੇ ਰਹੇ। ਹੈਰਿਸ ਨੇ ਕੁਝ ਲੈਣਾ ਤਾਂ ਨਹੀਂ ਸੀ ਪਰ ਫਿਰ ਵੀ ਕੁੜੀ ਦੀ ਪਸੰਦ ਦੀਆਂ ਦੋ ਕਮੀਜ਼ਾਂ ਲੈ ਲਈਆਂ।

"ਮੀਰੀਅਮ, ਮੇਰੀ ਬੇਨਤੀ ਐ ਜੇ ਕੁਝ ਸਮਾਂ ਕੱਢ ਸਕੋ ਤਾਂ ਆਪਾਂ ਲੰਚ ਵੀ ਕਰ ਲਈਏ। ਬਹੁਤ ਭੁੱਖ ਲੱਗੀ ਐ।"

"ਚਲੋ ਠੀਕ ਐ। ਤੁਹਾਡੀ ਸ਼ਾਪਿੰਗ ਕਰਦਿਆਂ ਮੈਨੂੰ ਵੀ ਬਹੁਤ ਭੱਖ ਲੱਗ ਪਈ ਐ।" ਕੁੜੀ ਨਾਲ ਹੈਰਿਸ ਵੀ ਹੱਸ ਪਿਆ।

ਹੈਰਡਜ਼ ਦੇ ਬਾਹਰ ਨਿਕਲ ਕੇ ਉਹ ਮੁੱਖ ਸੜਕ 'ਤੇ ਆ ਗਏ। ਨੇੜੇ ਹੀ ਖੁੱਲ੍ਹਾ-ਡੁੱਲ੍ਹਾ ਤੇ ਜਾਣਿਆ ਪਛਾਣਿਆ 'ਵਿੰਟਰ ਗਾਰਡਨ' ਨਾਂ ਦਾ ਰੈਸਟੋਰੈਂਟ ਸੀ ਜਿਹੜਾ ਲੰਡਨ ਦੇ ਜਾਣੇ ਪਛਾਣੇ ਰੇਸਟੋਰੈਂਟਾਂ ਵਿਚੋਂ ਇਕ ਸੀ। ਹੈਰਿਸ ਨੇ ਪਹਿਲੀ ਮੰਜ਼ਿਲ 'ਤੇ ਟੇਬਲ ਲੈ ਲਿਆ। ਉਥੇ ਕੋਈ ਅਜੇ ਹੋਰ ਨਹੀਂ ਸੀ ਬੈਠਾ। ਖਿੜਕੀ ਵਿਚੋਂ

ਦੀ ਹੇਠਾਂ ਸੜਕ ਤੇ ਚਲਦੇ ਫਿਰਦੇ ਲੋਕ ਨਜ਼ਰ ਆ ਰਹੇ ਸਨ ਤੇ ਕਾਰਾਂ ਦੇ ਹਾਰਨਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਉਹਨਾਂ ਨੇ ਖਾਣਾ ਆਰਡਰ ਕਰ ਦਿੱਤਾ।

"ਬੈਂਕ ਵਿਚ ਕੰਮ ਕਰਦਿਆਂ ਕਿੰਨ੍ਹਾ ਕੁ ਚਿਰ ਹੋ ਗਿਆ, ਮੀਰੀਅਮ?"

"ਕੋਈ ਦੋ ਕੁ ਸਾਲ, ਕਿਉਂ?"

"ਕੁੜੀਆਂ ਅੱਜ ਕੱਲ੍ਹ ਘੱਟ ਹੀ ਕੰਮ ਕਰਦੀਆਂ। ਵੈਸੇ ਤੁਸੀ ਆਪਣਾ ਪ੍ਰੀਵਾਰਕ ਨਾਂ ਨੀ ਦੱਸਿਆ!"

"ਮੀਰੀਅਮ ਜਿਊ—ਅਸਲ 'ਚ ਜੈਕ ਜਿਊ ਮੇਰੇ ਪਿਤਾ ਐ।" ਕੁੜੀ ਨੇ ਕੁਝ ਕੁ ਮਾਣ ਨਾਲ ਕਿਹਾ।

"ਮੈਨੂੰ ਪਹਿਲਾਂ ਹੀ ਸ਼ੱਕ ਪਿਆ ਸੀ--।"

ਅਸਲ 'ਚ ਕੁੜੀ ਦਾ ਹੈਰਡਜ਼ ਵਿਚ ਹੋਣਾ, ਉਸ ਦੀ ਗੱਲ-ਬਾਤ, ਉਸ ਦਾ ਡਰੈਸ ਆਦਿ ਸਾਰੀਆਂ ਚੀਜ਼ਾਂ ਅਸਾਧਾਰਣ ਸਨ ਜੋ ਆਮ ਸ਼ਹਿਰੀ ਦੀ ਪਹੁੰਚ ਤੋਂ ਬਾਹਰ ਸਨ। ਗੱਲਾਂ ਦਾ ਮੋੜ ਘਰ ਵੱਲ ਮੁੜ ਪਿਆ ਸੀ।

"ਮੇਰੇ ਖਿਆਲ 'ਚ ਤੇਰਾ ਇਕ ਭਰਾ ਵੀ ਐ। ਉਹ ਬੈਂਕ 'ਚ ਕੰਮ ਨਹੀਂ ਕਰਦਾ?"

"ਮੇਰੇ ਤਿੰਨ ਭਰਾ ਐ। ਬੈਂਕ 'ਚ ਕੋਈ ਵੀ ਕੰਮ ਨਹੀਂ ਕਰਦਾ। ਇਕ ਅਮਰੀਕਾ ਚਲਿਆ ਗਿਆ ਤੇ ਉਥੇ ਰਹਿ ਰਿਹਾ ਐ। ਨੋਹ ਜਰਮਨੀ ਵਿਚ ਵਿਆਹ ਕਰਵਾ ਕੇ ਰਹਿਣ ਲੱਗ ਪਿਆ ਐ। ਅਸੀਂ ਬਥੇਰਾ ਉਸ ਨੂੰ ਵਾਪਿਸ ਆਉਣ ਲਈ ਕਹਿਨੇ ਆਂ ਬਈ ਹਾਲਾਤ ਚੰਗੇ ਨਹੀਂ ਲਗਦੇ। ਆਹ ਨਾਜ਼ੀ ਪਾਰਟੀ ਵਾਲੇ ਪਤਾ ਨੀ ਕੀ ਕਰਨਗੇ? ਤੀਜਾ ਬਦਕਿਸਮਤੀ ਨਾਲ ਮਾਨਸਿਕ ਪੱਖੋਂ ਅਪਾਹਜ ਐ। ਸੋ ਮੈਂ ਬੈਂਕ 'ਚ ਮਦਦ ਕਰ ਦਿੰਦੀ ਆਂ। ਸੱਚ ਪੁਛੋਂ ਤਾਂ ਮੈਨੂੰ ਬੈਂਕ ਦਾ ਕੰਮ ਪਸੰਦ ਵੀ ਆ।" ਕੁੜੀ ਕੁਝ ਕੁ ਉਦਾਸ ਹੋ ਗਈ ਸੀ।

"ਮੇਰਾ ਭਰਾ ਲੂਕ ਕੈਨੇਡਾ ਚਲਾ ਗਿਆ। ਉਹਨੂੰ ਇੰਜਨੀਅਰਿੰਗ ਦਾ ਸ਼ੌਂਕ ਸੀ। ਮੇਰੇ ਫਾਦਰ ਨੇ ਉਸ ਨੂੰ ਉਥੇ ਸੈਟ ਕਰ ਦਿੱਤਾ। ਲੀਅਮ ਦੇ ਪਹਿਲਾਂ ਤੋਂ ਹੀ ਸ਼ੌਂਕ ਅਵੱਲੇ ਸੀ। ਉਹ ਸਭ ਤੋਂ ਛੋਟਾ ਐ ਤੇ ਮੇਰੇ ਮਾਪਿਆਂ ਦਾ ਲਾਡਲਾ। ਉਹ ਕਹਿੰਦਾ ਫਾਰਮ ਦਾ ਕੰਮ ਕਰਨਾ। ਫਾਰਮਿੰਗ ਕੁਦਰਤ ਦੇ ਨੇੜੇ ਰਹਿਣ ਵਾਲਾ ਕਿੱਤਾ ਐ। ਉਸ ਵਾਸਤੇ ਸਵਿੰਡਨ 'ਚ ਇਕ ਫਾਰਮ ਲੈ ਲਿਆ ਸੀ। ਉਹਦੇ ਵਿਚਾਰ ਕੁਝ ਕੁ ਅਜ਼ੀਬ ਕਿਸਮ ਦੇ ਨੇ। ਵੈਸੇ ਫਾਰਮ ਵਿਚ ਜਾ ਕੇ ਬਹੁਤ ਸਕੂਨ ਮਿਲਦਾ। ਉਹਦਾ ਮੇਰੇ ਨਾਲ ਚੰਗਾ ਮੋਹ ਪਿਆਰ ਐ। ਲਗਦਾ ਉਹ ਖੁਸ਼ ਐ ਉਥੇ।"

ਖਾਣਾ ਖਾ ਕੇ ਉਹ ਘਰਾਂ ਨੂੰ ਵਾਪਿਸ ਆ ਗਏ। ਹੈਰਿਸ ਨੂੰ ਮੀਰੀਅਮ ਦੇ ਸੁਪਨੇ ਆਉਣ ਲੱਗੇ। ਉਹ ਮੀਰੀਅਮ ਨਾਲ ਬੈਂਕ ਦੇ ਟੈਲੀਫੋਨ 'ਤੇ ਗੱਲ ਕਰ ਲੈਂਦਾ। ਹੌਲੀ ਹੌਲੀ ਅੱਗ ਦੋਵੇਂ ਪਾਸੀਂ ਮਘ ਪਈ।

ਜੈਕ ਜਿਊ ਦਾ ਪਰਿਵਾਰ ਸਦੀਆਂ ਤੋਂ ਇੰਗਲੈਂਡ ਵਿਚ ਰਹਿ ਰਿਹਾ ਸੀ। ਉਹ ਬਹੁਤ ਪੱਕੇ ਯਹੂਦੀ ਨਹੀਂ ਸਨ। ਉਹਨਾਂ ਦੇ ਰਿਸ਼ਤੇ ਤੇ ਦੋਸਤੀਆਂ ਕ੍ਰਿਸਚੀਅਨਾਂ ਨਾਲ ਵੀ ਬਥੇਰੀਆਂ ਸਨ। ਜਿਸ ਪੱਧਰ 'ਤੇ ਹੁਣ ਉਹ ਪਹੁੰਚ ਗਿਆ ਸੀ, ਉਥੇ ਧਰਮ ਦਾ ਬਹੁਤਾ ਫ਼ਰਕ ਨਹੀਂ ਪੈਂਦਾ। ਬੇਸ਼ਕ ਉਹ ਜਾਣਦਾ ਸੀ ਕਿ ਧਰਮ ਕਿਸੇ ਹੱਦ ਤੱਕ ਆਪਣਾ ਅਸਰ ਜ਼ਰੂਰ ਰਖਦਾ। ਜਦੋਂ ਉਹਨਾਂ ਨੇ ਪੈਰਿਸ ਦੀ ਫਲਾਈਟ ਦਾ ਉਦਘਾਟਨ ਕੀਤਾ ਸੀ ਤਾਂ ਉਸ ਤੋਂ ਦੋ ਮਹੀਨੇ ਬਾਅਦ ਹੈਰਿਸ ਤੇ ਮੀਰੀਅਮ ਦਾ ਵਿਆਹ ਹੋ ਗਿਆ ਸੀ।



ਮੀਰੀਅਮ ਦੇ ਹੁਣ ਤੱਕ ਦੋ ਬੱਚੇ ਸਨ ਤੇ ਦੋਵੇਂ ਹੀ ਕੁੜੀਆਂ ਸਨ। ਉਹ ਬਹੁਤਾ ਉਹਨਾਂ ਦੀ ਦੇਖ ਭਾਲ ਕਰਦੀ ਰਹਿੰਦੀ। ਜਰਮਨੀ ਵੱਲੋਂ ਆ ਰਹੀਆਂ ਖ਼ਬਰਾਂ ਨਾਲ ਉਹਨਾਂ ਦੇ ਚਿਹਰੇ ਸੂਤੇ ਰਹਿੰਦੇ। ਮੀਰੀਅਮ ਨੂੰ ਆਪਣੇ ਭਰਾ ਦਾ ਬਹੁਤ ਫ਼ਿਕਰ ਰਹਿੰਦਾ। ਹੁਣ ਕੁਝ ਸਮੇਂ ਤੋਂ ਤਾਂ ਉਸ ਨਾਲ ਕੋਈ ਰਾਬਤਾ ਵੀ ਨਹੀਂ ਸੀ ਹੋ ਸਕਿਆ।

ਨਾਜ਼ੀ ਪਾਰਟੀ ਦੀ ਸਰਕਾਰ ਸੀ। ਹਿਟਲਰ ਜੇਲ੍ਹ ਦੀ ਸਜ਼ਾ ਕੱਟ ਕੇ ਬਾਹਰ ਆਇਆ ਤਾਂ ਉਸ ਦੀ ਲੋਕਾਂ ਵਿਚ ਬੱਲੇ-ਬੱਲੇ ਹੋ ਗਈ ਸੀ। ਕੁਝ ਹੀ ਸਮੇਂ ਵਿਚ ਉਹ ਨਾਜ਼ੀ ਪਾਰਟੀ ਦਾ ਲੀਡਰ ਬਣ ਗਿਆ ਤੇ ਹੁਣ ਉਹ (1933) ਜਰਮਨੀ ਦਾ ਚਾਂਸਲਰ ਬਣ ਗਿਆ ਸੀ ਤੇ ਸਾਲ ਵਿਚ ਹੀ ਉਹ ਡਿਕਟੇਟਰ ਬਣ ਬੈਠਾ ਸੀ।

1923 ਵਿਚ ਹਿਟਲਰ ਨੇ ਨਾਜ਼ੀ ਪਾਰਟੀ ਦੇ ਕੁਝ ਬੰਦੇ ਨਾਲ ਲੈ ਕੇ 'ਵੀਮਰ ਰਿਪਬਲਿਕ' ਦੀ ਗੌਰਮਿੰਟ ਖਿਲਾਫ਼ ਰਾਜ ਪਲਟਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹਾਰ ਗਿਆ। ਉਸ ਦੇ ਕੁਝ ਬੰਦੇ ਮਾਰੇ ਗਏ ਤੇ ਹਿਟਲਰ ਨੂੰ ਪੰਜ ਸਾਲ ਦੀ ਕੈਦ ਹੋ ਗਈ। ਪਰ ਉਸ ਨੂੰ ਨੌ ਮਹੀਨੇ ਬਾਅਦ ਹੀ ਰਿਹਾਈ ਮਿਲ ਗਈ ਸੀ। ਜੰਗ-ਬੰਦੀ ਦੀ ਸ਼ਰਤ ਅਨੁਸਾਰ ਜਾਰਮਨੀ 'ਤੇ ਆਪਣੀ ਫੌਜੀ ਸ਼ਕਤੀ ਵਿਚ ਵਾਧਾ ਕਰਨ 'ਤੇ ਰੋਕ ਲੱਗੀ ਸੀ। ਹਿਟਲਰ ਨੇ

ਫਿਰ ਤੋਂ ਨੌਜਵਾਨਾਂ ਨੂੰ ਲਾਜ਼ਮੀ ਫੌਜ ਵਿਚ ਭਰਤੀ ਹੋਣ ਦਾ ਹੁਕਮ ਚਾੜ੍ਹ ਦਿੱਤਾ। ਹੋਰ ਵੀ ਫੌਜੀ ਸਮਾਨ ਤਿਆਰ ਕਰਨ ਵੱਲ ਉਚੇਚਾ ਧਿਆਨ ਦੇਣ ਲੱਗਾ।

ਹਿਟਲਰ ਨੇ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਪਾਉਣ ਲਈ 'ਗੈਸਟਾਪੋ' ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਕਮਿਊਨਿਸਟ, ਯਹੂਦੀ, ਪਰੋਟੈਸਟੈਂਟ ਕ੍ਰਿਸਚੀਅਨ, ਜਿਪਸੀ (ਗੱਡੀਆਂ ਵਾਲੇ ਜਿਹਨਾਂ ਦਾ ਕੋਈ ਪੱਕਾ ਥਾਂ ਟਿਕਾਣਾ ਨਹੀਂ ਹੁੰਦਾ) ਤੇ ਸਮਲਿੰਗੀ ਲੋਕਾਂ ਨੂੰ ਰਾਤ ਨੂੰ ਘਰਾਂ ਤੋਂ ਫੜਿਆ ਜਾਂਦਾ ਤੇ ਮਾਰ ਕੁੱਟ ਕੀਤੀ ਜਾਂਦੀ। ਕਮਿਊਨਿਸਟਾਂ ਨੂੰ ਖਾਸ ਤੌਰ 'ਤੇ ਮਾਰਿਆ ਗਿਆ।

"ਡੈਡ, ਜੀ ਆਇਆਂ ਨੂੰ।"

ਮੀਰੀਅਮ ਨੇ ਆਪਣੇ ਪਿਤਾ ਦੀ ਆਉ-ਭਗਤ ਕੀਤੀ। ਉਸ ਨਾਲ ਉਸ ਦਾ ਅਪਾਹਜ ਭਰਾ ਵੀ ਸੀ ਜਿਸ ਦਾ ਨੌਕਰ ਨੇ ਹੱਥ ਫੜਿਆ ਹੋਇਆ ਸੀ। ਉਸ ਦੇ ਪਿਉ ਨੇ ਬਹੁਤ ਪਿਆਰ ਨਾਲ ਉਸ ਨੂੰ ਤੋਹਫਾ ਫੜਾਉਂਦਿਆਂ ਜਨਮ ਦਿਨ ਦੀ ਮੁਬਾਰਕ ਦਿੱਤੀ। ਉਹਨਾਂ ਨੇ ਕੇਕ ਕੱਟਿਆ ਤੇ ਰਸਮੀ ਜਨਮ ਦਿਨ ਮੁਬਾਰਕ ਦਾ ਗੀਤ ਗਾਇਆ। ਮੀਰੀਅਮ ਦੇ ਚਿਹਰੇ 'ਤੇ ਖੁਸ਼ੀ ਖੇਲ੍ਹਣ ਲੱਗੀ। ਹੈਰਿਸ ਨੇ ਉਸ ਨੂੰ ਬਹੁਤ ਸ਼ਾਨਦਾਰ ਹੀਰੇ ਦਾ ਕੰਗਣ ਲਿਆ ਕੇ ਦਿੱਤਾ ਸੀ। ਉਸ ਵੱਲ ਮੀਰੀਅਮ ਬਹੁਤ ਹੀ ਮੋਹ-ਭਿੱਜੀ ਤੱਕਣੀ ਨਾਲ ਵੇਖ ਰਹੀ ਸੀ। ਉਹ ਹਰ ਹਾਲਤ ਵਿਚ ਇਸ ਪਿਆਰ-ਭਿੱਜੇ ਮੂਡ ਨੂੰ ਸਾਂਭੀ ਰੱਖਣਾ ਚਾਹੁੰਦੀ ਸੀ।

ਬੱਚੀਆਂ ਨੂੰ ਨਰਸਰੀ ਵਿਚ ਭੇਜ ਕੇ ਆਪ ਉਹ ਹੈਰਿਸ ਦੇ ਨਾਲ ਜੁੜ ਕੇ ਸੋਫ਼ੇ 'ਤੇ ਬੈਠ ਗਈ। ਹੈਰਿਸ ਉਸ ਦਾ ਹੱਥ ਆਪਣੇ ਹੱਥਾਂ ਵਿਚ ਲੈ ਕੇ ਪਲੋਸਣ ਲੱਗਾ। ਹੈਰਿਸ ਕਾਫੀ ਦੇਰ ਤੋਂ ਲੀਅਮ ਨੂੰ ਮਿਲਿਆ ਨਹੀਂ ਸੀ ਅੱਜ ਉਸ ਨੇ ਲੀਅਮ ਨੂੰ ਵੀ ਸੱਦਿਆ ਹੋਇਆ ਸੀ। ਕੁਝ ਰਾਇ ਮਸ਼ਵਰਾ ਉਸ ਨੇ ਔਲੀਵਰ ਨਾਲ ਕਰਨਾ ਸੀ। ਉਹ ਵੀ ਆਇਆ ਹੋਇਆ ਸੀ।

"ਸਰ, ਤੁਸੀਂ ਆਪਣੇ ਬੇਟੇ ਨੂੰ ਵਾਪਿਸ ਆਉਣ ਵਾਸਤੇ ਜ਼ੋਰ ਪਾਉਣਾ ਸੀ। ਪਤਾ ਨੀ ਕਿਉਂ ਉਹ ਉਥੇ ਬੈਠਾ ਰਿਹਾ?" ਔਲੀਵਰ ਨੇ ਸੁਭਾਵਿਕ ਹੀ ਜੈਕ ਜਿਊ ਨੂੰ ਸੰਬੋਧਨ ਕਰਦਿਆਂ ਗੱਲ ਛੇੜੀ।

ਜੈਕ ਜਿਊ ਕੁਝ ਦੇਰ ਤੱਕ ਔਲੀਵਰ ਵੱਲ ਵੇਖਦਾ ਰਿਹਾ ਤੇ ਫਿਰ ਧੀਮੀ ਸੁਰ ਵਿਚ ਬੋਲਿਆ।

"ਕਈ ਵਾਰ ਹਾਲਾਤ ਹੱਥੋਂ ਤਿਲਕ ਜਾਂਦੇ ਐ ਔਲੀਵਰ। ਕਈ ਵਾਰ ਕਿਸਮਤ ਸਾਥ ਦੇ ਜਾਂਦੀ ਐ ਤੇ ਕਦੇ ਦਗਾ ਵੀ। ਜੋਰਜ ਪੰਜਵੇਂ ਦੀ ਮੌਤ ਬਾਅਦ ਐਡਵਰਡ ਅੱਠਵਾਂ ਰਾਜਾ ਬਣਿਆ। ਉਹਦੀ ਕਿਸਮਤ ਨੇ ਸਾਥ ਦਿੱਤਾ ਤੇ ਉਹਨੂੰ ਜੋਰਜ ਮੈਕਮਾਹੋਨ ਨੇ(16 ਜੁਲਾਈ 1936) ਗੋਲੀ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਗਿਆ।" ਜੈਕ ਜਿਊ ਨੇ ਵਾਈਨ ਦਾ ਘੁੱਟ ਭਰਿਆ ਤੇ ਗਲਾਸ ਆਪਣੇ ਹੱਥ ਵਿਚ ਫੜੀ ਗਲਾਸ ਵੱਲ ਵੇਖਦਿਆਂ ਬੋਲਿਆ।

"ਐਡਵਰਡ ਅੱਠਵੇਂ ਨੇ ਰਾਜਾ ਬਣ ਕੇ ਅਮਰੀਕਨ ਔਰਤ ਮਿਸਿਜ਼ ਸਿੰਪਸਨ ਨਾਲ ਸਬੰਧ ਬਣਾ ਲਏ ਜਿਸ ਦਾ ਦੂਜੀ ਵਾਰ ਤਲਾਕ ਹੋ ਰਿਹਾ ਸੀ। ਕਿੰਗ ਨੇ ਪ੍ਰਾਈਮ ਮਨਿਸਟਰ ਨੂੰ ਮਿਸਿਜ਼ ਸਿੰਪਸਨ ਨਾਲ ਵਿਆਹ ਕਰਵਾਉਣ ਬਾਰੇ ਲਿਖ ਭੇਜਿਆ ਤਾਂ ਪ੍ਰਾਈਮ ਮਨਿਸਟਰ ਨੇ ਸਾਫ਼ ਜਵਾਬ ਦੇ ਦਿੱਤਾ ਕਿ ਇਕ ਸਾਧਾਰਣ ਘਰਾਣੇ ਅਤੇ ਛੁੱਟੜ ਔਰਤ ਰਾਣੀ ਨਹੀਂ ਬਣ ਸਕਦੀ। ਨਾਲ ਹੀ ਸਰਕਾਰ ਨੇ ਸਿੰਪਸਨ ਪਿੱਛੇ ਜਸੂਸ ਲਾ ਦਿੱਤੇ ਜਿਹਨਾਂ ਨੇ ਉਸ ਦੀ ਹਰ ਹਰਕਤ ਨੂੰ ਨੋਟ ਕੀਤਾ। ਕਿਹਾ ਜਾਂਦਾ ਉਹਦੇ ਕਿਸੇ ਹੋਰ ਬੰਦੇ ਨਾਲ ਵਿਆਹ ਤੋਂ ਬਾਹਰੇ ਸਬੰਧ ਵੀ ਰਹੇ ਸਨ। ਉਹਨਾਂ ਨੇ ਸਿੰਪਸਨ ਨੂੰ ਰਾਜੇ ਦੇ ਉੱਚੇ ਰੁਤਬੇ ਅਤੇ ਪੈਸੇ ਕਾਰਣ ਵਰਤਣ ਦੀ ਚਾਲ ਕਿਹਾ। ਕਿੰਗ ਨੇ ਫਿਰ ਪੀ ਐਮ ਨੂੰ ਲਿਖਿਆ ਕਿ ਉਸ ਨੂੰ ਵਿਆਹ ਦੀ ਇਜਾਜ਼ਤ ਦਿੱਤੀ ਜਾਵੇ ਸਿੰਪਸਨ ਰਾਣੀ ਦਾ ਰੁਤਬਾ ਨਹੀਂ ਲਵੇਗੀ। ਕੈਬਨਿਟ ਨੇ ਉਸ ਦੀ ਗੱਲ ਨਾ ਮੰਨੀ। ਫਿਰ ਦੇਖੋ ਕੀ ਹੋਇਆ? ਕਿੰਗ ਨੇ ਆਪਣੇ ਦੋਵਾਂ ਭਰਾਵਾਂ ਦੀ ਹਾਜ਼ਰੀ ਵਿਚ ਰਾਜ ਭਾਗ ਤਿਆਗ ਦਿੱਤਾ। ਉਸ ਦਾ ਛੋਟਾ ਭਰਾ ਪ੍ਰਿੰਸ ਐਲਬਰਟ (ਜੋਰਜ ਛੇਵੇਂ ਦੇ ਨਾਂ ਨਾਲ) ਰਾਜਾ ਬਣ ਗਿਆ। ਅੱਗੋਂ ਉਹਦੀ ਕੁੜੀ ਰਾਜਕੁਮਾਰੀ ਅਲਿਜ਼ਾਬੈਥ ਰਾਣੀ ਬਣੇਗੀ। ਐਡਵਰਡ ਅੱਠਵੇਂ ਨੇ ਸਿੰਪਸਨ ਨਾਲ ਵਿਆਹ ਕਰ ਲਿਆ। ਉਹਦੇ ਲਈ ਸਿੰਪਸਨ ਰਾਜ ਭਾਗ ਤੋਂ ਵੱਧ ਮਹੱਤਵ ਰਖਦੀ ਸੀ।" (ਉਹਨਾਂ ਦਾ ਵਿਆਹ 35 ਸਾਲ ਚੱਲਿਆ) ਜੈਕ ਜਿਊ ਚੁੱਪ ਹੋ ਗਿਆ।

"ਹਾਂ ਸਰ ਪਿਆਰ ਵਿਚ ਬਹੁਤ ਤਾਕਤ ਹੁੰਦੀ ਐ। ਮੈਂ ਦੁਆ ਕਰਦਾਂ ਤੁਹਾਡਾ ਬੇਟਾ ਵੀ ਰੱਬ ਕਰੇ ਪਿਆਰ ਦੀ ਤਾਕਤ ਨਾਲ ਸਹੀ ਸਲਾਮਤ ਤੁਹਾਡੇ ਕੋਲ ਪਹੁੰਚ ਜਾਵੇ।" ਔਲੀਵਰ ਨੇ ਨਰਮੀ ਨਾਲ ਕਿਹਾ ਤੇ ਛਾਤੀ 'ਤੇ ਕਰੌਸ ਦਾ ਨਿਸ਼ਾਨ ਬਣਾਇਆ। ਮੀਰੀਅਮ ਉੱਠ ਕੇ ਬਾਹਰ ਚਲੀ ਗਈ ਸੀ।

"ਮੇਰਾ ਇਕ ਦੋਸਤ ਐ। ਉਸ ਦਾ ਭਰਾ ਜਰਮਨੀ ਵਿਚ ਪਰੋਟੈਸਟੈਂਟ ਚਰਚ ਦਾ ਪ੍ਰਚਾਰਕ ਸੀ। ਗੈਸਟਾਪੋ ਨੇ ਉਸ ਨੂੰ ਫੜ ਲਿਆ ਤੇ ਤਸੀਹੇ ਦਿੱਤੇ। ਉਹ ਹਰ ਸਵੇਰ ਸ਼ਾਮ ਉੱਚੀ ਆਵਾਜ਼ ਵਿਚ ਭਜਨ ਗਾਉਂਦਾ। ਗੈਸਟਾਪੋ ਵਾਲੇ ਹੋਰ ਨਰਾਜ਼ ਹੋ ਜਾਂਦੇ ਤੇ ਉਸ ਨੂੰ ਹੋਰ ਮਾਰਦੇ ਤੇ ਤਸੀਹੇ ਦਿੰਦੇ। ਉਹ ਆਪਣੇ ਅਸੂਲ 'ਤੇ ਕਾਇਮ ਰਿਹਾ। ਉਹਨਾਂ ਨੇ ਉਸ ਨੂੰ ਮਾਰ ਦਿੱਤਾ। ਮਸਾਂ 27 ਸਾਲਾਂ ਦਾ ਨੌਜਵਾਨ ਸੀ।" ਲੀਅਮ ਨੇ ਕਹਾਣੀ ਬਿਆਨ ਕੀਤੀ।

"ਜ਼ਰੂਰ ਕੁਝ ਲੋਕ ਗੈਸਟਾਪੋ ਦੀ ਗਲਤ ਵਰਤੋਂ ਵੀ ਕਰਦੇ ਹੋਣਗੇ?" ਔਲੀਵਰ ਨੇ ਲੀਅਮ ਨੂੰ ਸੰਬੋਧਨ ਹੁੰਦਿਆਂ ਪੁੱਛਿਆ।

"ਹਾਂ ਜੀ। ਇਕ ਔਰਤ ਦਾ ਪਤੀ ਬਾਹਰ ਕਿਸੇ ਔਰਤ ਨਾਲ ਜਾਂਦਾ ਸੀ। ਉਸ ਦੀ ਪਤਨੀ ਨੂੰ ਪਤਾ ਲੱਗਿਆ ਤਾਂ ਉਹਦਾ ਦੁਖੀ ਹੋਣਾ ਕੁਦਰਤੀ ਸੀ। ਉਸ ਨੇ ਗੈਸਟਾਪੋ ਨੂੰ ਸ਼ਕਾਇਤ ਕਰ ਦਿੱਤੀ ਅਖੇ ਉਹਦਾ ਪਤੀ ਯਹੂਦੀਆਂ ਦੀ ਮਦਦ ਕਰਦਾ। ਉਹਨਾਂ ਨੇ ਉਹਨੂੰ ਫੜ ਕੇ ਅੰਦਰ ਕਰ ਦਿੱਤਾ ਤੇ ਅੱਠ ਮਹੀਨਿਆਂ ਦੀ ਸਜ਼ਾ ਸੁਣਾ ਦਿੱਤੀ। ਉਸ ਨੇ ਸਹੀ ਗੱਲ ਪੁਲੀਸ ਨੂੰ ਦੱਸੀ ਵੀ। ਜਦੋਂ ਤੱਕ ਉਹਨਾਂ ਨੇ ਸੱਚ ਲੱਭਿਆ ਉਦੋਂ ਤੱਕ ਉਹ ਜੇਲ੍ਹ ਭੁਗਤ ਚੁੱਕਾ ਸੀ।" ਲੀਅਮ ਨੇ ਇਕ ਹੋਰ ਕਥਾ ਬਿਆਨ ਕੀਤੀ।

"ਲੀਅਮ ਕਹਿੰਦੇ ਉਹਨਾਂ ਨੇ ਘੱਟ ਗਿਣਤੀਆਂ ਲਈ ਝੌਂਪੜ-ਪੱਟੀਆਂ ਬਣਾਈਆਂ? ਤੂੰ ਕੁਝ ਸੁਣਿਆ।" ਔਲੀਵਰ ਨੇ ਸਵਾਲ ਕੀਤਾ।

"ਪਹਿਲਾਂ ਤਾਂ ਉਹਨਾਂ ਨੇ ਯਹੂਦੀਆਂ ਦੇ ਬਿਜਨਸ 'ਤੇ ਪਬੰਦੀ ਲਾਈ। ਉਹਨਾਂ ਤੋਂ ਸਿਰਫ ਯਹੂਦੀ ਹੀ ਸਮਾਨ ਖਰੀਦ ਸਕਦੇ ਸਨ। ਫਿਰ ਉਹਨਾਂ ਨੂੰ ਸ਼ਹਿਰੋਂ ਬਾਹਰ ਝੌਂਪੜ ਪੱਟੀਆਂ ਵਿਚ ਭੇਜ ਦਿੱਤਾ। ਉਥੇ ਉਹ ਤਿੰਨ ਚਾਰ ਪਰਿਵਾਰ ਭੋਰਾ ਕੁ ਥਾਂ ਵਿਚ ਰਹਿੰਦੇ ਐ। ਇਸ ਯੁੱਗ ਵਿਚ ਇਹੋ ਜਿਹਾ ਜ਼ੁਲਮ ਤੋਬਾ।"

"ਦੇਖੋ ਜੀ ਲੜਾਈ ਤਾਂ ਲੱਗ ਕੇ ਰਹੇਗੀ" ਹੈਰਿਸ ਨੇ ਗੱਲ ਬਦਲੀ।

"ਹਾਂ ਲਗਦਾ ਤਾਂ ਇਹੋ ਐ। ਬ੍ਰਿਟੇਨ ਨੇ ਚੰਗਾ ਕੀਤਾ ਪਿਛਲੇ ਦੋ ਸਾਲਾਂ (1934-1936) 'ਚ ਹਵਾਈ ਸੈਨਾ ਵਧਾ ਕੇ ਤਿੰਨ ਗੁਣਾਂ ਕਰ ਲਈ ਐ।" ਔਲੀਵਰ ਨੇ ਜਵਾਬ ਦਿੱਤਾ।

"ਸਵਾਲ ਤਾਂ ਇਹ ਆ ਆਖ਼ਰ ਇਹ ਲੜਾਈਆਂ ਹੁੰਦੀਆਂ ਕਿਉਂ ਐ? ਬੰਦੇ ਦਾ ਲਾਲਚ ਤੇ ਖੁਦਗਰਜ਼ੀ ਕਰਕੇ ਈ ਆ ਬੱਸ।" ਲੀਅਮ ਨੇ ਵੱਡਾ ਸਵਾਲ ਖੜ੍ਹਾ ਕੀਤਾ।

ਸਾਰੇ ਉਸ ਵੱਲ ਵੇਖਣ ਲੱਗੇ। ਕੋਈ ਵੀ ਉਸ ਦੇ ਸਵਾਲ ਦਾ ਜਵਾਬ ਨਹੀਂ ਸੀ ਦੇਣਾ ਚਾਹੁੰਦਾ।

------------

ਮੀਰੀਅਮ ਦੂਸਰੇ ਦਿਨ ਬੱਚੀਆਂ ਨੂੰ ਬਗੀਚੇ ਵਿਚ ਖੇਡਦਿਆਂ ਵੇਖ ਰਹੀ ਸੀ। ਬਹੁਤ ਸੁਹਣਾ ਦਿਨ ਸੀ। ਗਰਮੀਆਂ ਦੇ ਦਿਨਾਂ ਵਿਚ ਹੀ ਮਸਾਂ ਬਾਹਰ ਬੱਚਿਆਂ ਨਾਲ ਬੈਠਿਆ ਜਾਂਦਾ। ਲੀਅਮ ਵੀ ਗਾਰਡਨ ਵਿਚ ਆ ਗਿਆ ਤੇ ਮੀਰੀਅਮ ਕੋਲ ਹੀ ਕੁਰਸੀ 'ਤੇ ਬੈਠ ਗਿਆ। ਮੀਰੀਅਮ ਨੇ ਤਾਜ਼ਾ ਜੂਸ ਲਿਆਉਣ ਲਈ ਘੰਟੀ ਮਾਰੀ।

"ਲੀਅਮ ਤੇਰੇ ਫ਼ਾਰਮ ਵਿਚ ਜਦ ਵੀ ਜਾਈਏ ਬਹੁਤ ਦਿਲ ਲਗਦਾ। ਹਰੇ ਭਰੇ ਖੇਤ। ਸਾਰੇ ਪਾਸੇ ਹਰਿਆਵਲ ਵੀ ਤੇ ਸ਼ਾਂਤੀ ਵੀ। ਬੰਦਾ ਜਿਵੇਂ ਕੁਦਰਤ ਦੀ ਗੋਦ ਵਿਚ ਬੈਠਾ ਹੋਵੇ। ਘਰੇ ਵੱਛੇ-ਵੱਛੀਆਂ ਇਕ ਦੂਜੇ ਨਾਲ ਬੱਚਿਆਂ ਵਾਂਗ ਖੇਡਦੇ ਫਿਰਦੇ ਐ। ਜਦੋਂ ਉਹ ਦੜੰਗੇ ਮਾਰਦੇ ਇਕ ਦੂਜੇ ਦੇ ਪਿੱਛੇ ਭਜਦੇ ਐ ਜਾਂ ਇਕ ਦੂਜੇ ਦੇ ਸਿਰ ਨਾਲ ਸਿਰ ਜੋੜ ਕੇ ਜ਼ੋਰ ਅਜਮਾਈ ਕਰਦੇ ਐ, ਆਹ- ਕਿੰਨਾ ਚੰਗਾ ਲਗਦਾ ਸਾਰਾ ਕੁਝ। -ਤੇ ਤੇਰੇ ਪਿੰਡ ਦੇ ਲੋਕ ਤੇਰੇ ਕੋਲ ਇੰਝ ਆਉਂਦੇ ਐ ਜਿਵੇਂ ਇਹ ਉਹਨਾਂ ਦਾ ਆਪਣਾ ਹੀ ਘਰ ਹੋਵੇ। ਪਰ ਮੈਂ ਸੋਚਦੀ ਸੀ ਤੈਨੂੰ ਕੋਈ ਖਾਸ ਆਰਥਿਕ ਲਾਭ ਤਾਂ ਹੁੰਦਾ ਨੀ।" ਜੂਸ ਪੀਂਦਿਆਂ ਮੀਰੀਅਮ ਨੇ ਗੱਲ ਚਲਾਈ।

"ਦਰਅਸਲ ਮੇਰਾ ਰਿਸ਼ਤਾ ਲੋਕਾਂ ਨਾਲ ਤੇ ਕੁਦਰਤ ਨਾਲ ਐ। ਮੈਂ ਉਹਨਾਂ ਨਾਲ ਖੁਸ਼ ਆਂ। ਤੁਹਾਡਾ ਰਿਸ਼ਤਾ ਵਪਾਰ ਨਾਲ ਤੇ ਪੈਸੇ ਨਾਲ ਐ, ਤੁਸੀਂ ਆਪਣੀ ਥਾਂ ਖੁਸ਼ ਐਂ।" ਲੀਅਮ ਨੇ ਬੱਚੀਆਂ ਵੱਲ ਵੇਖਦਿਆਂ ਕਿਹਾ।

"ਪੈਸਾ ਤਾਂ ਫਿਰ ਵੀ ਚਾਹੀਦਾ ਐ ਨਾ!" ਮੀਰੀਅਮ ਨੂੰ ਲੀਅਮ ਦੀ ਗੱਲ ਦੀ ਪੂਰੀ ਸਮਝ ਨਹੀਂ ਸੀ ਲੱਗੀ।

"ਮੀਰੀਅਮ ਤੇਰਾ ਪੈਸੇ ਨਾਲ ਕੀ ਰਿਸ਼ਤਾ ਐ? ਤੈਨੂੰ ਪਤਾ ਤੇਰਾ ਬੱਚੀਆਂ ਨਾਲ ਕੀ ਰਿਸ਼ਤਾ ਐ, ਤੇਰਾ ਹੈਰਿਸ ਨਾਲ ਜਾਂ ਮਾਪਿਆਂ ਨਾਲ ਕੀ ਰਿਸ਼ਤਾ ਐ? ਵਪਾਰ ਜਾਂ ਪੈਸੇ ਨਾਲ ਰਿਸ਼ਤੇ ਬਾਰੇ ਸ਼ਾਇਦ ਤੂੰ ਸਪੱਸ਼ਟ ਨਾ ਹੋਵੇਂ।"

ਮੀਰੀਅਮ ਨੀਝ ਨਾਲ ਲੀਅਮ ਵੱਲ ਵੇਖਣ ਲੱਗੀ। ਉਸ ਨੂੰ ਪਤਾ ਨਹੀਂ ਸੀ ਲੱਗ ਰਿਹਾ ਕੀ ਜਵਾਬ ਦੇਵੇ।

"ਪੈਸਾ ਤਾਂ ਲੋੜਾਂ ਵਾਸਤੇ ਐ, ਚੰਗੀ ਜ਼ਿੰਦਗੀ ਜਿਉਣ ਵਾਸਤੇ ਤੇ ਵਪਾਰ ਪੈਸਾ ਕਮਾਉਣ ਵਾਸਤੇ।" ਮੀਰੀਅਮ ਬੋਲੀ।
"ਚੰਗੀ ਜ਼ਿੰਦਗੀ ਦਾ ਮਤਲਬ ਜਿਥੇ ਸਾਰੀਆਂ ਲੋੜਾਂ ਸੌਖੀਆਂ ਪੂਰੀਆਂ ਹੋ ਸਕਣ, ਨਹੀਂ?"
"ਹਾਂ ਮੇਰਾ ਖਿਆਲ ਐ।" ਮੀਰੀਅਮ ਦੀਆਂ ਜਗਿਆਸੂ ਨਜ਼ਰਾਂ ਲੀਅਮ ਦੇ ਮੂੰਹ ਤੋਂ ਜਵਾਬ ਟਟੋਲ ਰਹੀਆਂ ਸਨ।
"ਤਾਂ ਫੇਰ ਤੇਰੀਆਂ ਸਾਰੀਆਂ ਲੋੜਾਂ ਪੂਰੀਆਂ ਕਰਕੇ ਬਾਕੀ ਪੈਸੇ ਨਾਲ ਤੇਰਾ ਕੀ ਸਬੰਧ ਐ?"

ਮੀਰੀਅਮ ਨੂੰ ਕੋਈ ਜਵਾਬ ਨਾ ਅਹੁੜਿਆ। ਉਹ ਲੀਅਮ ਵੱਲ ਵੇਖਦੀ ਹੀ ਰਹਿ ਗਈ।

"ਮੀਰੀਅਮ, ਮਨੁੱਖੀ ਸੁਭਾਅ ਤਾਂ ਲਾਲਚੀ ਹੈ ਈ। ਅੱਜ ਦਾ ਮਨੁੱਖ ਲਾਲਚ ਤੋਂ ਵੀ ਅੱਗੇ ਵੱਲ ਜਾ ਰਿਹਾ ਐ। ਉਹ ਹਰ ਚੀਜ਼ ਨੂੰ ਪੈਸੇ ਨਾਲ ਹੀ ਨਾਪਣ-ਤੋਲਣ ਵੱਲ ਵਧ ਰਿਹਾ ਐ। ਦਿਨੋ ਦਿਨ ਕੁਦਰਤ ਨਾਲੋਂ ਰਿਸ਼ਤਾ ਤੋੜ ਕੇ ਪਦਾਰਥਵਾਦੀ ਬਣਦਾ ਜਾ ਰਿਹਾ ਐ। ਇਹ ਭੁੱਲ ਜਾਂਦਾ ਐ ਧਰਤੀ ਨੇ ਉਸ ਨੂੰ ਜਿਉਣ ਲਈ ਸਾਰੇ ਸਾਧਨ ਪੈਦਾ ਕੀਤੇ ਐ। ਪਰ ਉਹ ਲਾਲਚ ਨਾਲ ਅੰਨ੍ਹਾ ਹੋਇਆ ਹਰ ਪਲ ਧਰਤੀ 'ਤੇ ਜ਼ੁਲਮ ਕਰ ਰਿਹਾ ਐ। ਧਰਤੀ ਦੀ ਚੀੜ ਫਾੜ ਕਰਦਾ ਸਿਰਫ਼ ਪੈਸੇ ਬਾਰੇ ਸੋਚਦਾ ਐ। ਕੁਦਰਤ ਨੂੰ ਕੁਝ ਦੇਣ ਬਾਰੇ ਕਦੇ ਖਿਆਲ ਨੀ ਕਰਦਾ।"
"ਮੈਂ ਸਮਝੀ ਨੀ।" ਮੀਰੀਅਮ ਹੈਰਾਨੀ ਨਾਲ ਉਸ ਵੱਲ ਵੇਖ ਰਹੀ ਸੀ।
"ਤੁਸੀਂ ਬੈਂਕ ਤੋਂ ਕਰਜ਼ਾ ਦਿੰਦੇ ਐਂ ਤਾਂ ਮੂਲ ਨਾਲ ਵਿਆਜ਼ ਵਸੂਲ ਕਰਦੇ ਐਂ। ਮਨੁੱਖ ਧਰਤੀ ਹੇਠੋਂ ਕਿੰਨਾ ਕੁਝ ਕੱਢਦਾ। ਲੋਹਾ, ਸੋਨਾ, ਚਾਂਦੀ, ਹੀਰੇ ਤੇਲ ਬਗੈਰਾ। ਕੀ ਦਿੰਦਾ ਮਨੁੱਖ ਧਰਤੀ ਨੂੰ ਬਦਲੇ 'ਚ? ਸਿਰਫ਼ ਗੰਦਗੀ। ਜਾਂ ਧਰਤੀ ਨੂੰ ਖੋਖਲਾ ਕਰੀ ਜਾਂਦਾ। ਬਿਜਲੀ ਤੋਂ ਪਹਿਲਾਂ ਫੈਕਟਰੀਆਂ ਕੋਇਲੇ ਨਾਲ ਚਲਦੀਆਂ ਸੀ। ਸ਼ਹਿਰਾਂ ਦੀ ਹਵਾ ਗੰਦੀ, ਲੋਕ ਸਾਹ ਲੈਣ ਤੋਂ ਵੀ ਔਖੇ। ਅਨੇਕਾਂ ਲੋਕਾਂ ਦੀਆਂ ਦਮੇ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਨਾਲ ਜਾਨਾਂ ਗਈਆਂ। ਹੁਣ ਬਿਜਲੀ ਪੈਦਾ ਕਰਨ ਲਈ ਕੋਇਲਾ ਵਰਤਿਆ ਜਾਂਦਾ, ਕਾਰਾਂ ਚਲਾਉਣ ਲਈ ਤੇਲ ਦੀ ਵਰਤੋਂ ਹੁੰਦੀ ਐ। ਦਿਨੋ ਦਿਨ ਕਾਰਾਂ ਮੋਟਰਾਂ ਵਧੀ ਜਾਂਦੀਆਂ ਤੇਲ ਦੀ ਵਰਤੋਂ ਵਧੀ ਜਾਂਦੀ ਐ। ਇਹ ਸਭ ਵਾਤਾਵਰਣ ਨੂੰ ਹੋਰ ਗੰਦਾ ਕਰੀ ਜਾਂਦਾ। ਲਗਦਾ ਜਿਵੇਂ ਮਨੁੱਖ ਪੈਸੇ ਨਾਲ ਲੋੜਾਂ ਦਾ ਨਹੀਂ ਆਉਣ ਵਾਲੀਆਂ ਨਸਲਾਂ ਦੀ ਮੌਤ ਦਾ ਰਿਸ਼ਤਾ ਬਣਾਈ ਜਾ ਰਿਹਾ ਐ।" ਲੀਅਮ ਕਾਫੀ ਭਾਵੁਕ ਸੀ ਤੇ ਮੀਰੀਅਮ ਹੈਰਾਨੀ ਨਾਲ ਉਸ ਨੂੰ ਸੁਣ ਰਹੀ ਸੀ।
"ਪਰ ਫੇਰ ਕੀਤਾ ਕੀ ਜਾਵੇ?"
"ਜਦੋਂ ਸਲਾਨਾ ਅਕਊਂਟ ਬਣਾਉਂਦੇ ਐ ਤਾਂ ਇਕ ਪਾਸੇ ਖਰਚਾ ਦੂਜੇ ਪਾਸੇ ਆਮਦਨ ਲਿਖ ਕੇ ਆਮਦਨ ਵਿਚੋਂ ਖਰਚਾ ਕੱਢ ਮੁਨਾਫ਼ਾ ਦਿਖਾਇਆ ਜਾਂਦਾ ਐ। ਕੋਈ ਇਹ ਨਹੀਂ ਸੋਚਦਾ ਉਹ ਮੁਨਾਫ਼ਾ ਬਣਾਉਣ ਲਈ ਉਸ ਕੰਪਨੀ ਨੇ ਕੁਦਰਤ ਤੋਂ ਕੀ ਲਿਆ? ਕਿੰਨਾ ਧਰਤੀ ਤੋਂ ਫ਼ਾਇਦਾ ਲਿਆ? ਕਿੰਨਾ ਵਾਤਾਵਰਣ ਵਿਚ ਗੰਦ ਘੋਲਿਆ? ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਵਿਚ ਉਸ ਕੰਪਨੀ ਦਾ ਕਿੰਨ੍ਹਾ ਕੁ ਹਿੱਸਾ ਐ? ਭਲਾ ਕਦੋਂ ਤੱਕ ਇਹ ਸਭ ਕੁਝ ਕੁਦਰਤ ਸਹਿ ਸਕੇਗੀ?"

ਨੌਕਰਾਣੀ ਨੇ ਲੰਚ ਦਾ ਸੱਦਾ ਦਿੱਤਾ ਤਾਂ ਮੀਰੀਅਮ ਨੇ ਲੀਅਮ ਵੱਲ ਵੇਖਿਆ। ਉਹ ਉੱਠ ਕੇ ਖਾਣੇ ਵਾਲੀ ਮੇਜ਼ ਵੱਲ ਵਧੇ।

ਮੀਰੀਅਮ ਅਸਲ 'ਚ ਲੀਅਮ ਨਾਲ ਨੋਹ ਬਾਰੇ ਗੱਲ ਕਰਨਾ ਚਾਹੁੰਦੀ ਸੀ। ਪਰ ਗੱਲ ਹੋਰ ਪਾਸੇ ਤੁਰ ਪਈ ਸੀ। ਵੈਸੇ ਮੀਰੀਅਮ ਨੂੰ ਪਤਾ ਨਹੀਂ ਸੀ ਕਿ ਹੈਰਿਸ ਨੇ ਪਹਿਲਾਂ ਹੀ ਲੀਅਮ ਨਾਲ ਨੋਹ ਸਬੰਧੀ ਲੰਬੀ ਚੌੜੀ ਗੱਲ ਕੀਤੀ ਹੋਈ ਸੀ।

## 49

ਹੈਰਿਸ ਆਪਣੇ ਦਫ਼ਤਰ ਵਿਚ ਕਿਸੇ ਨਾਲ ਮੀਟਿੰਗ ਵਿਚ ਬੈਠਾ ਸੀ। ਉਸ ਨੂੰ ਕਿਸੇ ਨੇ 'ਨਿੱਕ ਨੌਰਿਸ' ਦੇ ਨਾਂ ਹੇਠ ਰੁੱਕਾ ਭੇਜਿਆ। ਹੈਰਿਸ ਨੂੰ ਇਕਦਮ ਲੀਅਮ ਨਾਲ ਹੋਈ ਗੱਲ-ਬਾਤ ਯਾਦ ਆ ਗਈ ਤੇ ਉਹ ਨਿੱਕ ਨੌਰਿਸ ਨੂੰ ਮਿਲਣ ਲਈ ਉੱਤਸੁਕ ਹੋ ਗਿਆ। ਉਸ ਨੇ ਜਿੰਨੀ ਕੁ ਜਲਦੀ ਹੋ ਸਕਦਾ ਸੀ ਮੀਟਿੰਗ ਖਤਮ ਕੀਤੀ ਤੇ ਨਿੱਕ ਨੂੰ ਅੰਦਰ ਸੱਦ ਲਿਆ।
"ਹੈਲੋ ਨਿੱਕ ਤੈਨੂੰ ਮਿਲ ਕੇ ਬਹੁਤ ਖੁਸ਼ੀ ਹੋਈ, ਬੈਠੋ।" ਹੈਰਿਸ ਨੇ ਉਸ ਨੂੰ ਸਿਰ ਤੋਂ ਪੈਰਾਂ ਤੱਕ ਵੇਖਦਿਆਂ ਕੁਰਸੀ ਵੱਲ ਇਸ਼ਾਰਾ ਕੀਤਾ।

"ਚਾਹ, ਕੌਫੀ ਜਾਂ ਵਾਈਨ?"
"ਪਾਣੀ ਦਾ ਗਲਾਸ, ਮਿਹਰਬਾਨੀ।" ਹੈਰਿਸ ਨੇ ਜੱਗ ਵਿਚੋਂ ਪਾਣੀ ਦਾ ਗਲਾਸ ਭਰ ਕੇ ਨਿੱਕ ਅੱਗੇ ਰੱਖ ਦਿੱਤਾ।
"ਤੇਰੇ ਖਿਆਲ 'ਚ ਯੂਰਪ ਵਿਚ ਦੂਜੀ ਜੰਗ ਲਗਣ ਦਾ ਖ਼ਤਰਾ ਕਿੰਨ੍ਹਾ ਕੁ ਐ ਨਿੱਕ?" ਸਭ ਨੂੰ ਹੀ ਹਾਲਾਤ ਖਤਰਨਾਕ ਲਗਦੇ ਸਨ। ਗੱਲ-ਬਾਤ ਤੋਰਨ ਲਈ ਇਹ ਵਿਸ਼ਾ ਚੰਗਾ ਵੀ ਸੀ।
"ਦੇਖੋ, ਜਪਾਨ ਦੀ ਫਾਸ਼ਿਸਟ ਸਰਕਾਰ ਨੇ ਤਾਂ ਏਸ਼ੀਆ ਵਿਚ ਜੰਗ ਛੇੜੀ ਹੋਈ ਐ। ਦੋ ਸਾਲ ਤੋਂ(1937) ਚੀਨ 'ਤੇ ਹਮਲਾ ਕੀਤਾ ਹੋਇਆ। ਏਸ਼ੀਆ ਵਿਚਲੀਆਂ ਯੂਰਪੀਨ ਬਸਤੀਆਂ 'ਤੇ ਵੀ ਉਹਦੀ ਅੱਖ ਐ। ਇਟਲੀ ਨੇ ਵੀ ਘੱਟ ਨੀ ਕੀਤੀ। ਮੁਸੋਲੀਨੀ ਨੇ ਅਫਰੀਕਨ ਬਸਤੀਆਂ 'ਤੇ ਹਮਲਾ ਕੀਤਾ ਐ। ਹਿਟਲਰ ਵੀ ਉਹਨਾਂ ਦੀ ਨਸਲ ਵਿਚੋਂ ਈ ਐ। ਮੈਨੂੰ ਲਗਦਾ ਇਹ ਤਾਂ ਬੱਸ ਕੁਝ ਸਮੇਂ ਦੀ ਗੱਲ ਐ।"

ਇਹ ਕੋਈ ਨਵੀਂ ਗੱਲ ਨਹੀਂ ਸੀ। ਸਾਰੇ ਲੋਕਾਂ ਦਾ ਹੀ ਇਹ ਖਿਆਲ ਸੀ। ਸਰਕਾਰਾਂ ਅੰਦਰੇ ਅੰਦਰ ਤਿਆਰੀ ਵੀ ਕਰ ਰਹੀਆਂ ਸਨ।

ਨਿੱਕ ਬ੍ਰਿਟਿਸ਼ ਫੌਜ ਦੇ ਜਸੂਸੀ ਵਿਭਾਗ ਵਿਚ ਕੰਮ ਕਰਦਾ ਰਿਹਾ ਸੀ। ਉਸ ਨੇ ਕੰਮ ਕਰਦਿਆਂ ਬਹੁਤਾ ਸਮਾਂ ਜਰਮਨੀ ਵਿਚ ਬਿਤਾਇਆ ਸੀ। ਉਹ ਬਹੁਤ ਚੰਗੀ ਜਰਮਨ ਭਾਸ਼ਾ ਬੋਲ ਅਤੇ ਪੜ੍ਹ-ਲਿਖ ਲੈਂਦਾ ਸੀ। ਉਹ ਕੋਈ ਸਾਲ ਕੁ ਪਹਿਲਾਂ ਹੀ ਰਿਟਾਇਰ ਹੋਇਆ ਸੀ। ਉਸ ਦੇ ਕੁਝ ਕੁ ਜਾਣ ਪਛਾਣ ਵਾਲੇ ਲੋਕ ਵੀ ਜਰਮਨ ਵਿਚ ਸਨ। ਲੀਅਮ ਨਾਲ ਉਸ ਦਾ ਖਾਸ ਸਬੰਧ ਸੀ। ਉਹ ਦੋਵੇਂ ਲੋਕਾਂ ਲਈ ਹਸਪਤਾਲ ਚਲਾਉਣ ਲਈ ਫੰਡ ਦਾ ਇੰਤਜਾਮ ਕਰਦੇ ਸਨ। ਗਰੀਬ ਲੋਕ ਹਸਪਤਾਲਾਂ ਦੀ ਫੀਸ ਆਪਣੀਆਂ ਮਾਮੂਲੀ ਤਨਖਾਹਾਂ ਵਿਚੋਂ ਦੇਣ ਤੋਂ ਅਸਮਰੱਥ ਸਨ। ਲੀਅਮ ਅਤੇ ਨਿੱਕ ਵਰਗੇ ਲੋਕ ਚੈਰਿਟੀ ਹਸਪਤਾਲਾਂ ਨੂੰ ਅਮੀਰ ਲੋਕਾਂ ਤੋਂ ਜਾਂ ਜਿਵੇਂ ਵੀ ਸੰਭਵ ਹੁੰਦਾ ਫੰਡ ਇਕੱਠਾ ਕਰਕੇ ਦਿੰਦੇ ਤਾਂ ਜੋ ਗਰੀਬ ਲੋਕਾਂ ਦਾ ਇਲਾਜ ਹੁੰਦਾ ਰਹੇ। ਨਿੱਕ ਵੀ ਸਵਿੰਡਨ ਦਾ ਬਸ਼ਿੰਦਾ ਸੀ।

ਲੀਅਮ ਨੇ ਨਿੱਕ ਨਾਲ ਗੱਲ ਕੀਤੀ ਸੀ। ਨਿੱਕ ਨੇ ਕੁਝ ਦਿਨ ਸੋਚਿਆ। ਕੰਮ ਬਹੁਤ ਔਖਾ ਤੇ ਖਤਰਨਾਕ ਸੀ। ਉਸ ਨੇ ਸਦਾ ਹੀ ਖਤਰਿਆਂ ਅਤੇ ਚਣੌਤੀ ਭਰੇ ਕੰਮਾਂ ਨੂੰ ਪਸੰਦ ਕੀਤਾ ਸੀ। ਇਹ ਸ਼ਾਇਦ ਸਭ ਤੋਂ ਵੱਧ ਚਣੌਤੀ ਭਰਪੂਰ ਕਾਰਜ ਸੀ।
"ਲੀਅਮ ਮੈਂ ਨੋਹ ਤੇ ਉਸ ਦੇ ਪ੍ਰੀਵਾਰ ਨੂੰ ਉਥੋਂ ਕੱਢਣ ਦਾ ਯਤਨ ਕਰਨ ਲਈ ਤਿਆਰ ਹਾਂ। ਪਰ ਮੇਰੀ ਸ਼ਰਤ ਐ ਕਿ ਹੈਰਿਸ ਜਾਂ ਨੋਹ ਦਾ ਪਿਉ ਦਸ ਸਾਲ ਲਈ ਬੱਝਵੀਂ ਰਕਮ ਹਸਪਤਾਲ ਨੂੰ ਦਾਨ ਕਰਦੇ ਰਹਿਣ ਜਿਸ ਨਾਲ ਆਪਣਾ ਆਹ ਹਸਪਤਾਲ ਚਲਦਾ ਰਹੇ। ਜੇ ਕੰਮ ਨਾ ਹੋ ਸਕੇ ਤੇ ਮੇਰੀ ਮੌਤ ਹੋ ਜਾਵੇ ਤਾਂ ਉਹ ਘੱਟੋ ਘੱਟ ਪੰਜ ਸਾਲ ਲਈ ਦਾਨ ਦਿੰਦੇ ਰਹਿਣ। ਮੈਨੂੰ ਆਵਦੇ ਲਈ ਕੁਝ ਨਹੀਂ ਚਾਹੀਦਾ।" ਨਿੱਕ ਨੇ ਆਪਣੇ ਮਨ ਦੀ ਗੱਲ ਲੀਅਮ ਨਾਲ ਸਾਂਝੀ ਕਰਕੇ ਉਸ ਦੀ ਰਾਇ ਜਾਣਨੀ ਚਾਹੀ।
"ਨਿੱਕ, ਜੇ ਜਾਨ ਦਾ ਖ਼ਤਰਾ ਬਹੁਤਾ ਐ ਤਾਂ ਜ਼ਰੂਰੀ ਨਹੀਂ ਤੂੰ ਹਾਂ ਕਰੇਂ।" ਲੀਅਮ ਨੇ ਫਿਕਰਮੰਦ ਹੁੰਦਿਆਂ ਕਿਹਾ।
"ਦੇਖ ਮਰਨ ਤੋਂ ਡਰਨਾ ਮੇਰੇ ਸੁਭਾਅ 'ਚ ਨਹੀਂ। ਮੈਂ ਪਹਿਲਾਂ ਵੀ ਬਹੁਤ ਖਤਰਿਆਂ ਭਰੇ ਕਾਰਜਾਂ ਵਿਚ ਹਿੱਸਾ ਲਿਆ। ਤੈਨੂੰ ਪਤਾ ਐ ਕੁਝ ਵੀ ਸੰਭਵ ਐ। ਮੈਂ ਚਾਹੁੰਨਾ ਮੇਰੀ ਜਾਨ ਦਾ ਮੇਰੇ ਲੋਕਾਂ ਲਈ ਮੁੱਲ ਜ਼ਰੂਰ ਪਵੇ।"
"ਤੂੰ ਹੈਰਿਸ ਕੋਲ ਜਾਹ। ਸਾਰੀ ਗੱਲ ਖ੍ਹੋਲ ਕੇ ਕਰ। ਮੇਰੇ ਖਿਆਲ 'ਚ ਉਹ ਖੁਸ਼ੀ ਖੁਸ਼ੀ ਮੰਨ ਜਾਣਗੇ।" ਲੀਅਮ ਨੇ ਜੱਫ਼ੀ ਪਾ ਕੇ ਨਿੱਕ ਨੂੰ ਉਸ ਦੇ ਆਉਣ ਤੱਕ ਸਾਰੇ ਕੰਮ ਦੀ ਦੇਖ-ਭਾਲ ਕਰਨ ਦਾ ਵਾਇਦਾ ਵੀ ਕੀਤਾ।

ਨਿੱਕ ਨੇ ਉਹੀ ਸ਼ਰਤਾਂ ਹੈਰਿਸ ਅੱਗੇ ਰੱਖ ਦਿੱਤੀਆਂ। ਹੈਰਿਸ ਨੂੰ ਇਹ ਸੌਦਾ ਸਸਤਾ ਲੱਗਾ। ਉਸ ਨੂੰ ਲੱਗਾ ਜਿਵੇਂ ਇਹ 'ਪੁੰਨ ਨਾਲੇ ਫਲੀਆਂ' ਵਾਲੀ ਗੱਲ ਹੋਵੇ। ਉਸ ਨੇ ਨਿੱਕ ਨੂੰ ਕੁਝ ਕੈਸ਼ ਫੜਾਇਆ ਤੇ ਲੀਅਮ ਨੂੰ ਫੋਨ ਕਰਕੇ ਨਿੱਕ ਦੇ ਸਾਹਮਣੇ ਹੀ ਸੌਦੇ ਦੀਆਂ ਸ਼ਰਤਾਂ ਸਪੱਸ਼ਟ ਕਰਕੇ ਹਾਂ ਕਰ ਦਿੱਤੀ।
"ਮੈਨੂੰ ਉਹਨਾਂ ਸਾਰਿਆਂ ਦੀਆਂ ਪਾਸਪੋਰਟ ਸਾਈਜ਼ ਦੀਆਂ ਫੋਟੋ ਚਾਹੀਦੀਆਂ ਤੇ ਸਾਰਿਆਂ ਦੇ ਨਾਂ, ਜਨਮ ਤਰੀਕ ਵਗੈਰਾ। ਸਭ ਤੋਂ ਪਹਿਲਾਂ ਮੈਂ ਉਹਨਾਂ ਦੇ ਪਾਸਪੋਰਟ ਬਣਾਉਣੇ ਐ।"

ਕੁਝ ਹੋਰ ਗੱਲਾਂ ਬਾਤਾਂ ਕਰਨ ਬਾਅਦ ਹੈਰਿਸ ਨੇ ਨਿੱਕ ਨੂੰ ਆਪਣੇ ਡਰਾਇਵਰ ਨਾਲ ਹੋਟਲ ਵਿਚ ਭੇਜ ਦਿੱਤਾ ਅਤੇ ਸ਼ਾਮ ਨੂੰ ਉਸ ਨਾਲ ਖਾਣੇ ਦਾ ਪ੍ਰੋਗਰਾਮ ਵੀ ਬਣਾ ਲਿਆ। ਉਦੋਂ ਹੀ ਫੋਟੋ ਅਤੇ ਬਾਕੀ ਚੀਜ਼ਾਂ ਉਸ ਨੂੰ ਮਿਲ ਜਾਣੀਆਂ ਸਨ। ਹੋਰ ਵੀ ਜੋ ਜਾਣਕਾਰੀ ਉਹਨਾਂ ਕੋਲ ਸੀ ਉਹ ਨਿੱਕ ਨੂੰ ਦੇ ਦੇਣੀ ਸੀ।

ਸ਼ਾਮ ਨੂੰ ਉਹ ਖਾਣੇ ਲਈ ਪੰਜ ਸਿਤਾਰਾ ਹੋਟਲ ਦੇ ਡਾਈਨਿੰਗ ਹਾਲ ਵਿਚ ਜਾ ਬੈਠੇ। ਹੈਰਿਸ ਨੂੰ ਇਹ ਸਭ ਕੁਝ ਹੈਰਾਨੀ ਭਰਿਆ ਲੱਗ ਰਿਹਾ ਸੀ। ਨਿੱਕ ਦੀ ਲੀਅਮ ਨੇ ਬਹੁਤ ਵਡਿਆਈ ਕੀਤੀ ਸੀ। ਹੈਰਿਸ ਨੂੰ ਨਿੱਕ ਦੀ ਬੇ-ਗਰਜ਼ ਕੁਰਬਾਨੀ ਨੇ ਕੀਲ ਲਿਆ ਸੀ। ਉਸਦਾ ਲੋਕਾਂ ਲਈ ਹੀ ਸਭ ਕੁਝ ਮੰਗਣਾ ਬਹੁਤ ਵੱਡੀ ਗੱਲ ਸੀ। ਗੱਲਾਂ-ਬਾਤਾਂ ਵਿਚ ਉਸ ਨੂੰ ਪਤਾ ਲੱਗਿਆ ਨਿੱਕ ਦੁਨੀਆਂ ਵਿਚ ਇਕਲਾਪਾ ਜਿਹਾ ਹੀ ਸੀ। ਉਸ ਦਾ ਕੋਈ ਨੇੜੇ ਦਾ ਰਿਸ਼ਤੇਦਾਰ ਨਹੀਂ ਸੀ। ਹੈਰਿਸ ਸੋਚ ਰਿਹਾ ਸੀ ਇਹ ਬੰਦਾ ਸ਼ਾਇਦ ਤੇ ਬਹੁਤ ਸੰਭਵ ਸੀ, ਜਰਮਨੀ ਤੋਂ ਜਿਉਂਦਾ ਵਾਪਿਸ ਨਾ ਆ ਸਕੇ। ਹੈਰਿਸ ਨੂੰ ਮਹਿਸੂਸ ਹੋਇਆ ਜਿਵੇਂ ਉਸ ਦੀ ਆਤਮਾ ਉਸ ਨੂੰ ਲਾਹਨਤ ਪਾ ਰਹੀ ਹੋਵੇ। ਉਹ ਆਪਣੇ ਰਿਸ਼ਤੇਦਾਰਾਂ ਨੂੰ ਬਚਾਉਣ ਲਈ ਕਿਸੇ ਹੋਰ ਦੀ ਬਲੀ ਦੇ ਰਿਹਾ ਸੀ। ਨਿੱਕ ਨੂੰ ਵਿਦਾਇਗੀ ਦਿੰਦਿਆਂ ਹੈਰਿਸ ਬਹੁਤ ਉਦਾਸ ਸੀ।

--------

ਨਿੱਕ ਅਗਲੀ ਸਵੇਰ ਨਾਸ਼ਤਾ ਕਰਕੇ ਬੱਸ ਵਿਚ ਬੈਠ ਗਿਆ ਤੇ ਪਿਕਾਡਿਲੀ ਸਰਕਸ ਜਾ ਉੱਤਰਿਆ। ਇਥੇ ਨਕਲੀ ਪਾਸਪੋਰਟ ਬਣਾਉਣ ਵਾਲਾ ਉਸ ਦਾ ਜਾਣੂੰ ਬੰਦਾ ਰਹਿੰਦਾ ਸੀ। ਨਿੱਕ ਨੇ ਉਸ ਨੂੰ ਜਰਮਨ ਪਾਸਪੋਰਟ ਬਣਾਉਣ ਲਈ ਆਰਡਰ ਦੇ ਦਿੱਤਾ। ਤੀਜੇ ਦਿਨ ਉਸ ਨੂੰ ਪਾਸਪੋਰਟ ਮਿਲ ਜਾਣੇ ਸਨ। ਉਸ ਦਾ ਆਪਣਾ ਜਰਮਨ ਪਾਸਪੋਰਟ 'ਵੋਲਟਰ ਮੂਲਰ' ਦੇ ਨਾਂ ਹੇਠ ਬਣਾਇਆ ਹੋਇਆ ਸੀ।

ਨਿੱਕ ਨੇ ਆਪਣੇ ਕਮਰੇ ਵਿਚ ਆ ਕੇ ਜਰਮਨੀ ਅਤੇ ਯੂਰਪ ਦੇ ਨਕਸ਼ੇ ਮੇਜ਼ 'ਤੇ ਖੋਲ੍ਹ ਲਏ। ਭਾਂਵੇਂ ਉਸ ਨੂੰ ਪਹਿਲਾਂ ਹੀ ਕਾਫੀ ਜਾਣਕਾਰੀ ਸੀ। ਫਿਰ ਵੀ ਉਹ ਜਰਮਨੀ ਵਿਚ ਦਾਖ਼ਲ ਹੋਣ ਲਈ ਸਭ ਤੋਂ ਸੁਰੱਖਿਅਤ ਰਾਹ ਢੂੰਡ ਰਿਹਾ ਸੀ। ਫਰਾਂਸ ਨਾਲ ਤਾਂ ਜਰਮਨੀ ਦਾ ਇੱਟ ਕੁੱਤੇ ਵਾਲਾ ਵੈਰ ਸੀ। ਸਰਹੱਦ 'ਤੇ ਪੂਰੀ ਨਿਗਰਾਨੀ ਹੋਣੀ ਹੀ ਸੀ। ਆਸਟਰੀਆ ਵਾਲਾ ਰਾਹ ਉਸ ਨੂੰ ਸੁਰੱਖਿਅਤ ਲਗਦਾ ਸੀ। ਆਸਟਰੀਆ ਦੀ ਜਰਮਨੀ ਨਾਲ ਨੇੜਤਾ ਵੀ ਸੀ। ਪੋਲੈਂਡ ਨਾਲ ਜਰਮਨੀ ਨੇ ਜੰਗਬੰਦੀ ਦਾ ਸਮਝੌਤਾ ਕੁਝ ਦੇਰ ਪਹਿਲਾਂ ਹੀ ਕੀਤਾ ਸੀ। ਉਸ ਪਾਸੇ ਵੀ ਸਰਹੱਦ 'ਤੇ ਬਹੁਤੀ ਸਖ਼ਤ ਸੁਰੱਖਿਆ ਨਹੀਂ ਸੀ ਹੋਣੀ ਚਾਹੀਦੀ। ਵੈਸੇ ਵੀ ਨਿੱਕ ਇਸ ਪਾਸਿਉਂ ਦੀ ਪਹਿਲਾਂ ਵੀ ਜਾ ਚੁੱਕਾ ਸੀ। ਰੂਸ ਦੀ ਲਾਲ ਫੌਜ ਨੂੰ ਹਿਟਲਰ ਕੁਝ ਸਮਝਦਾ ਹੀ ਨਹੀਂ ਸੀ। ਉਸ ਦੇ ਖਿਆਲ ਵਿਚ ਸੋਵੀਅਤ ਯੂਨੀਅਨ ਦੀ ਲਾਲ ਫੌਜ ਅਨੁਸਾਸ਼ਨ ਹੀਣ, ਕਮਜ਼ੋਰ ਅਤੇ ਤਕਨਾਲੋਜੀ ਰਹਿਤ ਸੀ। ਯੂਕਰੇਨ ਦੀ ਸਰਹੱਦ ਵੀ ਜਰਮਨੀ ਨਾਲ ਲਗਦੀ ਸੀ। ਸੋਵੀਅਤ ਯੂਨੀਅਨ ਵਿਚ ਦਾਖਲ ਹੋਣ ਦਾ ਨਿੱਕ ਦਾ ਕੋਈ ਇਰਾਦਾ ਨਹੀਂ ਸੀ। ਉਸ ਨੇ ਬਹੁਤ ਵਿਚਾਰ ਬਾਅਦ ਪੋਲੈਂਡ ਵੱਲੋਂ ਦੀ ਦਾਖ਼ਲ ਹੋਣ ਦਾ ਫੈਸਲਾ ਕੀਤਾ।

ਵਾਰਸਾ ਪਹੁੰਚਣ ਵਿਚ ਤਾਂ ਕੋਈ ਮੁਸ਼ਕਲ ਹੀ ਨਹੀਂ ਸੀ। ਵਾਰਸਾ ਤੋਂ ਗਡਾਂਸਕ ਜੋ ਪੋਲੇਂਡ ਦਾ ਜਾਣਿਆ ਪਛਾਣਿਆ ਇੰਡਸਟਰੀਅਲ ਸ਼ਹਿਰ ਸੀ ਤੇ ਉਥੋਂ ਸਰਹੱਦ ਵੀ ਬਹੁਤੀ ਦੂਰ ਨਹੀਂ ਸੀ। ਸ਼ਾਮ ਤੱਕ ਜੇ ਉਹ ਵੈਸਟਰਪਲੈਟ ਨਾਂ ਦੇ ਸ਼ਹਿਰ ਚਲਾ ਜਾਂਦਾ ਤਾਂ ਰਾਤ ਨੂੰ ਉਹ ਸਰਹੱਦ ਪਾਰ ਕਰ ਸਕਦਾ ਸੀ। ਉਸ ਨੇ ਵਾਰ ਵਾਰ ਆਪਣੀ ਬਣਾਈ ਸਕੀਮ ਨੂੰ ਵਾਚਿਆ। ਆਸਟਰੀਆ ਵੱਲੋਂ ਦੀ ਜਾਣ ਬਾਰੇ ਫਿਰ ਸੋਚਿਆ ਪਰ ਉਸ ਦਾ ਮਨ ਪੋਲੈਂਡ ਵੱਲੋਂ ਦੀ ਜਾਣ ਦੀ ਗਵਾਹੀ ਭਰ ਰਿਹਾ ਸੀ। ਉਸ ਨੇ ਸਦਾ ਆਪਣੇ ਮਨ ਦੀ ਸੁਣੀ ਸੀ। ਹੁਣ ਵੀ ਉਹ ਆਪਣੀ ਤਿਆਰੀ ਵਿਚ ਲੱਗ ਗਿਆ।

ਅਗਸਤ ਦਾ ਮਹੀਨਾ ਸੀ ਤੇ ਵਾਰਸਾ ਦੇ ਲੋਕ ਗਰਮੀ ਦਾ ਅਨੰਦ ਲੈ ਰਹੇ ਸਨ। ਚਮਕਦੀ ਧੁੱਪ ਵਿਚ ਉਹ ਵਾਰਸਾ ਪਹੁੰਚਿਆ ਤੇ ਉਸ ਨੇ ਇਕ ਵਾਰ ਫਿਰ ਸ਼ਹਿਰ ਘੁੰਮਿਆ। ਵਾਰਸਾ ਬਹੁਤ ਪਿਆਰਾ ਸ਼ਹਿਰ ਸੀ। ਦੋ ਦਿਨ ਵਾਰਸਾ ਵਿਚ ਰਹਿਣ ਬਾਅਦ ਉਸ ਨੇ ਟਰੇਨ ਦੀ ਟਿੱਕਟ ਲਈ ਤੇ ਵੈਸਟਰਪਲੈਟ ਪਹੁੰਚ ਗਿਆ। ਉਸ ਨੇ ਸ਼ਹਿਰ ਨੂੰ ਸੈਲਾਨੀ ਵਾਂਗ ਵੇਖਿਆ। ਨਕਸ਼ੇ ਨੂੰ ਘੋਖਿਆ ਅਤੇ ਜਰਮਨੀ ਦੀ ਹੱਦ ਨਾਲ ਪੈਂਦੇ ਇਲਾਕੇ ਦਾ ਨਿਰੀਖਣ ਕਰਨ ਲੱਗਾ। ਨਕਸ਼ਾ ਵੇਖ ਕੇ ਉਸ ਨੇ ਅੰਦਾਜ਼ਾ ਲਗਾ ਲਿਆ ਕਿ ਕਿਥੇ ਜ਼ਿਆਦਾ ਚੌਕਸੀ ਹੋ ਸਕਦੀ ਸੀ ਤੇ ਕਿਥੇ ਘੱਟ। ਬੀਅਰ ਦਾ ਗਲਾਸ ਪੀਂਦਿਆਂ ਉਹ ਲੋਕਾਂ ਦੇ ਚਿਹਰਿਆਂ ਨੂੰ ਵੀ ਨਿਹਾਰਦਾ ਰਿਹਾ।

ਅਗਲੇ ਦਿਨ ਉਹ ਸਰਹੱਦ ਵੱਲ ਨੂੰ ਨਿਕਲ ਗਿਆ। ਪੋਲੈਂਡ ਦੇ ਖੇਤਰ ਵਿਚ ਰਹਿੰਦਿਆਂ ਦੂਰਬੀਨ ਨਾਲ ਉਸ ਨੇ ਸਰਹੱਦੀ ਚੌਕੀਆਂ ਦਾ ਵਿਸ਼ਲੇਸ਼ਣ ਕੀਤਾ। ਕੋਈ ਬਹੁਤੀ ਚਹਿਲ-ਪਹਿਲ ਨਹੀਂ ਸੀ। ਜਰਮਨੀ ਵਾਲੇ ਪਾਸੇ ਕੁਝ ਫੌਜੀ ਗੱਡੀਆਂ ਆ ਜਾ ਰਹੀਆਂ ਸਨ। ਪੋਲੈਂਡ ਦੇ ਲੋਕ ਬੇਫ਼ਿਕਰ ਕੰਮ-ਧੰਦੇ ਕਰ ਰਹੇ ਸਨ। ਉਸ ਨੇ ਅਗਲੇ ਦਿਨ ਸ਼ਹਿਰ ਤੋਂ ਕੁਝ ਕੁ ਪਾਸੇ ਵੱਲ ਨੂੰ ਜਾ ਕੇ ਗਸ਼ਤੀ ਫੌਜ ਅਤੇ ਚੌਕੀਆਂ ਵੇਖਣਾ ਜ਼ਰੂਰੀ ਸਮਝਿਆ।

ਤਿੰਨ ਦਿਨ ਉਹ ਇਕ ਸੈਲਾਨੀ ਦੇ ਰੂਪ ਵਿਚ ਘੁੰਮਦਾ ਰਿਹਾ। ਉਸ ਨੇ ਦੋ ਥਾਵਾਂ ਨੂੰ ਸੁਰੱਖਿਅੱਤ ਸਮਝਦਿਆਂ ਆਪਣੇ ਨਕਸ਼ੇ 'ਤੇ ਨਿਸ਼ਾਨ ਲਾਇਆ।

ਕਮਰੇ ਵਿਚ ਜਾ ਕੇ ਉਸ ਨੇ ਸੌਣ ਤੋਂ ਪਹਿਲਾਂ ਆਪਣਾ 'ਵੋਲਟਰ ਮੁਲਰ' ਵਾਲਾ ਪਾਸਪੋਰਟ ਵੇਖਿਆ। ਇਹ ਪਾਸਪੋਰਟ ਉਸ ਨੇ ਸਹੀ ਪਾਸਪੋਰਟ 'ਤੇ ਫੋਟੋ ਬਦਲ ਕੇ ਬਣਵਾਇਆ ਸੀ। ਵੋਲਟਰ ਮੁਲਰ ਇਕ ਅਧਿਆਪਕ ਸੀ ਤੇ ਉਸ ਦੀ ਹਾਦਸੇ ਵਿਚ ਮੌਤ ਹੋ ਗਈ ਸੀ। ਇਹ ਪਾਸਪੋਰਟ ਉਸ ਨੂੰ ਉਸ ਦੇ ਦੋਸਤ ਫਰੈਡਰਿਕ ਹਾਨਜ਼ ਨੇ ਕਿਸੇ ਤਰਾਂ ਲਿਆ ਕੇ ਦਿੱਤਾ ਸੀ। ਘੋਖ ਨਾਲ ਵੇਖ ਕੇ ਵੀ ਉਸ ਨੂੰ ਪਾਸਪੋਰਟ ਵਿਚ ਕੋਈ ਕਮੀ ਮਹਿਸੂਸ ਨਾ ਹੋਈ। ਉਸ ਦਾ ਮਨ ਕੀਤਾ ਉਹ ਪਾਸਪੋਰਟ ਦਿਖਾ ਕੇ ਸਰਹੱਦ ਪਾਰ ਕਰ ਲਵੇ। ਇਸ ਵਿਚਾਰ ਨੂੰ ਉਸ ਨੇ ਬਹੁਤ ਦੇਰ ਤੱਕ ਸੋਚਿਆ। ਚੋਰੀ ਸਰਹੱਦ ਪਾਰ ਕਰਨ ਅਤੇ ਗਲਤ ਨਾਂ ਵਾਲੇ ਪਾਸਪੋਰਟ ਦੇ ਸਹਾਰੇ ਜਰਮਨੀ ਵਿਚ ਦਾਖ਼ਲ ਹੋਣ ਦੇ ਖਤਰੇ ਉਸ ਨੂੰ ਇਕੋ ਜਿੰਨੇ ਹੀ ਲੱਗੇ।

ਉਸ ਨੇ ਪਾਸਪੋਰਟ ਵਰਤਣ ਦਾ ਨਿਰਣਾ ਲਿਆ ਤੇ ਸੌਂ ਗਿਆ। ਹੁਣ ਉਸ ਦੇ ਦਿਮਾਗ ਵਿਚੋਂ 'ਨਿੱਕ ਨੌਰਿਸ' ਮਨਫ਼ੀ ਹੋ ਗਿਆ ਸੀ ਤੇ ਹੁਣ ਸਾਰਾ ਵਜੂਦ 'ਵੋਲਟਰ ਮੁਲਰ' ਦਾ ਸੀ। ਅਗਲੇ ਦਿਨ ਉਹ ਸੁੱਖ ਸਾਂਦ ਨਾਲ ਸਰਹੱਦ ਪਾਰ ਵੀ ਕਰ ਸਕਦਾ ਸੀ ਜਾਂ ਗੈਸਟਾਪੋ ਦੇ ਸਿਕੰਜੇ ਵਿਚ ਫਸ ਸਕਦਾ ਸੀ।

------

ਫਰੈਡਰਿਕ ਹਾਨਜ਼ ਫਿਕਰਮੰਦ ਸੀ। ਮੁਲਰ ਨੂੰ ਉਸ ਕੋਲ ਇਕ ਦੋ ਦਿਨ ਪਹਿਲਾਂ ਪਹੁੰਚ ਜਾਣਾ ਚਾਹੀਦਾ ਸੀ। ਅੱਜ ਉਸ ਦਾ ਮਨ ਬਹੁਤ ਵਿਚਲਤ ਸੀ। ਮੁਲਰ ਨੇ ਕਿਧਰੋਂ ਦੀ ਆਉਣਾ ਸੀ, ਕਿਉਂ ਆਉਣਾ ਸੀ? ਉਸ ਨੂੰ ਕੋਈ ਖ਼ਬਰ ਨਹੀਂ ਸੀ। ਬੱਸ ਉਸ ਨੂੰ ਨਿੱਕਾ ਜਿਹਾ ਫ਼ੋਨ ਆਇਆ ਸੀ ਜਿਸ ਵਿਚ ਉਸ ਨੇ ਆਪਣੇ ਪਹੁੰਚਣ ਬਾਰੇ ਦੱਸਿਆ ਸੀ। ਹਾਨਜ਼ ਜਾਣਦਾ ਸੀ ਮੁਲਰ ਦਾ ਆਉਣਾ ਕਿਸੇ ਖਾਸ ਕੰਮ ਕਾਰਣ ਹੀ ਹੋ ਸਕਦਾ ਸੀ।

ਹਾਨਜ਼ ਜਰਮਨ ਆਦਮੀ ਸੀ। ਸਧਾਰਣ ਜਿਹਾ ਬੰਦਾ ਤੇ ਕਾਮਾ ਪਰ ਬਹੁਤ ਦ੍ਰਿੜ ਅਤੇ ਬਹਾਦਰ। ਮੁਲਰ ਉਸ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ਼ ਕਰ ਸਕਦਾ ਸੀ। ਮੁਲਰ ਨੇ ਹੀ ਉਸ ਨਾਲ ਦੋਸਤੀ ਗੰਢੀ ਸੀ। ਹਾਨਜ਼ ਜਸੂਸ ਨਹੀਂ ਸੀ ਪਰ ਮੁਲਰ ਨੇ ਉਸ ਨੂੰ ਬਣਾ ਲਿਆ ਸੀ। ਹਾਨਜ਼ ਜਾਨ ਬਚਾਉਣ ਲਈ ਭਾਂਵੇਂ ਹਿਟਲਰ ਅਤੇ ਨਾਜ਼ੀਆਂ ਦੀ ਜੈ ਜੈ ਕਾਰ ਕਰਦਾ ਸੀ। ਦਿਲੋਂ ਉਹ ਉਹਨਾਂ ਦੇ ਪੂਰੀ ਤਰ੍ਹਾਂ ਖਿਲਾਫ਼ ਸੀ। ਹੋਰ ਵੀ ਬਹੁਤ ਸਾਰੇ ਜਰਮਨ ਲੋਕ ਅਤੇ ਨਿੱਕੀਆਂ ਨਿੱਕੀਆਂ ਜਥੇਬੰਦੀਆਂ ਸਨ ਜਿਹੜੀਆਂ ਆਪਣੇ ਆਪ ਲਈ ਖ਼ਤਰਾ ਸਹੇੜ ਕੇ ਨਾਜੀਆਂ ਦੇ ਖਿਲਾਫ਼ ਲੁਕ-ਛਿਪ ਕੇ ਕੰਮ ਕਰਦੀਆਂ ਸਨ। ਹਾਨਜ਼ ਦਾ ਵੀ ਅਜਿਹੇ ਲੋਕਾਂ ਨਾਲ ਵਾਹ ਵਾਸਤਾ ਸੀ। ਯਹੂਦੀਆਂ, ਕਮਿਊਨਿਸਟਾਂ ਅਤੇ ਸਮਲਿੰਗੀ ਲੋਕਾਂ 'ਤੇ ਹੋ ਰਹੇ ਜ਼ੁਲਮ ਦਾ ਉਸ ਨੂੰ ਦੁਖ ਸੀ ਤੇ ਉਹ ਆਪਣਾ ਬਣਦਾ ਹਿੱਸਾ ਪਾ ਕੇ ਨਾਜੀਆਂ ਨੂੰ ਹਰਾਉਣ ਲਈ ਤੱਤਪਰ ਸੀ।

-----

ਸਰਹੱਦ ਤੋਂ ਥੋੜੀ ਦੂਰੀ 'ਤੇ ਇਕ ਰੈਸਟੋਰੈਂਟ ਸੀ ਜਿਸ ਦੇ ਨਾਲ ਲਗਦੀ ਇਕ ਦੁਕਾਨ ਵੀ ਸੀ। ਲੋਕ ਚਾਹ ਪਾਣੀ ਪੀਂਦੇ ਜਾਂ ਖਾਣਾ ਖਾਂਦੇ ਤੇ ਦੁਕਾਨ ਤੋਂ ਸਰਹੱਦ ਪਾਰ ਕਰਨ ਤੋਂ ਪਹਿਲਾਂ ਤੋਹਫੇ ਵੀ ਖਰੀਦ ਲੈਂਦੇ। ਮੁਲਰ ਵੀ ਦੁਕਾਨ ਵਿਚ ਚਲਾ ਗਿਆ। ਉਸ ਨੇ ਹਾਨਜ਼ ਦੇ ਬੱਚਿਆਂ ਲਈ ਤੇ ਉਸ ਦੀ ਪਤਨੀ ਲਈ ਕੁਝ ਚੀਜ਼ਾਂ ਖਰੀਦੀਆਂ ਤੇ ਚਾਹ ਪੀਣ ਲਈ ਰੈਸਟੋਰੈਂਟ ਵਿਚ ਚਲਾ ਗਿਆ। ਉਹ ਪੀਣੀ ਤਾਂ ਇੰਗਲਿਸ਼ ਬਰੇਕਫਾਸਟ ਚਾਹ ਚਾਹੁੰਦਾ ਸੀ। ਹੁਣ ਉਹ 'ਨਿੱਕ' ਨਹੀਂ ਵੋਲਟਰ ਮੁਲਰ ਸੀ। ਉਸ ਨੇ ਕੌਫ਼ੀ ਦਾ ਆਰਡਰ ਦਿੱਤਾ ਤੇ ਖਾਣ ਲਈ ਪੇਸਟਰੀ ਲੈ ਕੇ ਇਕ ਖਾਲੀ ਟੇਬਲ 'ਤੇ ਜਾ ਬੈਠਾ। ਉਸ ਦੇ ਨਾਲ ਵਾਲੇ ਟੇਬਲ 'ਤੇ ਇਕ ਔਰਤ ਬੈਠੀ ਕੌਫ਼ੀ ਪੀ ਰਹੀ ਸੀ। ਮੁਲਰ ਨੇ ਉਸ ਨਾਲ ਜਰਮਨ ਭਾਸ਼ਾ ਵਿਚ ਗੱਲ ਸ਼ੁਰੂ ਕਰ ਲਈ।

"ਮੈਡਮ ਮੈਂ ਵੋਲਟਰ ਮੁਲਰ ਇਕ ਅਧਿਆਪਕ ਹਾਂ।"

"ਮੈਂ ਮੀਆ ਵੈਬਰ ਤੇ ਮੈਂ ਵੀ ਅਧਿਆਪਕ ਹਾਂ।"

ਉਹਨਾਂ ਵਿਚ ਗੱਲਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਮਿਲਰ ਨੇ ਆਪਣਾ ਥਾਂ ਟਿਕਾਣਾ ਬਰਲਿਨ ਨੇੜੇ ਪੂਰਬੀ ਜਰਮਨੀ ਵਿਚ ਪੈਂਦੇ ਇਕ ਕਸਬੇ 'ਲੀਪਜ਼ਿਗ' ਦਾ ਦੱਸਿਆ। ਵੈਸੇ ਉਸ ਨੇ ਫਰੈਡਰਿਕ ਕੋਲ ਬਰਲਿਨ ਵਿਚ ਹੀ ਰਹਿਣਾ ਸੀ।

"ਮਿਸਟਰ ਮੁਲਰ ਚਲੀਏ ਟਰੇਨ ਦਾ ਸਮਾਂ ਹੋ ਰਿਹਾ ਐ।"

ਮੁਲਰ ਨੇ ਘੜੀ 'ਤੇ ਸਮਾਂ ਵੇਖਿਆ ਤੇ ਉਹ ਮੀਆ ਵੈਬਰ ਨਾਲ ਗੱਲਾਂ ਕਰਦਾ ਇਮੀਗਰੇਸ਼ਨ ਵੱਲ ਨੂੰ ਚੱਲ ਪਿਆ। ਮੁਲਰ ਸੋਚ ਰਿਹਾ ਸੀ ਮੀਆ ਦੇ ਨਾਲ ਹੁੰਦਿਆਂ ਸ਼ਾਇਦ ਇਮੀਗਰੇਸ਼ਨ ਵਾਲਿਆਂ ਨੂੰ ਘੱਟ ਸ਼ੱਕ ਹੋਵੇ।

ਵੈਸੇ ਵੀ ਮੀਆ ਇਕੱਲੀ ਸੀ। ਉਸ ਦਾ ਪਤੀ ਕਈ ਸਾਲ ਪਹਿਲਾਂ ਮਰ ਗਿਆ ਸੀ। ਮੂਲਰ ਨੂੰ ਉਹ ਗੱਲੀਂ ਬਾਤੀ ਬਹੁਤ ਚੰਗੀ ਲਗੀ ਸੀ। ਵੈਸੇ ਅੱਜ ਕੱਲ੍ਹ ਜਰਮਨੀ ਵਿਚ ਕੋਈ ਵੀ ਸਿਆਸੀ ਗੱਲ ਕਿਸੇ ਨਾਲ ਘੱਟ ਹੀ ਸਾਂਝੀ ਕਰਦਾ ਸੀ। ਹਰ ਕਿਸੇ ਨੂੰ ਡਰ ਰਹਿੰਦਾ ਕਿਤੇ ਬੰਦਾ ਪੁਲੀਸ ਕੋਲ ਚੁਗਲੀ ਨਾ ਕਰ ਦੇਵੇ। ਮੂਲਰ ਅਤੇ ਮੀਆ ਵਿਚ ਫਿਰ ਵੀ ਗੱਲਾਂ ਖਤਮ ਨਹੀਂ ਸਨ ਹੋਈਆਂ ਤੇ ਉਹਨਾਂ ਨੇ ਕੋਈ ਸਿਆਸੀ ਗੱਲ ਵੀ ਨਹੀਂ ਕੀਤੀ ਸੀ।

ਮੀਆ ਨੇ ਆਪਣਾ ਪਾਸਪੋਰਟ ਇਮੀਗਰੇਸ਼ਨ ਆਫੀਸਰ ਅੱਗੇ ਰੱਖਿਆ ਤਾਂ ਮੂਲਰ ਨੇ ਵੀ ਨਾਲ ਹੀ ਆਪਣਾ ਪਾਸਪੋਰਟ ਤੇ ਸ਼ਨਾਖਤੀ ਕਾਰਡ ਰੱਖ ਦਿੱਤਾ। ਅਫ਼ਸਰ ਨੇ ਇਕ ਉਬਾਸੀ ਲੈਂਦਿਆਂ ਮੀਆ ਦਾ ਪਾਸਪੋਰਟ ਚੁੱਕਿਆ।

"ਆਫੀਸਰ ਜੇ ਸਾਨੂੰ ਪਤਾ ਹੁੰਦਾ ਤੁਸੀਂ ਐਨੇ ਥੱਕੇ ਹੋਏ ਆਂ ਤਾਂ ਅਸੀਂ ਤੁਹਾਡੇ ਲਈ ਵੀ ਕੌਫੀ ਲੈ ਆਉਂਦੇ।" ਮੂਲਰ ਨੇ ਫਰਾਟੇਦਾਰ ਜਰਮਨ ਵਿਚ ਕਿਹਾ। ਅਜਿਹਾ ਕਹਿ ਕੇ ਉਹ ਆਪਣੇ ਆਪ ਨੂੰ ਮੀਆ ਨਾਲ ਸਬੰਧਤ ਹੋਣ ਦਾ ਭੁਲੇਖਾ ਪਾ ਰਿਹਾ ਸੀ।

ਆਫ਼ੀਸਰ ਮੁਸਕਰਾਇਆ। "ਮੈਨੂੰ ਰਾਤੀਂ ਚੰਗੀ ਨੀਂਦ ਨਹੀ ਆਈ---।"

ਆਫ਼ੀਸਰ ਦੇ ਮੱਥੇ ਦੀਆਂ ਤਿਊੜੀਆਂ ਕੁਝ ਘਟ ਗਈਆਂ ਸਨ। ਉਸ ਨੇ ਮੀਆ ਵੈਬਰ ਨੂੰ ਕੁਝ ਸਵਾਲ ਪੁੱਛੇ ਤੇ ਉਸ ਦੇ ਪਾਸਪੋਰਟ 'ਤੇ ਮੋਹਰ ਲਗਾ ਦਿੱਤੀ।

ਮੂਲਰ ਦਾ ਪਾਸਪੋਰਟ ਉਸ ਨੇ ਘੋਖਿਆ ਤੇ ਫਿਰ ਉਸ ਨੇ ਮੂਲਰ ਵੱਲ ਵੇਖਿਆ। ਮੀਆ ਪਾਸਪੋਰਟ ਲੈ ਕੇ ਅੱਗੇ ਚਲੀ ਗਈ ਸੀ।

"ਔਹ ਔਰਤ ਤੇਰੇ ਨਾਲ ਕਿਵੇਂ ਸਬੰਧਤ ਐ?"

"ਦੋਸਤ ਐ।"

ਉਸ ਤੋਂ ਹੋਰ ਕੁਝ ਸਵਾਲ ਪੁੱਛੇ ਤੇ ਮੂਲਰ ਦੇ ਪਾਸਪੋਰਟ 'ਤੇ ਵੀ ਮੋਹਰ ਲਗਾ ਦਿੱਤੀ। ਮੂਲਰ ਨੇ ਆਪਣੇ ਚਿਹਰੇ 'ਤੇ ਆ ਰਹੀ ਖੁਸ਼ੀ ਨੂੰ ਦਬਾ ਕੇ ਰੱਖਿਆ ਤੇ ਬਾਹਰ ਨਿਕਲ ਗਿਆ। ਅੱਗੇ ਫਿਰ ਉਹ ਮੀਆ ਨਾਲ ਜਾ ਰਲਿਆ।

ਮੀਆ ਕੋਲ ਦੂਜੇ ਦਰਜੇ ਦੇ ਡੱਬੇ ਦੀ ਟਿਕਟ ਸੀ। ਮੂਲਰ ਨੇ ਉਸ ਤੋਂ ਟਿਕਟ ਫੜੀ ਤੇ ਟਿਕਟ ਖਿੜਕੀ ਕੋਲ ਜਾ ਕੇ ਉਸ ਲਈ ਵੀ ਫਰਸਟ ਕਲਾਸ ਦੀ ਟਿਕਟ ਲੈ ਆਇਆ। ਫਰਸਟ ਕਲਾਸ ਤੇ ਔਰਤ ਦਾ ਨਾਲ ਹੋਣਾ ਉਸ ਦੀ ਸੁਰੱਖਿਆ ਵਿਚ ਵਾਧਾ ਕਰਦਾ ਸੀ।

ਰਾਤ ਦੇ ਅੱਠ ਕੁ ਵੱਜ ਗਏ ਸਨ ਜਦ ਟਰੇਨ ਬਰਲਿਨ ਪਹੁੰਚੀ। ਸਫ਼ਰ ਵਿਚ ਮੂਲਰ ਤੇ ਮੀਆ ਵਾਹਵਾ ਖੁੱਲ੍ਹ ਗਏ ਸਨ। ਟਰੇਨਾਂ ਵਿਚ ਚੈਕਿੰਗ ਹੁੰਦੀ ਰਹਿੰਦੀ। ਉਹਨਾਂ ਨੂੰ ਵੀ ਦੋ ਵਾਰ ਪੁੱਛ-ਗਿੱਛ ਕੀਤੀ ਗਈ। ਜੇ ਕਿਸੇ 'ਤੇ ਸ਼ੱਕ ਪੈਂਦੀ ਤਾਂ ਪੁੱਛ-ਗਿੱਛ ਬਹੁਤੀ ਹੁੰਦੀ। ਨਹੀਂ ਤਾਂ ਆਮ ਜਿਹੇ ਸਵਾਲਾਂ ਨਾਲ ਸਰ ਜਾਂਦਾ। ਅੱਜ ਮੂਲਰ ਦੀ ਕਿਸਮਤ ਸਾਥ ਦੇ ਰਹੀ ਸੀ।

ਟਰੇਨ ਜਦ ਬਰਲਿਨ ਨੇੜੇ ਪਹੁੰਚੀ ਤਾਂ ਮੀਆ ਨੇ ਮੂਲਰ ਨੂੰ ਪੁੱਛਿਆ,

"ਹੁਣ ਲੀਪਸ਼ਿਗ ਕਿਵੇਂ ਜਾਣਾ ਐ?"

"ਮੈਂ ਅੱਜ ਬਰਲਿਨ ਹੀ ਕਿਸੇ ਹੋਟਲ ਵਿਚ ਰਹਾਂਗਾ। ਕੱਲ੍ਹ ਨੂੰ ਚਲਾ ਜਾਵਾਂਗਾ।"

"ਰਾਤ ਤੂੰ ਮੇਰੇ ਕੋਲ ਹੀ ਰਹਿ ਲਈਂ। ਮੈਂ ਵੀ ਘਰ 'ਚ ਇਕੱਲੀ ਆਂ।" ਮੀਆ ਨੇ ਉਸ ਨੂੰ ਨਿਮੰਤਰਣ ਦਿੱਤਾ।

"ਮੈਂ ਤੁਹਾਨੂੰ ਤਕਲੀਫ਼ ਨਹੀਂ ਦੇਣੀ ਚਾਹੁੰਦਾ।"

"ਕੋਈ ਤਕਲੀਫ਼ ਨਹੀਂ। ਤੂੰ ਅੱਜ ਮੇਰੇ ਕੋਲ ਰਹੀਂ।"

"ਮਿਹਰਬਾਨੀ।"

ਮੂਲਰ ਖੁਸ਼ ਸੀ। ਉਹ ਫਰੈਡਰਿਕ ਕੋਲ ਜਾਣ ਤੋਂ ਪਹਿਲਾਂ ਬਰਲਿਨ ਦਾ ਮਹੌਲ ਵੇਖਣਾ ਚਾਹੁੰਦਾ ਸੀ। ਜੇ ਸੰਭਵ ਹੋਇਆ ਤਾਂ ਉਹ ਮੀਆ ਨਾਲ ਸ਼ਹਿਰ ਦਾ ਚੱਕਰ ਲਾ ਕੇ ਸੜਕਾਂ ਨੂੰ ਫਿਰ ਤੋਂ ਯਾਦ ਕਰਨ ਦਾ ਯਤਨ ਕਰੇਗਾ। ਨਾ ਵੀ ਹੋਇਆ ਤਾਂ ਉਹ ਇਕੱਲਾ ਹੀ ਘੁੰਮ ਆਵੇਗਾ।

ਸਟੇਸ਼ਨ ਤੋਂ ਮੀਆ ਦਾ ਘਰ ਪੰਦਰਾਂ ਕੁ ਮਿੰਟ ਦੀ ਦੂਰੀ 'ਤੇ ਸੀ। ਰਾਤ ਖਾਸ ਠੰਡੀ ਨਹੀਂ ਸੀ। ਉਹ ਗੱਲਾਂ ਕਰਦੇ ਤੁਰੇ ਗਏ। ਮੀਆ ਨੇ ਘਰ ਖੋਲ੍ਹਿਆ ਤੇ ਮੂਲਰ ਨੇ ਅੰਦਰ ਦਾਖਲ ਹੋਣ ਤੋਂ ਪਹਿਲਾਂ ਆਲੇ-ਦੁਆਲੇ ਨਜ਼ਰ ਮਾਰੀ। ਉਸ ਨੇ ਆਪਣੇ ਮਨ ਵਿਚ ਚੁਗਿਰਦੇ ਦੀ ਤਸਵੀਰ ਬਣਾ ਲਈ।

ਵਾਈਨ ਦੀਆਂ ਚੁਸਕੀਆਂ ਲੈਂਦੇ ਉਹ ਗੱਲਾਂ ਵਿਚ ਰੁੱਝ ਗਏ। ਮੂਲਰ ਨੇ ਘਰ ਦੀ ਸਫ਼ਾਈ ਨੂੰ ਅਤੇ ਘਰ ਨੂੰ ਸਰਾਹਿਆ।

''ਮੈਂ ਤਾਂ ਸੋਚਿਆ ਸੀ ਮੀਆ ਹੀ ਬਹੁਤ ਸੁੰਦਰ ਐ ਪਰ ਮੀਆ ਦਾ ਘਰ ਵੀ ਉਹਦੇ ਵਾਂਗ ਹੀ ਸਜਿਆ-ਸੰਵਰਿਆ ਹੋਇਆ।''

ਮਿਹਰਬਾਨੀ ਕਹਿੰਦਿਆਂ ਮੀਆ ਖੁੱਲ੍ਹ ਕੇ ਹੱਸੀ। ਉਸ ਨੂੰ ਮਿਲਰ ਦੀ ਕੀਤੀ ਤੁਲਨਾ ਪਿਆਰੀ ਲੱਗੀ ਸੀ। ਗਈ ਰਾਤ ਉਹ ਸੌਣ ਦੀ ਤਿਆਰੀ ਕਰਨ ਲੱਗੇ। ਮੂਲਰ ਮੀਆ ਦੇ ਨਾਲ ਹੀ ਬਿਸਤਰ ਵਿਚ ਵੜ ਗਿਆ ਤੇ ਮੀਆ ਨੇ ਬੱਤੀ ਬੰਦ ਕਰ ਦਿੱਤੀ।

ਮੂਲਰ ਅਜੇ ਬਿਸਤਰ ਵਿਚ ਅੱਖਾਂ ਬੰਦ ਕਰੀ ਆਪਣੇ ਅਗਲੇ ਪ੍ਰੋਗਰਾਮ ਬਾਰੇ ਸੋਚ ਰਿਹਾ ਸੀ। ਮੀਆ ਨੇ ਕੌਫੀ ਦਾ ਕੱਪ ਲਿਆ ਕੇ ਮੇਜ਼ 'ਤੇ ਰੱਖ ਦਿੱਤਾ। ਉਸ ਦੇ ਮੱਥੇ ਨੂੰ ਚੁੰਮਦਿਆਂ ਉਸ ਨੂੰ ਜਾਗਣ ਲਈ ਕਿਹਾ। ਮੂਲਰ ਨੇ ਉਸ ਨੂੰ ਫਿਰ ਬਿਸਤਰ ਵਿਚ ਖਿੱਚ ਲਿਆ। ਕੁਝ ਦੇਰ ਬਾਅਦ ਉਹ ਕੌਫੀ ਪੀ ਰਹੇ ਸਨ। ਮੀਆ ਖਿੜਕੀ ਵਿਚੋਂ ਦੀ ਬਾਹਰ ਵੇਖਣ ਲੱਗੀ।

''ਸਮਾਂ ਕਿੰਨਾ ਬਦਲ ਗਿਆ ਐ। ਜ਼ਿੰਦਗੀ ਵਿਚ ਕਿੰਨੀਆਂ ਕੌੜੀਆਂ ਯਾਦਾਂ ਜੁੜ ਗਈਆਂ!'' ਉਸ ਦੇ ਬੋਲਾਂ ਵਿਚ ਉਦਾਸੀ ਸੀ। ਮੂਲਰ ਨੇ ਕੋਲ ਜਾ ਕੇ ਉਸ ਦੇ ਮੋਢਿਆਂ 'ਤੋਂ ਦੀ ਬਾਂਹ ਵਲ ਲਈ।

''ਕੀ ਗੱਲ ਐ ਮੀਆ?''

''ਸਾਹਮਣੇ ਘਰ ਵੱਲ ਵੇਖ। ਇਕ ਬਹੁਤ ਪਿਆਰਾ ਯਹੂਦੀ ਜੋੜਾ ਰਹਿੰਦਾ ਸੀ। ਹੁਣ ਪਤਾ ਨੀ ਵਿਚਾਰੇ ਕਿਥੇ ਹੋਣਗੇ?''

ਮੂਲਰ ਨੇ ਉਸ ਵੱਲ ਧਿਆਨ ਨਾਲ ਵੇਖਿਆ। ਉਹ ਮੀਆ 'ਤੇ ਐਨੀ ਜਲਦੀ ਯਕੀਨ ਨਹੀਂ ਕਰ ਸਕਦਾ ਸੀ। ਕੀ ਪਤਾ ਕੋਈ ਸਰਕਾਰੀ ਔਰਤ ਹੀ ਹੋਵੇ? ਉਹ ਉਹਨੂੰ ਭਲਾ ਕਿੰਨਾ ਕੁ ਜਾਣਦਾ ਸੀ!

''ਮੀਆ ਬਹੁਤ ਉਦਾਸ ਹੋਣ ਦੀ ਲੋੜ ਨੀ। ਜ਼ਿੰਦਗੀ ਵਿਚ ਉਤਰਾਅ-ਚੜ੍ਹਾਅ ਆਉਂਦੇ ਹੀ ਰਹਿੰਦੇ ਐ। ਜਰਮਨੀ ਨੂੰ ਪੈਰਾਂ ਸਿਰ ਕਰਨ ਲਈ ਸਰਕਾਰ ਨੂੰ ਔਖੇ ਫੈਸਲੇ ਲੈਣੇ ਹੀ ਪੈਣੇ ਐ। ਜੰਗ-ਬੰਦੀ ਵੇਲੇ ਸਮਝੌਤਾ ਸਾਡੇ ਦੇਸ਼ ਦੇ ਹੱਕ ਵਿਚ ਨਹੀਂ ਸੀ। ''

''ਠੀਕ ਐ। ਪਰ ਅੱਤ ਤਾਂ ਮਾੜੀ ਹੀ ਹੁੰਦੀ ਐ। ਜਰਮਨੀ ਦੇ ਹਰ ਬਸ਼ਿੰਦੇ ਨੇ ਕਿਸੇ ਨਾ ਕਿਸੇ ਰੂਪ ਵਿਚ ਹੁਣ ਤੱਕ ਕੁਰਬਾਨੀ ਕੀਤੀ ਐ।'' ਮੀਆ ਅਜੇ ਵੀ ਖਿੜਕੀ ਦੇ ਬਾਹਰ ਵੇਖ ਰਹੀ ਸੀ।

''ਮੀਆ ਆਉ ਆਪਾਂ ਬਰੇਕਫਾਸਟ ਤਿਆਰ ਕਰੀਏ ਫਿਰ ਮੈਂ ਜਾਣਾ ਵੀ ਐ।'' ਮੂਲਰ ਗੱਲ ਨੂੰ ਬਦਲਣਾ ਚਾਹੁੰਦਾ ਸੀ।

--------

ਲੰਚ ਬਾਅਦ ਮੂਲਰ ਨੇ ਮੀਆ ਤੋਂ ਵਿਦਾਇਗੀ ਲਈ। ਮੀਆ ਨਾਲ ਫਿਰ ਆਉਣ ਦਾ ਵਾਇਦਾ ਵੀ ਕੀਤਾ। ਮੀਆ ਨੇ ਐਡਰੈਸ ਤੇ ਟੈਲੀਫੋਨ ਮੰਗਿਆ ਤਾਂ ਮੂਲਰ ਨੇ ਘਰ ਬਦਲੀ ਕਰਨ ਦਾ ਬਹਾਨਾ ਬਣਾ ਦਿੱਤਾ ਤੇ ਨਵੇਂ ਘਰ ਵਿਚ ਪਹੁੰਚ ਕੇ ਉਸ ਨੂੰ ਆਪਣਾ ਐਡਰੈਸ ਭੇਜਣ ਦਾ ਵਿਸ਼ਵਾਸ਼ ਦਵਾਇਆ।

ਮੂਲਰ ਕੁਝ ਦੇਰ ਦੁਕਾਨਾਂ ਵਿਚ ਘੁੰਮਦਾ ਰਿਹਾ। ਉਹ ਆਪਣੇ ਅੱਗੇ ਪਿੱਛੇ ਜਾਂਦੇ ਲੋਕਾਂ ਨੂੰ ਵੇਖਦਾ ਰਿਹਾ ਸੀ ਕਿ ਕਿਤੇ ਕੋਈ ਉਸ ਦਾ ਪਿੱਛਾ ਤਾਂ ਨਹੀਂ ਸੀ ਕਰ ਰਿਹਾ? ਭਾਂਵੇਂ ਇਸ ਦੀ ਉਸ ਨੂੰ ਉਮੀਦ ਨਹੀਂ ਸੀ। ਕੁਝ ਦੇਰ ਉਹ ਲੋਕਾਂ ਦੀ ਭੀੜ ਵਿਚ ਗੁਆਚਿਆ ਰਿਹਾ ਤੇ ਫਿਰ ਅਚਾਨਕ ਭੀੜੀ ਜਿਹੀ ਸੜਕ ਵਿਚ ਮੁੜ ਗਿਆ। ਤੇਜ਼ੀ ਨਾਲ ਚੱਲ ਕੇ ਉਹ ਫਿਰ ਖੱਬੇ ਮੁੜ ਗਿਆ। ਗਲੀ ਦੇ ਖੂੰਜੇ 'ਤੇ ਖੜ੍ਹ ਕੇ ਉਸ ਨੇ ਪਿੱਛੇ ਵੇਖਿਆ, ਸੜਕ ਖਾਲੀ ਸੀ। ਉਸ ਨੂੰ ਯਕੀਨ ਹੋ ਗਿਆ ਉਸ ਦਾ ਪਿੱਛਾ ਨਹੀਂ ਸੀ ਕੀਤਾ ਜਾ ਰਿਹਾ। ਟੈਕਸੀ ਲੈ ਕੇ ਉਹ ਫਰੈਡਰਿਕ ਦੇ ਘਰ ਤੋਂ ਕੁਝ ਦੂਰੀ 'ਤੇ ਉੱਤਰ ਗਿਆ। ਇਕ ਵਾਰ ਫਿਰ ਤਸੱਲੀ ਕਰ ਕੇ ਉਹ ਫਰੈਡਰਿਕ ਦੇ ਘਰ ਵੱਲ ਚੱਲ ਪਿਆ। ਫਰੈਡਰਿਕ ਘਰ ਹੀ ਸੀ। ਉਹ ਉਸ ਨੂੰ ਉੱਡ ਕੇ ਮਿਲਿਆ।

ਉਹ ਰਸੋਈ ਵਿਚ ਬੈਠੇ ਕਾਫੀ ਪੀਂਦੇ ਗੱਲਾਂ ਕਰਦੇ ਰਹੇ।

''ਵੋਲਟਰ ਮੈਂ ਤੇਰੇ ਵਾਸਤੇ ਇਕ ਫਲੈਟ ਦਾ ਇੰਤਜ਼ਾਮ ਕੀਤਾ ਹੋਇਆ। ਉਥੇ ਆਪਾਂ ਆਰਾਮ ਨਾਲ ਗੱਲਾਂ ਕਰ ਸਕਦੇ ਆਂ ਤੇ ਕਿਸੇ ਨੂੰ ਸ਼ੱਕ ਵੀ ਨਹੀਂ ਹੋਏਗਾ।''

''ਬਹੁਤ ਚੰਗੀ ਗੱਲ ਐ। ਫੇਰ ਆਪਾਂ ਹੁਣੇ ਚਲੀਏ।''

ਉਹ ਪੈਦਲ ਹੀ ਚੱਲ ਪਏ। ਫਲੈਟ ਨਾਲ ਦੀ ਸਟਰੀਟ ’ਤੇ ਹੀ ਸੀ। ਹਾਨਜ਼ ਨੇ ਬੂਹਾ ਖੋਲ੍ਹਿਆ ਤੇ ਉਹ ਪੌੜੀਆਂ ਚੜ੍ਹ ਗਏ। ਪਹਿਲੀ ਮੰਜ਼ਿਲ ’ਤੇ ਹੀ ਫਲੈਟ ਸੀ। ਮੂਲਰ ਨੇ ਖਿੜਕੀ ਵਿਚੋਂ ਦੀ ਬਾਹਰ ਵੇਖਿਆ। ਸਾਹਮਣੇ ਪਾਰਕ ਸੀ। ਪਾਰਕ ਦੇ ਉਸ ਨੂੰ ਫ਼ਾਇਦੇ ਵੀ ਸਨ ਤੇ ਨੁਕਸਾਨ ਵੀ। ਪਿਛਲੇ ਪਾਸੇ ਪੌੜੀਆਂ ਨਹੀਂ ਸਨ। ਪਰ ਖਿੜਕੀ ਵਿਚੋਂ ਦੀ ਬਾਹਰ ਨਿਕਲਿਆ ਜਾ ਸਕਦਾ ਸੀ। ਉਸ ਨੇ ਸਿਰ ਬਾਹਰ ਕੱਢ ਕੇ ਵੇਖਿਆ। ਲੋੜ ਪੈਣ ’ਤੇ ਦੌੜਨ ਦਾ ਸਬੱਬ ਵੀ ਬਣ ਸਕਦਾ ਸੀ।

“ਬਹੁਤ ਵਧੀਆ ਥਾਂ ਐ। ਮਿਹਰਬਾਨੀ।” ਮੂਲਰ ਨੇ ਹਾਨਜ਼ ਨੂੰ ਕੁਝ ਪੈਸੇ ਫੜਾਉਂਦਿਆਂ ਉਸ ਦਾ ਹੱਥ ਘੁੱਟਿਆ।

“ਆਪਣੇ ਕੋਲ ਬਹੁਤ ਔਖਾ ਕੰਮ ਐ।” ਮੂਲਰ ਨੇ ਹਾਨਜ਼ ਨੂੰ ਬੈਠਣ ਦਾ ਇਸ਼ਾਰਾ ਕਰਦਿਆਂ ਗੱਲ ਤੋਰੀ।

“ਆਪਣੇ ਕੰਮ ਸਾਰੇ ਈ ਖਤਰਨਾਕ ਹੁੰਦੇ ਐ। ਔਖੇ ਨਾ ਵੀ ਹੋਣ ਭਾਂਵੇਂ।” ਹਾਨਜ਼ ਮੁਸਕਰਾਇਆ।

“ਇਕ ਪਰਿਵਾਰ ਐ-ਯਹੂਦੀ। ਉਹਨਾਂ ਨੂੰ ਘਰੋਂ ਕੱਢ ਕੇ ਬਾਹਰ ਬਣਾਈਆਂ ਝੌਂਪੜ-ਪੱਟੀਆਂ ਵਿਚ ਲੈ ਗਏ ਐ। ਦੋ ਬੱਚੇ ਤੇ ਪਤੀ ਪਤਨੀ। ਆਪਾਂ ਉਹਨਾਂ ਨੂੰ ਉਥੋਂ ਬਚਾ ਕੇ ਬਾਹਰ ਕੱਢਣਾ।” ਮੂਲਰ ਨੇ ਸੰਖੇਪ ਵਿਚ ਆਪਣਾ ਮਕਸਦ ਦੱਸਿਆ।

“ਹੈਰਾਨੀ ਐ ਉਹਨਾਂ ਕੋਲ ਕੁਝ ਸਮਾਂ ਪਹਿਲਾਂ ਮੌਕਾ ਸੀ। ਸਰਕਾਰ ਉਹਨਾਂ ਨੂੰ ਕਿਸੇ ਵੀ ਹੋਰ ਦੇਸ਼ ਜਾਣ ਦੀ ਇਜ਼ਾਜ਼ਤ ਦਿੰਦੀ ਸੀ। ਬਹੁਤ ਸਾਰੇ ਨੌਜਵਾਨ ਤਾਂ ਹੋਰ ਯੂਰਪ ਦੇ ਦੇਸ਼ਾਂ ਤੇ ਅਮਰੀਕਾ ਬਗੈਰਾ ਚਲੇ ਗਏ। ਏਥੇ ਤਾਂ ਬਹੁਤੇ ਬਜ਼ੁਰਗ ਹੀ ਰਹਿ ਗਏ ਐ। ਇਹ ਕਿਉਂ ਨੀ ਗਏ? ਮੈਨੂੰ ਸਮਝ ਨੀ ਆਉਂਦੀ।” ਹਾਨਜ਼ ਨੇ ਸਵਾਲ ਕੀਤਾ।

“ਔਰਤ ਦੇ ਮਾਪੇ ਏਥੇ ਸਨ ਤੇ ਉਹ ਆਪਣੇ ਪਰਿਵਾਰ ਨੂੰ ਛੱਡ ਕੇ ਜਾਣ ਲਈ ਤਿਆਰ ਨਹੀਂ ਸੀ। ਉਦੋਂ ਉਹਨਾਂ ਨੂੰ ਲਗਦਾ ਸੀ ਹਾਲਤ ਏਨੇ ਮਾੜੇ ਨੀ ਹੋਣ ਲੱਗੇ।”

ਅਗਸਤ ਮਹੀਨੇ ਦਾ ਆਖਰੀ ਦਿਨ ਸੀ ਤੇ ਦਿਨ ਬਹੁਤ ਵੱਡੇ ਅਤੇ ਨਿੱਘੇ ਸਨ। ਉਹਨਾਂ ਦੀਆਂ ਗੱਲਾਂ ਵਿਚ ਨਾਜੀਆਂ ਦੇ ਜ਼ੁਲਮ ਦੀਆਂ ਗੱਲਾਂ ਸ਼ਾਮਲ ਸਨ। ਸਵੇਰੇ ਮਿਲਣ ਦਾ ਵਾਇਦਾ ਕਰਕੇ ਫਰੈਡਰਿਕ ਹਾਨਜ਼ ਚਲਾ ਗਿਆ।

## 50

ਸਤੰਬਰ ਦਾ ਮਹੀਨਾ ਚੜ੍ਹਿਆ ਤੇ ਨਾਲ ਲੋਕਾਂ ਦੇ ਫ਼ਿਕਰਾਂ ਵਿਚ ਵਾਧਾ ਹੋਣ ਲੱਗਾ। 3 ਸਤੰਬਰ ਤੱਕ ਲੋਕ ਰੇਡੀਓ ’ਤੇ ਹੋਰ ਕਿਸੇ ਪ੍ਰੋਗਰਾਮ ਨਾਲੋਂ ਖ਼ਬਰਾਂ ਸੁਣਨ ਵਿਚ ਬਹੁਤੀ ਦਿਲਚਸਪੀ ਲੈ ਰਹੇ ਸਨ। ਜਿਹੜੇ ਅਖ਼ਬਾਰਾਂ ਪੜ੍ਹ ਸਕਦੇ ਸਨ ਉਹ ਅਖ਼ਬਾਰਾਂ ਪੜ੍ਹਨ ਵਿਚ ਖੁੱਭੇ ਹੋਏ ਸਨ। ਜਿਹਨਾਂ ਕੋਲ ਕੋਈ ਵੀ ਸਾਧਨ ਨਹੀਂ ਸੀ ਉਹ ਇਕ ਦੂਜੇ ਤੋਂ ਖ਼ਬਰਾਂ ਸੁਣ-ਸੁਣਾ ਰਹੇ ਸਨ। ਸਭ ਤੋਂ ਵੱਧ ਫਿਕਰਮੰਦ ਮੀਰੀਅਮ ਤੇ ਉਸ ਦਾ ਪ੍ਰੀਵਾਰ ਸੀ। ਉਸ ਨੇ ਆਪਣੇ ਫਾਦਰ ਨੂੰ ਫੋਨ ਕੀਤਾ।

“ਪਾਪਾ ਤੁਸੀਂ ਖ਼ਬਰਾਂ ਸੁਣੀਆਂ। ਜਰਮਨੀ ਨੇ ਪੋਲੈਂਡ ’ਤੇ ਹਮਲਾ ਕਰ ਦਿੱਤਾ ਐ।” ਮੀਰੀਅਮ ਦਾ ਰੋਣ ਨਿਕਲ ਗਿਆ। ਉਸ ਨੂੰ ਨੋਹ ਦਾ ਫ਼ਿਕਰ ਸੀ।

“ਹਾਂ ਮੈਂ ਖ਼ਬਰਾਂ ਸੁਣੀਆਂ। ਹੈਰਾਨੀ ਦੀ ਗੱਲ ਐ ਜਰਮਨੀ ਨੇ ਪੋਲੈਂਡ ਨਾਲ ਜੰਗਬੰਦੀ ਦਾ ਸਮਝੌਤਾ ਕੀਤਾ ਹੋਇਆ ਸੀ ਤੇ ਫਿਰ ਵੀ ਪੋਲੈਂਡ ’ਤੇ ਅਚਾਨਕ ਹੀ ਹਮਲਾ ਕਰ ਦਿੱਤਾ। ਲਗਦਾ ਯੂਰਪ ਦੇ ਹਾਲਾਤ ਬਹੁਤ ਖ਼ਰਾਬ ਹੋ ਜਾਣਗੇ।” ਜੈਕ ਜਿਊ ਦੀ ਆਵਾਜ਼ ਵਿਚ ਠਰੰਮਾ ਸੀ ਪਰ ਆਪਣੇ ਫਿਕਰ ਨੂੰ ਉਹ ਲੁਕਾ ਨਹੀਂ ਸੀ ਸਕਿਆ।

“ਤੂੰ ਹਿਟਲਰ ਦਾ ਬਿਆਨ ਸੁਣਿਆ, ਅਖੇ ਅਸੀਂ ਤਾਂ ਆਪਣੀਆਂ ਲੱਤਾਂ ਨਿਸਾਲਣ ਲਈ ਕੁਝ ਜ਼ਮੀਨ ਚਾਹੁੰਦੇ ਆਂ।” ਹੈਰਿਸ ਨੇ ਮੀਰੀਅਮ ਦੇ ਮੋਢਿਆਂ ’ਤੇ ਹੱਥ ਰਖਦਿਆਂ ਕਿਹਾ।

ਪਹਿਲੀ ਜੰਗ ਵਿਚ ਜਰਮਨੀ ਆਪਣੀ ਬਹੁਤ ਸਾਰੀ ਸਰਹੱਦ ਗੁਆਂਢੀ ਮੁਲਕਾਂ ਨੂੰ ਹਾਰ ਗਿਆ ਸੀ। ਨਾਜੀਆਂ ਨੇ ਆ ਕੇ ਫੌਜੀ ਸਮਾਨ ਬਣਾਉਣ ਅਤੇ ਜਮ੍ਹਾਂ ਕਰਨ ਲਈ ਸਿਰ-ਧੜ ਦੀ ਬਾਜੀ ਲਗਾ ਦਿੱਤੀ। ਉਹਨਾਂ ਨੇ ਸਾਇੰਸਦਾਨਾਂ ਨੂੰ ਨਵੇਂ ਅਤੇ ਖਤਰਨਾਕ ਹਥਿਆਰ ਬਣਾਉਣ ਦਾ ਹੁਕਮ ਦਿੱਤਾ। ਚੌਵੀ ਘੰਟੇ ਫੈਕਟਰੀਆਂ ਚਲਦੀਆਂ ਰਹਿੰਦੀਆਂ। ਨਵੇਂ ਨਵੇਂ ਹਥਿਆਰ ਤੇ ਬੰਬ ਬਣਾਏ ਜਾ ਰਹੇ ਸਨ।

ਜਰਮਨੀ ਦੇ ਪੋਲੈਂਡ ’ਤੇ ਅਚਾਨਕ ਹਮਲੇ ਨਾਲ ਹੀ ਬ੍ਰਿਟੇਨ ਅਤੇ ਫਰਾਂਸ ਨੇ ਵੀ ਜਰਮਨੀ ਨਾਲ ਯੁੱਧ ਦਾ ਐਲਾਨ ਕਰ ਦਿੱਤਾ। ਐਲਾਨ ਦੀ ਦੇਰ ਸੀ ਜਰਮਨੀ ਦੇ ਜਹਾਜ਼ ਬ੍ਰਿਟੇਨ ’ਤੇ ਅਤੇ ਬ੍ਰਿਟੇਨ ਦੇ ਜਹਾਜ਼ ਜਰਮਨੀ ’ਤੇ ਬੰਬ ਸੁੱਟਣ ਲਈ ਉਡਾਨਾਂ ਭਰਣ ਦਾ ਡਰ ਪੈਦਾ ਕਰਨ ਲੱਗੇ। ਇਹ ਜੰਗ ਪਹਿਲੀ ਜੰਗ ਵਰਗੀ ਨਹੀਂ ਸੀ ਤੇ ਹਰ ਕਿਸੇ ਨੂੰ ਇਸ ਦੀ ਭਿਆਨਕਤਾ ਦਾ ਅਹਿਸਾਸ ਸੀ। ਦੁਨੀਆਂ ਭਰ ਦੀ ਮਾਰਕਿਟ ਵਿਚ ਸ਼ੇਅਰ ਡਿੱਗ ਪਏ।

ਲੋਕ ਜਿਥੇ ਵੀ ਗੱਲ ਕਰਦੇ ਤਾਂ ਉਹਨਾਂ ਦੇ ਮਨਾਂ ਵਿਚ ਜੰਗ ਦਾ ਡਰ ਹੁੰਦਾ। ਪਹਿਲੀ ਜੰਗ ਨੇ ਬਹੁਤ ਘਰ ਉਜਾੜੇ ਸਨ ਤੇ ਦੂਜੀ ਉਸ ਤੋਂ ਵੀ ਬੇਰਹਿਮ ਹੋਵੇਗੀ, ਹਰ ਕੋਈ ਜਾਣਦਾ ਸੀ। ਦੁਨੀਆਂ ਭਰ ਵਿਚ ਜਿਵੇਂ ਅੱਗ ਲੱਗ ਗਈ ਹੋਵੇ!

“ਜੇ ਕਿਤੇ ਨਿੱਕ ਨਾਲ ਗੱਲ ਹੋ ਜਾਂਦੀ---?” ਮੀਰੀਅਮ ਨੇ ਠੰਡਾ ਸਾਹ ਭਰਿਆ। ਇਕ ਹਉਕਾ ਉਹਦੇ ਬੁੱਲ੍ਹਾਂ ਨੂੰ ਮੱਲੋਮੱਲੀ ਅਲਵਿਦਾ ਕਹਿ ਗਿਆ।

“ਨੋਹ ਤਾਂ ਖਤਰੇ ਵਿਚ ਸੀ ਹੀ। ਹੁਣ ਨਿੱਕ ਵੀ ਫਸ ਗਿਆ। ਮੈਨੂੰ ਉਸ ਦਾ ਵੀ ਫਿਕਰ ਐ। ਹਾਲਤ ਇਹੋ ਜਿਹੀ ਐ ਕਿਸੇ ਨੂੰ ਉਥੇ ਮਦਦ ਲਈ ਕਹਿ ਵੀ ਨਹੀਂ ਸਕਦੇ। ਬ੍ਰਿਟੇਨ ਤੋਂ ਫੋਨ ਗਿਆ ਨੀ ਤੇ ਗੈਸਟੈਪੋ ਅਗਲੇ ਦੇ ਘਰ ਅੱਗੇ ਪਹੁੰਚੀ ਨਹੀਂ।” ਹੈਰਿਸ ਨੇ ਮੀਰੀਅਮ ਦੇ ਫਿਕਰਾਂ ’ਤੇ ਹੋਰ ਕਾਲਖ ਦੀ ਝਾਲ ਫੇਰ ਦਿੱਤੀ।

-------

ਸਵੇਰੇ ਮੂਲਰ ਜਾਗਿਆ ਤਾਂ ਉਸ ਨੇ ਵੀ ਖ਼ਬਰਾਂ ਸੁਣੀਆਂ। ਉਹ ਕੌਫ਼ੀ ਪੀਂਦਿਆਂ ਨਵੇਂ ਹਾਲਾਤ ਬਾਰੇ ਸੋਚਦਾ ਰਿਹਾ। ਫਰੈਡਰਿਕ ਆਇਆ ਤਾਂ ਉਸ ਦਾ ਮੂੰਹ ਵੀ ਫਿਕਰਾਂ ਨਾਲ ਝੁਲਸਿਆ ਪਿਆ ਸੀ। ਹੁਣ ਤੱਕ ਦੀਆਂ ਬਣੀਆਂ ਵਿਉਂਤਾਂ ਨੂੰ ਉਹਨਾਂ ਨੇ ਫਿਰ ਤੋਂ ਸੋਚਣਾ-ਸਮਝਣਾ ਸੀ ਤੇ ਅਜੇ ਜੰਗ ਦੀ ਹਾਲਤ ਸਾਫ਼ ਅਤੇ ਸਪੱਸ਼ਟ ਨਹੀਂ ਸੀ। ਇਸ ਲਈ ਉਹ ਕੁਝ ਵੀ ਫੈਸਲਾ ਕਰਨ ਤੋਂ ਅਸਮਰੱਥ ਸਨ।

ਮੂਲਰ ਨੇ ਦਿਨ ਆਪਣੇ ਫਲੈਟ ਵਿਚ ਹੀ ਬਿਤਾਇਆ ਅਤੇ ਸੋਚ ਵਿਚਾਰ ਕਰਦਾ ਰਿਹਾ। ਸ਼ਾਮ ਹੋਈ ਤਾਂ ਉਹ ਮੀਆ ਦੇ ਘਰ ਵੱਲ ਤੁਰ ਗਿਆ। ਉਸ ਨੂੰ ਉਸ ਦੇ ਸਾਥ ਦੀ ਲੋੜ ਵੀ ਭਾਸ ਰਹੀ ਸੀ ਤੇ ਉਹ ਉਸ ਬਾਰੇ ਕੁਝ ਹੋਰ ਜਾਣਨਾ ਚਾਹੁੰਦਾ ਸੀ। ਮੀਆ ਦੇ ਘਰ ਦਾ ਦਰਵਾਜ਼ਾ ਖੜਕਾਇਆ ਤਾਂ ਮੀਆ ਨੇ ਦਰਵਾਜ਼ਾ ਖੋਲ੍ਹਿਆ ਤੇ ਨਾਲ ਹੀ ਹੈਰਾਨੀ ਨਾਲ ਉਸ ਵੱਲ ਵੇਖਣ ਲੱਗੀ।

“ਕੀ ਮੈਂ ਅੰਦਰ ਆ ਸਕਦਾਂ ਮੀਆ?” ਮੂਲਰ ਘਰ ਅੰਦਰ ਜਾ ਕੇ ਸੁਰੱਖਿਅਤ ਹੁਣਾ ਚਾਹੁੰਦਾ ਸੀ।

“ਉਹ-ਹਾਂ ਕਿਰਪਾ ਕਰਕੇ।” ਮੀਆ ਦਰਵਾਜ਼ੇ ਤੋਂ ਪਾਸੇ ਹਟ ਗਈ ਤੇ ਮੂਲਰ ਦੇ ਅੰਦਰ ਜਾਂਦਿਆਂ ਹੀ ਦਰਵਾਜ਼ਾ ਬੰਦ ਕਰ ਦਿੱਤਾ।

“ਮੈਨੂੰ ਤੇਰੇ ਆਉਣ ਨਾਲ ਹੈਰਾਨੀ ਹੋਈ। ਨਾ ਤੂੰ ਕੋਈ ਮੈਨੂੰ ਪਤਾ ਦਿੱਤਾ ਤੇ ਨਾ ਫ਼ੋਨ ਕੀਤਾ।”

“ਮੈਂ ਮੁਆਫ਼ੀ ਚਾਹੁੰਨਾ। ਅਸਲ ਵਿਚ ਪਤਾ ਨਹੀਂ ਕਿਉਂ ਮੇਰਾ ਦਿਲ ਨਹੀਂ ਸੀ ਲੱਗ ਰਿਹਾ ਤੇ ਮੈਂ ਬਿਨਾਂ ਸੋਚਿਆਂ ਤੇਰੇ ਵੱਲ ਆ ਗਿਆ। ਹੈ ਤਾਂ ਇਹ ਮੇਰੀ ਮੂਰਖਤਾ ਪਰ ਜੇ ਤੈਨੂੰ ਕੋਈ ਰੁਝੇਵਾਂ ਐ ਤਾਂ ਮੈਂ ਵਾਪਿਸ ਚਲਾ ਜਾਨਾ।”

“ਮੂਰਖ ਨਾ ਬਣ। ਮੈਂ ਬਿਲਕੁਲ ਵਿਹਲੀ ਆਂ ਤੇ ਤੂੰ ਅੱਜ ਮੇਰੇ ਕੋਲ ਰਹਿ। ਮੈਨੂੰ ਖੁਸ਼ੀ ਹੋਵੇਗੀ। ਕੌਫ਼ੀ?”

“ਕੌਫ਼ੀ ਦੀ ਮੈਨੂੰ ਸਖ਼ਤ ਲੋੜ ਐ। ਮਿਹਰਬਾਨੀ।”

ਮੀਆ ਨੇ ਕੌਫ਼ੀ ਨਾਲ ਪੇਸਟਰੀ ਵੀ ਲਿਆ ਰੱਖੀ। ਉਹ ਕੌਫ਼ੀ ਪੀਂਦਿਆਂ ਗੱਲਾ ਕਰਨ ਲੱਗੇ।”

“ਮੀਆ ਬਦਲੇ ਹਾਲਾਤ ਨਾਲ ਮੈਨੂੰ ਬਹੁਤ ਫਿਕਰ ਐ। ਦੇਸ਼ ਦਾ ਅਤੇ ਲੁਕਾਈ ਦਾ ਬਹੁਤ ਨੁਕਸਾਨ ਹੋਵੇਗਾ। ਬ੍ਰਿਟੇਨ ਅਤੇ ਫਰਾਂਸ ਨੇ ਤਾਂ ਆਪਣੀ ਇੱਛਾ ਜ਼ਾਹਰ ਕਰ ਈ ਦਿੱਤੀ ਐ।” ਮੂਲਰ ਦੇ ਬੋਲਾਂ ਵਿਚ ਉਦਾਸੀ ਸੀ। ਮੂਲਰ ਨੇ ਸਿਰ ਮਾਰਿਆ।

“ਸਾਡੀ ਸਰਕਾਰ ਨੇ ਸਾਨੂੰ ਅੱਗ ਵਿਚ ਧੱਕ ਦਿੱਤਾ ਐ। ਪਹਿਲਾਂ ਇਹਨਾਂ ਨੇ ਲੱਖ ਦੇ ਕਰੀਬ ਅਪਾਹਜ ਲੋਕਾਂ ਨੂੰ ਬੇਰਹਿਮੀ ਨਾਲ ਮਾਰ ਦਿੱਤਾ। ਫੇਰ ਇਹਨਾਂ ਨੇ ਯਹੂਦੀਆਂ ਦੇ ਵਪਾਰ ਦਾ ਬਾਈਕਾਟ ਕੀਤਾ। ਉਹਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਕੱਢ ਦਿੱਤਾ। ਯਹੂਦੀ ਵਕੀਲ ਅਤੇ ਅਧਿਆਪਕ ਵੀ ਘਰ ਭੇਜ ਦਿੱਤੇ। ਯਹੂਦੀ ਜਿਹੜੇ ਸੈਂਕੜੇ ਸਾਲਾਂ ਤੋਂ ਇਥੇ ਰਹਿੰਦੇ ਸੀ ਉਹਨਾਂ ਤੋਂ ਜਰਮਨੀ ਦੀ ਨਾਗਰਿਕਤਾ ਖੋਹ ਲਈ। ਯਹੂਦੀ ਡਾਕਟਰ ਨਹੀਂ ਬਣ ਸਕਦੇ। ਉਹਨਾਂ ਨੂੰ ਆਪਣੇ ਨਾਵਾਂ ਨਾਲ ‘ਇਜ਼ਰਾਈਲ’ ਤੇ ਔਰਤਾਂ ਨੂੰ ‘ਸਾਰਾਹ’ ਲਾਉਣਾ ਜ਼ਰੂਰੀ ਕਰ ਦਿੱਤਾ ਗਿਆ। ਬੱਚਿਆਂ ਨੂੰ ਸਕੂਲ ਜਾਣ ’ਤੇ ਪਬੰਦੀ ਲਾ ਦਿੱਤੀ। ਉਹ ਤਾਂ ਰੇਡੀਓ ਵੀ ਨਹੀਂ ਰੱਖ ਸਕਦੇ। ਇਹ ਵੇਖ ਕੇ ਮੇਰੇ ਪਤੀ ਨੇ ਕਿਹਾ ਸੀ ਮੈਂ ਅੱਜ ਆਪਣੇ ਦੇਸ਼ ਦੇ ਸਭਿਆਚਾਰ ’ਤੇ ਸ਼ਰਮ ਮਹਿਸੂਸ ਕਰਦਾਂ ਜਿਹੜਾ

ਇਕ ਹੋਰ ਸਭਿਆਚਾਰ ਨੂੰ ਤਬਾਹ ਕਰ ਰਿਹਾ। ਅਜੇ ਉਹ ਘਰ ਆਇਆ ਸੀ ਕਿ ਗੈਸਟਪੋ ਦਾ ਬੰਦਾ ਘਰ ਅੱਗੇ ਖੜ੍ਹਾ ਸੀ। ਉਹਨੇ ਕਾਰਡ ਦਿਖਾਇਆ ਤੇ ਉਸ ਨੂੰ ਸਵੇਰੇ ਨੌਂ ਵਜੇ ਉਹਨਾਂ ਦੇ ਦਫ਼ਤਰ ਪਹੁੰਚਣ ਦਾ ਹੁਕਮ ਦਿੱਤਾ।"

ਮੀਆ ਨੇ ਕੌਫੀ ਦਾ ਕੱਪ ਚੁਕਿਆ ਤੇ ਬਿਨਾਂ ਘੁੱਟ ਭਰਿਆਂ ਫਿਰ ਮੇਜ਼ 'ਤੇ ਰੱਖ ਦਿੱਤਾ। ਮੂਲਰ ਅੱਖਾਂ ਗੱਡੀ ਉਸ ਦੀ ਗੱਲ ਸੁਣ ਰਿਹਾ ਸੀ।

"ਮੈਂ ਸਾਰੀ ਰਾਤ ਉਸ ਨੂੰ ਸਮਝਾਉਂਦੀ ਰਹੀ ਕਿ ਉਹਨੂੰ ਆਪਣੀ ਜ਼ਬਾਨ ਕਾਬੂ ਵਿਚ ਰੱਖਣੀ ਚਾਹੀਦੀ ਐ। ਮੈਂ ਕਿਹਾ ਉਹ ਮੁਆਫ਼ੀ ਮੰਗ ਲਵੇ। ਪਰ ਮੈਂ ਜਾਣਦੀ ਸੀ ਉਹਨੇ ਅਜਿਹਾ ਨਹੀਂ ਕਰਨਾ। ਸਵੇਰੇ ਉਸ ਨੇ ਮੈਨੂੰ ਘੁੱਟ ਕੇ ਜੱਫੀ ਪਾਈ ਤੇ ਚੁੰਮਿਆ। ਉਹ ਚਲਾ ਗਿਆ। ਬੱਸ ਮੈਂ ਉਹਦਾ ਜਿਉਂਦੇ ਦਾ ਮੁੜ ਮੂੰਹ ਨਹੀਂ ਵੇਖ ਸਕੀ।" ਮੀਆ ਦੀਆਂ ਅੱਖਾਂ ਵਿਚੋਂ ਹੰਝੂ ਵਗ ਰਹੇ ਸੀ।

ਮੂਲਰ ਨੇ ਨੀਵੀਂ ਆਵਾਜ਼ ਵਿਚ ਕਿਹਾ, "ਮੈਨੂੰ ਬਹੁਤ ਦੁੱਖ ਤੇ ਅਫ਼ਸੋਸ ਐ। ਹੁਣ ਮੈਨੂੰ ਲਗਦਾ ਹਰ ਜ਼ਮੀਰ ਵਾਲੇ ਜਰਮਨ ਨੂੰ ਜਾਨ ਦੀ ਪ੍ਰਵਾਹ ਕਰੇ ਬਿਨਾਂ ਉੱਠਣਾ ਚਾਹੀਦਾ।" ਮੂਲਰ ਨੇ ਉਸ ਦਾ ਹੱਥ ਫੜ ਲਿਆ ਤੇ ਪਲੋਸਦਾ ਰਿਹਾ।

ਜੇ ਇਹ ਸਭ ਸੱਚ ਹੈ ਤਾਂ ਮੀਆ ਲੋੜ ਪੈਣ 'ਤੇ ਉਸ ਦੀ ਮਦਦ ਕਰ ਸਕਦੀ ਸੀ।

-------

ਸਵੇਰੇ ਮੀਆ ਨੇ ਬਰੇਕ ਫਾਸਟ ਤਿਆਰ ਕੀਤਾ ਤੇ ਉਹ ਗੱਲਾਂ ਕਰਦੇ ਰਹੇ। ਮੀਆ ਕੁਝ ਚੀਜਾਂ ਖਰੀਦਣ ਲਈ ਬਜ਼ਾਰ ਜਾਣਾ ਚਾਹੁੰਦੀ ਸੀ ਤੇ ਉਸ ਨੇ ਮੂਲਰ ਨੂੰ ਨਾਲ ਚੱਲਣ ਲਈ ਕਿਹਾ।

"ਜੇ ਤੂੰ ਬੁਰਾ ਨਾ ਮੰਨੇ ਤਾਂ ਮੈਂ ਘਰ ਈ ਰਹਿਣਾ ਚਾਹੁੰਨਾ। ਸ਼ਾਪਿੰਗ ਮੈਨੂੰ ਬਿਲਕੁਲ ਚੰਗੀ ਨਹੀਂ ਲਗਦੀ।"

"ਤੇਰੀ ਮਰਜ਼ੀ। ਤੂੰ ਕੁਝ ਮੰਗਵਾਉਣਾ?"

"ਨਹੀਂ, ਮਿਹਰਬਾਨੀ।" ਮੀਆ ਚਲੀ ਗਈ।

ਮੂਲਰ ਨੇ ਉਸ ਦੇ ਘਰ ਦੀ ਬਹੁਤ ਇਤਹਾਤ ਅਤੇ ਜਸੂਸੀ ਅੱਖ ਨਾਲ ਤਲਾਸ਼ੀ ਲਈ। ਕੋਈ ਵੀ ਚੀਜ਼ ਉਸ ਨੂੰ ਅਜਿਹੀ ਨਾ ਮਿਲੀ ਜਿਸ ਤੋਂ ਮੀਆ ਦੇ ਸਰਕਾਰ ਪੱਖੀ ਹੋਣ ਦਾ ਸ਼ੱਕ ਹੋ ਸਕੇ। ਇਸ ਦੇ ਉਲਟ ਉਸ ਨੂੰ ਗੈਸਟਾਪੋ ਵੱਲੋਂ ਉਸ ਦੇ ਪਤੀ 'ਤੇ ਮੜ੍ਹੇ ਕੇਸ ਦੀ ਕਾਪੀ ਮਿਲੀ। ਮੂਲਰ ਨੂੰ ਤਸੱਲੀ ਹੋ ਗਈ। ਮੀਆ ਨੇ ਘੰਟੇ ਕੁ ਵਿਚ ਮੁੜ ਆਉਣ ਦਾ ਵਾਇਦਾ ਕੀਤਾ ਸੀ। ਉਹ ਖਿੜਕੀ ਦੇ ਸ਼ੀਸ਼ੇ ਵਿਚੋਂ ਦੀ ਬਾਹਰ ਵੇਖਣ ਲੱਗਾ। ਉਸ ਨੂੰ ਲੱਗਿਆ ਜਿਵੇਂ ਲੋਕ ਇਕ ਦੂਜੇ ਨਾਲ ਸਬੰਧਤ ਹੀ ਨਾ ਹੋਣ। ਉਹ ਬਿਨਾਂ ਕਿਸੇ ਵੱਲ ਮੁਸਕਰਾਇਆਂ, ਜਾਂ ਹੈਲੋ ਕਿਹਾਂ, ਕਿਸੇ ਦੀ ਅੱਖ ਵਿਚ ਅੱਖ ਪਾ ਕੇ ਵੇਖਣ ਤੋਂ ਕਤਰਾਉਂਦੇ ਆਪ ਮਤੇ ਤੁਰੇ ਫਿਰਦੇ ਸਨ। ਉਸ ਨੇ ਮੀਆ ਨੂੰ ਹੱਥ ਵਿਚ ਥੈਲਾ ਫੜੀ ਆਉਂਦੇ ਵੇਖਿਆ ਤੇ ਦਰਵਾਜ਼ਾ ਖੋਲ੍ਹ ਦਿੱਤਾ। ਅਜੇ ਮੀਆ ਨਾਲ ਕੋਈ ਵੀ ਗੱਲ ਕਰਨੀ ਉਸ ਨੂੰ ਠੀਕ ਨਾ ਲੱਗੀ।

-----

ਹੋਰ ਦੋ ਹਫ਼ਤੇ ਲੰਘ ਗਏ। ਫਰੈਡਰਿਕ ਨੇ ਨੋਹ ਅਤੇ ਉਸ ਦੇ ਪ੍ਰੀਵਾਰ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਸੀ। ਲੜਾਈ ਸ਼ੁਰੂ ਹੋਣ ਕਾਰਣ ਸਖ਼ਤੀ ਹੋਰ ਵੀ ਵਧ ਗਈ ਸੀ। ਪਰ ਫਰੈਡਰਿਕ ਬਹੁਤ ਉਡੀਕ ਨਹੀਂ ਸੀ ਕਰ ਸਕਦਾ। ਉਸ ਨੂੰ ਇਕ ਸਰਕਾਰੀ ਅਫ਼ਸਰ ਰਾਹੀਂ ਖ਼ਬਰ ਮਿਲੀ ਸੀ ਕਿ ਸਰਕਾਰ ਯਹੂਦੀਆਂ ਬਾਰੇ ਕੁਝ ਹੋਰ ਸੋਚ ਰਹੀ ਸੀ। ਕੀ ਸੋਚ ਰਹੀ ਸੀ? ਕਿਸੇ ਨੂੰ ਵੀ ਪਤਾ ਨਹੀਂ ਸੀ। ਸਭ ਨੂੰ ਪਤਾ ਸੀ ਜੋ ਹੋਵੇਗੇ ਪਹਿਲਾਂ ਨਾਲੋਂ ਮਾੜਾ ਹੀ ਹੋਵੇਗਾ।

ਫਰੈਡਰਿਕ ਦੇ ਸਕੂਲ ਦਾ ਮਿੱਤਰ ਕਾਰਲ, ਗੈਸਟਾਪੋ ਵਿਚ ਕੰਮ ਕਰਦਾ ਸੀ। ਉਹਨਾਂ ਦੇ ਵਿਚਾਰ ਵੱਖਰੇ ਸਨ ਪਰ ਦੋਸਤੀ ਕਾਇਮ ਸੀ। ਅਸਲ ਵਿਚ ਉਹਨਾਂ ਨੇ ਕਦੇ ਆਪਣੇ ਵਿਚਾਰਾਂ ਨੂੰ ਖੁੱਲ੍ਹ ਕੇ ਪ੍ਰਗਟ ਨਹੀਂ ਸੀ ਕੀਤਾ। ਫਰੈਡਰਿਕ ਨੂੰ ਪਤਾ ਸੀ ਕਾਰਲ ਲਾਲਚੀ ਬੰਦਾ ਸੀ। ਉਹ ਉਸ ਦੀ ਕਮਜ਼ੋਰੀ ਦਾ ਫ਼ਾਇਦਾ ਲੈਣਾ ਚਾਹੁੰਦਾ ਸੀ। ਉਸ ਦੇ ਮਨ ਵਿਚ ਅਜੀਬ ਜਿਹੀ ਘਬਰਾਹਟ ਵੀ ਸੀ। ਕਾਰਲ ਦਾ ਪਤਾ ਨਹੀਂ ਕਿਹੋ ਜਿਹਾ ਪ੍ਰਤੀਕ੍ਰਮ ਹੋਵੇ। ਕਿਤੇ ਫੜ ਕੇ ਅੰਦਰ ਹੀ ਨਾ ਸੁੱਟ ਦੇਵੇ! ਉਸ ਨੂੰ ਬਹੁਤ ਧਿਆਨ ਨਾਲ ਚੱਲਣਾ ਪੈਣਾ ਸੀ।

ਇਕ ਦਿਨ ਉਸ ਨਾਲ ਪ੍ਰੋਗਰਾਮ ਬਣਾ ਕੇ ਫਰੈਡਰਿਕ ਉਸ ਦੇ ਘਰ ਚਲਾ ਗਿਆ। ਬਹੁਤ ਵਧੀਆ ਵਾਈਨ ਦੀ ਬੋਤਲ ਤੋਹਫੇ ਵਜੋਂ ਲੈ ਗਿਆ ਤੇ ਉਹ ਪੀਣ ਲੱਗੇ।

“ਕਾਰਲ ਗੁੱਸਾ ਨਾ ਕਰੀਂ ਤੇਰੇ ਵਰਗੇ ਅਫ਼ਸਰ ਕੋਲ ਫਰਨੀਚਰ ਤਾਂ ਚੱਜ ਦਾ ਹੁਣਾ ਚਾਹੀਦਾ। ਜੇ ਹੁਣ ਨੀ ਚਾਰ ਪੈਸੇ ਬਣਾ ਕੇ ਐਸ਼ ਕਰਨੀ ਤਾਂ ਕਦੋਂ ਕਰਨੀ ਐ?”

“ਤਨਖਾਹ ਨਾਲ ਮਸਾਂ ਗੁਜ਼ਾਰਾ ਹੁੰਦਾ ਐ। ਕੀ ਕੀਤਾ ਜਾ ਸਕਦਾ?”

“ਦੇਖ ਮਿੱਤਰ ਬਥੇਰੇ ਤੇਰੇ ਵਰਗੇ ਅਫ਼ਸਰ ਐ ਜਿਹੜੇ ਤਨਖਾਹ ਤੋਂ ਬਿਨਾਂ ਵੀ ਪੈਸੇ ਬਣਾਈ ਜਾਂਦੇ ਐ। ਅੱਜ ਕੱਲ੍ਹ ਕੌਣ ਪੁੱਛਦਾ? ਹਾਂ, ਬਹੁਤ ਧਿਆਨ ਨਾਲ ਚੱਲਣਾ ਚਾਹੀਦਾ।”

ਕਾਰਲ ਉਸ ਵੱਲ ਵੇਖਣ ਲੱਗਾ ਤੇ ਫਿਰ ਆਪਣੇ ਸੋਫੇ ਵੱਲ। ਫਰੈਡਰਿਕ ਨੇ ਗੱਲ ਬਦਲ ਕੇ ਲੜਾਈ ਦੀ ਗੱਲ ਛੇੜ ਲਈ। ਕੁਝ ਦੇਰ ਬਾਅਦ ਉਹ ਘਰ ਆ ਗਿਆ। ਹਫ਼ਤੇ ਕੁ ਬਾਅਦ ਕਾਰਲ ਉਸ ਨੂੰ ਮਿਲਣ ਆਇਆ। ਕੌਫੀ ਦਾ ਕੱਪ ਪੀ ਕੇ ’ਤੇ ਕੁਝ ਸਧਾਰਨ ਜਿਹੀਆਂ ਗੱਲਾਂ ਕਰਕੇ ਉਹ ਜਾਣ ਲਈ ਉੱਠਿਆ।

“ਜੇ ਕੋਈ ‘ਖਾਸ’ ਕੰਮ ਹੋਇਆ ਤਾਂ ਦੱਸੀਂ।” ਖਾਸ ਸ਼ਬਦ ’ਤੇ ਉਸ ਨੇ ਥੋੜਾ ਜ਼ੋਰ ਦੇ ਕੇ ਕਿਹਾ।

“ਜ਼ਰੂਰ ।” ਫਰੈਡਰਿਕ ਨੇ ਮੁਸਕਰਾਂਦਿਆਂ ਕਿਹਾ।

ਇਕ ਦਿਨ ਫਰੈਡਰਿਕ ਨੇ ਕਾਰਲ ਅੱਗੇ ਆਪਣਾ ਸਵਾਲ ਰੱਖਿਆ।

“ਆਹ ਨਾਂ ਤੇ ਪੁਰਾਣਾ ਐਡਰੈਸ ਐ ਕਾਰਲ। ਮੈਂ ਜਾਣਨਾ ਚਾਹੁੰਨਾ ਹੁਣ ਇਹ ਕਿਸ ਥਾਂ ਰੱਖੇ ਹੋਏ ਐ?” ਕਹਿੰਦਿਆਂ ਉਸ ਨੇ ਕਾਰਲ ਦੀ ਮੁੱਠੀ ਵਿਚ ਨੋਟ ਧੱਕ ਦਿੱਤੇ।

“ਪਰ ਤੇਰਾ ਇਹਨਾਂ ਨਾਲ ਕੀ ਮਤਲਬ?”

“ਮੇਰਾ ਇਹਨਾਂ ਨਾਲ ਨਹੀਂ ਨੋਟਾਂ ਨਾਲ ਮਤਲਬ ਐ। ਕਿਸੇ ਨੇ ਜਾਣਕਾਰੀ ਮੰਗੀ ਐ ਸਾਨੂੰ ਕੀ ਲੱਗੇ ਉਹਨਾਂ ਨੇ ਇਹਦਾ ਕੀ ਕਰਨਾ?”

ਦੋ ਦਿਨਾਂ ਬਾਅਦ ਫਰੈਡਰਿਕ ਕੋਲ ਜਾਣਕਾਰੀ ਪਹੁੰਚ ਗਈ ਸੀ।

------

ਮੂਲਰ ਅਤੇ ਫਰੈਡਰਿਕ ਨੇ ਇਕ ਚੰਗੀ ਕਾਰ ਦਾ ਪ੍ਰਬੰਧ ਕੀਤਾ। ਉਹਨਾਂ ਨੇ ਬਰਲਿਨ ਦੇ ਉੱਤਰ ਵਿਚ ਬਣੀਆਂ ਯਹੂਦੀਆਂ ਦੀਆਂ ਝੌਂਪੜੀਆਂ ਨੂੰ ਦੂਰੋਂ ਵੇਖ ਲਿਆ ਸੀ। ਉਹਨਾਂ ਝੌਂਪੜੀਆਂ ਦੇ ਆਲੇ-ਦੁਆਲੇ ਵਿਚ ਉਹ ਪੈਦਲ ਵੀ ਤੇ ਕਾਰ ਵਿਚ ਵੀ ਘੁੰਮ ਚੁੱਕੇ ਸਨ। ਉਹਨਾਂ ਨੇ ਅਗਲਾ ਕਦਮ ਚੁੱਕਣ ਦਾ ਮਨ ਬਣਾ ਲਿਆ।

ਇਕ ਦਿਨ ਮੀਂਹ ਪੈ ਰਿਹਾ ਸੀ। ਉਹਨਾਂ ਨੇ ਗੈਸਟਾਪੋ ਵਾਲੀਆਂ ਵਰਦੀਆਂ ਪਾਈਆਂ। ਜੇਬਾਂ ਵਿਚ ਗੈਸਟਾਪੋ ਦੇ ਨਕਲੀ ਸ਼ਨਾਖਤੀ ਕਾਰਡ ਪਾਏ ਤੇ ਕਾਰ ਵਿਚ ਬੈਠ ਗਏ। ਮੂਲਰ ਅਫ਼ਸਰ ਤੇ ਫਰੈਡਰਿਕ ਉਸ ਦਾ ਡਰਾਇਵਰ। ਉਹ ਝੌਂਪੜੀਆਂ ਕੋਲ ਪਹੁੰਚੇ ਤਾਂ ਪਹਿਰੇਦਾਰ ਨੇ ਉਹਨਾਂ ਨੂੰ ਰੋਕਿਆ।

“ਬੇਵਕੂਫ ਦੌੜ ਕੇ ਆ--।” ਮੂਲਰ ਨੇ ਰੋਹਬਦਾਰ ਆਵਾਜ਼ ਵਿਚ ਕਿਹਾ। ਸਿਪਾਹੀ ਆਪਣੀ ਗੰਨ ਨਾਲ ਕਾਰ ਪਿੱਛੇ ਦੌੜਨ ਲੱਗਾ। ਥੋੜਾ ਅੱਗੇ ਜਾ ਕੇ ਕਾਰ ਰੁਕ ਗਈ। ਮੂਲਰ ਬਾਹਰ ਆਇਆ।

“ਆਹ ਇਕ ਬੰਦਾ ਉਹਦੀ ਔਰਤ ਤੇ ਦੋ ਉਹਨਾਂ ਦੇ ਪਿੱਲੇ, ਬਿਨਾਂ ਦੇਰੀ ਇਹਨਾਂ ਨੂੰ ਲੈ ਕੇ ਆ। ਜਲਦੀ--।” ਮੂਲਰ ਨੇ ਪਰਚੀ ਫੜਾਈ। ਸਿਪਾਹੀ ਦੌੜ ਕੇ ਪਰਚੀ ਵੱਲ ਵੇਖਦਾ ਉਹਨਾਂ ਨੂੰ ਲੈਣ ਚਲਾ ਗਿਆ।

ਮੂਲਰ ਨੇ ਨਜ਼ਰ ਮਾਰੀ। ਪਹਿਰੇ ਤੇ ਅੱਠ ਸਿਪਾਹੀ ਸਨ। ਉਹਨਾਂ ਨੇ ਝੌਂਪੜੀਆਂ ਨੂੰ ਆਪਣੀ ਮਾਰ ਵਿਚ ਰੱਖਿਆ ਹੋਇਆ ਸੀ। ਜੇ ਸਿਪਾਹੀਆਂ ਨੂੰ ਸ਼ੱਕ ਪੈ ਗਈ ਤਾਂ ਉਹ ਉਹਨਾਂ ਨੂੰ ਗੋਲੀਆਂ ਨਾਲ ਛਲਣੀ ਕਰਨ ਤੋਂ ਹਿਚਕਚਾਉਣਗੇ ਨਹੀਂ। ਉਹਨੇ ਮੁੜ ਕੇ ਝੌਂਪੜੀਆਂ ਵਿਚ ਗਏ ਸਿਪਾਹੀ ਵੱਲ ਵੇਖਿਆ। ਉਹ ਚਾਰ ਜਾਣਿਆਂ ਨੂੰ ਆਪਣੇ ਅੱਗੇ ਭਜਾਈ ਲਿਆ ਰਿਹਾ ਸੀ। ਮੂਲਰ ਨੇ ਨੋਹ ਵੱਲ ਵੇਖਿਆ। ਉਹ ਉਹਨਾਂ ਕੋਲ ਆ ਖੜ੍ਹੇ ਹੋਏ।

“ਨਾਂ--?” ਮੂਲਰ ਨੇ ਹੁਕਮ ਦਿੱਤਾ।

“ਨੋਹ ਜਿਊ ਤੇ--।”

“ਕਾਰ ਵਿਚ ਬੈਠੋ। ਤੈਨੂੰ ਦਸਦਾਂ ਸਾਥੀਆਂ ਨੂੰ ਕਿਵੇਂ ਭੜਕਾਇਆ ਜਾਂਦਾ! ਕੁਤੀ ਦੇ ਪੁੱਤ।”

ਮੂਲਰ ਗਰਜਿਆ। ਜੇਬ ਵਿਚੋਂ ਉਸ ਨੇ ਪਰਵਾਨਾ ਕੱਢ ਕੇ ਸਿਪਾਹੀ ਨੂੰ ਫੜਾਇਆ ਤੇ ਗੱਡੀ ਭਜਾ ਲਈ। ਸਿਪਾਹੀ ਉਲਝਿਆ ਜਿਹਾ ਖੜ੍ਹਾ ਪਰਵਾਨੇ ਵੱਲ ਵੇਖਦਾ ਰਿਹਾ।

ਪਰ ਬਾਕੀ ਦੇ ਸਿਪਾਹੀਆ ਨੂੰ ਇਹ ਕਾਰਵਈ ਸ਼ੱਕੀ ਲੱਗੀ। ਡਿਊਟੀ ਅਫ਼ਸਰ ਆਪਣੇ ਕੈਬਿਨ ਵਿਚ ਉਂਘਲਾ ਰਿਹਾ ਸੀ। ਅਚਾਨਕ ਉਸ ਨੂੰ ਕੁਝ ਵਾਪਰਦਾ ਮਹਿਸੂਸ ਹੋਇਆ। ਉਹ ਦੌੜ ਕੇ ਬਾਹਰ ਨਿਕਲਿਆ।

ਸਿਪਾਹੀ ਪਰਵਾਨਾ ਉਸ ਨੂੰ ਫੜਉਣ ਲਈ ਦੌੜਿਆ। ਪਰਵਾਨਾ ਵੇਖ ਕੇ ਉਸ ਨੇ ਕਾਰ ’ਤੇ ਫਾਇਰ ਕਰ ਦਿੱਤਾ। ਫਾਇਰ ਪਿਛਲੇ ਸ਼ੀਸ਼ੇ ਵਿਚ ਲੱਗਾ। ਸਾਹਮਣੇ ਖੜ੍ਹੇ ਸਿਪਾਹੀ ਨੇ ਕੁਝ ਗਜ਼ਾਂ ਦੇ ਫਾਸਲੇ ਤੋਂ ਕਾਰ ’ਤੇ ਫਾਇਰ ਕਰਨ ਲਈ ਨਿਸ਼ਾਨਾ ਲਿਆ ਤਾਂ ਫਰੈਡਰਿਕ ਨੇ ਕਾਰ ਉਸ ਵੱਲ ਸਿੱਧੀ ਕਰ ਦਿੱਤੀ। ਉਹ ਜਾਨ ਬਚਾਉਣ ਲਈ ਦੂਸਰੇ ਪਾਸੇ ਨੂੰ ਦੌੜਿਆ। ਉਸ ਦੀ ਗੰਨ ਉਸ ਦੇ ਹੱਥੋਂ ਡਿੱਗ ਪਈ। ਏਨੇ ਵਿਚ ਕਾਰ ਸੜਕ ’ਤੇ ਚੜ੍ਹ ਗਈ ਸੀ। ਡਿਊਟੀ ਅਫ਼ਸਰ ਆਪਣੀ ਕਾਰ ਵਿਚ ਤਿੰਨ ਸਿਪਾਹੀਆਂ ਨਾਲ ਪਿੱਛਾ ਕਰਨ ਲੱਗਾ। ਫਰੈਡਰਿਕ ਨੇ ਕਾਰ ਨੂੰ ਛੋਟੀਆਂ ਸੜਕਾਂ ’ਤੇ ਪਾ ਲਿਆ। ਕੁਝ ਦੇਰ ਬਾਅਦ ਉਹ ਸਰਕਾਰੀ ਕਾਰ ਤੋਂ ਓਝਲ ਹੋ ਗਏ ਸਨ।

ਵਲ-ਵਲੇਵੇਂ ਪਾ ਕੇ ਉਹ ਇਕ ਫਾਰਮ ਹਾਊਸ ’ਤੇ ਪਹੁੰਚ ਗਏ। ਇਹ ਕਿਸੇ ‘ਨਾਜੀ ਵਿਰੋਧੀ’ ਸਰਗਰਮੀਆਂ ਦੇ ਮੈਂਬਰ ਦਾ ਫਾਰਮ ਸੀ। ਨੋਹ ਅਤੇ ਉਸ ਦੇ ਪਰਿਵਾਰ ਨੂੰ ਕੌਫੀ ਦੇ ਕੱਪ ਨਾਲ ਸੈਂਡਵਿਚ ਦਿੱਤੇ ਗਏ। ਮੁਲਰ ਨੇ ਉਹਨਾਂ ਨੂੰ ਸਾਰੀ ਕਹਾਣੀ ਦੱਸੀ ਤਾਂ ਉਹਨਾਂ ਨੂੰ ਹੈਰਾਨੀ ਵੀ ਹੋਈ ਤੇ ਯਕੀਨ ਕਰਨਾ ਮੁਸ਼ਕਲ ਵੀ ਲੱਗਾ।

“ਨੋਹ ਤੈਨੂੰ ਆਹ ਧਾਰਮਿਕ ਰੂਪ ਬਦਲਣਾ ਪੈਣਾ ਹੁਣੇ ਈ। ਪਾਣੀ ਗਰਮ ਐ ਤੇ ਤੁਸੀਂ ਨਹਾ ਲਉ, ਦਾਹੜੀ ਸ਼ੇਵ ਕਰ ਲੈ ਅਤੇ ਆਹ ਕੱਪੜੇ ਪਹਿਨ ਲਵੋ। ਤੁਹਾਡੇ ਪਹਿਨੇ ਹੋਏ ਕੱਪੜੇ ਸਾੜਨੇ ਪੈਣਗੇ।”

ਨੋਹ ਨੂੰ ਸੁਣ ਕੇ ਧੱਕਾ ਜਿਹਾ ਲੱਗਾ। ਇਕ ਪਾਸੇ ਮੌਤ ਸੀ ਤੇ ਦੂਜੇ ਪਾਸੇ ਹਾਲਾਤ ਨਾਲ ਸਮਝੌਤਾ। ਉਸ ਨੇ ਬਿਨਾਂ ਹੀਲ-ਹੁੱਜਤ ਦੂਜਾ ਰਾਹ ਚੁਣਨਾ ਠੀਕ ਸਮਝਿਆ।

ਜਦ ਉਹ ਨਹਾ ਕੇ ਤੇ ਕੱਪੜੇ ਬਦਲ ਕੇ ਬਾਹਰ ਆਇਆ ਤਾਂ ਮੁਲਰ ਨੇ ਉਸ ਦੇ ਪਾਸਪੋਰਟ ਤੇ ਸ਼ਨਾਖਤੀ ਕਾਰਡ ਦੀ ਫੋਟੋ ਨੋਹ ਨਾਲ ਮਿਲਾਈ। ਫਰੈਡਰਿਕ ਦੀ ਰਾਇ ਲਈ। ਉਸ ਨੇ ਤਸੱਲੀ ਕਰਕੇ ਉਹਨਾਂ ਨੂੰ ਪਾਸਪੋਰਟ ਤੇ ਸ਼ਨਾਖਤੀ ਕਾਰਡ ਦੇ ਦਿੱਤੇ। ਅਗਲਾ ਹਫ਼ਤਾ ਉਹਨਾਂ ਨੂੰ ਨਵੇਂ ਨਾਂ ਨਾਲ ਬੁਲਾਉਣ ਅਤੇ ਉਹਨਾਂ ਨੂੰ ਨਵੇਂ ਨਾਂ ਅਤੇ ਐਡਰਿਸ ਯਾਦ ਕਰਨ ਲਈ ਕਿਹਾ ਗਿਆ। ਉਹ ਆਪ ਵੀ ਇਕ ਦੂਜੇ ਨੂੰ ਨਵੇਂ ਨਾਵਾਂ ਨਾਲ ਬੁਲਾਉਣ ਲਗੇ।

ਸਰਹੱਦ ’ਤੇ ਗੋਲਾਬਾਰੀ ਵਧ ਰਹੀ ਸੀ। ਜਰਮਨੀ ਵੱਲੋਂ ਲੰਡਨ ਹਵਾਈ ਹਮਲੇ ਦਾ ਡਰ ਤੇ ਲੰਡਨ ਤੋਂ ਜਰਮਨੀ ਨੂੰ ਹਵਾਈ ਹਮਲੇ ਦਾ ਡਰ ਲੋਕਾਂ ਦੇ ਮਨਾਂ ਵਿਚ ਸੀ। ਫਰਾਂਸ ਅਤੇ ਜਰਮਨੀ ਦੇ ਬਾਰਡਰ ’ਤੇ ਲੜਾਈ ਹੋਰ ਵੀ ਤਿੱਖੀ ਹੋ ਗਈ ਸੀ। ਮੁਲਰ ਕੋਲ ਸਵਾਲ ਜਰਮਨੀ ਵਿਚੋਂ ਬਾਹਰ ਨਿਕਲਣ ਦਾ ਸੀ। ਹੁਣ ਉਹ ਇਕੱਲਾ ਨਹੀਂ ਸੀ ਦੋ ਬੱਚੇ ਅਤੇ ਇਕ ਔਰਤ ਅਤੇ ਨੋਹ ਵੀ ਨਾਲ ਸੀ। ਫਰਾਂਸ ਜਾਂ ਪੋਲੈਂਡ ਦਾ ਰਸਤਾ ਤਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ। ਇਕੋ ਇਕ ਰਾਹ ਆਸਟਰੀਆ ਵਾਲਾ ਬਾਕੀ ਸੀ। ਕਿਸੇ ਕਾਰਨ ਮੁਲਰ ਦਾ ਮਨ ਉਸ ਰਾਹ ਜਾਣ ਨੂੰ ਤਿਆਰ ਨਹੀਂ ਸੀ। ਸ਼ਇਦ ਇਸ ਲਈ ਕਿ ਜਰਮਨੀ ਅਤੇ ਆਸਟਰੀਆ ਦੇ ਸਬੰਧ ਬਹੁਤ ਚੰਗੇ ਸਨ। ਆਸਟਰੀਆ ਪਹੁੰਚ ਕੇ ਵੀ ਉਹਨਾਂ ਨੂੰ ਖਤਰਾ ਹੀ ਰਹਿਣਾ ਸੀ।

ਸੋਚ ਵਿਚਾਰ ਬਾਅਦ ਮੁਲਰ ਨੇ ਫਰੈਂਕਫਰਟ ਤੋਂ ਫਲਾਈਟ ਲੈ ਕੇ ਸਪੇਨ ਦੀ ਰਾਜਧਾਨੀ ਮੈਡਰਿਡ ਜਾਣ ਦਾ ਮਨ ਬਣਾਇਆ। ਜੇ ਉਹ ਜਰਮਨੀ ਦੀ ਇਮੀਗ੍ਰੇਸ਼ਨ ਵਿਚੋਂ ਲੰਘ ਗਏ ਤਾਂ ਫਿਰ ਕੋਈ ਖ਼ਤਰਾ ਨਹੀਂ ਸੀ । ਫਰੈਂਕਫਰਟ ਦਾ ਰਸਤਾ ਲੰਬਾ ਸੀ। ਸਾਰਾ ਦਿਨ ਲੱਗ ਜਾਣਾ ਸੀ। ਕਾਰ ਜਾਂ ਬੱਸ ’ਤੇ ਜਾਣ ਦਾ ਮਤਲਬ ਸੀ ਥਾਂ ਥਾਂ ਪੁਲੀਸ ਨਾਕਿਆਂ ’ਚੋਂ ਗੁਜ਼ਰਨਾ। ਇਹ ਉਹਨਾਂ ਵਾਸਤੇ ਸੁਖਾਵਾਂ ਨਹੀਂ ਸੀ ਹੁਣਾ। ਰੇਲ ਦਾ ਸਫ਼ਰ ਕੁਝ ਸੌਖਾ ਸੀ। ਫਰਸਟ ਕਲਾਸ ਵਿਚ ਸਫ਼ਰ ਕਰਦਿਆਂ ਨੋਹ ਨੂੰ ਬਿਜਨਸਮੈਨ ਕਿਹਾ ਜਾ ਸਕਦਾ ਸੀ। ਬਾਕੀ ਉਸ ਦਾ ਪਰਿਵਾਰ ਸੀ। ਮੁਲਰ ਉਸ ਨਾਲ ਮੈਨੇਜਰ ਵਜੋਂ ਸਫ਼ਰ ਕਰ ਸਕਦਾ ਸੀ।

ਫਰਸਟ ਕਲਾਸ ਦੀਆਂ ਟਿੱਕਟਾਂ ਲੈ ਕੇ ਉਹ ਟਰੇਨ ਵਿਚ ਬੈਠ ਗਏ। ਮੁਲਰ ਉਹਨਾਂ ਨਾਲ ਹੀ ਸਫ਼ਰ ਕਰ ਰਿਹਾ ਸੀ। ਫਰੈਡਰਿਕ ਨੂੰ ਉਸ ਨੇ ਸਟੇਸ਼ਨ ’ਤੇ ਵੀ ਨਹੀਂ ਲਿਆਂਦਾ ਸੀ। ਉਸ ਨੂੰ ਚਿੱਠੀ ਲਿਖ ਕੇ ਮੀਆ ਦਾ ਐਡਰੈਸ ਦੱਸ ਦਿੱਤਾ ਸੀ। ਉਸ ਨੇ ਚਿੱਠੀ ਉਦੋਂ ਮੀਆ ਨੂੰ ਦੇਣੀ ਸੀ ਜਦੋਂ ਉਹ ਸਪੇਨ ਦੀ ਰਾਜਧਾਨੀ ਮੈਡਰਿਡ ਪਹੁੰਚ ਜਾਣਗੇ ਤੇ ਮੁਲਰ ਨੇ ਉਸ ਨੂੰ ਫੋਨ ਕਰਨਾ ਸੀ।

ਇਸ ਗੱਡੀ ਨੇ ਬਹੁਤ ਘੱਟ ਥਾਂਵਾਂ ’ਤੇ ਰੁਕਣਾ ਸੀ। ਸੋ ਉਹਨਾਂ ਦੀ ਪੁੱਛਗਿੱਛ ਵੀ ਘੱਟ ਹੋਣੀ ਸੀ। ਨੋਹ ਪਹਿਲੇ ਦਿਨ ਨਾਲੋਂ ਕਿਤੇ ਵੱਧ ਸਵੈ-ਵਿਸ਼ਵਾਸ਼ ਨਾਲ ਭਰਿਆ ਹੋਇਆ ਸੀ। ਉਸ ਦੀ ਪਤਨੀ ਨੂੰ ਆਪਣੇ ਮਾਪਿਆਂ ਦਾ ਪਿੱਛੇ ਰਹਿ ਜਾਣਾ ਦੁਖਦਾਈ ਲੱਗ ਰਿਹਾ ਸੀ। ਕੁਝ ਦਿਨਾਂ ਵਿਚ ਉਸ ਨੇ ਵੀ ਸੱਚ ਨੂੰ ਮੰਨ ਲਿਆ ਸੀ। ਹੁਣ ਉਹ ਵੀ ਖੁਸ਼ ਸੀ। ਭਾਂਵੇ ਹਰ ਕਿਸੇ ਦੇ ਮਨ ਵਿਚ ਫੜੇ ਜਾਣ ਦਾ ਡਰ ਘਰ ਕਰੀ ਬੈਠਾ ਸੀ।

ਫਰੈਂਕਫਰਟ ਸਟੇਸ਼ਨ 'ਤੇ ਬਹੁਤ ਭੀੜ ਸੀ ਤੇ ਪੁਲੀਸ ਵੀ ਵੱਡੀ ਗਿਣਤੀ ਵਿਚ ਸੀ। ਮੁਲਰ ਨੇ ਕਿਸੇ ਨੂੰ ਪੁੱਛਿਆ ਤਾਂ ਉਸ ਨੂੰ ਪਤਾ ਲੱਗਾ ਕਿਸੇ ਨੇ ਪੁਲੀਸ ਅਫ਼ਸਰ ਨੂੰ ਕਤਲ ਕਰਨ ਦਾ ਯਤਨ ਕੀਤਾ ਸੀ। ਪੁਲੀਸ ਅਫ਼ਸਰ ਤਾਂ ਬਚ ਗਿਆ ਤੇ ਹਮਲਾਵਰ ਦੌੜ ਗਿਆ। ਪੁਲੀਸ ਆਪਣੀ ਕਾਰਵਾਈ ਕਰ ਰਹੀ ਸੀ। ਮੁਲਰ ਨੂੰ ਫਿਕਰ ਹੋਣਾ ਕੁਦਰਤੀ ਸੀ। ਉਹਨਾਂ ਨੇ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਪੁਲੀਸ ਹਰ ਕਿਸੇ ਨੂੰ ਬਹੁਤ ਗਹੁ ਨਾਲ ਚੈਕ ਕਰ ਰਹੀ ਸੀ। ਇਸੇ ਲਈ ਦੇਰ ਵੀ ਲੱਗ ਰਹੀ ਸੀ। ਜ਼ਿਆਦਾ ਦੇਰ ਸਟੇਸ਼ਨ 'ਤੇ ਖੜ੍ਹਨਾ ਖ਼ਤਰੇ ਤੋਂ ਖਾਲੀ ਨਹੀਂ ਸੀ।

ਮੁਲਰ ਸਾਰਿਆਂ ਦੇ ਪਾਸਪੋਰਟ ਤੇ ਏਅਰ ਟਿਕਟਾਂ ਲੈ ਕੇ ਕੋਨੇ ਵਿਚ ਖੜ੍ਹੇ ਇਕ ਅਫ਼ਸਰ ਕੋਲ ਚਲਾ ਗਿਆ।

"ਜਨਾਬ ਇਹਨਾਂ ਨੇ ਫਲਾਈਟ ਫੜਨੀ ਐ ਤੇ ਉਸ ਤੋਂ ਪਹਿਲਾਂ ਇਕ ਛੋਟੀ ਜਿਹੀ ਮੀਟਿੰਗ ਵੀ ਐ। ਜੇ ਤੁਸੀਂ ਮਿਹਰਬਾਨੀ ਕਰੋ ਤੇ ਸਾਨੂੰ ਲੰਘ ਜਾਣ ਦਿਉ। ਨਹੀਂ ਤਾਂ ਸ਼ਾਇਦ ਫਲਾਈਟ ਨਿਕਲ ਜਾਵੇ।" ਮੁਲਰ ਨੇ ਦੁਆ ਸਲਾਮ ਬਾਅਦ ਅਫ਼ਸਰ ਨੂੰ ਕਿਹਾ।

ਅਫ਼ਸਰ ਨੇ ਸਾਰਿਆਂ ਬਾਰੇ ਪੁੱਛਿਆ ਤੇ ਪਾਸਪੋਰਟ 'ਤੇ ਟਿਕਟਾਂ ਚੈਕ ਕੀਤੀਆਂ। ਮੁਲਰ ਜਰਮਨ ਭਾਸ਼ਾ ਵਿਚ ਜਵਾਬ ਦਿੰਦਾ ਰਿਹਾ। ਨੋਹ ਤੋਂ ਵੀ ਉਸ ਨੇ ਬਿਜਨਸ ਸਬੰਧੀ ਪੁੱਛ-ਗਿੱਛ ਕੀਤੀ। ਤਸੱਲੀ ਕਰ ਕੇ ਉਹ ਉਹਨਾਂ ਨੂੰ ਗੇਟ ਕੋਲ ਲੈ ਗਿਆ ਤੇ ਸਿਪਾਹੀ ਨੂੰ ਉਹਨਾਂ ਲਈ ਗੇਟ ਖੋਲ੍ਹਣ ਦਾ ਇਸ਼ਾਰਾ ਕਰ ਦਿੱਤਾ। ਉਹਨਾਂ ਸਾਰਿਆਂ ਦੇ ਦਿਲ ਧੜਕ ਰਹੇ ਸਨ।

ਉਹ ਟੈਕਸੀ ਲੈ ਕੇ ਏਅਰਪੋਰਟ 'ਤੇ ਚਲੇ ਗਏ। ਮੂਲਰ ਨੇ ਉਹਨਾਂ ਨੂੰ ਇਮੀਗ੍ਰੇਸ਼ਨ ਚੈਕ ਕਰਵਾ ਕੇ ਪਹਿਲਾਂ ਲੰਘ ਜਾਣ ਲਈ ਕਿਹਾ। ਉਸ ਨੇ ਉਹਨਾਂ ਨੂੰ ਸਾਰੀ ਸਕੀਮ ਸਮਝਾ ਦਿੱਤੀ ਸੀ। ਇਕ ਪਰਿਵਾਰ ਨਾਲ ਬਾਹਰਲੇ ਬੰਦੇ ਦਾ ਜਹਾਜ਼ ਵਿਚ ਸਫ਼ਰ ਕਰਨਾ ਸ਼ੱਕ ਵੀ ਪੈਦਾ ਕਰ ਸਕਦਾ ਸੀ ਤੇ ਬਹੁਤ ਸਾਰੇ ਸਵਾਲ ਵੀ। ਵੈਸੇ ਵੀ ਉਹ ਉਹਨਾਂ ਦੇ ਜਹਾਜ਼ ਚੜ੍ਹ ਜਾਣ ਦੀ ਤਸੱਲੀ ਕਰਨਾ ਚਾਹੁੰਦਾ ਸੀ।

ਨੋਹ ਦੇ ਪਰਿਵਾਰ ਦੀ ਪੁੱਛ-ਪੜਤਾਲ ਬਾਅਦ ਉਹਨਾਂ ਨੂੰ ਅੰਦਰ ਲੰਘ ਜਾਣ ਦਿੱਤਾ। ਉਹਨਾਂ ਦੀਆਂ ਅੱਖਾਂ ਚਾਰ ਹੋਈਆਂ। ਬਿਨਾਂ ਕੋਈ ਪ੍ਰਭਾਵ ਦਿੱਤਿਆਂ ਉਹ ਆਪਣੇ ਰਾਹ ਪੈ ਗਏ।

ਕੁਝ ਦੇਰ ਬਾਅਦ ਮੂਲਰ ਨੇ ਆਪਣਾ ਬੈਗ ਲਿਆ ਤੇ ਦੂਜੇ ਇਮੀਗ੍ਰੇਸ਼ਨ ਅਫ਼ਸਰ ਅੱਗੇ ਪਾਸਪੋਰਟ ਜਾ ਰੱਖਿਆ। ਜਦ ਮੁਲਰ ਦਾ ਪਾਸਪੋਰਟ ਚੈਕ ਕਰਕੇ ਉਸ ਨੇ ਫੜਾਇਆ ਤੇ ਮੁਲਰ ਬੈਗ ਚੁੱਕ ਕੇ ਅੱਗੇ ਤੁਰਨ ਲੱਗਾ ਤਾਂ ਉਸ ਦੇ ਮੋਢੇ 'ਤੇ ਕਿਸੇ ਦਾ ਭਾਰੀ ਹੱਥ ਆ ਪਿਆ। ਮੂਲਰ ਨੇ ਪਿੱਛੇ ਮੁੜ ਕੇ ਵੇਖਿਆ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ। ਇਕ ਵਾਰ ਉਸ ਦਾ ਸਰੀਰ ਜਿਵੇਂ ਠੰਡਾ ਹੋ ਗਿਆ ਸੀ।

ਮੁਲਰ ਨੇ ਨੋਹ ਤੇ ਉਸ ਦੀ ਫੈਮਲੀ ਬਾਰੇ ਸੋਚਿਆ। ਉਸ ਦੇ ਚਿਹਰੇ 'ਤੇ ਮੁਸਕਾਨ ਆ ਗਈ।

51

ਜਹਾਜ਼ ਦੀ ਉਡਾਨ ਤਿਆਰ ਸੀ ਤੇ ਦਰਵਾਜ਼ੇ ਬੰਦ ਕੀਤੇ ਜਾ ਚੁੱਕੇ ਸਨ। ਨੋਹ ਦੀਆਂ ਨਜ਼ਰਾਂ ਮੁਲਰ ਦੇ ਆਉਣ ਦਾ ਇੰਤਜ਼ਾਰ ਕਰਦੀਆਂ ਦਰਵਾਜ਼ੇ 'ਤੇ ਲੱਗੀਆਂ ਹੋਈਆਂ ਸਨ। ਅਜੇ ਵੀ ਉਸ ਨੂੰ ਉਮੀਦ ਸੀ ਮੁਲਰ ਜ਼ਰੂਰ ਆ ਜਾਵੇਗਾ। ਜਹਾਜ਼ ਨੇ ਟਾਰਮਿਕ 'ਤੇ ਸਰਕਣਾ ਸ਼ੁਰੂ ਕੀਤਾ ਤਾਂ ਨੋਹ ਨੇ ਆਪਣੀ ਪਤਨੀ ਡੈਨੀਲਾ ਵੱਲ ਉਦਾਸੀ ਨਾਲ ਵੇਖਿਆ। ਉਹਨਾਂ ਦੀਆਂ ਅੱਖਾਂ ਵਿਚ ਉਦਾਸੀ ਤੇ ਪਛਤਾਵੇ ਦੀ ਝਲਕ ਸੀ।

ਜਹਾਜ਼ ਉੱਡਿਆ ਤੇ ਹਵਾ ਵਿਚ ਉਡਾਨ ਭਰਨ ਲੱਗਾ। ਨੋਹ ਦੇ ਮਨ ਵਿਚ ਮੁਲਰ ਦੀਆਂ ਦੱਸੀਆਂ ਗੱਲਾਂ ਘੁੰਮਣ ਲੱਗੀਆਂ।

'ਹੋਟਲ ਵਿਚ ਪਹੁੰਚ ਕੇ ਹੈਰਿਸ ਨੂੰ ਫੋਨ ਕਰ ਦੇਵੀਂ। ਕੁਝ ਵੀ ਕਹਿਣ ਦੀ ਲੋੜ ਨਹੀਂ। ਸਿਰਫ ਆਪਣੇ ਹੋਟਲ ਦਾ ਐਡਰੈਸ ਦੇ ਦੇਵੀਂ। ਹੈਰਿਸ ਤੁਹਾਡੇ ਲਈ ਬ੍ਰਿਟਿਸ਼ ਪਾਸਪੋਰਟ ਲੈ ਕੇ ਆ ਜਾਵੇਗਾ ਜਾਂ ਕਿਸੇ ਨੂੰ ਭੇਜ ਦੇਵੇਗਾ। ਇਹਨਾਂ ਪਾਸਪੋਰਟਾਂ ਨੂੰ ਤੁਸੀਂ ਪਾੜ ਦੇਣਾ। ਗੱਲ ਕੀ ਇਹਨਾਂ ਦਾ ਮੁੱਦਾ ਖਤਮ ਕਰ ਦੇਣਾ।'

ਫਲਾਈਟ ਆਪਣੀ ਰਫ਼ਤਾਰ ਨਾਲ ਜਾ ਰਹੀ ਸੀ ਪਰ ਨੋਹ ਨੂੰ ਲਗਦਾ ਸੀ ਜਿਵੇਂ ਬਹੁਤ ਹੌਲੀ ਜਾ ਰਹੀ ਹੋਵੇ। ਉਸ ਦਾ ਸਾਰੇ ਰਾਹ ਕਿਸੇ ਨਾਲ ਗੱਲ ਕਰਨ ਨੂੰ ਦਿਲ ਨਾ ਕੀਤਾ। ਉਸ ਨੂੰ ਯਕੀਨ ਸੀ ਮੁਲਰ ਨਾਲ ਕੋਈ ਮਾੜੀ ਘਟਨਾ ਵਾਪਰ ਗਈ ਸੀ। ਨਹੀਂ ਤਾਂ ਮੁਲਰ ਨੇ ਜ਼ਰੂਰ ਜ਼ਹਾਜ਼ ਚੜ੍ਹ ਜਾਣਾ ਸੀ।

ਮੈਡਰਿਡ ਜਹਾਜ਼ ਉਤਰਿਆ ਤਾਂ ਉਹਨਾਂ ਨੇ ਆਪਣੇ ਪਾਸਪੋਰਟ ਦਿਖਾਏ ਤੇ ਆਮ ਜਿਹੀ ਪੁੱਛ-ਗਿੱਛ ਬਾਅਦ ਉਹਨਾਂ ਨੂੰ ਬਾਹਰ ਨਿਕਲਣ ਦੇ ਦਿੱਤਾ। ਉਹ ਟੈਕਸੀ ਲੈ ਕੇ ਹੋਟਲ ਨੂੰ ਚਲੇ ਗਏ। ਹੋਟਲ ਪਹੁੰਚ ਕੇ ਉਹਨਾਂ ਨੇ ਹੈਰਿਸ ਨੂੰ ਫੋਨ ਕੀਤਾ। ਮੂਲਰ ਦੇ ਕਹੇ ਅਨੁਸਾਰ ਉਹਨਾਂ ਨੇ ਹੋਟਲ ਦਾ ਐਡਰਿਸ ਉਸ ਨੂੰ ਦੇ ਦਿਤਾ ।

"ਤੁਸੀਂ ਚਾਰੇ ਈ ਆਂ ਜਾਂ ਕੋਈ ਹੋਰ ਵੀ ਐ।"

ਹੈਰਿਸ ਨੂੰ ਪਹਿਲਾਂ ਹੀ ਸ਼ੱਕ ਹੋ ਗਿਆ ਸੀ ਕਿ ਨੋਹ ਨੇ ਫ਼ੋਨ ਕੀਤਾ ਸੀ ਤਾਂ ਨਿੱਕ ਨਾਲ ਕੁਝ ਮਾੜਾ ਵਾਪਰ ਗਿਆ ਸੀ। ਪਰ ਉਸ ਨੇ ਅੱਗੇ ਕੋਈ ਗੱਲ ਨਾ ਕੀਤੀ।

ਤੀਜੇ ਦਿਨ ਹੈਰਿਸ ਪਹੁੰਚ ਗਿਆ। ਉਹਨਾਂ ਦੀ ਮਿਲਣੀ ਦੀ ਖੁਸ਼ੀ ਵਿਚ ਨਿੱਕ ਦਾ ਨਾ ਹੋਣਾ ਦੁਖਦਾਈ ਲੱਗ ਰਿਹਾ ਸੀ। ਨੋਹ ਨੇ ਹੈਰਿਸ ਨੂੰ ਸਾਰੀ ਵਿਥਿਆ ਸੁਣਾਈ।

"ਰੱਬ ਉਹਦਾ ਭਲਾ ਕਰੇ। ਜੇ ਉਹ ਪੁਲੀਸ ਦੇ ਹੱਥ ਆ ਗਿਆ ਹੋਇਆ ਤਾਂ ਪਤਾ ਨੀ ਵਿਚਾਰੇ ਨਾਲ ਕੀ ਬੀਤੇਗੀ!" ਨੋਹ ਨੇ ਹਉਕਾ ਲੈਂਦਿਆਂ ਕਿਹਾ। ਸਾਰੇ ਚੁੱਪ ਸਨ।

ਅਗਲੇ ਦਿਨ ਉਹ ਲੰਡਨ ਨੂੰ ਰਵਾਨਾ ਹੋ ਗਏ।

ਲੰਡਨ ਪਹੁੰਚੇ ਤਾਂ ਨੋਹ ਨੂੰ ਆਪਣੇ ਪਿਉ ਨੂੰ ਮਿਲਣ ਦੀ ਕਾਹਲੀ ਸੀ। ਹੈਰਿਸ ਨੂੰ ਉਸ ਦਾ ਡਰਾਇਵਰ ਲੈਣ ਆਇਆ ਸੀ। ਜੈਕ ਜਿਊ ਵੀ ਆਪਣੇ ਡਰਾਇਵਰ ਨਾਲ ਆਇਆ ਸੀ। ਉਸ ਦੇ ਮਨ ਤੋਂ ਜਿਵੇਂ ਸਾਰਾ ਹੀ ਭਾਰ ਲਹਿ ਗਿਆ ਸੀ। ਹੈਰਿਸ ਨੇ ਉਹਨਾਂ ਨੂੰ ਆਪਣੇ ਘਰ ਚਾਹ ਪਾਣੀ ਪੀ ਕੇ ਜਾਣ ਦਾ ਸੁਝਾਅ ਦਿੱਤਾ। ਉਹ ਸਾਰੇ ਹੈਰਿਸ ਦੇ ਘਰ ਨੂੰ ਚੱਲ ਪਏ। ਰਾਹ ਵਿਚ ਨੋਹ ਬਾਹਰ ਸੜਕਾਂ ਤੇ ਫੁੱਟਪਾਥ ਵੇਖ ਰਿਹਾ ਸੀ। ਉਸ ਨੂੰ ਕੁਝ ਵੱਖਰਾ ਲੱਗ ਰਿਹਾ ਸੀ। ਲੋਕਾਂ ਦੇ ਮੂੰਹਾਂ 'ਤੇ ਰੌਣਕ ਤਾਂ ਹੋ ਹੀ ਨਹੀਂ ਸਕਦੀ ਸੀ। ਕੁਝ ਹੋਰ ਵੀ ਉਸ ਨੂੰ ਵੱਖਰਾ ਲੱਗਾ। ਕੀ? ਉਸ ਦੀ ਸਮਝ ਵਿਚ ਨਹੀਂ ਆ ਰਿਹਾ ਸੀ।

ਘਰ ਪਹੁੰਚੇ ਤਾਂ ਹੈਰਿਸ ਦੇ ਕੁੱਤੇ ਅਤੇ ਕਤੂਰੇ ਉਹਨਾਂ ਦਾ ਸਵਾਗਤ ਕਰਦੇ ਭੌਂਕਣ ਲੱਗੇ। ਕਤੂਰੇ ਵੇਖ ਕੇ ਨੋਹ ਨੂੰ ਅਚਾਨਕ ਖਿਆਲ ਆਇਆ ਕਿ ਕੀ ਵੱਖਰਾ ਸੀ।

"ਹੈਰਿਸ, ਸ਼ਹਿਰ ਵਿਚ ਕੋਈ ਬੱਚਾ ਨਹੀਂ ਦਿਸਦਾ ਕਿਧਰੇ, ਸਕੂਲ ਵੀ ਬੰਦ ਪਏ ਐ। ਇਹ ਕੀ ਮਾਜਰਾ ਐ?"

"ਲੜਾਈ ਸ਼ੁਰੂ ਹੋਈ ਤਾਂ ਸਰਕਾਰ ਨੂੰ ਖ਼ਤਰਾ ਸੀ ਜਰਮਨੀ ਦੇ ਜਹਾਜ਼ ਬੰਬ ਸੁੱਟਣਗੇ। ਲੰਡਨ ਵਿਚੋਂ ਪੰਜ ਲੱਖ ਬੱਚੇ ਕੱਢ ਕੇ ਬਾਹਰ ਪੇਂਡੂ ਇਲਾਕਿਆਂ ਵਿਚ ਭੇਜ ਦਿੱਤੇ ਐ। ਲੰਡਨ ਤੋਂ ਹੀ ਨਹੀਂ ਬਾਕੀ ਵੱਡੇ ਸ਼ਹਿਰਾਂ ਤੋਂ ਵੀ। ਤਕਰੀਬਨ ਸਵਾ ਅੱਠ ਲੱਖ ਦੇ ਕਰੀਬ ਬੱਚੇ 'ਤੇ ਉਹਨਾਂ ਦੀ ਦੇਖ ਭਾਲ ਵਾਲਾ ਲੱਖ ਤੋਂ ਵੱਧ ਸਟਾਫ ਸ਼ਹਿਰਾਂ ਵਿਚੋਂ ਬਾਹਰ ਨਿਕਲ ਗਿਆ।" ਕਹਿੰਦਿਆਂ ਹੈਰਿਸ ਉਦਾਸ ਹੋ ਗਿਆ।

"ਇਹੋ ਨਹੀ ਪੰਜ ਲੱਖ ਤੋਂ ਵੀ ਵੱਧ ਸਕੂਲ ਦੀ ਉਮਰ ਤੋਂ ਛੋਟੇ ਬੱਚੇ ਤੇ ਉਹਨਾਂ ਦੀਆਂ ਮਾਵਾਂ ਵੀ ਸ਼ਹਿਰ ਛੱਡ ਗਏ ਐ।" ਜੈਕ ਜਿਊ ਨੇ ਗੱਲ ਵਿਚ ਵਾਧਾ ਕੀਤਾ।

"ਮੀਰੀਅਮ ਕਿਥੇ ਐ ਤੇ ਬੱਚੇ ਵੀ ਨੀ ਦਿਸਦੇ।" ਡੈਨੀਲਾ ਨੇ ਪੁੱਛਿਆ।

"ਉਹ ਵੀ ਸਵਿੰਡਨ ਚਲੇ ਗਏ ਐ ਲੀਅਮ ਕੋਲ। ਲੜਾਈ ਨੇ ਬੱਚਿਆਂ ਨੂੰ ਮਾਂ ਪਿਉ ਤੋਂ ਵੱਖ ਕਰ ਦਿੱਤਾ ਐ। ਮੀਰੀਅਮ ਉਥੇ ਈ ਰਹਿੰਦੀ ਐ। ਮੈਂ ਛੁੱਟੀ ਵਾਲੇ ਦਿਨ ਉਹਨਾਂ ਕੋਲ ਚਲਾ ਜਾਨਾ।"

"ਅਜੇ ਤੱਕ ਜਰਮਨੀ ਨੇ ਕੋਈ ਬੰਬ ਤਾਂ ਨੀਂ ਸੁਟਿਆ?" ਨੋਹ ਨੇ ਪੁੱਛਿਆ।

"ਉਹਨਾਂ ਨੇ ਕਿਹੜਾ ਬੰਬ ਪੁੱਛ ਕੇ ਸੁੱਟਣਾ! ਸਰਕਾਰ ਨੇ ਲੋਕਾਂ ਨੂੰ 'ਸ਼ੈਲਟਰ' ਵੰਡੇ ਐ। ਗਰੀਬ ਲੋਕਾਂ ਨੂੰ ਮੁਫ਼ਤ ਤੇ ਬਾਕੀਆਂ ਨੂੰ ਖਰੀਦਣੇ ਪਏ ਐ। ਧਰਤੀ ਵਿਚ ਤਿੰਨ ਫੁੱਟ ਟੋਇਆ ਪੁੱਟ ਕੇ ਇਹ ਲੋਹੇ ਦੇ ਬਣੇ ਸ਼ੈਲਟਰ ਨੂੰ ਵਿਚ ਖੜ੍ਹਾ ਕਰ ਦਿੰਦੇ ਐ ਤੇ ਉਪਰੋਂ ਮਿੱਟੀ ਨਾਲ ਢਕ ਦਿੰਦੇ ਐ। ਸਰਕਾਰ ਆਪਣੇ ਵੱਲੋਂ ਤਾਂ ਪੂਰੀ ਤਿਆਰੀ ਕਰੀ ਜਾਂਦੀ ਐ।" ਹੈਰਿਸ ਨੇ ਜਾਣਕਾਰੀ ਦਿੱਤੀ।

"ਵੈਸੇ ਤਾਂ 'ਏਅਰ ਰੇਡ ਸਾਇਰਨ ਬਗੈਰਾ' ਵੀ ਲੱਗੇ ਹੋਏ ਐ ਪਰ ਅਜੇ ਤੱਕ ਲੋੜ ਨਹੀਂ ਪਈ। ਕੁਝ ਲੋਕਾਂ ਦਾ ਵਿਚਾਰ ਐ ਜਰਮਨੀ ਦੇ ਜਹਾਜ਼ ਬੇਗੁਨਾਹ ਲੋਕਾਂ ਤੇ ਬੱਚਿਆਂ 'ਤੇ ਹਮਲਾ ਨਹੀਂ ਕਰਨਗੇ। ਪਰ ਕੀ ਪਤੈ?" ਜੈਕ ਜਿਊ ਨੇ ਕਿਹਾ।

"ਖਾਣ ਪੀਣ ਦੀਆਂ ਵਸਤਾਂ ਦੀ ਤਾਂ ਕੋਈ ਸਮੱਸਿਆ ਨਹੀਂ ਹੁਣੀ ਮੇਰੇ ਖਿਅਲਾ 'ਚ!"

"ਨੋਹ, ਸਭ ਤੋਂ ਪਹਿਲਾਂ ਤਾਂ ਪੈਟਰੋਲ ਰਾਸ਼ਨ 'ਤੇ ਮਿਲਣਾ ਸ਼ੁਰੂ ਹੋਇਆ। ਹੁਣ ਚਾਹ, ਘਿਉ, ਜੈਮ, ਬੇਕਨ, ਦੁੱਧ ਬਗੈਰਾ ਵੀ ਕਹਿੰਦੇ ਅਗਲੇ ਸਾਲ ਰਾਸ਼ਨ 'ਤੇ ਮਿਲਣ ਲੱਗ ਪੈਣਾ। ਲੜਾਈ ਨੇ ਆਪਣਾ ਰੰਗ ਤਾਂ ਵਿਖਾਉਣਾ ਹੀ ਹੋਇਆ।"

"ਜਰਮਨੀ ਦਾ ਹਾਲ ਕਿਹੋ ਜਿਹਾ ਐ? ਉਥੇ ਵੀ ਤੰਗੀ ਐ?" ਜੈਕ ਜਿਊ ਨੇ ਸਵਾਲ ਕੀਤਾ।

ਸੁਣ ਕੇ ਡੈਨੀਲਾ ਨੇ ਅੱਖਾਂ ਭਰ ਲਈਆਂ। ਉਹ ਉੱਠ ਕੇ ਕਮਰੇ ਵਿਚੋਂ ਬਾਹਰ ਚਲੀ ਗਈ। ਉਸ ਨੂੰ ਆਪਣੇ ਮਾਂ ਬਾਪ ਦੀ ਯਾਦ ਆ ਗਈ ਸੀ। ਹੁਣ ਉਹ ਤਾਂ ਬਿਲਕੁਲ ਸੁਰੱਖਿਅਤ ਸੀ ਪਰ ਉਹਦੇ ਮਾਂ ਬਾਪ ਨਾਲ ਪਤਾ ਨਹੀਂ ਕੀ ਨਿਬੜੇਗੀ? ਸਾਰੇ ਉਸ ਦਾ ਮਨ ਸਮਝਦੇ ਸਨ। ਜੈਕ ਜਿਊ ਨੇ ਬੱਚਿਆਂ ਦੇ ਸਿਰ 'ਤੇ ਪਿਆਰ ਨਾਲ ਹੱਥ ਫੇਰਿਆ। ਬੱਚੇ ਹੈਰਾਨੀ ਜਿਹੀ ਨਾਲ ਬੈਠੇ ਕੁਝ ਕੁਝ ਸਮਝਣ ਦਾ ਯਤਨ ਕਰ ਰਹੇ ਸਨ।

"ਜਰਮਨੀ ਦੀ ਹਾਲਤ ਤਾਂ ਹੋਰ ਵੀ ਮਾੜੀ ਹੋਵੇਗੀ। ਅਸੀਂ ਤਾਂ ਜਿਵੇਂ ਕੈਦ ਵਿਚੋਂ ਛੁੱਟ ਕੇ ਆਏ ਆਂ।" ਨੋਹ ਨੇ ਸਾਰੀ ਕਹਾਣੀ ਸੁਣਾਈ।

ਸੁਣ ਕੇ ਹੈਰਿਸ ਦੀਆਂ ਅੱਖਾਂ ਅੱਗੇ ਨਿੱਕ ਦਾ ਚਿਹਰਾ ਸਾਕਾਰ ਹੋ ਗਿਆ। ਉਹ ਉਸ ਦੇ ਹੌਸਲੇ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕਿਆ। ਉਸ ਨੂੰ ਨਿੱਕ ਨਾਲ ਹਮਦਰਦੀ ਸੀ।

"ਵਿਚਾਰਾ ਪਤਾ ਨਹੀਂ ਕਿਸ ਮੁਸੀਬਤ ਵਿਚ ਫਸ ਗਿਆ ਹੋਣਾ। ਰੱਬ ਉਹਦੀ ਮਦਦ ਕਰੇ।" ਉਹ ਭਾਂਵੇਂ ਖਾਸ ਧਾਰਮਿਕ ਆਦਮੀ ਨਹੀਂ ਸੀ। ਫਿਰ ਵੀ ਉਸ ਨੇ ਕਰਾਸ ਦਾ ਨਿਸ਼ਾਨ ਬਣਾਇਆ।

## 52

ਨੋਹ ਦੇ ਪਰਿਵਾਰ ਦੇ ਬਚ ਕੇ ਨਿਕਲ ਜਾਣ ਬਾਅਦ ਪੁਲੀਸ ਨੇ ਫੌਰਨ ਉਹਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰਨੀ ਹੀ ਸੀ। ਪੁਲੀਸ ਕੋਲ ਕਾਰ ਦੀ ਨਿਸ਼ਾਨੀ ਸੀ। ਪਰ ਕਾਰ ਦਾ ਇਕ ਚੁਰਸਤੇ ਤੋਂ ਅੱਗੇ ਜਾ ਕੇ ਕੋਈ ਸੁਰਾਗ ਨਹੀਂ ਸੀ ਮਿਲ ਰਿਹਾ ਕਿ ਕਿਸ ਦਿਸ਼ਾ ਵਿਚ ਗਈ। ਪੁਲੀਸ ਦੀ ਕੋਸ਼ਿਸ਼ ਜਾਰੀ ਸੀ।

ਮੁਲਰ ਨੇ ਕਾਰ ਨੂੰ ਫਾਰਮ ਹਾਊਸ ਵਿਚ ਲਿਜਾ ਕੇ ਗੈਰਜ ਵਿਚ ਖੜ੍ਹੀ ਕਰ ਕੇ ਢਕ ਦਿੱਤੀ ਸੀ। ਫਰੈਡਰਿਕ ਨੂੰ ਉਸ ਨੇ ਕਾਰ ਨੂੰ ਦੋ ਚਾਰ ਮਹੀਨੇ ਬਾਅਦ ਕਿਸੇ ਦੂਰ ਨੇੜੇ ਦੇ ਸ਼ਹਿਰ ਵੇਚਣ ਦੀ ਸਲਾਹ ਦਿੱਤੀ ਸੀ। ਫਰੈਡਰਿਕ ਤਾਂ ਹੋਰ ਰਾਹ ਲੈ ਕੇ ਸਮੇਂ ਸਿਰ ਘਰ ਪਹੁੰਚ ਗਿਆ ਸੀ। ਉਸ ਦਾ ਰੁਟੀਨ ਆਮ ਵਰਗਾ ਹੀ ਚੱਲ ਰਿਹਾ ਸੀ।

ਹਫ਼ਤੇ ਕੁ ਬਾਅਦ ਜਿਸ ਦਿਨ ਮੁਲਰ, ਨੋਹ ਦੇ ਪਰਿਵਾਰ ਨਾਲ ਫਰੈਂਕਫਰਟ ਨੂੰ ਚਲਾ ਗਿਆ, ਉਸ ਦਿਨ ਪੁਲੀਸ ਨੇ ਫਾਰਮ ਹਾਊਸ 'ਤੇ ਆ ਛਾਪਾ ਮਾਰਿਆ। ਫਾਰਮ ਹਾਊਸ ਦੇ ਮਾਲਕ ਬਾਰੇ 'ਸਰਕਾਰ ਵਿਰੋਧੀ' ਹੋਣ ਬਾਰੇ ਕਿਸੇ ਨੇ ਸ਼ਕਾਇਤ ਕੀਤੀ ਸੀ। ਪੁਲੀਸ ਉਸ ਬਾਰੇ ਹੀ ਪੁੱਛ-ਗਿੱਛ ਕਰਨ ਲਈ ਉਸ ਨੂੰ ਫੜਨ ਆਈ ਸੀ। ਤਲਾਸ਼ੀ ਹੋਈ ਤਾਂ ਕਾਰ ਬਰਾਮਦ ਹੋ ਗਈ। ਹੁਣ ਪੁਲੀਸ ਨੋਹ ਅਤੇ ਮੁਲਰ ਬਾਰੇ ਪੜਤਾਲ ਕਰਨ ਲੱਗੀ। ਕੁਝ ਕੁ ਸਖ਼ਤੀ ਬਾਅਦ ਹੀ ਉਹਨਾਂ ਦਾ ਫਰੈਂਕਫਰਟ ਜਾਣ ਦਾ ਪਤਾ ਲੱਗ ਗਿਆ ਤਾਂ ਪੁਲੀਸ ਨੇ ਉਥੋਂ ਦੇ ਰੇਲਵੇ ਸਟੇਸ਼ਨ 'ਤੇ ਤਾਇਨਾਤ ਪੁਲੀਸ ਅਫ਼ਸਰ ਨੂੰ ਫੋਨ ਕਰਕੇ ਜਾਣਕਾਰੀ ਮੰਗੀ। ਅਫ਼ਸਰ ਦੇ ਖਿਆਲ ਵਿਚ ਇਕਦਮ ਮੁਲਰ ਅਤੇ ਨੋਹ ਦਾ ਪਰਿਵਾਰ ਆ ਗਿਆ ਜਿਹਨਾਂ ਨੂੰ ਉਸ ਨੇ ਏਅਰਪੋਰਟ 'ਤੇ ਜਾਣ ਕਰਕੇ ਆਪ ਬਾਹਰ ਲੰਘਇਆ ਸੀ। ਬਿਨਾਂ ਦੇਰੀ ਦੋ ਸਿਪਾਹੀਆਂ ਨੂੰ ਨਾਲ ਲੈ ਕੇ ਅਫ਼ਸਰ ਏਅਰਪੋਰਟ ਨੂੰ ਚੱਲ ਪਿਆ। ਉਥੇ ਜੇ ਹੋਰ ਲੋੜ ਪੈਂਦੀ ਤਾਂ ਏਅਰਪੋਰਟ 'ਤੇ ਬਥੇਰੀ ਪੁਲੀਸ ਸੀ। ਉਸ ਨੇ ਮੁਲਰ ਨੂੰ ਇਮੀਗ੍ਰੇਸ਼ਨ ਅਫ਼ਸਰ ਕੋਲ ਖੜ੍ਹਿਆਂ ਵੇਖਿਆ ਤੇ ਉਸ ਦੇ ਮੋਢੇ 'ਤੇ ਜਾ ਹੱਥ ਰੱਖਿਆ।

"ਤੂੰ ਇਕੱਲਾ ਬਾਕੀ ਕਿਥੇ ਐ?" ਅਫ਼ਸਰ ਨੇ ਖਰਵ੍ਹੀ ਆਵਾਜ਼ ਵਿਚ ਪੁੱਛਿਆ।

"ਸਰ ਉਹਨਾਂ ਦੀ ਮੀਟਿੰਗ ਸੀ। ਮੈਡਮ ਦਾ ਭਰਾ ਏਸੇ ਸ਼ਹਿਰ ਵਿਚ ਰਹਿੰਦਾ ਐ। ਉਹ ਉਨਾਂ ਨੂੰ ਕਾਰ ਵਿਚ ਲੈ ਗਿਆ ਸੀ। ਕਿਸੇ ਕਾਰਨ ਲੇਟ ਹੋ ਗਏ ਐ। ਆਏ ਨਹੀਂ ਅਜੇ। ਪਰ ਗੱਲ ਕੀ ਐ?" ਮੁਲਰ ਨੇ ਆਪਣੇ ਆਪ ਨੂੰ ਸਾਂਵਾਂ ਰੱਖਣ ਦੀ ਕੋਸ਼ਿਸ਼ ਕੀਤੀ। ਵੈਸੇ ਉਸ ਨੂੰ ਪਤਾ ਸੀ ਹੁਣ ਪੁਲੀਸ ਤੋਂ ਉਸ ਦਾ ਬਚਣਾ ਸੰਭਵ ਨਹੀਂ ਸੀ।

ਅਫ਼ਸਰ ਨੇ ਇਮੀਗ੍ਰੇਸ਼ਨ ਅਫ਼ਸਰ ਤੋਂ ਕੁਝ ਸਵਾਲ ਪੁੱਛੇ ਤੇ ਉਸ ਨੂੰ ਕੁਝ ਪਤਾ ਹੀ ਨਹੀਂ ਸੀ। ਉਹਨਾਂ ਨੂੰ ਦੂਸਰੇ ਅਧਿਕਾਰੀ ਨੇ ਚੈਕ ਇਨ ਕੀਤਾ ਸੀ। ਉਹ ਹੁਣ ਆਪਣੀ ਸੀਟ 'ਤੇ ਨਹੀਂ ਸੀ। ਪੁਲੀਸ ਅਧਿਕਾਰੀ ਨੇ ਯਾਤਰੀਆਂ ਦੀ ਲਿਸਟ ਮੰਗੀ। ਇਮੀਗਰੇਸ਼ਨ ਅਫ਼ਸਰ ਲਿਸਟ ਦਫ਼ਤਰ ਵਿਚੋਂ ਲੈਣ ਚਲਾ ਗਿਆ। ਮੁਲਰ ਦਾ ਸਾਰਾ ਧਿਆਨ ਜਹਾਜ਼ ਵੱਲ ਲੱਗਾ ਹੋਇਆ ਸੀ। ਚਾਰ ਪੰਜ ਜਹਾਜ਼ ਖੜ੍ਹੇ ਦਿਸ ਰਹੇ ਸਨ। ਫਿਰ ਇਕ ਜਹਾਜ਼ ਸਰਕਿਆ। ਮੁਲਰ ਨੇ ਪੁਲੀਸ ਅਫ਼ਸਰ ਵੱਲ ਵੇਖਿਆ। ਉਹ ਲਿਸਟ 'ਤੇ ਨਜ਼ਰ ਮਾਰ ਰਿਹਾ ਸੀ।

"ਕੀ ਨਾਂ ਸੀ ਉਹਨਾਂ ਦਾ?" ਉਹ ਘੁਰਕਿਆ।

ਜਹਾਜ਼ ਉਡਾਣ ਲਈ ਤਿਆਰ ਹੋ ਰਿਹਾ ਸੀ। ਮੁਲਰ ਦੀ ਨਜ਼ਰ ਅੱਧੀ ਕੁ ਜਹਾਜ਼ ਵੱਲ ਤੇ ਅੱਧੀ ਕੁ ਅਫ਼ਸਰ ਵੱਲ ਸੀ।

"ਸਰ ਮੇਰਾ ਨਾ ਮੁਲਰ—।" ਤੇ ਉਹ ਆਪਣਾ ਐਡਰਸ ਦੱਸਣ ਲੱਗਾ।

ਜਹਾਜ਼ ਰਨ ਵੇਅ ਤੋਂ ਉੱਡ ਪਿਆ ਸੀ ਤੇ ਉਸ ਦਾ ਨੱਕ ਹਵਾ ਵਿਚ ਇੰਝ ਲਗ ਰਿਹਾ ਸੀ ਜਿਵੇਂ ਉਹ ਤਾਜ਼ੀ ਹਵਾ ਸੁੰਘਣ ਦਾ ਯਤਨ ਕਰ ਰਿਹਾ ਹੋਵੇ।"

"ਮੈਂ ਤੇਰੇ ਸਾਥੀਆਂ ਦਾ ਨਾਂ ਪੁੱਛਿਆ।" ਅਫ਼ਸਰ ਨੇ ਕਚੀਚੀ ਵਟਦਿਆਂ ਮੂਲਰ ਦੇ ਮੂੰਹ 'ਤੇ ਮੁੱਕਾ ਮਾਰਨ ਦੀ ਕੋਸ਼ਿਸ਼ ਕੀਤੀ ਪਰ ਮੁਲਰ ਪਿੱਛੇ ਨੂੰ ਉਲਰ ਗਿਆ ਤੇ ਮੁੱਕਾ ਉਹਦੀ ਛਾਤੀ ਵਿਚ ਲੱਗਾ।

"ਜਨਾਬ ਨਾਂ ਲਿਖੋ---।" ਤੇ ਮੁਲਰ ਨੇ ਉਹਨਾਂ ਦੇ ਮਿਲਦੇ-ਜੁਲਦੇ ਨਾਂ ਦੱਸ ਦਿੱਤੇ ਜਿਹੜੇ ਯਾਤਰੀ ਲਿਸਟ ਵਿਚ ਨਹੀਂ ਸਨ।

ਮੁਲਰ ਦਾ ਸਵੈ-ਵਿਸ਼ਵਾਸ਼ ਅਫ਼ਸਰ ਨੂੰ ਕੁਝ ਕੁ ਨਰਮ ਕਰ ਗਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਉਹ ਗਲਤ ਬੰਦੇ ਨੂੰ ਪਕੜ ਰਿਹਾ ਹੋਵੇ। ਪਰ ਸਾਰੀਆਂ ਨਿਸ਼ਨੀਆਂ ਤੇ ਜਾਣਕਾਰੀ ਮੁਲਰ 'ਤੇ ਆ ਕੇ ਰੁਕ ਜਾਂਦੀ ਸੀ।

"ਤਲਾਸ਼ੀ।"

ਸਿਪਾਹੀਆਂ ਨੇ ਜਲਦੀ ਨਾਲ ਮੁਲਰ ਦੀ ਜਾਮਾ ਤਲਾਸ਼ੀ ਲਈ ਤੇ ਇਕ ਨੇ ਉਸ ਦਾ ਬੈਗ ਚੈਕ ਕੀਤਾ। ਕੋਈ ਇਤਰਾਜ਼ ਯੋਗ ਚੀਜ਼ ਨਾ ਮਿਲੀ ਤਾਂ ਮੁਲਰ ਅੰਦਰੇ ਅੰਦਰ ਮੁਸਕਰਾਇਆ। ਉਸ ਨੂੰ ਕਾਰ ਦੀ ਪਿਛਲੀ ਸੀਟ 'ਤੇ ਦੋਂਹ ਸਿਪਾਹੀਆਂ ਵਿਚਕਾਰ ਬਿਠਾ ਲਿਆ ਤੇ ਅਫ਼ਸਰ ਅਗਲੀ ਸੀਟ 'ਤੇ ਬੈਠ ਗਿਆ। ਗੱਡੀ ਸ਼ਹਿਰ ਨੂੰ ਚੱਲ ਪਈ।

ਕਾਰ ਸ਼ਹਿਰ ਵਿਚ ਪਹੁੰਚੀ ਤਾਂ ਟ੍ਰੈਫਿਕ ਵਿਚ ਹੌਲੀ ਹੋ ਗਈ। ਮੁਲਰ ਨੇ ਸਿਪਾਹੀ ਨੂੰ ਮੁਸਕਰਾਹਟ ਦਿੱਤੀ ਪਰ ਉਸ ਨੇ ਆਪਣਾ ਮੂੰਹ ਦੂਜੇ ਪਾਸੇ ਨੂੰ ਘੁਮਾ ਲਿਆ। ਕਾਰ ਹੋਰ ਵੀ ਹੌਲੀ ਹੋ ਗਈ। ਘੋੜੇ, ਘੋੜ-ਗੱਡੀਆਂ, ਸਾਇਕਲ, ਟ੍ਰਾਮਾਂ, ਪੈਦਲ ਤੇ ਹੋਰ ਕਾਰਾਂ ਦਾ ਜਮਘਟਾ ਸੀ। ਸਿਪਾਹੀ ਬਾਹਰ ਭੀੜ ਭੜੱਕੇ ਨੂੰ ਵੇਖ ਰਿਹਾ ਸੀ। ਮੁਲਰ ਨੇ ਅਚਨਚੇਤ ਕਾਰ ਦਾ ਦਰਵਾਜ਼ਾ ਖੋਲ੍ਹਿਆ ਤੇ ਮਾੜਚੂ ਜਿਹੇ ਸਿਪਾਹੀ ਨੂੰ ਬਾਹਰ ਧੱਕਾ ਦੇ ਦਿੱਤਾ। ਸੜਕ 'ਤੇ ਡਿਗਦਿਆਂ ਹੀ ਘੋੜਾ ਗੱਡੀ ਉਸ ਦੀਆਂ ਲੱਤਾਂ ਤੋਂ ਦੀ ਲੰਘ ਗਈ ਸੀ। ਦੂਜੇ ਸਿਪਾਹੀ ਦੇ ਮੂੰਹ 'ਤੇ ਜ਼ੋਰ ਦਾ ਘਸੁੰਨ ਜੜਦਿਆਂ ਉਹ ਬਾਹਰ ਛਾਲ ਮਾਰ ਗਿਆ। ਅਫ਼ਸਰ ਨੇ ਫ਼ਾਇਰ ਕੀਤਾ ਪਰ ਉਹ ਵਾਹਨਾਂ ਦੇ ਜਮ-ਘਟੇ ਵਿਚ ਸੜਕ ਪਾਰ ਕਰ ਗਿਆ ਸੀ। ਅਫ਼ਸਰ ਬਾਹਰ ਨਿਕਲਿਆ ਤੇ ਸਿਪਾਹੀ ਵੀ ਸੰਭਲ ਗਿਆ ਸੀ। ਉਹ ਉਸ ਦੇ ਪਿੱਛੇ ਭੱਜੇ। ਮੁਲਰ ਲੋਕਾਂ ਵਿਚ ਪਤਾ ਨਹੀਂ ਕਿਧਰ ਗੁਆਚ ਗਿਆ ਸੀ। ਅਫ਼ਸਰ ਗਾਹਲਾਂ ਕੱਢ ਰਿਹਾ ਸੀ। ਅਜਿਹਾ ਉਸ ਨਾਲ ਪਹਿਲੀ ਵਾਰ ਹੋਇਆ ਸੀ।

-----

ਮੁਲਰ ਨੇ ਸਭ ਤੋਂ ਪਹਿਲਾਂ ਨਾਈ ਦੀ ਦੁਕਾਨ ਲੱਭੀ। ਉਸ ਨੇ ਆਪਣੇ ਸਿਰ ਦੇ ਵਾਲ ਬਿਲਕੁਲ ਨਿੱਕੇ ਨਿੱਕੇ ਕਟਵਾ ਲਏ ਤੇ ਦਾੜ੍ਹੀ ਸ਼ੇਵ ਕਰਵਾ ਦਿੱਤੀ। ਉਸ ਨੇ ਆਪਣਾ ਮੂੰਹ ਸ਼ੀਸੇ ਵਿਚ ਵੇਖਿਆ। ਇਕ ਵਾਰ ਤਾਂ ਉਸ ਨੂੰ ਆਪਣਾ ਆਪ ਓਪਰਾ ਜਿਹਾ ਲੱਗਾ।

ਉਸ ਕੋਲ ਨਾ ਤਾਂ ਪਾਸਪੋਰਟ ਸੀ ਤੇ ਨਾ ਹੀ ਸ਼ਨਾਖਤੀ ਕਾਰਡ। ਇਹ ਸਭ ਤਾਂ ਉਸ ਦੇ ਬੈਗ ਵਿਚ ਰਹਿ ਗਿਆ ਸੀ ਤੇ ਪਾਸਪੋਰਟ ਅਫ਼ਸਰ ਨੇ ਕੋਲ ਰੱਖ ਲਿਆ ਸੀ। ਸ਼ਨਾਖਤ ਬਿਨਾਂ ਉਸ ਨੂੰ ਕਿਸੇ ਹੋਟਲ ਵਿਚ ਕਮਰਾ ਮਿਲਣਾ ਅਸੰਭਵ ਸੀ। ਵੈਸੇ ਵੀ ਉਹ ਹੁਣ ਮੂੱਲਰ ਦਾ ਨਾਂ ਵਰਤ ਹੀ ਨਹੀਂ ਸੀ ਸਕਦਾ। ਪੈਸੇ ਉਸ ਕੋਲ ਕੁਝ ਕੁ ਜੇਬ ਵਿਚ ਹੀ ਸਨ ਜੋ ਬਹੁਤੇ ਨਹੀਂ ਸਨ। ਪਰ ਉਸ ਦੀ ਜੈਕਟ ਦੇ ਅੰਦਰ ਉਸ ਨੇ ਪੈਸੇ ਸਿਉਂਤੇ ਹੋਏ ਸਨ। ਉਸ ਸਾਹਮਣੇ ਬੇਗਾਨੇ ਮੁਲਕ ਵਿਚ ਨਕਲੀ ਪਾਸਪੋਰਟ ਖਰੀਦਣ ਦੀ ਮੁਸ਼ਕਲ ਵੀ ਸੀ।

ਉਹ ਤੁਰਦਾ ਫਿਰਦਾ ਇਕ ਸਕੁਐਰ ਕੋਲ ਪਹੁੰਚ ਗਿਆ। ਉਸ ਦੇ ਇਕ ਸਿਰੇ 'ਤੇ ਚਰਚ ਸੀ। ਉਹ ਚਰਚ ਵਿਚ ਚਲਾ ਗਿਆ। ਇਸ ਸਮੇਂ ਸ਼ਾਇਦ ਇਸ ਤੋਂ ਸੁਰੱਖਿਅਤ ਥਾਂ ਉਸ ਨੂੰ ਹੋਰ ਕੋਈ ਨਹੀਂ ਸੀ ਸੁੱਝੀ। ਉਸ ਦੇ ਬਦਲੇ ਮੁਹਾਂਦਰੇ ਨਾਲ ਤਾਂ ਇਹ ਹੋਰ ਵੀ ਸੁਰੱਖਿਅਤ ਲਗਦੀ ਸੀ। ਉਹ ਦੇਰ ਤੱਕ ਬੈਠਾ ਸਕੁਐਰ ਵਿਚ ਆਉਂਦੇ ਜਾਦੇ ਲੋਕਾਂ ਵੱਲ ਵੇਖਦਾ ਰਿਹਾ। ਸਾਹਮਣੇ ਕੁਝ ਰੈਸਟੋਰੈਂਟ, ਵਾਈਨ ਬਾਰ, ਕੱਪੜਿਆਂ ਦੀ ਦੁਕਾਨ, ਕੈਫੇ ਆਦਿ ਸੀ। ਸ਼ਾਮ ਪੈ ਚੁੱਕੀ ਸੀ। ਮੁਲਰ ਮਰ ਗਿਆ ਸੀ। ਨਿੱਕ ਨੌਰਿਸ ਅਜੇ ਜੰਮ ਨਹੀਂ ਸੀ ਸਕਦਾ ਤੇ ਉਹ ਕੌਣ ਸੀ ਉਸ ਨੂੰ ਪਤਾ ਨਹੀਂ ਸੀ। ਇਹ ਹਾਲਤ ਸਭ ਤੋਂ ਵੱਧ ਖਤਰਨਾਕ ਸੀ। ਫਰੈਡਰਿਕ ਨੂੰ ਫ਼ੋਨ ਕਰਕੇ ਉਸ

ਦਾ ਪਤਾ ਲੈਣਾ ਚਾਹੁੰਦਾ ਹੋਇਆ ਵੀ ਉਹ ਅਜਿਹਾ ਕਰ ਨਹੀਂ ਸੀ ਸਕਦਾ। ਜੇ ਪੁਲੀਸ ਨੇ ਫਰੈਡਰਿਕ ਨੂੰ ਫੜ ਲਿਆ ਹੋਇਆ ਤਾਂ ਮੀਆ ਦੀ ਚਿੱਠੀ ਵੀ ਉਹਨਾਂ ਹੱਥ ਲੱਗ ਸਕਦੀ ਸੀ। ਭਾਂਵੇ ਫਰੈਡਰਿਕ ਨੇ ਉਹ ਚਿੱਠੀ ਘਰ ਰੱਖਣ ਦੀ ਥਾਂ ਕਿਧਰੇ ਹੋਰ ਲਕੋਈ ਹੋਈ ਸੀ ਤੇ ਨਿੱਕ ਨੂੰ ਇਸ ਦਾ ਪਤਾ ਸੀ। ਫਰੈਡਰਿਕ ਦੇ ਘਰ ਨੂੰ ਸੂਹੀਏ ਘੇਰ ਵੀ ਸਕਦੇ ਸਨ ਜੇ ਉਹਨਾਂ ਨੂੰ ਮੁਲਰ ਜਾਂ ਕਿਸੇ ਹੋਰ ਦੀ ਉਹਨਾਂ ਦੇ ਚੁੰਗਲ ਵਿਚ ਫਸ ਸਕਣ ਦੀ ਉਮੀਦ ਹੋਈ।

ਹਨ੍ਹੇਰਾ ਹੋ ਗਿਆ ਸੀ ਤੇ ਮੁਲਰ ਚਰਚ ਵਿਚੋਂ ਬਾਹਰ ਆਇਆ। ਉਸ ਨੇ ਚੌਕ ਵਿਚ ਚੱਕਰ ਲਾਇਆ। ਉਹਦੇ ਕੰਮ ਦੀ ਕੋਈ ਥਾਂ ਉਸ ਨੂੰ ਲੱਭੀ ਨਹੀਂ ਸੀ। ਉਹ ਵਾਈਨ ਬਾਰ ਵਿਚ ਚਲਾ ਗਿਆ। ਇਕ ਵਾਈਨ ਦਾ ਗਲਾਸ ਆਰਡਰ ਕੀਤਾ ਤੇ ਬਹਿਰਾ ਉਸ ਨੂੰ ਵਾਈਨ ਦੇ ਗਿਆ। ਬਿੱਲ ਵੇਖ ਕੇ ਖੁੱਲ੍ਹ-ਦਿਲੀ ਨਾਲ ਬਖਸ਼ੀਸ਼ ਬਹਿਰੇ ਨੂੰ ਦਿੰਦਿਆਂ ਉਸ ਨੇ ਪੁੱਛਿਆ—

“ਏਥੇ ਕੋਈ ਸੁਗਲ-ਮੇਲੇ ਵਾਲੀ ਥਾਂ ਨਹੀਂ ਐ? ਇੰਝ ਤਾਂ ਛੁੱਟੀਆਂ ਖਰਾਬ ਹੋ ਜਾਣਗੀਆਂ।” ਬਹਿਰਾ ਰੁਕਿਆ। ਬਾਰ ਵੱਲ ਵੇਖਿਆ ਤੇ ਮਾਲਕ ਦੇ ਇਸ਼ਾਰੇ ਨਾਲ ਕਹਿਣ ਲੱਗਾ-

“ਸਰ ਕਿਹੋ ਜਿਹੀ ਥਾਂ ਭਾਲਦੇ ਐਂ? ਜੇ ਜੂਆ ਖੇਡਣ ਨਾਲ ਮਨ ਬਹਿਲ ਸਕਦਾ ਤਾਂ ਨੇੜੇ ਈ ਹੈਗੀ ਆ ਇਕ ਥਾਂ।”

“ਬਹੁਤ ਵਧੀਆ। ਕਿਥੇ ਐ?”

ਬਹਿਰਾ ਉਸ ਦੇ ਅੱਗੇ ਤੁਰ ਪਿਆ। ਦੋ ਕੁ ਮੋੜ ਮੁੜ ਕੇ ਉਹ ਇਕ ਵੇਅਰਹਾਊਸ ਅੱਗੇ ਜਾ ਪਹੁੰਚੇ। ਬਹਿਰੇ ਨੇ ਧਿਆਨ ਨਾਲ ਵੇਖਿਆ। ਕੋਈ ਵੀ ਉਸ ਨੂੰ ਨਜ਼ਰ ਨਾ ਆਇਆ। ਉਹ ਵੇਅਰ ਹਾਊਸ ਵਿਚ ਪਹੁੰਚ ਗਏ। ਮੋਮਬੱਤੀ ਦੇ ਚਾਨਣ ਵਿਚ ਉਸ ਨੇ ਕੁਝ ਡੱਬੇ ਪਾਸੇ ਕੀਤੇ ਤੇ ਉਹਨਾਂ ਪਿੱਛੇ ਅੰਦਰ ਲੁਕੀਆਂ ਪੌੜੀਆਂ ਚੜ੍ਹ ਗਏ। ਸਭ ਖਿੜਕੀਆ ਬੰਦ ਸਨ। ਬਹਿਰੇ ਨੇ ਪਹਿਲਾਂ ਤਿੰਨ ਵਾਰ ਠੋਲਾ ਜਿਹਾ ਮਾਰਿਆ ਤੇ ਫਿਰ ਦੋ ਵਾਰ। ਦਰਵਾਜ਼ਾ ਖੁੱਲ੍ਹ ਗਿਆ ਮੁਲਰ ਅੰਦਰ ਚਲਾ ਗਿਆ। ਬਹਿਰਾ ਵਾਪਿਸ ਆ ਗਿਆ।

ਇਹ ਇਕ ਤਕਰੀਬਨ ਖਿੜਕੀਆਂ ਰਹਿਤ ਬੰਦ ਥਾਂ ਸੀ। ਪਿਛਲੇ ਪਾਸੇ ਲੁਕਵੀਆਂ ਪੌੜੀਆਂ ਉਤਰਦੀਆਂ ਸਨ। ਪੁਲੀਸ ਦੀ ਰੇਡ ਸਮੇਂ ਇਹਨਾਂ ਪੌੜੀਆਂ ਰਾਹੀਂ ਖਿਸਕਿਆ ਜਾ ਸਕਦਾ ਸੀ। ਗਿਣਤੀ ਦੇ ਲੋਕ ਹੀ ਬੈਠੇ ਸਨ। ਜਦ ਮੁਲਰ ਅੰਦਰ ਗਿਆ ਤਾਂ ਸਭ ਨੇ ਘੋਖਵੀਂ ਨਜ਼ਰ ਨਾਲ ਉਸ ਨੂੰ ਵੇਖਿਆ। ਮੁਲਰ ਨੇ ਡਰਿੰਕ ਦਾ ਆਰਡਰ ਦਿੱਤਾ ਤੇ ਸਹਿਜ ਨਾਲ ਅੰਦਾਜ਼ਾ ਲਗਾਉਣ ਲੱਗਾ। ਕੁਝ ਕੁ ਮਿੰਟਾਂ ਬਾਅਦ ਸਾਰੇ ਲੋਕ ਫਿਰ ਤੋਂ ਜੂਆ ਖੇਡਣ ਲੱਗੇ ਸਨ। ਮੁਲਰ ਨੇ ਅੰਦਾਜ਼ਾ ਲਗਾਇਆ ਉਥੇ ਜੂਏ ਤੋਂ ਬਿਨਾਂ ਬਾਕੀ ਵੀ ਗੈਰਕਨੂੰਨੀ ਕੰਮ ਜ਼ਰੂਰ ਹੁੰਦੇ ਹੋਣਗੇ। ਉਸ ਨੇ ਇਕ ਟੇਬਲ ’ਤੇ ਜਾ ਕੇ ਖੇਡਣ ਦੀ ਇੱਛਾ ਪ੍ਰਗਟ ਕੀਤੀ ਤੇ ਕੁਰਸੀ ’ਤੇ ਬੈਠ ਗਿਆ।

ਬਹੁਤੀ ਵੱਡੀ ਰਕਮ ਨਾਲ ਖੇਡਣ ਵਾਲੇ ਲੋਕ ਨਹੀਂ ਸਨ। ਮੁਲਰ ਨੂੰ ਓਨੀ ਕੁ ਰਕਮ ਹਾਰ ਕੇ ਵੀ ਕੋਈ ਖਾਸ ਫ਼ਰਕ ਨਹੀਂ ਸੀ ਪੈਣਾ। ਉਹ ਅੰਦਾਜ਼ਾ ਲਗਾ ਰਿਹਾ ਸੀ ਸ਼ਾਇਦ ਉਸ ਨੂੰ ਕੁਝ ਫਾਇਦਾ ਹੋ ਜਾਵੇ।

ਕਈ ਘੰਟੇ ਖੇਡ ਚਲਦੀ ਰਹੀ। ਮੁਲਰ ਨੂੰ ਆਪਣੇ ਨਾਲ ਬੈਠੇ ਆਦਮੀ ਦੀ ਆਰਥਿਕ ਹਾਲਤ ਪਤਲੀ ਹੋਣ ਦਾ ਸ਼ੰਕਾ ਪੈਦਾ ਹੋਇਆ। ਉਹ ਕਾਫੀ ਪੈਸੇ ਹਾਰ ਚੁੱਕਾ ਸੀ। ਮੁਲਰ ਉਸ ਨੂੰ ਖਾਲੀ ਕਰਨ ਲਈ ਆਪਣੀ ਖੇਡ ਖੇਲਣ ਲੱਗਾ। ਕੁਝ ਦੇਰ ਬਾਅਦ ਖੇਡ ਦੇ ਅੱਧ ਵਿਚਕਾਰ ਉਸ ਆਦਮੀ ਕੋਲ ਪੈਸੇ ਮੁੱਕ ਗਏ। ਸ਼ਾਇਦ ਉਸ ਕੋਲ ਪੱਤੇ ਚੰਗੇ ਸਨ ਤੇ ਉਹ ਖੇਡ ਵਿਚਕਾਰ ਛੱਡ ਕੇ ਜਾਣ ਨੂੰ ਤਿਆਰ ਨਹੀਂ ਸੀ।

“ਮਿੱਤਰ ਮੈਂ ਤੈਨੂੰ ਜਾਣਦਾ ਨਹੀਂ ਪਰ ਮੈਂ ਤੇਰੀ ਮਦਦ ਕਰਨ ਲਈ ਤਿਆਰ ਆਂ। ਤੂੰ ਕੱਲ੍ਹ ਮੈਨੂੰ ਪੈਸੇ ਵਾਪਿਸ ਕਰ ਦੇਵੇਂ ਤਾਂ ਮੈਂ ਤੇਰੀ ਹੁਣ ਮਦਦ ਕਰ ਸਕਦਾਂ।”

“ਮਿਹਰਬਾਨੀ ਕੱਲ੍ਹ ਮੈਂ ਦੋ ਵਜੇ ਤੱਕ ਪੈਸੇ ਦੇ ਸਕਦਾਂ।”

“ਮੇਰੇ ਕੋਲ ਕੋਈ ਚੀਜ਼ ਤੈਨੂੰ ਸਕਿਉਰਟੀ ਵਜੋਂ ਰੱਖਣੀ ਪਵੇਗੀ।”

“ਪਰ ਮੇਰੇ ਕੋਲ ਤਾਂ ਕੋਈ ਅਜਿਹੀ ਚੀਜ਼ ਹੈ ਈ ਨੀ।” ਕਹਿੰਦਿਆਂ ਬੰਦਾ ਆਪਣੀਆਂ ਜੇਬਾਂ ਖਾਲੀ ਕਰਨ ਲੱਗਾ।

ਮੁਲਰ ਦੀ ਨਜ਼ਰ ਉਸ ਦੀਆਂ ਚੀਜ਼ਾਂ ਵੱਲ ਸੀ। ਉਸ ਨੇ ਆਪਣਾ ਪਾਸਪੋਰਟ ਤੇ ਸ਼ਨਾਖਤੀ ਕਾਰਡ ਮੇਜ਼ ’ਤੇ ਰੱਖਿਆ ਤਾਂ ਮੁਲਰ ਨੇ ਲਲਚਾਈਆਂ ਅੱਖਾਂ ਨਾਲ ਵੇਖਿਆ।

“ਜੇ ਤੂੰ ਆਪਣਾ ਪਾਸਪੋਰਟ ਤੇ ਸ਼ਨਾਖਤੀ ਕਾਰਡ ਸਕਿਉਰਟੀ ਵਜੋਂ ਮੇਰੇ ਕੋਲ ਛੱਡ ਦੇਵੇਂ ਤਾਂ ਮੈਂ ਤੇਰੀ ਮਦਦ ਕਰ ਸਕਦਾਂ।”

ਬੰਦੇ ਨੇ ਦੋਵੇਂ ਚੀਜ਼ਾ ਕੁਝ ਕੁ ਹਿਚਕਾਹਟ ਨਾਲ ਉਸ ਅੱਗੇ ਕਰ ਦਿੱਤੀਆਂ ਤੇ ਮੁਲਰ ਨੇ ਜੇਬ ਵਿਚ ਪਾ ਲਈਆਂ। ਉਸ ਨੂੰ ਪੈਸੇ ਦੇ ਦਿੱਤੇ ਜੋ ਉਹ ਘੰਟੇ ਕੁ ਵਿਚ ਹਾਰ ਗਿਆ। ਮੁਲਰ ਉਸ ਨਾਲ ਹੀ ਬਾਹਰ ਨਿਕਲ ਆਇਆ। ਉਸ ਬੰਦੇ ਨੂੰ ਅਗਲੇ ਦਿਨ ਮਿਲਣ ਦਾ ਵਾਇਦਾ ਕਰਕੇ ਮੁਲਰ ਹਨ੍ਹੇਰੇ ਵਿਚ ਅਲੋਪ ਹੋ ਗਿਆ ਤੇ ਬੰਦਾ ਆਪਣੇ ਰਾਹ ਪੈ ਗਿਆ।

ਅਗਲੇ ਦਿਨ ਮੂਲਰ ਨੇ ਦੋਵਾਂ ਦਸਤਾਵੇਜ਼ਾਂ ’ਤੇ ਆਪਣੀ ਨਵੀਂ ਫੋਟੋ ਲਾ ਲਈ ਤੇ ਇਕ ਹੋਟਲ ਵਿਚ ਕਮਰਾ ਕਿਰਾਏ ਤੇ ਲੈ ਲਿਆ।

ਉਸ ਨੇ ਫਰੈਡਰਿਕ ਨੂੰ ਉਸ ਦੇ ਕੰਮ ’ਤੇ ਫੋਨ ਕੀਤਾ। ਕੰਮ ’ਤੇ ਫੋਨ ਕਰ ਲੈਣਾ ਉਸ ਨੂੰ ਘੱਟ ਖਤਰੇ ਵਾਲਾ ਲੱਗਾ। ਪਹਿਲੀ ਵਾਰ ਉਸ ਨੇ ਫੋਨ ਕੀਤਾ ਤਾਂ ਕਿਸੇ ਔਰਤ ਨੇ ਫੋਨ ਚੁੱਕਿਆ। ਮੁਲਰ ਨੇ ਫੋਨ ਬੰਦ ਕਰ ਦਿੱਤਾ। ਦੋ ਤਿੰਨ ਵਾਰ ਕੋਸ਼ਿਸ਼ ਕੀਤੀ ਪਰ ਫੋਨ ਫਰੈਡਰਿਕ ਨੇ ਨਾ ਚੁੱਕਿਆ। ਮੁਲਰ ਦਾ ਦਿਲ ਬਹੁਤ ਖ਼ਰਾਬ ਹੋਇਆ। ਉਸ ਨੂੰ ਯਕੀਨ ਹੋ ਗਿਆ ਕਿ ਫਰੈਡਰਿਕ ਵੀ ਵਿਚਾਰਾ ਫਸ ਗਿਆ ਸੀ। ਦੁਪਿਹਰ ਬਾਅਦ ਉਸ ਨੇ ਫਿਰ ਕੋਸ਼ਿਸ਼ ਕੀਤੀ ਤਾ ਫੋਨ ਫਰੈਡਰਿਕ ਨੇ ਚੁੱਕਿਆ। ਮੁਲਰ ਦੇ ਬੁੱਲ੍ਹ ਕੰਨਾਂ ਤੱਕ ਫੈਲ ਗਏ।

“ਮੈਂ ਜਾ ਨਹੀਂ ਸਕਿਆ, ਬਾਕੀ ਸਭ ਠੀਕ ਐ। ਤੇਰਾ ਕੀ ਹਾਲ ਐ?”

“ਬਿਲਕੁਲ ਠੀਕ ਐ।”

“ਠੀਕ ਆ ਮੈਂ ਕਿਸੇ ਦਿਨ ਫੇਰ ਫੋਨ ਕਰੂੰ।” ਕਹਿ ਕੇ ਉਸ ਨੇ ਫੋਨ ਕੱਟ ਦਿੱਤਾ।

ਹੁਣ ਉਹ ਜਰਮਨੀ ਵਿਚੋਂ ਬਾਹਰ ਨਿਕਲਣ ਬਾਰੇ ਸੋਚਣ ਲੱਗਾ।

----------------

ਦੋ ਕੁ ਹਫ਼ਤੇ ਇਕ ਹੋਟਲ ਵਿਚ ਰਹਿਣ ਦੀ ਥਾਂ ਉਹ ਹੋਟਲ ਬਦਲਦਾ ਰਿਹਾ। ਇਸ ਸਾਰੇ ਸਮੇਂ ਵਿਚ ਉਹ ਜਰਮਨੀ ਵਿਚੋਂ ਬਾਹਰ ਨਿਕਲਣ ਬਾਰੇ ਵਿਚਾਰ ਕਰਦਾ ਰਿਹਾ। ਪਾਸਪੋਰਟ ’ਤੇ ਬਦਲੀ ਫੋਟੋ ’ਤੇ ਉਸ ਨੂੰ ਖੁਦ ਨੂੰ ਬਹੁਤਾ ਯਕੀਨ ਨਹੀਂ ਸੀ। ਇਸ ਸਮੇਂ ਵਿਚ ਉਸ ਨੇ ਕਈ ਵਾਰ ਪਾਸਪੋਰਟ ਨੂੰ ਨਿਰਖ ਨਾਲ ਵੇਖਿਆ। ਉਸ ਵਿਚ ਉਸ ਨੂੰ ਕੋਈ ਕਮੀ ਮਹਿਸੂਸ ਨਹੀਂ ਸੀ ਹੋਈ ਫਿਰ ਵੀ ਉਸ ਨੂੰ ਧੁੜਕੂ ਲੱਗਾ ਰਿਹਾ। ਜੇ ਉਹ ਆਸਟਰੀਆ ਨੂੰ ਬਾਰਡਰ ਪਾਰ ਕਰਦਾ ਤਾਂ ਵੀ ਇਮੀਗ੍ਰੇਸ਼ਨ ਤਾਂ ਪਾਸ ਕਰਨੀ ਹੀ ਪੈਣੀ ਸੀ। ਇਕੋ ਇਕ ਰਸਤਾ ਚੋਰੀ ਨਿਕਲਣ ਦਾ ਸੀ। ਲੜਾਈ ਦੇ ਸਮੇਂ ਸਕਿਉਰਟੀ ਦਾ ਸਖ਼ਤ ਹੋਣਾ ਕੁਦਰਤੀ ਸੀ। ਉਹ ਜਰਮਨੀ ਵਿਚ ਵੀ ਬਹੁਤ ਦੇਰ ਨਹੀਂ ਰਹਿ ਸਕਦਾ ਸੀ। ਬਰਲਿਨ ਜਾਣ ਦਾ ਉਸ ਦਾ ਮਨ ਸੀ। ਬਰਲਿਨ ਜਾਣ ਦਾ ਖਤਰਾ ਉਸ ਨੂੰ ਹੋਰ ਵੀ ਵੱਡਾ ਲਗ ਰਿਹਾ ਸੀ।

ਸੋਚ ਵਿਚਾਰ ਕੇ ਉਸ ਨੂੰ ਲਕਸਮਬਰਗ ਜਾਣ ਦਾ ਫੁਰਨਾ ਫੁਰਿਆ। ਇਹ ਛੋਟਾ ਜਿਹਾ ਦੇਸ਼ ਸੀ। ਉਸ ਨੂੰ ਉਮੀਦ ਸੀ ਸਰਹੱਦ ’ਤੇ ਬਹੁਤੀ ਸਖ਼ਤੀ ਨਹੀਂ ਹੋਵੇਗੀ। ਉਸ ਨੇ ਲਕਸਮਗਰਬ ਜਾਣ ਦਾ ਮਨ ਬਣਾ ਲਿਆ। ਟਰੇਨ ਲੈ ਕੇ ਉਹ ਜਰਮਨੀ ਤੇ ਲਕਸਮਬਰਗ ਦੀ ਹੱਦ ’ਤੇ ਪੈਂਦੇ ਸ਼ਹਿਰ ‘ਸਾਰਲੈਂਡ’ ਪਹੁੰਚ ਗਿਆ। ਸਾਰਲੈਂਡ ਪਹੁੰਚ ਕੇ ਉਸ ਨੇ ਦੂਰਬੀਨ ਖਰੀਦ ਕੇ ਦੂਰੋਂ ਹੀ ਸਰਹੱਦ ਨੂੰ ਵਾਚਿਆ। ਦੋ ਦਿਨ ਬਾਅਦ ਉਸ ਨੇ ਰਾਤ ਨੂੰ ਸਰਹੱਦ ਪਾਰ ਕਰਨ ਦਾ ਮਨ ਬਣਾ ਲਿਆ।

ਖਾਣਾ ਖਾਣ ਬਾਅਦ ਉਹ ਰਾਤ ਦੇ ਦਸ ਕੁ ਵਜੇ ਹੋਟਲ ਵਿਚੋਂ ਨਿਕਲਿਆ। ਉਸ ਕੋਲ ਆਪਣਾ ਨਿੱਕਾ ਜਿਹਾ ਬੈਗ ਸੀ ਜਿਹੜਾ ਉਸ ਨੇ ਪਿੱਠ ’ਤੇ ਲਟਕਾਇਆ ਹੋਇਆ ਸੀ। ਚਾਕੂ ਤੋਂ ਬਿਨਾਂ ਉਸ ਕੋਲ ਕੋਈ ਹੋਰ ਹਥਿਆਰ ਨਹੀਂ ਸੀ। ਉਹ ਰਾਤ ਦੇ ਹਨ੍ਹੇਰੇ ਵਿਚ ਸਰਹੱਦ ਨੂੰ ਵਾਚਦਾ ਰਿਹਾ। ਸਰਹੱਦ ’ਤੇ ਪਹਿਰਾ ਸੀ। ਉਸ ਨੇ ਦਰੱਖਤਾਂ ਦੇ ਝੁੰਡ ਵਾਲੀ ਥਾਂ ਚੁਣੀ ਹੋਈ ਸੀ। ਕੁਝ ਦੇਰ ਉਹ ਪਹਿਰੇਦਾਰਾਂ ਨੂੰ ਵੇਖਦਾ ਰਿਹਾ। ਉਸ ਨੇ ਨੋਟ ਕੀਤਾ ਪਹਿਰੇਦਾਰ ਸੱਤ ਮਿੰਟ ਵਿਚ ਮੁੜ ਕੇ ਆਉਂਦਾ ਹੈ। ਪਹਿਰੇਦਾਰ ਦੇ ਤਿੰਨ ਮਿੰਟ ਬਾਅਦ ਉਹ ਦੌੜ ਕੇ ਦਰੱਖਤਾਂ ਦੇ ਝੁੰਡ ਵਿਚ ਪਹੁੰਚ ਗਿਆ। ਪਹਿਰੇਦਾਰ ਨੂੰ ਸ਼ੱਕ ਪਿਆ ਤੇ ਉਸ ਨੇ ਟਾਰਚ ਦੀ ਰੌਸ਼ਨੀ ਉਸ ਦਿਸ਼ਾ ਵਿਚ ਮਾਰੀ। ਉਹ ਪ੍ਰਛਾਵੇਂ ਦੇ ਪਿੱਛੇ ਹੀ ਦੌੜ ਪਿਆ।

“ਹਾਲਟ---ਨਹੀਂ ਗੋਲੀ ਮਾਰ ਦਿੱਤੀ ਜਾਵੇਗੀ।” ਨਾਲ ਹੀ ਦੂਸਰਾ ਸਿਪਾਹੀ ਵੀ ਆ ਗਿਆ।

ਉਹ ਇਕ ਦਰੱਖਤ ਦੇ ਨਾਲ ਸਟ ਕੇ ਖੜ੍ਹ ਗਿਆ। ਸਿਪਾਹੀ ਟਾਰਚ ਦੀ ਰੌਸ਼ਨੀ ਵਿਚ ਅੱਗੇ ਵਧ ਰਹੇ ਸਨ। ਉਸ ਦੇ ਮੂੰਹ ’ਤੇ ਦੋਵਾਂ ਸਿਪਾਹੀਆਂ ਦੀ ਰੌਸ਼ਨੀ ਪਈ ਤਾਂ ਉਸ ਨੇ ਹੱਥ ਖੜ੍ਹੇ ਕਰ ਦਿਤੇ।

ਨਿੱਕ, ਕੈਪਟਨ ਦੇ ਸਾਹਮਣੇ ਬੈਠਾ ਸੀ। ਕੈਪਟਨ ਨੇ ਤਲਾਸ਼ੀ ਵਿਚ ਮਿਲੇ ਸਮਾਨ ਨੂੰ ਧਿਆਨ ਨਾਲ ਵੇਖਿਆ। ਉਹ ਨਿੱਕ ਵੱਲ ਵੇਖ ਕੇ ਮੁਸਕਰਾ ਰਿਹਾ ਸੀ।

“ਕਿੰਨੀ ਉਮਰ ਐ ਤੇਰੀ?” ਕੈਪਟਨ ਨੇ ਕੌਫੀ ਦਾ ਕੱਪ ਦਿੰਦਿਆਂ ਪੁੱਛਿਆ।
“ਸੈਂਤੀ ਸਾਲ।” ਨਿੱਕ ਨੇ ਜਰਮਨ ਭਾਸ਼ਾ ਵਿਚ ਜਵਾਬ ਦਿੱਤਾ।
“ਤੂੰ ਜਰਮਨ ਭਾਸ਼ਾ ਬੋਲਦਾਂ ਪਰ ਤੂੰ ਜਰਮਨ ਬੰਦਾ ਨਹੀਂ ਹੋ ਸਕਦਾ।” ਕੈਪਟਨ ਨੇ ਕਿਹਾ।

ਨਿੱਕ ਨੇ ਉਸ ਵੱਲ ਵੇਖਿਆ। ਉਹ ਕੋਈ ਵੀ ਜਵਾਬ ਦੇਣ ਤੋਂ ਅਸਮਰੱਥ ਸੀ। ਉਸ ਨੂੰ ਫੌਜ ਵਿਚਲੀ ਸਿੱਖਿਆ ਯਾਦ ਆਈ। ਫੜੇ ਜਾਣ ਸਮੇਂ ਆਪਣਾ ਨਾਂ ਪਤਾ ਸਹੀ ਦੇਣਾ ਹੈ। ਪਰ ਹੋਰ ਕੋਈ ਜਾਣਕਾਰੀ ਨਹੀਂ ਦੇਣੀ।

“ਕੈਪਟਨ ਮੇਰਾ ਨਾਂ ਨਿੱਕ ਨੌਰਿਸ ਐ। ਮੇਰਾ ਪਾਸਪੋਰਟ ਗੁਆਚ ਗਿਆ ਤੇ ਆਹ ਪਾਸਪੋਰਟ ਮੈਂ ਚੋਰੀ ਖਰੀਦਿਆ। ਮੈਂ ਤਾਂ ਜਰਮਨੀ ਵਿਚ ਛੁੱਟੀਆਂ ਕੱਟਣ ਆਇਆ ਸੀ ਤੇ ਲੜਾਈ ਲੱਗ ਗਈ। ਮੇਰਾ ਪਾਸਪੋਰਟ ਮੇਰੇ ਇਕ ਬੈਗ ਵਿਚ ਸੀ ਜੋ ਚੋਰੀ ਹੋ ਗਿਆ। ਮੈਂ ਕਿਵੇਂ ਨਾ ਕਿਵੇਂ ਘਰ ਪਹੁੰਚਣਾ ਚਾਹੁੰਦਾ ਸੀ। ਬਿਨਾਂ ਪਾਸਪੋਰਟ -- ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਸੀ।”

ਸੁਣ ਕੇ ਕੈਪਟਨ ਮੁਸਕਰਾਇਆ। ਉਸ ਨੇ ਨਿੱਕ ਨੂੰ ਪੁੱਛ-ਗਿੱਛ ਲਈ ਸਬੰਧਤ ਮਹਿਕਮੇ ਕੋਲ ਭੇਜ ਦਿੱਤਾ।

ਉਸ ਦੀ ਪੁੱਛ-ਪੜਤਾਲ ਸ਼ੁਰੂ ਹੋਈ।
“ਨਿੱਕ ਤੂੰ ਕੰਮ ਕੀ ਕਰਦਾਂ?
“ਮੈਂ ਤਾਂ ਹਸਪਤਾਲ ਲਈ ਚੈਰਟੀ ਦਾ ਕੰਮ ਕਰਦਾ ਆਂ।”
“ਤਾਂ ਜਰਮਨੀ ਵਿਚ ਵੀ ਚੈਰਿਟੀ ਲਈ ਆਇਆ ਸੀ?”
“ਜੀ ਨਹੀਂ।”
“ਜਰਮਨੀ ਤੂੰ ਕਿਥੇ ਪਹੁੰਚਿਆ ਸੀ?”
“ਬਰਲਿਨ-।”
“ਕਿਸ ਨਾਂ ਹੇਠ?”

ਪੁੱਛ-ਗਿੱਛ ਚਲਦੀ ਰਹੀ ਪਰ ਪੜਤਾਲ ਅਫ਼ਸਰ ਦੀ ਤਸੱਲੀ ਨਹੀ ਸੀ ਹੋਈ। ਨਿੱਕ ਜੇ ਨੋਹ ਨੂੰ ਬਚਾਉਣ ਬਾਰੇ ਦਸਦਾ ਤਾਂ ਫਰੈਡਰਿਕ ਦਾ ਵੀ ਵਿਚ ਨਾਂ ਆ ਜਾਣਾ ਸੀ। ਉਹ ਉਸ ਨੂੰ ਬਚਾਉਣਾ ਚਾਹੁੰਦਾ ਸੀ।

ਉਸ ਨੂੰ ਅਗਲੇ ਛੱਤੀ ਘੰਟੇ ਸੌਣ ਨਾ ਦਿੱਤਾ ਗਿਆ। ਜਿਸ ਕਮਰੇ ਵਿਚ ਉਹ ਬੰਦ ਸੀ ਉਸ ਵਿਚ ਹੀਟਰ ਨਾਲ ਬਹੁਤ ਗਰਮੀ ਕਰ ਦਿੱਤੀ ਗਈ। ਨਿੱਕ ਲਈ ਨੀਂਦ ਅਤੇ ਗਰਮੀ ਦੋਵੇਂ ਅਸਹਿ ਹੋ ਗਈਆਂ। ਹੀਟ ਉਹਨਾਂ ਨੇ ਬੰਦ ਕਰ ਦਿੱਤੀ ਪਰ ਉਸ ਨੂੰ ਸੌਣ ਨਾ ਦਿੱਤਾ।

ਨਿੱਕ ਨੂੰ ਛੱਤੀ ਘੰਟੇ ਕਿਸੇ ਨੇ ਕੁਝ ਨਾ ਪੁੱਛਿਆ। ਛੱਤੀ ਘੰਟੇ ਬਾਅਦ ਅਫ਼ਸਰ ਦੇ ਸਾਹਮਣੇ ਪੇਸ਼ ਕੀਤਾ ਗਿਆ।

“ਜਰਮਨੀ ਕੀ ਕਰਨ ਆਇਆ ਸੀ?”
“ਨੋਹ---।” ਉਸ ਤੋਂ ਅੱਗੇ ਉਸ ਦੀ ਆਵਾਜ਼ ਥਥਲਾਉਣ ਲੱਗੀ।

ਅਫ਼ਸਰ ਨੂੰ ਦੋ ਸੂਤਰ ਹੱਥ ਲੱਗ ਗਏ ਸਨ। ਨੋਹ ਜੋ ਉਹ ਜਾਣਦਾ ਸੀ ਕਿਸੇ ਯਹੂਦੀ ਦਾ ਨਾਂ ਸੀ। ਦੂਜਾ ਬਰਲਿਨ--। ਉਸ ਨੇ ਬਰਲਿਨ ਦੀ ਪੁਲੀਸ ਨੂੰ ਫੋਨ ਕਰਕੇ ਜਾਣਕਾਰੀ ਲਈ ਤਾਂ ਗੱਲ ਸਾਫ਼ ਹੋ ਗਈ।

“ਨਿੱਕ ਤੂੰ ਨੋਹ ਦੇ ਪ੍ਰੀਵਾਰ ਨੂੰ ਬਚਾਉਣ ਲਈ ਜਿਹੜੀ ਕਾਰ ਵਰਤੀ ਸੀ ਉਹ ਤਾਂ ਮਿਲ ਗਈ। ਤੇਰੇ ਨਾਲ ਇਕ ਹੋਰ ਬੰਦਾ ਸੀ ਉਸ ਦਾ ਪਤਾ ਚਾਹੀਦਾ।”

“ਉਹੀ ਬੰਦਾ ਜਿਹਦੇ ਕੋਲੋਂ ਕਾਰ ਮਿਲੀ।” ਫਰੈਡਰਿਕ ਨੂੰ ਬਚਾਉਣ ਲਈ ਨਿੱਕ ਨੂੰ ਹੋਰ ਕੋਈ ਢੰਗ ਨਾ ਲੱਭਿਆ।

ਨਿੱਕ ਨੂੰ ਇਕ ਕੈਂਪ ਵਿਚ ਭੇਜ ਦਿੱਤਾ ਗਿਆ। ਉਸ ਨੂੰ ਪਤਾ ਨਹੀਂ ਸੀ ਉਹ ਕਦੇ ਵਾਪਿਸ ਇੰਗਲੈਂਡ ਜਾਵੇਗਾ ਜਾਂ ਜਰਮਨੀ ਵਿਚ ਹੀ ਗੋਲੀ ਮਾਰ ਦਿੱਤੀ ਜਾਵੇਗੀ। ਉਸ ਨੇ ਨੋਹ ਨੂੰ ਆਪਣੇ ਪਿਉ ਨਾਲ ਹੱਸਦਿਆਂ ਤਸੱਵਰ ਕੀਤਾ।

ਨੋਹ ਤੇ ਡੈਨੀਲਾ ਕਈ ਸਾਲਾਂ ਬਾਅਦ ਇੰਗਲੈਂਡ ਆਏ ਸਨ। ਉਹ ਹੌਲੀ ਹੌਲੀ ਇੰਗਲੈਂਡ ਦੀ ਜ਼ਿੰਦਗੀ ਵਿਚ ਵਿਚਰਣ ਲੱਗੇ। ਨੋਹ ਜਦੋਂ ਇੰਗਲੈਂਡ ਵਿਚ ਸੀ ਤਾਂ ਉਸ ਨੂੰ ਕੈਮਡਿਨ ਮਾਰਕਿਟ ਜਾਣਾ ਬਹੁਤ ਚੰਗਾ ਲਗਦਾ। ਸਟਾਲਾਂ 'ਤੇ ਸਬਜ਼ੀਆਂ, ਫਲ-ਫਰੂਟ ਤੇ ਹੋਰ ਲੋੜੀਂਦਾ ਸਮਾਨ ਵਿਕਦਾ।

'ਦੇਖੋ ਮੈਡਮ ਆਹ ਸਾਰੇ ਸੇਬ ਸ਼ਲਿੰਗ ਦੇ ਨਹੀ, ਨਹੀਂ---ਸਿਰਫ ਅੱਧੇ ਸ਼ਲਿੰਗ ਦੇ। ਮੈਡਮ ਆਹ ਗੋਭੀ ਦਾ ਫੁੱਲ, ਟਮਾਟਰ ਤੇ ਪਾਲਕ ਤੁਹਾਡੇ ਹਫ਼ਤੇ ਭਰ ਦਾ ਰਾਸ਼ਨ ਸਿਰਫ ਇਕ ਸ਼ਲਿੰਗ --।'

ਟਰੇਡਰ ਰੌਲਾ ਪਾਉਂਦੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਦਾ ਯਤਨ ਕਰਦੇ। ਮਾਰਕਿਟ ਵਿਚ ਧੱਕਾ ਪੈਂਦਾ। ਨਵੇਂ ਟਰੇਡਰ ਲਈ ਮਾਰਕਿਟ ਵਿਚ ਕੋਈ ਥਾਂ ਮਿਲਣੀ ਤਕਰੀਬਨ ਅਸੰਭਵ ਹੁੰਦੀ।

ਨੋਹ ਤੇ ਡੈਨੀਲਾ ਮਾਰਕਿਟ ਦੇ ਇਕ ਸਿਰੇ 'ਤੇ ਖੜ੍ਹੇ ਸਨ। ਜੰਗ ਲੱਗੀ ਤਾਂ ਬਹੁਤ ਸਾਰੇ ਸਟਾਲ ਖਾਲੀ ਪਏ ਸਨ। ਜਿਹੜੇ ਥੋੜੇ ਬਹੁਤ ਲੋਕ ਫਿਰਦੇ ਸਨ ਉਹ ਵੀ ਬੇਦਿਲੀ ਜਿਹੀ ਨਾਲ ਹੀ ਘੁੰਮ ਰਹੇ ਸਨ। ਫਰੂਟ ਤੇ ਸਬਜ਼ੀਆਂ ਦੀ ਕਮੀ ਸੀ। ਜਰਮਨੀ ਜਹਾਜ਼ ਸਮੁੰਦਰ ਵਿਚ ਸਮੁੰਦਰੀ ਜਹਾਜ਼ਾਂ ਨਾਲ ਇੰਗਲੈਂਡ ਆਉਣ ਵਾਲੇ ਰਾਸ਼ਨ ਵਾਲੇ ਜਹਾਜ਼ਾਂ ਨੂੰ ਅੱਗੇ ਨਹੀਂ ਲੰਘਣ ਦੇ ਰਹੇ ਸਨ। ਬਿਨਾਂ ਰਾਸ਼ਨ ਤੋਂ ਟਰੇਡਰ ਵੀ ਮਾੜੀਆਂ-ਮੋਟੀਆਂ ਚੀਜ਼ਾਂ ਰੱਖੀ ਚੁੱਪ ਚਾਪ ਖੜ੍ਹੇ ਸਨ।

ਬਹੁਤ ਨੌਜਵਾਨ ਫੌਜ ਵਿਚ ਭਰਤੀ ਹੋ ਗਏ ਸਨ। ਬਹੁਤ ਸਾਰੀਆਂ ਔਰਤਾਂ ਬੱਚੇ ਲੰਡਨ ਛੱਡ ਗਏ ਸਨ। ਜਰਮਨ ਜਹਾਜ਼ਾਂ ਦੀ ਲੰਡਨ 'ਤੇ ਬੰਬਾਰੀ ਇਕ ਆਮ ਵਰਤਾਰਾ ਬਣ ਗਿਆ ਸੀ। ਲੋਕ ਰਾਤ ਨੂੰ ਸੌਣ ਲਗਦੇ ਤਾਂ ਉਹਨਾਂ ਨੂੰ ਪਤਾ ਨਹੀਂ ਸੀ ਹੁੰਦਾ ਸਵੇਰੇ ਉਹ ਜਾਗਣਗੇ ਜਾਂ ਨਹੀਂ। ਲੰਡਨ ਦੀਆਂ ਬਹੁਤ ਸਾਰੀਆਂ ਬਿਲਡਿੰਗਾਂ, ਘਰ ਤੇ ਦੁਕਾਨਾਂ ਮਲੀਆ ਮੇਟ ਹੋ ਗਏ ਸਨ। ਹੋਰ ਵੱਡੇ ਸ਼ਹਿਰਾਂ ਦਾ ਵੀ ਇਹੋ ਹਾਲ ਸੀ।

''ਲੰਡਨ ਤਾਂ ਹੁਣ ਲੰਡਨ ਲਗਦਾ ਈ ਨੀ।'' ਨੋਹ ਨੇ ਉਦਾਸੀ ਨਾਲ ਕਿਹਾ।

''ਸੱਚ ਪੁੱਛੋ ਤਾਂ ਜ਼ਿੰਦਗੀ ਈ ਹੁਣ ਜ਼ਿੰਦਗੀ ਨੀ ਲਗਦੀ।'' ਡੈਨੀਲਾ ਉਸ ਤੋਂ ਵੀ ਵੱਧ ਉਦਾਸ ਸੀ।

----

ਲੀਅਮ ਆਪਣੀ ਡੇਅਰੀ ਵੱਲ ਗੇੜਾ ਮਾਰ ਕੇ ਵਾਪਿਸ ਆਇਆ ਤਾਂ ਸਵੇਰ ਦੇ ਸੱਤ ਵੱਜ ਚੁੱਕੇ ਸਨ। ਉਸ ਨੇ ਭੋਰੇ ਵੱਲ ਨਜ਼ਰ ਮਾਰੀ। ਅਜੇ ਕੋਈ ਹਿਲ-ਜੁੱਲ ਨਹੀਂ ਸੀ ਹੋਈ। ਇਹ ਭੋਰਾ ਘਰ ਵਿਚ ਪਹਿਲਾਂ ਹੀ ਬਣਿਆ ਹੋਇਆ ਸੀ। ਇਸ ਵਿਚ ਪਹਿਲਾਂ ਕੋਇਲਾ ਜਾਂ ਲੱਕੜਾਂ ਰੱਖੀਆਂ ਜਾਂਦੀਆਂ ਸਨ। ਉਹਨਾਂ ਦਿਨਾਂ ਵਿਚ ਘਰ ਨੂੰ ਗਰਮ ਕਰਨ ਤੇ ਖਾਣਾ ਪਕਾਉਣ ਲਈ ਕੋਇਲੇ ਜਾਂ ਲੱਕੜਾਂ ਦੀ ਲੋੜ ਹੁੰਦੀ ਸੀ। ਜਦ ਲੀਅਮ ਨੇ ਇਹ ਫਾਰਮ ਤੇ ਘਰ ਖਰੀਦਿਆ ਤਾਂ ਉਹ ਇਸ ਭੋਰੇ ਨੂੰ ਘਰ ਦਾ ਵਾਧੂ ਨਿੱਕ-ਸੁੱਕ ਰੱਖਣ ਲਈ ਵਰਤਦਾ ਰਿਹਾ। ਜਦ ਜਰਮਨੀ ਨਾਲ ਦੂਜੀ ਜੰਗ ਸ਼ੁਰੂ ਹੋਈ ਤਾਂ ਉਸ ਨੇ ਇਸ ਭੋਰੇ ਨੂੰ ਠੀਕ ਕਰਕੇ ਇਸ ਵਿਚ ਦੋ ਕਮਰੇ ਬਣਾ ਦਿੱਤੇ। ਇਹ ਬਣਿਆ ਬਣਾਇਆ ਸ਼ੈਲਟਰ ਸੀ। ਜਦ ਹੈਰਿਸ ਦੇ ਬੱਚੇ ਉਸ ਕੋਲ ਆ ਕੇ ਰਹਿਣ ਲੱਗੇ ਤਾਂ ਉਸ ਨੇ ਉਹਨਾਂ ਲਈ ਇਸ ਸ਼ੈਲਟਰ ਵਿਚ ਹੀ ਸੌਣ ਦਾ ਪ੍ਰਬੰਧ ਕਰ ਦਿੱਤਾ। ਆਪ ਉਹ ਜਦ ਸਾਇਰਨ ਵੱਜਦਾ ਤਾਂ ਸ਼ੈਲਟਰ ਵਿਚ ਚਲਾ ਜਾਂਦਾ। ਬੀਤੀ ਸ਼ਾਮ ਨੂੰ ਹੈਰਿਸ ਆਇਆ ਸੀ ਤੇ ਉਹ ਆਪਣੇ ਪਰੀਵਾਰ ਨਾਲ ਸੁੱਤਾ ਪਿਆ ਸੀ।

ਲੀਅਮ ਨੇ ਕੌਫੀ ਬਣਾਉਣ ਲਈ ਅਜੇ ਕੱਪ ਵਿਚ ਪਾਣੀ ਪਾਇਆ ਹੀ ਸੀ ਕਿ ਟੈਲੀਫ਼ੋਨ ਦੀ ਘੰਟੀ ਵੱਜੀ। ਉਸ ਨੇ ਲਪਕ ਕੇ ਟੈਲੀਫ਼ੋਨ ਚੁੱਕਿਆ ਤੇ ਹੈਲੋ ਕਹੀ।

''ਲੀਅਮ, ਪ੍ਰਾਈਮ ਮਨਿਸਟਰ ਨੇ ਦੁਪਿਹਰ ਠੀਕ ਦੋ ਵਜੇ ਤੁਹਾਨੂੰ ਡਾਊਨਿੰਗ ਸਟਰੀਟ ਪਹੁੰਚਣ ਲਈ ਕਿਹਾ। ਤੁਹਾਨੂੰ ਪਤਾ ਪ੍ਰਾਈਮ ਮਨਿਸਟਰ ਬਹੁਤ ਰੁੱਝੇ ਹੋਏ ਨੇ ਸੋ ਲੇਟ ਨਹੀਂ ਹੁਣਾ।''

''ਪਰ ਕਿਸ ਕਾਰਨ ਉਹਨਾਂ ਨੇ ਮੈਨੂੰ ਹਾਜ਼ਰ ਹੋਣ ਲਈ ਕਿਹਾ?'' ਲੀਅਮ ਹੈਰਾਨ ਸੀ।

''ਇਹ ਤਾਂ ਉਹੀ ਦੱਸਣਗੇ। ਦੋ ਵਜੇ ਸਰ।'' ਫ਼ੋਨ ਕੱਟਿਆ ਗਿਆ।

ਲੀਅਮ ਇਕ ਹੱਥ ਵਿਚ ਗਰਮ ਪਾਣੀ ਨਾਲ ਭਰਿਆ ਕੱਪ ਤੇ ਦੂਜੇ ਵਿਚ ਟੈਲੀਫੋਨ ਦਾ ਰਸੀਵਰ ਫੜੀ ਕੁਝ ਪਲਾਂ ਲਈ ਉਲਝਿਆ ਜਿਹਾ ਖੜ੍ਹਾ ਰਿਹਾ। ਉਹ ਪ੍ਰਾਈਮ ਮਨਿਸਟਰ ਨੂੰ ਕਈ ਵਾਰ ਮਿਲਿਆ ਸੀ। ਮਈ 1940 ਵਿਚ ਜਦ ਚਰਚਲ ਨੇ ਪੀ ਐਮ ਦਾ ਅਹੁਦਾ ਸੰਭਾਲਿਆ ਤਾਂ ਉਸ ਬਾਅਦ ਚਰਚਲ ਨੇ ਸਵਿੰਡਨ ਦਾ ਚੱਕਰ ਵੀ ਲਗਾਇਆ ਸੀ। ਲੀਅਮ ਨਾਲ ਹਸਪਤਾਲਾਂ ਲਈ ਉਸ ਦੇ ਕੀਤੇ ਚੈਰਿਟੀ ਲਈ ਕੰਮ ਨੂੰ ਚਰਚਲ ਨੇ ਸਰਾਹਿਆ ਵੀ ਸੀ। ਉਹ ਦੇਸ਼ ਵਿਚ ਖੁਰਾਕ ਦੀ ਘਾਟ ਸਮੇਂ ਵੀ ਕਿਵੇਂ ਨਾ ਕਿਵੇਂ ਹਸਪਤਾਲਾਂ ਵਿਚ ਖੁਰਾਕ ਪਹੁੰਚਦੀ ਕਰ ਰਹੇ ਸਨ।

ਲੀਅਮ ਨੂੰ ਕੁਝ ਕੁ ਲੇਬਰ ਤੇ ਕੁਝ ਲਿਬਰਲ ਪਾਰਟੀ ਦੇ ਲੀਡਰ ਵੀ ਪਸੰਦ ਸਨ। ਪਰ ਉਹਨਾਂ ਦੀਆਂ ਸਾਰੀਆਂ ਪਾਲਸੀਆਂ ਨਾਲ ਉਹ ਸਹਿਮਤ ਨਹੀਂ ਸੀ। ਵੈਸੇ ਤਾਂ ਸਾਰੀਆਂ ਪਾਲਸੀਆਂ ਕੰਜ਼ਰਵੇਟਿਵ ਪਾਰਟੀ ਦੀਆਂ ਵੀ ਉਹਨੂੰ ਪਸੰਦ ਨਹੀਂ ਸਨ। ਕੰਜ਼ਰਵੇਟਿਵ ਪਾਰਟੀ ਨਾਲ ਉਸ ਦਾ ਪਰਿਵਾਰ ਬਹੁਤ ਪੁਰਾਣਾ ਜੁੜਿਆ ਹੋਣ ਕਰਕੇ ਉਸ ਨੇ ਇਲੈਕਸ਼ਨ ਵਿਚ ਸਦਾ ਇਕੋ ਹੀ ਪਾਰਟੀ ਦੀ ਮਦਦ ਕੀਤੀ ਸੀ। ਇਸ ਸਭ ਕੁਝ ਦੇ ਬਾਵਜੂਦ ਪੀ ਐਮ ਦਾ ਉਸ ਨੂੰ ਸੱਦਣਾ ਸਮਝ ਤੋਂ ਬਾਹਰ ਸੀ।

ਉਹ ਕੌਫੀ ਦਾ ਕੱਪ ਲਈ ਖਿੜਕੀ ਵਿਚੋਂ ਦੀ ਬਾਹਰ ਹੋ ਰਹੀ ਕਿਣਮਿਣ ਨੂੰ ਵੇਖ ਰਿਹਾ ਸੀ ਜਦੋਂ ਹੈਰਿਸ ਨੇ ਉਸ ਦੇ ਮੋਢੇ 'ਤੇ ਆ ਹੱਥ ਰੱਖਿਆ।

''ਕੀ ਸੋਚ ਰਿਹੈਂ?''

''ਮੈਨੂੰ ਸਮਝ ਨੀ ਆਉਂਦੀ ਪ੍ਰਾਈਮ ਮਨਿਸਟਰ ਨੇ ਮੈਨੂੰ ਕਿਉਂ ਸੱਦਿਆ?'' ਤੇ ਉਸ ਨੇ ਸਾਰੀ ਵਾਰਤਾ ਸੁਣਾ ਦਿੱਤੀ।

''ਸਮਝ ਤਾਂ ਮੈਨੂੰ ਵੀ ਨੀ ਲਗਦੀ ਪਰ ਜਾਣਾ ਤਾਂ ਪੈਣਾ ਈ ਆ।''ਹੈਰਿਸ ਨੇ ਕਿਹਾ।

''ਮੈਂ ਸੋਚਦਾਂ ਟਰੇਨ 'ਤੇ ਚਲਾ ਜਾਵਾਂ।''

''ਨਹੀਂ ਮੈਂ ਤੈਨੂੰ ਲੈ ਕੇ ਚੱਲੂੰ। ਮੈਂ ਤੈਨੂੰ ਛੱਡ ਕੇ ਘਰ ਚਲਾ ਜਾਊਂ। ਜਦ ਤੂੰ ਵਿਹਲਾ ਹੋ ਗਿਆ ਤਾਂ ਮੈਨੂੰ ਫ਼ੋਨ ਕਰ ਦੇਈਂ। ਘਰ ਤੋਂ ਦਸ ਤਾਂ ਮਿੰਟ ਲੱਗਣੇ ਐ।''

ਉਹ ਦੋਵੇਂ 10 ਡਾਊਨਿੰਗ ਸਟਰੀਟ ਜਿਹੜਾ ਪੀ ਐਮ ਦਾ ਸਰਕਾਰੀ ਘਰ ਹੈ, ਡੇਢ ਵਜੇ ਪਹੁੰਚ ਗਏ। ਲੀਅਮ ਨੇ ਦਰਵਾਜ਼ੇ 'ਤੇ ਖੜ੍ਹੇ ਸਿਪਾਹੀ ਨੂੰ ਆਪਣਾ ਨਾਂ ਦੱਸਿਆ ਤੇ ਪੀ ਐਮ ਨਾਲ ਮੁਲਕਾਤ ਦਾ ਸਮਾਂ ਦੱਸਿਆ ਤਾਂ ਸਿਪਾਹੀ ਨੇ ਲਿਸਟ 'ਤੇ ਉਸ ਦਾ ਨਾਂ ਵੇਖ ਕੇ ਅੰਦਰ ਲੰਘ ਜਾਣ ਦਿੱਤਾ। ਅੰਦਰ ਪਹੁੰਚ ਕੇ ਸੈਕਟਰੀ ਨੂੰ ਉਸ ਨੇ ਆਪਣੇ ਆਉਣ ਦੀ ਇਤਲਾਹ ਦੇ ਦਿੱਤੀ ਤੇ ਉਸ ਨੇ ਉਸ ਨੂੰ ਚਾਹ ਕੌਫੀ ਪੁੱਛਦਿਆਂ ਸਾਹਮਣੇ ਕੁਰਸੀ 'ਤੇ ਬੈਠਣ ਲਈ ਬੇਨਤੀ ਕੀਤੀ।

ਲੀਅਮ ਘਰ ਦੀ ਦਿੱਖ ਅਤੇ ਸਜਾਵਟ ਨੂੰ ਨਿਹਾਰਦਾ ਤੇ ਕੰਮ ਕਰਦੇ ਅਮਲੇ ਫੈਲੇ ਦੀ ਚਹਿਲ-ਪਹਿਲ ਵੇਖਦਾ ਬੈਠਾ ਰਿਹਾ। ਦੋ ਵੱਜ ਚੁੱਕੇ ਸਨ ਪਰ ਪ੍ਰਾਈਮ ਮਨਿਸਟਰ ਨੇ ਅਜੇ ਉਸ ਨੂੰ ਬੁਲਾਇਆ ਨਹੀਂ ਸੀ। ਦੋ ਵੱਜ ਕੇ ਚਾਰ ਮਿੰਟ 'ਤੇ ਸੈਕਟਰੀ ਉਸ ਨੂੰ ਪੀ ਐਮ ਦੇ ਕਮਰੇ ਤੱਕ ਛੱਡ ਆਈ। ਪੀ ਐਮ ਬੁੱਲ੍ਹਾਂ ਵਿਚ ਸਿਗਾਰ ਘੁੱਟੀ ਮੇਜ਼ ਤੇ ਪਈ ਫਾਈਲ ਨੂੰ ਵੇਖ ਰਿਹਾ ਸੀ।

''ਆਹ ਲੀਅਮ,'' ਪੀ ਐਮ ਨੇ ਹੱਥ ਮਿਲਾਉਂਦਿਆਂ ਕਿਹਾ, ''ਤੂੰ ਚਾਹ ਕੌਫੀ ਪੀਤੀ?'' ਲੀਅਮ ਦਾ ਜਵਾਬ ਉਡੀਕੇ ਬਗੈਰ ਉਸ ਨੇ ਆਪਣੀ ਗੱਲ ਜ਼ਾਰੀ ਰੱਖੀ।

''ਲੀਅਮ ਜੰਗ ਸਿਰਫ ਸਰਹੱਦ 'ਤੇ ਹੀ ਨਹੀਂ ਦੇਸ਼ ਦੇ ਅੰਦਰ ਵੀ ਲੜਨੀ ਪੈਂਦੀ ਐ। ਇਸ ਵੇਲੇ ਲੋਕਾਂ ਨੂੰ ਖੁਰਾਕ ਸਪਲਾਈ ਦੀ ਸਮੱਸਿਆ ਐ। ਜੋ ਬੰਦਰਗਾਹਾਂ 'ਤੇ ਖੁਰਾਕ ਪਈ ਐ ਉਹ ਲੋਕਾਂ ਦੀ ਰਸੋਈ ਤੱਕ ਨਹੀਂ ਪਹੁੰਚ ਰਹੀ। ਮੈਂ ਚਾਹੁੰਨਾ ਤੂੰ ਫੂਡ ਐਂਡ ਸਪਲਾਈ ਮਨਿਸਟਰ ਮਿਸਟਰ ਸਟੀਲ ਦੀ ਨਿਗਰਾਨੀ ਹੇਠ ਕੰਮ ਕਰੇਂ ਤਾਂ ਦੇਸ਼ ਤੇਰੇ ਤਜ਼ਰਬੇ ਦਾ ਲਾਭ ਉਠਾ ਸਕੇ।''

ਬਿਨਾਂ ਕੋਈ ਹੋਰ ਗੱਲ ਕਰਿਆਂ ਪੀ ਐਮ ਨੇ ਸੈਕਟਰੀ ਨੂੰ ਲੀਅਮ ਦੀ ਗੱਲ ਸਟੀਲ ਨਾਲ ਕਰਵਾਉਣ ਲਈ ਕਿਹਾ ਤੇ ਆਪਣੀ ਫਾਇਲ ਵਿਚ ਗੁਆਚ ਗਿਆ।

-----

ਲੀਅਮ ਮਿਸਟਰ ਸਟੀਲ ਨੂੰ ਮਿਲਣ ਚਲਾ ਗਿਆ। ਉਹਨਾਂ ਨੇ ਖੁਰਾਕ ਦੀ ਸਮੱਸਿਆ ਬਾਰੇ ਵਿਸਥਾਰ ਨਾਲ ਗੱਲ ਕੀਤੀ। ਲੀਅਮ ਨੇ ਉਸ ਤੋਂ ਛੁੱਟੀ ਲਈ ਤੇ ਬੰਦਰਗਾਹਾਂ 'ਤੇ ਚੱਕਰ ਮਾਰ ਕੇ ਸਮੱਸਿਆ ਨੂੰ ਨੇੜਿਉਂ ਵੇਖਣ ਦਾ ਆਪਣਾ ਇਰਾਦਾ ਦੱਸ ਦਿਤਾ।

''ਜਿਵੇਂ ਤੈਨੂੰ ਠੀਕ ਲੱਗੇ! ਆਪਾਂ ਵੀਰਵਰ ਨੂੰ ਮਿਲ ਕੇ ਗੱਲ ਕਰਾਂਗੇ।''

ਲੀਅਮ ਬੰਦਰਗਾਹਾਂ 'ਤੇ ਗਿਆ। ਉਸ ਨੇ ਅਮਲੇ ਫੈਲੇ ਨਾਲ ਗੱਲ-ਬਾਤ ਕੀਤੀ ਤੇ ਸਮੱਸਿਆ ਨੂੰ ਸਮਝਣ ਦਾ ਯਤਨ ਕੀਤਾ। ਉਸ ਨੇ ਕਿਸਾਨਾਂ ਨਾਲ ਵੀ ਗੱਲਾਂ ਕੀਤੀਆਂ। ਆਪ ਕਿਸਾਨ ਹੋਣ ਕਰਕੇ ਉਹ ਜਿਹਨਾਂ ਸਮੱਸਿਆਵਾਂ ਨਾਲ ਜੂਝ ਰਿਹਾ ਸੀ, ਉਹਨਾਂ ਨਾਲ ਹੀ ਬਾਕੀ ਕਿਸਾਨ ਵੀ ਤੰਗ ਸਨ। ਘਰ ਆ ਕੇ ਉਹ ਬੈਠਾ ਸੋਚਦਾ ਰਿਹਾ। ਵੀਰਵਾਰ ਨੂੰ ਉਹ ਮਿਸਟਰ ਸਟੀਲ ਨੂੰ ਮਿਲਣ ਚਲਾ ਗਿਆ।

''ਲੀਅਮ ਕੀ ਖਿਆਲ ਐ ਤੇਰਾ?''

"ਮਨਿਸਟਰ, ਮੇਰੇ ਖਿਆਲ ਵਿਚ ਖੁਰਾਕ ਸਪਲਾਈ ਲਈ ਸਾਨੂੰ ਡਰਾਈਵਰ ਭਰਤੀ ਕਰਨੇ ਪੈਣਗੇ--।"
"ਡੁੱਬੀ ਤਾਂ ਜੇ ਸਾਹ ਨਾ ਆਇਆ—ਡਰਾਈਵਰ ਲਿਆਈਏ ਕਿਥੋਂ? ਬਹੁਤ ਸਾਰੇ ਨੌਜਵਾਨ ਤਾਂ ਸਰਹੱਦਾਂ 'ਤੇ ਚਲੇ ਗਏ ਐ। ਹੋਰ ਵੀ ਜਾ ਰਹੇ ਐ।"
"ਮਾੜੀ ਗੱਲ ਇਹ ਐ ਕਿ ਲੜਾਈ ਪਤਾ ਨਹੀਂ ਕਿੰਨੀ ਦੇਰ ਚੱਲੇ ਤੇ ਪਤਾ ਨਹੀਂ ਕਿੰਨੇ ਨੌਜਵਾਨ ਇਸ ਬੰਦੇ ਖਾਣੀ ਲੜਾਈ ਦੀ ਭੇਂਟ ਚੜ੍ਹ ਜਾਣ। ਸਾਡੇ ਦੇਸ਼ ਕੋਲ ਕਾਮਿਆਂ ਦੀ ਘਾਟ ਦੀ ਸਮੱਸਿਆਂ ਹੁਣ ਵੀ ਹੈ ਤੇ ਆਉਣ ਵਾਲੇ ਸਮੇਂ ਵਿਚ ਹੋਰ ਗੰਭੀਰ ਹੋਵੇਗੀ। ਕਾਮੇ ਸਾਨੂੰ ਖੇਤਾਂ ਵਿਚ, ਫੈਕਟਰੀਆਂ ਵਿਚ, ਤੇ ਟਰਾਂਸਪੋਰਟ ਵਿਚ ਵੀ ਚਾਹੀਦੇ ਹਨ। ਇਸ ਦਾ ਇਕੋ ਇਕ ਹੱਲ ਅਸੀਂ ਔਰਤਾਂ ਨੂੰ ਡਰਾਈਵਰ ਭਰਤੀ ਕਰੀਏ ਤੇ ਇਸੇ ਤਰ੍ਹਾਂ ਖੇਤਾਂ ਵਿਚ ਕੰਮ ਕਰਨ ਲਈ ਵੀ ਔਰਤਾਂ ਨੂੰ ਉਤਸ਼ਾਹਤ ਕਰੀਏ।"
"ਲੀਅਮ ਸਮੱਸਿਆ ਤਾਂ ਔਰਤਾਂ ਨੂੰ ਉਤਸ਼ਾਹਤ ਕਰਨ ਦੀ ਐ।"
"ਸਰ ਅਖਬਾਰਾਂ, ਰੇਡੀਓ, ਟੈਲੀਵੀਯਨ 'ਤੇ ਸਭ ਪਾਸੇ ਇਸ ਬਾਰੇ ਇਸ਼ਤਿਹਾਰ ਦਿੱਤੇ ਜਾਣ। ਇਕ ਪਾਸੇ ਜਰਮਨੀ ਨੂੰ ਹਰਾਉਣ ਲਈ ਨੌਜਵਾਨ ਦੇ ਹੱਥ ਵਿਚ ਬੰਦੂਕ ਦਿਖਾਈ ਜਾਵੇ ਤੇ ਦੂਜੇ ਪਾਸੇ ਬਰਾਬਰ ਔਰਤਾਂ ਦੇ ਹੱਥ ਵਿਚ ਟਰੱਕ ਦਾ ਸਟੀਅਰਿੰਗ। ਔਰਤਾਂ ਨੂੰ ਮਹਿਸੂਸ ਹੋਵੇ ਉਹ ਵੀ ਮਰਦਾਂ ਨਾਲੋਂ ਘੱਟ ਮਹੱਤਵ ਨਹੀਂ ਰਖਦੀਆਂ--।"
"ਗੱਲ ਤਾਂ ਤੇਰੀ ਮਨ ਲਗਦੀ ਐ। ਠੀਕ ਐ, ਤੂੰ ਇਸ ਦੀ ਕਮਾਨ ਸੰਭਾਲ। ਮੈਂ ਲੋੜ ਅਨੁਸਾਰ ਤੇਰੇ ਨਾਲ ਸਟਾਫ਼ ਦਾ ਬੰਦੋਬਸਤ ਕਰ ਦਿਆਂਗਾ।"
"ਇਕ ਗੱਲ ਹੋਰ ਸਰ।"
ਸਟੀਲ ਨੇ ਘੜੀ 'ਤੇ ਸਮਾਂ ਵੇਖਿਆ। ਉਹ ਆਪਣੇ ਰੁਝੇ ਹੋਣ ਦਾ ਅਹਿਸਾਸ ਲੀਅਮ ਨੂੰ ਕਰਵਾ ਰਿਹਾ ਸੀ।
"ਮੈਂ ਤੁਹਾਡਾ ਬਹੁਤਾ ਸਮਾਂ ਨਹੀਂ ਲੈਣਾ। ਖੁਰਾਕ ਦੀ ਘਾਟ 'ਤੇ ਕਾਬੂ ਪਾਉਣ ਲਈ ਲੋਕਾਂ ਨੂੰ ਆਪਣੇ ਬਗੀਚਿਆਂ ਵਿਚ ਸਬਜ਼ੀਆਂ ਉਗਾਉਣ ਲਈ ਉਤਸ਼ਾਹਤ ਕਰਨਾ ਚਾਹੀਦਾ। ਜਿਹਨਾਂ ਕੋਲ ਬਗੀਚੇ ਨਹੀਂ ਉਹ ਗਮਲਿਆਂ ਵਿਚ ਸਬਜ਼ੀਆਂ ਉਗਾਉਣ। ਸਰਦੀਆਂ ਵਿਚ 'ਗਰੀਨ ਹਾਊਸ' ਬਣਾਏ ਜਾਣ ਤੇ ਸਬਜ਼ੀ ਦੀ ਘਾਟ ਆਉਣ ਦਾ ਸਵਾਲ ਹੀ ਨਹੀਂ ਪੈਦਾ ਹੁੰਦਾ। ਕਿਸਾਨ ਸਬਜ਼ੀਆਂ ਉਗਾਉਣ ਦੀ ਥਾਂ ਕਣਕ, ਜਵੀਂ ਤੇ ਜੌਂ ਦੀ ਖੇਤੀ ਕਰਨ--।"
"ਆਹ ਤਾਂ ਕਮਾਲ ਦਾ ਵਿਚਾਰ ਐ।"
"ਸਭ ਤੋਂ ਪਹਿਲਾਂ ਇਹ ਕੰਮ ਤੁਸੀਂ ਕਰੋ ਤੇ ਫਿਰ ਤੁਹਾਡੀ ਇੰਟਰਵਿਊ ਪ੍ਰੈਸ ਵਿਚ ਆਵੇ ਤੇ ਲੋਕਾਂ 'ਤੇ ਚੰਗਾ ਅਸਰ ਪੈ ਸਕਦਾ।"
"ਬਿਲਕੁਲ ਮੈਂ ਇਸ ਦਾ ਜਲਦੀ ਹੀ ਪ੍ਰਬੰਧ ਕਰਦਾਂ।"
ਅਗਲੇ ਛੇ ਕੁ ਮਹੀਨਿਆਂ ਵਿਚ ਖੁਰਾਕ ਬੰਦਰਗਾਹਾਂ ਤੋਂ ਲੋਕਾਂ ਤੱਕ ਪਹੁੰਚਣੀ ਸ਼ੁਰੂ ਹੋ ਗਈ ਸੀ। ਘਰਾਂ ਦੇ ਬਗੀਚਆਂ ਵਿਚ ਲੋਕਾਂ ਨੇ ਸਬਜ਼ੀਆ ਉਗਾਉਣੀਆਂ ਵੀ ਸ਼ੁਰੂ ਕਰ ਦਿੱਤੀਆਂ ਸਨ। ਔਰਤਾਂ ਨੇ ਡਰਾਈਵਰ ਤੇ ਖੇਤਾਂ ਵਿਚ ਕੰਮ ਕਰਨ ਵਿਚ ਪੂਰਾ ਉਤਸ਼ਾਹ ਵਿਖਾਇਆ। ਪਰ ਲੜਾਈ ਦਾ ਅੰਤ ਅਜੇ ਨਜ਼ਰ ਨਹੀਂ ਆ ਰਿਹਾ ਸੀ।

------

"ਲੀਅਮ ਤੂੰ ਖਬਰਾਂ ਦੇਖੀਆਂ? ਜਰਮਨੀ ਨੇ ਪੱਛਮੀ ਸੋਵੀਅਤ ਯੂਨੀਅਨ (ਯੂਕਰੇਨ) ਤੇ ਹਮਲਾ (22 ਜੂਨ 1941) ਕਰ ਦਿੱਤਾ ਐ।" ਮਿਸਟਰ ਸਟੀਲ ਨੇ ਹੈਲੋ ਕਹਿਣ ਤੋਂ ਬਿਨਾ ਕਿਹਾ।
"ਜਰਮਨੀ ਦਾ ਤਾਂ ਸੋਵੀਅਤ ਯੂਨੀਅਨ ਨਾਲ ਸ਼ਾਤੀ ਸਮਝੌਤਾ ਸੀ !" ਲੀਅਮ ਹੈਰਾਨ ਸੀ।
"ਲੀਅਮ ਹਿਟਲਰ ਦੀ ਆਪਣੀ ਸੋਚ ਐ। ਮੇਰੇ ਖਿਆਲ 'ਚ ਯੂਕਰੇਨ 'ਤੇ ਹਮਲਾ ਕਰਕੇ ਉਹ ਪੱਛਮੀ ਸੋਵੀਅਤ ਯੂਨੀਅਨ 'ਤੇ ਕਬਜ਼ਾ ਕਰਨਾ ਚਾਹੁੰਦਾ। ਉਸ ਨੂੰ ਗੈਸ ਅਤੇ ਤੇਲ ਦੇ ਭੰਡਾਰ ਵੀ ਦਿਸਦੇ ਐ ਤੇ ਖੇਤੀ ਵਾਲੀ ਜ਼ਮੀਨ ਵੀ। ਉਹ ਜਿੱਤ ਦੀ ਹਾਲਤ ਵਿਚ ਸੋਵੀਅਤ ਯੂਨੀਅਨ ਨਾਲ ਤੇਲ ਲਈ ਫਾਇਦੇਮੰਦ ਸਮਝੌਤਾ ਕਰ ਸਕਦਾ।"
"ਮੇਰੇ ਖਿਆਲ ਵਿਚ ਆਪਾਂ ਨੂੰ ਦੂਜਾ ਪਾਸਾ ਵੀ ਵੇਖਣਾ ਚਾਹੀਦਾ। ਜਰਮਨੀ ਨੇ ਇਕ ਹੋਰ ਫਰੰਟ ਖੋਲ੍ਹ ਕੇ ਆਪਣੀਆਂ ਫੌਜਾਂ 'ਤੇ ਹੋਰ ਭਾਰ ਪਾ ਲਿਆ ਐ।"
"ਇਹ ਵੀ ਠੀਕ ਐ। ਅਜੇ ਕੇਂਦਰੀ ਤਾਕਤਾਂ ਜਾਣੀ ਜਰਮਨੀ ਤੇ ਬਾਕੀ ਫਾਸਿਸਟਾਂ ਦਾ ਜ਼ੋਰ ਐ। ਜਰਮਨੀ ਨਾਲ ਫਿਨਲੈਂਡ,ਕੋਰੇਸ਼ੀਆ,ਇਟਲੀ,ਰੋਮਾਨੀਆਂ ਤੇ ਹੰਗਰੀ ਵਰਗੇ ਦੇਸ਼ ਵੀ ਐ ਜੋ ਉਸ ਦੀ ਮਦਦ ਕਰਨਗੇ ਹੀ।"

ਗਰਮੀਆਂ ਵਿਚ ਜਰਮਨੀ ਨੇ ਲਾਲ ਫੌਜ ਨੂੰ ਮਾਸਕੋ ਤੋਂ 30 ਕਿਲੋਮੀਟਰ ਦੇ ਫਾਸਲੇ ਤੱਕ ਧੱਕ ਦਿੱਤਾ ਤੇ ਲੱਖਾਂ ਦੀ ਗਿਣਤੀ ਵਿਚ ਲਾਲ ਫੌਜੀ ਜਰਮਨੀ ਨੇ ਬੰਦੀ ਬਣਾ ਲਏ। ਸਰਦੀਆਂ ਸ਼ੁਰੂ ਹੋ ਗਈਆਂ। ਸਰਦੀਆਂ ਦੇ ਸ਼ੁਰੂ ਹੁੰਦਿਆਂ ਤੇ ਬਰਫ਼ ਬਾਰੀ ਹੋਣ ਸਮੇਂ ਲਾਲ ਫੋਜਾਂ ਨੇ ਜਰਮਨੀ ’ਤੇ ਮੋੜਵਾਂ ਹਮਲਾ ਕੀਤਾ। ਦੋਵਾਂ ਧਿਰਾਂ ਦਾ ਬਹੁਤ ਜਾਨੀ ਨੁਕਸਾਨ ਹੋਇਆ। ਲਾਲ ਫੌਜ ਜਰਮਨੀ ਨੂੰ ਪਿੱਛੇ ਧੱਕਣ ਵਿਚ ਸਫ਼ਲ ਹੋ ਗਈ।

------

7 ਦਸੰਬਰ 1941----।

ਹੈਰਿਸ ਤੇ ਲੀਅਮ ਸਵੇਰੇ ਚਾਹ ਪੀ ਰਹੇ ਸਨ ਤੇ ਟੀ ਵੀ ’ਤੇ ਖ਼ਬਰਾਂ ਦੀ ਉਡੀਕ ਕਰ ਰਹੇ ਸਨ। ਖ਼ਬਰਾਂ ਦਾ ਸਮਾਂ ਹੋਇਆ ਤਾਂ ਉਹ ਧਿਆਨ ਨਾਲ ਟੀ ਵੀ ਵੇਖਣ ਲੱਗੇ।

‘ਜਪਾਨ ਦੇ ਸੈਂਕੜੇ ਹਵਾਈ ਜਹਾਜ਼ਾਂ ਨੇ ਅਮਰੀਕਨ ਨੇਵੀ ਬੇਸ ‘ਪਰਲ ਹਾਰਬਰ’ ਜਿਹੜਾ ਹੋਨੋਲੂਲੂ (ਹਵਾਈ) ਦੇ ਨੇੜੇ ਹੈ, ’ਤੇ ਹਮਲਾ ਕੀਤਾ। ਹਮਲਾ ਦੋ ਘੰਟੇ ਦੇ ਕਰੀਬ ਜ਼ਾਰੀ ਰਿਹਾ। ਇਸ ਵਿਚ ਵੀਹ ਸਮੁੰਦਰੀ ਬੇੜੇ ਤੇ ਸੈਂਕੜੇ ਹਵਾਈ ਜ਼ਹਾਜ਼ਾਂ ਦੇ ਨਾਲ ਦੋ ਹਜ਼ਾਰ ਤੋਂ ਵੱਧ ਨੇਵੀ ਅਤੇ ਪਬਲਿਕ ਦੇ ਲੋਕਾਂ ਦੇ ਮਾਰੇ ਜਾਣ ਦਾ ਅੰਦਾਜ਼ਾ ਹੈ। ਸਰਕਾਰ ਅਤੇ ਲੋਕ ਹੈਰਾਨ ਹਨ ਕਿ ਜਪਾਨ ਨੇ 4 ਹਜ਼ਾਰ ਮੀਲ ਆ ਕੇ ਅਜਿਹਾ ਹਮਲਾ ਕਰਨ ਲਈ ਕਿੰਨੀ ਦੇਰ ਟੇਰੇਨਿੰਗ ਕੀਤੀ ਹੋਵੇਗੀ?’

ਖ਼ਬਰ ਸੁਣਦਿਆਂ ਹੀ ਹੈਰਿਸ ਅਤੇ ਲੀਅਮ ਨੇ ਇਕ ਦੂਜੇ ਵੱਲ ਹੈਰਾਨੀ ਨਾਲ ਵੇਖਿਆ। ਉਹਨਾਂ ਦੇ ਮੂੰਹ ਖੁੱਲ੍ਹੇ ਸਨ ਤੇ ਉਹਨਾਂ ਨੂੰ ਖ਼ਬਰ ’ਤੇ ਯਕੀਨ ਨਹੀਂ ਸੀ ਆ ਰਿਹਾ।

“ਆਹ ਤਾਂ ਬੇਯਕੀਨੀ ਵਾਲੀ ਗੱਲ ਐ।” ਹੈਰਿਸ ਨੇ ਲੀਅਮ ਵੱਲ ਵੇਖਦਿਆਂ ਕਿਹਾ।

“ਜੇ ਸੋਚਿਆ ਜਾਵੇ ਤਾਂ ਅਮਰੀਕਾ ਜਪਾਨ ਨਾਲ ਲੜਾਈ ਤਾਂ ਉਦੋਂ ਤੋਂ ਹੀ ਕਰ ਰਿਹਾ ਸੀ ਜਦੋਂ ਤੋਂ ਜਪਾਨ ਨੇ ਚੀਨ ’ਤੇ ਹਮਲਾ (1937) ਕੀਤਾ। ਚੀਨ ਦਾ ਚਿਆਂਗ ਕਾਈ ਸ਼ੈਕ ਅਮਰੀਕਾ ਦਾ ਚੰਗਾ ਦੋਸਤ ਐ। ਅਮਰੀਕਾ ਨੇ ਜਪਾਨ ’ਤੇ ਆਰਥਿਕ ’ਤੇ ਵਪਾਰਿਕ ਪਬੰਦੀਆਂ ਲਾ ਕੇ ਜਪਾਨ ਵਾਸਤੇ ਤੇਲ ਦੀ ਥੁੜ ਪੈਦਾ ਕਰਕੇ ਚੀਨ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਦੋਵਾਂ ਦੇਸ਼ਾਂ ਵਿਚ ਗੱਲਬਾਤ ਨਾਲ ਕੋਈ ਹੱਲ ਨਾ ਨਿਕਲਿਆ ਤਾਂ ਜਪਾਨ ਨੇ ਅਮਰੀਕਾ ਦਾ ਨੁਕਸਾਨ ਕਰਕੇ ਉਸ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਐ।”

“ਪਰ ਕੀ ਅਮਰੀਕਾ ਟੁੱਟ ਜਾਵੇਗਾ?”

“ਖ਼ਬਰ ਸੁਣ--।”

‘ਪਰੈਜੀਡੈਂਟ ਫਰੈਂਕਲਿਨ ਰੂਜ਼ਵੈਲਟ ਨੇ ਕਾਂਗਰਸ ਨੂੰ ਜਪਾਨ ਖਿਲਾਫ ਲੜਾਈ ਦਾ ਮਤਾ ਪਾਸ ਕਰਨ ਲਈ ਕਿਹਾ ਤੇ ਮਤੇ ਦੇ ਵਿਰੁੱਧ ਸਿਰਫ਼ ਇਕ ਵੋਟ ਪਈ। ਹੁਣ ਅਮਰੀਕਾ ਜਪਾਨ ਖਿਲਾਫ ਲੜਾਈ ਵਿਚ ਕੁੱਦ ਪਿਆ ਹੈ।’

“ਇਹ ਤਾਂ ਚੰਗੀ ਖ਼ਬਰ ਐ।”

“ਲੀਅਮ ਅਮਰੀਕਾ ਨੇ ਜਪਾਨ ਵਿਰੁੱਧ ਲੜਾਈ ਦਾ ਐਲਾਨ ਕੀਤਾ ਐ, ਜਰਮਨੀ ਵਿਰੁੱਧ ਨਹੀਂ।”

“ਯਕੀਨਨ ਜਰਮਨੀ ਤੇ ਇਟਲੀ ਵੀ ਅਮਰੀਕਾ ਵਿਰੁੱਧ ਲੜਾਈ ਦਾ ਐਲਾਨ ਕਰਨਗੇ। ਉਹਨਾਂ ਕੋਲ ਹੋਰ ਕੋਈ ਰਾਹ ਨਹੀਂ।”

ਲੀਅਮ ਠੀਕ ਸੀ ਤਿੰਨ ਦਿਨਾਂ ਬਾਅਦ ਜਰਮਨੀ ਤੇ ਇਟਲੀ ਨੇ ਅਮਰੀਕਾ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ ਸੀ। ਹੈਰਿਸ ਹੈਰਾਨ ਸੀ ਲੀਅਮ ਨੇ ਸਿਆਸਤ ਨੂੰ ਕਿੰਨੀ ਜਲਦੀ ਸਿੱਖ ਲਿਆ ਸੀ।

ਕੁਝ ਦਿਨਾਂ ਬਾਅਦ ਚਰਚਿਲ ਵਾਸ਼ਿੰਗਟਨ ਜਾ ਕੇ ਪ੍ਰੈਜੀਡੈਂਟ ਰੂਜਵੈਲਟ ਨਾਲ ਮੀਟਿੰਗ ਕਰ ਰਿਹਾ ਸੀ।



“ਪਤਾ ਲੱਗਿਆ ਜਰਮਨ ਕੈਦੀਆਂ ਤੋਂ ਕੈਂਪ ਬਣਵਾ ਰਹੇ ਐ ਤੇ ਉਹਨਾਂ ਨੂੰ ਪੋਲੈਂਡ ਦੀ ਸਰਹੱਦ ’ਤੇ ਲਿਜਾ ਰਹੇ ਐ। ਜਰਮਨੀ ਦੇ ਜਸੂਸ ਤੋਂ ਭੇਦ ਮਿਲਿਆ ਨਾਜੀਆਂ ਨੇ ਯਹੂਦੀਆਂ ਨੂੰ ਮਾਰਨ ਲਈ ਗੈਸ ਚੈਂਬਰ ਬਣਾਉਣੇ ਸ਼ੁਰੂ ਕੀਤੇ ਐ। ਗੈਸ ਚੈਂਬਰਾਂ ਵਿਚ ਧੱਕ ਕੇ ਉਹਨਾਂ ਨੂੰ ਜਿਉਂਦੇ ਸਾੜਿਆ ਜਾਵੇਗਾ।” ਮਿਸਟਰ ਸਟੀਲ ਤੇ ਲੀਅਮ ਕਾਰ ਵਿਚ ਜਾ ਰਹੇ ਸਨ ਤਾਂ ਸਟੀਲ ਨੇ ਕਿਹਾ। ਲੀਅਮ ਦੀ ਸਿਮਰਤੀ ਵਿਚੋਂ ਨਿੱਕ ਦਾ ਚਿਹਰਾ ਜਗਮਗਾ ਪਿਆ।

ਸਟੀਲ ਠੀਕ ਸੀ। ਕੈਂਜਿੰਗਟਨ ਪੈਲਿਸ ਗਾਰਡਨ ਦੇ ਨੇੜੇ ਹੀ ਇਕ ਵੱਡੇ ਘਰ ਵਿਚ ਬ੍ਰਿਟਿਸ਼ ਸੀਕਰਿਟ ਸਰਵਿਸ ਨੇ 'ਲੰਡਨ ਕੇਜ' ਦੇ ਨਾਂ ਹੇਠ ਜਸੂਸਾਂ ਤੋਂ ਪੁੱਛ ਗਿੱਛ ਲਈ ਸੈਂਟਰ ਬਣਾਇਆ ਹੋਇਆ ਸੀ। ਜਰਮਨੀ 'ਤੇ ਜਿੱਤ ਪ੍ਰਾਪਤ ਕਰਨ ਲਈ ਜਰਮਨ ਜਸੂਸਾਂ ਕੋਲੋਂ ਵੱਧ ਤੋਂ ਵੱਧ ਜਾਣਕਾਰੀ ਲੈਣੀ ਜਰੂਰੀ ਸੀ। ਉਸ ਸੈਂਟਰ ਵਿਚ ਹੀ ਇਕ ਜਸੂਸ ਨੇ ਇਹ ਭੇਦ ਖੋਲ੍ਹਿਆ ਸੀ।

ਲੀਅਮ ਨਿੱਕ ਬਾਰੇ ਸੋਚ ਰਿਹਾ ਸੀ। ਜੇ ਉਹ ਜਿਉਂਦਾ ਹੋਇਆ ਤਾਂ ਉਹ ਵੀ ਸ਼ਾਇਦ ਕਿਸੇ ਪੁੱਛ-ਗਿੱਛ ਸੈਂਟਰ ਵਿਚ ਤਸੀਹੇ ਸਹਿ ਰਿਹਾ ਹੋਵੇਗਾ।

-----

ਬਰਲਿਨ ਦੇ ਰੇਲਵੇ ਸਟੇਸ਼ਨ 'ਤੇ ਮਾਲ ਗੱਡੀ ਖੜ੍ਹੀ ਸੀ। ਉਸ ਦੇ ਕੁਝ ਡੱਬੇ ਸਮਾਨ ਨਾਲ ਭਰੇ ਹੋਏ ਸਨ ਤੇ ਕੁਝ ਖਾਲੀ ਸਨ। ਰੇਲਵੇ ਸਟੇਸ਼ਨ 'ਤੇ ਭਾਰੀ ਫੋਰਸ ਪਹਿਰਾ ਦੇ ਰਹੀ ਸੀ। ਇਕ ਮਿਲਟਰੀ ਟਰੱਕ ਆਇਆ ਜਿਸ ਨੂੰ ਫੌਜੀਆਂ ਨੇ ਘੇਰ ਲਿਆ। ਉਸ ਵਿਚੋਂ ਬਹੁਤ ਕਮਜ਼ੋਰ ਭੁੱਖੇ ਪਿਆਸੇ ਕੈਦੀ ਕੱਢੇ ਜਾ ਰਹੇ ਸਨ ਜਿਹੜੇ ਮੁਸ਼ਕਲ ਨਾਲ ਚੱਲ ਸਕਦੇ ਸਨ। ਉਹਨਾਂ ਨੂੰ ਮਾਲ ਗੱਡੀ ਦੇ ਡੱਬੇ ਵਿਚ ਤੂੜਿਆ ਜਾ ਰਿਹਾ ਸੀ। ਇੰਝ ਹੀ ਕੁਝ ਹੋਰ ਗੱਡੀਆਂ ਆਈਆਂ ਤੇ ਉਹਨਾਂ ਦੇ ਸਵਾਰ ਕੈਦੀਆਂ ਨੂੰ ਡੰਗਰਾਂ ਵਾਂਗ ਡੱਬਿਆਂ ਵਿਚ ਬੰਦ ਕਰ ਦਿੱਤਾ ਗਿਆ।

"ਸਰ ਗੱਡੀ ਨੂੰ ਤੁਰਨ ਦੀ ਇਜ਼ਾਜ਼ਤ ਦੇ ਦਿੱਤੀ ਜਾਵੇ?" ਸਟੇਸ਼ਨ ਮਾਸਟਰ ਨੇ ਕੈਪਟਨ ਨੂੰ ਝੁਕਦਿਆਂ ਪੁੱਛਿਆ।

"ਨਹੀਂ, ਅਜੇ ਨਹੀ।" ਕਹਿ ਕੇ ਕੈਪਟਨ ਘੜੀ ਵੇਖਣ ਲੱਗਾ।

ਕੁਝ ਦੇਰ ਬਾਅਦ ਇਕ ਹੋਰ ਫੌਜੀ ਗੱਡੀ ਆਈ। ਉਸ ਵਿਚੋਂ ਇਕ ਕੈਦੀ ਨੂੰ ਬਾਹਰ ਕੱਢ ਕੇ ਕੈਪਟਨ ਅੱਗੇ ਪੇਸ਼ ਕੀਤਾ ਗਿਆ। ਕੈਪਟਨ ਨੇ ਉਸ ਕਮਜ਼ੋਰ ਹੋ ਚੁੱਕੇ ਕੈਦੀ ਨੂੰ ਤ੍ਰਿਸਕਾਰ ਭਰੀਆਂ ਨਜ਼ਰਾਂ ਨਾਲ ਵੇਖਿਆ ਤੇ ਬਿਨਾਂ ਕੁਝ ਬੋਲਿਆਂ ਗੱਡੀ ਵੱਲ ਇਸ਼ਾਰਾ ਕਰ ਦਿੱਤਾ। ਉਸ ਕੈਦੀ ਨੂੰ ਵੀ ਡੱਬੇ ਵਿਚ ਬੰਦ ਕਰ ਦਿੱਤਾ ਗਿਆ ਤੇ ਗੱਡੀ ਚੱਲ ਪਈ।

ਇਹ ਕੈਦੀ ਨਿੱਕ ਨੌਰਿਸ ਸੀ।

ਨਿੱਕ ਨੇ ਨੋਟ ਕੀਤਾ ਜਰਮਨਾਂ ਦਾ ਪੱਛਮੀ ਦੇਸ਼ਾਂ ਦੇ ਜੰਗੀ ਕੈਦੀਆਂ ਨਾਲ ਵਰਤਾਅ ਚੰਗਾ ਸੀ। ਉਹ ਬਹੁਤ ਹੱਦ ਤੱਕ ਜਨੀਵਾ ਕਨਵੈਨਸ਼ਨ ਦੇ ਮਿਥੇ ਅਸੂਲਾਂ ਅਨੁਸਾਰ ਹੀ ਸੀ। ਸੋਵੀਅਤ ਜੰਗੀ ਕੈਦੀਆਂ ਨਾਲ ਜਰਮਨਾਂ ਦਾ ਵਰਤਾਅ ਬਹੁਤ ਜ਼ਾਲਮਾਨਾ ਅਤੇ ਤ੍ਰਿਸਕਾਰ ਭਰਿਆ ਸੀ। ਉਹਨਾਂ ਨੂੰ ਯਹੂਦੀਆਂ ਅਤੇ ਕਮਿਊਨਿਸਟਾਂ ਵਾਂਗ ਹੀ ਸਮਝਿਆ ਜਾਂਦਾ। ਨਿੱਕ ਜੰਗੀ ਕੈਦੀ ਨਹੀਂ ਸੀ ਤੇ ਜਰਮਨ ਪੁਲੀਸ ਨੂੰ ਉਸ ਨਾਲ ਖੁੰਦਕ ਸੀ ਕਿ ਉਸ ਨੇ ਯਹੂੀਦੀਆਂ ਨੂੰ ਭਜਾ ਦਿੱਤਾ ਸੀ। ਇਸ ਲਈ ਨਿੱਕ ਨਾਲ ਵੀ ਬਹੁਤੀ ਵਾਰ ਮਾੜਾ ਹੀ ਵਰਤਾਅ ਹੁੰਦਾ ਸੀ। ਹੁਣ ਉਸ ਨੂੰ ਯਹੂਦੀਆਂ ਨਾਲ ਹੀ ਕੈਂਪ ਵਿਚ ਭੇਜਿਆ ਜਾ ਰਿਹਾ ਸੀ। ਨਿੱਕ ਜਦ ਰੇਲ ਦੇ ਡੱਬੇ ਵਿਚ ਚੜ੍ਹਿਆ ਤਾਂ ਉਸ ਨੇ ਡੱਬੇ ਨੂੰ ਧਿਆਨ ਨਾਲ ਵੇਖਿਆ। ਬਹੁਤੇ ਆਦਮੀ ਅੱਧਖੜ੍ਹ ਜਾਂ ਪੁਰਾਣੀ ਉਮਰ ਦੇ ਸਨ। ਚਾਰ ਮੁੰਡੇ ਨੌਜਵਾਨ ਸਨ ਜਿਹੜੇ ਇਕ ਦੂਜੇ ਨਾਲ ਕਾਨਾਫੂਸੀ ਕਰ ਰਹੇ ਸਨ। ਔਰਤਾਂ ਤੇ ਬੱਚਿਆਂ ਨੂੰ ਵੱਖਰੇ ਡੱਬਿਆਂ ਵਿਚ ਭਰਿਆ ਗਿਆ ਸੀ। ਡੱਬੇ ਦੇ ਵਿਚਕਾਰ ਇਕ ਬਾਲਟੀ ਰੱਖੀ ਹੋਈ ਸੀ ਜਿਸ ਤੋਂ ਲੈਟਰੀਨ ਦਾ ਕੰਮ ਲਿਆ ਜਾਂਦਾ ਸੀ। ਮੁੰਡੇ ਨਿੱਕ ਵੱਲ ਵੇਖਣ ਲੱਗੇ। ਨਿੱਕ ਉਹਨਾਂ ਕੋਲ ਚਲਾ ਗਿਆ। ਉਸ ਨੇ ਆਪਣੀ ਸਹੀ ਜਾਣਕਾਰੀ ਦਿੱਤੀ।

ਪਿਛਲੇ ਸਮੇਂ ਵਿਚ ਜਰਮਨਾਂ ਦੇ ਚਿਹਰੇ 'ਤੇ ਪਹਿਲਾਂ ਵਾਲੀ ਖੁਸ਼ੀ ਨਹੀਂ ਸੀ ਦਿਸ ਰਹੀ। ਨਿੱਕ ਨੂੰ ਕਦੇ ਕਿਸੇ ਪੁਰਾਣੇ ਅਖ਼ਬਾਰ ਦਾ ਟੁਕੜਾ ਮਿਲ ਜਾਂਦਾ ਤਾਂ ਉਹ ਉਸ ਤੋਂ ਖ਼ਬਰਾਂ ਪੜ੍ਹਦਾ। ਕਦੇ ਕੋਈ ਅਫਸਰ ਜਾਂ ਗਾਰਡ ਅਖ਼ਬਾਰ ਪੜ੍ਹਦਾ ਹੁੰਦਾ ਤਾਂ ਸੁਰਖੀਆਂ ਪੜ੍ਹ ਲੈਂਦਾ। ਕਦੀ ਕੋਈ ਨਵਾਂ ਕੈਦੀ ਆ ਜਾਂਦਾ ਤਾਂ ਉਸ ਤੋਂ ਬਾਹਰਲੀ ਦੁਨੀਆਂ ਦਾ ਪਤਾ ਲੱਗ ਜਾਂਦਾ। ਅਮਰੀਕਾ ਦਾ ਜਪਾਨ ਵਿਰੁੱਧ ਲੜਾਈ ਦਾ ਐਲਾਨ ਤੇ ਤਿੰਨ ਦਿਨ ਬਾਅਦ ਜਰਮਨੀ ਅਤੇ ਇਟਲੀ ਦਾ ਅਮਰੀਕਾ ਵਿਰੁੱਧ ਲੜਾਈ ਦਾ ਐਲਾਨ ਉਸ ਨੂੰ ਅਜਿਹੇ ਸਾਧਨਾਂ ਨਾਲ ਹੀ ਪਤਾ ਲੱਗੇ ਸਨ। ਮਈ 1941 ਵਿਚ ਜਰਮਨ ਪੱਖੀ ਇਰਾਕੀ ਡਿਕਟੇਟਰ 'ਤੇ ਬ੍ਰਿਟੇਨ ਦਾ ਹਮਲਾ ਤੇ ਉਸ ਨੂੰ ਹਰਾ ਕੇ ਆਪਣੀ ਪਸੰਦ ਦਾ ਡਿਕਟੇਟਰ ਬਣਾਉਣ ਦਾ ਵੀ ਉਸ ਨੂੰ ਨਵੇਂ ਆਏ ਕੈਦੀ ਨੇ ਹੀ ਦੱਸਿਆ ਸੀ। ਲਿਬੀਆ ਤੇ ਮਿਸਰ 'ਤੇ ਅਮਰੀਕਣ ਫੌਜਾਂ ਦੀ ਮਦਦ ਨਾਲ ਜਿੱਤ ਦਾ ਪਤਾ ਉਸ ਨੂੰ ਇਕ ਗਾਰਡ ਤੋਂ ਲੱਗਾ ਸੀ ਜਿਹੜਾ ਕਿਸੇ ਕਾਰਣ ਹਿਟਲਰ ਤੇ ਨਾਜੀਆਂ ਨਾਲ ਖੁਸ਼ ਨਹੀਂ ਸੀ ਜਾਪਦਾ।

ਨਿੱਕ ਨੇ ਮੁੰਡਿਆਂ ਨਾਲ ਹੱਥ ਮਿਲਾਇਆ ਤਾਂ ਉਹਨਾਂ ਨਾਲ ਉਸ ਨੂੰ ਹਮਦਰਦੀ ਹੋਈ। ਉਸ ਨੇ ਖਿੜਕੀ ’ਤੇ ਲੱਗੀਆਂ ਲੋਹੇ ਦੀਆਂ ਸੁਲਾਖਾਂ ਨੂੰ ਜੋਹਿਆ। ਉਹ ਜਲਦੀ ਟੁੱਟਣ ਵਾਲੀਆਂ ਨਹੀਂ ਸਨ ਲਗਦੀਆਂ। ਉਸ ਨੇ ਚੌਹਾਂ ਮੁੰਡਿਆਂ ਨੂੰ ਇਕੱਠੇ ਹੋ ਕੇ ਕੋਸ਼ਿਸ਼ ਕਰਨ ਲਈ ਕਿਹਾ ਪਰ ਕੋਈ ਖਾਸ ਫਰਕ ਨਾ ਪਿਆ। ਗੱਡੀ ਦੀ ਰਫ਼ਤਾਰ ਤੋਂ ਉਹ ਹੁਣ ਬੇਖਬਰ ਸਨ। ਸੂਰਜ ਡੁੱਬ ਚੁਕਿਆ ਸੀ ਪਰ ਅਜੇ ਜਰਮਨੀ ਦਾ ਸੂਰਜ ਚਮਕ ਰਿਹਾ ਸੀ ਭਾਵੇਂ ਢਲ ਜ਼ਰੂਰ ਗਿਆ ਲਗਦਾ ਸੀ। ਉਹ ਕੋਸ਼ਿਸ਼ ਕਰਦੇ ਰਹੇ। ਇਕ ਬਜ਼ੁਰਗ ਨੇ ਪੋਲਿਸ਼ ਭਾਸ਼ਾ ਵਿਚ ਕੁਝ ਮੁੰਡਿਆਂ ਨੂੰ ਸੰਬੋਧਤ ਹੋ ਕੇ ਕਿਹਾ। ਮੁੰਡੇ ਇਕ ਦੂਜੇ ਵੱਲ ਵੇਖਣ ਲੱਗੇ। ਦੋਂਹ ਨੇ ਸਿਰ ਮਾਰ ਦਿੱਤਾ। ਤੀਜੇ ਨੇ ਆਪਣੀ ਜਰਸੀ ਲਾਹੀ ਤੇ ਪਿਸ਼ਾਬ ਵਾਲੀ ਬਾਲਟੀ ਵਿਚ ਡੁਬੋ ਦਿੱਤੀ।

ਨਿੱਕ ਹੈਰਾਨੀ ਨਾਲ ਖੜ੍ਹਾ ਵੇਖ ਰਿਹਾ ਸੀ। ਕੁਝ ਲੋਕਾਂ ਦੀਆਂ ਅੱਖਾਂ ਵਿਚ ਘ੍ਰਿਣਾਤਮਕ ਤੱਕਣੀ ਸੀ। ਮੁੰਡੇ ਨੇ ਵੀ ਅਜਿਹਾ ਕੰਮ ਸ਼ਾਇਦ ਕਦੇ ਨਹੀਂ ਕੀਤਾ ਹੁਣਾ ਤੇ ਨਾ ਹੀ ਜੇ ਜਿਉਂਦਾ ਰਿਹਾ ਤਾਂ ਕਰਨ ਦੀ ਲੋੜ ਪਵੇ। ਕੁਝ ਦੇਰ ਬਾਅਦ ਉਸ ਨੇ ਮੁਸ਼ਕ ਮਾਰਦੀ ਕੋਟੀ ਕੱਢੀ ਤੇ ਉਸ ਨੂੰ ਵਟਾ ਦੇ ਕੇ ਇਕ ਸੁਲਾਖ ਨਾਲ ਪਾ ਲਿਆ। ਉਹਨਾਂ ਪੰਜਾਂ ਨੇ ਜ਼ੋਰ ਲਾਇਆ ਤਾਂ ਸੁਲਾਖ ਵਿੰਗੀ ਹੋ ਗਈ। ਕੁਝ ਜਦੋਜਹਿਦ ਬਾਅਦ ਉਹ ਗੱਡੀ ਵਿਚੋਂ ਛਾਲ ਮਾਰ ਕੇ ਬਾਹਰ ਨਿਕਲਣ ਲਈ ਰਾਹ ਬਣਾਉਣ ਵਿਚ ਕਾਮਯਾਬ ਹੋ ਗਏ। ਪਰ ਗੱਡੀ ਦੀ ਰਫ਼ਤਾਰ ਬਹੁਤ ਤੇਜ਼ ਸੀ। ਇਕ ਔਰਤ ਨੇ ਆਪਣਾ ਦਸ ਗਿਆਰਾਂ ਸਾਲ ਦਾ ਮੁੰਡਾ ਵੀ ਉਹਨਾਂ ਕੋਲ ਧੱਕ ਦਿੱਤਾ।

ਜਿਉਂ ਹੀ ਗੱਡੀ ਦੀ ਰਫ਼ਤਾਰ ਮੱਠੀ ਹੋਈ ਤਾਂ ਚਾਰੇ ਮੁੰਡੇ ਵਾਰੀ ਵਾਰੀ ਛਾਲ ਮਾਰ ਗਏ। ਛੋਟੇ ਮੁੰਡੇ ਲਈ ਛਾਲ ਮਾਰਨੀ ਔਖੀ ਸੀ। ਨਿੱਕ ਨੇ ਉਸ ਨੂੰ ਮੋਢਿਆਂ ਤੋਂ ਫੜ ਕੇ ਬਾਹਰ ਲਟਕਾਇਆ। ਗੱਡੀ ਤੇਜ਼ ਹੋ ਗਈ ਸੀ। ਮੁੰਡੇ ਨੂੰ ਨਿੱਕ ਬਾਹਰ ਲਟਕਾਈ ਗੱਡੀ ਦੀ ਚਾਲ ਮੱਠੀ ਹੋਣ ਦੀ ਉਡੀਕ ਕਰਦਾ ਰਿਹਾ। ਫਿਰ ਗੱਡੀ ਦੀ ਚਾਲ ਮੱਠੀ ਹੋਈ ਤਾਂ ਨਿੱਕ ਨੇ ਠੀਕ ਜਿਹੀ ਥਾਂ ਵੇਖ ਕੇ ਉਸ ਨੂੰ ਛੱਡ ਦਿੱਤਾ। ਉਹ ਮੁੰਡੇ ਵੱਲ ਵੇਖਦਾ ਰਿਹਾ। ਮੁੰਡਾ ਜਲਦੀ ਹੀ ਪੈਰਾਂ ’ਤੇ ਖੜ੍ਹਾ ਹੋ ਗਿਆ ਸੀ ਤੇ ਹੱਥ ਹਿਲਾਉਂਦਾ ਦੌੜ ਗਿਆ ਸੀ। ਗੱਡੀ ਦੀ ਚਾਲ ਫਿਰ ਤੇਜ਼ ਹੋ ਗਈ।

“ਤੂੰ ਵੀ ਛਾਲ ਮਾਰ ਜਾਣੀ ਸੀ ਸ਼ੈਦ ਜਿੰਦਗੀ ਮਿਲ ਜਾਂਦੀ। ਆਹ ਗੱਡੀ ਤਾਂ ਮੌਤ ਵੱਲ ਈ ਜਾਂਦੀ ਐ।” ਇਕ ਆਦਮੀ ਨੇ ਨਿੱਕ ਨੂੰ ਹਮਦਰਦੀ ਨਾਲ ਕਿਹਾ।

“ਤੁਸੀਂ ਦੱਸੋ ਕਿਸੇ ਨੂੰ ਮੇਰੀ ਮਦਦ ਦੀ ਲੋੜ ਐ ਤਾਂ?”

ਸਾਰੇ ਚੁੱਪ ਸਨ। ਉਹ ਖੁਦ ਵੀ ਚੁੱਪ ਸੀ। ਉਹ ਦੌੜਨਾ ਚਾਹੁੰਦਾ ਸੀ। ਘਰ ਜਾਣਾ ਚਾਹੁੰਦਾ ਸੀ। ਉਸ ਨੂੰ ਲਗਦਾ ਸੀ ਜਿਵੇਂ ਕੋਈ ਚੀਜ਼ ਉਸ ਦੇ ਅੰਦਰ ਮਰ ਗਈ ਹੋਵੇ। ਜਿਵੇਂ ਉਹ ਬੁੱਢਾ ਹੋ ਗਿਆ ਹੋਵੇ ਜਾਂ ਸ਼ਇਦ ਉਸ ਵਿਚੋਂ ਸ਼ਕਤੀ ਮੁੱਕ ਗਈ ਹੋਵੇ। ਉਸ ਨੂੰ ਖੁਦ ਨੂੰ ਪਤਾ ਨਹੀਂ ਸੀ।

ਬਰੱਸਲਜ਼ ਤੋਂ ਆਉਂਦੀ ਟਰੇਨ ਨੂੰ ਤਿੰਨ ਮੁੰਡਿਆਂ ਨੇ ਜਿਵੇਂ ਬਹਾਦਰੀ ਨਾਲ ਰੋਕਿਆ ਸੀ ਤੇ ਦਰਜਨਾਂ ਲੋਕਾਂ ਨੂੰ ਬਚਾ ਲਿਆ ਸੀ, ਉਹ ਨੇੜੇ ਖੜ੍ਹੇ ਲੋਕਾਂ ਨੂੰ ਕਹਾਣੀ ਸੁਣਾਉਣ ਲੱਗਾ।

“ਨਾਜ਼ੀ ਵਿਰੋਧੀ ਲਹਿਰ ਦੇ ਤਿੰਨਾਂ ਮੈਂਬਰਾਂ ਨੇ ਸੋਟੀਆਂ ’ਤੇ ਮੋਮਬੱਤੀਆਂ ਫਿੱਟ ਕਰ ਲਈਆਂ। ਰੇਲ ਆਉਂਦੀ ਵੇਖ ਕੇ ਉਹਨਾਂ ਨੇ ਮੋਮਬੱਤੀਆਂ ਜਗਾ ਕੇ ਉੱਪਰ ਲਾਲ ਸ਼ੀਸ਼ਾ ਪਾ ਦਿੱਤਾ ਤੇ ਰੇਲ ਦੀ ਪਟੜੀ ਦੇ ਦੋਨੋ ਪਾਸੇ ਇੰਝ ਲੈ ਕੇ ਖੜ੍ਹ ਗਏ ਜਿਵੇਂ ਇਹ ਲਾਲ ਬੱਤੀ ਹੋਵੇ। ਰੇਲ ਝਟਕੇ ਨਾਲ ਰੁਕੀ। ਮੁੰਡਿਆਂ ਨੇ ਫਾਇਰ ਮਾਰ ਕੇ ਕਈ ਡੱਬਿਆਂ ਦੇ ਤਾਲੇ ਤੋੜ ਕੇ ਦਰਵਾਜ਼ੇ ਖੋਲ੍ਹ ਦਿੱਤੇ। ਉਹਨਾਂ ਨੇ ਗਾਰਡਾਂ ਨਾਲ ਦੋ ਹੱਥ ਕੀਤੇ ਤੇ ਕੁਝ ਗਾਰਡ ਜ਼ਖਮੀ ਹੋ ਗਏ। ਰੌਲੇ ਰੱਪੇ ਵਿਚ ਬਹੁਤ ਸਾਰੇ ਕੈਦੀ ਦੌੜ ਗਏ। ਰਾਤ ਦੇ ਹਨ੍ਹੇਰੇ ਵਿਚ ਮੁੰਡੇ ਵੀ ਨਿਕਲ ਗਏ। ਗਾਰਡ ਰੇਲ ਨੂੰ ਸੁੰਨੀ ਛੱਡ ਕੇ ਵੀ ਨਹੀਂ ਜਾ ਸਕਦੇ ਸਨ ਵੈਸੇ ਵੀ ਸ਼ਇਦ ਹਨ੍ਹੇਰੇ ਤੋਂ ਡਰਦੇ ਹੋਣ।”

“ਸ਼ਬਾਸ਼ ਚੰਗਿਆਈ ਕਦੇ ਮਰਦੀ ਨਹੀਂ।” ਕਿਸੇ ਨੇ ਕਿਹਾ।

## 55

ਵਾਰ ਕੈਬਨਿਟ ਦੀਆਂ ਮੀਟਿੰਗਾਂ ਸਮੇਂ ਸਮੇਂ ਹੁੰਦੀਆਂ ਰਹਿੰਦੀਆਂ। ਇਹਨਾਂ ਮੀਟਿੰਗਾਂ ਵਿਚ ਹੀ ਪ੍ਰਾਈਮ ਮਨਿਸਟਰ ਨੇ ਐਂਗਲੋ ਸੋਵੀਅਤ ਸ਼ਾਂਤੀ ਸੰਧੀ ਬਾਰੇ ਦੱਸਿਆ ਤਾਂ ਮੰਤਰੀਆਂ ਦੇ ਮਨਾਂ ਤੋਂ ਬਹੁਤ ਭਾਰ ਲਹਿ ਗਿਆ ਸੀ। ਸੋਵੀਅਤ ਯੂਨੀਅਨ ਲੜਾਈ ਵਿਚ ਫੈਸਲਾਕੁੰਨ ਰੋਲ ਨਿਭਾਉਣ ਦੇ ਕਾਬਲ ਸੀ।

ਬੈਲਜੀਅਮ ’ਤੇ ਜਰਮਨੀ ਦਾ ਕਬਜ਼ਾ ਹੋਣ ਬਾਅਦ ਬੈਲਜੀਅਮ ਦੀ ਜਲਾਵਤਨ ਸਰਕਾਰ ਦਾ ਹੈਡਕੁਆਟਰ ਲੰਡਨ ਵਿਚ ਸੀ। ਜਪਾਨ ਨੇ 8 ਦਸੰਬਰ 1940 ਨੂੰ ਕਲਕੱਤੇ ’ਤੇ ਸ਼ੁਰੂ ਕੀਤੀ ਹਵਾਈ ਬੰਬਾਰੀ ਨਾਲ ਹਫ਼ਤਾ

ਭਰ ਲੋਕਾਂ ਨੂੰ ਸਿਰ ਵੀ ਨਹੀਂ ਚੁੱਕਣ ਦਿੱਤਾ ਸੀ ਤੇ ਭਾਰਤ ਸਰਕਾਰ ਵੱਲੋਂ ਜਪਾਨ ਦਾ ਕੋਈ ਵਿਰੋਧ ਨਹੀਂ ਸੀ ਕਰ ਸਕੀ। ਬਰ੍ਹਮਾ (ਮੀਆਂਮਾਰ) ਤੋਂ ਬਿਨਾਂ ਬਾਕੀ ਦੇ ਉਸ ਖਿੱਤੇ ਦੇ ਦੇਸ਼ ਵੀ ਜਪਾਨ ਦੀ ਫੌਜੀ ਤਾਕਤ ਨਾਲ ਝੰਬੇ ਜਾ ਰਹੇ ਸਨ। ਕੁਝ ਹਿੱਸੇ ਜਪਾਨ ਦੇ ਕਬਜ਼ੇ ਹੇਠ ਆ ਗਏ ਸਨ ਤੇ ਕੁਝ ਵਿਚ ਲੜਾਈ ਚੱਲ ਰਹੀ ਸੀ।

ਇਹੋ ਜਿਹੀ ਹੀ 'ਵਾਰ ਕਮੇਟੀ' ਦੀ ਮੀਟਿੰਗ ਵਿਚ ਇੰਡੀਆ ਬਾਰੇ ਇਕ ਗੰਭੀਰ ਮਸਲਾ ਸਾਹਮਣੇ ਆ ਗਿਆ। ਕਲੋਨੀਅਲ ਸੈਕਟਰੀ ਹੈਰਾਲਡ ਮੈਕਮਿਲਨ ਨੇ ਹੱਥ ਖੜ੍ਹਾ ਕੀਤਾ।

"ਬੰਗਾਲ ਵਿਚ ਹਾਲਤ ਕਾਫੀ ਖ਼ਰਾਬ ਹੋ ਰਹੇ ਹਨ। ਉਥੇ ਵੀ ਜੰਗ ਵਰਗੀ ਹਾਲਤ ਬਣੀ ਹੋਈ ਹੈ। ਮੇਰੇ ਖਿਆਲ 'ਚ ਇਸ ਸਮੱਸਿਆ ਨੂੰ ਪਹਿਲ ਦੇ ਅਧਾਰ 'ਤੇ ਵਿਚਾਰਨਾ ਚਾਹੀਦਾ।"

"ਹੈਰਾਲਡ ਸੰਖੇਪ ਵਿਚ ਸਮੱਸਿਆ ਬਾਰੇ ਗੱਲ ਕਰੋ।" ਚਰਚਲ ਨੇ ਬਿਨਾਂ ਕਿਸੇ ਵੱਲ ਵੇਖਿਆਂ ਕਿਹਾ।

"---ਸਮੱਸਿਆ ਦੀ ਸ਼ੁਰੂਆਤ ਤਾਂ ਬੰਗਾਲ ਵਿਚ ਕਾਲ ਪੈਣ ਨਾਲ ਸ਼ੁਰੂ ਹੋਈ। ਜਿਸ ਨਾਲ 14ਹਜ਼ਾਰ ਮੌਤਾਂ ਹੋਈਆਂ ਤੇ ਇਕ ਲੱਖ ਨੱਬੇ ਹਜ਼ਾਰ ਪਸ਼ੂ 1941 ਦੇ ਅੰਤ ਤੱਕ ਮਰ ਗਏ ਸਨ। ਲੋਕਾਂ ਵਿਚ ਹਾਹਾਕਾਰ ਮੱਚ ਗਈ। ਜਪਾਨ ਨੇ ਸਮੁੰਦਰ ਰਾਹੀਂ ਬਰ੍ਹਮਾਂ ਤੋਂ ਚੌਲ ਆਉਣ 'ਤੇ ਪਬੰਦੀ ਲਗਾ ਦਿੱਤੀ ਜਿਸ ਨਾਲ ਹਾਲਤ ਹੋਰ ਵੀ ਖ਼ਰਾਬ ਹੋ ਗਈ। ਲੋਕਾਂ ਦੇ ਗੁੱਸੇ ਨੂੰ ਵੇਖਦਿਆਂ ਨੈਸ਼ਨਲ ਕਾਂਗਰਸ ਨੇ 8 ਅਗਸਤ 1942 ਨੂੰ 'ਭਾਰਤ ਛੱਡੋ' ਦਾ ਨਾਹਰਾ ਲਗਾ ਦਿੱਤਾ ਤੇ ਲੋਕਾਂ ਵੱਲੋਂ ਉਸ ਨੂੰ ਚੰਗਾ ਹੁੰਗਾਰਾ ਮਿਲਿਆ---।"

"ਭਾਰਤ ਸਰਕਾਰ ਨੂੰ ਕਹੋ ਅਜਿਹੀ ਹਾਲਤ ਨੂੰ ਸਖ਼ਤੀ ਨਾਲ ਕੁਚਲਿਆ ਜਾਵੇ। ਉਹਨਾਂ ਲੋਕਾਂ ਨੂੰ ਚਾਹੀਦਾ ਉਹ ਸਰਕਾਰ ਦੀ ਜੰਗ ਜਿੱਤਣ ਵਿਚ ਮਦਦ ਕਰਨ ਪਰ ਉਹ ਸਰਕਾਰ ਦੇ ਖਿਲਾਫ ਲੋਕਾਂ ਨੂੰ ਭੜਕਾ ਰਹੇ ਐ!" ਚਰਚਲ ਨੇ ਗੁੱਸੇ ਨਾਲ ਕਿਹਾ।

"—ਪ੍ਰਾਈਮ ਮਨਿਸਟਰ, ਸਰਕਾਰ ਨੇ ਸਖ਼ਤੀ ਕੀਤੀ ਸੀ 'ਤੇ ਕਾਂਗਰਸ ਦੇ ਪ੍ਰਮੁੱਖ ਲੀਡਰਾਂ ਨੂੰ ਗਰਿਫਤਾਰ ਕਰ ਲਿਆ। ਪਰ ਉਸ ਨਾਲ ਹਾਲਤ ਹੋਰ ਵੀ ਧਮਾਕਾਖੇਜ਼ ਹੋ ਗਈ।"

"ਉਹ ਕਿਵੇਂ?" ਸਭ ਨੇ ਹੈਰਾਨੀ ਨਾਲ ਕਿਹਾ।

"ਕਾਂਗਰਸ ਪਾਰਟੀ ਅਹਿੰਸਾ ਦੇ ਅਸੂਲ 'ਤੇ ਚਲਦੀ ਹੈ। ਜਦੋਂ ਤੱਕ ਲੀਡਰ ਬਾਹਰ ਸਨ ਤਾਂ ਸ਼ਾਂਤਮਈ ਢੰਗ ਨਾਲ ਲਹਿਰ ਚੱਲਦੀ ਸੀ। ਲੀਡਰਾਂ ਦੀ ਗਰਿਫਤਾਰੀ ਬਾਅਦ ਲੋਕਾਂ ਨੇ ਫੈਕਟਰੀਆਂ ਨੂੰ ਅੱਗ ਲਾਉਣ, ਪੁਲ ਤੋੜਨ, ਟੈਲੀਫੋਨ ਦੇ ਖੰਭੇ ਤੇ ਤਾਰਾਂ ਪੁੱਟਣ ਤੇ ਰੇਲਵੇ ਲਾਈਨਾਂ ਨੂੰ ਨੁਕਸਾਨ ਕਰਨ ਵੱਲ ਨੂੰ ਝੁਕਾਅ ਕਰ ਲਿਆ ਹੈ ਜਿਸ ਨਾਲ ਬਹੁਤ ਨੁਕਸਾਨ ਹੋ ਰਿਹਾ ਹੈ।"

"ਸੂਅਰ—ਮੂਰਖ।" ਚਰਚਲ ਗੁਰਾਇਆ।

"---ਇੰਡੀਆ ਸਰਕਾਰ ਨੇ ਵਾਰ ਵਾਰ ਫੂਡ ਅਤੇ ਫੂਡ ਸਪਲਾਈ ਦੀ ਸਮੱਸਿਆ ਸੁਲਝਾਉਣ ਲਈ ਮਦਦ ਦੀ ਮੰਗ ਕੀਤੀ ਹੈ ਤੇ ਅਨਾਜ ਦਾ ਪ੍ਰਬੰਧ ਕਰਨ ਦੀ ਫੌਰੀ ਲੋੜ ਐ। ਨਹੀਂ ਤਾਂ ਹਾਲਾਤ ਹੱਥੋਂ ਨਿਕਲਣ ਦਾ ਖਤਰਾ ਹੈ।" ਹੈਰਾਲਡ ਨੇ ਆਪਣਾ ਪੱਖ ਰੱਖਿਆ।

"ਸਿਵਲੀਅਨ ਲੋਕਾਂ ਤੋਂ ਵੱਧ ਫੂਡ ਸਪਲਾਈ ਦੀ ਫੌਜਾਂ ਨੂੰ ਲੋੜ ਹੈ। ਸਰਕਾਰ ਕੋਲ ਸਿਵਲੀਅਨ ਲੋਕਾਂ ਬਾਰੇ ਸੋਚਣ ਦਾ ਸਮਾਂ ਨਹੀਂ---।" ਚਰਚਲ ਬੋਲਿਆ।

"ਇਹ ਵਿਚਾਰਣਾ ਜ਼ਰੂਰੀ ਐ ਕਿ 1942-1944 ਤੱਕ ਭਾਰਤ ਸਰਕਾਰ ਨੇ ਇਹ ਬੇਨਤੀ ਵਾਰ ਵਾਰ ਕੀਤੀ ਹੈ। ਹਰ ਵਾਰ ਕੈਬਨਿਟ ਵੱਲੋਂ ਅੱਜ ਵਾਲਾ ਹੀ ਜਵਾਬ ਦਿੱਤਾ ਜਾਂਦਾ ਰਿਹਾ ਹੈ। ਜਦੋਂ ਕਿ ਪਿਛਲੇ ਸਾਲ (1943) ਵਿਚ ਆਸਟਰੇਲੀਆਂ ਤੋਂ ਕਣਕ ਦਾ ਆਟਾ ਸੀਲੋਨ, ਮਿਡਲ ਈਸਟ ਤੇ ਦੱਖਣੀ ਅਫਰੀਕਾ ਵਿਚ ਭੇਜਣਾ ਯਕੀਨੀ ਬਣਾਇਆ ਗਿਆ ਸੀ। ਪਰ ਭਾਰਤ ਨਾਲ ਅਜਿਹਾ ਸਲੂਕ ਕਿਉਂ? ਕੀ ਬ੍ਰਿਟਿਸ਼ ਸਰਕਾਰ ਭਾਰਤੀ ਲੋਕਾਂ ਵੱਲੋਂ 'ਭਾਰਤ ਛੱਡੋ' ਦੀ ਉੱਠੀ ਮੰਗ ਕਰਕੇ ਉਹਨਾਂ ਨੂੰ ਸਜ਼ਾ ਦੇ ਰਹੀ ਹੈ? ਸਰਕਾਰ ਨੂੰ ਮੈਂ ਦੱਸਣਾ ਆਪਣਾ ਫਰਜ਼ ਸਮਝਦਾ ਹਾਂ ਕਿ ਬੰਗਾਲ ਦੇ ਆਦਮੀ ਭੁੱਖਮਰੀ ਕਾਰਨ ਆਪਣੀਆਂ ਔਰਤਾਂ ਨੂੰ ਛੱਡਣ ਲਈ ਮਜ਼ਬੂਰ ਐ ਤੇ ਔਰਤਾਂ ਆਦਮੀਆਂ ਨੂੰ। ਔਰਤਾਂ ਰੋਟੀ ਦੀ ਬੁਰਕੀ ਲਈ ਵੇਸਵਾਗਿਰੀ ਕਰਨ ਲਈ ਮਜਬੂਰ ਐ। ਲੋਕ ਬੰਗਾਲ ਛੱਡ ਕੇ ਕੰਮਾਂ ਦੀ ਭਾਲ ਵਿਚ ਹੋਰ ਸੂਬਿਆਂ ਵੱਲ ਜਾ ਰਹੇ ਹਨ। ਨੰਗੇ ਤੇ ਭੁੱਖੇ ਬੱਚਿਆਂ ਨੂੰ ਬਾਰਸ਼ ਵਿਚ ਖੜ੍ਹਿਆ ਰੋਂਦੇ ਚੀਕਦੇ ਵੇਖ ਕੇ ਹਰ ਕਿਸੇ ਦਾ ਦਿਲ ਮੂੰਹ ਵਿਚ ਆ ਜਾਂਦਾ। ਇਹ ਅਨਾਥ ਬੱਚੇ ਰਾਤ ਨੂੰ ਬਿਮਾਰੀ ਕਰਕੇ ਖੰਘਦੇ ਆਮ ਘਰਾਂ ਵਿਚ ਸੁਣੇ ਜਾ ਸਕਦੇ ਹਨ। ਹੁਣ ਤੱਕ ਤਕਰੀਬਨ 30 ਲੱਖ ਲੋਕ ਮੌਤ ਦੇ ਮੂੰਹ ਪੈ ਚੁੱਕੇ ਹਨ। ਮੈਂ ਸਿੱਧੇ ਤੌਰ 'ਤੇ ਬ੍ਰਿਟਿਸ਼ ਸਰਕਾਰ ਨੂੰ ਬੰਗਾਲ ਦੇ ਲੋਕਾਂ ਪ੍ਰਤੀ ਗੈਰਜ਼ਿੰਮੇਵਾਰ ਵਰਤਾਅ ਲਈ

ਕਸੂਰਵਾਰ ਸਮਝਦਾ ਹਾਂ। ਮੈਨੂੰ ਅਫਸੋਸ ਐ ਮੈਂ ਅਜਿਹੀ ਹਾਲਤ ਹੋਰ ਨਹੀਂ ਵੇਖ ਸਕਦਾ ਤੇ ਅਸਤੀਫਾ ਦੇਣ ਲਈ ਮਜ਼ਬੂਰ ਹਾਂ।''

ਹੈਰਾਲਡ ਨੇ ਆਪਣਾ ਅਸਤੀਫਾ ਚਰਚਲ ਅੱਗੇ ਰੱਖ ਦਿੱਤਾ ਤੇ ਕੈਬਨਿਟ ਮੀਟਿੰਗ ਵਿਚੋਂ ਬਾਹਰ ਆ ਗਿਆ। ਚਰਚਲ ਹੈਰਾਨੀ ਨਾਲ ਵੇਖਦਾ ਰਹਿ ਗਿਆ। ਉਸ ਨੂੰ ਅਜਿਹੀ ਉਮੀਦ ਨਹੀਂ ਸੀ। ਕਮਰੇ ਵਿਚ ਚੁੱਪ ਛਾ ਗਈ। ਚਰਚਲ ਦੇ ਮਨ ਵਿਚ ਆਜ਼ਾਦ ਹਿੰਦ ਫੌਜ ਦਾ ਖਿਆਲ ਆਇਆ।

--------

ਕਾਂਗਰਸ ਪਾਰਟੀ ਵਿਚ ਇਕ ਗਰੁੱਪ ਬੋਸ (ਸੁਭਾਸ਼ ਚੰਦਰ ਬੋਸ) ਦਾ ਸੀ ਜਿਸ ਨੂੰ ਗਰਮ ਖਿਆਲੀਆ ਕਿਹਾ ਜਾਂਦਾ ਸੀ। ਬੋਸ ਅਤੇ ਉਸ ਦੇ ਸਮਰਥਕ ਆਜ਼ਾਦੀ ਲਈ ਜਪਾਨ ਦੀ ਮਦਦ ਲੈਣ ਦੇ ਹੱਕ ਵਿਚ ਸਨ। ਉਸ ਨੇ ਜਨਰਲ ਮੋਹਨ ਸਿੰਘ ਨਾਲ ਮਿਲ ਕੇ ਆਜ਼ਾਦ ਹਿੰਦ ਫੌਜ (1942) ਬਣਾਈ ਸੀ। ਉਦੋਂ ਤੋਂ ਬਹੁਤ ਸਾਰੇ ਭਾਰਤੀ ਜੋ ਮਲੇਸ਼ੀਆ, ਚੀਨ, ਬਰ੍ਹਮਾ ਤੇ ਭਾਰਤ ਵਰਗੇ ਦੇਸ਼ਾਂ ਵਿਚ ਰਹਿੰਦੇ ਸਨ,ਂ ਆਜ਼ਾਦ ਹਿੰਦ ਫੌਜ ਵਿਚ ਭਰਤੀ ਹੋ ਚੁੱਕੇ ਸਨ।

21 ਅਕਤੂਬਰ 1943 ਨੂੰ ਜਪਾਨ ਦੀ ਮਦਦ ਨਾਲ ਸਿੰਗਾਪੁਰ ਵਿਚ ਆਜ਼ਾਦ ਹਿੰਦ ਫੌਜ ਦੇ ਲੀਡਰਾਂ ਦੀ ਅਸਥਾਈ 'ਆਜ਼ਾਦ ਭਾਰਤ ਸਰਕਾਰ' ਬਣਾਈ ਗਈ। ਇਹ ਭਾਰਤ ਤੋਂ ਬਾਹਰ ਭਾਰਤ ਨੂੰ ਜਪਾਨ ਦੀ ਮਦਦ ਨਾਲ ਆਜ਼ਾਦ ਕਰਵਾਉਣ ਲਈ ਚੱਲ ਰਹੀ ਲਹਿਰ ਦਾ ਹਿੱਸਾ ਸੀ। ਆਜ਼ਾਦ ਹਿੰਦ ਸਰਕਾਰ ਦੀ ਆਪਣੀ ਕਰੰਸੀ, ਅਦਾਲਤਾਂ, ਤੇ ਸਿਵਲ ਕੋਡ ਦੀ ਹੋਂਦ ਨੇ ਭਾਰਤੀ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਉਤਸ਼ਾਹਤ ਵੀ ਕੀਤਾ।

ਜਪਾਨ ਨੇ ਅਸਥਾਈ 'ਆਜ਼ਾਦ ਭਾਰਤ ਸਰਕਾਰ' ਨੂੰ ਦਿਖਾਵਾ ਮਾਤਰ ਅੰਡੇਮਾਨ ਤੇ ਨਿਕੋਬਾਰ ਤੋਂ ਬਿਨਾਂ ਨਾਗਾਲੈਂਡ ਤੇ ਮਨੀਪੁਰ ਦਾ ਪ੍ਰਬੰਧ ਸੌਂਪ ਦਿੱਤਾ। ਪਰ ਅੰਤਿਮ ਫੈਸਲਾ ਜਪਾਨ ਸਰਕਾਰ ਦਾ ਹੀ ਲਾਗੂ ਹੁੰਦਾ।

ਭਾਰਤ ਤੇ ਬ੍ਰਿਟਿਸ਼ ਸਰਕਾਰ ਆਜ਼ਾਦ ਹਿੰਦ ਫੌਜ ਨੂੰ ਖਤਮ ਕਰਨਾ ਚਾਹੁੰਦੀਆਂ ਸਨ। ਭਾਰਤੀ ਲੋਕਾਂ ਦਾ ਝੁਕਾਅ ਆਜ਼ਾਦ ਹਿੰਦ ਵੱਲ ਨੂੰ ਵਧ ਰਿਹਾ ਸੀ। ਜਪਾਨ ਦੀ ਹਾਰ ਤੇ ਨੇਤਾ ਜੀ ਸੁਭਾਸ਼ ਚੰਦਰ ਦੀ ਮੌਤ ਨਾਲ ਆਜ਼ਾਦ ਹਿੰਦ ਆਰਮੀ ਵੀ ਟੁੱਟ ਗਈ ਸੀ।

## 56

ਰੇਲ ਗੱਡੀ ਇਕ ਵਾਰ ਫਿਰ ਹੌਲੀ ਹੋ ਗਈ ਸੀ। ਵਿੰਗੀਆਂ ਹੋਈਆਂ ਸੀਖਾਂ ਵਿਚੋਂ ਦੀ ਸੂਰਜ ਦੀ ਲਾਲ ਟਿੱਕੀ ਦਿਸੀ। ਉਂਘਲਾਉਂਦੇ ਜਿਹੇ ਕੈਦੀ ਬਾਹਰ ਵੇਖਣ ਲੱਗੇ। ਅਬਾਦੀ ਦੇ ਨਿਸ਼ਾਨ ਦਿਸਣ ਲੱਗੇ। ਕੁਝ ਦੇਰ ਬਾਅਦ ਗੱਡੀ ਕਿਸੇ ਸਟੇਸ਼ਨ 'ਤੇ ਰੁਕ ਗਈ ਸੀ। ਗੱਡੀ ਨੂੰ ਬੰਦੂਕਧਾਰੀ ਗਾਰਡਾਂ ਨੇ ਘੇਰ ਲਿਆ। ਬਹੁਤਿਆਂ ਨੂੰ ਖ਼ਬਰ ਹੋ ਗਈ ਸੀ ਇਹ ਉਹਨਾਂ ਦੀ ਸ਼ਾਇਦ ਆਖਰੀ ਮੰਜ਼ਿਲ ਸੀ। ਨਿੱਕ ਵੀ ਇਸ ਸੱਚ ਤੋਂ ਅਣਜਾਣ ਨਹੀਂ ਸੀ।

ਕੁਝ ਦੇਰ ਬਾਅਦ ਕੈਦੀਆਂ ਨੂੰ ਹੁੱਝਾਂ ਮਾਰਦੇ ਤੇ ਗਾਹਲਾਂ ਕੱਢਦੇ ਗਾਰਡ ਕੈਂਪ ਅੰਦਰ ਲੈ ਗਏ। ਇਹ ਪੋਲੈਂਡ ਦੀ ਜ਼ਮੀਨ 'ਤੇ ਬਣਿਆ 'ਔਸ਼ਵਿਟਜ਼ ਕੈਂਪ' ਸੀ। ਨਿੱਕ ਇਸ ਦੀ ਬਰਬਰਤਾ ਤੋਂ ਅਣਭੋਲ ਨਹੀਂ ਸੀ। ਪਹਿਲਾ ਵਿਚਾਰ ਉਸ ਦੇ ਮਨ ਵਿਚ ਆਇਆ ਕਿ ਉਹ ਇਥੋਂ ਵਾਪਿਸ ਨਹੀਂ ਜਾ ਸਕੇਗਾ।

ਕੈਂਪ ਵਿਚ ਔਰਤਾਂ ਅਤੇ ਬੱਚਿਆਂ ਨਾਲੋਂ ਮਰਦਾਂ ਨੂੰ ਵੱਖ ਕਰ ਦਿੱਤਾ ਗਿਆ। ਹਰ ਕਿਸੇ ਦੀਆਂ ਕੰਮ ਲਈ ਡਿਊਟੀਆਂ ਲਾਈਆਂ ਗਈਆਂ। ਚਾਰ ਮੁੰਡੇ ਅਤੇ ਨਿੱਕ ਨੂੰ ਗਾਰਡਾਂ ਤੇ ਅਫਸਰਾਂ ਦੀਆਂ ਵਰਦੀਆਂ ਧੋਣ ਅਤੇ ਇਸਤਰੀ ਕਰਨ ਦਾ ਕੰਮ ਦਿੱਤਾ ਗਿਆ। ਨਿੱਕ ਦੀਆਂ ਤਜ਼ਰਬੇਕਾਰ ਨਿਗਾਹਾਂ ਨੇ ਕੈਂਪ ਦਾ ਜਿਵੇਂ ਐਕਸਰੇ ਕਰ ਲਿਆ ਹੋਵੇ। ਉਸ ਨੇ ਕੁਝ ਲੋਕਾਂ ਨੂੰ ਬਚਾਉਣ ਦਾ ਦ੍ਰਿੜ ਨਿਸ਼ਚਾ ਕਰ ਲਿਆ। ਉਸ ਨੇ ਇਕ ਮੁੰਡੇ ਨਾਲ ਗੱਲ ਕੀਤੀ;

''ਕੀ ਤੂੰ ਜ਼ਿੰਦਗੀ ਲਈ ਜ਼ਿੰਦਗੀ ਦਾਅ 'ਤੇ ਲਾਉਣ ਲਈ ਤਿਆਰ ਐਂ?'' ਮੁੰਡਾ ਹੱਕਾ-ਬੱਕਾ ਜਿਹਾ ਉਸ ਵੱਲ ਵੇਖਣ ਲੱਗਾ। ਜਦ ਉਸ ਨੇ ਨਿੱਕ ਨੂੰ ਗੰਭੀਰਤਾ ਨਾਲ ਆਪਣੇ ਵੱਲ ਵੇਖਦਿਆਂ ਵੇਖਿਆ ਤਾਂ ਬੋਲਿਆ-

''ਮੈਂ ਸਮਝਿਆ ਨੀ!''

''ਸਮਝਣ ਨਾਲੋਂ ਵੱਧ ਮਨ ਬਣਾਉਣ ਦੀ ਲੋੜ ਐ।'' ਕਹਿ ਕੇ ਨਿੱਕ ਆਪਣੇ ਕੰਮ ਲੱਗ ਗਿਆ।

ਸਾਰਾ ਦਿਨ ਮੁੰਡਾ ਨਿੱਕ ਦੇ ਕਹੇ ਸ਼ਬਦਾਂ ਬਾਰੇ ਸੋਚਦਾ ਰਿਹਾ। ਕੈਂਪ ਨੂੰ ਵੱਡੀ ਗਿਣਤੀ ਵਿਚ ਘੇਰੀ ਖੜ੍ਹੇ ਗਾਰਡਾਂ ਵੱਲ ਉਸ ਨੇ ਵੇਖਿਆ। ਅਫਸਰਾਂ ਦੀ ਆਉਣੀ-ਜਾਣੀ ਨੂੰ ਨਿਰਖ ਨਾਲ ਵਾਚਦਾ ਰਿਹਾ। ਸਾਰੀ ਰਾਤ ਸੋਚਦਾ ਰਿਹਾ ਆਖਰ ਐਨੀ ਸਖ਼ਤ ਸਕਿਉਰਟੀ ਵਿਚੋਂ ਕਿਵੇਂ ਕੋਈ ਭੱਜ ਸਕਦਾ?

ਅਗਲੇ ਦਿਨ ਮੁੰਡੇ ਨੇ ਨਿੱਕ ਨੂੰ ਇਹੋ ਸਵਾਲ ਕਰ ਲਿਆ।

"ਤੁਹਾਡਾ ਕੰਮ ਸਿਰਫ ਸਵੈ- ਵਿਸ਼ਵਾਸ਼ ਪੈਦਾ ਕਰਨਾ ਤੇ ਖਤਰਾ ਮੁੱਲ ਲੈਣਾ ਹੈ। ਜੇ ਤੁਸੀਂ ਪੂਰੇ ਵਿਸ਼ਵਾਸ਼ ਨਾਲ ਐਕਟਿੰਗ ਕਰੋਗੇ ਤਾਂ ਸਫ਼ਲ ਹੋਣ ਦੀ ਬਹੁਤ ਉਮੀਦ ਐ।" ਨਿੱਕ ਨੇ ਉਹਨਾਂ ਨੂੰ ਅਜੇ ਆਪਣੀ ਸਕੀਮ ਬਾਰੇ ਕੁਝ ਨਹੀਂ ਸੀ ਦੱਸਿਆ।

ਤੀਜੇ ਦਿਨ ਚੌਹਾਂ ਮੁੰਡਿਆਂ ਨੇ ਹਾਂ ਕਰ ਦਿੱਤੀ। ਨਿੱਕ ਨੇ ਉਹਨਾਂ ਨੂੰ ਸਾਰੀ ਸਕੀਮ ਦੱਸ ਦਿੱਤੀ।

ਅਗਲੇ ਦਿਨ ਹੀ ਮੌਕਾ ਵੇਖ ਕੇ ਇਕ ਮੁੰਡੇ ਨੇ ਸਟੋਰ ਵਿਚੋਂ ਪ੍ਰੈਸ ਕੀਤੀ ਹੋਈ ਕਰਨਲ ਦੀ ਵਰਦੀ ਪਾਈ। ਪਾਲਿਸ਼ ਕੀਤੇ ਜੁੱਤੇ, ਹੱਥ ਵਿਚ ਕਰਨਲ ਵਾਲਾ ਡੰਡਾ। ਦੂਜੇ ਨੇ ਡਰਾਇਵਰ ਦੀ ਵਰਦੀ ਪਾ ਲਈ ਤੇ ਤੀਜਾ ਗਾਰਡ ਦੀ ਵਰਦੀ ਵਿਚ ਸਜ ਗਿਆ।

ਚੌਥਾ ਕੈਦੀਆਂ ਦੀ ਵਰਦੀ ਵਿਚ ਸੀ। ਗਾਰਡ ਨੇ ਉਸ ਨੂੰ ਧੌਣ ਤੋਂ ਫੜਿਆ ਹੋਇਆ ਸੀ। ਕਰਨਲ ਉਹਨਾਂ ਦੇ ਅੱਗੇ ਮਾਰਚ ਕਰਦਾ ਜਾ ਰਿਹਾ ਸੀ। ਕੁਝ ਕੁ ਧੱਫੇ ਜਿਹੇ ਉਸ ਨੇ ਕੈਦੀ ਦੇ ਮਾਰੇ ਜਿਸ ਨੂੰ ਡਿਊਟੀ 'ਤੇ ਖੜ੍ਹਾ ਗਾਰਡ ਵੇਖ ਰਿਹਾ ਸੀ। ਮਰਸਡੀਜ਼ ਗੱਡੀ ਦੇ ਬੂਟ ਵਿਚ ਕੈਦੀ ਨੂੰ ਧੱਕ ਕੇ ਬੂਟ ਬੰਦ ਕਰ ਦਿੱਤਾ। ਡਰਾਇਵਰ ਨੇ ਕਰਨਲ ਲਈ ਕਾਰ ਦਾ ਪਿਛਲਾ ਦਰਵਾਜ਼ਾ ਖੋਲ੍ਹਿਆ। ਕਰਨਲ ਕਾਰ ਦੀ ਪਿਛਲੀ ਸੀਟ 'ਤੇ ਬੈਠ ਗਿਆ ਤਾਂ ਡਰਾਈਵਰ ਆਪਣੀ ਸੀਟ 'ਤੇ ਜਾ ਬੈਠਾ ਤੇ ਗਾਰਡ ਸਵਾਰੀ ਸੀਟ 'ਤੇ ਸਜ ਗਿਆ। ਗੱਡੀ ਸਟਰਾਟ ਕਰਕੇ ਡਰਾਈਵਰ ਗੇਟ ਵੱਲ ਨੂੰ ਵਧਿਆ।

"ਗੇਟ ਖੋਲ੍ਹ ਨਹੀਂ ਮੈਂ ਤੇਰਾ ਭੇਜਾ ਖੋਲ੍ਹ ਦਿਊਂ।" ਕਰਨਲ ਨੇ ਗੇਟ ਕੀਪਰ ਦੀ ਦੁਚਿੱਤੀ ਨੂੰ ਭਾਂਪਦਿਆਂ ਹੁਕਮ ਚਾੜ੍ਹਿਆ। ਗੇਟ ਕੀਪਰ ਨੇ ਦੌੜ ਕੇ ਗੇਟ ਖੋਲ੍ਹ ਦਿੱਤਾ।

ਗੱਡੀ ਪੂਰੀ ਰਫ਼ਤਾਰ ਨਾਲ ਦੌੜੀ ਤੇ ਮੁੱਖ ਸੜਕ 'ਤੇ ਚੜ੍ਹ ਗਈ। ਉਹਨਾਂ ਨੂੰ ਉਮੀਦ ਸੀ ਉਹ ਜਲਦੀ ਕੀਤਿਆਂ ਫੜੇ ਨਹੀਂ ਜਾਣਗੇ। ਅਜੇ ਉਹ ਥੋੜੀ ਦੂਰ ਹੀ ਗਏ ਸਨ ਤਾਂ ਅੱਗੇ ਸੜਕ 'ਤੇ ਫੌਜੀ ਗੱਡੀਆਂ ਦੀ ਲੰਬੀ ਲਾਈਨ ਹੌਲੀ-ਹੌਲੀ ਚੱਲ ਰਹੀ ਸੀ। ਬਾਕੀ ਦੇ ਵਾਹਨ ਉਸ ਦੇ ਪਿੱਛੇ ਚੱਲ ਰਹੇ ਸਨ।

"ਕਰਨਲ ਹੁਣ ਕੀ ਕੀਤਾ ਜਾਵੇ?"

"ਕਰਨਲ ਦੀ ਗੱਡੀ ਬਿਨਾਂ ਕਿਸੇ ਦੀ ਪ੍ਰਵਾਹ ਕੀਤੇ ਪਾਸੇ ਤੋਂ ਅੱਗੇ ਜਾਵੇਗੀ।"

ਡਰਾਈਵਰ ਨੇ ਸਭ ਗੱਡੀਆਂ ਤੋਂ ਬੇਪ੍ਰਵਾਹ ਮਰਸਡੀਜ਼ ਦੇ ਹਾਰਨ ਵਜਾਉਂਦਿਆਂ ਸਾਰੀ ਕਾਨਵਾਈ ਨੂੰ ਪਿੱਛੇ ਛੱਡ ਕੇ ਕਾਰ ਅੱਗੇ ਲੰਘਾ ਲਈ। ਇਸ ਸਮੇਂ ਕਰਨਲ ਨੇ ਆਪਣੇ ਮੂੰਹ ਅੱਗੇ ਅਖਬਾਰ ਤਾਣੀ ਰੱਖਿਆ। ਉਸ ਨੂੰ ਖਤਰਾ ਸੀ ਕਿਤੇ ਕੋਈ ਪਛਾਣ ਨਾ ਲਵੇ ਕਿ ਐਨੀ ਛੋਟੀ ਉਮਰ ਵਿਚ ਕਰਨਲ ਨਹੀਂ ਬਣਿਆ ਜਾ ਸਕਦਾ।

ਅੱਗੇ ਜਾ ਕੇ ਸ਼ਹਿਰ ਤੋਂ ਦੂਰ ਉਹਨਾਂ ਨੇ ਛੋਟੀ ਸੜਕ 'ਤੇ ਗੱਡੀ ਪਾ ਲਈ ਤੇ ਦਰਖਤਾਂ ਦੇ ਇਕ ਝੁੰਡ ਵਿਚ ਕਾਰ ਖੜ੍ਹੀ ਕਰਕੇ ਆਪਣੇ ਸਾਥੀ ਨੂੰ ਬੂਟ ਵਿਚੋਂ ਕੱਢਿਆ ਜਿਸ ਦਾ ਬੁਰਾ ਹਾਲ ਹੋਇਆ ਪਿਆ ਸੀ। ਸਿਵਲੀਅਨ ਕੱਪੜੇ ਜਿਹੜੇ ਉਹ ਚੋਰੀ ਕਰਕੇ ਲੈ ਕੇ ਆਏ ਸਨ, ਪਾ ਕੇ ਉਹ ਆਪਣੇ ਆਪਣੇ ਰਾਹ ਪੈ ਗਏ।

-----------------

ਕੁਝ ਦਿਨਾਂ ਦੀ ਪੁੱਛ-ਗਿੱਛ ਨੇ ਜਰਮਨਾਂ ਦੇ ਪੱਲੇ ਕੁਝ ਨਾ ਪਾਇਆ। ਨਿੱਕ ਨੇ ਇਕੋ ਕਹਾਣੀ ਰੱਖੀ ਕਿ ਮੁੰਡੇ ਪੋਲਿਸ਼ ਭਾਸ਼ਾ ਵਿਚ ਗੱਲ ਕਰਦੇ ਸਨ ਤੇ ਉਸ ਨੂੰ ਪੋਲਿਸ਼ ਭਾਸ਼ਾ ਦਾ ਤਾਂ ਇਕ ਸ਼ਬਦ ਵੀ ਨਹੀਂ ਆਉਂਦਾ ਸੀ। ਜਰਮਨਾਂ ਨੂੰ ਯਕੀਨ ਸੀ ਨਿੱਕ ਦੀ ਮਦਦ ਬਿਨਾਂ ਮੁੰਡੇ ਅਜਿਹਾ ਵੱਡਾ ਕਦਮ ਨਹੀਂ ਚੁੱਕ ਸਕਦੇ ਸਨ। ਇਕ ਗੱਲ ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ, ਭਲਾ ਨਿੱਕ ਆਪ ਕਿਉਂ ਨਹੀਂ ਭੱਜਿਆ?

ਪੁੱਛ-ਗਿੱਛ ਖਤਮ ਹੋਈ ਤਾਂ ਨਿੱਕ ਨੂੰ ਇਕ ਸਵੇਰ ਗਾਰਡ ਨੇ ਆਪਣੇ ਅੱਗੇ ਲਾ ਲਿਆ। ਸੰਗੀਨ ਦੀ ਚੋਭ ਉਸ ਦੀ ਪਿੱਠ ਨੂੰ ਬੁਰੀ ਤਰ੍ਹਾਂ ਤੰਗ ਕਰ ਰਹੀ ਸੀ। ਇਕ ਬੰਦ ਦਰਵਾਜ਼ਾ ਖੋਲ੍ਹਿਆ ਤੇ ਉਸ ਨੂੰ ਅੰਦਰ ਕਰ ਕੇ ਦਰਵਾਜ਼ਾ ਫਿਰ ਬੰਦ ਕਰ ਦਿੱਤਾ। ਚਾਰ ਹੋਰ ਹਥਿਆਰਬੰਦ ਗਾਰਡ ਅੰਦਰ ਖੜ੍ਹੇ ਸਨ।

"ਕੱਪੜੇ ਲਾਹ ਤੈਨੂੰ ਨਹਾਉਣ ਦਾ ਮੌਕਾ ਦੇਈਏ।"

ਗਾਰਡ ਦੇ ਮੂੰਹ ’ਤੇ ਸ਼ਰਾਰਤੀ ਜਿਹੀ ਮੁਸਕਰਾਹਟ ਨਿੱਕ ਨੇ ਵੇਖੀ। ਉਸ ਨੂੰ ਪਤਾ ਸੀ ਇਹ ਕੋਈ ਹੋਰ ਖਤਰਨਾਕ ਖੇਡ ਸੀ। ਉਸ ਨੇ ਕੱਪੜੇ ਲਾਹ ਦਿੱਤੇ। ਅਗਲਾ ਦਰਵਾਜ਼ਾ ਖੋਲ੍ਹ ਕੇ ਉਸ ਨੂੰ ਅੰਦਰ ਧੱਕ ਦਿੱਤਾ ਤੇ ਦਰਵਾਜ਼ਾ ਬੰਦ ਕਰ ਦਿੱਤਾ। ਨਿੱਕ ਸਮਝ ਗਿਆ ਇਹ ਗੈਸ ਦੀ ਭੱਠੀ ਸੀ ਤੇ ਉਸ ਨੂੰ ਜ਼ਿੰਦਾ ਸਾੜਿਆ ਜਾ ਰਿਹਾ ਸੀ। ਮਰਨ ਨਾਲੋਂ ਜਿਉਂਦਾ ਸੜਨ ਬਾਰੇ ਸੋਚ ਕੇ ਉਹ ਕੰਬ ਗਿਆ। ਆਖ਼ਰੀ ਸਮੇਂ ਉਸ ਨੂੰ ਸਿਰਫ਼ ਆਪਣਾ ਸੜਦਾ ਸਰੀਰ ਦਿਸਣ ਲੱਗਾ। ਨਿੱਕ ਨੂੰ ਆਪਣਾ ਡਰਾਉਣਾ ਅੰਤ ਦਿਸ ਰਿਹਾ ਸੀ। ਉਸ ਨੇ ਪਿੱਛੇ ਮੁੜ ਕੇ ਵੇਖਿਆ। ਦਰਵਾਜ਼ਾ ਬੰਦ ਸੀ।

57

ਕੇਂਦਰੀ ਗੁੱਟ ਦੀ ਹਾਰ ਹੋ ਰਹੀ ਸੀ ਤੇ ਮਿੱਤਰ ਫੌਜਾਂ ਜਿੱਤ ਰਹੀਆਂ ਸਨ। ਅਮਰੀਕਾ ਨੂੰ ਜਪਾਨ ਨਾਲ ਅਜੇ ਵੀ ਸਖ਼ਤ ਲੜਾਈ ਦਾ ਸਾਹਮਣਾ ਕਰਨ ਪੈ ਰਿਹਾ ਸੀ। ਸੋਵੀਅਤ ਫੌਜਾਂ ਨੇ ਆਪਣੀ ਸਾਰੀ ਸਰਹੱਦ ਨੂੰ ਵਾਪਿਸ ਲੈ ਲਿਆ ਸੀ। ਬੈਲਜੀਅਮ ਤੋਂ ਜਰਮਨੀ ਦੀਆਂ ਫੋਜਾਂ ਪਿੱਛੇ ਹਟ ਗਈਆਂ ਸਨ ਤੇ ਬੈਲਜੀਅਮ ਸਰਕਾਰ ਹੁਣ ਜਲਾਵਤਨ ਸਰਕਾਰ ਨਹੀਂ ਸੀ। ਪਹਿਲਾਂ ਬੈਲਜੀਅਮ ਦੀ ਸਰਕਾਰ ਨੇ ਫਰਾਂਸ ਵਿਚ ਤੇ ਫਿਰ ਲੰਡਨ ਵਿਚ ਆਪਣਾ ਦਫ਼ਤਰ ਸਥਾਪਤ ਕਰ ਲਿਆ ਸੀ। ਸਤੰਬਰ 1944 ਵਿਚ ਮਿੱਤਰ ਫੌਜਾਂ ਨੇ ਬੈਲਜੀਅਮ ਨੂੰ ਆਜ਼ਾਦ ਕਰਵਾ ਲਿਆ ਸੀ ਤੇ ਸਰਕਾਰ ਦੇ ਨੁਮਾਇੰਦੇ ਵਾਪਿਸ ਬੈਲਜੀਅਮ ਚਲੇ ਗਏ ਸਨ।

ਹਿਟਲਰ ਅਤੇ ਉਸ ਦੇ ਸਮਰੱਥਕ ਅਜੇ ਵੀ ਕੋਈ ਅਣਹੋਣੀ ਵਾਪਰਣ ਦਾ ਭਰਮ ਪਾਲ ਰਹੇ ਸਨ। ਹਿਟਲਰ ਨੇ ਆਪਣੇ ਸਾਰੇ ਸਾਇੰਸਦਾਨਾਂ ਨੂੰ ਦਿਨ ਰਾਤ ਇਕ ਕਰਕੇ ਕੋਈ ਅਜਿਹਾ ਹਥਿਆਰ ਬਣਾਉਣ ਲਈ ਸਖ਼ਤ ਹੁਕਮ ਦਿੱਤੇ ਸਨ ਜਿਸ ਨਾਲ ਮਿੱਤਰ ਫੌਜਾਂ ਦਾ ਭਾਰੀ ਨੁਕਸਾਨ ਕੀਤਾ ਜਾ ਸਕੇ ਤੇ ਜਰਮਨੀ ਇਕ ਵਾਰ ਫਿਰ ਜਿੱਤ ਦੇ ਝੰਡੇ ਗੱਡ ਸਕੇ। ਹਿਟਲਰ ਨੂੰ ਸਾਇੰਸਦਾਨਾਂ ਨੇ ਅਜਿਹਾ ਕਰ ਸਕਣ ਦਾ ਕਿਸੇ ਹੱਦ ਤੱਕ ਵਿਸ਼ਵਾਸ਼ ਵੀ ਕਰਵਾ ਦਿੱਤਾ ਸੀ। ਉਹਨਾਂ ਨੂੰ ਡਰ ਸੀ ਜੇ ਉਹਨਾਂ ਆਪਣੀ ਅਸਮਰਥਾ ਜ਼ਾਹਰ ਕੀਤੀ ਤਾਂ ਸ਼ਾਇਦ ਉਹਨਾਂ ਨੂੰ ਗੋਲੀ ਨਾਲ ਉਡਾ ਦਿੱਤਾ ਜਾਵੇ।

ਹਿਟਲਰ ਨੂੰ ਹਰ ਰੋਜ਼ ਹਾਰ ਦੀਆਂ ਖਬਰਾਂ ਮਿਲ ਰਹੀਆਂ ਸਨ। ਉਸ ਨੂੰ ਯਕੀਨ ਸੀ ਜਲਦੀ ਹੀ ਉਸ ਦੇ ਸਇੰਸਦਾਨ ਕੋਈ ਹਥਿਆਰ ਈਜਾਦ ਕਰ ਲੈਣਗੇ। ਉਹ ਅਜੇ ਉਮੀਦ ਦੇ ਘੋੜੇ ’ਤੇ ਸਵਾਰ ਸੀ।

1945 ਵਿਚ ਮਿੱਤਰ ਫੌਜਾਂ ਦੇ ਹਜ਼ਾਰਾਂ ਟੈਂਕ, ਕਿਸ਼ਤੀਆਂ, ਸਮੁੰਦਰੀ ਜਹ਼ਾਜ਼, ਏਅਰਫੋਰਸ, ਗੱਲ ਕੀ ਸਾਰੀ ਫੌਜੀ ਮਸ਼ੀਨਰੀ ਸਮੁੰਦਰ ਪਾਰ ਕਰ ਰਹੀ ਸੀ। ਸਮੁੰਦਰ ਜਿਵੇਂ ਫੋਜਾਂ ਦੇ ਸਾਜੋ ਸਮਾਨ ਹੇਠ ਢਕਿਆ ਗਿਆ ਹੋਵੇ। ਉਧਰ ਸੋਵੀਅਤ ਯੂਨੀਅਨ ਦੀ ਲਾਲ ਫੌਜ ਵੀ ਸਰਹੱਦ ਨੇੜੇ ਤਿਆਰ ਖੜ੍ਹੀ ਸੀ। ਇਹ ਫੈਸਲਾਕੁੰਨ ਲੜਾਈ ਸੀ।

ਫਰਾਂਸ ਵਿਚ ਬ੍ਰਿਟਿਸ਼ ਅਤੇ ਅਮਰੀਕੀ ਜਸੂਸ ਬਹੁਤ ਦੇਰ ਤੋਂ ਹਰਕਤ ਵਿਚ ਸਨ। ਟੈਲੀਫੋਨ ਸੰਚਾਰ ਸਾਧਨ ਨੂੰ ਤੋੜਨ ਭੰਨਣ ਅਤੇ ਨਿਕੰਮਾ ਕਰਨ ਲਈ ਉਹਨਾਂ ਦੇ ਅਪਰੇਸ਼ਨ ਚੱਲ ਰਹੇ ਸਨ। ਰੇਲ ਗੱਡੀ ਦੀਆਂ ਪਟੜੀਆਂ ਤੇ ਪੁਲਾਂ ਨੂੰ ਤੋੜਨ ਦਾ ਕੰਮ ਬਾਖੂਬੀ ਸਿਰੇ ਚੜ੍ਹ ਰਿਹਾ ਸੀ। ਲੜਾਈ ਤਾਂ ਆਖਰ ਲੜਾਈ ਹੁੰਦੀ ਹੈ। ਕੁਝ ਵੀ ਸੋਚੀ ਸਮਝੀ ਸਕੀਮ ਦੇ ਉਲਟ ਜਾ ਸਕਦਾ ਸੀ। ਪਰ ਫੌਜਾਂ ਦੀ ਐਨੀ ਨਫਰੀ ਤੇ ਲੜਾਈ ਦਾ ਸਾਜੋ ਸਮਾਨ ਵੇਖ ਕੇ ਕੁਝ ਵੀ ਗਲਤ ਹੋਣ ਦੇ ਮੌਕੇ ਬਹੁਤ ਘੱਟ ਸਨ। ਵੈਸੇ ਤਾਂ ਗਰਮੀਆਂ ਤੋਂ ਹੀ ਜਰਮਨੀ ਦੀ ਹਾਰ ’ਤੇ ਹਾਰ ਹੋ ਰਹੀ ਸੀ।

ਅਪ੍ਰੈਲ ਦੇ ਦੂਸਰੇ ਅੱਧ ਵਿਚ ਸੋਵੀਅਤ ਫੌਜਾਂ ਨੇ ਬਰਲਿਨ ਨੂੰ ਘੇਰ ਲਿਆ। ਜਰਮਨੀ ਦੀ ਫੌਜ ਨੇ ਬਰਲਿਨ ਵਿਚ ਅਪ੍ਰੈਲ ਦੇ ਆਖਰੀ ਦਿਨਾਂ ਵਿਚ ਹਾਰ ਕਬੂਲ ਕਰ ਲਈ ਸੀ।

ਹਿਟਲਰ ਨੇ 30 ਅਪ੍ਰੈਲ 1945 ਨੂੰ ਸਿਰ ਵਿਚ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ । ਇਹ ਖ਼ਬਰ ਅਜੇ ਦੂਰ ਦੁਰਾਡੇ ਕੈਂਪਾਂ ਵਿਚ ਅਗਲੇ ਕੁਝ ਦਿਨਾਂ ਬਾਅਦ ਪਹੁੰਚਣੀ ਸੀ।

--------

ਨਿੱਕ ਕੁਝ ਦੇਰ ਖੜ੍ਹਾ ਰਿਹਾ। ਭੱਠੀ ਦਾ ਸੇਕ ਉਸ ਨੂੰ ਮਹਿਸੂਸ ਹੋ ਰਿਹਾ ਸੀ। ਪਰ ਅਸਹਿ ਨਹੀਂ ਸੀ। ਪੈਰਾਂ ਹੇਠ ਤਪਸ਼ ਸੀ ਪਰ ਪੈਰ ਸੜ ਨਹੀਂ ਰਹੇ ਸਨ। ਉਹ ਉਥੇ ਹੀ ਖੜ੍ਹਾ ਰਿਹਾ। ਸੇਕ ਘਟ ਰਿਹਾ ਸੀ। ਨਿੱਕ ਹੈਰਾਨ ਵੀ ਸੀ ਤੇ ਖੁਸ਼ ਵੀ। ਚਲੋ ਕੁਝ ਪਲ ਹੀ ਹੋਰ ਸਹੀ! ਉਹ ਉਸ ਦਿਨ ਬਾਰੇ ਸੋਚਣ ਲੱਗਾ ਜਿਸ ਦਿਨ ਇੰਗਲੈਂਡ ਤੋਂ ਪੋਲੈਂਡ ਪਹੁੰਚਿਆ ਸੀ ਤੇ ਜਰਮਨੀ ਜਾਣ ਤੋਂ ਪਹਿਲਾਂ ਹੀ ਮੀਆ ਨਾਲ ਦੋਸਤੀ ਹੋ ਗਈ ਸੀ।

ਕੁਝ ਦੇਰ ਬਾਅਦ ਦਰਵਾਜ਼ਾ ਖੁੱਲ੍ਹਿਆ। ਹੁਣ ਤੱਕ ਫਰਸ਼ ਪਹਿਲਾਂ ਤੋਂ ਵੀ ਠੰਡੀ ਹੋ ਗਈ ਸੀ। ਨਿੱਕ ਨੂੰ ਉਹਨਾਂ ਨੇ ਧੱਕਾ ਮਾਰ ਕੇ ਬਾਹਰ ਕੱਢ ਦਿੱਤਾ ਤੇ ਕੱਪੜੇ ਵਾਪਿਸ ਪਹਿਨਣ ਲਈ ਕਿਹਾ। ਨਿੱਕ ਖੁਸ਼ ਸੀ। ਇਕ ਗਾਰਡ ਜਰਮਨ ਭਾਸ਼ਾ ਵਿਚ ਗਾਹਲਾਂ ਕੱਢਦਾ ਕਹਿ ਰਿਹਾ ਸੀ। ਗੈਸ ਚੈਂਬਰ ਖ਼ਰਾਬ ਹੋ ਗਿਆ ਸੀ ਤੇ ਠੀਕ ਕਰਨ ਲਈ ਕੁਝ ਦਿਨ ਲੱਗ ਸਕਦੇ ਸਨ। ਨਿੱਕ ਨੂੰ ਬਾਕੀ ਕੈਦੀਆਂ ਨਾਲੋਂ ਵੱਖ ਕਰ ਦਿੱਤਾ ਗਿਆ।

----------

ਮਈ ਦੇ ਪਹਿਲੇ ਦਿਨ ਕੁਝ ਕੁ ਗਰਮੀ ਹੋ ਗਈ ਸੀ। ਬਰਫ਼ਾਂ ਪਿਘਲ ਗਈਆਂ ਸਨ। ਕਦੇ ਕਦੇ ਧੁੱਪ ਚਮਕ ਪੈਂਦੀ। ਨਿੱਕ ਨੂੰ ਹਰ ਪਲ ਫਿਰ ਤੋਂ ਭੱਠੀ ਵਿਚ ਜਾਣ ਦਾ ਡਰ ਲੱਗਾ ਰਿਹਾ ਸੀ। ਅਸਮਾਨ ਵਿਚ ਹਵਾਈ ਜਹਾਜ਼ਾਂ ਦੀ ਗੜਗੜਾਹਟ ਆਮ ਸੁਣਨ ਲੱਗੀ ਸੀ। ਰਾਤ ਵੇਲੇ ਕਿਧਰੇ ਨਾ ਕਿਧਰੇ ਧਮਾਕੇ ਹੁੰਦੇ ਰਹਿੰਦੇ। ਤੋਪਾਂ ਚੱਲਣ ਦੀ ਆਵਾਜ਼ ਸੁਣਦੀ। ਗੋਲੀਆਂ ਵਰਦੀਆਂ ਦੇ ਖੜਾਕ ਨਾਲ ਨਿੱਕ ਦਾ ਮਨ ਖੁਸ਼ ਹੋ ਜਾਂਦਾ। ਉਸ ਨੂੰ ਲਗਦਾ ਲੜਾਈ ਕਿਧਰੇ ਨੇੜੇ-ਤੇੜੇ ਹੀ ਚੱਲ ਰਹੀ ਸੀ। ਜਰਮਨਾਂ ਦੇ ਮੂੰਹਾਂ 'ਤੇ ਉਦਾਸੀ ਛਾਈ ਲਗਦੀ। ਉਹ ਖਿੱਝੇ ਰਹਿੰਦੇ।

ਦਿਨ ਢਲੇ ਜਰਮਨਾਂ ਨੇ ਪੰਜ-ਪੰਜ ਆਦਮੀਆਂ ਨੂੰ ਗੋਲੀਆਂ ਨਾਲ ਉਡਾਉਣਾ ਸ਼ੁਰੂ ਕਰ ਦਿੱਤਾ। ਲਾਸ਼ਾਂ ਦਾ ਢੇਰ ਲੱਗਣ ਲੱਗਾ। ਨੇੜੇ ਹੀ ਕਿਤੇ ਗੋਲੀਆਂ ਦੀ ਆਵਾਜ਼ ਵੀ ਸੁਣ ਰਹੀ ਸੀ। ਕੈਂਪ ਵਿਚ ਪੰਜ ਜਰਮਨ ਫੌਜੀ ਲੈਫਟੀਨੈਂਟ ਮੇਜਰ ਦੇ ਹੁਕਮ ਨਾਲ ਗੋਲੀ ਚਲਾਉਂਦੇ। ਉਹਨਾਂ ਸਾਹਮਣੇ ਕੈਦੀਆਂ ਨੂੰ ਹੱਥ ਪਿੱਠ ਪਿੱਛੇ ਬੰਨ੍ਹ ਕੇ ਖੜ੍ਹਾ ਕੀਤਾ ਜਾਂਦਾ ਤੇ ਇਕੱਠਿਆਂ ਨੂੰ ਗੋਲੀ ਮਾਰ ਦਿੱਤੀ ਜਾਂਦੀ। ਨਿੱਕ ਦੇ ਸਾਹਮਣੇ ਕੈਦੀ ਕਤਲ ਹੋ ਰਹੇ ਸਨ।

ਨਿੱਕ ਦੀ ਵਾਰੀ ਆਈ। ਉਸ ਨੇ ਆਪਣੇ ਕਾਤਲਾਂ ਦੀਆਂ ਅੱਖਾਂ ਵਿਚ ਖੌਫ ਵੇਖਿਆ। ਮੌਤ ਸਮੇਂ ਵੀ ਉਸ ਦੇ ਚਿਹਰੇ 'ਤੇ ਖੁਸ਼ੀ ਨੱਚਣ ਲੱਗੀ। ਉਸ ਨੇ ਸਮਝ ਲਿਆ ਸੀ ਕੈਂਪ ਦੇ ਐਨ ਬਾਹਰ ਕੁਝ ਗਜ਼ਾਂ 'ਤੇ ਲੜਾਈ ਚੱਲ ਰਹੀ ਸੀ। ਉਸ ਦਾ ਅੰਤ ਤਾਂ ਆ ਹੀ ਗਿਆ ਸੀ ਪਰ ਨਾਲ ਹੀ ਜਰਮਨਾਂ ਦੀ ਮੌਤ ਵੀ ਉਹਨਾਂ ਵੱਲ ਵਧ ਰਹੀ ਸੀ। ਉਸ ਦੇ ਹੱਥ ਬੰਨ੍ਹ ਕੇ ਚਾਰ ਹੋਰ ਆਦਮੀਆਂ ਨਾਲ ਖੜ੍ਹਾ ਕਰ ਦਿੱਤਾ। ਨਿੱਕ ਨੇ ਸੋਚ ਲਿਆ ਸੀ ਉਹ ਜਰਮਨਾਂ ਅੱਗੇ ਬਹਾਦਰੀ ਨਾਲ ਮਰੇਗਾ। ਉਹ ਛਾਤੀ ਤਾਣ ਕੇ ਖੜ੍ਹਾ ਹੋ ਗਿਆ।

ਜਰਮਨ ਨਿਸ਼ਨਾਂ ਸੇਧੀ ਹੁਕਮ ਦੀ ਉਡੀਕ ਕਰ ਰਹੇ ਸਨ। ਇਹ ਪਲ ਬਹੁਤ ਲੰਬੇ ਹੋ ਗਏ ਲਗਦੇ ਸਨ। ਲੈਫਟੀਨੈਂਟ ਮੇਜਰ ਨੇ ਇਸ਼ਾਰੇ ਲਈ ਆਪਣਾ ਰੁਮਾਲ ਹਿਲਾਇਆ। ਐਨ ਇਸੇ ਵਕਤ ਬਸ ਸਕਿੰਟ ਕੁ ਦੇ ਫਾਸਲੇ ਨਾਲ ਸਾਰੀਆਂ ਲਾਸ਼ਾਂ ਧਰਤੀ 'ਤੇ ਡਿੱਗ ਪਈਆਂ। ਸਭ ਤੋਂ ਪਹਿਲਾਂ ਨਿੱਕ ਧਰਤੀ 'ਤੇ ਡਿੱਗਦਾ ਦਿਸਿਆ।

ਜਰਮਨਾਂ ਦੇ ਪਿੱਛਲੇ ਪਾਸਿਉਂ ਗੋਲੀਆਂ ਦੀਆਂ ਆਵਾਜਾਂ ਸੁਣ ਰਹੀਆਂ ਸਨ। ਜਰਮਨਾਂ ਵਿਚ ਚੀਕ ਚਿਹਾੜਾ ਪੈ ਗਿਆ ਸੀ। ਉਹ ਆਪਣੀਆਂ ਜਾਨਾਂ ਬਚਾਉਣ ਦਾ ਯਤਨ ਕਰ ਰਹੇ ਸਨ। ਇਹ ਸੋਵੀਅਤ ਯੂਨੀਅਨ ਦੀ ਲਾਲ ਫੋਜ ਸੀ ਜੋ ਜਰਮਨਾਂ ਤੋਂ ਕੈਂਪ ਵਿਚ ਬੰਦ ਕੈਦੀਆਂ ਨੂੰ ਛੁਡਾਉਣ ਆਈ ਸੀ।

-------

ਕੁਝ ਜਰਮਨਾਂ ਦੀਆਂ ਲਾਸ਼ਾਂ ਦਿਖਾਈ ਦੇ ਰਹੀਆਂ ਸਨ। ਕੁਝ ਨੇ ਹਥਿਆਰ ਸੁੱਟ ਕੇ ਆਪਣੇ ਸਿਰਾਂ ਉੱਪਰ ਹੱਥ ਰੱਖ ਲਏ ਸਨ। ਉਹਨਾਂ ਦੀ ਜਾਨ ਬਚ ਗਈ ਸੀ ਤੇ ਲਾਲ ਫੌਜੀ ਉਹਨਾਂ ਨੂੰ ਫੌਜੀ ਗੱਡੀ ਵਿਚ ਤਾੜ ਰਹੇ ਸਨ। ਕੈਂਪ ਦੇ ਕੈਦੀ ਇਸ ਨੂੰ ਕੌਤਕ ਹੀ ਸਮਝ ਰਹੇ ਸਨ। ਉਹ ਹੈਰਾਨੀ ਅਤੇ ਅਜੀਬ ਖੁਸ਼ੀ ਨਾਲ ਉਹਨਾਂ ਜਰਮਨਾਂ ਨੂੰ ਕੈਦ ਹੁੰਦਿਆਂ ਵੇਖ ਰਹੇ ਸਨ ਜਿਹਨਾਂ ਹੱਥੋਂ ਪਲ ਭਰ ਪਹਿਲਾਂ ਉਹਨਾਂ ਨੂੰ ਆਪਣੇ ਮਾਰੇ ਜਾਣ ਦਾ ਡਰ ਸੀ। ਜਰਮਨਾਂ ਦੀਆਂ ਲਾਸ਼ਾਂ ਨਾਲ ਉਹਨਾਂ ਨੂੰ ਕੋਈ ਹਮਦਰਦੀ ਨਹੀਂ ਸੀ। ਖੁਦ ਉਹਨਾਂ ਨਾਲ ਹੁਣ ਕੀ ਹੋਵੇਗਾ? ਇਹ ਸਵਾਲ ਉਹਨਾਂ ਦੇ ਮਨਾਂ ਵਿਚ ਉਭਰ ਰਿਹਾ ਸੀ।

ਕੁਝ ਲਾਲ ਫੌਜੀ ਲਾਸ਼ਾਂ ਵੱਲ ਆਏ। ਲਾਸ਼ਾਂ ਵਿਚੋਂ ਵਗਦੇ ਲਹੂ ਨੇ ਉਹਨਾਂ ਨੂੰ ਉਦਾਸ ਕਰ ਦਿੱਤਾ। ਕਾਸ਼! ਉਹ ਕੁਝ ਮਿੰਟ ਪਹਿਲਾਂ ਆਏ ਹੁੰਦੇ ਤਾਂ ਕੁਝ ਹੋਰ ਲੋਕਾਂ ਦੀਆਂ ਜਾਨਾਂ ਬਚ ਸਕਦੀਆਂ ਸਨ। ਉਹਨਾਂ ਨੇ ਆਪਣੀਆਂ ਟੋਪੀਆਂ ਲਾਹ ਕੇ ਛਾਤੀ ਨਾਲ ਲਾਈਆਂ ਤੇ ਆਪਣੇ ਵੱਲੋਂ ਉਹਨਾਂ ਨੇ ਸਭ ਨੂੰ ਸਾਂਝੀ ਸ਼ਰਧਾਂਜਲੀ ਪੇਸ਼ ਕੀਤੀ।

"ਕਾਮਰੇਡ--!" ਲਾਸ਼ਾਂ ਵਿਚੋਂ ਕਿਸੇ ਦੀ ਆਵਾਜ਼ ਆਈ। ਕੋਈ ਜਿਉਂਦਾ ਸੀ। ਲਾਲ ਫੌਜੀ ਲਾਸ਼ਾਂ ਵੱਲ ਨੂੰ ਲਪਕੇ। ਇਕ ਹੱਥ ਖੜ੍ਹਾ ਹੋਇਆ ਤੇ ਨਾਲ ਹੀ ਲਹੂ ਲਿਬੜੀ ਦਾੜ੍ਹੀ ਨਾਲ ਭਰਿਆ ਮੂੰਹ ਧਰਤੀ ਤੋਂ ਉੱਚਾ ਹੋਇਆ।

"ਕਾਮਰੇਡ।" ਇਕ ਵਾਰ ਫਿਰ ਉਹੀ ਆਵਾਜ਼ ਆਈ।

ਦੋ ਫੌਜੀਆਂ ਨੇ ਭੱਜ ਕੇ ਉਸ ਨੂੰ ਮੋਢਿਆਂ ਤੋਂ ਫੜਕੇ ਉਠਾਇਆ। ਉਸ ਦੇ ਕੋਈ ਜ਼ਖਮ ਨਹੀਂ ਸੀ ਲਗਦਾ ਪਰ ਕੱਪੜੇ ਲਹੂ ਨਾਲ ਲਿਬੜੇ ਹੋਏ ਸਨ। ਉਹ ਹਸਦੇ ਹੋਏ ਉਸ ਨੂੰ ਆਪਣੇ ਕੈਪਟਨ ਕੋਲ ਲੈ ਗਏ ਅਤੇ ਆਪਣੀ ਬੋਲੀ ਵਿਚ ਮਾਮਲਾ ਬਿਆਨ ਕਰਨ ਲੱਗੇ। ਕੈਪਟਨ ਮੁਸਕਰਾ ਰਿਹਾ ਸੀ। ਉਸ ਦੀਆਂ ਅੱਖਾਂ ਵਿਚ ਬਚਣ ਵਾਲੇ ਤੋਂ ਵੀ ਵੱਧ ਖੁਸ਼ੀ ਚਮਕ ਰਹੀ ਸੀ।

''ਤੇਰਾ ਨਾਂ?''

''ਨਿੱਕ ਨੌਰਿਸ, ਬ੍ਰਿਟੇਨ ਤੋਂ।''

-------

ਚਾਰ ਦਿਨਾਂ ਬਾਅਦ ਨਿੱਕ ਨੂੰ ਇਕ ਫੌਜੀ ਗੱਡੀ ਰਾਹੀਂ ਬ੍ਰਿਟਿਸ਼ ਫੌਜੀ ਕੈਂਪ ਵਿਚ ਪਹੁੰਚਾ ਦਿੱਤਾ ਸੀ। ਉਸ ਨੂੰ ਕੈਪਟਨ ਦੇ ਦਫ਼ਤਰ ਵਿਚ ਲਿਜਾਇਆ ਗਿਆ। ਮੇਜ਼ ਦੇ ਦੂਜੇ ਪਾਸੇ ਕੁਰਸੀ ਵੱਲ ਇਸ਼ਾਰਾ ਕਰਕੇ ਉਸ ਨੂੰ ਬੈਠਣ ਨੂੰ ਕਿਹਾ ਗਿਆ।

''ਨਾਂ-।''

''ਨਿੱਕ ਨੌਰਿਸ, 33 ਮਾਰਲਬਰਾ ਰੋਡ ਸਵਿੰਡਨ, ਰਿਟਾਇਰਡ ਮੇਜਰ ਨੰਬਰ182012 ਸਰ।''

ਕੈਪਟਨ ਨੂੰ ਪੂਰੀ ਕਹਾਣੀ ਸੁਣਾਉਣ ਬਾਅਦ ਨਿੱਕ ਨੂੰ ਆਪਣਾ ਆਪ ਹਲਕਾ ਹਲਕਾ ਲੱਗਾ। ਉਸ ਨੂੰ ਪਤਾ ਸੀ ਪਹਿਲਾਂ ਉਸ ਦੀ ਸ਼ਨਾਖਤ ਦੀ ਜਾਂਚ ਹੋਵੇਗੀ ਜਿਸ ਨੂੰ ਦੋ ਚਾਰ ਦਿਨ ਲੱਗ ਸਕਦੇ ਸਨ। ਫਿਰ ਉਸ ਨੂੰ ਕੁਝ ਦਿਨਾਂ ਬਾਅਦ ਸੰਭਵ ਸੀ ਘਰ ਭੇਜ ਦਿੱਤਾ ਜਾਵੇ।

''ਮੇਜਰ ਨੂੰ ਲੋੜ ਅਨੁਸਾਰ ਖਾਣ-ਪੀਣ ਨੂੰ ਦਿਉ। ਨਵੇਂ ਕੱਪੜੇ ਤੇ ਮੈਡੀਕਲ ਦਾ ਪ੍ਰਬੰਧ ਵੀ ਕਰੋ।'' ਕੈਪਟਨ ਨੂੰ ਸਲੂਟ ਮਾਰਦਿਆਂ ਨਿੱਕ ਕਾਰਪੋਰਲ ਦੇ ਪਿੱਛੇ ਤੁਰ ਪਿਆ।

ਉਸ ਨੇ ਪਤਾ ਨਹੀਂ ਕਿੰਨੇ ਸਮੇਂ ਬਾਅਦ ਇਸ਼ਨਾਨ ਕੀਤਾ ਸੀ। ਦਾੜ੍ਹੀ ਸ਼ੇਵ ਕਰਕੇ ਉਸ ਨੂੰ ਆਪਣਾ ਆਪ ਪਛਾਣ ਵਿਚ ਆਉਣ ਲੱਗਾ। ਹੁਣ ਉਹ ਆਪਣੇ ਆਪ ਨੂੰ ਸੁਰੱਖਿਅਤ ਸਮਝ ਰਿਹਾ ਸੀ।

-------

ਹੈਰਿਸ ਅਤੇ ਨਿੱਕ ਕਾਰ ਵਿਚ ਬੈਠੇ ਸਨ ਅਤੇ ਲੀਅਮ ਬਹੁਤ ਖੁਸ਼ ਖੁਸ਼ ਗੱਲਾਂ ਕਰਦਾ ਗੱਡੀ ਚਲਾ ਰਿਹਾ ਸੀ। ਰੌਸ਼ਨੀਆਂ ਚਮਕ ਰਹੀਆਂ ਸਨ। ਜਰਮਨਾਂ ਦੀ ਬੰਬਾਰੀ ਦਾ ਡਰ ਖਤਮ ਹੋ ਚੁਕਿਆ ਸੀ। ਨੋਰਥੋਲਟ ਦੇ ਫੌਜੀ ਏਅਰਪੋਰਟ 'ਤੇ ਪਹੁੰਚਣ ਲਈ ਉਹਨਾਂ ਦੀ ਗੱਡੀ ਹਨ੍ਹੇਰੇ ਨੂੰ ਚੀਰਦੀ ਜਾ ਰਹੀ ਸੀ।

''ਕੀ ਟਾਈਮ ਐ?'' ਲੀਅਮ ਨੇ ਹੈਰਿਸ ਨੂੰ ਪੁੱਛਿਆ।

''ਨੌਂ ਵੱਜ ਗਏ ਐ, ਅਜੇ ਵੀਹ ਮਿੰਟ ਆਪਣੇ ਕੋਲ ਹੈਗੇ ਆ।''

''ਲੀਅਮ ਮੈਨੂੰ ਲਗਦਾ ਜਿਵੇਂ ਤੂੰ ਗੱਡੀ ਹੌਲੀ ਚਲਾ ਰਿਹਾ ਹੋਵੇਂ ਤੇ ਜਦੋਂ ਮੈਂ ਸਪੀਡੋਮੀਟਰ ਦੇਖਦਾਂ ਤਾਂ ਤੇਰੀ ਗੱਡੀ ਆਮ ਨਾਲੋਂ ਤੇਜ਼ ਹੀ ਹੁੰਦੀ ਐ।''

ਉਹ ਹੱਸਦੇ ਗੱਲਾਂ ਕਰਦੇ ਪੰਜ ਸੱਤ ਮਿੰਟ ਪਹਿਲਾਂ ਹੀ ਏਅਰਪੋਰਟ 'ਤੇ ਪਹੁੰਚ ਗਏ। ਉਡੀਕ ਕਰਨ ਬਿਨਾਂ ਉਹਨਾਂ ਕੋਲ ਕੋਈ ਚਾਰਾ ਨਹੀਂ ਸੀ।

ਕੁਝ ਦੇਰ ਬਾਅਦ ਇਕ ਜਹਾਜ਼ ਨੇ ਏਅਰਪੋਰਟ ਦਾ ਚੱਕਰ ਲਾਇਆ ਤੇ ਰਨ ਵੇਅ ਵੱਲ ਨੂੰ ਨੀਵਾਂ ਹੋਣ ਲੱਗਿਆ। ਉਹਨਾਂ ਦੇ ਦਿਲ ਧੜਕਣ ਲੱਗੇ। ਕੁਝ ਪਲ ਹੋਰ---। ਜਹਾਜ਼ ਨੇ ਧਰਤੀ ਨੂੰ ਛੂਹਿਆ ਤਾਂ ਉਹ ਬੇਸਬਰੀ ਨਾਲ ਜਹਾਜ਼ ਦੇ ਰੁਕਣ ਦਾ ਇੰਤਜ਼ਾਰ ਕਰਨ ਲੱਗੇ। ਜਹਾਜ਼ ਰੁਕਿਆ ਤੇ ਉਸ ਵਿਚੋਂ ਫੌਜੀ ਬਾਹਰ ਨਿਕਲਣ ਲੱਗੇ। ਉਹ ਸਾਹ ਰੋਕੀ ਖੜ੍ਹੇ ਰਹੇ। ਫਿਰ ਜਿਵੇਂ ਜਹਾਜ਼ ਖਾਲੀ ਹੋ ਗਿਆ ਹੋਵੇ। ਕੁਝ ਮਿੰਟਾਂ ਲਈ ਕੋਈ ਵੀ ਬਾਹਰ ਨਾ ਨਿਕਲਿਆ। ਉਹਨਾਂ ਦੀ ਖੁਸ਼ੀ ਗੁਆਚਣ ਲੱਗੀ। ਲੀਅਮ ਨੇ ਹੈਰਿਸ ਵੱਲ ਵੇਖਿਆ।

''ਦਫ਼ਤਰ ਵਿਚੋਂ ਪਤਾ ਕਰੀਏ?'' ਹੈਰਿਸ ਬੋਲਿਆ।

''ਮੈਂ ਜਾਵਾਂ!'' ਲੀਅਮ ਨੇ ਕਿਹਾ ਤਾਂ ਹੈਰਿਸ ਨੇ ਸਿਰ ਹਿਲਾ ਕੇ ਹਾਮੀ ਭਰ ਦਿੱਤੀ। ਲੀਅਮ ਦਫ਼ਤਰ ਵੱਲ ਨੂੰ ਲੰਬੇ ਕਦਮ ਭਰਦਾ ਤੁਰ ਪਿਆ।

'' ਨਿੱਕਕਕਕ--।'' ਹੈਰਿਸ ਨੇ ਉੱਚੀ ਆਵਾਜ਼ ਵਿਚ ਕਿਹਾ ਤੇ ਜਹਾਜ਼ ਦੀਆਂ ਪੌੜੀਆਂ 'ਤੇ ਖੜ੍ਹੇ ਨਿੱਕ ਵੱਲ ਹੱਥ ਹਿਲਾਇਆ।

ਲੀਅਮ ਨੇ ਪਿੱਛੇ ਮੁੜ ਕੇ ਵੇਖਿਆ ਤੇ ਉਹ ਵੀ ਵਾਪਿਸ ਦੌੜ ਪਿਆ। ਕੁਝ ਪਲਾਂ ਬਾਅਦ ਉਹ ਨਿੱਕ ਨੂੰ ਜੱਫੀ ਪਾਈ ਹੰਝੂ ਵਹਾ ਰਹੇ ਸਨ।

ਤਿੰਨ ਕੁ ਦਿਨ ਪਹਿਲਾਂ ਲੀਅਮ ਨੂੰ ਡਿਫੈਂਸ ਮਨਿਸਟਰੀ ਦੇ ਦਫ਼ਤਰ ਤੋਂ ਫੋਨ ਆਇਆ ਸੀ। ਉਹਨਾਂ ਨੇ ਲੀਅਮ ਤੋਂ ਨਿੱਕ ਨੌਰਿਸ ਬਾਰੇ ਜਾਣਕਾਰੀ ਲਈ। ਲੀਅਮ ਹੈਰਾਨ ਸੀ।

"ਮੈਡਮ ਕੀ ਮੈਂ ਜਾਣ ਸਕਦਾਂ ਆਖਰ--?"

"ਸਰ ਮੈਂ ਕੁਝ ਵੀ ਕਹਿਣ ਤੋਂ ਅਸਮਰੱਥ ਹਾਂ। ਜੇ ਲੋੜ ਪਈ ਤਾਂ ਅਸੀਂ ਕੱਲ੍ਹ ਫਿਰ ਫੋਨ ਕਰਾਂਗੇ।" ਲੀਅਮ ਨੇ ਹੈਰਿਸ ਨਾਲ ਗੱਲ ਕੀਤੀ। ਉਸ ਨੂੰ ਵੀ ਕੋਈ ਸਮਝ ਨਹੀਂ ਆ ਰਹੀ ਸੀ। ਇਹ ਕੋਈ ਬੁਰੀ ਖ਼ਬਰ ਵੀ ਹੋ ਸਕਦੀ ਸੀ ਤੇ ਚੰਗੀ ਵੀ। ਸਾਰੀ ਰਾਤ ਉਹ ਸੌਂ ਨਾ ਸਕੇ।

ਸਵੇਰੇ ਨੌਂ ਵਜੇ ਫਿਰ ਫੋਨ ਆ ਗਿਆ।

"---ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਨਿੱਕ ਨੌਰਿਸ ਸਹੀ ਸਲਾਮਤ ਹੈ ਤੇ ਬੁਧਵਾਰ ਸ਼ਾਮ 9 ਵੱਜ ਕੇ ਵੀਹ ਮਿੰਟ 'ਤੇ ਫੌਜੀ ਜਹਾਜ਼ ਰਾਹੀਂ ਨੋਰਥੋਲਟ ਏਅਰਪੋਰਟ 'ਤੇ ਆ ਰਿਹਾ ਹੈ। ਤੁਸੀਂ ਉਸ ਨੂੰ ਉਥੇ ਮਿਲਣ ਲਈ ਜਾ ਸਕਦੇ ਹੋ---।"

"ਨਿੱਕ ਜੋ ਤੂੰ ਸਾਡੇ ਲਈ ਕੀਤਾ ਅਸੀਂ ਉਸ ਦਾ ਕਿਵੇਂ ਧੰਨਵਾਦ ਕਰੀਏ—ਪਤਾ ਨਹੀਂ ਲਗਦਾ।"

-----

ਨਿੱਕ ਨੂੰ ਆਜ਼ਾਦੀ ਦਾ ਨਿੱਘ ਮਾਣਨ ਦਾ ਮੌਕਾ ਮਿਲਣ ਦੀ ਕੋਈ ਉਮੀਦ ਨਹੀਂ ਸੀ, ਹੁਣ ਉਹ ਇਕ ਵਾਰ ਫਿਰ ਤੋਂ ਲੀਅਮ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਕੰਮ ਕਰਨ ਲਈ ਉਤਸ਼ਾਹਤ ਸੀ। ਉਸ ਨੂੰ ਮੀਆ ਤੇ ਫਰੈਡਰਿਕ ਨਾਲ ਗੱਲ ਕਰਨ ਦੀ ਖੁਤਖੁਤੀ ਲੱਗੀ ਰਹਿੰਦੀ। ਉਸ ਨੇ ਕਈ ਵਾਰ ਫੋਨ ਕੀਤਾ ਪਰ ਲਾਈਨ ਕੰਮ ਨਹੀਂ ਸੀ ਕਰ ਰਹੀ। ਉਸ ਦੇ ਮਨ ਵਿਚ ਬੁਰੇ ਵਿਚਾਰ ਆਉਂਦੇ ਕਿਤੇ ਉਹਨਾਂ ਦੋਵਾਂ ਨੂੰ ਹੀ ਉਸ ਕਰਕੇ ਤਾਂ ਸ਼ਾਇਦ ਜ਼ਿੰਦਗੀ ਤੋਂ ਹੱਥ ਨਾ ਧੋਣਾ ਪਿਆ ਹੋਵੇ। ਉਸ ਨੇ ਲੀਅਮ ਨਾਲ ਵਾਪਿਸ ਬਰਲਿਨ ਜਾ ਕੇ ਉਹਨਾਂ ਨੂੰ ਮਿਲਣ ਦੀ ਰਾਇ ਰੱਖੀ।

"ਨਿੱਕ ਕਾਹਲਾ ਨਾ ਵਗ। ਲੜਾਈ ਤਾਂ ਖ਼ਤਮ ਹੋ ਹੀ ਗਈ ਐ। ਲੜਾਈ ਵਿਚ ਸੰਚਾਰ ਸਾਧਨਾ ਦਾ ਹੋਇਆ ਨੁਕਸਾਨ ਠੀਕ ਕਰਨ ਨੂੰ ਸਮਾਂ ਲੱਗੇਗਾ। ਥੋੜਾ ਸਮਾਂ ਉਡੀਕ ਕਰ।" ਲੀਅਮ ਦੀ ਗੱਲ ਠੀਕ ਸੀ।

ਨਿੱਕ ਤਕਰੀਬਨ ਹਰ ਦੂਜੇ ਚੌਥੇ ਦਿਨ ਫੋਨ ਕਰਦਾ। ਇਕ ਦਿਨ ਮੀਆ ਦਾ ਫੋਨ ਮਿਲ ਗਿਆ।

"ਮੀਆ ਮੈਂ ਮੁਲਰ--।"

"ਓਹ ਮੁਲਰ, ਤੂੰ ਹੈ ਕਿਥੇ? ਠੀਕ ਐਂ ਨਾ? ਮੈਂ ਤਾਂ ਸਮਝਿਆ ਹੁਣ ਤੂੰ ਮੁੜ ਕਦੇ ਨਹੀਂ ਮਿਲਣਾ!"

"ਮੀਆ ਮੈਂ ਠੀਕ ਆਂ। ਇਸ ਵੇਲੇ ਇੰਗਲੈਂਡ ਵਿਚ ਹਾਂ। ਤੈਨੂੰ ਮੈਂ ਮਿਲਣਾ ਚਾਹੁੰਨਾ ਪਰ ਅਜੇ ਆ ਨਹੀਂ ਸਕਦਾ।"

"ਪਰ ਤੂੰ ਇੰਗਲੈਂਡ ਕਿਵੇਂ ਪਹੁੰਚ ਗਿਆ?"

"ਇਹ ਲੰਬੀ ਕਹਾਣੀ ਐ। ਮੈਂ ਤੈਨੂੰ ਚਿੱਠੀ ਲਿਖ ਕੇ ਸਭ ਦੱਸ ਦਿਆਂਗਾ। ਜੋ ਤੂੰ ਫੈਸਲਾ ਕਰੇਂ ਮੈਨੂੰ ਮੰਨਜ਼ੂਰ ਹੋਵੇਗਾ। ਤੇ ਮੇਰਾ ਇਕ ਕੰਮ ਜ਼ਰੂਰ ਕਰੀਂ। ਮੈਂ ਤੈਨੂੰ ਐਡਰੈਸ ਭੇਜ ਰਿਹਾਂ, ਤੂੰ ਜਾ ਕੇ ਫਰੈਡਰਿਕ ਨੂੰ ਮਿਲ ਕੇ ਮੇਰਾ ਫੋਨ ਦੇ ਦੇਵੇਂ ਤਾਂ ਬਹੁਤ ਮਿਹਰਬਾਨੀ ਹੋਵੇਗੀ।"

ਮੀਆ ਨੂੰ ਨਿੱਕ ਨੇ ਚਿੱਠੀ ਵਿਚ ਸਾਰਾ ਕੁਝ ਸਾਫ਼ ਲਿਖ ਦਿੱਤਾ ਤੇ ਉਸ ਨੂੰ ਇੰਗਲੈਂਡ ਆਉਣ ਦਾ ਸੱਦਾ ਵੀ ਦਿੱਤਾ।

ਇਕ ਹਫ਼ਤੇ ਬਾਅਦ ਮੀਆ ਲੰਡਨ ਪਹੁੰਚ ਗਈ ਸੀ ਤੇ ਫਰੈਡਰਿਕ ਦੇ ਲੜਾਈ ਵਿਚ ਮਾਰੇ ਜਾਣ ਦੀ ਬੁਰੀ ਖ਼ਬਰ ਵੀ ਲੈ ਕੇ ਆਈ ਸੀ। ਨਿੱਕ ਨੂੰ ਪਤਾ ਸੀ ਉਹ ਉਸ ਦੇ ਪਰਿਵਾਰ ਲਈ ਜ਼ਰੂਰ ਕੁਝ ਕਰੇਗਾ।



ਜੰਗਬੰਦੀ ਬਾਅਦ ਯੂਰਪੀਨ ਲੋਕਾਂ ਨੇ ਆਪਣੀਆਂ ਟੁੱਟੀਆਂ-ਭੱਜੀਆਂ ਜ਼ਿੰਦਗੀਆਂ ਨੂੰ ਫਿਰ ਤੋਂ ਲੀਹ 'ਤੇ ਲਿਆਉਣ ਲਈ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਸਨ। ਕਰੋੜਾਂ ਲੋਕ ਬੇਘਰ ਹੋ ਗਏ। ਕਰੋੜਾਂ ਹੀ ਮੌਤ ਦੇ ਮੂੰਹ ਵਿਚ ਚਲੇ ਗਏ। ਰੁਜ਼ਗਾਰ ਦਾ ਬੁਰਾ ਹਾਲ ਸੀ। ਸਰਕਾਰਾਂ ਆਰਥਿਕ ਪੱਖੋਂ ਕਮਜ਼ੋਰ ਹੋ ਗਈਆਂ। ਅਮਰੀਕਾ ਅਜੇ ਵੀ ਜਪਾਨ ਵਿਚ ਲੜਾਈ ਲੜ ਰਿਹਾ ਸੀ। ਪੂਰਬੀ ਯੂਰਪ ਵਿਚ ਸੋਵੀਅਤ ਸਰਕਾਰ ਦਾ ਬੋਲ ਬਾਲਾ ਸੀ। ਪੂਰਬੀ ਜਰਮਨੀ ਵਿਚ ਸੋਵੀਅਤ ਫੌਜਾਂ ਬੈਠੀਆਂ ਸਨ। ਬਰਲਨ ਦਾ ਪੂਰਬੀ ਹਿੱਸਾ ਵੀ ਲਾਲ ਫੌਜ ਦੀ ਕਮਾਨ ਹੇਠ ਸੀ।

ਪੱਛਮੀ ਜਰਮਨੀ 'ਤੇ ਪੱਛਮੀ ਯੂਰਪ ਦੇ ਦੇਸ਼ਾਂ ਦਾ ਗੁੱਟ ਅਮਰੀਕਾ ਦੀ ਅਗਵਾਈ ਹੇਠ ਸੀ। ਪੱਛਮੀ ਜਰਮਨੀ, ਅਮਰੀਕਨ, ਬ੍ਰਿਟੇਨ ਤੇ ਫਰਾਂਸ ਦੀਆਂ ਫੌਜਾਂ ਪੱਛਮੀ ਗੁੱਟ ਦੀ ਕਮਾਨ ਹੇਠ ਸੀ। ਯੂਰਪ ਦੇ ਭਵਿੱਖ ਬਾਰੇ ਅਮਰੀਕਾ, ਸੋਵੀਅਤ ਯੂਨੀਅਨ, ਬ੍ਰਿਟੇਨ ਤੇ ਬਾਕੀ ਯੂਰਪੀਨ ਦੇਸ਼ ਭਵਿੱਖ ਦੀ ਰੂਪ-ਰੇਖਾ ਬਾਰੇ ਗੱਲਬਾਤ ਕਰ ਰਹੇ ਸਨ।

ਲੇਬਰ ਪਾਰਟੀ ਨੇ ਜੰਗ ਦੌਰਾਨ ਚਰਚਿਲ ਨਾਲ ਸਾਂਝੀ ਸਰਕਾਰ ਬਣਾਈ ਹੋਈ ਸੀ। ਲੇਬਰ, ਸਰਕਾਰ ਨਾਲੋਂ ਵੱਖ ਹੋ ਗਈ ਸੀ ਤੇ ਅਗਸਤ 1945 ਦੀਆਂ ਚੋਣਾ ਵਿਚ ਲੇਬਰ ਨੂੰ 60 ਪ੍ਰਤੀਸ਼ਤ ਸੀਟਾਂ 'ਤੇ ਜਿੱਤ ਪ੍ਰਾਪਤ ਹੋਈ ਸੀ।

-----

ਟਰੂਮੈਨ ਨੇ ਸਲਾਹਕਾਰਾਂ ਤੇ 'ਵਾਰ ਸੈਕਟਰੀ' ਸਟਿਮਸਨ ਦੀ ਮੀਟਿੰਗ ਸੱਦੀ।

"ਜਪਾਨ ਵਿਚ ਲੜਾਈ ਦੀ ਹਾਲਤ ਬਾਰੇ ਵਿਸਥਾਰ ਨਾਲ ਦੱਸੋ।"

ਪ੍ਰੈਜੀਡੈਂਟ ਦੇ ਸਵਾਲ ਨੂੰ 'ਵਾਰ ਸੈਕਟਰੀ' ਨੇ ਕੁਝ ਚਿਰ ਸੋਚਿਆ ਤੇ ਪ੍ਰੈਜੀਡੈਂਟ ਵੱਲ ਵੇਖਿਆ। ਉਸ ਨੇ ਮਮੂਲੀ ਜਿਹਾ ਸਿਰ ਹਿਲਾਇਆ।

"ਪ੍ਰੈਜੀਡੈਂਟ, ਅਜੇ ਵੀ ਜਪਾਨ ਦੀ ਫੌਜ ਦ੍ਰਿੜਤਾ ਨਾਲ ਲੜ ਰਹੀ ਐ। ਜੇ ਇਸ ਤਰ੍ਹਾਂ ਹੀ ਜੰਗ ਚੱਲੀ ਗਈ ਤਾਂ ਘੱਟੋ ਘੱਟ ਦੋ ਸਾਲ ਤੱਕ ਲੜਾਈ ਖਤਮ ਨਹੀਂ ਹੋ ਸਕਦੀ----।"

"ਜਾਨੀ ਨੁਕਸਾਨ ਕਿੰਨਾ ਕੁ ਹੋ ਸਕਦਾ?" ਪ੍ਰੈਜੀਡੈਂਟ ਸੋਚਵਾਨ ਸੀ।

"ਤਕਰੀਬਨ ਵੀਹ ਲੱਖ ਅਮਰੀਕਨ ਜਾਨਾਂ ਹੋਰ ਜਾ ਸਕਦੀਆਂ।"

"ਇਹ ਤਾਂ ਬਹੁਤ ਵੱਡੀ ਕੀਮਤ ਐ---।"

ਵਿਚਾਰਾਂ ਹੁੰਦੀਆਂ ਰਹੀਆਂ। ਅਮਰੀਕਾ ਨੇ ਨਵਾਂ ਨਵਾਂ ਨਿਊਕਲੀਅਰ ਬੰਬ ਈਜ਼ਾਦ ਕੀਤਾ ਸੀ। ਗੱਲ ਬੰਬ ਸੁੱਟ ਕੇ ਲੜਾਈ ਖਤਮ ਕਰਨ 'ਤੇ ਆ ਗਈ।

"ਬੰਬ ਸੁੱਟਣ ਨਾਲ ਤਾਂ ਬਹੁਤ ਸਾਰੇ ਸਿਆਸੀ ਤੇ ਨੈਤਿਕ ਸਵਾਲ ਉੱਠਣਗੇ ਜਿਹਨਾਂ ਦਾ ਜਵਾਬ ਦੇਣਾ ਔਖਾ ਹੋ ਜਾਵੇਗਾ।" ਟਰੂਮੈਨ ਨੇ ਸੋਚਦਿਆਂ ਕਿਹਾ।

"ਇਹ ਸਵਾਲ ਤਾਂ ਦਹਾਕਿਆਂ ਤੱਕ ਉਠਦੇ ਰਹਿਣਗੇ। ਕੋਈ ਗਲਤ ਕਹੇਗਾ ਤੇ ਕੋਈ ਠੀਕ। ਵੀਹ ਲੱਖ ਅਮਰੀਕੀ ਜਾਨਾਂ ਬਚਾਉਣ ਲਈ ਕੋਈ ਤਾਂ ਕੀਮਤ ਦੇਣੀ ਪਵੇਗੀ।"

ਸਭ ਨੇ ਆਪਣੀ ਆਪਣੀ ਰਾਇ ਦਿੱਤੀ। ਮੀਟਿੰਗ ਵਿਚ ਹਾਜ਼ਰ ਗਿਆਰਾਂ ਮੈਂਬਰਾਂ ਵਿਚੋਂ ਛੇ ਬੰਬ ਸੁੱਟਣ ਦੇ ਹੱਕ ਸਨ।

ਟਰੂਮੈਨ ਨੇ ਇਸ ਫੈਸਲੇ ਨੂੰ ਬ੍ਰਿਟਿਸ਼ ਪ੍ਰਧਾਨ ਮੰਤਰੀ ਕਲੈਮਿੰਟ ਐਟਲੀ ਨਾਲ ਵਿਚਾਰਿਆ ਤੇ ਉਸ ਦੀ ਸਹਿਮਤੀ ਲੈ ਲਈ। ਕਿਉਂਕਿ ਬ੍ਰਿਟੇਨ ਹੀ ਅਮਰੀਕਾ ਦੀ ਸਭ ਤੋਂ ਵੱਡੀ ਧਿਰ ਸੀ।

6 ਅਗਸਤ 1945 ਨੂੰ ਜਪਾਨ ਦੇ ਸ਼ਹਿਰ ਹੀਰੋਸ਼ੀਮਾ ਤੇ 9 ਅਗਸਤ ਨੂੰ ਨਾਗਾਸਾਕੀ 'ਤੇ ਬੰਬ ਸੁੱਟੇ ਗਏ। ਇਹ ਦੋਨੋਂ ਸ਼ਹਿਰ ਅਮਰੀਕੀ ਬੰਬਾਰੀ ਤੋਂ ਬਚੇ ਹੋਏ ਸਨ, ਅਸਲ 'ਚ ਬਚਾਏ ਹੋਏ ਸਨ, ਕਿਉਂਕਿ ਅਮਰੀਕਾ ਨੇ ਇਹਨਾਂ ਸ਼ਹਿਰਾਂ ਨੂੰ ਨਿਊਕਲੀਅਰ ਬੰਬਾਂ ਦਾ ਨਿਸ਼ਾਨਾ ਬਣਾਉਣਾ ਸੀ। ਦੋਨੋ ਸ਼ਹਿਰ ਤਬਾਹ ਹੋ ਗਏ ਤੇ ਤਿੰਨ ਲੱਖ ਦੇ ਕਰੀਬ ਲੋਕਾਂ ਦਾ ਜਾਨੀ ਨੁਕਸਾਨ ਹੋਇਆ। ਆਉਣ ਵਾਲੇ ਕਈ ਦਹਾਕਿਆਂ ਤੱਕ ਬੰਬ ਦੇ ਪ੍ਰਭਾਵ ਖਤਮ ਨਹੀਂ ਹੋ ਸਕਣੇ ਸਨ।

ਜਪਾਨੀ ਫੌਜਾਂ ਅਜਿਹੀ ਸਥਿਤੀ ਵਿਚ ਮਾਨਸਿਕ ਪੱਖੋਂ ਹਾਰ ਗਈਆਂ ਸਨ ਤੇ ਉਹਨਾਂ ਨੇ ਹਥਿਆਰ ਸੁੱਟ ਦਿੱਤੇ।

-------

"ਯੂਰਪ ਵਿਚ ਸਭ ਤੋਂ ਵੱਡਾ ਖਤਰਾ ਕਮਿਊਨਿਜ਼ਮ ਦੇ ਫੈਲਣ ਦਾ ਹੈ ਤੇ ਅਸੀਂ ਹਰ ਕੀਮਤ 'ਤੇ ਕਮਿਊਨਿਜ਼ਮ ਨੂੰ ਰੋਕਣਾ ਹੈ---।" ਟਰੂਮੈਨ ਨੇ ਆਪਣੇ ਸਲਾਹਕਾਰਾਂ ਅਤੇ ਮੰਤਰੀਆਂ ਨੂੰ ਜੰਗ ਤੋਂ ਬਾਅਦ ਦੀ ਸਥਿਤੀ ਬਾਰੇ ਗੱਲ ਕਰਦਿਆਂ ਕਿਹਾ।

ਸੋਵੀਅਤ ਯੂਨੀਅਨ ਦੇ ਪ੍ਰਭਾਵ ਹੇਠ ਹੁਣ ਯੂਰਪ ਦਾ ਪੂਰਬੀ ਹਿੱਸਾ ਸੀ। ਉਸ ਖਿੱਤੇ ਵਿਚ ਤਾਂ ਕਮਿਊਨਿਸਟ ਆਪਣਾ ਰਾਜ ਕਾਇਮ ਕਰਨਗੇ ਹੀ। ਇਹ ਲਾਗ ਅੱਗੇ ਨਾ ਲੱਗੇ ਇਸ ਲਈ ਟਰੂਮੈਨ ਤੇ ਬਾਕੀ ਦੀ ਸਰਮਾਏਦਾਰੀ ਫਿਕਰਮੰਦ ਸੀ। ਯੂਰਪ ਦੀਆਂ ਆਰਥਿਕ ਹਾਲਤਾਂ ਬਹੁਤ ਮਾੜੀਆਂ ਸਨ। ਲੋਕਾਂ ਦੇ ਘਰ ਤਬਾਹ

ਹੋ ਗਏ ਸਨ। ਨੌਕਰੀਆਂ ਦੀ ਘਾਟ ਸੀ। ਅਜਿਹੀ ਹਾਲਤ ਵਿਚ ਰੂਸ ਵਰਗਾ ਇਨਕਲਾਬ ਹੋ ਜਾਣ ਦਾ ਪੂਰਾ ਡਰ ਸੀ।

ਸਟੇਟ ਸੈਕਟਰੀ ਜੋਰਜ ਮਾਰਸ਼ਲ ਨੇ ਮਾਰਸ਼ਲ ਪਲੈਨ ਟਰੂਮੈਨ ਅੱਗੇ ਪੇਸ਼ ਕੀਤੀ।

"—ਯੂਰਪ ਨੂੰ ਮੁੜ ਲੀਹ 'ਤੇ ਲਿਆਉਣ ਲਈ ਤੇ ਕਮਿਊਨਿਸਟਾਂ ਤੋਂ ਬਚਾਉਣ ਲਈ ਆਰਥਿਕ ਮਦਦ ਦੀ ਲੋੜ ਹੈ। ਇਹ ਮਦਦ ਫੂਡ, ਹੈਲਥ, ਸੜਕਾਂ ਅਤੇ ਹਰ ਖਿੱਤੇ ਵਿਚ ਲੋੜ ਅਨੁਸਾਰ ਪੈਸਾ ਲਾਉਣ ਅਨੁਸਾਰ ਐ। ਇਹ ਪਲੈਨ ਅਮਰੀਕਾ ਨੂੰ ਤਕਰੀਬਨ ਸਾਢੇ ਤੇਰਾਂ ਬਿਲੀਅਨ ਡਾਲਰ (2017 ਦੇ ਮੁੱਲ ਅਨੁਸਾਰ 170 ਬਿਲੀਅਨ ਡਾਲਰ) ਵਿਚ ਪਵੇਗੀ। ਪਰ ਅਮਰੀਕਾ ਯੂਰਪ ਨਾਲ ਵਪਾਰ ਕਰਕੇ ਇਸ ਤੋਂ ਵੀ ਵੱਧ ਪੈਸੇ ਕਮਾ ਸਕੇਗਾ-----।"

ਮਾਰਸ਼ਲ ਪਲੈਨ ਨੂੰ ਪੱਛਮੀ ਯੂਰਪ ਵਿਚ ਲਾਗੂ ਕਰਨ ਲਈ ਅਮਰੀਕਨ ਸਰਕਾਰ ਨੇ ਕਨੂੰਨ ਬਣਾ ਦਿੱਤਾ।

------

ਬ੍ਰਿਟੇਨ ਅੱਗੇ ਆਪਣੀਆਂ ਸਮੱਸਿਆਵਾਂ ਸਨ। ਲੰਡਨ ਵਿਚ ਮੰਤਰੀ ਮੰਡਲ ਦੀਆਂ ਮੀਟਿੰਗਾਂ ਵਿਚ ਇਹਨਾਂ ਸਮੱਸਿਆਵਾਂ 'ਤੇ ਚਰਚਾ ਹੁੰਦੀ।

"ਦੂਜੀ ਵੱਡੀ ਜੰਗ ਵਿਚ ਬ੍ਰਿਟੇਨ ਦੀਆਂ ਏਸ਼ੀਆ ਵਿਚ ਹਾਰਾਂ ਕਾਰਨ ਬ੍ਰਿਟੇਨ ਦੇ ਸਨਮਾਣ ਨੂੰ ਵੱਡੀ ਸੱਟ ਲੱਗੀ ਹੈ। ਜਰਮਨੀ ਨੂੰ ਹਰਾਉਣ ਦਾ ਸਿਹਰਾ ਸੋਵੀਅਤ ਯੂਨੀਅਨ ਤੇ ਅਮਰੀਕਾ ਸਿਰ ਬੱਝਦਾ ਹੈ। ਜਪਾਨ ਨੂੰ ਅਮਰੀਕਾ ਨੇ ਹਰਾਇਆ ਹੈ। ਜੰਗ ਵਿਚ ਬ੍ਰਿਟੇਨ ਆਰਥਿਕ ਪੱਖੋਂ ਬੁਰੀ ਤਰਾਂ ਘਾਇਲ ਹੋ ਚੁੱਕਾ ਹੈ। ਜੰਗ ਲਈ ਫੌਜੀ ਜਵਾਨਾਂ ਦੀ ਲੋੜ ਸੀ ਇਸ ਲਈ ਸਰਕਾਰ ਨੇ ਜੰਗ ਜਿੱਤਣ ਬਾਅਦ ਇੰਡੀਆ ਨੂੰ ਆਜ਼ਾਦੀ ਦੇਣ ਦਾ ਵਾਇਦਾ ਕੀਤਾ ਸੀ। ਹੁਣ ਹਾਲਤ ਇਹੋ ਜਿਹੇ ਬਣ ਗਏ ਹਨ ਕਿ ਬ੍ਰਿਟੇਨ ਕੋਲ ਇੰਡੀਆ 'ਤੇ ਰਾਜ ਕਰਨ ਲਈ ਸਾਧਨ ਨਹੀਂ ਰਹੇ। ਇੰਡੀਆ ਨੂੰ ਆਜ਼ਾਦੀ ਦੇਣ ਬਿਨਾਂ ਕੋਈ ਹੋਰ ਰਸਤਾ ਨਹੀਂ---।"

ਪ੍ਰਾਈਮ ਮਨਿਸਟਰ ਨੇ ਆਪਣੀ ਕੈਬਨਿਟ ਨੂੰ ਹਾਲਤ ਤੋਂ ਜਾਣੂੰ ਕਰਵਾਇਆ।

"ਅਸਲ ਵਿਚ ਕਹਿਣਾ ਇਹ ਚਾਹੀਦਾ ਹੈ ਕਿ ਬਸਤੀਵਾਦ ਦਾ ਜ਼ਮਾਨਾ ਬੀਤ ਚੁੱਕਾ ਹੈ। ਭਾਰਤ ਨੂੰ ਆਜ਼ਾਦੀ ਦੇਣ ਬਾਅਦ ਬ੍ਰਿਟੇਨ ਨੂੰ ਬਾਕੀ ਬਸਤੀਆਂ ਵੀ ਖਾਲੀ ਕਰਨੀਆਂ ਪੈਣਗੀਆਂ।"

" ਜੇ ਇੰਡੀਆ ਨੂੰ ਆਜ਼ਾਦੀ ਦਿੱਤੀ ਜਾਂਦੀ ਹੈ ਤਾਂ ਬ੍ਰਿਟੇਨ ਦੀਆਂ ਕੰਪਨੀਆਂ ਨੇ ਜੋ ਨਿਵੇਸ਼ ਇੰਡੀਆ ਵਿਚ ਕੀਤਾ ਹੈ ਉਸ ਦਾ ਕੀ ਬਣੇਗਾ?"

ਇਹ ਸਵਾਲ ਇਕ ਮੰਤਰੀ ਰਾਹੀ ਵਪਾਰੀਆਂ ਨੇ ਉਠਾਇਆ ਸੀ।

"ਇੰਡੀਆ ਵਿਚੋਂ ਬ੍ਰਿਟੇਨ ਦਾ ਨਿਕਲਣਾ ਬਹੁਤ ਜਟਿਲ ਮਾਮਲਾ ਹੈ ਤੇ ਬਹੁਤ ਦੁਖਦਾਈ ਵੀ। ਇੰਡੀਆ ਨੂੰ ਆਜ਼ਾਦੀ ਦੇਣ ਲਈ ਕਾਂਗਰਸ ਪਾਰਟੀ ਨਾਲ ਗੱਲ ਕੀਤੀ ਜਾ ਰਹੀ ਹੈ। ਇਹ ਯਕੀਨੀ ਬਣਾਇਆ ਜਾਵੇਗਾ ਕਿ ਬ੍ਰਿਟੇਨ ਦੇ ਨਿਵੇਸ਼ ਨੂੰ ਇੰਡੀਆ ਵਿਚ ਕੋਈ ਨੁਕਸਾਨ ਨਾ ਪਹੁੰਚੇ---।"

"ਮੁਆਫ ਕਰਨਾ ਇੰਡੀਆ ਦੇ ਲੋਕ ਅਜਿਹੀ ਸ਼ਰਤ ਮੰਨਣ ਨੂੰ ਤਿਆਰ ਨਹੀਂ ਹੋਣਗੇ।" ਇਕ ਹੋਰ ਮੰਤਰੀ ਨੇ ਇੰਡੀਆ ਆਫਿਸ ਦੇ ਨੁਮਾਇੰਦੇ ਦੀ ਗੱਲ ਕੱਟੀ।

"ਇਹੋ ਜਿਹੇ ਫੈਸਲੇ ਲੋਕਾਂ ਨਾਲ ਨਹੀਂ ਲੀਡਰਾਂ ਨਾਲ ਕੀਤੇ ਜਾਂਦੇ ਐ। ਲੋਕਾਂ ਵਿਚ ਤਾਂ ਸਿਰਫ ਇੰਡੀਆ ਦੀ ਆਜ਼ਾਦੀ ਬਾਰੇ ਪ੍ਰਚਾਰ ਕੀਤਾ ਜਾਵੇਗਾ। ਇਹੋ ਜਿਹੇ ਫੈਸਲੇ ਜਨਤਕ ਕਰਨ ਦੀ ਲੋੜ ਨਹੀਂ ਹੁੰਦੀ----।"

"ਇੰਡੀਆ ਤੋਂ ਵੱਡੀ ਗਿਣਤੀ ਵਿਚ ਫੌਜ ਲਈ ਜਵਾਨ ਮਿਲਦੇ ਸਨ, ਆਰਥਿਕ ਸਾਧਨ ਵੀ ਬ੍ਰਿਟੇਨ ਲਈ ਵਰਤੇ ਜਾਂਦੇ ਸਨ। ਇੰਡੀਆ ਨੂੰ ਆਜ਼ਾਦੀ ਬਾਅਦ ਬ੍ਰਿਟੇਨ ਇਹਨਾਂ ਸਾਧਨਾਂ ਤੋਂ ਵਾਂਝਾਂ ਹੋ ਜਾਵੇਗਾ ਤੇ ਦੁਨੀਆਂ ਦੀ ਵੱਡੀ ਤਾਕਤ ਨਹੀਂ ਰਹੇਗਾ।"

ਪ੍ਰਾਈਮ ਮਨਿਸਟਰ ਨੇ ਮੰਤਰੀ ਵੱਲ ਵੇਖਿਆ ਤੇ ਸੋਚਿਆ ਅਜੇ ਵੀ ਬਹੁਤ ਲੋਕ ਸੱਚ ਮੰਨਣ ਤੋਂ ਇਨਕਾਰੀ ਹਨ।

"ਬਿਨਾਂ ਸ਼ੱਕ ਬ੍ਰਿਟੇਨ ਨੂੰ ਹਰ ਪੱਖੋਂ ਨੁਕਸਾਨ ਹੋਵੇਗਾ। ਹੁਣ ਦੁਨੀਆਂ ਦੀ ਵੱਡੀ ਤਾਕਤ ਬ੍ਰਿਟੇਨ ਨਹੀਂ ਸਗੋਂ ਅਮਰੀਕਾ ਹੈ। ਬ੍ਰਿਟੇਨ ਤਾਂ ਸੋਵੀਅਤ ਯੂਨੀਅਨ ਤੋਂ ਵੀ ਕਮਜ਼ੋਰ ਹੋ ਜਾਵੇਗਾ। ਬ੍ਰਿਟੇਨ ਨੂੰ ਹੁਣ ਆਪਣੀਆਂ ਆਰਥਿਕ ਪਾਲਸੀਆਂ ਬਹੁਤ ਧਿਆਨ ਨਾਲ ਇਸ ਨਵੇਂ ਹਾਲਾਤ ਅਨੁਸਾਰ ਬਣਾਉਣੀਆਂ ਪੈਣਗੀਆ। ਸਭ ਤੋਂ ਪਹਿਲੀ ਗੱਲ ਸੋਵੀਅਤ ਯੂਨੀਅਨ ਦੀ ਹਵਾ ਬ੍ਰਿਟੇਨ ਵਿਚ ਵੀ ਵਗਣ ਲੱਗੀ ਹੈ। ਬ੍ਰਿਟੇਨ ਦੇ ਲੋਕਾਂ ਨੂੰ ਸਰਕਾਰ ਜੇ ਮੁਫ਼ਤ ਸਿਹਤ ਸੇਵਾਵਾਂ, ਮੁਫ਼ਤ ਵਿਦਿਆ, ਬੇਰੁਜਗਾਰੀ ਭੱਤਾ ਆਦਿ ਨਹੀਂ ਦਿੰਦੀ ਤਾਂ ਸੰਭਵ ਐ ਲੋਕ ਇਥੇ

ਵੀ ਡੈਮੋਕਰੇਸੀ ਦੀ ਥਾਂ ਸੋਸ਼ਲਿਜਮ ਵੱਲ ਨੂੰ ਝੁਕ ਜਾਣ। ਲੋਕਾਂ ਨੂੰ ਇਹ ਸੁਵਿਧਾ ਦੇਣੀ ਬਹੁਤ ਮਹਿੰਗੀ ਪਵੇਗੀ ਪਰ ਸਰਕਾਰ ਹਰ ਹਾਲਤ ਵਿਚ ਇਸ ਰਾਹ 'ਤੇ ਚੱਲੇਗੀ ------।"

ਪ੍ਰਾਈਮ ਮਨਿਸਟਰ ਨੇ ਆਉਣ ਵਾਲੇ ਸਾਲਾਂ ਵਿਚ ਬ੍ਰਿਟੇਨ ਦੀ ਰੂਪ ਰੇਖਾ ਬਾਰੇ ਵਿਚਾਰ ਬਿਆਨ ਕੀਤੇ। ਸਭ ਤੋਂ ਪਹਿਲਾਂ ਹਸਤਪਾਲਾਂ ਵਿਚ ਮੁਫ਼ਤ ਇਲਾਜ ਦਾ ਪ੍ਰਬੰਧ ਕਰਨ ਲਈ ਨੈਸ਼ਨਲ ਹੈਲਥ ਸਰਵਿਸ (1948) ਦਾ ਐਲਾਨ ਕੀਤਾ।

ਬ੍ਰਿਟੇਨ ਵਿਚ ਇਕ ਨਵਾਂ ਦੌਰ ਸ਼ੁਰੂ ਹੋ ਚੁੱਕਾ ਸੀ ਤੇ ਇਹ ਦੌਰ ਪੱਛਮੀ ਯੂਰਪ ਵਿਚ ਹੀ ਨਹੀਂ ਸਾਰੀ ਦੁਨੀਆਂ ਵਿਚ ਚੱਲਣ ਵਾਲਾ ਸੀ।

## ਅੰਤਿਕਾ

ਜੰਗ ਤੋਂ ਦਸ ਕੁ ਸਾਲ ਬਾਅਦ ਨਿੱਕ ਨੋਰਮਨ ਨੇ ਮੀਆ ਨੂੰ ਚਿੱਠੀ ਲਿਖੀ। ਮੀਆ ਇਕ ਵਾਰ ਫਿਰ ਬਰਲਿਨ ਚਲੀ ਗਈ ਸੀ ਤੇ ਉਥੇ ਹੀ ਰਹਿ ਰਹੀ ਸੀ।

ਮੀਆ ਬਹੁਤ ਪਿਆਰ,

ਹੁਣ ਤੱਕ ਵੀਹਵੀਂ ਸਦੀ ਦੇ ਅੱਧੇ ਤੋਂ ਵੱਧ ਸੂਰਜ ਯੂ ਕੇ ਦੀ ਧਰਤੀ ਨੂੰ ਆਪਣਾ ਨਿੱਘ ਦੇ ਕੇ ਛਿਪ ਚੁੱਕੇ ਹਨ ਤੇ ਅੱਧ ਤੋਂ ਘੱਟ ਇਸ ਸਦੀ ਲਈ ਬਾਕੀ ਰਹਿ ਗਏ ਹਨ। ਹੁਣ ਤੱਕ ਦੇ ਸੂਰਜਾਂ ਨੇ ਦੋ ਵੱਡੀਆਂ ਜੰਗਾਂ ਵੇਖੀਆਂ ਹਨ। ਲੱਖਾਂ ਲੋਕਾਂ ਨੂੰ ਮਰਦਿਆਂ ਵੇਖਿਆ ਹੈ। ਭੁੱਖ ਵੇਖੀ ਹੈ। ਬਿਮਾਰੀਆਂ ਵੇਖੀਆਂ ਹਨ। ਅੱਜ ਵੀ ਜਿਹੜਾ ਸੂਰਜ ਚੜ੍ਹਦਾ ਹੈ ਉਹ ਲੰਡਨ ਵਿਚ ਬੰਬਾਂ ਨਾਲ ਖੰਡਰ ਹੋਏ ਘਰਾਂ ਤੇ ਬਿਲਡਿੰਗਾਂ ਨੂੰ ਵੇਖ ਕੇ ਉਦਾਸ ਹੋ ਜਾਂਦਾ ਹੈ। ਬਹੁਤ ਸਾਰੀਆਂ ਥਾਵਾਂ ਨੂੰ ਨਵੇਂ ਸਿਰੇ ਤੋਂ ਉਸਾਰ ਲਿਆ ਹੈ ਤੇ ਬਹੁਤ ਨੂੰ ਅਜੇ ਨਵੀਂ ਜ਼ਿੰਦਗੀ ਦੇਣੀ ਬਾਕੀ ਹੈ।

ਹੁਣ ਆ ਕੇ ਮਸਾਂ ਲੋਕਾਂ ਨੂੰ 'ਰਾਸ਼ਨਿੰਗ' ਤੋਂ ਮੁੱਕਤੀ ਮਿਲੀ ਹੈ। ਲੋਕਾਂ ਦਾ ਰਹਿਣ-ਸਹਿਣ ਬਦਲ ਗਿਆ ਹੈ। ਬ੍ਰਿਟੇਨ ਹੁਣ ਇਕ ਸਾਮਰਾਜ ਦੀ ਥਾਂ ਕਾਮਨਵੈਲਥ ਦੇਸ਼ਾਂ ਦਾ ਹਿੱਸਾ ਬਣ ਗਿਆ ਹੈ। ਜਰਮਨੀ ਤੇ ਜਪਾਨ ਨੂੰ ਮੁੜ ਤੋਂ ਡੈਮੋਕਰੇਸੀ ਦੀਆਂ ਲੀਹਾਂ 'ਤੇ ਪਾ ਦਿੱਤਾ ਗਿਆ ਹੈ। ਮਿਲਟਰੀ 'ਤੇ ਉਹ ਬਹੁਤ ਘੱਟ ਖਰਚ ਕਰ ਸਕਦੇ ਹਨ। ਹੁਣ ਜਪਾਨ ਤੇ ਜਰਮਨੀ ਆਪਣੀ ਆਰਥਿਕਤਾ ਨੂੰ ਸੁਧਾਰਣ ਦਾ ਯਤਨ ਕਰ ਰਹੇ ਹਨ। ਯੂਰਪ ਵਿਚ ਮੁੜ ਕੇ ਅਜਿਹੀ ਜੰਗ ਨਾ ਹੋਵੇ ਇਸ ਲਈ ਯੂਰਪੀ ਯੂਨੀਅਨ ਦੇ ਨਿਰਮਾਣ ਲਈ ਸਾਰੇ ਯੂਰਪੀ ਦੇਸ਼ ਮਿਲ ਕੇ ਕੋਸ਼ਿਸ਼ ਕਰ ਰਹੇ ਹਨ।

ਹੁਣ ਲੋਕਾਂ ਨੂੰ ਨੈਸ਼ਨਲ ਹੈਲਥ ਸਰਵਿਸ ਮਿਲ ਗਈ ਹੈ ਤੇ ਉਹਨਾਂ ਦਾ ਇਲਾਜ ਮੁਫ਼ਤ ਹੋ ਰਿਹਾ ਹੈ। ਵੈਲ ਫੇਅਰ ਸਿਸਟਮ ਸ਼ੁਰੂ ਹੋ ਚੁੱਕਾ ਹੈ। ਲੋਕਾਂ ਦਾ ਰਹਿਣ-ਸਹਿਣ ਪਹਿਲਾਂ ਤੋਂ ਉੱਚਾ ਹੋ ਰਿਹਾ ਹੈ। ਫੈਕਟਰੀਆਂ ਚੱਲ ਰਹੀਆਂ ਹਨ ਪਰ ਕਾਮਿਆਂ ਦੀ ਕਮੀ ਹੈ। ਹੁਣ ਸਰਕਾਰ ਨੇ ਬ੍ਰਿਟੇਨ ਦੀਆਂ ਪੁਰਾਣੀਆਂ ਬਸਤੀਆਂ ਤੋਂ ਕਾਮਿਆਂ ਨੂੰ ਮੰਗਵਾਉਣਾ ਸ਼ੁਰੂ ਕੀਤਾ ਹੈ। ਬਹੁਤ ਸਾਰੇ ਬ੍ਰਿਟੇਨ ਦੇ ਲੋਕ ਇਸ ਤਬਦੀਲੀ ਨੂੰ ਪਸੰਦ ਨਹੀਂ ਕਰਦੇ ਪਰ ਬ੍ਰਿਟੇਨ ਦੀ ਆਰਥਿਕਤਾ ਲਈ ਇਹ ਜ਼ਰੂਰੀ ਹੈ।

ਪਹਿਲੀ ਤੇ ਦੂਜੀ ਜੰਗ ਨੂੰ ਖਤਮ ਕਰਨ ਲਈ ਸਿਆਸਤ ਦਾ ਵਿਸ਼ਵੀਕਰਨ ਜ਼ਰੂਰੀ ਹੋ ਗਿਆ ਸੀ। ਬਹੁਤ ਸਾਰੇ ਦੇਸ਼ਾਂ ਦੇ ਲੀਡਰਾਂ ਨੇ ਜੰਗ ਨੂੰ ਖਤਮ ਕਰਨ ਤੋਂ ਬਾਅਦ ਵਿਚ ਯੂਰਪ ਨੂੰ ਮੁੜ ਪੈਰਾਂ ਤੇ ਲਿਆਉਣ ਲਈ ਸਿਆਸਤ ਦਾ ਵਿਸ਼ਵੀਕਰਨ ਕਰਨਾ ਠੀਕ ਸਮਝਿਆ।

ਹੁਣ ਸਮਾਜਿਕ ਵਿਸ਼ਵੀਕਰਨ ਦੀ ਸ਼ੁਰੂਆਤ ਹੈ। ਜੇ ਏਸ਼ੀਆ ਤੇ ਹੋਰ ਲੋਕਾਂ ਤੋਂ ਲੋਕ ਏਥੇ ਆ ਰਹੇ ਹਨ ਤਾਂ ਉਹਨਾਂ ਦੇ ਰਸਮਾਂ-ਰਿਵਾਜ ਤੇ ਖਾਣ ਪੀਣ ਵੀ ਆਵੇਗਾ। ਲੰਡਨ ਵਿਚ ਚੀਨੀ ਰੈਸਟੋਰੈਂਟ ਖੁੱਲ੍ਹ ਗਿਆ ਹੈ ਤੇ ਇੰਡੀਅਨ ਖਾਣੇ ਵੀ ਮਿਲਣ ਲੱਗੇ ਹਨ। ਕਰੀ ਹਾਊਸ ਖੁੱਲ੍ਹ ਰਹੇ ਹਨ। ਹੋਰ ਏਸ਼ੀਅਨ ਆਉਣਗੇ, ਹੋਰ ਚੀਨੀ ਆਉਣਗੇ ਤੇ ਆਪਣੇ ਨਾਲ ਆਪਣੇ ਸਭਿਆਚਾਰ ਨੂੰ ਲੈ ਕੇ ਆਉਣਗੇ।

ਆਰਥਿਕ ਵਿਸ਼ਵੀਕਰਨ ਵੀ ਸ਼ੁਰੂ ਹੋ ਗਿਆ ਹੈ। ਅਮਰੀਕਾ ਨੇ ਯੂਰਪ ਵਿਚ ਨਿਵੇਸ਼ ਕੀਤਾ ਹੈ। ਹੁਣ ਦੂਜੇ ਦੇਸ਼ਾਂ ਨੂੰ ਫੌਜੀ ਤਾਕਤ ਨਾਲ ਅਧੀਨ ਕਰਨ ਦੀ ਥਾਂ ਆਰਥਿਕ ਸ਼ਕਤੀ ਨਾਲ ਅਧੀਨ ਕੀਤਾ ਜਾਵੇਗਾ ਜਿਵੇਂ ਅਮਰੀਕਾ ਕਰ ਰਿਹਾ ਹੈ।

ਵੱਡੀ ਗੱਲ, ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਵਿਚਲਾ ਅੰਤਰ ਵਧ ਰਿਹਾ ਹੈ। ਤੇਜ਼ੀ ਨਾਲ ਹੋ ਰਹੀਆਂ ਤਬਦੀਲੀਆਂ ਨੂੰ ਲੋਕ ਓਨੀ ਤੇਜ਼ੀ ਨਾਲ ਜ਼ਜ਼ਬ ਕਰਨ ਦੇ ਸਮਰੱਥ ਨਹੀਂ ਹਨ। ਇਹੋ ਜਿਹੀਆਂ ਗੱਲਾਂ ਕਰਕੇ

ਲੋਕ ਅਸੰਤੁਸ਼ਟ ਲਗਦੇ ਹਨ ਤੇ ਮੀਆ ਹੁਣ ਜਦ ਮੈਂ ਸਾਡੇ ਮਸ਼ਹੂਰ ਦਰਿਆ ਥੇਮਜ਼ ਦੇ ਕਿਨਾਰੇ ਸੈਰ ਕਰਦਾਂ ਹਾਂ ਤਾਂ ਮੈਨੂੰ ਲਗਦਾ ਥੇਮਜ਼ ਵੀ ਲੋਕਾਂ ਵਾਂਗ ਬੇਚੈਨ ਹੈ।

ਮੈਨੂੰ ਪਤੈ ਤੇਰੇ ਕੋਲ ਬਹੁਤਾ ਸਮਾ ਨਹੀਂ ਹੁੰਦਾ। ਪਰ ਜੇ ਹੋ ਸਕੇ ਤਾਂ ਇਕ ਵਾਰ ਮੈਨੂੰ ਮਿਲ ਜਾਂਵੇਂ ਤਾਂ ਬਹੁਤ ਚੰਗਾ ਹੋਵੇਗਾ। ਮੈਂ ਵੀ ਤੇਰੇ ਕੋਲੋਂ ਨਵੀਂ ਜਰਮਨੀ ਦਾ ਹਾਲ ਜਾਣਨਾ ਚਾਹੁੰਨਾ।

ਕੁਝ ਦਿਨਾਂ ਬਾਅਦ ਮੀਆ ਆ ਰਹੀ ਸੀ। ਉਹ ਬੱਸ ਸਟਾਪ ’ਤੇ ਏਅਰਪੋਰਟ ਨੂੰ ਜਾਣ ਲਈ ਖੜ੍ਹਾ ਸੀ। ਕਾਰਾਂ, ਟਰੱਕਾਂ ਦਾ ਗੰਦਾ ਧੂੰਆਂ ਉਸ ਦੇ ਸਾਹਾਂ ਵਿਚ ਰਲ ਰਿਹਾ ਸੀ ਤੇ ਨਿੱਕ ਨੌਰਿਸ ਦੇਸ਼ ਦੇ ਭਵਿੱਖ ਬਾਰੇ ਸੋਚ ਰਿਹਾ ਸੀ।